# ਸਿਰੜੀ ਦੇਸ਼ ਭਗਤ
# ਮਾਸਟਰ ਕਾਬਲ ਸਿੰਘ ਗੋਬਿੰਦਪੁਰੀ

ਚਰੰਜੀ ਲਾਲ ਕੰਗਣੀਵਾਲ



1

# ਸਿਰੜੀ ਦੇਸ਼ ਭਗਤ
# ਮਾਸਟਰ ਕਾਬਲ ਸਿੰਘ ਗੋਬਿੰਦਪੁਰੀ

## ਇਸੇ ਕਲਮ ਤੋਂ :

- ਵਿਸ਼ਵਕਰਮਾ ਵੰਸੀ ਰਾਮਗੜ੍ਹੀਆ ਸੰਗਰਾਮੀਆਂ ਦਾ ਇਤਿਹਾਸ
- ਬੱਬਰ ਅਕਾਲੀ ਲਹਿਰ : ਸਮਕਾਲੀ ਦਸਤਾਵੇਜ਼
- ਗ਼ਦਰੀ ਸ਼ਹੀਦ ਬਾਬਾ ਊਧਮ ਸਿੰਘ ਕਸੇਲ ਦੀ ਜੀਵਨੀ
- ਜੀਵਨ ਤੇ ਸੰਘਰਸ਼ ਗ਼ਦਰੀ ਬਾਬਾ ਭਗਵਾਨ ਸਿੰਘ ਦੁਸਾਂਝ
- ਜੀਵਨੀ ਦੇਸ਼ ਭਗਤ ਪੰਡਿਤ ਕਿਸ਼ੋਰੀ ਲਾਲ
- ਗ਼ਦਰੀਆਂ ਦੀ ਛਾਉਣੀ : ਝਾੜ ਸਾਹਿਬ
- ਗ਼ਦਰ ਲਹਿਰ ਦਾ ਮਹਾਂ ਨਾਇਕ : ਸ਼ਹੀਦ ਕਰਤਾਰ ਸਿੰਘ ਸਰਾਭਾ
- ਦੇਸ਼ ਭਗਤ ਯਾਦਗਾਰ ਅਤੇ ਬਾਬਾ ਅਮਰ ਸਿੰਘ ਸੰਧਵਾਂ
- ਗੁੰਮਨਾਮ ਸ਼ਹੀਦਾਂ ਦਾ ਪਿੰਡ ਰੁੜਕੀ ਖਾਸ (ਸਹਿ ਲੇਖਕ)
- ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ, ਜੀਵਨ ਤੇ ਲਿਖਤਾਂ
- ਦੇਸ਼ ਭਗਤ ਯਾਦਗਾਰ ਗ਼ਦਰ ਲਾਇਬ੍ਰੇਰੀ (ਸਹਿ. ਸੰਪਾਦਕ)
- ਗ਼ਦਰੀ ਸ਼ਹੀਦਾਂ ਤੇ ਦੇਸ਼ ਭਗਤਾਂ ਦਾ ਪਿੰਡ ਖੁਰਦਪੁਰ
- ਗ਼ਦਰ ਲਹਿਰ ਦੀਆਂ ਫ਼ੌਜੀ ਬਗਾਵਤਾਂ ਅਤੇ ਡਗਸ਼ਈ ਕੋਰਟ ਮਾਰਸ਼ਲ
- ਬਾਬਾ ਇੰਦਰ ਸਿੰਘ ਵੇਰਕਾ ਦਾ ਸੰਖੇਪ ਜੀਵਨ

3

# ਸਿਰੜੀ ਦੇਸ਼ ਭਗਤ
# ਮਾਸਟਰ ਕਾਬਲ ਸਿੰਘ ਗੋਬਿੰਦਪੁਰੀ

ਚਰੰਜੀ ਲਾਲ ਕੰਗਣੀਵਾਲ

5 ਆਬ
ਪ੍ਰਕਾਸ਼ਨ, ਜਲੰਧਰ

***Sirdi Desh Bhagat***
***Master Kabul Singh Gobindpuri***
*By*
***Charanji Lal Kangniwal***
*Desh Bhagat Yadgar Hall, Jalandhar*
*Mb:97806-02066, 0181-2458224*

© ਲੇਖਕ

*ISBN:978-81-933667-3-8*

ਪਹਿਲੀ ਵਾਰ : 2017

ਮੁੱਲ : 200/-

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**
1-ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ
ਫ਼ੋਨ: 0181-2239181, ਮੋਬਾ: 98140-87063
5aabparkashan@gmail.com www. 5aabparkashan.com

**Produced and bound in India**

All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior wtitten consent in any form of binding or cover other then that in which is's published without a similar condition including this condition being impossed on the subsequent purchaer and without limiting the rights under copy rights reserved, no part of this publication may be reproduced, stored in or introduced in to a retrieval system, transmitted in any form or by any means (electronic,mechanical, photocopying recording or otherwise), without the prior written permission of both the copyright owner and the abovementioned publisher of this book.

5

# ਸਮਰਪਤ

ਮਾਸਟਰ ਜੀ ਦੀ ਸਪੁੱਤਰੀ ਸਤਵੰਤ ਕੌਰ
ਅਤੇ
ਲੇਖਕ ਦੀ ਸਪੁੱਤਰੀ ਕਿਰਨ ਕੁਮਾਰੀ
ਨੂੰ

# ਤਤਕਰਾ


- ਭੂਮਿਕਾ/ਨੌਨਿਹਾਲ ਸਿੰਘ 08
- ਪੁਸਤਕ ਬਾਰੇ/ਚਰੰਜੀ ਲਾਲ ਕੰਗਣੀਵਾਲ 14
- ਮਾਸਟਰ ਕਾਬਲ ਸਿੰਘ ਗੋਬਿੰਦਪੁਰੀ 15

- ਪਿਛੋਕੜ 17
- ਕਾਂਗਰਸ ਪਾਰਟੀ 22
- ਪਹਿਲੀ ਗ੍ਰਿਫਤਾਰੀ 25
- ਬਬਰ ਅਕਾਲੀ ਲਹਿਰ- ਦੂਜੀ ਗ੍ਰਿਫ਼ਤਾਰੀ 27
- ਕਿਰਤੀ ਕਿਸਾਨ ਲਹਿਰ ਵਿਚ ਪ੍ਰਵੇਸ਼ 35
- ਇਸਤਰੀਆਂ ਲਈ ਵਿਦਿਆ 36
- ਦੁਆਬਾ ਅਮਰੀਕਨ ਕੈਨੇਡੀਅਨ ਪ੍ਰੈਸ ਸੋਸਾਇਟੀ 37
- ਅੰਮ੍ਰਿਤਸਰ ਵਿਚ ਕਿਰਤੀ ਕਿਸਾਨ ਪਾਰਟੀ ਦਾ ਗਠਨ 40
- ਜਲੰਧਰ ਸ਼ਹਿਰ 'ਚ ਪੰ. ਜਵਾਹਰ ਲਾਲ ਨਹਿਰੂ ਦੀ ਆਮਦ 41
- ਖੜੌਦੀ ਸਮਾਗਮ 46
- ਮਿਦਨਾਪੁਰ ਜੇਲ੍ਹ (ਕਲਕੱਤਾ) ਵਿੱਚ 55
- ਗਦਾਰ ਬੇਲਾ ਸਿੰਘ ਦਾ ਅੰਤ 56
- 'ਦੁਖੀ ਕਿਸਾਨ' ਅਖ਼ਬਾਰ 58
- ਰਿਆਸਤੀ ਪੁਲੀਟੀਕਲ ਕਾਨਫਰੰਸ-ਪਿੰਡ ਖਹਿਰਾ 63
- ਦੁਆਬਾ ਪੇਂਡੂ ਸੁਧਾਰ ਕਾਨਫਰੰਸ-ਪਤਾਰਾ 65
- ਕਿਰਤੀ ਕਾਂਗਰਸ ਕਾਨਫਰੰਸ ਦਿਹਾਤੀ- ਮਾਹਲਪੁਰ 71
- ਕਰਤਾਰਪੁਰ ਕਿਸਾਨ ਕਾਨਫਰੰਸ 72
- 1936-37 ਦੀਆਂ ਅਸੰਬਲੀ ਚੋਣਾਂ 79
- ਦੁਆਬਾ ਵਿਚ ਨਹਿਰ ਲਈ ਅੰਦੋਲਨ 89
- ਗੜ੍ਹਦੀਵਾਲ ਕਾਨਫਰੰਸ 89
- ਜੰਡੋਲੀ ਕਾਨਫਰੰਸ 91
- ਇਸਤਰੀ ਜਾਤੀ ਦੇ ਹੱਕਾਂ ਲਈ ਪੈਰਵਾਈ 91

- ਦੂਜਾ ਸੰਸਾਰ ਯੁੱਧ-ਨਜ਼ਰਬੰਦੀਆਂ 94
  - ਮੁਜ਼ੱਫਰਗੜ੍ਹ ਜੇਲ੍ਹ ਵਿਚ 98
  - ਦਿਉਲੀ ਕੈਂਪ ਜੇਲ੍ਹ ਵਿੱਚ 100
  - ਵਿਚਾਰਧਾਰਕ ਮਤਭੇਦ 106
  - ਗੁਜਰਾਤ ਜੇਲ੍ਹ ਵਿਚ 109
  - ਗੁਜਰਾਤ ਜੇਲ੍ਹ ਤੋਂ ਰਿਹਾਈ 113
  - 1946 ਦੀਆਂ ਅਸਬੰਲੀ ਚੋਣਾਂ 115
  - ਦੇਸ਼ ਦੀ ਵੰਡ ਤੋਂ ਪਿੱਛੋਂ 118
  - ਹਫਤੇਵਾਰੀ 'ਪੰਜਾਬੀ ਜਨਤਾ' ਅਖ਼ਬਾਰ 126
  - ਪਿੰਡ ਵਾਪਸੀ 129
  - ਸਦੀਵੀ ਵਿਛੋੜਾ 131
- ਬੰਸਾਵਲੀ 135
- ਬੱਬਰ ਲਹਿਰ ਦਾ ਮੋਢੀ ਸ਼ਹੀਦ ਸ੍ਰ. ਕਰਮ ਸਿੰਘ ਜੀ 136
- ਤਾਲਬ ਹੁਸੈਨ 'ਤਾਲਬ' ਜਾਲੰਧਰੀ 141
- ਸ਼ਹੀਦ ਕਰਨੈਲ ਸਿੰਘ 143
- ਜ਼ਿੰਦਾ ਸ਼ਹੀਦ ਸ੍ਰ: ਗੋਂਦਾ ਸਿੰਘ 146
- ਵੀਹਵੀਂ ਸਦੀ ਦਾ ਨਲੂਆ: ਧੰਨਾ ਸਿੰਘ ਜੀ 150
- ਸ਼ਹੀਦ ਉਦੇ ਸਿੰਘ ਝੁੱਗੀਆਂ 156
- ਸ਼ਹੀਦ ਸ੍ਰ: ਰਤਨ ਸਿੰਘ ਜੀ 160
- ਮਹਾਂ ਸ਼ਹੀਦ ਭਗਤ ਸਿੰਘ 169
- ਸ਼ਹੀਦ ਸ੍ਰ: ਬਲਵੰਤ ਸਿੰਘ 'ਦੁਖੀਆ' 174
- ਸੋਹਣ ਸਿੰਘ ਜੋਸ਼ 178
- ਹਵਾਲੇ ਅਤੇ ਟਿੱਪਣੀਆਂ 180

# ਭੂਮਿਕਾ

ਪੰਜਾਬ ਦੇ ਇਨਕਲਾਬੀ ਇਤਿਹਾਸ ਵਿਚ ਦੁਆਬਾ ਦੇ ਮਾਸਟਰ ਮੋਤਾ ਸਿੰਘ ਪਤਾਰਾ, ਬਾਬਾ ਹਰਜਾਪ ਸਿੰਘ ਮਾਹਲਪੁਰੀ ਅਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਦੇ ਨਾਂਅ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ, ਜਿਹੜੇ ਕਮਿਊਨਿਜ਼ਮ ਦੇ ਧਾਰਨੀ ਸਨ। ਪਰ ਕਮਿਊਨਿਸਟ ਆਗੂਆਂ ਦੀਆਂ ਨੀਤੀਆਂ ਕਾਰਨ ਬਣੇ ਕਾਂਗਰਸੀ, ਪਰ ਸਨ ਇਨਕਲਾਬੀ ਰਵਾਇਤਾਂ ਦੇ ਧਾਰਨੀ, ਜੁਝਾਰੂ ਦੇਸ਼ ਭਗਤ।

ਮਾਸਟਰ ਕਾਬਲ ਸਿੰਘ ਨੂੰ ਲੱਗੀਆਂ ਬੈਂਤਾਂ ਮੇਰੇ ਲਈ ਓਨੀਆਂ ਹੀ ਦੁੱਖਦਾਈ ਹਨ, ਜਿੰਨੀਆਂ ਇਹ ਮਾਰੇ ਜਾਣ ਸਮੇਂ ਸੁਣਨ ਵਾਲਿਆਂ ਨੂੰ। ਦੇਸ਼ ਭਗਤਾਂ ਨੂੰ ਬੈਂਤਾਂ ਮਾਰੇ ਜਾਣ ਦੀਆਂ ਘਟਨਾਵਾਂ ਵਿਚ ਗ਼ਦਰ ਪਾਰਟੀ ਦੇ ਬਾਬਾ ਜਵਾਲਾ ਸਿੰਘ ਠੱਠੀਆਂ (ਦੋ ਵਾਰ ਬੈਂਤਾਂ ਮਾਰੀਆਂ ਗਈਆਂ) ਬਬਰ ਹਜ਼ਾਰਾ ਸਿੰਘ ਮੰਡੇਰ ਅਤੇ ਮਾਸਟਰ ਕਾਬਲ ਸਿੰਘ ਨੂੰ ਮਾਰੀਆਂ ਤੀਹ-ਤੀਹ ਬੈਂਤਾਂ ਉਸ ਸਮੇਂ ਸਿਆਸੀ ਤੇ ਸਮਾਜੀ ਹਲਕਿਆਂ ਵਿਚ ਤਹਿਲਕਾ ਮਚਾਉਣ ਵਾਲੀਆਂ ਘਟਨਾਵਾਂ ਸਨ ਜਿਨ੍ਹਾਂ ਨੂੰ ਪੜ੍ਹ ਕੇ ਅੱਜ ਵੀ ਹਿਰਦੇ ਵਲੂੰਧਰੇ ਜਾਂਦੇ ਹਨ। ਇਨ੍ਹਾਂ ਜ਼ੁਲਮਾਂ ਦੀ ਦਾਸਤਾਨ ਨੂੰ ਕਿੰਨੇ ਕੁ ਜਾਣਦੇ ਹਨ? ਇਸ ਸਵਾਲ ਦੇ ਨਾਲ-ਨਾਲ ਇਹ ਵੀ ਦੁਖਾਂਤ ਹੈ ਕਿ ਅੱਜ ਦੀ ਪਨੀਰੀ ਇਸ ਤੋਂ ਨਾ-ਵਾਕਫ਼ ਹੈ।

1936-37 ਦੀਆਂ ਸੂਬਾਈ ਚੋਣਾਂ ਸਮੇਂ ਅੰਗਰੇਜ਼ੀ ਸਰਕਾਰ ਵਾਲੀ ਧਿਰ ਦੇ ਵਿਰੁੱਧ ਬਣਾਏ ਚੋਣ ਬੋਰਡ ਦੇ ਇੰਚਾਰਜ ਬਾਬਾ ਜਵਾਲਾ ਸਿੰਘ ਠੱਠੀਆਂ ਨੇ ਸਾਂਝੇ ਮੋਰਚੇ ਦੇ ਦਸ ਉਮੀਦਵਾਰਾਂ ਵਿਚੋਂ ਅੱਠ ਜੇਤੂ ਉਮੀਦਵਾਰਾਂ ਦੇ ਸਬੰਧ ਵਿਚ ਲਾਹੌਰ ਦੀਆਂ ਕਚਹਿਰੀਆਂ ਵਿਚ ਇਕੱਠੇ ਹੋਏ ਕਿਰਤੀ ਕਾਰਕੁੰਨਾਂ ਨੂੰ ਸੰਬੋਧਤ ਹੁੰਦਿਆਂ ਕਿਹਾ, "ਤੁਸੀਂ ਮੇਰੇ ਗੁਲਾਮ ਮੁਲਕ 'ਤੇ ਇਕ ਬਹੁਤ ਵੱਡਾ ਉਪਕਾਰ ਕੀਤਾ ਹੈ, ਜਿਸਦਾ ਬਦਲਾ ਅਸੀਂ ਕਦੇ ਨਹੀਂ ਦੇ ਸਕਦੇ, ਗੁਲਾਮ ਕਿਸੇ ਨੂੰ ਕੀ ਦੇ ਸਕਦਾ ਹੈ? ਕਾਸ਼ ਅਸੀਂ... (ਬਾਬਾ ਜੀ ਦਾ ਭਾਵ ਅਜ਼ਾਦੀ ਸੀ)...

ਡਾ. ਭਾਗ ਸਿੰਘ ਨੇ ਲਿਖਿਆ, "ਬੋਲਦਿਆਂ ਬਾਬਾ ਜੀ ਦਾ ਗਲਾ ਰੁਕ ਗਿਆ, ਅੱਖਾਂ 'ਚੋਂ ਹੰਝੂਆਂ ਦੀ ਧਾਰ ਵਹਿ ਤੁਰੀ। ਸਰੋਤਿਆਂ ਦੇ ਦਿਲ ਭਰ ਆਏ ਅਤੇ ਜੋ ਕੁਝ ਬਾਬਾ ਜੀ ਦੇ ਅੰਦਰ ਸੀ ਉਹ ਸਾਰਿਆਂ ਨੇ ਚੰਗੀ ਤਰ੍ਹਾਂ ਅਨੁਭਵ ਕਰ ਲਿਆ ਸੀ।" ਇਹ ਉਹੀ ਚੋਣਾਂ ਸਨ, ਜਿਨ੍ਹਾਂ ਵਿਚ ਮਾਸਟਰ ਕਾਬਲ ਸਿੰਘ ਨੇ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਆਪਣੇ ਵਿਰੋਧੀ ਉਮੀਦਵਾਰ ਅੰਗਰੇਜ਼ ਝੋਲੀਚੁਕ

ਦੀ ਜ਼ਮਾਨਤ ਜਬਤ ਕਰਵਾਈ ਸੀ। ਕਾਬਲ ਸਿੰਘ ਉਸ ਸਮੇਂ ਜ਼ਿਲ੍ਹਾ ਜਲੰਧਰ ਦੀ ਕਿਸਾਨ ਕਮੇਟੀ ਅਤੇ ਸੂਬਾ ਵਰਕਿੰਗ ਕਮੇਟੀ ਦੇ ਮੈਂਬਰ ਹੋਣ ਦੇ ਨਾਲ-ਨਾਲ ਕਮਿਊਨਿਸਟਾਂ ਦੀ ਗੁਪਤ ਜਥੇਬੰਦੀ ਐਂਟੀ-ਇੰਮਪੀਰੀਅਲਿਸਟ ਲੀਗ ਦੇ ਮੋਢੀਆਂ ਵਿਚੋਂ ਸਨ। ਉਸ ਸਮੇਂ ਕਮਿਊਨਿਸਟ ਪਾਰਟੀ ਜਥੇਬੰਦ ਕਰਨਾ ਗੈਰ-ਕਾਨੂੰਨੀ ਸੀ।

ਹਥਲੀ ਕਿਤਾਬ ਦੇ ਸਬੰਧ ਵਿਚ ਦੋ ਇਤਿਹਾਸਕ ਘਟਨਾਵਾਂ ਦੇ ਬੁਨਿਆਦੀ ਦੁਖਾਂਤ ਪਹਿਲਾ ਕਮਿਊਨਿਸਟ ਪਾਰਟੀ ਦੇ ਗਠਨ ਸਮੇਂ ਅਤੇ ਦੂਜਾ ਮਹਾਂਯੁੱਧ ਦੌਰਾਨ ਦਿਉਲੀ ਕੈਂਪ ਜੇਲ੍ਹ ਅਤੇ ਗੁਜਰਾਤ ਦੀ ਜੇਲ੍ਹ ਵਿਚ ਕਮਿਊਨਿਸਟਾਂ ਵੱਲੋਂ ਪੈਦਾ ਕੀਤਾ ਗਿਆ ਵਿਵਾਦ, ਜਿਸ ਬਾਰੇ ਬਾਬਾ ਹਰਜਾਪ ਸਿੰਘ ਨੇ ਲਿਖਿਆ, "ਸਾਡੇ ਵਿਚ ਭੰਨ ਤੋੜ ਦੀ ਸ਼ਕਤੀ ਉਤਮ ਕਾਰਜਾਂ ਤੋਂ ਵਧੇਰੇ ਹੈ। ਕਾਸ਼ ਉਸਾਰੂ ਰੁਚੀ ਵੀ ਪ੍ਰਾਪਤ ਹੋਵੇ। ਇਕੋ ਕਾਜ ਨੂੰ ਪ੍ਰਣਾਏ ਹੋਣ ਦੇ ਬਾਵਜੂਦ ਸਾਥੀਆਂ ਦੇ ਦਿਲਾਂ ਅੰਦਰ ਬਹੁਤ ਜ਼ਿਆਦਾ ਦੂਰੀਆਂ ਸਨ। ਮਾਸਟਰ ਕਾਬਲ ਸਿੰਘ ਜੀ ਵਰਗੇ ਸੂਝਵਾਨ ਸਾਥੀਆਂ ਦੀ ਰਾਏ ਠੀਕ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਨੀਵਾਂ ਦਿਖਾਉਣ ਲਈ ਸਾਜਿਸ਼ਾਂ ਕੀਤੀਆਂ ਗਈਆਂ। ਜੇ ਹਕੂਮਤ ਇਨਕਲਾਬੀਆਂ ਨੂੰ ਗ੍ਰਿਫ਼ਤਾਰ ਕਰਕੇ ਦਿਉਲੀ ਕੈਂਪ ਵਿਚ ਇਕੱਠਾ ਨਾ ਕਰਦੀ ਤਾਂ ਇਕ-ਦੂਜੇ ਦਾ ਨੇੜਿਉਂ ਅਧਿਐਨ ਕਰਨਾ ਅਤੇ ਇਕ ਦੂਜੇ ਦੀਆਂ ਖਸਲਤਾ ਤੇ ਵਿਸ਼ੇਸ਼ਤਾਈਆਂ ਨੂੰ ਸਮਝਣ ਦਾ ਏਡਾ ਵੱਡਾ ਰਾਜਸੀ ਤਜ਼ਰਬਾ ਹਾਸਲ ਕਰਨ ਦਾ ਮੌਕਾ ਸਾਨੂੰ ਲੱਖਾਂ ਰੁਪਏ ਖਰਚ ਕੇ ਵੀ ਨਹੀਂ ਸੀ ਮਿਲਣਾ।"

ਅੰਗਰੇਜ਼ੀ ਸਾਮਰਾਜ ਵਿਰੁੱਧ ਮੁਕਤੀ ਦੀ ਜੰਗ ਅਤੇ ਸੋਵੀਅਤ ਰੂਸ ਉੱਪਰ ਹਿਟਲਰ ਦੇ ਹਮਲੇ ਵਿਰੁੱਧ ਕਮਿਊਨਿਸਟ ਪਾਰਟੀ ਦੇਸ਼ ਭਰ ਵਿਚ ਅਤੇ ਵਿਸ਼ੇਸ਼ ਤੌਰ ਤੇ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੇ ਵਿਦਿਆਰਥੀ ਆਗੂ, ਲਾਹੌਰ ਵਿਚ ਸਰਗਰਮ ਸਨ। ਰੂਪੋਸ਼ ਪੀ.ਸੀ. ਜੋਸ਼ੀ ਦੀ ਅਗਵਾਈ ਵਿਚ ਕੰਮ ਕਰਦੀ ਕਮਿਊਨਿਸਟ ਪਾਰਟੀ ਦੇ ਪੋਲਟ ਬਿਊਰੋ ਨੂੰ ਜੁਲਾਈ 1941 ਵਿਚ ਬਰਤਾਨੀਆ ਦੀ ਕਮਿਊਨਿਸਟ ਪਾਰਟੀ ਵੱਲੋਂ ਦੋ ਮਹੱਤਵਪੂਰਨ ਦਸਤਾਵੇਜ਼ ਪ੍ਰਾਪਤ ਹੋਏ, ਜਿਨ੍ਹਾਂ ਵਿਚ ਪਹਿਲੀ ਲਾਈਨ ਬਦਲਕੇ ਜੰਗ ਵਿਚ ਅੰਗਰੇਜ਼ਾਂ ਦੀ ਹਿਮੈਤ ਕਰਨ ਦੀ ਲਾਈਨ ਨੂੰ ਤੇਜ਼ੀ ਨਾਲ ਲਾਗੂ ਕਰਨ ਦਾ ਸੁਝਾਅ ਸੀ। ਗ਼ਦਰੀ ਦੇਸ਼ ਭਗਤਾਂ ਲਈ ਇਹ ਨਾ-ਸਹਿਣ ਵਾਲਾ ਹੁਕਮ ਸੀ। ਖਾਸ ਕਰਕੇ ਬਾਬਾ ਹਰਜਾਪ ਸਿੰਘ, ਬਾਬਾ ਕੇਸਰ ਸਿੰਘ ਠੱਠਗੜ੍ਹ, ਬਾਬਾ ਸ਼ੇਰ ਸਿੰਘ ਵੇਈਂਪੁਈ, ਬਾਬਾ ਵਸਾਖਾ ਸਿੰਘ, ਮਾਸਟਰ ਮੋਤਾ ਸਿੰਘ, ਮਾਸਟਰ ਕਾਬਲ ਸਿੰਘ ਆਦਿ ਤਾਂ ਇਸਦੇ ਸਖ਼ਤ ਵਿਰੋਧ ਵਿਚ ਸਨ। ਬਾਬਾ ਕੇਸਰ ਸਿੰਘ ਨੇ ਜੰਗ ਨੂੰ ਸੁਨਹਿਰੀ ਮੌਕਾ ਜਾਣ ਕੇ ਹੋਕਾ ਦਿੱਤਾ ਕਿ, "ਹੁਣ ਪਹਿਲੀ ਗਲਤੀ ਨੂੰ ਨਾ ਦੁਹਰਾਇਆ ਜਾਏ ਜਿਹੜੀ ਮਹਾਤਮਾ ਗਾਂਧੀ ਨੇ ਪਹਿਲੇ ਸੰਸਾਰ ਜੰਗ ਸਮੇਂ ਅੰਗਰੇਜ਼ਾਂ ਦੀ ਮੱਦਦ ਕਰਕੇ ਕੀਤੀ ਸੀ।" ਬਾਬਾ ਜੀ ਦੀ ਇਸ ਰਾਇ ਅਨੁਸਾਰ ਮਾਸਟਰ ਕਾਬਲ ਸਿੰਘ, ਬਾਬਾ ਹਰਜਾਪ ਸਿੰਘ ਤੇ ਜੈ ਪ੍ਰਕਾਸ਼ ਨਰੈਣ ਸਮੇਤ 54 ਕੈਦੀ ਦੇਸ਼ ਭਗਤਾਂ ਨੇ ਆਪਣੇ ਇਰਾਦੇ 'ਤੇ ਕਾਇਮ ਰਹਿੰਦੇ ਹੋਏ ਭੁੱਖ ਹੜਤਾਲ ਜਾਰੀ ਰੱਖੀ।

ਪੀਪਲਜ਼ ਵਾਰ ਦੇ ਹੱਕ 'ਚ ਖਲੋਣ ਵਾਲੇ ਕਮਿਊਨਿਸਟ 1943 ਵਿਚ ਰਿਹਾਅ ਕਰ ਦਿੱਤੇ ਗਏ ਸਨ। ਇਸੇ ਸਮੇਂ ਸੀ.ਪੀ.ਆਈ. ਲੀਡਰਸ਼ਿਪ ਦੇ ਪਹਿਲਾ 'ਪੀਪਲਜ਼ ਵਾਰ' ਫਿਰ ਪਾਕਿਸਤਾਨ ਤੇ ਘੱਟ ਗਿਣਤੀਆਂ ਨੂੰ ਸਵੈ-ਅਧਿਕਾਰ ਦੇਣ ਵਾਲੇ ਡਾ. ਅਧਿਕਾਰੀ ਦੇ ਥੀਸਜ਼ ਅਤੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ 'ਸਿੱਖ ਦੇਸ਼ ਭੂਮੀਆਂ' ਕਿਤਾਬਚੇ ਨੇ ਹਿੰਦੁਸਤਾਨ ਕਮਿਊਨਿਸਟ ਪਾਰਟੀ ਦੇ ਆਗੂਆਂ ਦਾ ਅਕਸ ਦੇਸ਼ ਭਗਤ ਲੋਕਾਂ ਦੀਆਂ ਨਜ਼ਰਾਂ ਵਿਚ ਸ਼ੱਕੀ ਬਣਾ ਦਿੱਤਾ ਅਤੇ ਇਹ ਇਨਕਲਾਬੀ ਧਾਰਾ ਤੋਂ ਅਲੱਗ ਥਲੱਗ ਹੋ ਗਏ। ਸਿੱਟੇ ਵਜੋਂ ਗ਼ਦਰੀ ਦੇਸ਼ ਭਗਤਾਂ ਦੀ ਮਨੋ-ਦਸ਼ਾ ਤਾਂ ਉਹੀ ਸਮਝ ਸਕਦੇ ਸਨ ਜਿਨ੍ਹਾਂ ਗ਼ਦਰ ਲਹਿਰ ਸਮੇਂ ਸਰਕਾਰ ਦੇ ਜ਼ੁਲਮਾਂ ਦਾ ਮੁਕਾਬਲਾ ਕਰਦੇ ਹੋਇਆਂ ਆਪਣੇ ਸਾਥੀਆਂ ਨੂੰ ਸ਼ਹਾਦਤਾਂ ਪਾਉਂਦੇ ਦੇਖਿਆ ਅਤੇ ਆਪ ਜੁਆਨ ਅਵਸਥਾ 'ਚ ਬਾਬਿਆਂ ਦੇ ਸਰੂਪ ਵਿਚ ਜੇਲ੍ਹਾਂ ਚੋਂ ਬਾਹਰ ਨਿਕਲੇ ਤਾਂ ਘਰ ਬਾਰ ਬਰਬਾਦ ਹੋ ਚੁੱਕੇ ਸਨ। ਬਾਬਾ ਹਰਜਾਪ ਸਿੰਘ, ਮਾਸਟਰ ਕਾਬਲ ਸਿੰਘ ਤੇ ਜੈ ਪ੍ਰਕਾਸ਼ ਨਰੈਣ ਦੀ ਅਗਵਾਈ ਹੇਠ 56 ਦੇਸ਼ ਭਗਤਾਂ ਵਲੋਂ ਹੜਤਾਲ ਨੂੰ ਜਿੱਤ ਤੱਕ ਜਾਰੀ ਰੱਖਿਆ ਗਿਆ। ਹੜਤਾਲ ਦੌਰਾਨ ਸ. ਬਲਵੰਤ ਸਿੰਘ 'ਦੁਖੀਆ', ਬਬਰ ਮੁਣਸ਼ਾ ਸਿੰਘ ਜੌਹਲ, ਹਜੂਰਾ ਸਿੰਘ ਮੰਢਾਲੀ ਅਤੇ ਕਾਮਰੇਡ ਮੁਹੰਮਦ ਯਾਸੀਨ ਡਾਰ ਸ਼ਹੀਦੀ ਪਾ ਗਏ ਸਨ।

ਕਮਿਊਨਿਸਟ ਪਾਰਟੀ ਦੀ ਇਸ ਲਾਈਨ ਬਾਰੇ ਬਾਬਾ ਭਗਤ ਸਿੰਘ ਬਿਲਗਾ, ਕਾ. ਚੈਨ, ਕਾ. ਹਰਕਿਸ਼ਨ ਸਿੰਘ 'ਸੁਰਜੀਤ' ਅਤੇ ਕਾ. ਗੰਧਰਵ ਸੈਨ ਕੋਛੜ ਦੀਆਂ ਟਿੱਪਣੀਆਂ ਪੁਸਤਕ ਵਿਚ ਦਰਜ ਹਨ। ਇਹੀ ਨਹੀਂ ਕਮਿਊਨਿਸਟ ਆਗੂ ਅੱਜ ਤੱਕ ਦੇ ਨਿਰਣਾਇਕ ਮੋੜ ਆਉਣ ਤੇ ਹਮੇਸ਼ਾਂ ਦਰੁਸਤ ਪਹੁੰਚ ਅਪਣਾਉਣ ਵਿਚ ਅਸਮਰਥ ਰਹੇ ਹਨ।

ਉਕਤ ਆਗੂਆਂ ਦੀਆਂ ਟਿੱਪਣੀਆਂ ਦੇ ਸੰਦਰਭ 'ਚ ਮਾਸਟਰ ਕਾਬਲ ਸਿੰਘ ਨੇ ਲਿਖਿਆ, "ਹਿੰਦੁਸਤਾਨ ਦੇ ਕਮਿਊਨਿਸਟ ਖਾਸ ਕਰਕੇ ਪੰਜਾਬ ਦੇ ਇਸ ਗੱਲ ਲਈ ਖ਼ਾਸ ਬਦਨਾਮ ਹਨ ਕਿ ਇਹ ਆਪਣੀ ਕੋਈ ਪਾਲਸੀ ਦੇਸ਼ ਦੇ ਵਰਤਮਾਨ ਹਾਲਾਤ, ਰਿਵਾਜ਼ ਦੇ ਆਧਾਰ ਤੇ ਨਹੀਂ ਬਣਾਉਂਦੇ ਸਗੋਂ ਹਰ ਮਾਮਲੇ ਬਾਰੇ ਭਾਵੇਂ ਉਹ ਸਿਆਸੀ ਹੋਵੇ ਜਾਂ ਇਕਤਸਾਦੀ (ਆਰਥਿਕ), ਚਾਹੇ ਸਮਾਜਕ ਜਾਂ ਧਾਰਮਿਕ, ਉਸਦਾ ਫੈਸਲਾ ਰੂਸੀ ਹਾਲਾਤ ਅਨੁਸਾਰ ਉਥੇ ਲਈ ਬਣਾਈ ਗਈ ਪਾਲਸੀ ਜਾਂ ਪ੍ਰੋਗਰਾਮ ਦੀ ਰੋਸ਼ਨੀ 'ਚ ਬਣਾਉਂਦੇ ਹਨ। ਇਹੀ ਕਾਰਨ ਹੈ ਕਿ ਹਿੰਦੁਸਤਾਨ ਤੇ ਪੰਜਾਬ ਅੰਦਰ ਕਮਿਊਨਿਸਟ ਪਾਰਟੀ ਨੂੰ ਸਾਰਾ ਸਮਾਂ ਦੇਣ ਵਾਲੇ ਅਣਥਕ ਵਰਕਰਜ਼ ਤੇ ਇਨ੍ਹਾਂ ਦੀ ਪਿੱਠ ਪੁਰ ਦੇਸ਼ ਲਈ ਕੀਤੀਆਂ ਗਈਆਂ ਬੇਸ਼ੁਮਾਰ ਕੁਰਬਾਨੀਆਂ ਤੇ ਕੰਮ ਕਰਨ ਦੀ ਲਗਨ ਦੇ ਬਾਵਜੂਦ ਪਾਰਟੀ ਪਣਪ ਨਾ ਸਕੀ। ਜਦੋਂ ਪਾਰਟੀ ਗੈਰ-ਕਾਨੂੰਨੀ ਸੀ, ਅੰਗਰੇਜ਼ ਸਾਮਰਾਜ ਜ਼ੋਰਾਂ 'ਤੇ ਸੀ ਤਾਂ ਸਾਰੇ ਪੁਰਾਣੇ ਇਨਕਲਾਬੀ ਇਸ ਪਾਰਟੀ ਵਿਚ ਸ਼ਾਮਲ ਹੋ ਗਏ। ਪਰ ਇਨ੍ਹਾਂ ਦੀ ਸਾਮਰਾਜੀ ਜੰਗ ਨੂੰ ਜਨਤਾ ਦੀ ਜੰਗ ਤੇ ਪਾਕਿਸਤਾਨ ਦੀ ਹਮਾਇਤ ਨੇ ਪਾਰਟੀ ਨੂੰ ਕਾਫੀ ਧੱਕਾ ਲਾਇਆ।"

ਆਪਣੀ ਥਾਂ ਇਹ ਵੀ ਬੜਾ ਮਹੱਤਵਪੂਰਨ ਹੈ ਕਿ ਸੋਵੀਅਤ ਰੂਸ ਦੇ ਇਨਕਲਾਬ ਨੇ ਦੁਨੀਆਂ ਦੇ ਬਸਤੀਵਾਦੀ ਤੇ ਗੁਲਾਮਾਂ ਨੂੰ ਸ਼ਕਤੀ ਪ੍ਰਦਾਨ ਕੀਤੀ ਅਤੇ ਨਵੀਂ ਚੇਤਨਾ ਨਾਲ ਲੈਸ ਹੋ ਕੇ ਉਹ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਉੱਠੇ। ਹਿੰਦੁਸਤਾਨ ਦੇ ਲੋਕਾਂ ਅੰਦਰ ਵੀ ਆਸ ਦੀ ਕਿਰਨ ਪੈਦਾ ਹੋਈ ਅਤੇ ਭਾਈ ਸੰਤੋਖ ਸਿੰਘ ਤੇ ਭਾਈ ਰਤਨ ਸਿੰਘ ਡੱਬਾ ਨੇ ਮਾਸਕੋ ਪੁੱਜ ਕੇ ਮਾਸਕਸਿਜ਼ਮ ਦਾ ਅਧਿਅਨ ਕਰਕੇ ਪੰਜਾਬ ਵਿਚ 'ਕਿਰਤੀ' ਮੈਗਜ਼ੀਨ ਰਾਹੀਂ ਉਸ ਸਿਧਾਂਤ ਨੂੰ ਪ੍ਰਚਾਰਨਾ ਸ਼ੁਰੂ ਕੀਤਾ। ਪ੍ਰੰਤੂ ਇਹ ਸਮਾਂ ਸੀ ਕਿ ਚੌਰੀ ਚੌਰਾ ਦੀ ਘਟਨਾ ਤੋਂ ਬਾਅਦ ਹਿੰਦੁਸਤਾਨ ਵਿਚ ਕਮਿਊਨਿਸਟ ਪਾਰਟੀ ਸਥਾਪਿਤ ਕਰਨ ਪ੍ਰਤੀ ਦੋ ਰੁਝਾਨ ਪੈਦਾ ਹੋ ਗਏ ਸਨ। ਇਕ ਰੁਝਾਨ ਵਿਦੇਸ਼ ਵਿਚ ਬੈਠੇ ਹੋਏ ਐਮ.ਐਨ.ਰਾਏ ਦਾ ਸੀ ਜੋ ਕਾਮਨਤਰਨ ਅਤੇ ਸੋਵੀਅਤ ਇਨਕਲਾਬ ਦੀਆਂ ਲੋੜਾਂ ਦੇ ਚੌਖਟੇ 'ਚ ਉੱਠ ਰਿਹਾ ਸੀ ਅਤੇ ਦੂਜਾ ਦੇਸ਼ ਅੰਦਰ ਉਭਰ ਰਹੀਆਂ ਪ੍ਰਸਥਿਤੀਆਂ ਦੀ ਪੈਦਾਵਾਰ ਸੀ ਪਰ ਆਪ ਮੁਹਾਰਾ ਸੀ। ਇਨ੍ਹਾਂ ਸਥਾਨਕ ਕਮਿਊਨਿਸਟ ਗਰੁੱਪਾਂ ਵਿਚ ਸੱਤਿਆ ਭਗਤ, ਸਿੰਗਾਰਾ ਵੈਲੂ ਚੇਟੀਅਰ, ਮੌਲਾਨਾ ਹਸਰਤ ਮੁਹਾਨੀ, ਗਣੇਸ਼ ਸ਼ੰਕਰ ਵਿਦਿਆਰਥੀ, ਅਰਜਨ ਲਾਲ ਸੇਠੀ ਅਤੇ ਪੰਜਾਬ ਵਿਚ ਭਾਈ ਸੰਤੋਖ ਸਿੰਘ ਅਤੇ ਕਾਬਲ ਵਿਚ ਮਾਸਟਰ ਊਧਮ ਸਿੰਘ ਕਸੇਲ ਦੇਸ਼ ਦੀਆਂ ਪ੍ਰਸਥਿਤੀਆਂ ਅਤੇ ਸਰੋਕਾਰਾਂ ਦੇ ਚੌਖਟੇ ਵਿਚ ਇੰਡੀਅਨ ਕਮਿਊਨਿਸਟ ਪਾਰਟੀ ਬਨਾਉਣ ਦੇ ਹੱਕ ਵਿਚ ਸਨ ਜਿਹੜੇ ਉੱਤਰੀ ਭਾਰਤ ਦੇ ਪ੍ਰਸਿੱਧ ਇਨਕਲਾਬੀ ਸਚਿੰਦਰ ਨਾਥ ਸਾਨਿਆਲ ਦੇ ਸੰਪਰਕ ਵਿਚ ਸਨ। ਇਨ੍ਹਾਂ ਦੀ ਪੁਖਤਾ ਰਾਇ ਸੀ ਕਿ ਪਾਰਟੀ ਦਾ ਨਾਂ ਇੰਡੀਅਨ ਕਮਿਊਨਿਸਟ ਪਾਰਟੀ ਰੱਖਣਾ ਚਾਹੀਦਾ ਹੈ ਜਦੋਂ ਕਿ ਐਮ.ਐਨ.ਰਾਏ ਵਾਦੀਆ ਨੇ ਇਸ ਦੀ ਮੁਖਾਲਫ਼ਤ ਕੀਤੀ ਸੀ। ਉਨ੍ਹਾਂ ਦਾ ਮੱਤ ਸੀ ਕਿ, "ਸਾਨੂੰ ਕਮਿਊਨਿਸਟ ਪਾਰਟੀ ਆਫ ਇੰਡੀਆ ਰੱਖਣਾ ਚਾਹੀਦਾ ਹੈ ਕਿਉਂਕਿ ਅਸੀਂ ਇੰਟਰਨੈਸ਼ਨਲ ਕਮਿਊਨਿਸਟਾਂ ਦਾ ਇਕ ਹਿੱਸਾ ਹਾਂ। ਜਦੋਂ ਕਿ ਦੇਸ਼ ਭਗਤ ਕਮਿਊਨਿਸਟਾਂ ਦਾ ਇਹ ਦਰੁਸਤ ਪੈਂਤੜਾ ਸੀ ਕਿ, "ਅਸੀਂ ਇਹ ਨਾਂ ਰੱਖ ਕੇ ਇੰਟਰਨੈਸ਼ਨਲ ਦੇ ਥੱਲੇ ਲੱਗ ਜਾਵਾਂਗੇ, ਜੋ ਕੁਝ ਉਹ ਕਹਿਣਗੇ ਉਹ ਮੰਨਣਾ ਪਏਗਾ ਅਤੇ ਸਾਨੂੰ ਕਮਿਊਨਿਸਟ ਇੰਟਰਨੈਸ਼ਨਲ ਦਾ ਮੈਂਬਰ ਉਦੋਂ ਹੀ ਬਨਣਾ ਚਾਹੀਦਾ ਹੈ ਜਦੋਂ ਅਸੀਂ ਹਿੰਦੁਸਤਾਨ ਵਿਚ ਇਨਕਲਾਬ ਕਰ ਸਕਾਂਗੇ।" ਇਨ੍ਹਾਂ ਵੱਲੋਂ 26 ਤੋਂ 28 ਦਸੰਬਰ 1925 ਨੂੰ ਕਮਿਊਨਿਸਟਾਂ, ਖੱਬੇ ਪੱਖੀਆਂ ਤੇ ਇਨਕਲਾਬੀਆਂ ਨੂੰ ਕਾਨਪੁਰ ਵਿਚ ਇਕੱਠੇ ਕਰਕੇ ਹਿੰਦੁਸਤਾਨ ਕਮਿਊਨਿਸਟ ਪਾਰਟੀ ਬਨਾਉਣ ਲਈ ਕਾਨਫਰੰਸ ਕੀਤੀ। ਕਾਨਫਰੰਸ ਕਰਨ ਵਾਲਿਆਂ ਵਿਚ ਬਹੁਤੇ ਉਹੀ ਨੌਜਵਾਨ ਸਨ ਜਿਹੜੇ ਨਾ-ਮਿਲਵਰਤਨ ਲਹਿਰ ਵਾਪਸ ਲੈਣ ਤੇ ਮਹਾਤਮਾ ਗਾਂਧੀ ਦੀਆਂ ਨੀਤੀਆਂ ਤੋਂ ਨਾਬਰ ਹੋ ਗਏ ਸਨ। ਖਾਸ ਕਰਕੇ ਉਸ ਐਲਾਨ ਤੋਂ ਜਿਹੜਾ ਕਰਦਿਆਂ ਗਾਂਧੀ ਨੇ ਕਿਹਾ ਸੀ ਕਿ ਜੇਕਰ ਬੰਗਾਲ ਦੇ ਨੌਜਵਾਨ ਵਧ ਤੋਂ ਵਧ ਹਮਾਇਤ ਜੁਟਾਉਣ ਤਾਂ ਉਹ 31 ਦਸੰਬਰ 1922 ਅੱਧੀ ਰਾਤ ਤੱਕ ਹਿੰਦੁਸਤਾਨ ਨੂੰ ਸਵਰਾਜ ਲੈ ਦੇਣਗੇ। ਬੰਗਾਲ ਦੇ ਹੀ ਨਹੀਂ ਸਾਰੇ ਹਿੰਦੁਸਤਾਨ ਦੇ ਨੌਜਵਾਨ ਨਾ-ਮਿਲਵਰਤਨ ਵਿਚ ਜ਼ੋਰ

ਸ਼ੋਰ ਨਾਲ ਸ਼ਾਮਲ ਹੋ ਗਏ ਸਨ। ਕਾਨਫਰੰਸ ਦੀ ਪ੍ਰਧਾਨਗੀ ਸਿੰਗਰਾ ਵੈਲੂਰ ਨੇ ਕੀਤੀ ਜਿਹੜਾ ਦੱਖਣੀ ਭਾਰਤ ਦਾ ਪਹਿਲਾ ਕਮਿਊਨਿਸਟ ਸੀ। ਸੁਆਗਤੀ ਭਾਸ਼ਨ ਕਰਦਿਆਂ ਹਸਰਤ ਮੁਹਾਨੀ ਨੇ ਕੇਂਦਰੀ ਨੁਕਤਾ ਪੇਸ਼ ਕੀਤਾ ਕਿ, "ਸਭ ਵਾਜਬ ਵਸੀਲਿਆ ਨਾਲ ਪੂਰਨ ਆਜ਼ਾਦੀ ਕਾਇਮ ਕਰਨੀ। ਹਿੰਦੂਸਤਾਨੀਆਂ ਦੀ ਜਥੇਬੰਦੀ ਨਿਰੋਲ ਹਿੰਦੁਸਤਾਨੀ ਹੈ ਤੇ ਹਾਲੀਂ ਕਮਿਊਨਿਸਟ ਪਾਰਟੀ ਦਾ ਕੰਮ ਹਿੰਦੁਸਤਾਨ ਵਿਚ ਹੀ ਮਹਿਦੂਦ ਰੱਖਿਆ ਜਾਵੇਗਾ। ਤੀਜੀ ਇੰਟਰਨੈਸ਼ਨਲ ਸਭਾ ਨਾਲ ਸਾਡਾ ਵਾਸਤਾ ਸਿਰਫ਼ ਹਮਦਰਦੀ ਅਤੇ ਮਨੋ ਨੇੜਤਾ ਵਾਲਾ ਹੈ। ਹਿੰਦੋਸਤਾਨੀ ਕਮਿਊਨਿਸਟ ਆਪਣੇ ਰਸਤੇ ਉਤੇ ਚਲ ਰਹੇ ਸਾਥੀ ਮੁਸਾਫਿਰ ਹਨ।"

ਉਸਨੇ ਅਗੇ ਕਿਹਾ: "ਅਸਲੀਅਤ ਇਹ ਹੈ ਕਿ ਇਸਲਾਮ ਵਿੱਚ ਸਰਮਾਏਦਾਰੀ ਦੀ ਵਿਰੋਧਤਾ ਉਸ ਹੱਦ ਤੱਕ ਹੈ ਜਿਥੋਂ ਤੱਕ ਕਮਿਊਨਿਸਟਾਂ ਦੀ। ਜ਼ਕਾਤ (ਇਸਲਾਮ ਵਿਚ ਆਮਦਨ ਢਾਈ ਫੀਸਦੀ ਧਰਮ ਅਰਥ ਲਈ ਦੇਣਾ) ਦਾ ਹੁਕਮ ਇਸੇ ਵਾਸਤੇ ਹੈ ਕਿ ਜਦ ਤੱਕ ਇਕ ਜੀਵ ਵੀ ਭੁੱਖਾ ਬਾਕੀ ਹੈ ਤਦ ਤੱਕ ਸਰਮਾਇਆਦਾਰਾਂ ਨੂੰ ਕੋਈ ਹੱਕ ਨਹੀਂ ਕਿ ਉਹ ਕੋਈ ਵਿਹਾਰ ਤੋਰਨ। ਕੁਰਾਨ ਸ਼ਰੀਫ ਵਿੱਚ ਨਿਮਾਜ਼ ਤੋਂ ਦੂਜੇ ਦਰਜੇ ਤੇ ਜ਼ੋਰ 'ਜ਼ਕਾਤ' ਤੇ ਦਿਤਾ ਹੈ। ਜੋ 'ਜ਼ਕਾਤ' ਦੇਣ ਤੋਂ ਇਨਕਾਰੀ ਹੋਵੇ, ਉਸਦੇ ਵਿਰੁੱਧ 'ਜ਼ਿਹਾਦ' ਦਾ ਹੁਕਮ ਹੈ। ਵਿਆਜ ਲੈਣ ਦੀ ਮਨਾਹੀ ਦਾ ਕਾਰਨ ਇਹੋ ਹੀ ਹੋ ਸਕਦਾ ਹੈ ਕਿ ਵਿਆਜੜੀਏ ਬਿਨਾ ਕੋਈ ਕਾਰ ਕੀਤਿਆਂ ਮੁਨਾਫ਼ਾ ਲੈ ਲੈਂਦੇ ਹਨ। ਇਹ ਗੱਲ ਇਸਲਾਮ ਦੇ ਓਨੀ ਹੀ ਵਿਰੁੱਧ ਹੈ, ਜਿੰਨੀ ਕਮਿਊਨਿਸਟਾਂ ਦੇ ਵਿਰੁੱਧ ਹੈ।"

ਸਿੰਗਰਾ ਵੈਲੂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ,"ਅਛੂਤ ਦਾ ਸਵਾਲ ਕਮਿਊਨਿਸਟਾਂ ਦੇ ਨੁਕਤਾ ਖਿਆਲ ਨਾਲ ਇਕ ਨਿਰੋਲ ਸੰਪਤ ਦਾ ਸਵਾਲ ਹੈ। ਲਤਾੜੇ ਹੋਏ ਵਰਨਾ ਦਾ, ਸੰਪਤ ਬਾਰੇ ਪਰ-ਆਸਰੇ ਦਾ ਸਵਾਲ ਜਿੰਨੀ ਜਲਦੀ ਨਜਿੱਠਿਆ ਜਾਏ, ਭਾਈਚਾਰਕ ਅਛੂਤਾਂ ਦਾ ਕਲੰਕ ਉਹਨਾਂ ਤੋਂ ਉਤਨੀ ਜਲਦੀ ਨਿਰਸੰਦੇਹ ਉਤਰ ਜਾਏਗਾ।" ਮਹਾਤਮਾ ਗਾਂਧੀ ਦੀ ਖੱਦਰ ਨੀਤੀ ਬਾਰੇ ਸਿੰਗਰਾ ਵੈਲੂ ਨੇ ਕਿਹਾ ਸੀ,"ਕੌਮੀ ਲਿਬਾਸ ਦੇ ਤੌਰ 'ਤੇ ਖੱਦਰ ਪਹਿਨਣਾ ਤਾਂ ਮੰਨਿਆ ਜਾ ਸਕਦਾ ਹੈ ਪਰ ਇਹ ਗੱਲ ਅਸੰਭਵ ਹੈ ਕਿ ਮਸ਼ੀਨ ਨਾਲ ਬਣਾਏ ਕਪੜੇ ਦੀ ਹਰ ਥਾਂ ਖੱਦਰ ਸੰਭਾਲ ਸਕੇ। ਇਹ ਹੋਰ ਵੀ ਅਣਹੋਣੀ ਗੱਲ ਹੈ ਕਿ ਹੱਥ ਦਾ ਬਣਾਇਆ ਕੱਪੜਾ ਪ੍ਰਦੇਸੀ ਮਾਲ ਦੇ ਬਾਈਕਾਟ ਨੂੰ ਕਾਮਯਾਬੀ ਦੇ ਸਕੇ। ਅਮਰੀਕਨ ਆਪਣੇ ਸਵੈਧੀਨਤਾ ਦੇ ਯੁੱਧ ਸਮੇਂ ਪ੍ਰਦੇਸੀ ਕਪੜੇ ਦਾ ਬਾਈਕਾਟ ਨਹੀਂ ਸੀ ਕਰ ਸਕੇ। ਉਹਨਾਂ ਦੀ ਸਵੈਧੀਨਤਾ ਦਾ ਫੈਸਲਾ ਬੰਦਰਹਿਲ ਦੇ ਯੁੱਧ ਨੇ ਕੀਤਾ ਸੀ। ਅੰਗਰੇਜ਼ੀ ਮਾਲ ਦੇ ਬਾਈਕਾਟ ਨੇ ਨਹੀਂ ਸੀ ਕੀਤਾ। ਮਾਨਸ ਜਾਤੀ ਸਹਿਜੇ ਸਹਿਜੇ ਮਸ਼ੀਨਾਂ ਦੀ ਮਦਦ ਨਾਲ ਦਸਤੀ ਮੁਸ਼ੱਕਤ ਤੋਂ ਛੁਟਕਾਰਾ ਪਾ ਰਹੀ ਹੈ, ਇਸੇ ਖਲਾਸੀ ਦੀ ਬਦੌਲਤ ਮਾਨਸ ਜਾਤੀ ਨੂੰ ਮਾਨਸ ਜ਼ਿੰਦਗੀ ਦੇ ਉਹਨਾਂ ਉਚੇ ਵਿਚਾਰਾਂ ਵਾਸਤੇ ਵਿਹਲ ਮਿਲਿਆ। ਜਿਹਨਾ ਉੱਚੇ ਵਿਚਾਰਾਂ ਸਦਕਾ ਮਾਨਸ ਜਾਤੀ ਦੀ ਜ਼ਿੰਦਗੀ ਜਾਨਵਰਾਂ ਦੀ ਜ਼ਿੰਦਗੀ ਦੀਆਂ ਪੌੜੀਆਂ ਵਿਚੋਂ ਸਭ ਤੋਂ ਉਚੀ ਪੌੜੀ 'ਤੇ ਪੁੱਜੀ ਹੈ। ਮਾਨਸ ਨੂੰ ਫੇਰ ਉਸੇ ਦਸਤੀ ਮੁਸ਼ੱਕਤ ਵਲ ਧਕੇਲ

ਦੇਣਾ, ਜਿਸ ਤੋਂ ਬਿਨ੍ਹਾਂ ਉਹ ਨਿਰਬਾਹ ਕਰ ਸਕਦਾ ਹੈ, ਸਰਾਸਰ ਜ਼ੁਲਮ ਹੀ ਨਹੀਂ ਬੇਹੂਦਾ ਵੀ ਹੈ।" ਇਸ ਕਾਨਫਰੰਸ ਵਿਚ ਪੰਜਾਬ ਤੋਂ ਭਾਈ ਸੰਤੋਖ ਸਿੰਘ ਆਪਣੇ ਸਾਥੀਆਂ ਨਾਲ ਸ਼ਾਮਲ ਹੋਏ ਸਨ। ਪਰ ਹੋਇਆ ਉਹੀ ਜੋ ਰਾਏ ਚਾਹੁੰਦਾ ਸੀ ਕਿਉਂਕਿ ਉਹ ਕਾਮਨਤਰਨ ਵਿਚ ਆਪਣੀ ਸਥਿਤੀ ਮਜਬੂਤ ਕਰ ਚੁੱਕਾ ਸੀ। ਬੰਬਈ ਦੇ ਏ.ਐਸ. ਡਾਂਗੇ, ਬੰਗਾਲ ਦੇ ਮੁਜ਼ੱਫਰ ਅਹਿਮਦ ਆਦਿ ਰਾਏ ਦੀ ਪ੍ਰਸਿੱਧੀ ਦੀ ਚਮਕ ਤੋਂ ਚੁੰਧਿਆ ਗਏ ਤੇ ਉਸ ਦੇ ਪ੍ਰਭਾਵ ਹੇਠ ਆ ਗਏ ਸਨ। ਕਾਮਨਤਰਨ ਨੇ ਰਾਏਵਾਦੀਆਂ ਦੀ ਕਮਿਊਨਿਸਟ ਪਾਰਟੀ ਨੂੰ ਮਾਨਤਾ ਦੇ ਕੇ ਕਮਿਊਨਿਸਟ ਪਾਰਟੀ ਦੇ ਜਨਮ ਤੋਂ ਪਹਿਲਾਂ ਦੀ ਦੋਫਾੜ ਕਰਨ ਦੇ ਬੀਜ ਪਾ ਦਿੱਤੇ।

ਕਾਮਰੇਡ ਲੈਨਿਨ ਦਾ ਹਿੰਦੁਸਤਾਨ ਦੇ ਹਾਲਾਤਾਂ ਬਾਰੇ ਜਾਇਜ਼ਾ ਤੇ ਦ੍ਰਿਸ਼ਟੀ ਕਿ ਹਿੰਦੁਸਤਾਨ ਦੀ ਕੌਮੀ ਅਜ਼ਾਦੀ ਦੀ ਤਹਿਰੀਕ ਵਿਚ ਸਰਮਾਏਦਾਰੀ ਨਾਲ ਸਾਂਝਾ ਮੁਹਾਜ਼ ਬਣਾਉਣ ਦੀ ਦਲੀਲ ਤੇ ਅਮਲ ਕੀਤਾ ਜਾਂਦਾ ਤਾਂ ਹਿੰਦੁਸਤਾਨ ਦੀ ਕਮਿਊਨਿਸਟ ਲਹਿਰ ਦਾ ਇਤਿਹਾਸ ਬਿਲਕੁਲ ਅਲੱਗ ਹੋਣਾ ਸੀ। ਮਾਸਟਰ ਕਾਬਲ ਸਿੰਘ, ਬਾਬਾ ਹਰਜਾਪ ਸਿੰਘ ਤੇ ਮਾਸਟਰ ਮੋਤਾ ਸਿੰਘ ਇਸੇ ਨੀਤੀ ਦੇ ਧਾਰਨੀ ਸਨ। ਮਾਸਟਰ ਕਾਬਲ ਸਿੰਘ ਦੇ ਜੀਵਨ ਦਾ ਇਤਿਹਾਸ ਕੇਵਲ ਜੀਵਨ ਗਾਥਾ ਹੀ ਨਹੀਂ ਸਗੋਂ ਪੰਜਾਬ ਅੰਦਰ ਚੱਲੀਆਂ ਵੱਖ-ਵੱਖ ਲਹਿਰਾਂ ਖਾਸ ਕਰਕੇ ਬਬਰ ਅਕਾਲੀ ਲਹਿਰ, ਕਿਰਤੀ ਕਿਸਾਨ ਪਾਰਟੀ ਅਤੇ ਭਾਰਤ ਨੌਜਵਾਨ ਸਭਾ ਦੀਆਂ ਕੁਰਬਾਨੀਆਂ ਦਾ ਪ੍ਰੇਰਨਾ ਭਰਪੂਰ ਇਤਿਹਾਸ ਵੀ ਹੈ, ਜਿਸ ਵਿਚ ਮਾਸਟਰ ਕਾਬਲ ਸਿੰਘ ਲਹਿਰਾਂ ਦੀ ਰਗ-ਰਗ ਵਿਚ ਤਾਣੇ-ਪੇਟੇ ਵਾਂਗ ਰਚੇ-ਮਿਚੇ ਹੋਏ ਸਨ। ਦੁਰਲੱਭ ਤਸਵੀਰਾਂ ਤੇ ਬਹੁਤ ਸਾਰੇ ਸਮਕਾਲ ਦੇਸ਼-ਭਗਤਾਂ ਦੀ ਜਾਣਕਾਰੀ ਸ਼ਾਇਦ ਹੱਥਲੀ ਪੁਸਤਕ ਵਿਚ ਪਹਿਲੀ ਵਾਰ ਪੜ੍ਹਨ ਨੂੰ ਮਿਲੇਗੀ ਵਿਸ਼ੇਸ਼ ਤੌਰ 'ਤੇ ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤਾਂ, ਕਾਮਰੇਡ ਕਰਮ ਸਿੰਘ ਮਾਨ ਅਤੇ ਸ੍ਰੀ ਅਮਰ ਚੰਦ ਜਾਡਲਾ ਦੇ ਬਚਪਨ ਤੋਂ ਜੁਆਨੀ ਤੱਕ ਦੀ ਮਿੱਤਰਤਾ ਦੀ ਜਾਣਕਾਰੀ ਪਾਠਕਾਂ ਨੂੰ ਪਹਿਲੀ ਵਾਰ ਪੜ੍ਹਨ ਨੂੰ ਮਿਲੇਗੀ। ਜਿਸ ਦਾ ਖੁਲਾਸਾ ਸ਼ਹੀਦ ਭਗਤ ਸਿੰਘ ਵੱਲੋਂ ਇਕ ਚਿੱਠੀ ਵਿਚ ਕੀਤਾ ਹੋਇਆ ਹੈ। ਨਿਰਸੰਦੇਹ ਪਹਿਲੀਆਂ ਪੁਸਤਕਾਂ ਵਾਂਗ ਹੱਥਲੀ ਪੁਸਤਕ ਪਾਠਕਾਂ ਨੂੰ ਪਸੰਦ ਆਏਗੀ। ਇਹ ਪੁਸਤਕ ਖੱਬੀ ਧਿਰ ਦੇ ਕਾਰਕੁੰਨਾਂ ਨੂੰ ਪੜ੍ਹਨੀ ਚਾਹੀਦੀ ਹੈ ਤਾਂ ਕਿ ਉਹ ਇਤਿਹਾਸ ਵਿਚ ਹੋਈਆਂ ਗਲਤੀਆਂ ਤੇ ਉਨ੍ਹਾਂ ਗਲਤੀਆਂ ਦਾ ਭਵਿੱਖ ਤੇ ਪਏ ਅਸਰ ਤੋਂ ਵਾਕਫ਼ ਹੋ ਕੇ ਅੱਗੇ ਤੋਂ ਲਹਿਰ ਦੇ ਵਿਕਾਸ ਲਈ ਠੀਕ ਰਾਹ ਭਾਲ ਸਕਣ। ਮਾਸਟਰ ਜੀ ਦੇ ਪਰਿਵਾਰ ਦੀ ਕੋਸ਼ਿਸ਼ ਨਾਲ ਚਰੰਜੀ ਲਾਲ ਕੰਗਣੀਵਾਲ ਵੱਲੋਂ ਲਿਖੀ ਪੁਸਤਕ ਪਾਠਕਾਂ ਦੇ ਹੱਥਾਂ ਵਿਚ ਦੇ ਕੇ ਮੈਨੂੰ ਬੜੀ ਹੀ ਖੁਸ਼ੀ ਮਹਿਸੂਸ ਹੋ ਰਹੀ ਹੈ।

-ਨੌਨਿਹਾਲ ਸਿੰਘ
ਕਨਵੀਨਰ-ਹਿਸਟਰੀ ਸਬ-ਕਮੇਟੀ
ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ

# ਪੁਸਤਕ ਬਾਰੇ

ਬਾਬਾ ਭਗਵਾਨ ਸਿੰਘ ਦੁਸਾਂਝ ਦੀ ਜੀਵਨੀ ਵਾਲੀ ਪੁਸਤਕ ਨੂੰ ਪੜ੍ਹ ਕੇ 2012 'ਚ ਇੰਗਲੈਂਡ ਵਿਚੋਂ ਇਕ ਬੀਬੀ ਦਾ ਫੋਨ ਆਇਆ ਤੇ ਉਸਨੇ ਪੁਸਤਕ ਵਿਚ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਦੇ ਜ਼ਿਕਰ ਬਾਰੇ ਖੁਸ਼ੀ ਪ੍ਰਗਟ ਕਰਦਿਆਂ ਮਾਸਟਰ ਜੀ ਬਾਰੇ ਹੋਰ ਜਾਣਕਾਰੀ ਦੀ ਇੱਛਾ ਪ੍ਰਗਟਾਈ ਤੇ ਦੱਸਿਆ ਕਿ ਉਹ ਮਾਸਟਰ ਕਾਬਲ ਸਿੰਘ ਜੀ ਦੀ ਬੇਟੀ ਹੈ। ਕੁਝ ਸਮੇਂ ਪਿੱਛੋਂ ਪਰਿਵਾਰ ਦੇ ਜੀਅ ਮੇਰੇ ਕੋਲ ਆਏ ਤਾਂ ਉਨ੍ਹਾਂ ਨੇ ਮੇਰੇ ਅੱਗੇ ਪੁਸਤਕ ਲਿਖਣ ਦਾ ਪ੍ਰਸਤਾਵ ਰੱਖਿਆ। ਕਮੇਟੀ ਦੇ ਕਈ ਕੰਮਾਂ ਦਾ ਬੋਝ ਹੋਣ ਕਰਕੇ ਮੈਂ ਉਨ੍ਹਾਂ ਨੂੰ ਆਪਣੀ ਅਸਮਰੱਥਾ ਜਤਾਈ। ਮੇਰੇ ਕੋਲ ਨੌਨਿਹਾਲ ਵੀ ਬੈਠੇ ਹੋਏ ਸਨ। ਉਨ੍ਹਾਂ ਨੇ ਮੇਰੇ ਸੁਭਾਅ ਅਨੁਸਾਰ ਗੱਲ ਲਮਕਦੀ ਦੇਖ ਕੇ ਉਨ੍ਹਾਂ ਨੂੰ ਸਾਫ਼ ਨਾਂਹ ਕਰ ਦਿੱਤੀ।

ਆਖਿਰਕਾਰ ਕੁਝ ਸਾਲਾਂ ਬਾਅਦ ਮਾਸਟਰ ਜੀ ਦੇ ਲੜਕੇ ਡਾ. ਹਰਦੇਵ ਸਿੰਘ ਆਏ ਤੇ ਮਾਸਟਰ ਜੀ ਦੀ ਜੀਵਨੀ ਲਿਖਣ ਲਈ ਮੈਨੂੰ ਕਹਿਣ ਲੱਗੇ, ਉਸ ਸਮੇਂ ਵੀ ਕਾਮਰੇਡ ਨੌਨਿਹਾਲ ਸਿੰਘ ਮੇਰੇ ਕੋਲ ਬੈਠੇ ਹੋਏ ਸਨ। ਡਾ. ਹਰਦੇਵ ਸਿੰਘ ਦੀ ਨਿਮਰਤਾ, ਭਲਮਾਣਸੀ ਨੂੰ ਦੇਖਦੇ ਹੋਏ ਨੌਨਿਹਾਲ ਹੋਰੀਂ ਹਾਂ ਕਰਕੇ ਮੈਨੂੰ ਕਹਿਣ ਲੱਗੇ "ਚੱਲ ਅੱਗੋਂ ਪਿੱਛੋਂ ਸਮਾਂ ਕੱਢ ਕੇ ਇਹ ਕੰਮ ਕਰ, ਤੇਰੇ ਕੋਈ ਔਖਾ ਨਹੀਂ।"

ਮੈਂ ਸਮਝਦਾ ਹਾਂ ਕਿ ਮਾਸਟਰ ਜੀ ਦੇ ਪਰਿਵਾਰ ਦਾ ਤਹੱਈਆ ਤੇ ਸਿਰੜ, ਨੌਨਿਹਾਲ ਸਿੰਘ ਹੋਰਾਂ ਦੀ ਹਾਂ ਨੇ ਮੈਨੂੰ ਇਸ ਪੁਸਤਕ ਨੂੰ ਲਿਖਣ ਲਈ ਮਜਬੂਰ ਕੀਤਾ ਅਤੇ ਇਹ ਪੁਸਤਕ ਹੋਂਦ ਵਿਚ ਆ ਗਈ।

ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬਰੇਰੀ ਵਿਚਲੀਆਂ 'ਕਿਰਤੀ ਅੰਮ੍ਰਿਤਸਰ', 'ਦੇਸ ਸੇਵਕ ਜਲੰਧਰ', 'ਮਜ਼ਦੂਰ ਕਿਸਾਨ' ਦੀਆਂ ਫਾਈਲਾਂ ਅਤੇ ਮਾਸਟਰ ਗੋਬਿੰਦਪੁਰੀ ਦੇ ਨਿੱਜੀ ਰਿਕਾਰਡ ਨੇ ਮੇਰਾ ਕੰਮ ਅਸਾਨ ਵੀ ਤੇ ਪ੍ਰਮਾਣਿਕ ਵੀ ਬਣਾ ਦਿੱਤਾ। ਮੇਰੇ ਸਹਿਯੋਗੀ ਕਾ. ਰਣਜੀਤ ਸਿੰਘ ਔਲਖ ਅਤੇ ਕਾ. ਨੌਨਿਹਾਲ ਸਿੰਘ (ਮੈਂਬਰ ਦੇਸ਼ ਭਗਤ ਯਾਦਗਾਰ ਕਮੇਟੀ) ਦੀਆਂ ਸੇਵਾਵਾਂ ਦਾ ਮੈਂ ਰਿਣੀ ਹਾਂ। ਪਿੰਡ ਗੋਬਿੰਦਪੁਰ ਦੇ ਸ. ਗੁਰਚੈਨ ਸਿੰਘ, ਕੁਲਵੰਤ ਸਿੰਘ ਵੱਲੋਂ ਮਾਸਟਰ ਜੀ ਦੇ ਬਾਰੇ ਵਡਮੁੱਲੀ ਜਾਣਕਾਰੀ ਦੇਣ ਲਈ ਉਨ੍ਹਾਂ ਦਾ ਰਿਣੀ ਹਾਂ। ਗੋਬਿੰਦਪੁਰ ਦੇ ਕਾਮਰੇਡ ਮਹਿੰਦਰ ਰਾਮ ਤੇ ਰੌਸ਼ਨ ਲਾਲ, ਵਿਸ਼ੇਸ਼ ਤੌਰ 'ਤੇ ਸ੍ਰੀ ਕੇਵਲ ਬੋਲੀਨਾ (ਯੂ.ਐੱਸ.ਏ.) ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਜਿਹੜੇ ਚੱਤੋ-ਪਹਿਰ ਕਿਰਤੀ ਗਰੀਬਾਂ ਦੀ ਸੇਵਾ 'ਚ ਲੱਗੇ ਰਹਿੰਦੇ ਹਨ, ਨੇ ਮੈਨੂੰ ਹੱਲਾਸ਼ੇਰੀ ਦਿੱਤੀ। ਮੈਂ ਗੁਰਚੈਨ ਸਿੰਘ ਦੀ ਸੁਪਤਨੀ ਬੀਬੀ ਕੁਲਵੰਤ ਕੌਰ ਦੀ ਸੇਵਾ-ਭਾਵਨਾ ਤੇ ਸਲੀਕੇ ਤੋਂ ਬਹੁਤ ਪ੍ਰਭਾਵਿਤ ਹੋਇਆ ਜਦੋਂ ਉਨ੍ਹਾਂ ਦੇ ਘਰ ਗਿਆ। 'ਬਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਨ' ਅਨੁਸਾਰ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਦੇ ਸਮੁੱਚੇ ਪਰਿਵਾਰ ਨੂੰ ਸ਼ਾਬਾਸ਼ ਕਹਿੰਦਾ ਹੋਇਆ ਪੁਸਤਕ ਨੂੰ ਪਾਠਕਾਂ ਦੇ ਹੱਥਾਂ 'ਚ ਸੌਂਪ ਕੇ ਸੁਝਾਵਾਂ ਦੀ ਉਡੀਕ 'ਚ।

**-ਚਰੰਜੀ ਲਾਲ ਕੰਗਣੀਵਾਲ**

# ਮਾਸਟਰ ਕਾਬਲ ਸਿੰਘ ਗੋਬਿੰਦਪੁਰੀ

ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਨੇ ਬਹੁਤ ਛੋਟੀ ਉਮਰ ਵਿਚ ਹੀ ਸਿਰੜੀ ਦੇਸ਼ ਭਗਤ ਵਜੋਂ ਆਪਣੀ ਪਛਾਣ ਬਣਾ ਲਈ ਸੀ। ਉਹ ਅਜ਼ਾਦੀ ਦੇ ਨਾਇਕ ਵਜੋਂ ਐਸਾ ਉਭਰਿਆ ਕਿ ਦੁਆਬਾ ਵਿਚ ਅਜ਼ਾਦੀ ਸੰਗਰਾਮੀਆਂ ਦੀ ਤੇ ਆਮ ਲੋਕਾਂ ਦੀ ਜੁਬਾਨ 'ਤੇ ਉਸ ਦਾ ਨਾਂ ਆ ਗਿਆ ਸੀ। ਇਹੀ ਕਾਰਨ ਸੀ ਕਿ ਦੁਆਬੇ ਦੇ ਪ੍ਰਸਿੱਧ ਸ਼ਹੀਦ ਗੁਰਦਿੱਤ ਸਿੰਘ ਦਲੇਰ* ਨੇ ਆਪਣੇ ਇਕ ਬੱਚੇ ਦਾ ਨਾਮ ਮਾਸਟਰ ਕਾਬਲ ਸਿੰਘ ਦੇ ਨਾਂ 'ਤੇ ਰੱਖਿਆ ਸੀ। ਮਾਸਟਰ ਕਾਬਲ ਸਿੰਘ ਕਾਂਗਰਸ ਪਾਰਟੀ, ਬੱਬਰ ਅਕਾਲੀ ਲਹਿਰ, ਕਿਰਤੀ ਕਿਸਾਨ ਲਹਿਰ ਦਾ ਸਾਂਝਾ-ਮੀਂਝਾ ਆਗੂ ਸੀ। ਜੀਵਨ ਦੇ ਅੰਤਲੇ ਸਮੇਂ ਉਸ ਨੇ ਇਕ ਸ਼ੋਸ਼ਲਿਸਟ ਵਜੋਂ ਆਪਣੇ ਆਪ ਨੂੰ ਪੇਸ਼ ਕੀਤਾ। ਅਜ਼ਾਦੀ ਸੰਗਰਾਮ ਵਿਚ ਦੁਆਬੇ ਦੀਆਂ ਤਿੰਨ ਸਖ਼ਸੀਅਤਾਂ ਗ਼ਦਰ ਲਹਿਰ ਦੇ ਬਾਬਾ ਹਰਜਾਪ ਸਿੰਘ ਮਾਹਲਪੁਰ, ਬਬਰ ਅਕਾਲੀ ਲਹਿਰ ਦੇ ਮਾਸਟਰ ਮੋਤਾ ਸਿੰਘ ਅਤੇ ਗੁਰਦੁਆਰਾ ਸੁਧਾਰ ਲਹਿਰ ਸਮੇਂ ਨਾਮਿਲਵਰਤਨ ਲਹਿਰ ਦੇ ਹਾਮੀ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਆਪਣੀ ਹੀ ਕਿਸਮ ਦੇ ਕੱਟੜ ਦੇਸ਼ ਭਗਤ ਸਨ ਜਿਹੜੇ ਕਮਿਊਨਿਸਟ ਤਾਂ ਸਨ ਪਰ ਉਨ੍ਹਾਂ ਦੀ ਸੁਰ ਕਮਿਊਨਿਸਟ ਆਗੂਆਂ ਨਾਲ ਕਦੇ ਨਾ ਮਿਲੀ। ਕਾਂਗਰਸ ਪਾਰਟੀ ਪ੍ਰਤੀ ਵੀ ਉਨ੍ਹਾਂ ਦਾ ਰਵੱਈਆ ਅਜਿਹਾ ਹੀ ਸੀ, ਭਾਵੇਂ ਉਹ ਕਾਂਗਰਸ ਦੇ ਸਮਰਥਕ ਵੀ ਰਹੇ। ਨਤੀਜੇ ਦੇ ਤੌਰ 'ਤੇ ਉਨ੍ਹਾਂ ਨੇ ਆਪਣੀ ਪਹਿਚਾਣ ਆਪਣੇ ਬਲਬੂਤੇ ਹੀ ਬਣਾਈ ਅਤੇ ਲੋਕਾਂ 'ਚ ਪ੍ਰਵਾਨ ਚੜ੍ਹੀ। ਦੇਸ਼ ਭਗਤੀ, ਕੌਮਪ੍ਰਸਤੀ ਤੇ ਸਦਾਚਾਰੀ ਕਦਰਾਂ-ਕੀਮਤਾਂ ਦਾ ਉਹ ਮੁਦੱਈ ਸੀ। ਉਹ ਇਕ ਪੱਤਰਕਾਰ ਵਜੋਂ ਵੀ ਮੰਜ਼ਿਆਂ ਹੋਇਆ ਚਿੰਤਕ ਸੀ। ਅਜਿਹੇ ਕਿਰਦਾਰ ਵਾਲਾ ਹੋਣ ਕਰਕੇ ਹੀ ਉਹ ਕਾਂਗਰਸ ਦਾ ਪ੍ਰਤੀਬੱਧ ਸਿਪਾਹੀ ਨਾ ਰਹਿ ਸਕਿਆ ਅਤੇ ਉਦੋਂ ਜਦੋਂ ਦੇਸ਼ ਦੀ ਵਾਂਗਡੋਰ ਕਾਂਗਰਸ ਪਾਰਟੀ ਦੇ ਹੱਥਾਂ 'ਚ ਆਈ ਤਾਂ ਉਹ ਕਾਂਗਰਸ ਸਰਕਾਰ ਦੀਆਂ ਨੀਤੀਆਂ ਦਾ ਜਿਉਂਦੇ ਜੀਅ ਆਲੋਚਕ ਅਤੇ ਅੰਤਲੇ ਸਮੇਂ ਉਹ ਕਾਂਗਰਸ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਕੱਟੜ ਵਿਰੋਧੀ ਰਿਹਾ।

ਉਹ ਆਪਣੀ ਪ੍ਰਤਿਭਾ ਤੇ ਸਿਰੜੀ ਇਰਾਦੇ ਵਾਲਾ ਹੋਣ ਕਰਕੇ ਅੰਗਰੇਜ਼ੀ ਸਰਕਾਰ ਦੀਆਂ ਅੱਖਾਂ ਵਿਚ ਆ ਗਿਆ, ਜਿਸ ਦਾ ਖਮਿਆਜ਼ਾ ਉਸ ਨੂੰ ਭੁਗਤਨਾ ਪਿਆ, ਜਿਸ ਕਰਕੇ ਉਸ ਦੇ ਨਾਂ ਦੀ ਚਰਚਾ ਘਰ-ਘਰ ਹੋਣ ਲੱਗ ਪਈ।

ਐਮ.ਐਲ.ਏ. ਬਣ ਕੇ ਵੀ ਅੰਗਰੇਜ਼ ਸਰਕਾਰ ਦਾ ਕੱਟੜ ਆਲੋਚਕ ਰਿਹਾ ਅਤੇ ਉਸਨੇ ਅਜ਼ਾਦੀ ਅਤੇ ਲੋਕਾਂ ਦੇ ਹੱਕਾਂ ਹਿੱਤਾਂ ਲਈ ਅਸੰਬਲੀ ਦੇ ਅੰਦਰ ਤੇ ਬਾਹਰ ਆਵਾਜ਼ ਬੁਲੰਦ ਕਰਦਿਆਂ ਉਹ ਵਾਰ ਵਾਰ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਜਾਣ ਤੋਂ ਕਦੇ ਸੰਕੋਚਦਾ ਨਾ। ਬਿਨਾਂ ਸ਼ੱਕ ਉਹ ਇਕ ਸਿਰਕੱਢ ਲੜਾਕੂ ਦੇਸ਼ ਭਗਤ ਸੀ ਪ੍ਰੰਤੂ ਉਸ ਦੀ ਕੁਰਬਾਨੀ ਤੇ ਦੇਸ਼ ਭਗਤੀ ਵਾਲੇ ਕਿਰਦਾਰ ਨੂੰ ਸਿਆਸੀ ਚਿੱਤ੍ਰਪਟ ਤੋਂ ਮਿਟਾਉਣ ਲਈ ਕਾਂਗਰਸੀ ਹਾਕਮਾਂ ਨੇ ਕੋਈ ਕਸਰ ਨਾ ਛੱਡੀ। ਅਜਿਹੀਆਂ ਇਨਕਲਾਬੀ ਸ਼ਖ਼ਸੀਅਤਾਂ ਦਾ ਇਤਿਹਾਸ ਜੀਉਂਦਾ ਰੱਖਣਾ ਅਜੋਕੇ ਸਮੇਂ ਹੋਰ ਵੀ ਜ਼ਰੂਰੀ ਹੋ ਗਿਆ ਜਦੋਂ ਕਿ ਹੁਣ ਸਿਆਸਤ ਨੂੰ ਵਪਾਰ ਤੇ ਜੱਦੀ-ਪੁਸ਼ਤੀ ਜਗੀਰ ਬਣਾਉਣ ਦੀਆਂ ਕੋਸ਼ਿਸ਼ਾਂ ਸਿਆਸਤ ਕਰਨ ਵਾਲਿਆਂ ਦਾ ਅਜੰਡਾ ਬਣ ਚੁੱਕਾ ਹੈ। ਅਜ਼ਾਦੀ ਦੇ ਇਤਿਹਾਸ ਨੂੰ ਆਉਣ ਵਾਲੀਆਂ ਨਸਲਾਂ ਲਈ ਬਚਾਉਣਾ ਬੜਾ ਜ਼ਰੂਰੀ ਹੈ ਤਾਂ ਕੇ ਆਉਣ ਵਾਲੀਆਂ ਨਸਲਾਂ ਆਪਣੇ ਅਤੀਤ ਨੂੰ ਜਾਣ ਸਕਣ ਅਤੇ ਭਵਿੱਖ ਲਈ ਉਸਾਰੂ ਰਸਤਿਆਂ ਦੀ ਤਲਾਸ਼ ਕਰ ਸਕਣ।

**ਜਨਮ:-** ਮਾਸਟਰ ਕਾਬਲ ਸਿੰਘ ਦਾ ਜਨਮ, ਜ਼ਿਲ੍ਹਾ ਜਲੰਧਰ ਦੇ ਪਿੰਡ ਗੋਬਿੰਦਪੁਰ, ਥਾਣਾ ਬੰਗਾ (ਹੁਣ ਜ਼ਿਲ੍ਹਾ ਨਵਾਂਸ਼ਹਿਰ) ਵਿਖੇ 5 ਨਵੰਬਰ 1902 ਨੂੰ ਪਿਤਾ ਰੱਲਾ ਸਿੰਘ ਤੇ ਮਾਤਾ ਨੰਦ ਕੌਰ ਦੇ ਘਰ ਹੋਇਆ ਜੋ ਪਿੰਡ ਸਾਧਪੁਰ ਤੋਂ ਸੀ (ਇਕ ਹੋਰ ਸਰੋਤ ਮੁਤਾਬਕ ਜਨਮ ਮਿਤੀ 5 ਨਵੰਬਰ 1904 ਹੈ)। ਇਨ੍ਹਾਂ ਦੇ ਪੁਰਖੇ



*ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਦਾ ਖੰਡਰ ਹੋਇਆ ਪੈਦਾਇਸ਼ੀ ਘਰ ਦੇਖਦਾ ਹੋਇਆ ਰਣਜੀਤ ਸਿੰਘ ਔਲਖ, ਮੈਂਬਰ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।*

ਨਵਾਂਸ਼ਹਿਰ, ਬਲਾਚੌਰ ਵਿਚਕਾਰ ਪੈਂਦੇ ਪਿੰਡ ਭੂਤਾਂ ਤੋਂ ਉੱਠ ਕੇ ਗੋਬਿੰਦਪੁਰ ਆਣ ਵਸੇ ਸਨ। ਗੋਬਿੰਦਪੁਰ ਤਹਿਸੀਲ ਨਵਾਂ ਸ਼ਹਿਰ ਹਦਬਸਤ 38, ਰਕਬਾ 515 ਹੈਕਟੇਅਰ, ਆਬਾਦੀ 2066 ਡਾਕਘਰ ਗੋਬਿੰਦਪੁਰ, ਬੰਗਾ ਤੋਂ ਕੋਟ ਫਤੂਹੀ ਸੜਕ ਉਪਰ 5 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਪਿੰਡ ਦਾ ਪਹਿਲਾ ਨਾਂਅ ਸਲੇਮਪੁਰ ਸੀ ਅਤੇ ਇਸਲਾਮ ਦੇ ਪ੍ਰਭਾਵ ਹੇਠ ਸੀ। ਪਰ ਇਹ ਨਿਰੋਲ ਬ੍ਰਾਹਮਣਾਂ ਦਾ ਪਿੰਡ ਸੀ। ਇਥੇ ਬਾਹਰੋਂ ਆਏ ਕੰਮਕਾਜੀ ਲੋਕ ਜਿਨ੍ਹਾਂ ਵਿਚ ਨਨੂੰਆਂ ਗੋਤ ਵਾਲੇ ਚਮਕੌਰ ਸਾਹਿਬ ਤੋਂ ਆਏ ਸਨ। ਇਨ੍ਹਾਂ ਤੋਂ ਇਲਾਵਾ ਗਿੱਲ, ਰੱਕੜ, ਸੰਧੂ ਆਦਿ ਗੋਤ ਦੇ ਪ੍ਰੀਵਾਰ ਆ ਕੇ ਵਸੇ।

## ਪਿਛੋਕੜ

ਇਥੋਂ ਦੇ ਗੁਰਚੈਨ ਸਿੰਘ ਦੀ ਜਾਣਕਾਰੀ ਅਨੁਸਾਰ ਇਹ ਪ੍ਰਚਲਤ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਇਸ ਪਿੰਡ ਪਧਾਰੇ ਤਾਂ ਬ੍ਰਾਹਮਣਾਂ ਨੇ ਉਨ੍ਹਾਂ ਦੀ ਪੁੱਛ-ਗਿੱਛ ਨਾ ਕੀਤੀ। ਪਰ ਬਾਹਰੋਂ ਆ ਕੇ ਵਸੇ ਲੋਕਾਂ ਨੇ ਉਨ੍ਹਾਂ ਦੀ ਸੇਵਾ ਕੀਤੀ। ਜਹਾਂਗੀਰ ਦਿੱਲੀ ਦੇ ਤਖ਼ਤ ਉਪਰ ਕਾਬਜ ਸੀ। ਸੇਵਾ ਤੋਂ ਖ਼ੁਸ਼ ਹੋ ਕੇ ਗੁਰੂ ਸਾਹਿਬਾਂ ਨੇ ਉਨ੍ਹਾਂ ਨੂੰ ਕਿਹਾ ਉਹ ਜੋ ਵਰ ਮੰਗਣਾ ਚਾਹੁੰਦੇ ਮੰਗਣ। ਪਰ ਇਨਕਾਰ ਕਰਨ ਤੇ ਵੀ ਗੁਰੂ ਜੀ ਨਾ ਹਟੇ ਤਾਂ ਸੇਵਕਾਂ ਵਿਚ ਇਕ ਬਾਏ-ਬਾਦੀ ਰੋਗ ਤੋਂ ਪੀੜਤ ਜੋ ਤੁਰਨ ਫਿਰਨ ਤੋਂ ਆਰੀ ਸੀ। ਉਸਨੇ ਗੁਰੂ ਸਾਹਿਬ ਅੱਗੇ ਫਰਿਆਦ ਕੀਤੀ, ਗੁਰੂ ਜੀ ਮੈਨੂੰ ਤੰਦਰੁਸਤੀ ਬਖਸ਼ੋ! ਗੁਰੂ ਜੀ ਨੇ ਪੱਠਿਆਂ ਵਾਲੀ ਦਾਤੀ ਮੰਗਵਾ ਕੇ ਰੋਗੀ ਦੇ ਸਰੀਰ ਨੂੰ ਛੁਆਈ ਤਾਂ ਉਹ ਆਪਣੇ ਆਪ ਨੂੰ ਠੀਕ ਮਹਿਸੂਸ ਕਰਨ ਲੱਗਾ। ਗੁਰੂ ਜੀ ਨੇ ਉਸ ਨੂੰ ਕਿਹਾ ਕਿ 'ਤੁਹਾਡੀ ਜਿਹੜੀ ਔਲਾਦ ਹੋਵੇਗੀ ਜਾਂ ਤੁਸੀਂ ਇਸ ਕਿਸਮ ਦਾ ਜਿਹੜਾ ਵੀ ਰੋਗੀ ਹੋਵੇਗਾ ਉਸਦੀ ਸੇਵਾ ਵੀ ਮੇਰੇ ਵਾਂਗ ਦਾਤੀ ਛੁਆ ਕੇ ਕਰਨੀ। ਇਸ ਸੇਵਾ ਨੂੰ ਵੇਚਣਾ ਨਹੀਂ। ਦੁਖੀ ਤੰਦਰੁਸਤ ਹੋਵੇਗਾ।' ਗੁਰੂ ਜੀ ਦੀ ਪਾਈ ਪਿਰਤ ਉਦੋਂ ਤੋਂ ਹੁਣ ਤੱਕ ਜਾਰੀ ਹੈ। ਗੁਰੂ ਜੀ ਦੇ ਸਥਾਨ ਉਪਰ ਅਲੀਸ਼ਾਨ ਗੁਰਦੁਆਰਾ ਸਥਾਪਤ ਹੈ, ਜਿਥੇ ਆਏ-ਗਏ ਦੇ



*ਤਾਰਾ ਸਿੰਘ ਪੱਤੀ ਦਾ ਮੁੱਖ ਦੁਆਰ*

ਰਹਿਣ ਅਤੇ ਖਾਣ-ਪੀਣ ਦਾ ਪ੍ਰਬੰਧ ਹੈ। ਉਨ੍ਹਾਂ ਸੇਵਕਾਂ ਜਿਹੜੇ ਨੰਨੂਆਂ ਪ੍ਰੀਵਾਰ ਵਿਚੋਂ ਸਨ, ਦੀ ਯਾਦ 'ਚ ਵੀ ਇਕ ਗੁਰਦੁਆਰਾ ਸਥਾਪਤ ਹੈ। 6ਵੀਂ ਪਾਤਸ਼ਾਹੀ ਦੇ ਭਰਮਣ ਤੋਂ ਬਾਅਦ ਪਿੰਡ ਦਾ ਨਾਂ ਸਲੇਮਪੁਰ ਤੋਂ ਗੋਬਿੰਦਪੁਰ ਰੱਖਿਆ ਗਿਆ। ਗੁਰੂ ਜੀ ਤੋਂ ਮਨਮੁਖ ਹੋਏ ਬ੍ਰਾਹਮਣ ਹੌਲੀ-ਹੌਲੀ ਹਿਜਰਤ ਕਰ ਗਏ ਸਨ। ਜਿਹੜੇ ਲੋਕੀ ਬਾਹਰੋਂ ਆ ਕੇ ਇਥੇ ਵਸ ਗਏ ਉਨ੍ਹਾਂ ਵਿਚ ਰਕੜ, ਨਲੂਏ, ਪਾਬਲਾ, ਕਲੇਰ ਜੱਟ, ਮਾਨ, ਢੇਸੀ, ਕੂਨਰ, ਕਾਹਲੋਂ ਗੋਤ ਵਾਲੇ ਸਨ ਜਿਨ੍ਹਾਂ ਦੇ ਪ੍ਰੀਵਾਰ ਵੱਡੀ ਗਿਣਤੀ ਵਿਚ ਹੁਣ ਵਸਦੇ ਹਨ। ਗੁਰੂ ਹਰਗੋਬਿੰਦ ਸਾਹਿਬ ਤੋਂ ਪਹਿਲਾਂ ਦੀ ਹੋਂਦ ਦਾ ਸਬੂਤ ਇਥੋਂ ਦਾ ਪੁਰਾਤਨ ਮੰਦਰ ਹੈ ਜਿਸ ਦੀ ਬੁਨਿਆਦ ਮੁੱਢ ਕਦੀਮ ਸਮੇਂ ਬ੍ਰਾਹਮਣਾਂ ਨੇ ਰੱਖੀ ਸੀ। ਬ੍ਰਾਹਮਣਾਂ ਦੇ ਜਾਣ ਤੋਂ ਬਾਅਦ ਪਿੰਡ ਦੇ ਸਿਆਣਿਆਂ ਨੇ ਆਪਣੀਆਂ ਰਸਮਾਂ ਨਿਭਾਉਣ ਲਈ ਬਿੰਜੋ ਪਿੰਡ ਦਾ ਇਕ ਬ੍ਰਾਹਮਣ ਲਿਆਂਦਾ, ਜਿਸਦਾ ਨਾਂ ਸਾਹਲੋਂ ਉਰਫ਼ ਸਾਲਗ ਰਾਮ ਜੋ ਮਦਨ ਲਾਲ ਦਾ ਪੁੱਤਰ ਸੀ। ਪਿੰਡ ਦੀਆਂ ਚਾਰ ਪੱਤੀਆਂ: ਤਾਰਾ ਸਿੰਘ ਪੱਤੀ, ਸਾਉਣ ਪੱਤੀ, ਨਿਹਾਲਾ ਪੱਤੀ ਅਤੇ ਸੈਣੀ ਪੱਤੀ। ਮਾਸਟਰ ਕਾਬਲ ਸਿੰਘ, ਤਾਰਾ ਸਿੰਘ ਪੱਤੀ ਵਿਚੋਂ ਸਨ। ਇਸ ਪੱਤੀ ਦਾ ਮੁੱਖ ਦੁਆਰ ਅੱਜ ਵੀ ਖੰਡਰ ਵਜੋਂ ਸੰਭਾਲਿਆ ਹੋਇਆ ਹੈ। ਜ਼ਾਹਿਰ ਹੈ ਕਿ ਕਾਬਲ ਸਿੰਘ ਦੇ ਪ੍ਰਵਾਰ ਦਾ ਮੋਢੀ ਤਾਰਾ ਸਿੰਘ ਸੀ।[1]

ਸਿੱਖ ਰਾਜ ਸਮੇਂ ਇਸ ਪਿੰਡ ਦੀ ਬੜੀ ਆਬ੍ਰਾ ਸੀ। ਕੁਝ ਖੰਡਰ ਨੁਮਾ ਖੋਲ਼ੇ ਤੇ ਡਾਟਾਂ ਤੋਂ ਪਤਾ ਲਗਦਾ ਹੈ ਕਿ ਪਿੰਡ ਦੀ ਆਪਣੀ ਨੁਹਾਰ ਸੀ। ਇਥੇ ਦਸਤਕਾਰ, ਸਿਲਪੀ, ਘੁਮਿਆਰ, ਝਿਊਰ ਪਾਂਡੇ, ਬਾਵੇ ਅਤੇ ਆਧਰਮੀ ਆਦਿ ਬਿਰਾਦਰੀਆਂ ਦੇ ਲੋਕ ਆਪਣੇ-ਆਪਣੇ ਕਿੱਤਿਆਂ ਵਿਚ ਲੱਗੇ ਹੋਏ ਸੰਤੁਸ਼ਟ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਦੋ ਐਵੇਂ ਦੇ ਨਾਂ ਜ਼ਮੀਨ ਲੱਗੀ। ਇਕ ਪੁਰਾਤਨ ਮੰਦਰ ਦੇ ਨਾਂ, ਜਿਸਦੇ ਅਗੋਂ ਜਾ ਕੇ ਬਿੰਜੋ ਤੋਂ ਆਇਆ ਬਾਵਾ ਪ੍ਰੀਵਾਰ ਮਾਲਕ ਬਣ ਗਿਆ ਸੀ। ਦੂਜਾ ਛੇਵੀਂ ਪਾਤਸ਼ਾਹੀ ਗੁਰਦੁਆਰੇ ਦੇ ਨਾਂ ਜ਼ਮੀਨ ਲੱਗੀ। ਮੰਦਰ ਤੇ ਅੱਜ ਤੱਕ ਮੁੱਢ-ਕਦੀਮ ਤੋਂ ਮਨਾਇਆ ਜਾਂਦਾ ਸ਼ਿਵਰਾਤਰੀ ਦਾ ਮੇਲਾ ਹਰ ਸਾਲ ਕਰਵਾਇਆ ਜਾਂਦਾ ਹੈ। ਇਹ ਮੇਲਾ ਸਾਰਾ ਪਿੰਡ ਰਲ ਕੇ ਮਨਾਉਂਦਾ ਹੈ। ਸਿੱਖ ਸਾਧੂਆਂ ਦਾ ਡੇਰਾ ਜਿਸ ਦੇ ਨਾਂ ਜ਼ਮੀਨ ਲਗੀ ਸੀ। ਉਸ ਸਥਾਨ 'ਤੇ ਵੀ ਸਮਾਗਮ ਸਾਰੇ ਪਿੰਡ ਵਾਸੀਆਂ ਵਲੋਂ ਰਲ ਕੇ ਮਨਾਇਆ ਜਾਂਦਾ ਹੈ। ਪਿੰਡ ਦੇ ਬੱਝਣ ਸਮੇਂ ਦਾ ਪਿੰਡ ਵਿਚਕਾਰਲਾ ਖੂਹ ਜਿਉਂ ਦਾ ਤਿਉਂ ਅਡੋਲ ਪਿੰਡ ਦੇ ਇਤਿਹਾਸ ਦੀ ਗਵਾਹੀ ਭਰਦਾ ਹੈ। ਸਿੱਖ ਰਾਜ ਸਮੇਂ ਪਿੰਡ ਵਿਚ ਮਹਾਜਨ, ਪੰਡਤ, ਤਰਖਾਣ, ਘੁਮਿਆਰ, ਰਾਜੇ, ਸਿੱਖ, ਦਰਜੀ, ਤੇਲੀ ਤੇ ਆਧਰਮੀ ਆਦਿ ਭਾਈਚਾਰਿਆਂ ਦੇ ਪਰਿਵਾਰ ਘੁੱਗ ਵਸਦੇ ਸਨ।

ਇਸ ਪਿੰਡ ਦੀ ਹੋਂਦ ਉਦੋਂ ਚਰਚਾ 'ਚ ਆਈ ਜਦੋਂ ਗੁਰਦੁਆਰਾ ਲਹਿਰ ਸਮੇਂ ਇਥੋਂ ਦੇ ਜੰਮਪਲ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਨੂੰ 30 ਬੈਂਤਾਂ ਮਾਰੀਆਂ ਗਈਆਂ ਸਨ ਤਾਂ ਤਹਿਲਕਾ ਮਚ ਗਿਆ ਸੀ। ਹੋਰ ਵੀ ਇਥੋਂ ਦੇ ਅੰਗਰੇਜ਼ ਹਕੂਮਤ ਦੇ ਵਿਰੁੱਧ

ਮੈਦਾਨ ਵਿਚ ਨਿਤਰ ਪਏ ਸਨ। ਇਨ੍ਹਾਂ ਵਿਚੋਂ ਸ. ਹਰੀ ਸਿੰਘ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਗਏ ਤਾਂ ਉਸਨੂੰ ਗ੍ਰਿਫਤਾਰ ਕਰਕੇ ਮੁਲਤਾਨ ਜੇਲ੍ਹ ਵਿਚ ਕੈਦ ਕੀਤਾ ਗਿਆ ਸੀ। ਕੈਦ ਦੇ ਦੌਰਾਨ ਉਨ੍ਹਾਂ ਦੀ ਪਤਨੀ ਦਾ ਦਿਹਾਂਤ ਹੋ ਗਿਆ ਸੀ। ਪਰ ਪਤਨੀ ਦੇ ਅੰਤਮ ਦਰਸ਼ਨ ਕਰਨ ਲਈ ਉਸ ਨੂੰ ਛੁੱਟੀ ਨਹੀਂ ਸੀ ਮਿਲੀ ਇਹ ਗ਼ਮ ਉਸਨੇ ਅੰਦਰੋ ਅੰਦਰ ਪੀ ਲਿਆ ਸੀ। ਉਦੋਂ ਦੇਸ਼ ਭਗਤੀ ਦਾ ਜਜਬਾ ਅਜਿਹਾ ਹੀ ਸੀ।

ਇਥੋਂ ਦੇ ਗੁਰਚੈਨ ਸਿੰਘ ਦੀ ਜਾਣਕਾਰੀ ਅਨੁਸਾਰ ਰਾਮਗੜ੍ਹੀਆ ਬਿਰਾਦਰੀ ਦੇ ਮਿਸਤਰੀ ਕਰਮ ਸਿੰਘ ਜੈਤੋ ਦੇ ਮੋਰਚੇ ਵਿਚ ਸ਼ਾਮਲ ਹੋ ਕੇ ਕੈਦ ਦੀ ਸਜ਼ਾ ਕਟ ਕੇ ਆਏ ਸਨ। ਬਾਬੂ ਲਾਭ ਸਿੰਘ ਦੇ ਜਥੇ ਵਿਚ ਭਾਈ ਨੰਦ ਸਿੰਘ ਅਤੇ ਉਸਦਾ ਸਪੁੱਤਰ ਧੰਨਾ ਸਿੰਘ ਇਕੱਠੇ ਗਏ ਸਨ। ਛੀਂਬਾ ਬਿਰਾਦਰੀ ਵਿਚੋਂ ਜਥੇਦਾਰ ਰਤਨ ਸਿੰਘ ਅਤੇ ਜਥੇਦਾਰ ਮਹਾਂ ਸਿੰਘ ਪਾਬਲਾ ਜੈਤੋ ਮੋਰਚੇ ਵਿਚ ਸ਼ਾਮਲ ਹੋਏ ਸਨ। ਗੁਰਦੁਆਰਾ ਸੁਧਾਰ ਲਹਿਰ ਸਮੇਂ ਹੀ ਭਾਈ ਸੋਹਣ ਸਿੰਘ ਮੁਲਤਾਨ ਜੇਲ੍ਹ ਵਿਚ ਕੈਦ ਰਹੇ ਸਨ। ਇਥੋਂ ਦੇ ਸ. ਨਰੰਜਨ ਸਿੰਘ ਆਜ਼ਾਦ ਹਿੰਦ ਫੌਜ ਵਿਚ ਸ਼ਾਮਲ ਸਨ। ਦੂਜੇ ਯੁੱਧ ਸਮੇਂ ਬਹੁਤ ਸਮਾਂ ਪਿੱਛੋਂ ਉਸ ਦੀ ਕੋਈ ਜਾਣਕਾਰੀ ਨਾ ਮਿਲੀ ਤਾਂ ਉਸ ਨੂੰ ਮਰਿਆ ਸਮਝ ਕੇ ਉਸ ਦੀ ਪਤਨੀ ਨੂੰ ਦੂਜੇ ਥਾਂ ਬਿਠਾਉਣ ਦੀ ਕੋਸ਼ਿਸ਼ ਕੀਤੀ ਜਾਣ ਲੱਗੀ ਪਰ ਉਸ ਔਰਤ ਨੇ ਭਾਣਾ ਮੰਨ ਕੇ ਹੋਰ ਕਿਤੇ ਬੈਠਣੋਂ ਇਨਕਾਰ ਕਰ ਦਿੱਤਾ ਸੀ। ਛੇਤੀਂ ਬਾਅਦ ਨਰੰਜਣ ਸਿੰਘ ਦੀ ਘਰਦਿਆਂ ਨੂੰ ਚਿੱਠੀ ਪ੍ਰਾਪਤ ਹੋਈ ਤਾਂ ਉਸਦੇ ਜਿਉਂਦੇ ਹੋਣ ਦਾ ਪਤਾ ਲੱਗਾ। ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਅਤੇ ਉਕਤ ਸਖ਼ਸ਼ੀਅਤਾਂ ਨੇ ਆਜ਼ਾਦੀ ਸੰਗਰਾਮ ਵਿਚ ਹਿੱਸਾ ਪਾ ਕੇ ਪਿੰਡ ਨੂੰ ਮਾਣ ਬਖਸ਼ਿਆ। 'ਕਾਲੀ ਰਾਏ' ਗੋਤ ਵਾਲੇ ਪ੍ਰੀਵਾਰ ਦੇ ਆਉਣ ਦੇ ਕਾਰਨਾਂ ਬਾਰੇ ਕੋਈ ਹੋਰ ਜਾਣਕਾਰੀ ਕਿਸੇ ਨੂੰ ਵੀ ਨਹੀਂ ਹੈ। ਇਹ ਉਹ ਸਮਾਂ ਸੀ ਜਦੋਂ ਦੁਆਬੇ ਦੇ ਲੋਕੀਂ ਬਹੁਤੇ ਸੁਲਤਾਨੀਏ ਕਹਾਉਂਦੇ ਸਨ ਭਾਵ ਉਨ੍ਹਾਂ ਉਪਰ ਇਸਲਾਮ ਦਾ ਪ੍ਰਭਾਵ ਸੀ। ਸਿਰੋਂ ਰੋਡੇ ਉਹ ਤੰਬਾਕੂ ਪੀਣ ਲਈ ਹੁੱਕਿਆਂ ਦਾ ਇਸਤੇਮਾਲ ਕਰਦੇ ਸਨ।

ਕਾਬਲ ਸਿੰਘ ਅਜੇ ਡੇਢ ਸਾਲ ਦੇ ਸਨ ਕਿ ਉਸਦੇ ਪਿਤਾ ਦਾ ਦਿਹਾਂਤ ਹੋ ਗਿਆ। ਉਹ ਮਾਪਿਆਂ ਦੀ ਆਖਰੀ ਤੇ ਪੰਜਵੀਂ ਸੰਤਾਨ ਸਨ। ਪੰਜਾਬੀਆਂ ਲਈ ਇਹ ਸਮਾਂ ਮਾਲੀ ਸੰਕਟਾਂ, ਬੀਮਾਰੀਆਂ, ਮਹਾਂਮਾਰੀਆਂ ਅਤੇ ਤੰਗੀਆਂ ਤੁਰਸ਼ੀਆਂ ਦਾ ਸੀ। ਇਕ ਪ੍ਰੀਵਾਰ ਦੇ ਮੁਖੀਏ ਦੀ ਮੌਤ ਨਾਲ ਪਰਿਵਾਰ ਦੀਆਂ ਮੁਸ਼ਕਲਾਂ ਨੂੰ ਉਹੀ ਸਮਝ ਸਕਦਾ ਜਿਸ ਨਾਲ ਇਹ ਵਾਪਰਿਆ ਹੋਵੇ। ਅੰਗਰੇਜ਼ੀ ਸਰਕਾਰ ਦੀਆਂ ਬਸਤੀਵਾਦੀ ਨੀਤੀਆਂ ਦੇ ਕਾਰਨ ਕਾਲ-ਮਹਾਂਮਾਰੀਆਂ ਨਾਲ ਮੌਤਾਂ ਨੇ ਪਿੰਡਾਂ ਵਿਚ ਘਰਾਂ ਦੇ ਘਰ ਖਾਲੀ ਕਰ ਦਿੱਤੇ ਸਨ। ਮਾਰਚ 1902 ਵਿਚ ਲਾਰਡ ਕਰਜਨ ਦੇ ਕਾਲ ਸਮੇਂ ਪੰਜਾਬ ਵਿਚ ਬੜੀ ਭਿਆਨਕ ਪਲੇਗ ਪਈ। ਸ਼ਹਿਰਾਂ ਵਿਚ ਰੋਜ਼ਾਨਾ ਕਈ ਸੈਂਕੜੇ ਆਦਮੀ ਮੌਤ ਦੇ ਮੂੰਹ ਵਿਚ ਪੈਂਦੇ। ਲੋਕੀਂ ਘਰ ਛੱਡ ਕੇ ਬਾਹਰ ਗਏ ਸਨ। ਸਹਿਮ ਏਨਾ ਕਿ ਮੁਰਦਿਆਂ ਦੀਆਂ ਲਾਸ਼ਾਂ ਦੀ ਕਿਸੇ ਨੂੰ ਪ੍ਰਵਾਹ ਨਹੀਂ ਸੀ। ਬੀਮਾਰ ਪਏ ਆਦਮੀਆਂ ਨੂੰ ਕੋਈ ਪਾਣੀ ਪੁੱਛਣ ਵਾਲਾ ਨਹੀਂ ਹੁੰਦਾ ਸੀ। 1902

ਤੋਂ 1905 ਤੱਕ ਪਲੇਗ ਚਾਰ ਸਾਲ ਲਗਾਤਾਰ ਪੈਂਦੀ ਰਹੀ। 1902 ਵਿਚ ਪਈ ਪਲੇਗ ਵਾਲਾ ਹਮਲਾ ਬਹੁਤ ਸਖ਼ਤ ਸੀ ਜਿਸ ਨਾਲ ਕਈ ਪੂਰੇ ਖਾਨਦਾਨ ਦੁਨੀਆਂ ਤੋਂ ਮਿਟ ਗਏ। ਇਨ੍ਹਾਂ ਮਹਾਂਮਾਰੀਆਂ ਤੇ ਪਲੇਗ ਦੇ ਪ੍ਰਕੋਪ ਨੇ ਹਿੰਦੀਆਂ ਨੂੰ ਵਿਦੇਸ਼ਾਂ ਵਲ ਜਾਣ ਲਈ ਮਜ਼ਬੂਰ ਕੀਤਾ ਸੀ।[2] ਪੰਜਾਬ ਦੇ ਇਨ੍ਹਾਂ ਸੰਕਟ ਭਰੇ ਹਾਲਾਤਾਂ ਨੇ 'ਪਗੜੀ ਸੰਭਾਲ ਜੱਟਾ' ਲਹਿਰ ਨੂੰ ਜਨਮ ਦਿੱਤਾ ਸੀ।

ਪਿਤਾ ਦੀ ਮੌਤ ਤੋਂ ਪਿੱਛੋਂ ਪਰਵਾਰ ਦੀ ਤਰਸਯੋਗ ਹਾਲਤ ਤੋਂ ਨਿਯਾਤ ਪਾਉਣ ਲਈ ਪਰਵਾਰ ਨੇ ਵੀ ਦੂਜਿਆਂ ਲੋਕਾਂ ਵਾਂਗ ਕਾਬਲ ਸਿੰਘ ਦੇ ਵੱਡੇ ਭਰਾ ਲਾਭ ਸਿੰਘ ਨੂੰ ਕਨੇਡਾ ਭੇਜ ਦਿੱਤਾ। ਲਾਭ ਸਿੰਘ ਨੇ ਕਨੇਡਾ ਵਿਚ ਸਖ਼ਤ ਮਿਹਨਤ ਕਰਕੇ ਘਰ ਦੀ ਆਰਥਿਕ ਹਾਲਤ ਨੂੰ ਸੁਧਾਰ ਤਾਂ ਲਿਆ ਪਰ ਛੋਟੇ ਕਾਬਲ ਸਿੰਘ ਨੂੰ ਲਾਡ-ਪਿਆਰ ਨੇ ਬਗਾੜ ਦਿੱਤਾ। ਉਸ ਦੀਆਂ ਆਦਤਾਂ ਬਾਕੀ ਬੱਚਿਆਂ ਤੋਂ ਭਿੰਨ ਅੜੀਅਲ, ਬਾਗੀਆਨਾ ਤੇ ਮਨਮਰਜ਼ੀ ਕਰਨ ਵਾਲੀਆਂ ਹੋ ਗਈਆਂ। ਉਸ ਨੂੰ ਹਿਊ ਦੇ ਸਕੂਲ ਵਿਚ ਪੜ੍ਹਨੇ ਪਾਇਆ ਗਿਆ। ਪ੍ਰਾਇਮਰੀ ਤੱਕ ਦੀ ਵਿਦਿਆ ਇਥੋਂ ਪ੍ਰਾਪਤ ਕੀਤੀ ਅਤੇ ਹੁਸ਼ਿਆਰ ਹੋਣ ਕਰਕੇ ਉਸਨੇ ਵਜ਼ੀਫਾ ਪ੍ਰਾਪਤ ਕੀਤਾ ਸੀ। ਮਿਡਲ ਦੀ ਪੜ੍ਹਾਈ ਲਈ ਉਸਨੂੰ ਬੰਗਾ ਦੇ ਮਿਡਲ ਸਕੂਲ ਵਿਚ ਦਾਖਲ ਕਰਾਇਆ ਗਿਆ। ਮਿਡਲ ਪਾਸ ਕਰਕੇ ਉਹ ਜਲੰਧਰ ਦੇ ਦੁਆਬਾ ਖਾਲਸਾ ਹਾਈ ਸਕੂਲ ਵਿਚ ਦਾਖਲ ਹੋਇਆ। ਇਸ ਸਕੂਲ ਦੇ ਨਿਯਮਾਂ ਦਾ ਬੰਧਨ ਉਸਨੂੰ ਬਰਦਾਸ਼ਤ ਨਹੀਂ ਸੀ। ਭਾਵੇਂ ਖਾਲਸਾ ਸਕੂਲ ਸਿੱਖ ਮਰਯਾਦਾ ਦੇ ਧਾਰਨੀ ਸਨ ਪਰ ਕਾਬਲ ਸਿੰਘ ਦੇ ਇਹ ਮਾਫਕ ਨਹੀਂ ਸੀ ਕਿ ਖਾਲਸਾ ਸਕੂਲਾਂ ਵਿਚ ਅੰਗਰੇਜ਼ੀ ਸ਼ਾਸਨ ਦੇ ਸਿਸਟਮ ਦੀ ਝਲਕ ਨਜ਼ਰ ਆਏ। ਭਾਵੇਂ ਇਸ ਸਕੂਲ ਦੀ ਸਥਾਪਨਾ ਲਈ ਪ੍ਰਵਾਸੀ ਪੰਜਾਬੀਆਂ ਖਾਸ ਕਰਕੇ ਜਿਹੜੇ ਅਮਰੀਕਾ ਕਨੇਡਾ ਵਿਚ ਸਨ ਦੀ ਵਿਸ਼ੇਸ਼ ਭੂਮਿਕਾ ਸੀ ਪਰ ਸਕੂਲ ਨੂੰ ਚਲਾਉਣ ਲਈ ਸਰਕਾਰੀ ਰਿਆਇਤਾਂ ਪ੍ਰਾਪਤ ਕਰਨੀਆਂ ਸਥਾਨਕ ਕਮੇਟੀਆਂ ਦੀ ਮਜਬੂਰੀ ਵੀ ਸੀ ਭਾਵੇਂ ਪ੍ਰਵਾਸੀਆਂ ਦਾ ਇਹ ਉੱਦਮ ਅੰਗਰੇਜ਼ੀ ਰਾਜ ਦੇ ਵਿਰੁੱਧ ਸੀ। ਇਸ ਸਕੂਲ ਦੀ ਸਥਾਪਨਾ 1914 ਵਿਚ ਕੀਤੀ ਗਈ ਅਤੇ ਅਮਰੀਕਾ ਵਿਚਲੇ ਪ੍ਰਵਾਸੀਆਂ ਦੀ ਮਾਲੀ ਸਹਾਇਤਾ ਨਾਲ ਦੂਰ-ਦੂਰ ਦੇ ਪਿੰਡਾਂ ਦੇ ਬੱਚਿਆਂ ਦੇ ਰਹਿਣ ਲਈ ਬੋਰਡਿੰਗ ਦਾ ਪ੍ਰਬੰਧ ਉਚੇਚੇ ਤੌਰ 'ਤੇ ਕੀਤਾ ਗਿਆ ਸੀ।[3]

ਕਾਬਲ ਸਿੰਘ ਖੁੱਦ ਦਾ ਮੰਨਣਾ ਹੈ ਕਿ ਉਸਦੇ ਉੱਪਰ ਦੇਸ਼ ਭਗਤੀ ਦਾ ਅਸਰ 1914-15 ਵਾਲੀ ਗ਼ਦਰ ਲਹਿਰ ਅਤੇ ਇਸ ਦੇ ਮਹਾਂ ਨਾਇਕ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਸਦੇ ਨਾਲ ਫਾਂਸੀ ਲਾਏ ਗਏ ਗ਼ਦਰੀ ਸਾਥੀਆਂ* ਦਾ ਸੀ। ਇਸ ਤੋਂ ਪਹਿਲਾਂ 1857 ਦਾ ਗ਼ਦਰ ਅਤੇ ਵਿਦੇਸ਼ੀ ਇਨਕਲਾਬੀ ਜਿਹੜੇ ਆਪਣੇ ਦੇਸ਼ ਲਈ ਕੁਰਬਾਨ ਹੋ ਗਏ ਖਾਸ ਕਰਕੇ ਜ਼ਾਨ ਆਫ਼ ਆਰਕ ਦੀ ਜੀਵਨੀ ਪੜ੍ਹਨ ਨਾਲ ਤਾਂ ਉਹ ਤਿਲਮਿਲਾ ਉੱਠੇ ਸਨ ਤੇ ਉਨ੍ਹਾਂ ਨੂੰ ਮਰਨ ਮਿੱਟੀ ਚੜ੍ਹ ਗਈ ਸੀ। ਪੜ੍ਹਨ

ਦੇ ਸ਼ੌਕੀਨ ਉਹ ਚੰਗੀਆਂ ਪੁਸਤਕਾਂ ਹੱਥ ਲੱਗਣ ਸਾਰ ਮੁਕਾ ਕੇ ਸਾਹ ਲੈਂਦੇ। ਖਾਲਸਾ ਸਕੂਲ ਲਾਡੋਵਾਲੀ ਦੀ ਸਿੱਖ ਰਹਿਤ ਮਰਿਆਦਾ ਦੀ ਪਾਬੰਦੀ ਤੇ ਅੰਗਰੇਜ਼ੀ ਹਕੂਮਤ ਦੀਆਂ ਸ਼ਰਤਾਂ ਦਾ ਅਸੁਮੇਲ ਕਾਬਲ ਸਿੰਘ ਨੂੰ ਮਨਜ਼ੂਰ ਨਹੀਂ ਸੀ। ਉਸ ਸਮੇਂ ਸਕੂਲ ਭਾਵੇਂ ਮਿਸ਼ਨਰੀ ਸਨ ਜਾਂ ਸਰਕਾਰੀ, ਉਨ੍ਹਾਂ ਵਿਚ ਪ੍ਰਾਥਨਾਵਾਂ ਕਰਨ ਸਮੇਂ ਅੰਗਰੇਜ਼ ਸ਼ਹਿਨਸ਼ਾਹ ਦੀ ਸਲਾਮਤੀ ਦੀਆਂ ਦੁਆਵਾਂ ਕੀਤੀਆਂ ਜਾਂਦੀਆਂ, ਜਿਨ੍ਹਾਂ ਤੋਂ ਕਾਬਲ ਸਿੰਘ ਨੂੰ ਸਖ਼ਤ ਨਫ਼ਰਤ ਸੀ। ਇਥੋਂ ਦੀ ਹੀ ਇਕ ਹੋਰ ਅਜਿਹੀ ਘਟਨਾ ਹੋਰ ਵੀ ਹੈ ਜਿਸਨੂੰ ਬਬਰ ਮਿਲਖਾ ਸਿੰਘ ਨਿੱਝਰ ਨੇ ਆਪਣੀ ਪੁਸਤਕ 'ਬਬਰ ਅਕਾਲੀ ਲਹਿਰ ਦਾ ਇਤਿਹਾਸ' ਵਿਚ ਵਰਨਣ ਕੀਤੀ ਹੋਈ ਹੈ।[4] ਕਾਬਲ ਸਿੰਘ ਨੇ ਪੜ੍ਹਾਈ ਵਿਚੋਂ ਛੱਡ ਕੇ ਜੇ.ਵੀ. ਦੀ ਟ੍ਰੇਨਿੰਗ ਲੈ ਕੇ ਅਧਿਆਪਨ ਦਾ ਕੰਮ ਸ਼ੁਰੂ ਕਰਨ ਲਈ ਆਪਣੇ ਪਿੰਡ ਤੋਂ ਥੋੜੀ ਦੂਰ ਪਿੰਡ ਬੱਡੋਂ ਦੇ ਖ਼ਾਲਸਾ ਹਾਈ ਸਕੂਲ ਵਿਚ ਮਾਸਟਰ ਲੱਗ ਗਏ।*

ਇਹ ਸਕੂਲ ਸ਼ੁਰੂ 'ਚ ਪ੍ਰਾਇਮਰੀ ਤੱਕ ਸੀ, ਜਿਸਦੀ ਵਿਦਿਆ ਦੇ ਖੇਤਰ ਵਿਚ ਬੜੀ ਮਹੱਤਵਪੂਰਨ ਭੂਮਿਕਾ ਹੈ। ਪਿੰਡ ਬੱਡੋਂ ਦੇ ਸ. ਕੁੰਦਨ ਸਿੰਘ ਦੀ ਕੋਸ਼ਿਸ਼ ਨਾਲ ਛੇਤੀ ਹੀ ਇਹ ਹਾਈ ਸਕੂਲ ਬਣ ਗਿਆ ਸੀ। ਮਾਸਟਰ ਹਰੀ ਸਿੰਘ ਧੂਤ ਜਿਹੇ ਪਰਬੁੱਧ ਅਧਿਆਪਕ ਨੇ ਵੀ ਇਥੋਂ ਅਧਿਆਪਨ ਦਾ ਕਾਰਜ ਸ਼ੁਰੂ ਕੀਤਾ ਸੀ।

ਛੋਟੀ ਉਮਰੇ ਮਾਸਟਰ ਲੱਗ ਜਾਣ ਨਾਲ ਸਾਰੇ ਕਾਬਲ ਸਿੰਘ ਨੂੰ ਮਾਸਟਰ ਕਹਿ ਕੇ ਬੁਲਾਉਣ ਲੱਗ ਪਏ ਸਨ। 'ਮਾਸਟਰ' ਸ਼ਬਦ ਉਨ੍ਹਾਂ ਦਿਨਾਂ ਵਿਚ ਬਹੁਤ ਸਤਿਕਾਰਤ ਸੀ। ਮਾਸਟਰ ਸਮਰਪਤ ਹੁੰਦੇ ਸਨ ਆਪਣੀ ਜ਼ੁੰਮੇਵਾਰੀ ਪ੍ਰਤੀ। ਇਥੇ ਉਨ੍ਹਾਂ ਦੇ ਸਾਥੀ ਮਾਸਟਰ ਨੇ ਉਨ੍ਹਾਂ ਨੂੰ ਕਿਤਾਬ ਦਿੱਤੀ ਜਿਸਦਾ ਟਾਈਟਲ "ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ" ਜਿਹੜੀ ਦੌਲਤ ਰਾਏ ਵੱਲੋਂ ਲਿਖੀ ਹੋਈ ਸੀ। ਸ੍ਰੀ ਦੌਲਤ ਰਾਏ ਦੀ ਲੇਖਣੀ ਵਿਚ ਆਰੀਆ ਸਮਾਜੀ ਵਿਚਾਰਾਂ ਦੀ ਝਲਕ ਤਾਂ ਸੀ। ਪਰ ਉਨ੍ਹਾਂ ਨੂੰ ਗੁਰੂ ਸਾਹਿਬ ਦੇ ਵਾਕਿਆਤ ਨੂੰ ਜਿਵੇਂ  ਖਾਸ ਕਰ ਚਮਕੌਰ ਸਾਹਿਬ ਅੰਦਰ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਸਰਹੰਦ ਅੰਦਰ ਛੋਟੇ ਸਾਹਿਬਜ਼ਾਦਿਆਂ ਦਾ ਨੀਹਾਂ ਵਿਚ ਚਿਣਾਏ ਜਾਣਾ, ਉਨ੍ਹਾਂ ਦਾ ਆਪਾ ਵਾਰਨ ਦਾ ਜਜ਼ਬਾ ਤੇ ਉਨ੍ਹਾਂ ਦਾ ਸਾਹਸ, ਮੌਤ ਵਿਚ ਜ਼ਿੰਦਗੀ ਤੱਕਣ ਦੀ ਲਾਲਸਾ, ਗੁਰੂ ਸਾਹਿਬ ਦਾ ਲੋਕ ਭਲਾਈ ਦਾ ਮਿਸ਼ਨ, ਖਾਲਸਾ ਪੰਚਾਇਤ ਦੀ ਸਥਾਪਨਾ ਆਦਿ ਨੂੰ ਅਨੁਭਵ ਕੀਤਾ, ਉਸ ਨਾਲ ਪੁਸਤਕ ਨੂੰ ਪੜ੍ਹਨ ਸਾਰ ਉਸਦੇ ਅੰਦਰ ਤਿੱਖਾ ਬਦਲਾਅ ਆ ਗਿਆ ਤੇ ਉਸ ਦੇ ਅੰਦਰ ਬੀਰ-ਰਸ ਦੇ ਸੰਚਾਰ ਦੀ ਗਤੀ ਤਿੱਖੀ ਹੋ ਗਈ। ਉਸ ਦੇ ਅੰਦਰ ਦੇਸ਼ ਕੌਮ ਲਈ ਆਪਣੇ ਆਪ ਨੂੰ ਨਿਛਾਵਰ ਕਰਨ ਦਾ ਵਲਵਲਾ ਪੈਦਾ ਹੋ ਗਿਆ ਤੇ ਦੇਸ਼ ਦੀ ਆਜ਼ਾਦੀ ਲਈ ਕੁਝ ਕਰ ਗੁਜ਼ਰਨ ਲਈ ਉਹ ਉਤਾਵਲਾ ਹੋ ਗਿਆ।

1921 ਵਿਚ ਪੰਜਾਬ ਦਾ ਰਾਜਸੀ ਮਾਹੌਲ ਤੇਜੀ ਨਾਲ ਅੰਗਰੇਜ਼ੀ ਹਕੂਮਤ ਦੇ ਵਿਰੁੱਧ ਬਦਲ ਰਿਹਾ ਸੀ। ਗ਼ਦਰ ਪਾਰਟੀ, ਕਾਮਾਗਾਟਾਮਾਰੂ ਸਾਕਾ, ਜਲ੍ਹਿਆਂਵਾਲਾ ਬਾਗ਼ ਦਾ ਸਾਕਾ ਨੇ ਪੰਜਾਬ ਅੰਦਰ ਕਾਂਗਰਸ ਪਾਰਟੀ ਦੀ ਸਥਾਪਨਾ ਅਤੇ ਦੂਜੇ

ਪਾਸੇ ਗੁਰਦੁਆਰਾ ਸੁਧਾਰ ਲਹਿਰ ਜਿਹੜੀ ਮਹਾਤਮਾ ਗਾਂਧੀ ਦੀ ਸ਼ਾਂਤੀ ਵਾਲੀ ਨੀਤੀ ਉੱਪਰ ਚੱਲਦੀ ਹੋਈ ਸਾਰੇ ਪੰਜਾਬ ਵਿਚ ਫੈਲ ਗਈ ਸੀ। ਇਨ੍ਹਾਂ ਦੋਨਾਂ ਲਹਿਰਾਂ ਨੇ ਪੰਜਾਬ ਦੇ ਲੋਕਾਂ ਵਿਚ ਉਤਸ਼ਾਹ ਪੈਦਾ ਕਰ ਦਿੱਤਾ ਸੀ। ਲੋਕਾਂ ਅੰਦਰ ਚੇਤਨਾ ਤੇ ਨਵਾਂ ਜੋਸ਼, ਕਾਬਲ ਸਿੰਘ ਨੂੰ ਆਪਣੇ ਇਲਾਕੇ ਵਿਚ ਵਧੇਰੇ ਦੇਖਣ ਨੂੰ ਮਿਲਿਆ।

## ਕਾਂਗਰਸ ਪਾਰਟੀ

ਕਾਂਗਰਸ ਪਾਰਟੀ 1885 ਵਿਚ ਬਣੀ ਅਤੇ ਇਸ ਦਾ ਪੰਜਾਬ ਵਿਚ ਪ੍ਰਵੇਸ਼ 1893 ਵਿਚ ਹੋਇਆ ਸੀ ਜਦੋਂ ਇਸ ਦਾ ਸਮਾਗਮ ਲਾਹੌਰ ਵਿਚ ਸ. ਦਿਆਲ ਸਿੰਘ ਮਜੀਠੀਆ ਦੀ ਪ੍ਰਧਾਨਗੀ ਹੇਠ ਹੋਇਆ। ਕਾਂਗਰਸ ਪਾਰਟੀ ਪਹਿਲੀ ਸੰਸਾਰ ਜੰਗ ਤੱਕ ਵੱਡੇ-ਵੱਡੇ ਜਗੀਰਦਾਰਾਂ, ਨਵਾਬਾਂ ਤੇ ਰਾਜਿਆਂ ਦਾ ਇਕ ਸੰਗਠਨ ਸੀ ਜਿਹੜਾ ਅੰਗਰੇਜ਼ੀ ਹਕੂਮਤ ਅੱਗੇ ਅਰਜ਼ਾਂ-ਅਰਜ਼ੋਈਆਂ ਉਪਰ ਯਕੀਨ ਰੱਖਦਾ ਸੀ। ਜੋ ਪਿੱਛੋਂ ਅੰਗਰੇਜ਼ੀ ਸਰਕਾਰ ਵਿਰੁੱਧ ਕੁਝ ਸਖ਼ਤ ਕਦਮ ਪੁੱਟਣ ਲਈ ਮਜ਼ਬੂਰ ਹੋ ਗਈ ਸੀ। ਹਕੂਮਤ ਵਿਰੁੱਧ ਨਾ-ਮਿਲਵਰਤਨ ਦਾ ਮਤਾ ਸਤੰਬਰ 1920 ਨੂੰ ਕਲਕੱਤਾ ਵਿਚ ਹੋਏ ਕਾਂਗਰਸ ਦੇ ਸਾਲਾਨਾ ਅਜਲਾਸ ਵਿਚ ਪੇਸ਼ ਹੋਇਆ ਸੀ ਅਤੇ ਦਸੰਬਰ 1920 ਨੂੰ ਨਾਗਪੁਰ ਵਿਚ ਹੋਏ ਸ਼ੈਸ਼ਨ ਵਿਚ ਇਹ ਮਤਾ ਪਾਸ ਹੋਇਆ।[5] ਨਾ-ਮਿਲਵਰਤਨ ਦੇ ਮਤੇ ਵਿਚ ਕੁਝ ਮੁਤਾਲਬੇ ਲੋਕਾਂ ਅੱਗੇ ਰੱਖੇ ਗਏ। ਨਿਰਸੰਦੇਹ ਨਾ-ਮਿਲਵਰਤਨ ਦਾ ਪ੍ਰੋਗਰਾਮ ਨਾਮਧਾਰੀ ਬਾਬਾ ਰਾਮ ਸਿੰਘ ਵਾਲਾ ਹੀ ਸੀ ਜਿਹੜਾ 1872 ਵਿਚ ਅਤੇ ਫੇਰ 1913-15 ਵਿਚ ਗ਼ਦਰ ਪਾਰਟੀ ਨੇ ਵਿਦੇਸ਼ਾਂ ਵਿਚੋਂ ਇਹੀ ਪ੍ਰੋਗਰਾਮ ਦੇ ਕੇ ਹਿੰਦੁਸਤਾਨੀਆਂ ਨੂੰ ਹਥਿਆਰਬੰਦ ਤਰੀਕੇ ਨਾਲ ਭਾਰਤ ਵਿਚੋਂ ਕੱਢਣ ਦਾ ਐਲਾਨ ਕੀਤਾ ਸੀ। ਇਸ ਪ੍ਰੋਗਰਾਮ ਦੀ ਪੂਰਤੀ ਲਈ ਸੈਂਕੜੇ ਦੇਸ਼ ਭਗਤ ਨਾਮਧਾਰੀ ਕੂਕਿਆਂ, ਗ਼ਦਰੀਆਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਦੀ ਬਲੀ ਦਿੱਤੀ। ਇਸ ਦੌਰ ਨੂੰ ਕਾਬਲ ਸਿੰਘ ਨੇ ਦੇਖਿਆ, ਸੁਣਿਆ ਅਤੇ ਪ੍ਰਭਾਵ ਕਬੂਲਿਆ ਸੀ।

**ਨਾ-ਮਿਲਵਰਤਨ ਲਹਿਰ:** ਪਹਿਲੀ ਸੰਸਾਰ ਜੰਗ ਸਮੇਂ ਤੁਰਕੀ ਜਰਮਨੀ ਨਾਲ ਮਿਲ ਕੇ ਅੰਗਰੇਜ਼ੀ ਸਾਮਰਾਜ ਵਿਰੁੱਧ ਜੰਗ ਵਿਚ ਕੁੱਦਿਆ ਸੀ। ਤੁਰਕੀ ਦੇ ਬਾਦਸ਼ਾਹ ਨੂੰ (ਸੁਲਤਾਨ ਆਫ਼ ਤੁਰਕੀ) ਦੁਨੀਆਂ ਭਰ ਦੇ ਮੁਸਲਮਾਨ ਆਪਣਾ ਖਲੀਫਾ ਮੰਨਦੇ ਸਨ। ਹਿੰਦੁਸਤਾਨ ਦੇ ਮੁਸਲਮਾਨ ਅੰਗਰੇਜ਼ਾਂ ਦੀ ਵਫ਼ਾਦਾਰੀ ਨਾਲੋਂ ਸੁਲਤਾਨ ਆਫ਼ ਤੁਰਕੀ ਨਾਲ ਵਫ਼ਾਦਾਰੀ ਦੀ ਅਹਿਮੀਅਤ ਅਤੇ ਵਫ਼ਾਦਾਰੀ ਜ਼ਿਆਦਾ ਜ਼ਰੂਰੀ ਸਮਝਦੇ ਸਨ। ਅੰਗਰੇਜ਼ ਉਨ੍ਹਾਂ ਦੀ ਦੁਬਿਧਾ ਤੋਂ ਜਾਣੂ ਸਨ, ਜਿਸ ਕਰਕੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਲਾਰਡ ਜਾਰਜ ਨੇ 5 ਜਨਵਰੀ 1918 ਨੂੰ ਐਲਾਨ ਕੀਤਾ ਕਿ ਲੜਾਈ ਪਿੱਛੋਂ ਤੁਰਕੀ ਦੇ ਸੁਲਤਾਨ ਤੇ ਉਸ ਦੀ ਸਲਤਨਤ ਦਾ ਕੋਈ ਹਿੱਸਾ ਜਬਤ ਨਹੀਂ ਕੀਤਾ ਜਾਏਗਾ ਤੇ ਉਸ ਦੀ ਸਲਾਮਤੀ ਬਰਕਰਾਰ ਰੱਖੀ ਜਾਏਗੀ। ਇਸ ਕਿਸਮ ਦਾ ਭਰੋਸਾ ਅਮਰੀਕਾ ਦੇ ਪ੍ਰਧਾਨ ਵਿਲਸਨ ਨੇ ਵੀ ਦਿੱਤਾ ਸੀ। ਲੇਕਿਨ ਲੜਾਈ ਤੋਂ ਪਿੱਛੋਂ ਦੋਨੋਂ

ਆਗੂ ਆਪਣੇ ਵਾਅਦੇ ਤੋਂ ਮੁੱਕਰ ਗਏ ਅਤੇ ਤੁਰਕੀ ਦੀ ਸਲਤਨਤ ਉੱਤੇ ਆਪਣੇ ਹਾਈ ਕਮਿਸ਼ਨਰ ਰਾਹੀਂ ਹਕੂਮਤ ਕਰਨ ਲੱਗ ਪਏ। ਹਿੰਦੁਸਤਾਨ ਦੇ ਮੁਸਲਮਾਨਾਂ ਨੇ ਆਪਣੇ ਨਾਲ ਇਸ ਨੂੰ ਧਰੋਹ ਸਮਝਦਿਆਂ ਇੰਗਲੈਂਡ ਦੇ ਵਿਰੁੱਧ ਖਿਲਾਫ਼ਤ ਲਹਿਰ ਸਾਰੇ ਹਿੰਦੁਸਤਾਨ ਵਿਚ ਜ਼ੋਰ ਸ਼ੋਰ ਨਾਲ ਸ਼ੁਰੂ ਕਰ ਦਿੱਤੀ।

ਮਹਾਤਮਾ ਗਾਂਧੀ ਨੇ ਖਿਲਾਫ਼ਤ ਦੇ ਮਸਲੇ ਨੂੰ ਅਪਣਾ ਕੇ ਸਵਰਾਜ ਜਿੰਨੀ ਮਹੱਤਤਾ ਦੇ ਦਿੱਤੀ। ਉਸ ਨੇ ਮੁਸਲਮਾਨਾਂ ਨੂੰ ਅਪੀਲ ਕੀਤੀ ਕਿ ਉਹ ਉਸਦੀ ਨਾ-ਮਿਲਵਰਤਨ ਤਹਿਰੀਕ ਵਿਚ ਸ਼ਾਮਲ ਹੋਣ ਤਾਂ ਕਿ ਰਲ ਕੇ ਅੰਗਰੇਜ਼ੀ ਹਕੂਮਤ ਨੂੰ ਝੁਕਾਇਆ ਜਾ ਸਕੇ। ਸੈਂਟਰਲ ਖਿਲਾਫ਼ਤ ਕਮੇਟੀ 28 ਮਈ 1920 ਨੂੰ ਮਹਾਤਮਾ ਗਾਂਧੀ ਦੇ ਪ੍ਰਸਤਾਵ ਨੂੰ ਮੰਨ ਕੇ ਨਾ-ਮਿਲਵਰਤਨ ਲਹਿਰ ਵਿਚ ਸ਼ਾਮਲ ਹੋ ਗਈ। ਮਹਾਤਮਾ ਗਾਂਧੀ ਦੀ ਇਹ ਨੀਤੀ ਅੱਗੇ ਜਾ ਕੇ ਦੇਸ਼ ਲਈ ਘਾਤਕ ਸਾਬਤ ਹੋਈ ਜਿਸ ਨੇ ਦੇਸ਼ ਨੂੰ ਵੰਡ ਕੇ ਮਨੁੱਖੀ ਬਰਬਾਦੀ ਲਈ ਅਧਾਰ ਪੈਦਾ ਕਰ ਦਿੱਤਾ ਸੀ।

ਨਾ-ਮਿਲਵਰਤਨ ਲਹਿਰ ਦੇ ਅਸਰ ਹੇਠ ਨਵਾਂਸ਼ਹਿਰ ਦੇ ਲਾਗੇ ਦੇ ਪਿੰਡਾਂ ਵਿਚ ਪ੍ਰਚਾਰ ਦਾ ਮੁੱਢ ਗ਼ਦਰੀ ਬਾਬਾ ਕਰਮ ਸਿੰਘ ਦੌਲਤਪੁਰ ਨੇ ਬੰਨ੍ਹਿਆਂ ਸੀ। (ਜੋ ਅਗੋਂ ਬਬਰ ਅਕਾਲੀ ਲਹਿਰ ਦਾ ਮੋਢੀ ਆਗੂ ਬਣਿਆ। ਉਹ ਪਹਿਲੀ ਸਤੰਬਰ 1923 ਨੂੰ ਪੁਲਸ ਨਾਲ ਮੁਕਾਬਲੇ ਕਰਦੇ ਸਮੇਂ ਸ਼ਹੀਦ ਹੋ ਗਿਆ ਸੀ) ਉਸ ਵਲੋਂ ਇਕ ਇਸ਼ਤਿਹਾਰ ਕੱਢ ਕੇ ਤਾਰੀਖ ਤਹਿ ਕਰਕੇ ਕਾਨਫੰਰਸ ਦਾ ਐਲਾਨ ਕਰ ਦਿੱਤਾ ਸੀ ਪ੍ਰੰਤੂ ਦੌਲਤ ਪੁਰ ਦੇ ਸਫੈਦਪੋਸ਼ ਗੰਢਾ ਸਿੰਘ ਨੇ ਪੁਲਸ ਦੀ ਮਦਦ ਨਾਲ ਇਹ ਕਾਨਫਰੰਸ ਨਹੀਂ ਸੀ ਹੋਣ ਦਿੱਤੀ। ਜਦੋਂ ਜਲੰਧਰ ਦੇ ਡਿਪਟੀ ਕਮਿਸ਼ਨਰ ਮਿ. ਪੀ.ਜੇ. ਐਂਡਰਸਨ ਨੇ ਦਫਾ 144 ਲਗਾ ਕੇ ਜ਼ਿਲ੍ਹੇ ਭਰ ਵਿਚ ਮਨਾਹੀ ਕਰ ਦਿੱਤੀ ਸੀ ਤਾਂ ਇਹ ਕਾਨਫਰੰਸ ਹੁਸ਼ਿਆਰਪੁਰ ਪੁਰ ਵਿਚ ਪੈਂਦੇ ਗੁਆਂਢੀ ਪਿੰਡ ਮਹਿਤਪੁਰ ਵਿਚ ਬੜੇ ਜ਼ੋਰ-ਸ਼ੋਰ ਨਾਲ ਕੀਤੀ ਗਈ ਸੀ, ਜਿਸ ਵਿਚ ਪੰਜਾਬ ਦੇ ਪ੍ਰਸਿੱਧ ਕਾਂਗਰਸੀ ਤੇ ਦੂਜੇ ਕੌਮੀ ਆਗੂ ਪੁੱਜੇ ਸਨ। ਇਸੇ ਤਰ੍ਹਾਂ 18, 19 ਅਤੇ 20 ਫਰਵਰੀ 1921 ਨੂੰ ਨੇੜੇ ਦੇ ਪਿੰਡ ਰੁੜਕੀ ਖਾਸ ਵਿਚ ਕਾਨਫਰੰਸ ਲਾਲਾ ਲਾਜਪਤ ਰਾਏ ਦੀ ਪ੍ਰਧਾਨਗੀ ਹੇਠ ਹੋਈ ਸੀ। ਇਸ ਵਿਚ ਸ਼ਾਮਲ ਹੋਏ ਲੋਕਾਂ ਦੀ ਭੀੜ ਏਨੀ ਸੀ ਕਿ ਨਵਾਂ ਸ਼ਹਿਰ ਰੇਲਵੇ ਸਟੇਸ਼ਨ ਤੋਂ ਰੁੜਕੀ ਖਾਸ ਵਿਚਕਾਰਲਾ ਪੰਜ ਮੀਲ ਦਾ ਫਾਸਲਾ ਜਲੂਸ ਨਾਲ ਭਰਿਆ ਹੋਇਆ ਸੀ। ਇਸ ਵਿਚ ਸ਼ਾਮਲ ਹੋਏ ਸੂਬਾਈ ਤੇ ਕੌਮੀ ਆਗੂਆਂ ਵਿਚ ਰਾਇਜ਼ਾਦਾ ਹੰਸ ਰਾਜ ਜਲੰਧਰ, ਡਾ. ਅਨਸਾਰੀ, ਡਾ. ਸਤਪਾਲ ਤੇ ਡਾ. ਕਿਚਲੂ (ਜਲ੍ਹਿਆਂਵਾਲਾ ਦੇ ਨਾਇਕ) ਮਾਸਟਰ ਮੋਤਾ ਸਿੰਘ ਪਤਾਰਾ, ਗੋਪੀ ਚੰਦ ਭਾਰਗੋ, ਖਵਾਜਾ ਹਸਰਤ ਨਿਯਾਮੀ, ਚੌਧਰੀ ਅਫ਼ਜਲ ਹੱਕ ਤੇ ਸੀ.ਆਰ. ਦਾਸ ਸਨ। ਕਾਨਫਰੰਸ ਤੋਂ ਪ੍ਰਭਾਵਤ ਹੋ ਕੇ ਮੌਕੇ ਤੇ ਹੀ ਇਲਾਕੇ ਦੇ ਬਹੁਤ ਸਾਰੇ ਲੰਬੜਦਾਰਾਂ ਨੇ ਲੰਬੜਦਾਰੀਆਂ ਛੱਡਣ ਦਾ ਐਲਾਨ ਕੀਤਾ। ਕਾਨਫਰੰਸ ਸਮਾਪਤ ਹੋਈ ਤਾਂ 21 ਫਰਵਰੀ 1921 ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨਾਨਕਾਣਾ ਸਾਹਿਬ

ਦਾ ਖੂਨੀ ਸਾਕਾ ਵਾਪਰ ਗਿਆ। ਅਜੇ ਆਗੂ ਰੁੜਕੀ ਵਿਚ ਹੀ ਸਨ ਕਿ ਦੁਬਾਰਾ ਦੀਵਾਨ ਲਗਾ ਕੇ ਨਨਕਾਣਾ ਸਾਹਿਬ ਸਾਕੇ ਬਾਰੇ ਲੋਕਾਂ ਨੂੰ ਜਾਣੂ ਕਰਾਇਆ ਗਿਆ; ਜਿਸ ਨੇ ਪੰਜਾਬੀਆਂ ਅੰਦਰ ਅੰਗਰੇਜ਼ੀ ਸਰਕਾਰ ਅਤੇ ਉਸਦੇ ਪਿੱਠੂ ਮਹੰਤਾਂ ਦੇ ਖਿਲਾਫ਼ ਰੋਹ ਤੇ ਗੁੱਸਾ ਭਰ ਦਿੱਤਾ ਸੀ। ਮਾਸਟਰ ਮੋਤਾ ਸਿੰਘ ਨੇ ਇਥੋਂ ਹੀ ਕਾਬਲ ਨੂੰ ਜਾਣ ਦਾ ਪ੍ਰੋਗਰਾਮ ਬਣਾ ਕੇ ਰਵਾਨਾ ਹੋ ਗਿਆ ਸੀ ਤਾਂ ਕਿ ਉਥੋਂ ਦੇ ਬਾਦਸ਼ਾਹ ਨੂੰ ਮਿਲ ਕੇ ਅੰਗਰੇਜ਼ੀ ਸਰਕਾਰ ਖਿਲਾਫ਼ ਹਥਿਆਰਬੰਦ ਸੰਘਰਸ਼ ਲਾਮਬੰਦ ਕਰ ਸਕੇ।[6]

ਨਨਕਾਣਾ ਸਾਹਿਬ ਦੇ ਖੂਨੀ ਸਾਕੇ ਨੇ ਮਾਸਟਰ ਕਾਬਲ ਸਿੰਘ ਦੇ ਅੰਦਰ ਗੁੱਸੇ ਦੀ ਜਵਾਲਾ ਪੈਦਾ ਕਰ ਦਿੱਤੀ। ਇਸ ਜਵਾਲਾ ਨੇ ਕਾਬਲ ਸਿੰਘ ਨੂੰ ਅੰਗਰੇਜ਼ੀ ਸਰਕਾਰ ਦਾ ਕੱਟੜ ਦੁਸ਼ਮਣ ਬਣਾ ਦਿੱਤਾ ਸੀ। ਭਾਰਤ ਅੰਦਰ ਹਜ਼ਾਰਾਂ ਨੌਜਵਾਨਾਂ ਨੇ ਨਾ-ਮਿਲਵਰਤਨ ਦਾ ਪ੍ਰਭਾਵ ਕਬੂਲ ਕੇ ਇਸ ਲਹਿਰ ਵਿਚ ਕੁੱਦੇ ਅਤੇ 25 ਹਜ਼ਾਰ ਦੇ ਕਰੀਬ ਗ੍ਰਿਫ਼ਤਾਰ ਹੋ ਕੇ ਜੇਲ੍ਹੀ ਡੱਕੇ ਗਏ। ਲਹਿਰ ਦੇ ਪ੍ਰਭਾਵ ਹੇਠ ਪੰਜਾਬ ਦੇ 120 ਪਿੰਡ ਵਿਚ ਲੋਕਾਂ ਨੇ ਆਪਸੀ ਝਗੜੇ ਤੇ ਮਸਲਿਆਂ ਦੇ ਨਿਪਟਾਰੇ ਲਈ ਪੰਚਾਇਤਾਂ ਦਾ ਗਠਨ ਕਰ ਲਿਆ। ਇਨ੍ਹਾਂ ਵਿਚੋਂ ਖਾਸ ਕਰਕੇ ਰੁੜਕਾ ਕਲਾਂ (ਜਲੰਧਰ) ਵਿਚ ਸ. ਬਚਿੰਤ ਸਿੰਘ ਪ੍ਰਧਾਨ ਬਣਿਆ ਜਿਹੜਾ ਪਿੱਛੋਂ ਰੁੜਕੇ ਦਾ ਬਾਦਸ਼ਾਹ ਨਾਂ ਨਾਲ ਮਸ਼ਹੂਰ ਹੋਇਆ। ਉਸਨੇ ਅੰਗਰੇਜ਼ ਸਰਕਾਰ ਦੇ ਮੁਤਬਾਦਲ ਆਪਣੀ ਸਰਕਾਰ ਸਥਾਪਤ ਕੀਤੀ ਸੀ। ਮਾਸਟਰ ਕਾਬਲ ਸਿੰਘ ਨੇ ਮਾਸਟਰੀ ਛੱਡ ਕੇ ਨਾ-ਮਿਲਵਰਤਨ ਲਹਿਰ ਵਿਚ ਕੁੱਦ ਪਏ ਅਤੇ ਨਵਾਂਸ਼ਹਿਰ ਦੇ ਪੰਡਤ ਕੁੰਜ ਲਾਲ ਸ਼ਾਸ਼ਤਰੀ ਨਾਲ ਮਿਲ ਕੇ ਪਿੰਡਾਂ ਵਿਚ ਕਾਂਗਰਸ ਕਮੇਟੀਆਂ ਬਣਾਉਣ ਲੱਗ ਪਏ ਸਨ।

**ਰਾਜਨੀਤੀ ਵਿਚ ਪ੍ਰਵੇਸ਼:** 1921 ਵਿਚ ਮਾਸਟਰ ਜੀ ਤੇ ਪੰਡਤ ਕੁੰਜ ਲਾਲ ਸ਼ਾਸ਼ਤਰੀ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ ਦੀ ਤਹਿਸੀਲ ਨਕੋਦਰ ਵਿਚ ਮੀਟਿੰਗਾਂ ਕਰਦੇ ਤੇ ਕਾਂਗਰਸ ਕਮੇਟੀਆਂ ਬਣਾਉਂਦੇ ਫਿਰਦੇ ਸਨ। ਇਸ ਸਿਲਸਿਲੇ 'ਚ ਪਿੰਡ ਕਿਲੀਵਾੜਾ (ਲੋਹੀਆ ਦੇ ਇਲਾਕੇ) ਵਿਚ ਤਕਰੀਰ ਕਰਨ ਦੀ ਬਿਨਾਅ ਪੁਰ ਮਾਸਟਰ ਜੀ ਦੀ ਗ੍ਰਿਫਤਾਰੀ ਦੇ ਵਾਰੰਟ ਕੱਢ ਦਿੱਤੇ ਗਏ। ਘਟਨਾ ਇਸ ਤਰ੍ਹਾਂ ਦੱਸੀ ਜਾਂਦੀ ਹੈ ਕਿ ਕਿਲੀਵਾੜਾ ਪਿੰਡ ਦੇ ਜੈਲਦਾਰ ਰਾਮ ਸਿੰਘ ਨੇ ਇਕ ਮੀਟਿੰਗ ਵਿਚ ਇਨ੍ਹਾਂ ਦਾ ਲੈਕਚਰ ਸੁਣਿਆ ਅਤੇ ਚੈਲੰਜ ਕੀਤਾ ਕਿ ਕਿਤੇ ਮੇਰੇ ਪਿੰਡ ਆ ਕੇ ਦਿਖਾਓ। ਮਾਸਟਰ ਜੀ ਨੇ ਚੈਲੰਜ ਕਬੂਲ ਕੀਤਾ ਤੇ ਮੌਕਾ ਪਾ ਕੇ ਪਿੰਡ ਜਲਸਾ ਕਰਨ ਲਈ ਪੁੱਜ ਗਏ। ਜ਼ੈਲਦਾਰ ਬਾਰ 'ਚ ਜਾ ਚੁੱਕਾ ਸੀ। ਉਹ ਆਪਣੇ ਲੜਕੇ ਨੂੰ ਸੇਵਾ ਕਰਨ ਲਈ ਕਹਿ ਗਿਆ ਸੀ। ਜਦੋਂ ਉਹ ਵਾਪਸ ਪਿੰਡ ਆਇਆ ਤਾਂ ਉਸਨੂੰ ਆਪਣੇ ਪਿੰਡ ਵਿਚ ਹੋਏ ਜਲਸੇ ਬਾਰੇ ਪਤਾ ਲਗਾ ਤੇ ਉਸ ਦੇ ਦਿਮਾਗ 'ਤੇ ਏਨਾ ਅਸਰ ਹੋਇਆ ਕਿ ਉਹ ਸੁਪਨਿਆਂ ਵਿਚ ਵੀ ਬੜਾਅ-ਬੜਾਅ ਕੇ ਉਠਦਾ। ਇਸੇ ਪਾਗਲਪਨ ਨਾਲ ਅਖੀਰ ਉਸਦਾ ਅੰਤ ਹੋ ਗਿਆ ਸੀ। ਇਸ ਜਲਸੇ ਨਾਲ ਕਾਬਲ

ਸਿੰਘ ਦੇ ਵਾਰੰਟ ਜਾਰੀ ਹੋ ਗਏ। ਰਾਏਜਾਦਾ ਹੰਸ ਰਾਜ ਜਲੰਧਰ ਜ਼ਿਲ੍ਹੇ ਦੇ ਕਾਂਗਰਸੀ ਲੀਡਰ ਸਨ, ਉਸ ਨੇ ਮਾਸਟਰ ਜੀ ਦੇ ਵਾਰੰਟ ਦਾ ਪਤਾ ਲੱਗਣ 'ਤੇ ਫੌਰੀ ਹੀ ਉਸ ਨੂੰ ਜਲੰਧਰ ਵਿਖੇ ਇਕ ਜਲਸੇ ਵਿਚ ਬੁਲਾਉਣ ਲਈ ਸੱਦਾ ਘੱਲਿਆ। ਮਾਸਟਰ ਮੋਤਾ ਸਿੰਘ ਉਸ ਵੇਲੇ ਮਫ਼ਰੂਰ ਸਨ। ਰਾਏਜ਼ਾਦਾ ਨੂੰ ਡਰ ਸੀ ਕਿ ਮਾਸਟਰ ਕਾਬਲ ਸਿੰਘ ਜੇਕਰ ਮਫ਼ਰੂਰ ਹੋ ਗਏ ਤਾਂ ਅੱਗੇ ਚਲਣ ਵਾਲੀ ਸਤਿਆਗ੍ਰਹਿ ਦੀ ਤਹਿਰੀਕ ਨੂੰ ਧੱਕਾ ਲੱਗੇਗਾ ਤੇ ਸਾਰੇ ਵਰਕਰ ਵੀ ਮਫ਼ਰੂਰ ਹੋ ਜਾਣਗੇ। ਜਲੰਧਰ ਵਿਚ ਮਾਸਟਰ ਕਾਬਲ ਸਿੰਘ 27 ਅਕਤੂਬਰ ਰਾਤ ਨੂੰ ਇਕ ਵਜੇ ਫੜ੍ਹੇ ਗਏ ਤੇ ਇਕ ਸਾਲ ਦੀ ਕੈਦ ਸੁਣਾ ਕੇ 1921 ਵਿਚ ਮੀਆਂਵਾਲੀ ਜੇਲ੍ਹ ਭੇਜ ਦਿੱਤੇ ਗਏ।

ਇਸੇ ਲਹਿਰ ਦੇ ਪ੍ਰਭਾਵ ਹੇਠ ਚੌਰਾ ਚੌਰੀ ਦੀ ਭਿਆਨਕ ਘਟਨਾ ਵਾਪਰ ਗਈ। ਜਿਥੇ ਮੁਜਾਹਰਾਕਾਰੀਆਂ ਵਲੋਂ ਪੁਲਸ ਥਾਣੇ 'ਤੇ ਹਮਲਾ ਕਰਕੇ 22 ਸਿਪਾਹੀ ਜੀਉਂਦੇ ਸਾੜ ਦਿੱਤੇ ਗਏ ਸਨ। ਇਸ ਦੇ ਰੋਸ 'ਚ ਮਹਾਤਮਾ ਗਾਂਧੀ ਨੇ ਬਿਨਾ ਕਿਸੇ ਆਗੂ ਨੂੰ ਦੱਸਿਆਂ ਫਰਵਰੀ 1922 ਨੂੰ ਲਹਿਰ ਵਾਪਸ ਲੈ ਲਈ। ਲੋਕਾਂ ਨੂੰ ਆਪਣੇ ਰਹਿਮੋ-ਕਰਮ 'ਤੇ ਛੱਡ ਗਾਧੀ ਨੇ ਕਿਹਾ, "ਸਜ਼ਾਵਾਂ ਭੁਗਤੋ ਤੇ ਜ਼ੁਰਮਾਨੇ ਦੇਵੋ।" ਸਾਰੇ ਮੁਖੀ ਆਗੂਆਂ ਤੇ ਲੋਕਾਂ ਨੇ ਇਸ 'ਤੇ ਬੁਰਾ ਮਨਾਇਆ। ਪੰਡਤ ਮੋਤੀ ਲਾਲ ਨਹਿਰੂ ਤੇ ਸੀ.ਆਰ. ਦਾਸ ਨੇ ਕਾਂਗਰਸ ਤੋਂ ਅਲੱਗ ਸਵਰਾਜ ਪਾਰਟੀ ਬਣਾ ਲਈ ਸੀ।

ਮਾਸਟਰ ਕਾਬਲ ਸਿੰਘ ਵੀ ਉਨ੍ਹਾਂ ਦੇ ਕਥਨ ਅਨੁਸਾਰ ਮਹਾਤਮਾ ਗਾਂਧੀ ਦੇ ਇਸ ਫੈਸਲੇ ਤੋਂ ਨਾਰਾਜ਼ ਸੀ। ਦੇਸ਼ ਭਰ 'ਚ ਮਹਾਤਮਾ ਗਾਂਧੀ ਦੇ ਖਿਲਾਫ਼ ਨਫ਼ਰਤ ਫੈਲ ਗਈ ਸੀ। ਸਾਰੇ ਦੇਸ਼ ਅੰਦਰ ਲੋਕਾਂ, ਖਾਸ ਕਰਕੇ ਨੌਜਵਾਨ ਵਰਗ ਵਲੋਂ ਮਹਾਤਮਾ ਗਾਂਧੀ ਦੇ ਖਿਲਾਫ਼ ਰੋਸ ਪ੍ਰਦਰਸ਼ਨ ਹੋਏ। ਮਾਸਟਰ ਕਾਬਲ ਸਿੰਘ ਨੇ ਵੀ ਕੁਝ ਲਿਖਤਾਂ ਰਾਹੀਂ ਮਹਾਤਮਾ ਗਾਂਧੀ ਨੂੰ ਸਵਾਲ ਪੁੱਛੇ ਸਨ।

## ਪਹਿਲੀ ਗ੍ਰਿਫਤਾਰੀ

27 ਅਕਤੂਬਰ ਨੂੰ ਹੋਈ ਗ੍ਰਿਫਤਾਰੀ ਨਾਲ ਮਾਸਟਰ ਕਾਬਲ ਸਿੰਘ ਦਾ ਜੇਲ੍ਹਾਂ ਵਿਚ ਆਉਣ ਜਾਣ ਦਾ ਸਿਲਸਿਲਾ 1921 ਵਿਚ ਸ਼ੁਰੂ ਹੋ ਗਿਆ। 1922 ਵਿਚ ਉਨ੍ਹਾਂ ਨੂੰ ਕੈਂਪ ਜੇਲ੍ਹ ਮਿੰਟਗੁੰਮਰੀ ਵਿਚ ਭੇਜ ਦਿੱਤਾ ਗਿਆ। ਉਸੇ ਜੇਲ੍ਹ 'ਚ ਸ੍ਰੀ ਮੰਗਲ ਸਿੰਘ, ਗਿਆਨੀ ਸ਼ੇਰ ਸਿੰਘ, ਗਿਆਨੀ ਹੀਰਾ ਸਿੰਘ ਦਰਦ, ਸੋਹਨ ਸਿੰਘ ਜੋਸ਼ ਤੇ ਗੋਪਾਲ ਸਿੰਘ ਕੌਮੀ ਆਦਿ ਅਕਾਲੀ ਲੀਡਰ ਕੈਦੀ ਸਨ। ਉਥੇ ਮਾਸਟਰ ਜੀ ਦੀ ਸੋਹਨ ਸਿੰਘ ਜੋਸ਼ ਨਾਲ ਜਾਣ-ਪਹਿਚਾਣ ਹੋ ਗਈ। ਕੈਂਪ ਜੇਲ੍ਹ ਦੇ ਆਲੇ-ਦੁਆਲੇ ਤਾਰਾਂ ਸਨ। ਵਿਚਕਾਰ ਫੌਜੀ ਪਹਿਰਾ ਸੀ।[7]

22 ਅਗਸਤ 1922 ਨੂੰ ਜ਼ਿਲ੍ਹਾ ਅੰਮ੍ਰਿਤਸਰ ਵਿਚ (ਗੁਰੂ ਕੇ ਬਾਗ) ਦਾ ਮੋਰਚਾ ਸ਼ੁਰੂ ਹੋਇਆ। ਮਹਾਤਮਾ ਗਾਂਧੀ ਤੇ ਹੋਰ ਕਾਂਗਰਸੀ ਲੀਡਰਾਂ ਨੂੰ ਸ਼ੱਕ ਸੀ ਕਿ "ਅਕਾਲੀ ਸ਼ਾਂਤਮਈ ਨਹੀਂ ਰਹਿ ਸਕਣਗੇ", ਪਰ ਅਕਾਲੀਆਂ ਨੇ ਤਿੰਨ-ਤਿੰਨ ਫੁੱਟੀਆਂ ਕਿਰਪਾਨਾਂ

ਤੇ ਗਾਤਰੇ ਹੁੰਦਿਆਂ ਹੋਇਆਂ ਸ਼ਾਂਤਮਈ ਰਹਿੰਦਿਆਂ ਕੁੱਟ ਖਾ ਕੇ ਦੁਸ਼ਮਨ-ਦੋਸਤ ਸਭ ਨੂੰ ਦੰਗ ਕਰ ਦਿੱਤਾ ਸੀ।

ਉਸ ਵੇਲੇ ਅੰਮ੍ਰਿਤਸਰ ਦਾ ਡਿਪਟੀ ਪੁਲੀਸ ਕਪਤਾਨ ਮਿਸਟਰ ਬੀ.ਟੀ. ਬੜਾ ਘੁਮੰਡੀ ਸੀ, ਸਿੱਖਾਂ ਦੇ ਨਾਂਅ ਤੋਂ ਹੀ ਚਿੜ੍ਹ ਸੀ। ਉਹ ਲਾਠੀਆਂ ਨਾਲ ਕੁੱਟੇ ਹੋਏ ਅਧਮੋਏ ਸਿੰਘਾਂ ਦੇ ਕੇਸਾਂ ਉੱਪਰ ਬੂਟ ਰੱਖ ਕੇ ਵੰਗਾਰਦਾ ਕਹਿੰਦਾ "ਕਿੱਥੇ ਹੈ ਅੱਜ ਤੁਹਾਡਾ ਗੁਰੂ ਗੋਬਿੰਦ ਸਿੰਘ?" ਇਸ ਜ਼ੁਲਮ ਨੂੰ ਦੇਖ ਕੇ ਅਤੇ ਗਾਂਧੀ ਦੀ ਨੀਤੀ ਤੋਂ ਨਾਬਰ ਹੋ ਕੇ ਅੰਗਰੇਜ਼ਾਂ ਵਿਰੁੱਧ ਇੱਟ ਦਾ ਜਵਾਬ ਪੱਥਰ ਨਾਲ ਦੇਣ ਦਾ ਮਨ ਬਣਾ ਕੇ ਦੁਆਬੇ ਵਿਚ ਬਬਰ ਅਕਾਲੀ ਲਹਿਰ ਸ਼ੁਰੂ ਹੋਈ, ਜਿਸ ਦੀ ਅਗਵਾਈ ਕੁਝ ਗ਼ਦਰੀਆਂ ਵਲੋਂ ਕੀਤੀ ਗਈ। ਇਹ ਲਹਿਰ ਗ਼ਦਰ ਲਹਿਰ ਦਾ ਅਗਲਾ ਰੂਪ ਸੀ ਜਿਹੜਾ ਨਨਕਾਣਾ ਸਾਹਿਬ ਤੇ ਗੁਰੂ ਕੇ ਬਾਗ਼ ਦੇ ਮੋਰਚੇ 'ਚ ਹੋਏ ਜ਼ੁਲਮਾਂ ਦੇ ਪ੍ਰਤੀਕਰਮ ਵਜੋਂ ਸੀ। ਬੱਬਰਾਂ ਨੇ ਗੁਰਮੁਖੀ ਵਿਚ ਇਕ "ਬੱਬਰ ਅਕਾਲੀ ਦੁਆਬਾ" ਨਾਂਅ ਦਾ ਹਫ਼ਤਾਵਾਰੀ ਅਖ਼ਬਾਰ ਸ਼ੁਰੂ ਕੀਤਾ। ਹੋਰ ਰਸਾਲਿਆਂ ਦੇ ਨਾਲ ਇਹ ਅਖ਼ਬਾਰ ਉਡਾਰੂ ਪ੍ਰੈੱਸ 'ਚੋਂ ਛਾਪ ਕੇ "ਹੱਥੋ-ਹੱਥ" ਵੰਡਿਆ ਜਾਣ ਲੱਗਾ। ਬੱਬਰ ਅਕਾਲੀਆਂ ਨੇ ਆਪਣੀ ਅਖ਼ਬਾਰ ਵਿਚ "ਗਵਰਨਰ ਦੇ ਨਾਂ ਸਾਡੀ ਖੁੱਲ੍ਹੀ ਚਿੱਠੀ" ਦੇ ਸਿਰਲੇਖ ਹੇਠ ਲਿਖਿਆ "ਅਸੀਂ ਕੁਝ ਕੁ ਟੋਡੀਆਂ ਤੇ ਗੱਦਾਰਾਂ ਦੀ ਲਿਸਟ ਬਣਾਈ ਹੈ, ਜਿਨ੍ਹਾਂ ਨੂੰ ਉਨ੍ਹਾਂ ਦੇ ਕਸੂਰ ਮੁਤਾਬਿਕ ਸਜ਼ਾ ਦਿੱਤੀ ਜਾਵੇਗੀ।" ਚਿੱਠੀ ਵਿਚ ਇਹ ਵੀ ਲਿਖਿਆ ਕਿ ਸਰਕਾਰ ਸਾਨੂੰ ਸਜ਼ਾ ਦੇਵੇ। ਸਾਡੀ ਆੜ ਵਿਚ ਲੋਕਾਂ ਨੂੰ ਤੰਗ ਨਾ ਕਰੇ। ਅਸੀਂ ਇਹ ਵੀ ਫ਼ੈਸਲਾ ਕੀਤਾ ਹੈ ਕਿ ਅਸੀਂ ਹੇਠ ਲਿਖੇ ਤਿੰਨ ਸੱਜਣਾਂ ਨੇ ਜਿਊਂਦੇ ਜੀਅ ਹੱਥ ਨਹੀਂ ਆਉਣਾ। ਇਸ ਲੇਖ ਦੇ ਹੇਠਾਂ ਦਸਤਖ਼ਤ ਕੀਤੇ- ਜਥੇਦਾਰ ਕਰਮ ਸਿੰਘ ਦੌਲਤਪੁਰ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਜਲੰਧਰ, ਧੰਨਾ ਸਿੰਘ ਬੋਹਲਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਤੇ ਉਦੈ ਸਿੰਘ ਪਿੰਡ ਰਾਮਪੁਰ ਝੁੰਗੀਆਂ ਜ਼ਿਲ੍ਹਾ ਹੁਸ਼ਿਆਰਪੁਰ ਨੇ। ਇਸ ਤਰ੍ਹਾਂ ਉਨ੍ਹਾਂ ਤਿੰਨਾਂ ਨੇ ਅੰਗਰੇਜ਼ ਹਕੂਮਤ ਵਿਰੁੱਧ ਹਥਿਆਰਬੰਦ ਬਗਾਵਤ ਦਾ ਐਲਾਨਨਾਮਾ ਜਾਰੀ ਕਰ ਦਿੱਤਾ ਸੀ।[8]

ਦੁਆਬੇ ਵਿਚ ਬਬਰ ਅਕਾਲੀ ਲਹਿਰ ਦੇ ਜ਼ੋਰ ਫੜਨ ਨਾਲ ਮਾਸਟਰ ਕਾਬਲ ਸਿੰਘ ਦਾ ਝੁਕਾਅ ਲਹਿਰ ਵੱਲ ਹੋ ਗਿਆ। ਦਸੰਬਰ 1922 ਵਿਚ ਉਹ ਰਿਹਾ ਹੋ ਕੇ ਆਏ ਹੀ ਸਨ ਕਿ ਅਗਲੇ ਦਿਨ ਹੀ ਜਥੇਦਾਰ ਕਰਮ ਸਿੰਘ ਉਨ੍ਹਾਂ ਨੂੰ ਜਸੋਵਾਲ ਪਿੰਡ ਲੈ ਗਏ ਜਿਹੜਾ ਉਸ ਸਮੇਂ "ਬਬਰਾਂ ਦੀ ਹਾਈਕੋਰਟ" ਅਖਵਾਉਂਦਾ ਸੀ। ਉੱਥੋਂ ਉਹ ਪਿੰਡ ਸਰਾਂਹ ਗਏ ਜਿਥੇ ਛਿੰਜ ਦਾ ਮੇਲਾ ਸੀ। ਅਕਾਲੀ ਦਲ ਨੇ ਬਬਰਾਂ ਦੇ ਖਿਲਾਫ਼ ਇਕ ਫਤਵਾ ਜਾਰੀ ਕੀਤਾ। ਬਬਰ ਅਕਾਲੀ ਸਰਾਂਹੀ ਰੱਖੇ ਦੀਵਾਨ ਵਿਚ ਮਾਸਟਰ ਕਾਬਲ ਸਿੰਘ ਨੂੰ ਬੁਲਾਣਾ ਚਾਹੁੰਦੇ ਸਨ ਤਾਂ ਕਿ ਇਕੱਠ ਤੋਂ ਫਾਇਦਾ ਲਿਆ ਜਾ ਸਕੇ। ਇਸ ਸਮੇਂ ਮਾਸਟਰ ਜੀ ਬੁਖਾਰ ਤੋਂ ਪੀੜਤ ਸਨ ਅਤੇ ਕੁਝ ਸਮਾਂ ਹੀ ਬੋਲ ਕੇ ਬੈਠ ਗਏ। ਪਿੱਛੋਂ ਬਬਰਾਂ ਨੇ ਅਕਾਲੀਆਂ ਦੀ ਸਟੇਜ ਉਪਰ ਕਬਜ਼ਾ ਕਰ ਲਿਆ ਸੀ। ਉਨ੍ਹਾਂ ਦਿਨਾਂ 'ਚ ਅਕਾਲੀਆਂ ਦੇ ਜਾਂ ਅਮਨ ਸਭਾ ਦੇ ਨਾਂ ਤੇ ਕੀਤੇ ਜਾਂਦੇ

ਦੀਵਾਨਾਂ ਉੱਪਰ ਕਬਜੇ ਦੀਆਂ ਕਈ ਉਦਾਹਰਣਾਂ ਹਨ ਜਿਥੇ ਬਬਰ ਦੇਸ਼ ਭਗਤਾਂ ਨੇ ਕਬਜਾ ਕਰਕੇ ਪ੍ਰਬੰਧਕਾਂ ਨੂੰ ਭਜਾ ਦਿੱਤਾ ਸੀ। ਮਾਸਟਰ ਜੀ ਦੀ ਖਰਾਬ ਹਾਲਤ ਨੂੰ ਦੇਖਦਿਆਂ ਘੋੜੀ ਉੱਪਰ ਬੈਠਾ ਕੇ ਪਿੰਡ ਭੇਜ ਦਿੱਤਾ ਗਿਆ ਅਤੇ ਪਿਛੋਂ ਬਬਰਾਂ ਨੇ ਕੌਲਗੜ੍ਹ ਪਿੰਡ ਦੇ ਦੋ ਝੋਲੀ ਚੁੱਕ ਦਿੱਤੂ ਤੇ ਰਲ੍ਹਾ, ਜਿਹੜੇ ਜਥੇਦਾਰ ਕਰਮ ਸਿੰਘ ਦੇ ਰਿਸ਼ਤੇਦਾਰ ਸਨ, ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਹ ਦੋਨੋਂ ਪੁਲਸ ਦੇ ਸੂਹੀਏ ਸਨ। ਇਹ ਘਟਨਾ 20-21 ਮਾਰਚ 1923 ਵਾਲੇ ਦਿਨ ਦੀ ਹੈ। ਬਬਰ ਅਕਾਲੀਆਂ ਦੀ ਟਰਾਇਲ ਦੂਜੀ ਦੇ ਕੇਸ ਨੰ: 2, 1924 ਦੇ ਵਾਅਦਾ ਮੁਆਫ਼ ਗਵਾਹ ਅਮਰ ਸਿੰਘ ਦੀ ਗਵਾਹੀ ਅਨੁਸਾਰ, "ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਬਬਰ ਸ਼ਹੀਦ ਕਿਸ਼ਨ ਸਿੰਘ ਗੜਗੱਜ, ਬਬਰ ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਗੋਸਲ, ਆਸਾ ਸਿੰਘ ਉਰਫ਼ ਮਹਿਤਾਬ ਸਿੰਘ ਭਕੜੂਦੀ ਤੇ ਬਬਰ ਕਰਮ ਸਿੰਘ ਜੱਸੋਵਾਲ ਦਾ ਸਾਥੀ ਸੀ, ਜੋ ਬਬਰ ਅਕਾਲੀ ਲਹਿਰ ਦਾ ਮੈਂਬਰ ਸੀ। ਉਸਨੂੰ 1923 ਵਿਚ 32 ਮਹੀਨਿਆਂ ਦੀ ਸਜ਼ਾ ਹੋਈ ਕਿਉਂਕਿ ਉਸਨੇ ਲਹਿਰ ਵਿਚ ਅਗੇ ਹੋ ਕੇ ਹਿੱਸਾ ਲਿਆ ਸੀ।"[9]

## ਬਬਰ ਅਕਾਲੀ ਲਹਿਰ- ਦੂਜੀ ਗ੍ਰਿਫ਼ਤਾਰੀ

ਬਬਰ ਅਕਾਲੀਆਂ ਦੀ ਹਮਾਇਤ ਕਰਨ ਦੇ ਦੋਸ਼ 'ਚ ਮਾਸਟਰ ਜੀ 26 ਜਨਵਰੀ, 1923 ਨੂੰ ਮੁੜ ਫੜ੍ਹ ਲਏ ਗਏ। ਜਥੇਦਾਰ ਕਿਸ਼ਨ ਸਿੰਘ ਗੜ੍ਹਗੱਜ 24 ਫਰਵਰੀ ਨੂੰ ਆਦਮਪੁਰ ਦੇ ਇਲਾਕੇ ਵਿਚ ਢੱਡੇ ਫਤਹਿ ਸਿੰਘ (ਹੁਸ਼ਿਆਰਪੁਰ) ਤੋਂ ਫੜਿਆ ਗਿਆ ਅਤੇ 26 ਫਰਵਰੀ 1923 ਨੂੰ ਜਲੰਧਰ ਦੀ ਜੇਲ੍ਹ ਵਿਚ ਦਾਖਲ ਕੀਤਾ। ਇਤਫ਼ਾਕ ਨਾਲ ਇਹ ਦੋਵੇਂ ਇਕੱਠੇ ਜੇਲ੍ਹ ਪੁੱਜੇ। ਕਿਸ਼ਨ ਸਿੰਘ ਨੇ ਮਾਸਟਰ ਜੀ ਨੂੰ ਦੱਸਿਆ ਕਿ "ਪੁਲਸ ਨੇ ਉਸ ਦੀ ਕਿਰਪਾਨ ਉਤਾਰ ਲਈ ਹੈ, ਇਸ ਲਈ ਮੈਂ ਭੁੱਖ ਹੜਤਾਲ ਕਰ ਦੇਣੀ ਹੈ।" ਮਾਸਟਰ ਜੀ ਨੇ ਉਨ੍ਹਾਂ ਨੂੰ ਰੋਕਿਆ ਕਿ ਭੁੱਖ ਹੜਤਾਲ ਦੀ ਲੋੜ ਨਹੀਂ। ਸ਼ਾਇਦ ਤੁਹਾਡੇ ਉਪਰ ਕਤਲ ਜਾਂ ਸਾਜਿਸ਼ ਦਾ ਕੇਸ ਬਣੇ। ਇਸ ਲਈ ਸਿੱਧੇ ਹੋ ਕੇ ਮੁਕਾਬਲੇ ਕਰੋ ਤੇ ਚਾਈਂ-ਚਾਈਂ ਫਾਂਸੀ ਪੁਰ ਝੂਲੋ। ਮਾਸਟਰ ਜੀ ਨੇ ਇਹ ਵੀ ਕਿਹਾ ਕਿ "ਹੁਣ ਤੋਂ ਬਾਅਦ ਸ਼ਾਇਦ ਸਾਨੂੰ ਇਕ-ਦੂਜੇ ਨੂੰ ਮੁੜ ਮਿਲਣ ਨਾ ਦਿੱਤਾ ਜਾਏ।"

26 ਜਨਵਰੀ 1923 ਨੂੰ ਦੂਜੀ ਗ੍ਰਿਫ਼ਤਾਰੀ ਸਮੇਂ ਜਦੋਂ ਉਹ 107 ਦਫਾ ਹੇਠ ਇਕ ਸਾਲ ਦੀ ਸਜ਼ਾ ਭੁਗਤਣ ਲਈ ਮੁਲਤਾਨ ਦੀ ਜੇਲ੍ਹ ਵਿਚ ਬੰਦ ਕੀਤੇ ਗਏ ਤਾਂ ਉਨ੍ਹਾਂ ਉਪਰ ਦਫਾ 124 ਦਾ ਇਕ ਹੋਰ ਮੁਕੱਦਮਾ ਚਲਾਇਆ ਗਿਆ ਅਤੇ ਦੋ ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ। ਮਾਸਟਰ ਕਾਬਲ ਸਿੰਘ ਨੇ ਜੇਲ੍ਹ ਅੰਦਰ ਅਣਮਨੁੱਖੀ ਵਰਤਾਓ ਅਤੇ ਜੇਲ੍ਹ ਅਧਿਕਾਰੀਆਂ ਵਲੋਂ ਜੇਲ੍ਹ ਦੇ ਮੈਨੂਅਲ ਦੀ ਉਲੰਘਣਾ ਦੇ ਖਿਲਾਫ਼ ਜਦੋਂ ਜਹਿਦ ਕਰਦਿਆਂ ਕਈ ਵਾਰ ਉਨ੍ਹਾਂ ਨੂੰ ਜੇਲ੍ਹ ਅਧਿਕਾਰੀਆਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ ਅਤੇ ਉਹ ਪਹਿਲੀ ਸਜ਼ਾ ਕੱਟਣ ਦੌਰਾਨ ਅਜਿਹਾ

ਹੱਲਾ-ਗੁੱਲਾ ਕਰ ਬੈਠਦੇ ਕਿ ਉਨ੍ਹਾਂ ਦੀ ਸਜ਼ਾ ਹੋਰ ਵਧ ਜਾਂਦੀ। ਅਜਿਹਾ ਵਰਤਾਰਾ ਉਨ੍ਹਾਂ ਦੇ ਜੀਵਨ ਵਿਚ ਬਹੁਤ ਵਾਰੀ ਵਾਪਰਿਆ ਸੀ। ਇਸ ਜੇਲ੍ਹ ਅੰਦਰ ਇਕ ਹੋਰ ਮੁਕੱਦਮਾ ਚਲਾਇਆ ਗਿਆ ਜਿਸ ਵਿਚ ਉਨ੍ਹਾਂ ਨੂੰ ਦੋ ਸਾਲ ਹੋਰ ਕੈਦ ਦੀ ਸਜ਼ਾ ਦਿੱਤੀ ਗਈ ਸੀ। ਮੁਲਤਾਨ ਜੇਲ੍ਹ ਵਿਚ ਭੁੱਖ ਹੜਤਾਲ ਜਾਰੀ ਸੀ ਸਾਰੇ ਦੇਸ਼ ਭਗਤ ਬਬਰ ਅਕਾਲੀਆਂ ਸਮੇਤ ਲੰਮੀ ਭੁੱਖ ਹੜਤਾਲ ਤੇ ਸਨ। ਮਾਤਾ ਜੀ ਕਾਬਲ ਸਿੰਘ ਦੀ ਮੁਲਾਕਾਤ ਲਈ ਜਾਂਦੀ ਹੋਈ ਸੰਤਰੇ ਲੈ ਗਈ। ਸੁਖਸਾਂਦ ਪੁੱਛ ਕੇ ਮਾਤਾ ਨੇ ਸੰਤਰੇ ਦੇਣੇ ਚਾਹੇ ਤਾਂ ਮਾਸਟਰ ਜੀ ਨੇ ਸੰਤਰੇ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਕਿ "ਮੇਰੇ ਸਾਥੀ ਹੜਤਾਲ ਕਰਕੇ ਜਾਨ ਦੀ ਬਾਜ਼ੀ ਲਾਏ ਹੋਏ ਹਨ। ਸੰਤਰੇ ਲੈ ਕੇ ਮੈਂ ਗ਼ਦਾਰ ਨਹੀਂ ਬਣਨਾ ਤੂੰ ਇਹ ਵਾਪਸ ਲੈ ਜਾ।"[10] ਮਾਤਾ ਜੀ ਨੂੰ ਅਜਿਹਾ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਇਨ੍ਹਾਂ ਸਜ਼ਾਵਾਂ ਵਿਚ ਕੀਤੇ ਵਾਧੇ ਨਾਲ ਅੰਗਰੇਜ਼ ਅਧਿਕਾਰੀਆਂ ਦੀ ਤਸੱਲੀ ਨਹੀਂ ਸੀ ਹੋਈ ਕਿ ਹਫਤੇ ਕੁ ਬਾਅਦ ਉਨ੍ਹਾਂ ਨੇ ਕਾਬਲ ਸਿੰਘ ਨੂੰ ਬੈਂਤਾਂ ਮਾਰਨ ਦੀ ਸਜ਼ਾ ਦਾ ਗੁਪਤ ਫੈਸਲਾ ਲਿਆ। ਲੱਗਦਾ ਹੈ ਕਿ ਜੇਲ੍ਹ ਅਧਿਕਾਰੀਆਂ ਨੇ ਬੈਂਤਾਂ ਮਾਰਨ ਦਾ ਫੈਸਲਾ ਏਨੀ ਜਲਦੀ ਨਾਲ ਲਿਆ ਕਿ ਇਸ ਦੀ ਕਨਸੋਅ ਕਿਸੇ ਦੇ ਵੀ ਕੰਨਾਂ 'ਚ ਪੈਣ ਨਾ ਦਿੱਤੀ। ਪਰ ਕਿਸੇ ਨਾ ਕਿਸੇ ਤਰ੍ਹਾਂ ਇਹ ਗੱਲ ਜ਼ਿਲ੍ਹਾ ਜਲੰਧਰ ਦੇ ਪਿੰਡ ਕਾਲਰਾ ਦੇ ਮੱਸਾ ਸਿੰਘ ਜਿਹੜਾ ਜੇਲ੍ਹ ਅੰਦਰ ਲੰਬੜਦਾਰ ਸੀ ਨੇ ਸੁਣ ਲਈ। ਉਸ ਦੇ ਅੰਦਰ ਇਸ ਖ਼ੌਫ਼ਨਾਕ ਬੈਂਤਾਂ ਦੀ ਸਜ਼ਾ ਲਈ ਕਾਬਲ ਸਿੰਘ ਗੋਬਿੰਦਪੁਰੀ ਪ੍ਰਤੀ ਹਮਦਰਦੀ ਪੈਦਾ ਹੋ ਗਈ ਅਤੇ ਉਹ 23 ਸਤੰਬਰ 1923 ਨੂੰ ਦਿਨ ਦੇ ਚੜ੍ਹਨ ਤੋਂ ਪਹਿਲਾਂ ਹੀ ਕਾਬਲ ਸਿੰਘ ਕੋਲ ਪੁੱਜਾ। ਉਹ ਉਸ ਸਮੇਂ ਆਪਣੇ ਮਨ ਨੂੰ ਕਾਬੂ ਨਾ ਰੱਖ ਸਕਿਆ। ਉਸਨੇ ਰੋਂਦੇ ਹੋਏ ਕਾਬਲ ਸਿੰਘ ਨੂੰ ਦੱਸਿਆ ਕਿ ਜੇਲ੍ਹ ਦੇ ਅਧਿਕਾਰੀਆਂ ਨੇ ਉਸਨੂੰ 30 ਬੈਂਤਾਂ ਮਾਰਨ ਦਾ ਫੈਸਲਾ ਕੀਤਾ ਹੈ। ਜਿਹੜੀਆਂ ਦੁਸ਼ਮਣੀ ਦੀ ਭਾਵਨਾ ਨਾਲ ਪੂਰੇ ਜ਼ੋਰ ਨਾਲ ਮਰਵਾਈਆਂ ਜਾਣਗੀਆਂ।

ਮੱਸਾ ਸਿੰਘ ਗੁਆਂਢੀ ਪਿੰਡ ਦਾ ਹੋਣ ਕਰਕੇ ਹਮਦਰਦੀ ਭਰੇ ਲਹਿਜੇ ਨਾਲ ਉਸ ਨੇ ਕਾਬਲ ਸਿੰਘ ਨੂੰ ਪੇਸ਼ਕਸ਼ ਕੀਤੀ ਕਿ "ਉਸ ਪਾਸ ਦੇਣ ਨੂੰ ਸ਼ਰਾਬ ਤਾਂ ਨਹੀਂ ਪਰ ਥੋੜ੍ਹੀ ਅਫ਼ੀਮ ਹੈ ਜਿਸ ਨੂੰ ਖਾਣ ਨਾਲ ਬੈਂਤਾਂ ਦੀ ਪੀੜ ਘਟ ਮਹਿਸੂਸ ਹੋ ਜਾਵੇਗੀ। ਕਿਉਂਕਿ ਜੇਲ੍ਹ ਵਿਚਲੇ ਸਾਰੇ ਕੈਦੀਆਂ ਦੇ ਸਾਹਮਣੇ ਇਹ ਬੈਂਤਾਂ ਮਾਰੀਆਂ ਜਾਣਗੀਆਂ। ਇਸ ਦੌਰਾਨ ਕਿਸੇ ਕਿਸਮ ਦੀ ਕਮਜ਼ੋਰੀ ਇਲਾਕੇ ਦੇ ਸਿੱਖਾਂ ਦੀ ਬਦਨਾਮੀ ਜਾਂ ਹੇਠੀ ਦਾ ਕਾਰਨ ਨਾ ਬਣ ਜਾਏ।" ਮਾਸਟਰ ਕਾਬਲ ਸਿੰਘ ਵਲੋਂ ਉਸ ਦੀਆਂ ਹਮਦਰਦੀ ਭਰੀਆਂ ਗੱਲਾਂ ਸੁਣ ਕੇ ਆਪਣੇ-ਪਨ ਦਾ ਅਹਿਸਾਸ ਜਾਗਿਆ, ਜਿਸ ਨਾਲ ਉਸ ਅੰਦਰ ਸ਼ਕਤੀ ਦਾ ਸੰਚਾਰ ਹੋਇਆ। ਉਸ ਨੂੰ ਜਾਪਿਆ ਕਿ ਜੇਲ੍ਹ ਅੰਦਰਲੇ ਜ਼ਾਲਮਾਨਾ ਮਾਹੌਲ ਅੰਦਰ ਵੀ ਉਸਦਾ ਕੋਈ ਆਪਣਾ ਹੈ ਜਿਹਦੇ ਅੰਦਰ ਉਸ ਬਾਰੇ ਦਰਦ ਹੈ। ਇਸ ਹਮਦਰਦੀ ਭਰੀ ਸੂਚਨਾ ਪਹਿਲਾਂ ਮਿਲ ਜਾਣ

ਨਾਲ ਮਾਸਟਰ ਕਾਬਲ ਸਿੰਘ ਪੇਸ਼ ਆਉਣ ਵਾਲੇ ਜ਼ੁਲਮ ਦਾ ਸਾਹਮਣਾ ਕਰਨ ਲਈ ਉਸਨੂੰ ਮੌਕਾ ਆਪਣਾ ਮਨੋਬਲ ਬਣਾਉਣ ਦਾ ਮਿਲ ਗਿਆ ਸੀ। ਹੌਸਲੇ ਤੇ ਦਲੇਰੀ ਨਾਲ ਕਾਬਲ ਸਿੰਘ ਨੇ ਅਪਣੱਤ 'ਚ ਮੱਸਾ ਸਿੰਘ ਨੂੰ ਧੀਰਜ ਬਨਾਉਂਦੇ ਹੋਏ ਕਿਹਾ, "ਮੈਂ ਨਾ ਸ਼ਰਾਬ ਪੀ ਸਕਦਾ ਹਾਂ ਤੇ ਨਾ ਹੀ ਕੋਈ ਹੋਰ ਕੁਸੈਲੀ ਸ਼ੈਅ ਖਾ ਸਕਦਾ ਹਾਂ। ਪਰ ਯਕੀਨ ਰੱਖ ਮੇਰੇ ਪੈਰ ਨਹੀਂ ਥਿੜਕਦੇ! ਮੇਰੇ ਚਿਹਰੇ 'ਤੇ ਕੋਈ ਤਿਊੜੀ ਜਾਂ ਵਲ ਨਹੀਂ ਪਵੇਗਾ। ਕਿਸੇ ਕਿਸਮ ਦੀ ਕਮਜ਼ੋਰੀ ਨਹੀਂ ਦਿਖਾਵਾਂਗਾ। ਇਹ ਤਾਂ ਬੈਂਤਾਂ ਹਨ, ਜੇਕਰ ਮੈਨੂੰ ਟੋਟੇ-ਟੋਟੇ ਕਰ ਦਿੱਤਾ ਜਾਵੇ ਤਦ ਵੀ ਕੋਈ ਘਬਰਾਹਟ ਨਹੀਂ ਹੋਵੇਗੀ। ਮੇਰੇ ਸਾਹਮਣੇ ਤਾਂ ਇਕ ਉਦੇਸ਼ ਹੈ। ਪਰ ਸਾਡੇ ਭਰਾ ਜਦ ਆਪੋ ਵਿਚ ਲੜ ਕੇ ਵੱਢੇ ਟੁੱਕੇ ਜਾਂਦੇ ਹਨ ਤਾਂ ਉਹ ਸੀ ਨਹੀਂ ਕਰਦੇ। ਜੇਲ੍ਹ ਵਾਲੇ ਮੈਨੂੰ ਨੀਵਾਂ ਕਰਨ ਵਿਚ ਸਫ਼ਲ ਨਹੀਂ ਹੋਣਗੇ। ਨਿਸ਼ਚਾ ਰੱਖੋ।"[11]

ਮੱਸਾ ਸਿੰਘ ਦੇ ਜਾਣ ਤੋਂ ਘੰਟਾ ਡੇਢ ਘੰਟੇ ਬਾਅਦ ਮਿਤੀ 23 ਸਤੰਬਰ 1923 ਮਾਸਟਰ ਕਾਬਲ ਸਿੰਘ ਜੀ ਨੂੰ ਕੋਠੜੀ 'ਚੋਂ ਬਾਹਰ ਲੈ ਜਾ ਕੇ ਚੱਕਰ ਵਿਚ ਰੱਖੀ ਗਈ ਟਿਕਟਿਕੀ ਨਾਲ ਬੰਨ੍ਹ ਕੇ 30 ਬੈਂਤਾਂ ਮਾਰੀਆਂ ਗਈਆਂ, ਜਿਨ੍ਹਾਂ ਨਾਲ ਪਿੱਠ ਵਿਚੋਂ ਖ਼ੂਨ ਦੀਆਂ ਧਰਾਲਾਂ ਵਗ ਪਈਆਂ। ਉਹ ਹਰ ਬੈਂਤ ਲੱਗਣ ਤੇ ਬੜੇ ਜੋਸ਼ ਨਾਲ 'ਬੰਦੇ ਮਾਤਰਮ' ਕਹਿੰਦੇ ਰਹੇ। ਬੈਂਤਾਂ ਦੇ ਜ਼ਖ਼ਮ ਗਹਿਰੇ ਸਨ। ਪਰ ਬਹਾਦਰੀ ਨਾਲ ਕਾਬਲ ਸਿੰਘ ਬੈਂਤਾਂ ਦੀ ਮਾਰ ਖਾਣ ਤੋਂ ਬਾਅਦ ਆਪਣੀ ਕੋਠੜੀ ਵਿਚ ਚਲਾ ਗਿਆ, ਜਿੱਥੇ ਕਾਫੀ ਦਿਨ ਦੁਆ ਦਾਰੂ ਹੁੰਦਾ ਰਿਹਾ।

ਹਕੂਮਤ ਦੇ ਦੋਸ਼ੀਆਂ ਨੂੰ ਭਾਵੇਂ ਬੈਂਤਾਂ ਦੀ ਸਜ਼ਾ ਪਹਿਲਾਂ ਵੀ ਦਿੱਤੀ ਜਾਂਦੀ ਸੀ ਪਰ ਮਾਸਟਰ ਕਾਬਲ ਸਿੰਘ ਨੂੰ ਮਾਰੀਆਂ ਗਈਆਂ ਇਨ੍ਹਾਂ ਬੈਂਤਾਂ ਬਾਰੇ ਪੰਜਾਬ ਦੀਆਂ ਅਖ਼ਬਾਰਾਂ ਨੇ ਖ਼ਬਰਾਂ ਲਾਈਆਂ। ਗਿਆਨ ਚੰਦ, ਰਾਮ ਪਾਲ ਦੀ ਸੰਪਾਦਨਾ ਹੇਠ ਲਾਹੌਰ ਤੋਂ ਛਪਦੇ ਅਖ਼ਬਾਰ 'ਬੰਦੇ ਮਾਤਰਮ' ਵਿਚ ਅਮੀਰ ਚੰਦ ਬਮਿਆਲ* ਵਲੋਂ ਇਨ੍ਹਾਂ ਬੈਂਤਾਂ ਬਾਰੇ ਇਕ ਲੇਖ ਛਾਪਿਆ ਗਿਆ, ਜਿਸ ਨੇ ਤਹਿਲਕਾ ਮਚਾ ਦਿੱਤਾ ਸੀ। ਬੈਂਤਾਂ ਦੀ ਚਰਚਾ ਏਨੀ ਛਿੜੀ ਕਿ ਪਾਰਲੀਮੈਂਟ ਵਿਚ ਵੀ ਹੰਗਾਮਾ ਹੋਇਆ। ਮੈਂਬਰ ਪਾਰਲੀਮੈਂਟ ਕਰਨਲ ਵੈਜਵੁਡ ਬੈਨ ਨੇ ਇਸ ਸਜ਼ਾ ਸਬੰਧੀ ਸਵਾਲ ਖੜੇ ਕੀਤੇ। 'ਬੰਦੇ ਮਾਤਰਮ' ਅਖ਼ਬਾਰ ਵਲੋਂ ਲੇਖ ਛਾਪਣ ਤੇ ਸਰਕਾਰ ਨੇ ਅਖ਼ਬਾਰ ਦੇ ਲੇਖਕ 'ਤੇ ਹੱਤਕ ਇੱਜ਼ਤ ਦਾ ਮੁਕੱਦਮਾ ਚਲਾ ਦਿੱਤਾ ਅਤੇ 51 ਸੌ ਰੁਪਏ ਜੁਰਮਾਨਾ ਕੀਤਾ ਗਿਆ। ਇਨ੍ਹਾਂ ਬੈਂਤਾਂ ਬਾਰੇ ਅੱਖੀਂ ਡਿੱਠੇ ਹਾਲ ਸ. ਬੀਰ ਸਿੰਘ* ਵਲੋਂ ਰਿਹਾ ਹੋਣ ਤੇ ਦੱਸੇ ਗਏ ਸਨ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੋਰਾਂਵਾਲੀ ਦੇ ਰਹਿਣ ਵਾਲੇ ਬੀਰ ਸਿੰਘ ਸਵਾ ਸਾਲ ਕੈਦ ਦੀ ਸਜ਼ਾ ਭੁਗਤ ਕੇ 17 ਸਤੰਬਰ ਨੂੰ ਰਿਹਾ ਹੋ ਕੇ ਬਾਹਰ ਆਇਆ ਤਾਂ ਉਸਨੇ ਦੱਸਿਆ, "ਚਾਰ ਪੰਜ ਦਿਨ ਦੀ ਗੱਲ ਹੈ ਕਿ ਮਾਸਟਰ ਕਾਬਲ ਸਿੰਘ ਜੀ ਨੂੰ 30 ਬੈਂਤ ਬੜੀ ਬੇਦਰਦੀ ਨਾਲ ਮਾਰੇ ਗਏ ਜੋ ਕਿ ਉਨ੍ਹਾਂ ਨੇ ਬੜੇ ਹੌਸਲੇ ਨਾਲ ਸਹਾਰੇ। ਪਰ ਹੁਣ ਉਹ ਬੜੇ ਕਮਜ਼ੋਰ ਹਨ ਤੇ ਅੱਡ ਕੋਠੜੀ ਵਿਚ ਬੰਦ ਹਨ।

ਉਨ੍ਹਾਂ ਨੂੰ 15 ਸੇਰ ਦਾਣੇ ਪੀਹਣ ਲਈ ਦਿੱਤੇ ਜਾਂਦੇ ਹਨ। ਇਸ ਸਜ਼ਾ ਦਾ ਪਤਾ ਤਾਂ ਨਹੀਂ ਲੱਗਾ ਪਰ ਉਨ੍ਹਾਂ 'ਤੇ ਸਖ਼ਤੀ ਬੇਹਦ ਹੋ ਰਹੀ ਹੈ।"[12]

ਭਾਈ ਬੀਰ ਸਿੰਘ ਇਕ ਇਨਕਲਾਬੀ ਦੇਸ਼ ਭਗਤ ਸਨ ਜਿਨ੍ਹਾਂ ਦੇ ਦੱਸਣ ਤੋਂ ਕੁਝ ਦਿਨਾਂ ਪਿੱਛੋਂ ਇਹ ਖ਼ਬਰ ਆਈ, "ਮਾਸਟਰ ਕਾਬਲ ਸਿੰਘ ਜੀ, ਜਿਨ੍ਹਾਂ ਨੂੰ ਜੇਲ੍ਹ ਦੇ ਕਾਨੂੰਨ ਤੋੜਨ ਪਿੱਛੋਂ ਦੋ ਸਾਲ ਦੀ ਹੋਰ ਸਜ਼ਾ ਦਿੱਤੀ ਗਈ ਸੀ, ਨੂੰ ਹੁਣ ਮੁਲਤਾਨ ਜੇਲ੍ਹ ਵਿਚ ਬੜਾ ਸਖ਼ਤ ਮਾਰਿਆ ਗਿਆ ਹੈ। ਉਨ੍ਹਾਂ ਉੱਪਰ ਏਨੀ ਸਖ਼ਤੀ ਹੋ ਰਹੀ ਹੈ ਕਿ ਉਨ੍ਹਾਂ ਦੀ ਜਾਨ ਖ਼ਤਰੇ ਵਿਚ ਹੈ।"[13]

ਮਾਰੀਆਂ ਗਈਆਂ ਬੈਂਤਾਂ ਸਬੰਧੀ ਸ਼੍ਰੋਮਣੀ ਕਮੇਟੀ ਵਲੋਂ ਵੀ ਇਕ ਐਲਾਨ ਛਾਪਿਆ ਜਿਹੜਾ "ਐਲਾਨ ਨੰ: 141" ਕਰਕੇ ਜਾਣਿਆ ਜਾਂਦਾ ਹੈ। ਜਿਸ ਵਿਚ ਮਾਸਟਰ ਕਾਬਲ ਸਿੰਘ ਉਪਰ ਕੀਤੀ ਵਹਿਸ਼ੀਆਨਾ ਕਾਰਵਾਈ ਬਾਰੇ ਕਿਹਾ ਗਿਆ:

> "ਮਾਸਟਰ ਕਾਬਲ ਸਿੰਘ ਦੀ ਹਾਲਤ ਨਾਜ਼ੁਕ ਹੈ! ਇਹ ਐਲਾਨ ਕੀਤਾ ਗਿਆ ਹੈ ਕਿ ਕਾਬਲ ਸਿੰਘ ਜੀ ਪੰਥ ਦੇ ਸੇਵਕ ਨੂੰ, ਜਿਹੜੇ ਇਸ ਵੇਲੇ ਮੁਲਤਾਨ ਸੈਂਟਰ ਜੇਲ੍ਹ ਵਿਚ ਹਨ ਪਿੱਛੇ ਜਿਹੇ ਬੈਂਤਾਂ ਦੀ ਸਖ਼ਤ ਸਜ਼ਾ ਦਿੱਤੀ ਗਈ ਸੀ, ਹਾਲਾਂਕਿ ਉਨ੍ਹਾਂ ਨੂੰ ਉਸ ਵਕਤ ਬੁਖ਼ਾਰ ਵੀ ਆਉਂਦਾ ਸੀ। ਇਹ ਪਤਾ ਲੱਗਾ ਹੈ ਕਿ ਹੁਣ ਉਨ੍ਹਾਂ ਦੀ ਹਾਲਤ ਨਾਜ਼ੁਕ ਹੈ। ਇਹ ਵੀ ਪਤਾ ਲੱਗਾ ਹੈ ਕਿ ਜੇਲ੍ਹ ਦੇ ਅਫ਼ਸਰਾਂ ਨੇ ਉਨ੍ਹਾਂ ਨੂੰ ਹੋਰ ਦੋ ਸਾਲ ਦੀ ਸਜ਼ਾ ਦਿਵਾ ਦਿੱਤੀ ਹੈ। ਮਾਸਟਰ ਜੀ ਦੇ ਭਰਾ ਭਾਈ ਹਰੀ ਸਿੰਘ ਨੇ ਉਨ੍ਹਾਂ ਦੀ ਮੁਲਾਕਾਤ ਲਈ ਦਰਖਾਸਤ ਕੀਤੀ ਪਰ ਜੇਲ੍ਹ ਦੇ ਅਫਸਰਾਂ ਨੇ ਇਹ ਕਹਿ ਕੇ ਮਾਸਟਰ ਜੀ ਨੂੰ ਮੁਲਾਕਾਤ ਕਰਨ ਦੀ ਆਗਿਆ ਨਹੀਂ ਦਿੱਤੀ ਕਿ ਦਰਖਾਸਤ ਨਾ ਮਨਜ਼ੂਰ ਕਰ ਦਿੱਤੀ ਗਈ ਹੈ। ਇਹ ਦੱਸਣਾ ਜ਼ਰੂਰੀ ਹੈ ਕਿ ਜਦ ਤੋਂ ਮਾਸਟਰ ਕਾਬਲ ਸਿੰਘ ਜੀ ਕੈਦ ਹੋਏ ਹਨ ਉਨ੍ਹਾਂ ਨੂੰ ਕਿਸੇ ਵੀ ਰਿਸ਼ਤੇਦਾਰ ਨਾਲ ਮਿਲਣ ਦੀ ਆਗਿਆ ਨਹੀਂ ਦਿੱਤੀ ਗਈ।"[14]

ਉਸ ਸਮੇਂ ਮੁਲਤਾਨ ਜੇਲ੍ਹ ਅੰਦਰ ਸਮਕਾਲੀ ਇਨਕਲਾਬੀ ਦੇਸ਼ ਭਗਤ ਕਾਮਰੇਡ ਅਰਜਨ ਸਿੰਘ ਗੜਗੱਜ ਵੀ ਕੈਦ ਸਨ। ਉਹ ਮੁਲਤਾਨ ਜੇਲ੍ਹ ਵਿਚ ਵਾਪਰੇ ਇਸ ਘਿਣਾਉਣੇ ਕਾਂਡ ਬਾਰੇ ਲਿਖਦੇ ਹਨ ਕਿ, "ਸਾਨੂੰ ਛੇਆਂ ਜਣਿਆਂ ਨੂੰ ਮੁਲਤਾਨ ਸੈਂਟਰ ਜੇਲ੍ਹ ਵਿਚ ਲੈ ਜਾਣ ਲਈ ਬੇੜੀਆਂ ਲਾ ਦਿੱਤੀਆਂ ਗਈਆਂ ਅਤੇ ਹੱਥਕੜੀਆਂ ਲਾ ਕੇ ਲਾਹੌਰ ਸਟੇਸ਼ਨ ਉੱਤੇ ਲਿਜਾਇਆ ਗਿਆ। ਗੱਡੀ ਚੜ੍ਹਨ ਉਪਰੰਤ ਪਤਾ ਲੱਗਾ ਕਿ ਸਾਨੂੰ ਮੁਲਤਾਨ ਲਿਜਾਇਆ ਜਾ ਰਿਹਾ ਹੈ। ਖ਼ੈਰ ਸਾਨੂੰ ਮੁਲਤਾਨ ਸੈਂਟਰਲ ਜੇਲ੍ਹ (ਪੁਰਾਣੀ) ਲਿਜਾਇਆ ਗਿਆ। ਜਾਂਦਿਆਂ ਹੀ ਵੀਹ ਚੱਕੀਆਂ, ਜੋ ਕਿ ਡਿਉੜੀ ਦੇ ਨਜ਼ਦੀਕ ਹੀ ਸਨ, ਉਨ੍ਹਾਂ ਵਿਚ ਰੱਖਿਆ ਗਿਆ। ਉਸ ਵੇਲੇ ਉਨ੍ਹਾਂ ਚੱਕੀਆਂ ਵਿਚ ਪ੍ਰਸਿੱਧ-ਪ੍ਰਸਿੱਧ ਇਹ ਸੱਜਣ ਸਨ। ਮਾ. ਕਾਬਲ ਸਿੰਘ ਜੀ ਗੋਬਿੰਦਪੁਰੀ ਪੰ.

ਚੰਬਾ ਰਾਮ ਮਹਿਤਪੁਰ (ਨਕੋਦਰ), ਬਾਬਾ ਈਸ਼ਰ ਸਿੰਘ ਜੀ ਮਰਹਾਣਾ, ਲਾਲਾ ਮੇਹਰ ਚੰਦ ਜਲੰਧਰ (ਪੰਡੋਰੀ ਨਿੱਜਰਾਂ), ਲਾਲਾ ਬੇਲੀ ਰਾਮ ਜਲੰਧਰ ਆਦਿ। ਇਨ੍ਹਾਂ ਚੱਕੀਆਂ ਵਿਚ 18-18 ਸੇਰ ਪੱਕੇ ਦਾਣੇ ਪੀਹਣ ਲਈ ਦਿੱਤੇ ਜਾਂਦੇ। ਖੜੀ ਚੱਕੀ, ਬੈਠਵੀਆਂ ਚੱਕੀਆਂ ਸਨ। ਉਸ ਜੇਲ੍ਹ ਵਿਚ ਸਾਰੇ ਦੇ ਸਾਰੇ ਪੁਰਾਣੇ ਕੈਦੀ ਸਨ ਜਿਨ੍ਹਾਂ ਨੇ ਮੁਲਤਾਨ ਜੇਲ੍ਹ ਦੀਆਂ ਨਾ ਭੁੱਲਣ ਵਾਲੀਆਂ ਅਸਹਿ ਸਖ਼ਤੀਆਂ ਬਰਦਾਸਤ ਕੀਤੀਆਂ ਹੋਈਆਂ ਸਨ। ਮਾਸਟਰ ਕਾਬਲ ਸਿੰਘ ਜੀ ਨੇ ਤਾਂ 30 ਬੈਂਤਾਂ ਵੀ ਖਾਧੀਆਂ ਸਨ ਅਤੇ ਕਈ ਵੇਰ ਭੁੱਖ ਹੜਤਾਲ ਕਰਕੇ ਕੈਦ ਵੀ ਵਧਵਾ ਲਈ ਸੀ। ਅਗੋਂ ਜਾ ਕੇ ਮੁਲਤਾਨ ਜੇਲ੍ਹ ਵਿਚ ਕੁਝ ਕੈਦੀ ਲੜਕਿਆਂ ਨੂੰ ਚੱਕੀਆਂ ਵਿਚ ਲੈ ਗਏ। ਅਸੀਂ ਪ੍ਰੋਟੈਸਟ ਕੀਤਾ ਕਿ ਚੱਕੀਆਂ ਵਿਚ ਪਠਾਣ ਨੰਬਰਦਾਰ ਉਨ੍ਹਾਂ ਨੂੰ ਤੰਗ ਕਰਨਗੇ ਪਰ ਕਿਸੇ ਨੇ ਨਾ ਸੁਣਿਆ। ਇਸ ਕਰਕੇ ਅਸਾਂ ਭੁੱਖ ਹੜਤਾਲ ਕਰ ਦਿੱਤੀ। ਮਾਸਟਰ ਕਾਬਲ ਸਿੰਘ ਗੋਬਿੰਦਪੁਰੀ, ਸ. ਬਲਬੰਤ ਸਿੰਘ ਜੀ ਦੁਖੀਆ (ਉਰਫ਼ ਲੰਡਨ ਤੋੜ ਸਿੰਘ) ਸ. ਪ੍ਰਤਾਪ ਸਿੰਘ, ਸ. ਦਿਲਦਾਰ ਸਿੰਘ ਅਤੇ ਇਕ ਹੋਰ ਸੱਜਣ ਨੇ ਡੇਢ ਮਹੀਨਾ ਲਗਾਤਾਰ ਭੁੱਖ-ਹੜਤਾਲ ਰੱਖੀ ਤਾਂ ਜਾ ਕੇ ਸਾਡੀ ਮੰਗ ਪੂਰੀ ਹੋਈ।"[15]

ਗੜਗੱਜ ਅੱਗੇ ਲਿਖਦੇ ਹਨ ਕਿ, "ਅਕਤੂਬਰ 1924 ਨੂੰ ਜਦੋਂ ਉਸਦਾ ਚਲਾਨ ਅੰਮ੍ਰਿਤਸਰ ਤੋਂ ਰਾਵਲਪਿੰਡੀ ਜੇਲ੍ਹ ਦਾ ਕਰ ਦਿੱਤਾ ਗਿਆ ਤਾਂ ਇਸ ਜੇਲ੍ਹ ਵਿਚ ਉਸ ਸਮੇਂ ਤਿੰਨ ਸੌ ਦੇ ਕਰੀਬ ਕੈਦੀ ਸਨ। ਜਿਨ੍ਹਾਂ ਵਿਚੋਂ ਗਿਆਨੀ ਸਰਦਾਰਾ ਸਿੰਘ ਨਾਗਰਾ, ਗਿਆਨੀ ਹਰੀ ਸਿੰਘ ਜੀ ਗੁਜਰਖਾਨੀ, ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਤੇ ਬਾਬਾ ਭਗਵਾਨ ਸਿੰਘ ਦੁਸਾਂਝ ਕਲਾਂ ਆਦਿ ਪ੍ਰਸਿੱਧ ਦੇਸ਼ ਭਗਤ ਸਨ।" ਬੈਂਤਾਂ ਦੀ ਸਜ਼ਾ ਬਾਰੇ ਸਮਕਾਲੀ ਅਮਰ ਸਿੰਘ ਤੇਗ ਨੇ ਆਪਣੀ ਪੁਸਤਕ ਵਿਚ ਇੰਜ ਲਿਖਿਆ ਹੈ:

> ਮਾਸਟਰ ਕਾਬਲ ਸਿੰਘ ਬੜਾ ਜੋਸ਼ੀਲਾ ਤੇ ਅਣਖੀਲਾ ਦੇਸ਼-ਭਗਤ ਸੀ। ਉਸਨੂੰ ਵੀ ਹੁਕਮ ਅਦੂਲੀ ਦਾ ਬਹਾਨਾ ਲਾ ਕੇ 30 ਬੈਂਤਾਂ ਦਾ ਹੁਕਮ ਸੁਣਾ ਦਿੱਤਾ ਗਿਆ ਸੀ। ਇਸ ਸਜ਼ਾ ਨਾਲ ਉਸਦੇ ਸਰੀਰ ਵਿਚੋਂ ਲਹੂ ਤੇ ਮਿੰਝ ਦੀਆਂ ਧਾਰਾਂ ਨਿਕਲ ਆਈਆਂ ਸਨ। ਮਾਸ ਦੀਆਂ ਬੋਟੀਆਂ ਉਧੜਨ ਲੱਗੀਆਂ, ਪਰ ਉਹ ਸੂਰਮਾ ਹਰ ਬੈਂਤ ਲਗਦਿਆਂ ਸਾਰ ਜੈਕਾਰਾ ਛੱਡ ਦਿੰਦਾ ਸੀ, ਜਦੋਂ ਇਹ ਖ਼ਬਰਾਂ ਲਾਹੌਰ ਦੇ ਅਖ਼ਬਾਰ "ਬੰਦੇ ਮਾਤਰਮ" ਵਿਚ ਛਪੀਆਂ ਤਾਂ ਲੋਕਾਂ ਵਿਚ ਮੁਲਤਾਨ ਜੇਲ੍ਹ ਦੇ ਅਤਿਆਚਾਰਾਂ ਦੀ ਹਾਹਾਕਾਰ ਮਚ ਉੱਠੀ। ਜ਼ਾਲਮ ਜੇਲ੍ਹ ਕਰਮਚਾਰੀਆਂ ਦੀ ਚਰਚਾ ਤੋਂ ਮਜ਼ਬੂਰ ਹੋ ਕੇ ਗੋਰੀ ਸਰਕਾਰ ਨੂੰ ਇਨ੍ਹਾਂ ਜ਼ੁਲਮਾਂ ਦੀ ਪੜਤਾਲ ਲਈ ਇਕ ਕਮੇਟੀ ਬਣਾਉਣੀ ਪਈ। ਪੜਤਾਲੀ ਕਮੇਟੀ ਜਦ ਜੇਲ੍ਹ ਵਿਚ ਪੁੱਜੀ ਤਾਂ ਸ. ਮਹਿੰਦਰ ਸਿੰਘ ਸਿੱਧਵਾਂ, ਊਧਮ ਸਿੰਘ ਨਾਗੋਕੇ, ਸ. ਫੌਜਾ ਸਿੰਘ ਭੁੱਲਰ ਆਦਿ ਆਗੂ ਕੈਦੀਆਂ ਨੇ ਕਮੇਟੀ ਨੂੰ ਕਿਹਾ,

"ਅਸੀਂ ਇਸ ਸ਼ਰਤ ਉੱਤੇ ਬਿਆਨ ਦਿੰਦੇ ਹਾਂ ਕਿ ਜੇ ਸਾਨੂੰ ਇਸ ਜੇਲ੍ਹ ਵਿਚ ਨਾ ਰੱਖਿਆ ਜਾਏ।" ਕਮੇਟੀ ਨੇ ਇਹ ਸ਼ਰਤ ਮੰਨ ਲਈ ਸੀ। ਉਨ੍ਹਾਂ ਦੇ ਬਿਆਨਾਂ ਨੇ ਜੇਲ੍ਹ ਦੇ ਜ਼ੁਲਮ ਵੇਰਵੇ ਸਹਿਤ, ਇਕ ਇਕ ਕਰਕੇ ਨੰਗੇ ਕੀਤੇ, ਪਰ ਕਮੇਟੀ ਦੀ ਰਿਪੋਰਟ ਦਾ ਕੋਈ ਅਸਰ ਨਾ ਹੋਇਆ, ਸਗੋਂ ਪਿੱਛੋਂ ਬਹਾਨਾ ਬਣਾ ਕੇ 'ਬੰਦੇ ਮਾਤਰਮ' ਦੇ ਐਡੀਟਰ ਨੂੰ ਕੈਦ ਕਰਕੇ ਜੇਲ੍ਹ ਭੇਜ ਦਿੱਤਾ ਸੀ।[16]

ਮੁਲਤਾਨ ਸੈਂਟਰ ਜੇਲ੍ਹ ਵਿਚ ਉਨ੍ਹਾਂ ਨਾਲ ਉਸ ਸਮੇਂ ਦੁਆਬੇ ਦੇ ਦੇਸ਼ ਭਗਤਾਂ ਵਿਚ ਗਿਆਨੀ ਪ੍ਰਤਾਪ ਸਿੰਘ, ਪੰਡਤ ਮੇਹਰ ਚੰਦ ਪੰਡੋਰੀ ਨਿੱਝਰਾਂ, ਸਰਦਾਰਾ ਸਿੰਘ ਨਾਗਰਾ, ਪੰਡਤ ਚੰਬਾ ਰਾਮ ਜੀ ਮਹਿਤਪੁਰ, ਬਲਬੰਤ ਸਿੰਘ 'ਦੁਖੀਆ', ਅਰਜਨ ਸਿੰਘ ਸੱਚ ਖੜੌਦੀ ਸਨ ਜਿਨ੍ਹਾਂ ਨੂੰ ਮਾਸਟਰ ਕਾਬਲ ਸਿੰਘ ਵਾਲੀ ਘਟਨਾ ਤੋਂ ਪਿਛੋਂ ਵੱਖ-ਵੱਖ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ ਸੀ। ਇਸ ਤਰ੍ਹਾਂ ਪੰਜਾਬ ਦੀਆਂ ਜੇਲ੍ਹਾਂ ਵਿਚ ਸਿਆਸੀ ਕੈਦੀਆਂ ਵਲੋਂ ਜੇਲ੍ਹਾਂ ਅੰਦਰ ਸੁਧਾਰ ਕਰਨ ਦੀ ਮੰਗ ਜ਼ੋਰ ਫੜ੍ਹ ਗਈ ਸੀ। ਮਾਸਟਰ ਕਾਬਲ ਸਿੰਘ ਕਮਜ਼ੋਰ ਸਨ ਉਨ੍ਹਾਂ ਆਪਣੀ ਮਾਤਾ ਦੇ ਨਾਂ ਤਾਰ ਭੇਜੀ।ਉਸ ਸਮੇਂ ਤਾਰ ਆਉਣੀ ਕਿਸੇ ਦੁਖਦਾਈ ਹਾਦਸੇ ਦਾ ਪ੍ਰਮਾਣ ਸਮਝਿਆ ਜਾਂਦਾ ਸੀ, 'ਮੌਤ ਦਾ ਪੈਗਾਮ' ਮਾਤਾ ਜੀ ਨੂੰ ਤਾਰ ਮਿਲੀ, ਤਾਰ ਦੇਖ ਕੇ ਮਾਤਾ ਜੀ ਨੇ ਹੋਕਾ ਲਿਆ ਤੇ ਗਸ਼ ਖਾ ਕੇ ਡਿਗ ਪਈ। ਆਲੇ ਦੁਆਲੇ ਇਕੱਠੇ ਹੋਇਆਂ ਨੇ ਜਦੋਂ ਤਾਰ ਪੜਾਈ ਤਾਂ ਉਸ ਵਿਚ ਰਾਜੀ ਖੁਸ਼ੀ ਦੀ ਖ਼ਬਰ ਸੀ ਜਿਹੜੀ ਮਾਤਾ ਨੂੰ ਬੜੀ ਮੁਸ਼ਕਲ ਨਾਲ ਸੁਣਾਈ ਗਈ ਤਾਂ ਸੁਣ ਕੇ ਮਾਤਾ ਹੋਸ਼ ਵਿਚ ਆਈ।"

ਸਪੈਸ਼ਲ ਜੇਲ੍ਹ, ਦੇ ਰਾਜਸੀ ਕੈਦੀਆਂ ਵਲੋਂ ਪੰਜਾਬ ਸਰਕਾਰ ਨੂੰ ਚਿਤਾਵਨੀ ਵਜੋਂ ਦਿੱਤਾ ਗਿਆ 'ਮੇਜਰਨਾਮਾ' ਵਿਚ ਕਿਹਾ ਗਿਆ ਸੀ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ 'ਸੀ' ਕਲਾਸ ਦੇ ਰਾਜਸੀ ਕੈਦੀਆਂ ਨਾਲ ਜੋ ਭੈੜਾ ਸਲੂਕ ਹੁੰਦਾ ਹੈ ਉਹ ਬੰਦ ਕੀਤਾ ਜਾਵੇ ਨਹੀਂ ਤਾਂ ਅਸੀਂ ਕੋਈ ਹੋਰ ਕਦਮ ਉਠਾਵਾਂਗੇ। "ਅਕਾਲੀ ਤੇ ਪ੍ਰਦੇਸੀ ਅੰਮ੍ਰਿਤਸਰ" ਅਖ਼ਬਾਰ ਨੇ ਸਾਜਿਸ਼ ਤਹਿਤ ਕਾਬਲ ਸਿੰਘ ਗੋਬਿੰਦਪੁਰੀ ਨੂੰ ਮਾਰੀਆਂ ਬੈਂਤਾਂ ਦਾ ਖੁਲਾਸਾ 'ਮੁਲਤਾਨ ਸੈਂਟਰਲ ਜੇਲ੍ਹ ਦੇ ਜ਼ੁਲਮ!' ਸਿਰਲੇਖ ਹੇਠ ਛਾਪੀ ਰਿਪੋਰਟ ਵਿਚ ਕੀਤਾ।

**ਮਾਸਟਰ ਕਾਬਲ ਸਿੰਘ ਜੀ ਨੂੰ ਬੈਂਤ ਕਿਸ ਤਰ੍ਹਾਂ ਮਾਰੇ ਗਏ:** ਅਸੀਂ ਕਈ ਵੇਰਾਂ ਵੰਗਾਰਿਆ ਹੈ ਕਿ ਅਸੀਂ ਜ਼ਾਲਮ ਵਾਦੀਆਂ ਦੇ ਜ਼ੁਲਮ ਸਾਬਤ ਕਰ ਸਕਦੇ ਹਾਂ ਜੋ ਹਰ ਤਰ੍ਹਾਂ ਦੀ ਬੇਕਾਨੂੰਨੀ ਦੇ ਆਸਰੇ ਜ਼ੁਲਮ ਕਰਦੇ ਹਨ। ਹੁਣ ਜੋ ਥੋੜੇ ਦਿਨ ਹੋਏ ਹਨ ਕਿ ਮਾਸਟਰ ਕਾਬਲ ਸਿੰਘ ਜੀ ਨੂੰ ੩੦ ਬੈਂਤ ਮਾਰੇ ਗਏ ਸਨ ਉਨ੍ਹਾਂ ਦਾ ਪੂਰਾ ਹਾਲ ਪਤਾ ਲੱਗਾ ਹੈ। ਮਾਸਟਰ ਕਾਬਲ ਸਿੰਘ ਜੀ ਪੂਰੀ ਮੁਸ਼ੱਕਤ ਨਹੀਂ ਸਨ ਕਰ ਸਕਦੇ ਜਿਸ ਕਰਕੇ ਜੇਹਲ ਦੇ ਅਫਸਰਾਂ ਨੇ ਇਕ ਚਾਲ ਚਲੀ। ਨੰਬਰਦਾਰਾਂ ਨੂੰ

ਕਹਿ ਦਿਤਾ ਕਿ ਮਾਸਟਰ ਕਾਬਲ ਸਿੰਘ ਦੇ ਦਾਣੇ ਪੀਹ ਦਿਆ ਕਰਨ। ਨੰਬਰਦਾਰਾਂ ਨੇ ਹਦਾਇਤ ਮੁਤਾਬਕ ਆਪ ਦਾਣੇ ਪੀਹਣੇ ਸ਼ੁਰੂ ਕੀਤੇ। ਪਹਿਲੇ ਦਿਨ ਕੁਝ ਘਟ ਪੀਠੇ, ਫਿਰ ਹੌਲੀ ਹੌਲੀ ਵਧਾ ਕੇ ਪੂਰੇ ਪੀਹ ਦਿਤੇ ਜੋ ਮਾਸਟਰ ਕਾਬਲ ਸਿੰਘ ਜੀ ਦੇ ਨਾਮ ਦਰਜ ਹੁੰਦੇ ਰਹੇ। ਜਦ ਦੋ ਚਾਰ ਦਿਨ ਪੂਰੇ ਦਾਣੇ ਪੀਹਠ ਜਾਂਦੇ ਤਾਂ ਮਗਰੋਂ ਨੰਬਰਦਾਰਾਂ ਨੇ ਹਦਾਇਤ ਮੁਤਾਬਕ ਪੀਹਣੇ ਛਡ ਦਿਤੇ। ਮਾਸਟਰ ਕਾਬਲ ਸਿੰਘ ਜੀ ਤਾਂ ਪੀਹ ਹੀ ਨਹੀਂ ਸਨ ਸਕਦੇ। ਇਹ ਸਬੂਤ ਬਣਾ ਕੇ ਉਨ੍ਹਾਂ ਉੱਤੇ ਇਹ ਇਲਜ਼ਾਮ ਲਾਇਆ ਗਿਆ ਕਿ ਉਹ ਜਾਣ ਕੇ ਕੰਮ ਨਹੀਂ ਕਰਦੇ। ਇਸ ਇਲਜ਼ਾਮ ਵਿਚ ਉਨ੍ਹਾਂ ਨੂੰ ੩੦ ਬੈਂਤ ਮਾਰੇ ਗਏ ਜੋ ਉਨ੍ਹਾਂ ਨੇ ਅਸਮਾਨ ਵਲ ਅੱਖਾਂ ਕਰਕੇ ਚੁੱਪ ਕਰਕੇ ਖੜੇ ਹੋ ਕੇ ਬੜੀ ਬਹਾਦਰੀ ਨਾਲ ਖਾਧੇ। ਕੰਮ ਤਾਂ ਮਾਸਟਰ ਕਾਬਲ ਸਿੰਘ ਜੀ ਹੁਣ ਭੀ ਪੂਰਾ ਨਹੀਂ ਕਰ ਸਕਦੇ ਤੇ ਸੁਣਿਆ ਹੈ ਕਿ ਉਨ੍ਹਾਂ ਨੂੰ ਫਿਰ ਬੈਂਤ ਲਾਏ ਜਾਣਗੇ। ਏਓਂ ਭਾਸਦਾ ਹੈ ਕਿ ਮਾਸਟਰ ਕਾਬਲ ਸਿੰਘ ਨੇ ਉਸੇ ਜੇਲ੍ਹ ਵਿਚ ਸ਼ਹੀਦ ਹੋ ਜਾਣਾ ਹੈ। ਇਸ ਤੋਂ ਇਲਾਵਾ ਇਹ ਭੀ ਸੁਣਿਆ ਹੈ ਕਿ ਸਰਕਾਰ ਅਮਰ ਸਿੰਘ ਜੀ ਝਬਾਲ ਨੂੰ ਭੀ ਬੈਂਤ ਮਾਰਨ ਦੀ ਤਿਆਰੀ ਕਰ ਰਹੀ ਹੈ।

ਇਸ ਤਰ੍ਹਾਂ ਦੇ ਜ਼ੁਲਮਾਂ ਦਾ ਜਿਮੇਂਵਾਰ ਵਾਦੀਆਂ ਹੈ, ਜੋ ਕਿਸੇ ਕਾਨੂਨ ਦੀ ਜ਼ਰਾ ਪਰਵਾਹ ਨਹੀਂ ਕਰਦਾ। ਜੋ ਵੀ ਉਸ ਪਾਸ ਕੋਈ ਆਪਣਾ ਦੁਖ ਦਸੇ ਤਾਂ ਏਸੇ ਜੁਰਮ ਵਿਚ ਓਹ ਸਿੰਘਾਂ ਨੂੰ ਸਜਾ ਦੇ ਦਿੰਦਾ ਹੈ। ਏਹ ਵਾਦੀਆਂ ਹੈ ਜਿਸਨੇ ਸਰਕਾਰ ਦੇ ਮੁਕੱਰਰ ਕੀਤੇ ਹੋਏ ਗੈਰ ਸਰਕਾਰੀ ਪੜਤਾਲੀਏ ਨੂੰ ਜੇਹਲ ਵਿਚ ਵੜਨ ਨਹੀਂ ਸੀ ਦਿਤਾ। ਮਲੂਮ ਏਉਂ ਹੁੰਦਾ ਹੈ ਕਿ ਵਾਦੀਆਂ ਨੂੰ ਇਨ੍ਹਾਂ ਬੇ-ਕਾਨੂਨੀਆਂ ਕਰਨ ਦੀ ਆਪਣੇ ਅਫ਼ਸਰਾਂ ਦੀ ਭੀ ਸ਼ਹਿ ਹੈ। ਇਸ ਹਦ ਦਰਜੇ ਦੇ ਜ਼ੁਲਮ ਦਾ ਇਲਾਜ ਸਾਨੂੰ ਤਾਂ ਕੋਈ ਨਹੀਂ ਸੁਝਦਾ, ਸਵਾਏ ਇਸਦੇ ਕਿ ਇਸ ਨੌਕਰਸ਼ਾਹੀ ਦਾ ਹੀ ਖਾਤਮਾ ਹੋਵੇ।"[17]

ਮਾਸਟਰ ਕਾਬਲ ਸਿੰਘ ਨੂੰ ਮਾਰੀਆਂ ਗਈਆਂ ਬੈਂਤਾਂ ਅਤੇ ਪੈਦਾ ਹੋਇਆ ਰੋਹ ਤੇ ਗੁੱਸੇ ਨੇ ਅੰਗਰੇਜ਼ੀ ਸਰਕਾਰ ਨੂੰ ਆਪਣੇ ਰਵੱਈਏ ਵਿਚ ਸੁਧਾਰ ਕਰਨ ਲਈ ਮਜ਼ਬੂਰ ਕਰ ਦਿੱਤਾ ਸੀ ਅਤੇ ਸਿੱਟੇ ਵਜੋਂ ਸਰਕਾਰ ਨੇ ਜੇਲ੍ਹ ਰਿਫਾਰਮਜ ਕਮਿਸ਼ਨ ਦਾ ਗਠਨ ਕੀਤਾ ਜਿਸ ਦੇ ਸਿੱਟੇ ਵਜੋਂ ਜੇਲ੍ਹਾਂ ਵਿਚ ਹੁਣ ਕੈਦੀਆਂ ਨੂੰ ਉਹ ਸਹੂਲਤਾਂ ਮੁਹੱਈਆਂ ਹੋ ਗਈਆਂ ਜਿਨ੍ਹਾਂ ਦੀ ਖਾਤਰ ਮਾਸਟਰ ਜੀ ਨੇ ਜਦੋ ਜਹਿਦ ਕੀਤੀ ਸੀ ਜਿਵੇਂ:

- ਕੈਦੀਆਂ ਨੂੰ ਨਹਾਉਣ ਪਿੱਛੋਂ ਕਪੜੇ ਬਦਲਣ ਸਮੇਂ ਦੋ ਗਜ਼ ਕਪੜਾ ਮਿਲਣਾ ਸ਼ੁਰੂ ਹੋ ਗਿਆ (ਜਿਸਨੂੰ ਪਰਨਾ ਜਾਂ ਸਾਫ਼ਾ, ਤੌਲੀਆ ਆਖਿਆ ਜਾਂਦਾ)

- ਕੈਦੀਆਂ ਨੂੰ ਥੱਲੇ ਵਿਛਾਉਣ ਲਈ ਪਹਿਲਾਂ ਕੰਬਲ ਦਿੱਤਾ ਜਾਂਦਾ ਸੀ ਹੁਣ ਵਿਛਾਉਣ ਲਈ ਦਰੀ ਦਿੱਤੀ ਜਾਣ ਲੱਗੀ।
- ਗਰਮੀਆਂ-ਸਰਦੀਆਂ ਨੂੰ ਵਰਤਣ ਲਈ ਕੰਬਲ ਦੀ ਥਾਂ ਗਰਮੀਆਂ ਨੂੰ ਖ਼ਦਰ ਦੀ ਚਾਦਰ ਅਤੇ ਸਰਦੀਆਂ 'ਚ ਰਜਾਈ ਦਿਤੀ ਜਾਣ ਲੱਗੀ।
- ਮਜ਼ਦੂਰੀ ਵਜੋਂ ਹਰ ਮਹੀਨੇ ਕੈਦੀ ਨੂੰ ਸਵਾ ਰੁਪਈਏ ਦੀ ਮੰਗ ਪੂਰੀ ਹੋ ਗਈ ਜਿਸ ਨਾਲ ਉਹ ਆਪਣੀਆਂ ਲੋੜਾਂ ਦੀ ਪੂਰਤੀ ਉਪਰ ਖ਼ਰਚ ਕਰ ਸਕਦਾ ਸੀ। ਇਹ ਮਾਸਟਰ ਜੀ ਦਾ ਜ਼ੁਲਮਾਂ ਦਾ ਸਾਹਮਣਾ ਕਰਨ ਦਾ ਨਤੀਜਾ ਸੀ ਕਿ ਪਹਿਲਾਂ ਜਿਸ ਕੈਦੀ ਕੋਲੋਂ ਗੁੜ ਜਾਂ ਸਿਗਰਟਾਂ ਫੜੇ ਜਾਣ ਤੇ ਸਜ਼ਾ ਦਿੱਤੀ ਜਾਂਦੀ ਸੀ, ਉਸ ਨੂੰ ਸਰਕਾਰ ਹੁਣ ਦੇਣਾ ਮਨ ਗਈ ਸੀ।
- ਕੈਦੀ ਦੇ ਗਲ ਵਿਚ ਸੰਗਲੀ ਪਾ ਕੇ ਤਖ਼ਤੀ ਲਟਕਾਈ ਜਾਂਦੀ ਸੀ ਇਸ ਨਾਲ ਧੌਣ ਉੱਪਰ ਜਖ਼ਮ ਹੋ ਜਾਂਦੇ ਜਾਂ ਸੌਣ ਵੇਲੇ ਖੁੱਭਦੀ। ਉਹ ਹੁਣ ਕੁੜਤੇ ਨਾਲ ਹੀ ਲਟਕਾਈ ਜਾਣ ਲੱਗੀ। ਇਨ੍ਹਾਂ ਮੰਗਾਂ ਦੀ ਪ੍ਰਾਪਤੀ ਲਈ ਦੇਸ਼ ਭਗਤ ਕੈਦੀਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਦਾਹਰਣ ਵਜੋਂ ਰੁੜਕਾ ਕਲਾਂ ਦੇ ਜੁਆਲਾ ਸਿੰਘ* ਨੂੰ ਪੰਚਾਇਤ ਮੈਂਬਰ ਦੀ ਹੈਸੀਅਤ ਵਿਚ ਇਕ ਦੋਸ਼ੀ ਦਾ ਮੂੰਹ ਕਾਲਾ ਕਰਨ ਨੂੰ ਅਪਰਾਧ ਮਨ ਨੇ ਅਦਾਲਤ ਨੇ ਪੰਜ ਸਾਲ ਕੈਦ ਦੀ ਸਜ਼ਾ ਦੇ ਦਿੱਤੀ ਸੀ। ਕੈਦ ਦੌਰਾਨ ਉਸਨੇ ਆਪਣੇ ਗਲ ਵਿਚੋਂ ਹੰਸਲੀ ਤੋੜ ਦਿੱਤੀ ਤਾਂ ਉਸ ਦੀ ਸਜ਼ਾ ਇਕ ਸਾਲ ਹੋਰ ਵਧਾ ਦਿੱਤੀ ਗਈ। ਇਹ ਸਭ ਜੇਲ੍ਹ ਅਧਿਕਾਰੀਆਂ ਨਾਲ ਇਨ੍ਹਾਂ ਦੇਸ਼ ਭਗਤਾਂ ਵਲੋਂ ਲਈਆਂ ਟੱਕਰਾਂ ਤੇ ਜ਼ੁਲਮਾਂ ਦਾ ਬਹਾਦਰੀ ਨਾਲ ਸਾਹਮਣਾ ਕਰਨ ਦੇ ਨਤੀਜੇ ਵਜੋਂ ਸੀ।

ਪੰਜਾਬ ਦੇ ਆਜ਼ਾਦੀ ਸੰਗਰਾਮ ਦੇ ਇਤਿਹਾਸ ਵਿਚ ਮਾਸਟਰ ਜੀ ਨੂੰ ਮਾਰੀਆਂ ਗਈਆਂ ਬੈਂਤਾਂ ਦੀ ਘਟਨਾ ਇਕ ਮੀਲ ਪੱਥਰ ਹੈ ਜਿਸ ਨੇ ਉਸ ਨੂੰ ਗੱਭਰੂ ਅਵਸਥਾ 'ਚ ਹੀ ਲੋਕ ਨਾਇਕ ਬਣਾ ਦਿੱਤਾ ਸੀ।

ਮਾਸਟਰ ਜੀ ਨੂੰ ਬੈਂਤਾਂ ਮਾਰੀਆਂ ਗਈਆਂ ਤਾਂ ਲੋਕਾਂ ਲਈ ਇਹ ਦੁਰਘਟਨਾ ਦੁਖਦਾਈ ਵੀ ਸੀ ਤੇ ਮਾਣਮੱਤੀ ਵੀ ਜਿਹੜੀ ਵਿਆਪਕ ਪੱਧਰ ਤੇ ਫੈਲ ਗਈ ਸੀ। ਗੁਰਚੈਨ ਸਿੰਘ ਵੱਲੋਂ ਜਾਣਕਾਰੀ ਅਨੁਸਰ ਇਕ ਗੋਰਾ ਅਧਿਕਾਰੀ ਇਸ ਘਟਨਾ ਤੋਂ ਪ੍ਰਭਾਵਤ ਹੋ ਕੇ ਮਾਸਟਰ ਜੀ ਦੀ ਮਾਤਾ ਦੇ ਦਰਸ਼ਨਾਂ ਲਈ ਪਿੰਡ ਪਹੁੰਚਿਆ। ਘਰ ਆਏ ਪੁਲਸੀਆਂ, ਸਰਕਾਰੀ ਅਧਿਕਾਰੀਆਂ ਨੂੰ ਦੇਖ ਕੇ ਮਾਤਾ ਰੋਹ ਵਿਚ ਆ ਜਾਂਦੀ ਸੀ। ਅੰਗਰੇਜ਼ ਨੂੰ ਦੇਖ ਕੇ ਰੋਹ 'ਚ ਆਈ ਮਾਤਾ ਉਸਨੂੰ ਵਧ ਘਟ ਬੋਲਣ ਲੱਗ ਪਈ ਤਾਂ ਅੰਗਰੇਜ਼ ਸ਼ਰਧਾਵਸ ਹੋਇਆ ਮਾਤਾ ਦੇ ਪੈਰਾਂ ਨੂੰ ਹੱਥ ਲਾਉਣ ਲਈ ਉਤਾਵਲਾ ਸੀ ਜਿਸਨੇ ਅਜਿਹੇ ਬਹਾਦਰ ਸੂਰਮੇ ਨੂੰ ਜਨਮ ਦਿੱਤਾ। ਇਸ ਘਟਨਾ ਦਾ ਚਸ਼ਮਦੀਨ ਗਵਾਹ ਪ੍ਰਤਾਪਾ ਰਾਮ ਆਧਰਮੀ ਜਿਹੜਾ ਮਾਸਟਰ ਦੇ ਘਰ ਦਾ ਕੰਮਕਾਰ ਕਰਦਾ ਹੁੰਦਾ ਸੀ ਦੇ ਦੱਸਣ ਅਨੁਸਾਰ, "ਜਦੋਂ ਗੋਰਾ ਮਾਤਾ ਕੋਲ ਆਇਆ ਤਾਂ ਉਸ ਨੇ ਆਪਣੀ ਅਭਿਲਾਸ਼ਾ

ਤੋਂ ਜਾਣੂ ਕਰਵਾਇਆ ਅਤੇ ਮਾਤਾ ਨੂੰ ਨਮਸਕਾਰ ਕਰਦਿਆਂ ਸਿਰ ਝੁਕਾਇਆ। ਇਹ ਦੇਖ ਕੇ ਮਾਤਾ ਹੱਕੀ-ਬੱਕੀ ਰਹਿ ਗਈ ਤਾਂ ਗੋਰੇ ਨੇ ਦੱਸਿਆ ਕਿ ਉਹ ਮਾਸਟਰ ਕਾਬਲ ਸਿੰਘ ਮਹਾਨ ਸੂਰਮੇ ਦੀ ਮਾਂ ਦੇ ਦਰਸ਼ਨ ਕਰਨਾ ਚਾਹੁੰਦਾ ਸੀ।"[18]

ਮਾਸਟਰ ਕਾਬਲ ਸਿੰਘ ਨੂੰ ਕੈਂਬਲਪੁਰ ਜੇਲ੍ਹ ਵਿਚ ਤੇ ਪਿੱਛੋਂ ਰਾਵਲ ਪਿੰਡੀ ਜੇਲ੍ਹ ਵਿਚ ਬਦਲ ਦਿੱਤਾ ਸੀ। ਉਸ ਨੂੰ ਰਾਵਲ ਪਿੰਡੀ ਜੇਲ੍ਹ ਵਿਚੋਂ 1927 ਦੇ ਸ਼ੁਰੂ 'ਚ ਰਿਹਾ ਕੀਤਾ ਗਿਆ। ਮਾਸਟਰ ਜੀ ਦੀ ਮਾਤਾ ਬਾਰੇ ਦੱਸਿਆ ਗਿਆ ਕਿ ਇਸ ਰਿਹਾਈ ਤੇ ਜਦੋਂ ਮਾਸਟਰ ਕਾਬਲ ਸਿੰਘ ਬੰਗਾ ਸਟੇਸ਼ਨ 'ਤੇ ਪੁੱਜੇ ਤਾਂ ਮਾਤਾ ਜੀ ਉਸਨੂੰ ਬਾਜੇ ਨਾਲ ਘਰ ਲਿਆਏ ਸਨ। ਇਸ ਪਿੱਛੋਂ ਮਾਤਾ ਦੀ ਮਮਤਾ ਦਾ ਉਛਲਣਾ ਜ਼ਰੂਰੀ ਸੀ ਕਿਉਂਕਿ ਉਸ ਲਈ ਤਾਂ ਪੁੱਤਰ ਦਾ ਨਵਾਂ ਜਨਮ ਸੀ। ਰਿਹਾ ਹੋ ਕੇ ਆਏ ਤਾਂ ਮਾਸਟਰ ਜੀ ਰਾਜਸੀ, ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿਚ ਸਰਗਰਮ ਹਿੱਸਾ ਲੈਣ ਲੱਗੇ।

## ਕਿਰਤੀ ਕਿਸਾਨ ਲਹਿਰ ਵਿਚ ਪ੍ਰਵੇਸ਼

**ਕਿਰਤੀ ਕਾਨਫਰੰਸ ਹੁਸ਼ਿਆਰਪੁਰ:**1927 ਵਿਚ ਰਿਹਾਈ ਤੋਂ ਬਾਅਦ ਪਿੰਡ ਆਉਣ ਸਮੇਂ ਪੰਜਾਬ ਦੇ ਰਾਜਸੀ ਵਾਤਾਵਰਨ ਵਿਚ ਜਮਾਤੀ ਚੇਤਨਾ ਪੈਦਾ ਹੋ ਗਈ ਸੀ। ਭਾਈ ਸੰਤੋਖ ਸਿੰਘ ਧਰਦਿਓ ਦੀ ਨਿਗਰਾਨੀ ਹੇਠ ਅੰਮ੍ਰਿਤਸਰ ਤੋਂ ਫਰਵਰੀ 1926 ਤੋਂ ਸ਼ੁਰੂ 'ਕਿਰਤੀ' ਮੈਗਜ਼ੀਨ ਨੇ ਜਮਾਤੀ ਤੌਰ ਤੇ ਇਸ ਵਾਤਾਵਰਨ ਨੂੰ ਬਲ ਦਿੱਤਾ ਤੇ ਹਿੰਦੁਸਤਾਨ ਵਿਚ ਕਮਿਊਨਿਸਟ ਪਾਰਟੀ ਬਣਾਉਣ ਦੀਆਂ ਵੱਖ-ਵੱਖ ਕਾਰਵਾਈਆਂ ਸ਼ੁਰੂ ਹੋ ਚੁੱਕੀਆਂ ਸਨ। ਇਸ ਸੰਦਰਭ ਵਿਚ ਹੀ ਕਿਰਤੀ ਲਹਿਰ ਦੀ ਪਹਿਲੀ ਕਾਨਫਰੰਸ ਹੁਸ਼ਿਆਰਪੁਰ ਵਿਚ ਰੱਖੀ ਗਈ। ਇਸ ਕਾਨਫਰੰਸ ਤੋਂ ਪਹਿਲਾਂ 4 ਅਕਤੂਬਰ 1927 ਨੂੰ ਹੁਸ਼ਿਆਰਪੁਰ ਵਿਚ ਸਿੱਖ-ਲੀਗ ਦੀ ਕਾਨਫਰੰਸ ਹੋਈ ਤਾਂ ਅਗਲੇ ਦਿਨ 'ਕਿਰਤੀ' ਮੈਗਜ਼ੀਨ ਦੇ ਪ੍ਰਬੰਧਕਾਂ ਵਲੋਂ ਉਸੇ ਸਥਾਨ ਉਤੇ ਕਿਰਤੀ ਕਿਸਾਨਾਂ ਦਾ ਇਕੱਠ ਪਹਿਲੀ ਵਾਰ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ। ਇਸ ਦਾ ਕਾਰਨ ਇਹ ਸੀ ਕਿ ਸਿੱਖ ਲੀਗ ਵਾਲੇ ਬਣੇ ਪੰਡਾਲ ਦੀ ਵਰਤੋਂ ਕਰਕੇ ਖਰਚੇ ਤੋਂ ਬਚਿਆ ਜਾ ਸਕੇ, ਪਰ ਪ੍ਰਬੰਧਕਾਂ ਨੇ ਉਥੇ ਵਿਛਾਏ ਸਲਵਾੜ ਉਪਰ ਲਾਏ ਸਾਮਿਆਨੇ ਸਮੇਤ ਸਾਰਾ ਸਮਾਨ ਉਥੋਂ ਉਤਾਰ ਦਿੱਤਾ। ਕਾਨਫਰੰਸ 5-6 ਅਕਤੂਬਰ ਨੂੰ ਹੋਈ। ਇਸ ਕਿਰਤੀ ਕਿਸਾਨ ਕਾਨਫਰੰਸ ਦੀ ਪ੍ਰਧਾਨਗੀ ਕਾ. ਸੋਹਣ ਸਿੰਘ ਜੋਸ਼ ਨੇ ਕੀਤੀ।

ਕਾਨਫਰੰਸ ਵਿਚ ਸਵਾਮੀ ਦਯਾ ਨੰਦ, ਪ੍ਰੋ. ਗੰਗਾ ਸਿੰਘ, ਦਰਸ਼ਨ ਸਿੰਘ ਫੇਰੂਮਾਨ, ਬਾਬਾ ਕਰਤਾਰ ਸਿੰਘ ਲਤਾਲਾ, ਬਾਬਾ ਖੜਕ ਸਿੰਘ, ਬਾਬਾ ਗੁਰਦਿੱਤ ਸਿੰਘ ਸਿਰਹਾਲੀ (ਕਾਮਾਗਾਟਾਮਾਰੂ), ਮਾਸਟਰ ਤਾਰਾ ਸਿੰਘ, ਭਾਈ ਮੰਗਲ ਸਿੰਘ, ਭਾਈ ਨਰਿੰਦਰ ਸਿੰਘ ਕੰਦੋਲਾ, ਭਗਤ ਸਿੰਘ ਜਾਮਕੇ, ਜਥੇ: ਊਧਮ ਸਿੰਘ ਨਾਗੋਕੇ,

ਭਾਈ ਨਾਹਰ ਸਿੰਘ ਫਤਹਿਗੜ੍ਹ, ਗਿਆਨੀ ਗੁਰਮੁਖ ਸਿੰਘ ਮੁਸਾਫਰ, ਬਾਬਾ ਈਸ਼ਰ ਸਿੰਘ ਮਰਹਾਣਾ, ਗਿਆਨੀ ਕਰਤਾਰ ਸਿੰਘ, ਬਾਬਾ ਭਾਗ ਸਿੰਘ ਕਨੇਡੀਅਨ, ਬਾਬਾ ਕਰਮ ਸਿੰਘ ਚੀਮਾ, ਭਾਈ ਭਗਵਾਨ ਸਿੰਘ ਦੁਸਾਂਝ ਕਲਾਂ ਸਮੇਤ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਇਸ ਦੋ ਦਿਨਾਂ ਕਾਨਫਰੰਸ ਵਿਚ ਸ਼ਾਮਲ ਹੋਏ ਸਨ।

ਵੱਖ-ਵੱਖ ਆਗੂਆਂ ਦੇ ਭਾਸ਼ਣਾਂ, ਮਤਿਆਂ ਤੋਂ ਇਲਾਵਾ ਕੁਝ ਮਤਿਆਂ ਨੂੰ ਪ੍ਰਵਾਨ ਕਰਾਉਣ ਲਈ ਸਹਿਮਤੀ ਕੀਤੀ ਗਈ। ਇਸੇ ਸਿਲਸਿਲੇ ਵਿਚ ਮਾਸਟਰ ਕਾਬਲ ਸਿੰਘ ਨੇ ਛੋਟੀ ਜਿਹੀ ਤਕਰੀਰ ਕਰਨ ਤੋਂ ਉਪਰੰਤ ਚੀਨ ਵਿਚ ਦੇਸ਼ ਭਗਤਾਂ ਦੀ ਗ੍ਰਿਫ਼ਤਾਰੀ ਦੇ ਵਿਰੁਧ ਮਤਾ ਪੇਸ਼ ਕੀਤਾ ਜਿਸ ਦਾ ਹੂ-ਬ-ਹੂ ਇਸ ਤਰ੍ਹਾਂ:

"ਇਹ ਕਿਰਤੀਆਂ ਦਾ ਭਾਰੀ ਇਕੱਠ ਭਾਈ ਗੇਂਦਾ ਸਿੰਘ ਜੀ*, ਭਾਈ ਦਸੌਂਧਾ ਸਿੰਘ ਜੀ ਤੇ ਭਾਈ ਗੱਜਣ ਸਿੰਘ ਜੀ ਨੂੰ ਸ਼ੰਘਾਈ ਦੀ ਅੰਗਰੇਜ਼ੀ ਸਰਕਾਰ ਵਲੋਂ ਕਿਰਤੀ ਭਰਾਵਾਂ ਦੀ ਹਮਦਰਦੀ ਰੱਖਣ ਬਦਲੇ ਭਾਰੀ ਸਜ਼ਾਵਾਂ ਦਿੱਤੀਆਂ ਜਾਣ ਪਰ ਸਖ਼ਤ ਘਿਰਣਾ ਪ੍ਰਗਟ ਕਰਦਾ ਹੈ ਅਤੇ ਉਕਤ ਭਾਈਆਂ ਦੇ ਕੰਮ ਦੀ ਸ਼ਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਵਧਾਈ ਦੇਂਦਾ ਹੈ।"[19]

ਇਸ ਮਤੇ ਦੀ ਤਾਈਦ ਉੱਘੇ ਗ਼ਦਰੀ ਕਰਤਾਰ ਸਿੰਘ ਲਤਾਲਾ ਨੇ ਕੀਤੀ ਅਤੇ ਇਹ ਮਤਾ ਸਰਬ ਸੰਮਤੀ ਨਾਲ ਪਾਸ ਹੋਇਆ। ਯਾਦ ਰਹੇ ਕਿ ਜਿਨ੍ਹਾਂ ਸੱਜਣਾ ਦੇ ਲਈ ਇਹ ਮਤਾ ਪੇਸ਼ ਹੋਇਆ ਉਹ ਚੀਨ ਦੀ ਗ਼ਦਰ ਪਾਰਟੀ ਦੇ ਆਗੂ ਸਨ ਜਿਨ੍ਹਾਂ ਦੇ ਵਿਰੁੱਧ ਅੰਗਰੇਜ਼ੀ ਹਕੂਮਤ ਨੇ ਬਦਲਾ ਲਊ ਨੀਤੀ ਧਾਰਨ ਕੀਤੀ ਹੋਈ ਸੀ। ਇਸ ਕਾਨਫਰੰਸ ਦੀ ਕਾਮਯਾਬੀ ਨੇ ਇਹ ਦਰਸਾ ਦਿੱਤਾ ਸੀ ਕਿ ਅੰਗਰੇਜ਼ ਬਸਤੀਵਾਦੀ ਦੇ ਦੌਰ ਵਿਚ ਜਮਾਤੀ ਤੌਰ ਤੇ ਕਿਰਤੀ ਕਿਸਾਨ ਆਪਣੀ ਹੋਂਦ ਅਤੇ ਤਾਕਤ ਨੂੰ ਪਹਿਚਾਨਣ ਦੇ ਯੋਗ ਹੋ ਗਏ ਸਨ। ਪੰਜਾਬ ਭਰ ਚੋਂ ਨੁਮਾਇੰਦਗੀ ਕਰਨ ਵਾਲੇ ਇਨ੍ਹਾਂ ਇਕੱਠੇ ਹੋਏ ਮੁਖੀ ਆਗੂਆਂ ਦੇ ਜੋਸ਼ ਤੇ ਹੁਲਾਸ ਨੂੰ ਦੇਖ ਕੇ 'ਕਿਰਤੀ' ਨੇ ਲਿਖਿਆ:

"ਇਸ ਤੋਂ ਮਾਲੂਮ ਹੁੰਦਾ ਹੈ ਕਿ ਕਿਰਤੀ ਲਹਿਰ ਸ਼ੁਰੂ-ਸ਼ੁਰੂ ਵਿਚ ਹੀ ਜਾਦੂ ਦਾ ਅਸਰ ਕਰ ਰਹੀ ਹੈ ਤੇ ਜਿਸ ਵੇਲੇ ਇਹ ਜੋਬਨ ਤੇ ਆ ਗਈ ਤਾਂ ਫੇਰ ਇਸ ਦੀਆਂ ਕਰਾਮਾਤਾਂ ਹੈਰਾਨ ਕਰਨ ਵਾਲੀਆਂ ਹੋਣਗੀਆਂ। ਇਸ ਕਾਨਫਰੰਸ ਨੇ ਸਾਨੂੰ ਯਕੀਨ ਦੁਆ ਦਿੱਤਾ ਹੈ ਕਿ ਜਿੰਨੀ ਛੇਤੀਂ ਕਿਰਤੀ ਅਸੂਲਾਂ ਦਾ ਪ੍ਰਚਾਰ ਏਥੇ ਪੰਜਾਬ ਵਿਚ ਹੋ ਸਕਦਾ ਹੈ ਹੋਰ ਕਿਤੇ ਨਹੀਂ ਹੋ ਸਕਦਾ।"[20]

ਠੀਕ ਇਸੇ ਸਮੇਂ ਸਿੱਖ ਲੀਗ ਦਾ ਭੋਗ ਪੈ ਗਿਆ ਅਤੇ ਕਿਰਤੀ ਕਿਸਾਨਾਂ ਨੂੰ ਜਥੇਬੰਦ ਕਰਨ ਦਾ ਰੁਝਾਨ ਜ਼ੋਰ ਫੜਨ ਲਗ ਗਿਆ ਸੀ।

## ਇਸਤਰੀਆਂ ਲਈ ਵਿਦਿਆ

ਮਾਸਟਰ ਕਾਬਲ ਸਿੰਘ ਨੇ ਕਿਸਾਨ ਲਹਿਰ ਦੇ ਨਾਲ-ਨਾਲ ਦੁਆਬੇ ਵਿਚ ਵਿਦਿਆ ਦੇ ਪਾਸਾਰ ਲਈ ਸਾਥੀਆਂ ਨਾਲ ਮਿਲ ਕੇ ਯਤਨ ਸ਼ੁਰੂ ਕਰਦਿਆਂ ਪਿੰਡ-

ਪਿੰਡ ਸਕੂਲ ਖੋਲ੍ਹਣ ਖਾਸ ਕਰਕੇ ਇਸਤਰੀ ਕਾਲਜ-ਸਕੂਲ ਆਦਿ ਖੋਲ੍ਹਣ ਦਾ ਰੁਝਾਨ ਪ੍ਰਵਾਸੀਆਂ ਦੀ ਯਕੀਨ-ਦਹਾਨੀ ਨਾਲ ਸ਼ੁਰੂ ਹੋ ਕੇ ਪੇਂਡੂ ਹਲਕਿਆਂ 'ਚ ਕਈ ਸਕੂਲ ਖੁੱਲ੍ਹ ਗਏ ਸਨ। ਇਸਤਰੀ ਕਾਲਜ ਖੋਲ੍ਹਣ ਵਾਸਤੇ ਫੰਡ ਇਕੱਤਰ ਕਰਨੇ ਵਿਦੇਸ਼ਾਂ ਵਿਚ ਸ਼ੁਰੂ ਹੋ ਗਏ ਸਨ। ਦੁਆਬੇ ਵਿਚ ਵੀ ਮਾਇਆ ਇਕੱਠੀ ਕਰਨੀ ਸ਼ੁਰੂ ਕੀਤੀ ਗਈ। ਸਿੱਟੇ ਵਜੋਂ ਇਕ ਲੱਖ ਦੇ ਕਰੀਬ ਰੁਪਈਆ ਇਕੱਠਾ ਹੋ ਗਿਆ ਤਾਂ ਇਸ ਸਬੰਧੀ ਸਲਾਹ ਕਰਨ ਲਈ ਸਰਦਾਰਾ ਸਿੰਘ ਨਾਗਰਾ, ਮਾਸਟਰ ਕਾਬਲ ਸਿੰਘ ਗੋਬਿੰਦਪੁਰੀ, ਵਤਨ ਸਿੰਘ ਨੰਗਲ ਕਲਾਂ ਅਤੇ ਹਰਨਾਮ ਸਿੰਘ ਭੱਜਲ ਦੁਆਰਾ ਮੀਟਿੰਗ ਕਰਨ ਦੀ ਅਪੀਲ ਕੀਤੀ ਗਈ ਸੀ। ਇਹ ਮੀਟਿੰਗ 'ਦੇਸ਼ ਸੇਵਕ' ਅਖ਼ਬਾਰ ਦੇ ਦਫਤਰ ਜਲੰਧਰ ਵਿਚ 24 ਜਨਵਰੀ 1928 ਨੂੰ ਰੱਖੀ ਗਈ ਸੀ।

ਛੇਤੀਂ ਹੀ ਅਗਲੀ ਮੀਟਿੰਗ 12 ਫਰਵਰੀ 1928 ਨੂੰ ਜਲੰਧਰ ਵਿਚ ਹੋਈ ਜਿਸ ਵਿਚ ਕੰਨਿਆਂ ਮਹਾਂ ਵਿਦਿਆਲਾ ਖੋਲ੍ਹਣ ਲਈ ਮੀਟਿੰਗ ਵਿਚ ਗਿਆਨੀ ਵਤਨ ਸਿੰਘ ਨੰਗਲ ਕਲਾਂ, ਗਿ. ਵਰਿਆਮ ਸਿੰਘ, ਹਰਭਜਨ ਸਿੰਘ ਭੱਜਲ, ਸ. ਪ੍ਰਤਾਪ ਸਿੰਘ ਸ਼ੰਕਰ ਐਮ.ਐਲ.ਏ. ਹਰਬਖਸ਼ ਸਿੰਘ, ਅਮਰ ਸਿੰਘ ਵਕੀਲ ਹੁਸ਼ਿਆਰਪੁਰ, ਬਾਬਾ ਭਾਗ ਸਿੰਘ ਕਨੇਡੀਅਨ, ਸ਼ਾਮ ਸਿੰਘ ਖੁਸਰੋਪੁਰ, ਜਥੇਦਾਰ ਕਰਮ ਸਿੰਘ, ਚੈਂਚਲ ਸਿੰਘ ਜੰਡਿਆਲਾ ਕਨੈਡੀਅਨ, ਸ. ਚੰਨਣ ਸਿੰਘ ਸ਼ੰਕਰ, ਸ. ਪ੍ਰਤਾਪ ਸਿੰਘ ਕੋਟ ਫਤੂਹੀ, ਬਾਬਾ ਭਗਵਾਨ ਸਿੰਘ ਦੁਸਾਂਝ ਕਲਾਂ, ਬਾਬੂ ਲਾਭ ਸਿੰਘ, ਸ. ਮੀਹਾਂ ਸਿੰਘ ਕਨੇਡੀਅਨ ਕੰਦੋਲਾ, ਦੀਦਾਰ ਸਿੰਘ ਸ਼ੰਕਰ, ਰਘਬੀਰ ਸਿੰਘ ਕੰਦੋਲਾ, ਕਰਮ ਸਿੰਘ ਬੋਲੀਨਾ (ਕਿਰਤੀ) ਅਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਸ਼ਾਮਲ ਹੋਏ ਸਨ।[21] ਇਸ ਤੋਂ ਬਾਅਦ ਪਿੰਡ-ਪਿੰਡ ਲੜਕੀਆਂ ਦੀ ਵਿਦਿਆ ਲਈ ਸਕੂਲ ਖੋਲ੍ਹਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਉਂਝ ਵਿਦਿਆ ਦੀ ਅਹਿਮੀਅਤ ਨੂੰ ਪੰਜਾਬੀਆਂ ਨੇ ਪ੍ਰਵਾਸ ਦੇ ਮੁੱਢਲੇ ਦੌਰ ਵਿਚ ਹੀ ਸਮਝਿਆ ਲਿਆ ਸੀ। ਮਾਸਟਰ ਕਾਬਲ ਸਿੰਘ ਵਿਦਿਆ ਦੇ ਪਸਾਰ ਲਈ ਸਕੂਲ ਖੋਲ੍ਹਣ ਲਈ ਲਗਾਤਾਰ ਕੋਸ਼ਿਸ਼ ਕਰਦੇ ਰਹੇ ਇਹ ਲਗਨ ਉਨ੍ਹਾਂ 'ਚ ਅੰਤ ਤਕ ਕਾਇਮ ਰਹੀ।

## ਦੁਆਬਾ ਅਮਰੀਕਨ ਕੈਨੇਡੀਅਨ ਪ੍ਰੈਸ ਸੋਸਾਇਟੀ

ਦੁਆਬਾ ਵਿਚ ਇਸ ਸੁਸਾਇਟੀ ਦਾ ਗਠਨ ਪ੍ਰਵਾਸੀਆਂ ਦੇ ਸਹਿਯੋਗ ਨਾਲ ਪੰਜਾਬ ਵਿਚ ਵਿਦਿਆ ਦੇ ਪਸਾਰ ਅਤੇ ਆਪਣੇ ਅਖ਼ਬਾਰਾਂ ਨੂੰ ਸ਼ੁਰੂ ਕਰਨ ਲਈ ਕੀਤਾ ਗਿਆ ਸੀ। ਸਰਕਾਰੀ ਜਬਰ ਦਾ ਸ਼ਿਕਾਰ ਹੋ ਰਹੀਆਂ ਅਖ਼ਬਾਰਾਂ ਨੂੰ ਕਾਇਮ ਰੱਖਣਾ ਵੀ ਇਸ ਸੁਸਾਇਟੀ ਦਾ ਉਦੇਸ਼ ਸੀ। ਦਰ ਹਕੀਕਤ ਇਸ ਸਕੀਮ ਦੀ ਸ਼ੁਰੂਆਤ 1910ਵਿਆਂ ਵਿਚ ਅਮਰੀਕਾ ਦੇ ਸੂਬੇ ਔਰੇਗਾਨ ਤੋਂ ਪ੍ਰਵਾਸੀ ਦੇਸ਼ ਭਗਤਾਂ ਵਲੋਂ ਕੀਤੀ ਗਈ ਸੀ।

ਮਾਸਟਰ ਕਾਬਲ ਸਿੰਘ, ਬਤਨ ਸਿੰਘ ਨੰਗਲ ਕਲਾਂ ਅਤੇ ਹਰਨਾਮ ਸਿੰਘ

ਭੱਜਲ ਵਲੋਂ ਇਸੇ ਸੁਸਾਇਟੀ ਰਾਹੀਂ ਦੁਆਬੇ ਵਿਚ ਇਸਤਰੀ ਕਾਲਜ ਖੋਲ੍ਹਣ ਲਈ ਇਕ ਮੀਟਿੰਗ ਜਲੰਧਰ ਸ਼ਹਿਰ ਵਿਚ ਕਰਨ ਦਾ ਫੈਸਲਾ ਕੀਤਾ ਜਿਹੜੀ ਸਿੱਖ ਲੀਗ ਦੀ ਪਹਿਲਾਂ ਹੀ ਰੱਖੀ ਮੀਟਿੰਗ ਦੇ ਕਾਰਨ ਮੁਲਤਵੀ ਕਰਨੀ ਪਈ ਸੀ। ਪਿੰਡਾਂ ਵਿਚ ਭੁਜੰਗਣਾ ਦੀ ਵਿਦਿਆ ਲਈ ਸਕੂਲ ਖੋਲ੍ਹੇ ਜਾਣ ਲੱਗੇ। ਬਿਆਸ ਪਿੰਡ (ਜਲੰਧਰ) ਵਿਚ ਕੰਨਿਆ ਪਾਠਸ਼ਾਲਾ ਦੀ ਸਥਾਪਨਾ ਮੌਕੇ ਉਤਮ ਸਿੰਘ ਬੋਲੀਨਾ ਤੇ ਮਾਸਟਰ ਕਾਬਲ ਸਿੰਘ ਦੀ ਹਾਜ਼ਰੀ ਵਿਚ ਬੋਲੀਨਾ ਦੀਆਂ ਲੜਕੀਆਂ ਵਲੋਂ ਸਜੇ ਦੀਵਾਨ ਵਿਚ ਸ਼ਬਦ ਪੜ੍ਹੇ ਗਏ ਅਤੇ ਮਾਸਟਰ ਜੀ ਵਲੋਂ ਲੜਕੀਆਂ ਦੇ ਅਧਿਕਾਰਾਂ ਅਤੇ ਬਰਾਬਰੀ ਲਈ ਆਪਣੇ ਵਿਚਾਰ ਪੇਸ਼ ਕੀਤੇ ਸਨ।[22]

26 ਫਰਵਰੀ 1928 ਨੂੰ ਭਾਈ ਪ੍ਰਤਾਪ ਸਿੰਘ (ਕੋਟ ਬਾਬੇ) ਜੀ ਨੂੰ ਜਲੰਧਰ ਸਟੇਸ਼ਨ ਤੋਂ ਲੈ ਕੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਕੋਟ ਫਤੂਹੀ ਦੇ ਦੀਵਾਨ ਵਿਚ ਸ਼ਾਮਲ ਹੋਣ ਲਈ ਰਵਾਨਾ ਹੋਏ ਤਾਂ ਰਸਤੇ ਵਿਚ ਖੁਰਦਪੁਰ ਉਨ੍ਹਾਂ ਦਾ ਸਵਾਗਤ ਕਰਕੇ ਚਾਹ-ਪਾਣੀ ਦੀ ਸੇਵਾ ਕੀਤੀ ਗਈ ਸੀ। ਕੋਟ ਫਤੂਹੀ ਦੇ ਸਮਾਗਮ ਵਿਚ ਜੁੜੀ 50 ਹਜ਼ਾਰ ਦੇ ਕਰੀਬ ਭੀੜ ਵਿੱਚ ਭਾਈ ਫੁੰਮਣ ਸਿੰਘ 'ਅਜੀਤ', ਗਿ. ਰਾਮ ਸਿੰਘ ਜੱਜ, ਅਰਜਨ ਸਿੰਘ 'ਸੱਚ'* ਸ਼ਾਮਲ ਸਨ। ਮਾਸਟਰ ਕਾਬਲ ਸਿੰਘ ਨੇ ਭਾਰੀ ਦੀਵਾਨ ਨੂੰ ਸੰਬੋਧਨ ਕਰਦਿਆਂ ਇਸਤਰੀ ਜਾਤੀ ਨੂੰ ਉਭਾਰਨ ਵਾਸਤੇ ਕਿਹਾ, "ਤੁਸੀਂ ਵੀ ਗੁੱਗਿਆਂ ਆਦਿ ਦੀਆਂ ਮੜ੍ਹੀਆਂ ਪੂਜਣ ਨਾਲੋਂ ਆਪਣਿਆਂ ਬੱਚਿਆਂ ਨੂੰ ਨਜਦੀਕ ਦੇ ਸ਼ਹੀਦ ਧੰਨਾ ਸਿੰਘ ਜੀ ਦੀ ਮਸਾਨ ਭੂਮੀ ਪਰ ਮੱਥਾ ਟਕਾਅ ਆਇਆ ਕਰੋ (ਉਨ੍ਹਾਂ ਦੀ ਇਸ ਨਸੀਹਤ 'ਤੇ ਜੈਕਾਰੇ ਬੁਲਾਏ ਗਏ) ਐ ਦੇਵੀਓ! ਅਜਿਹੇ ਬੱਚੇ ਆਪ ਹੀ ਪੈਦਾ ਕਰ ਸਕਦੀਆਂ ਹੋ। ਮੈਂ ਆਪ ਨੂੰ ਕਹੂੰਗਾ ਕਿ ਤੁਸੀਂ ਮਰਦਾਂ ਨਾਲੋਂ ਪਿੱਛੇ ਨਾ ਰਹੋ!"[23] ਉਨ੍ਹਾਂ ਦਾ ਇਸ਼ਾਰਾ ਸ਼ਹੀਦ ਧੰਨਾ ਸਿੰਘ ਬਹਿਬਲ ਪੁਰੀ ਵੱਲ ਸੀ ਜੋ ਪੁਲਸ ਦੀ ਧਾੜ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋ ਗਏ ਸਨ ਅਤੇ ਨਾਲ ਹੀ ਅੰਗਰੇਜ਼ ਐਸ.ਪੀ., ਡੀ.ਐਸ.ਪੀ. ਸਮੇਤ ਅਨੇਕਾਂ ਪੁਲਸੀਏ ਆਪਣੇ ਬੰਬ ਨਾਲ ਮਾਰ ਮੁਕਾਏ ਸਨ।

ਮਾਸਟਰ ਕਾਬਲ ਸਿੰਘ ਵਿਦਿਆ ਦੀ ਮਹੱਤਤਾ ਨੂੰ ਜਾਣਦੇ ਹੋਏ ਇਸਤਰੀਆਂ ਦੀ ਵਿਦਿਆ ਲਈ 1928 'ਚ ਹੀ ਤਤਪਰ ਹੋ ਗਏ ਸਨ। ਵਿਦਿਆ ਦੇ ਪਸਾਰ ਲਈ ਲੜਕੀਆਂ ਦੇ ਸਕੂਲਾਂ ਦੀ ਸ਼ੁਰੂਆਤ ਅਤੇ ਪ੍ਰਬੰਧ ਲਈ "ਦੁਆਬਾ ਸਿੱਖ ਇਸਤਰੀ ਵਿਦਿਅਕ ਕਮੇਟੀ" ਦੀ ਚੋਣ ਕਰਾਉਣ ਲਈ ਨਿਯਮ ਬਣਾ ਕੇ ਕਮੇਟੀਆਂ ਦਾ ਗਠਨ ਕੀਤਾ ਗਿਆ ਜਿਵੇਂ ਜਲੰਧਰ ਲਈ ਗਿਆਨੀ ਰਾਮ ਸਿੰਘ ਜੱਜ, ਭਾਈ ਬਲਵੰਤ ਸਿੰਘ ਲੰਡਨ ਤੋੜ ਸਿੰਘ, ਹੁਸ਼ਿਆਰਪੁਰ ਲਈ, ਭਾਈ ਚੈਂਚਲ ਸਿੰਘ ਜੰਡਿਆਲਾ, ਭਾਈ ਲਾਭ ਸਿੰਘ ਰਿਆਸਤ ਕਪੂਰਥਲਾ, ਮਾਸਟਰ ਕਾਬਲ ਸਿੰਘ ਗੋਬਿੰਦਪੁਰ ਤੇ ਸਰਦਾਰ ਸਿੰਘ ਨਾਗਰਾ ਮੈਨੇਜਰ ਡਾਇਰੈਕਟਰ "ਦੇਸ਼ ਸੇਵਕ" ਜਲੰਧਰ।

ਇਨ੍ਹਾਂ ਨੁਮਾਇੰਦਿਆਂ ਦੀ ਨਿਗਰਾਨੀ ਹੇਠ 2 ਅਪ੍ਰੈਲ 1928 ਨੂੰ ਜਲੰਧਰ ਸ਼ਹਿਰ

ਮੀਟਿੰਗ ਕਰਕੇ ਇਸਤਰੀ ਵਿਦਿਅਕ ਕਮੇਟੀ ਦੀ ਚੋਣ ਕੀਤੀ ਗਈ ਜਿਸ ਵਿਚ ਬਾਬਾ ਕਰਮ ਸਿੰਘ ਚੀਮਾਂ, ਰਛਪਾਲ ਸਿੰਘ ਦਰਦੀ, ਬੁੰਡਾਲਾ, ਭਾਈ ਭਗਵਾਨ ਸਿੰਘ ਦੁਸਾਂਝ, ਹਰੀ ਸਿੰਘ ਜਲੰਧਰੀ, ਸ. ਪ੍ਰਤਾਪ ਸਿੰਘ ਸ਼ੰਕਰ, ਫੁੰਮਣ ਸਿੰਘ 'ਅਜੀਤ' ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਨੁਮਾਇੰਦੇ ਚੁਣੇ ਗਏ। ਇਨ੍ਹਾਂ ਵਿਚੋਂ ਅਹੁਦੇਦਾਰਾਂ ਦੀ ਚੋਣ ਲਈ 28 ਅਪ੍ਰੈਲ ਨੂੰ ਹੋਈ ਮੀਟਿੰਗ ਵਿਚ ਪ੍ਰਤਾਪ ਸਿੰਘ ਸ਼ੰਕਰ ਪ੍ਰਧਾਨ, ਭਾਈ ਪ੍ਰਤਾਪ ਸਿੰਘ ਕੋਟ ਫਤੂਹੀ ਮੀਤ ਪ੍ਰਧਾਨ, ਗਿਆਨੀ ਵਤਨ ਸਿੰਘ ਨੰਗਲ ਕਲਾਂ ਸਕੱਤਰ, ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਮੀਤ ਸਕੱਤਰ, ਭਾਈ ਹਰਨਾਮ ਸਿੰਘ ਭੱਜਲ ਖਜ਼ਾਨਚੀ ਚੁਣੇ ਗਏ। ਇਸ ਪ੍ਰਬੰਧਕ ਕਮੇਟੀ ਦੇ ਨਾਲ ਦੋ ਟਰੱਸਟੀ ਬਾਬਾ ਕਰਮ ਸਿੰਘ ਚੀਮਾ ਤੇ ਭਾਈ ਬਲਵੰਤ ਸਿੰਘ ਲੰਡਨ ਤੋੜ ਸਿੰਘ ਬਣਾਏ ਗਏ ਸਨ।[24] ਜ਼ਾਹਿਰ ਹੈ ਕਿ ਜਲੰਧਰ ਸ਼ਹਿਰ ਤੋਂ ਛਪਦੇ ਦੇਸ਼ ਸੇਵਕ ਅਖ਼ਬਾਰ ਦੇ ਮਾਸਟਰ ਕਾਬਲ ਸਿੰਘ ਮੈਨੇਜਰ ਸਨ। ਦੁਆਬਾ ਖੇਤਰ ਦੀਆਂ ਅੰਗਰੇਜ਼ ਵਿਰੋਧੀ ਧਿਰਾਂ ਵਲੋਂ 'ਦੇਸ ਸੇਵਕ' ਅਖ਼ਬਾਰ ਜਲੰਧਰ ਸ਼ਹਿਰ ਤੋਂ ਸ਼ੁਰੂ ਕੀਤਾ ਗਿਆ ਸੀ, ਜਿਸ ਨੂੰ ਸਰਕਾਰੀ ਜਬਰ ਦਾ ਸ਼ਿਕਾਰ ਵਾਰ-ਵਾਰ ਹੋਣਾ ਪੈਂਦਾ ਸੀ। ਜਬਤੀਆਂ ਤੇ ਮਾਲੀ ਸੰਕਟ ਕਾਰਨ ਇਹ ਪਾਠਕਾਂ ਤੱਕ ਪਹੁੰਚਣੋਂ ਰਹਿ ਜਾਂਦਾ। ਮਾਸਟਰ ਕਾਬਲ ਸਿੰਘ ਜੀ ਨੇ ਇਸਦੀ ਪ੍ਰਕਾਸ਼ਨਾ ਨੂੰ ਸਹੀ ਸਲਾਮਤ ਕਾਇਮ ਰੱਖਣ ਅਤੇ ਗਿਣਤੀ ਵਧਾਉਣ ਲਈ 'ਦੇਸ ਸੇਵਕ' ਰਾਹੀਂ ਅਪੀਲ ਕੀਤੀ:

ਗਿ. ਸਰਦਾਰਾ ਸਿੰਘ ਜੀ 'ਦੇਸ਼ ਸੇਵਕ' ਦੀ ਇਸ਼ਾਇਤ ਦੇ ਵਾਧੇ ਲਈ ਮਤਵਾਤਰ ਅਪੀਲਾਂ ਕਰ ਰਹੇ ਹਨ ਅਤੇ ਇਨ੍ਹਾਂ ਅਪੀਲਾਂ ਦਾ ਕੁਝ ਅਸਰ ਭੀ ਪੈ ਰਿਹਾ ਹੈ ਬਸ਼ਰਤੇ ਕਿ ਜ਼ਰਾ ਕੁ ਧਿਆਨ ਦਿਤਾ ਜਾਏ। ਜਿਥੇ ਤੋੜੀ ਮੇਰਾ ਖਿਆਲ ਹੈ ਪ੍ਰੈਸ ਸੁਸਾਇਟੀ ਦੀ ਗਿਣਤੀ ਦੇ ਦੋ ਤਿੰਨ ਮੈਂਬਰਾਂ ਤੋਂ ਸਿਵਾ ਕੋਈ ਭੀ ਦੇਸ਼ ਸੇਵਕ ਦਾ ਗਾਹਕ ਨਹੀਂ ਹੈ। ਇਹ ਕਿੱਡੀ ਹਾਸੋਹੀਣੀ ਗੱਲ ਹੈ ਕਿ ਜਿਹੜੀ ਸੁਸਾਇਟੀ ਮਹਜ਼ ਅਖ਼ਬਾਰ ਦੇ ਪ੍ਰੈਸ ਦੀ ਤਰੱਕੀ ਲਈ ਬਣਾਈ ਹੋਵੇ ਉਸਦਾ ਕੋਈ ਮੈਂਬਰ ਅਖ਼ਬਾਰ ਦਾ ਗਾਹਕ ਹੀ ਨਾ ਹੋਵੇ। ਇਸੇ ਤਰ੍ਹਾਂ ਜ਼ਿਲ੍ਹਾ ਜਲੰਧਰ ਦਾ ਅਕਾਲੀ ਜਥਾ, ਹੁਸ਼ਿਆਰਪੁਰ, ਕਪੂਰਥਲਾ ਆਦਿ ਦੇ ਐਲਾਨ ਨਿਕਲਦੇ ਰਹਿੰਦੇ ਹਨ ਅਤੇ ਹੋਰ ਭੀ ਕਈ ਜ਼ਰੂਰੀ ਗੱਲਾਂ ਜਿਹੜੀਆਂ ਜ਼ਿਲ੍ਹੇ, ਤਹਿਸੀਲਾਂ, ਹਲਕਿਆਂ ਤੇ ਪਿੰਡਾਂ ਦੇ ਜੱਥਿਆਂ ਨੂੰ ਸੰਬੋਧਨ ਕਰਕੇ ਲਿਖੀਆਂ ਜਾਂਦੀਆਂ ਹਨ ਪਰ ਇਹ ਗੱਲ ਕੇਡੀ ਮਖੌਲ ਦੀ ਹੈ ਕਿ ਜ਼ਿਲ੍ਹਾ ਜਲੰਧਰ ਦੀ ਜਨਰਲ ਕਮੇਟੀ ਦੇ 182 ਮੈਂਬਰਾਂ, ਤਹਿਸੀਲਾਂ ਤੇ ਹਲਕਿਆਂ ਦੇ ਜਥੇਦਾਰਾਂ ਵਿਚੋਂ ਦਸ ਪੰਦਰਾਂ ਗਾਹਕ ਹਨ। ਇਸੇ ਤਰ੍ਹਾਂ ਹੁਸ਼ਿਆਰਪੁਰ, ਕਪੂਰਥਲਾ ਸਬੰਧੀ ਖਿਆਲ ਕੀਤਾ ਜਾ ਸਕਦਾ ਹੈ। ਜਿਹੜੇ ਸੱਜਣ ਅਖ਼ਬਾਰ ਪੜ੍ਹਦੇ ਹੀ ਨਹੀਂ ਉਨ੍ਹਾਂ ਨੂੰ ਅਖ਼ਬਾਰ ਰਾਹੀਂ ਸੰਦੇਸ਼ਾ ਜਾਂ ਖ਼ਬਰ ਪੁਚੌਣੀ ਕਿਨੀ ਕੁ ਲਾਭਦਾਇਕ ਹੋ ਸਕਦੀ ਹੈ?

ਐਨ ਇਹੀ ਹਾਲ ਦੂਜੀਆਂ ਸੁਸਾਇਟੀਆਂ ਦਾ ਹੈ। ਦੁਆਬੇ ਵਿਚ 15-20 ਦੇ ਕਰੀਬ ਖਾਲਸਾ ਸਕੂਲ ਹਨ ਅਤੇ ਖਾਸੀ ਗਿਣਤੀ ਵਿਚ ਸਿੰਘ ਸਭਾਵਾਂ ਹਨ।

ਉਕਤ ਸੁਸਾਇਟੀਆਂ ਵਾਂਗੂ ਸਕੂਲ ਦੀਆਂ ਕਮੇਟੀਆਂ ਦੇ ਮੈਂਬਰ ਤੇ ਸਿੰਘ ਸੇਵਾਵਾਂ ਦੇ ਮੈਂਬਰ ਬਹੁਤ ਘਟ ਗਾਹਕ ਹਨ।

ਜਿਨ੍ਹਾਂ ਮਹਾਂਪੁਰਸ਼ਾਂ ਦਾ ਮੈਂ ਜ਼ਿਕਰ ਕੀਤਾ ਹੈ ਇਹ ਸਾਰੇ ਜ਼ੁੰਮੇਵਾਰ ਹਨ। ਆਮ ਲੋਕਾਂ ਨਾਲੋਂ ਜੇਕਰ ਜ਼ੁੰਮੇਵਾਰ ਸਜਣ ਹੀ ਇਸ ਪਾਸੇ ਧਿਆਨ ਦੇਣ ਦੀ ਖੇਚਲ ਕਰਨ ਜਾਂ ਇਹ ਸੁਸਾਇਟੀਆਂ ਹੀ ਇਸ ਪਾਸੇ ਧਿਆਨ ਦੇਣ ਤਾਂ ਸੌਖੀ ਹੀ ਅਖ਼ਬਾਰ ਦੀ ਇਸ਼ਾਇਤ ਤਿੰਨ ਹਜ਼ਾਰ ਹੋ ਸਕਦੀ ਹੈ।"[25]

1928 ਵਿਚ ਦੇਸ਼ ਅੰਦਰ ਬੇਵਸੀ ਤੇ ਸਹਿਮ ਛਾਇਆ ਹੋਇਆ ਸੀ। ਕੋਈ ਪਾਰਟੀ ਵੀ ਸਰਗਰਮੀ ਨਹੀਂ ਸੀ ਦਿਖਾ ਰਹੀ। ਨੌਜਵਾਨ ਭਾਰਤ ਸਭਾ ਵੱਲੋਂ ਜਲੰਧਰ ਕਿਲ੍ਹੇ ਮੁਹੱਲੇ 'ਚ ਮਾਸਟਰ ਕਾਬਲ ਸਿੰਘ ਜੀ ਦੀ ਪ੍ਰਧਾਨਗੀ ਹੇਠ ਰਾਂਤ 8 ਵਜੇ ਜਲਸਾ ਹੋਇਆ। ਇਸ ਵਿਚ ਮੁਣਸ਼ੀ ਅਹਿਮਦਦੀਨ, ਅਬਦੁਲ ਮਜ਼ੀਦ, ਕਾਮਰੇਡ ਰਾਮ ਚੰਦਰਾ ਤੇ ਭਗਤ ਸਿੰਘ (ਸ਼ਹੀਦ) ਹੋਰਾਂ ਨੇ ਤਕਰੀਰਾਂ ਕੀਤੀਆਂ। ਭਗਤ ਸਿੰਘ ਨੇ ਸ਼ਹੀਦਾਂ ਦੀਆਂ ਤਸਵੀਰਾਂ ਲਾਲਟੈਣ ਨਾਲ ਤਸਵੀਰਾਂ ਦੇ 1914-15 ਗ਼ਦਰੀ ਦੇਸ਼ ਭਗਤਾਂ ਅਤੇ ਬਬਰ ਅਕਾਲੀ ਸ਼ਹੀਦਾਂ ਦੇ ਦਰਸ਼ਨ ਕਰਨਾ ਜਲਸੇ ਵਿਚ ਬਾਰ ਦੌਲੀ ਦੇ ਸੱਤਿਆ ਗ੍ਰਹਿ  ਕਰ ਰਹੇ ਲੋਕਾਂ ਨੂੰ ਵਧਾਈ ਦਿੰਦਿਆਂ ਭਗਤ ਸਿੰਘ ਨੇ ਤਕਰੀਰ ਕੀਤੀ ਸੀ। ਰਾਹੀਂ ਦਿਖਾ ਕੇ ਤਕਰੀਰ ਕੀਤੀ। ਪਰ ਹਾਜ਼ਰੀ ਚਾਰ ਪੰਚ ਸੌ ਤੋਂ ਵੱਧ ਨਹੀਂ ਸੀ ਹੋਈ।

ਅਕਤੂਬਰ 1928 ਨੂੰ ਮਾਸਟਰ ਜੀ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਗ੍ਰਿਫ਼ਤਾਰੀਆਂ ਅਤੇ ਉਪਰੋ ਥਲੀ ਉਨ੍ਹਾਂ ਉਤੇ ਬਣਾਏ ਗਏ ਤਿੰਨ ਮੁਕੱਦਮਿਆਂ ਦੇ ਕਰਕੇ ਇਹ ਕਮੇਟੀ ਠੋਸ ਸਿੱਟੇ ਨਾ ਕੱਢ ਸਕੀ।

ਪਹਿਲਾਂ ਪੰਡਤ ਚੰਬਾ ਰਾਮ ਨੇ ਇਕ-ਦੋ ਬੈਂਤ ਪੜ੍ਹੇ ਅਤੇ ਬੀਬੀ ਰਜਿੰਦਰ ਕੌਰ ਨੇ ਇਕ ਕਵਿਤਾ ਸੁਣਾਈ। ਰਾਮ ਚੰਦਰ ਬੀ.ਏ. ਨੇ ਇਕ ਲੰਮੀ ਤਕਰੀਰ ਕੀਤੀ। ਉਸਨੇ ਕਿਹਾ, 'ਸਾਰੇ ਲੀਡਰ ਬਜਾਏ ਇਸ ਦੇ ਕਿ ਦੁਨੀਆਂ ਦੇ ਹਾਲਾਤ ਤੋਂ ਲਾਭ ਉਠਾਵਣ, ਆਪਣੀ ਤਾਕਤ ਗਵਾ ਰਹੇ ਹਨ ਅਤੇ ਅੰਗਰੇਜ਼ ਹਾਕਮਾਂ ਨਾਲ ਰਾਜੀਨਾਮਾ ਕਰਨ ਦੇ ਫਿਕਰ ਵਿਚ ਹਨ। ਨੌਜਵਾਨਾਂ ਨੂੰ ਇਸ ਹਾਲਤ ਨੂੰ ਸਮਝ ਲੈਣਾ ਚਾਹੀਦਾ ਹੈ ਅਤੇ ਜਥੇਬੰਦ ਹੋ ਕੇ ਦੇਸ ਨੂੰ ਆਜ਼ਾਦ ਕਰਾਉਣ ਲਈ ਅਗਵਾਈ ਕਰਨੀ ਚਾਹੀਦੀ ਹੈ।'

## ਅੰਮ੍ਰਿਤਸਰ ਵਿਚ ਕਿਰਤੀ ਕਿਸਾਨ ਪਾਰਟੀ ਦਾ ਗਠਨ

12 ਅਪ੍ਰੈਲ 1928 ਨੂੰ ਅੰਮ੍ਰਿਤਸਰ ਵਿਖੇ ਰਾਜਸੀ ਕਾਨਫਰੰਸ ਹੋਈ ਜਿਸਦੀ ਪ੍ਰਧਾਨਗੀ ਪੰਡਤ ਜਵਾਹਰ ਲਾਲ ਨਹਿਰੂ ਨੇ ਕੀਤੀ ਸੀ। ਕਾਨਫਰੰਸ ਤੋਂ ਪਿੱਛੋਂ ਇਕ ਮੀਟਿੰਗ ਕੀਤੀ, ਜਿਸ ਵਿਚ ਕਿਰਤੀ ਕਿਸਾਨ ਪਾਰਟੀ ਬਣਾਈ ਗਈ। ਬਾਬਾ ਭਾਗ ਸਿੰਘ ਕਨੇਡੀਅਨ ਦਾ ਕਥਨ ਹੈ ਕਿ, "ਇਸ ਸਮੇਂ ਕੋਈ ਖਾਸ ਬਿਖੇੜਾ ਨਹੀਂ ਸੀ, ਕਈ ਕਾਂਗਰਸੀ ਤੇ ਅਕਾਲੀ ਵੀ ਸ਼ਾਮਲ ਸਨ। ਸੋਹਣ ਸਿੰਘ ਜੋਸ਼ ਨੂੰ ਇਸ ਜਥੇਬੰਦੀ ਦਾ ਪ੍ਰਧਾਨ ਬਣਾਇਆ ਗਿਆ। ਇਸ ਤੋਂ ਬਾਅਦ ਕਿਰਤੀ ਕਿਸਾਨ ਕਾਨਫਰੰਸਾਂ

ਹੁੰਦੀਆਂ ਰਹੀਆਂ ਤੇ ਕਿਰਤੀ-ਕਿਸਾਨ ਪਾਰਟੀ ਪੱਕੀ ਹੋ ਗਈ। ਇਸ ਵਿਚ 60 ਕਾਰਕੁੰਨ ਸ਼ਾਮਲ ਹੋਏ ਸਨ। ਜਥੇਬੰਦੀ ਦੇ ਸਕੱਤਰ ਸੋਹਣ ਸਿੰਘ ਜੋਸ਼, ਸਹਾਇਕ ਸਕੱਤਰ M.A. Majed ਚੁਣੇ ਗਏ। ਪਾਰਟੀ ਦੇ ਉਦੇਸ਼ ਤੇ ਕੰਮਾਂ ਦਾ ਚੌਖਟਾ ਤਿਆਰ ਕਰਨ ਲਈ, ਕੇਦਾਰ ਨਾਥ ਸਹਿਗਲ, ਐਮ.ਏ. ਮਜ਼ੀਦ, ਗੋਪਾਲ ਸਿੰਘ ਕੌਮੀ, ਹੀਰਾ ਸਿੰਘ 'ਦਰਦ' ਅਤੇ ਸੋਹਣ ਸਿੰਘ ਜੋਸ਼ ਤੇ ਅਧਾਰਤ ਕਮੇਟੀ ਬਣਾਈ ਗਈ ਸੀ। ਇਸ ਵਿਚ ਵਿਸ਼ੇਸ਼ ਤੌਰ ਤੇ ਡਾ. ਸੱਤਪਾਲ, ਰਾਏਜਾਦਾ ਹੰਸ ਰਾਜ, ਫਿਰੋਜੁਦੀਨ ਮਨਸੂਰ ਅਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਸ਼ਾਮਲ ਹੋਏ ਸਨ।[26]

## ਜਲੰਧਰ ਸ਼ਹਿਰ 'ਚ ਪੰ. ਜਵਾਹਰ ਲਾਲ ਨਹਿਰੂ ਦੀ ਆਮਦ

'ਪੰਜਾਬ ਸੂਬਾਈ ਰਾਜਸੀ ਕਾਨਫਰੰਸ' ਦੇ ਸੰਬੰਧ 'ਚ ਅਪ੍ਰੈਲ 1928 ਨੂੰ ਪੰਜਾਬ ਫੇਰੀ ਸਮੇਂ ਪੰਡਤ ਜਵਾਹਰ ਲਾਲ ਨਹਿਰੂ ਲਾਹੌਰ ਤੋਂ ਰੇਲ ਗੱਡੀ ਰਾਹੀਂ ਜਲੰਧਰ ਆਏ ਸਨ। ਜਲੰਧਰ ਰੇਲਵੇ ਸਟੇਸ਼ਨ 'ਤੇ ਪੁੱਜਣ ਸਮੇਂ ਸ਼ਹਿਰ ਦੇ ਪਤਵੰਤਿਆਂ ਨੇ ਉਸਦਾ ਸੁਆਗਤ ਕੀਤਾ ਸੀ। ਉਨ੍ਹਾਂ ਤੋਂ ਪਿੱਛੋਂ ਹੀ ਸੈਫੂਦੀਨ ਕਿਚਲੂ ਤੇ ਸ੍ਰੀਮਤੀ ਪਾਰਵਤੀ ਦੇਵੀ ਵੀ ਆਏ ਸਨ। ਮਾਸਟਰ ਕਾਬਲ ਸਿੰਘ ਸਵਾਗਤ ਕਰਨ ਵਾਲਿਆ ਵਿਚ ਸ਼ਾਮਲ ਸਨ। ਸ਼ਾਮ ਨੂੰ ਪੰਜ ਵਜੇ ਸ਼ਹਿਰ ਦੇ 'ਗਾਂਧੀ ਮੰਡਪ' ਵਿਚ ਰਾਜਸੀ ਜਲਸਾ ਹੋਇਆ ਪੰਡਤ ਜੀ ਲਾਲਾ ਹੰਸ ਰਾਜ ਦੇ ਘਰ ਆਰਾਮ ਕਰਕੇ ਜਲਸੇ ਵਿਚ ਪੁੱਜੇ ਸਨ। ਜਲਸਾ ਆਰੰਭ ਹੋਇਆ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਹਾਜ਼ਰ ਸਨ। ਕੰਨਿਆਂ ਮਹਾਂ ਵਿਦਿਆਲਿਆ ਦੀਆਂ ਵਿਦਿਆਰਥਣਾਂ ਦੇ ਕੌਮੀ ਗੀਤ ਦੇ ਗਾਇਨ ਨਾਲ ਜਲਸੇ ਦੀ ਸ਼ੁਰੂਆਤ ਹੋਈ ਅਤੇ ਪਿੱਛੋਂ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਨੇ ਪੰਡਤ ਜੀ ਤੇ ਸ੍ਰੀ ਕਿਚਲੂ ਦੇ ਸੁਆਗਤ 'ਚ ਇਕ ਕਵਿਤਾ ਪੜ੍ਹੀ :

ਸਾਡੇ ਲਈ ਇਹ ਦਿਵਸ ਸੁਹਾਵਣਾ ਏ, ਕੀਤਾ ਦੇਕੇ ਦਰਸ ਨਿਹਾਲ ਨੈਹਰੂ।
ਮੋਤੀ ਲਾਲ ਦੇ ਲਾਲ ਜਵਾਹਰ ਹੋਏ ਭਾਰਤ ਮਾਤਾ ਦੇ ਅੱਖੀਆਂ ਲਾਲ ਨੈਹਰੂ।
ਲਿਆ ਵੇਸ ਫਕੀਰੀ ਦਾ ਹਿੰਦ ਬਦਲੇ ਤੱਕ ਭਾਰਤ ਦੇ ਲਾਲ ਬੇਹਾਲ ਨੈਹਰੂ।
ਕੀਤੀ ਬਾਪ ਨੇ ਘਟ ਨਹੀਂ ਦੇਸ਼ ਸੇਵਾ, ਕੀਤਾ ਉਸ ਤੋਂ ਵਧ ਕਮਾਲ ਨੈਹਰੂ।

ਸੇਵਕ ਪਿਤਾ ਦੇ ਹੋਣ ਜੇ ਪੁਤ ਖਾਦਮ, ਮੋਤੀ ਲਾਲ ਦੇ ਜਿਵੇਂ ਜਵਾਹਰ ਨਿਕਲੇ।
ਜ਼ਾਲਮ ਵੈਰੀ ਦਾ ਕਿਤੇ ਨਾ ਪੈਰ ਅਟਕੇ, ਰੋਂਦਾ ਪਿੱਟਦਾ ਹਿੰਦ ਤੋਂ ਬਾਹਰ ਨਿਕਲੇ।

ਚੜ੍ਹਦੀ ਉਮਰ ਦੇ ਆਗੂਆਂ ਹਿੰਦ ਉੱਤੇ, ਕੀ ਕੀ ਦਸੀਏ ਅਤਿਆਚਾਰ ਹੁੰਦੇ।
ਨਿਤ 'ਲਾ' ਤੇ ਆਰਡਰ ਦੀ ਆੜ ਹੇਠਾਂ, ਦੇਖੇ ਹਿੰਦੀ ਗ਼ਰੀਬ ਸ਼ਕਾਰ ਹੁੰਦੇ।
ਲਗੇ ਬੈਂਤ ਕੋੜੇ ਢਿਡਾਂ ਭਾਰ ਤੋਰੇ, ਤਕੇ ਦੇਵੀਆਂ ਘੁੰਡ ਉਤਾਰ ਹੁੰਦੇ।

ਬਾਗ ਜੱਲਿਆਂ ਦੇ ਏਵੇਂ ਬੈਠਿਆਂ ਤੇ, ਗੋਲੀ ਤੀਰ ਦੇਖੇ ਜਿਗਰੋਂ ਪਾਰ ਹੁੰਦੇ।

ਸੈਫੁਲ ਹਿੰਦ ਬਣਕੇ ਸੈਫੂ ਦੀਨ ਕਿਚਲੂ, ਰਾਖੀ ਹਿੰਦ ਲਈ ਤੇਜ਼ ਤਲਵਾਰ ਨਿਕਲੇ
ਸੁਣਕੇ ਭਬਕ ਸ੍ਰ: ਸਰਦੂਲ ਸਿੰਘ ਦੀ ਗਿਦੜ ਬੇਲਿਉਂ ਹੋ ਬੇਜ਼ਾਰ ਨਿਕਲੇ।

ਤੇਰੇ ਪਿੰਡ ਪ੍ਰਯਾਗ ਦੇ ਵਿਚ ਜਾ ਕੇ, ਗੰਗਾ ਜਮਨਾ ਜਿਉਂ ਮਿਲਦੀਆਂ ਦੋ ਧਾਰਾਂ
ਛੱਡ ਈਰਖਾ ਕਰਨ ਪਿਆਰ ਡਾਹਡਾ, ਮੁਸਲਮਾਨ ਹਿੰਦੂ ਵਾਂਗਰ ਰੈਹਣ ਯਾਰਾਂ
ਡਾਹਡੇ ਤੇਜ਼ ਵਾਲੇ ਪੁਤ ਬ੍ਰਹਮ ਵਾਂਗ, ਮਿਲਕੇ ਸਿਖ ਬੈਠਣ ਕਠੇ ਇਕ ਵਾਰਾਂ
ਏਸ ਕੱਠ ਤੋਂ ਵੈਰੀ ਦੇ ਤਿਨ ਕਾਣੇ, ਤਿਨਾਂ ਕੱਠਿਆਂ ਤੋਂ ਸਾਡੇ ਪੌਂ ਬਾਰਾਂ

ਸਾਡੀ ਦਿਲੀ ਅਰਦਾਸ ਤੂੰ ਸਫਲ ਹੋਵੇਂ ਦੁਸ਼ਮਣ ਦੇਸ਼ ਵਿਚੋਂ ਖਾਕੇ ਹਾਰ ਨਿਕਲੇ
ਵੈਰੀ ਦੇਖ ਏਕਾ ਹਿੰਦ ਵਾਸੀਆਂ ਦਾ, ਆਖੇ ਨੈਹਰੂ ਤਾਂ ਬੜੇ ਹੁਸ਼ਿਆਰ ਨਿਕਲੇ।

ਮਾਸਟਰ ਜੀ ਤੋਂ ਪਿੱਛੋਂ ਡਾ. ਕਿਚਲੂ ਨੇ ਇਕ ਜੋਸ਼ ਭਰਪੂਰ ਤਕਰੀਰ ਕਰਦਿਆਂ ਕਿਹਾ, "ਅਸੀਂ ਪਿਛਲੀ ਨਾ-ਮਿਲਵਰਤਨ ਲਹਿਰ ਵਿਚ ਕਿਉਂ ਨਾ ਸਫ਼ਲ ਹੋਏ। ਅਸੀਂ ਹੁਣ ਮਜਬੂਤੀ ਨਾਲ ਕਦਮ ਵਧਾਵਾਂਗੇ! ਭਾਵੇਂ ਲੱਖ ਬਾਰਦੌਲੀਆਂ ਆ ਜਾਣ ਤੇ ਕਰੋੜਾਂ ਚੌਰੀ ਚੌਰਾ ਵਰਗੇ ਹਾਦਸੇ ਹੋ ਜਾਣ, ਅਸੀਂ ਪਿੱਛੇ ਨਹੀਂ ਹਟਾਂਗੇ। ਆਪ ਨੇ ਪੂਰਨ ਆਜ਼ਾਦੀ ਦਾ ਭਾਵ ਚੰਗੀ ਤਰ੍ਹਾਂ ਖੋਲ੍ਹ ਕੇ ਦੱਸਿਆ ਕਿ ਅਸੀਂ ਆਪਣੀ ਜ਼ਮੀਨ ਦੇ ਚੱਪੇ-ਚੱਪੇ ਦੇ ਮਾਲਕ ਬਣ ਕੇ ਰਹਾਂਗੇ ਜਿਸ ਤਰ੍ਹਾਂ ਇੰਗਲਿਸ਼ਤਾਨ ਵਾਲੇ ਇੰਗਲਿਸਤਾਨ ਦੇ ਤੇ ਜਪਾਨ ਵਾਲੇ ਜਪਾਨ ਦੇ। ਆਪ ਨੇ ਇਹ ਸਪਸ਼ਟ ਕਿਹਾ ਆਜ਼ਾਦੀ ਹਾਸਲ ਕਰਨ ਲਈ ਜੋ ਢੰਗ ਵੀ ਵਰਤਣਾ ਠੀਕ ਸਮਝਾਂਗੇ ਵਰਤਾਂਗੇ। ਅਸੀਂ ਸ਼ਾਂਤਮਈ ਲਈ ਬੱਧੇ ਨਹੀਂ। ਸਾਨੂੰ ਗੁਲਾਮ ਰੱਖਣ ਵਾਸਤੇ ਜੇ ਤਾਕਤ ਵਰਤੀ ਜਾ ਸਕਦੀ ਹੈ ਤੇ ਉਸਨੂੰ ਚੰਗਾ ਕਿਹਾ ਜਾ ਸਕਦਾ ਹੈ। ਗੁਲਾਮੀ ਨੂੰ ਦੂਰ ਕਰਨ ਵਾਸਤੇ ਜ਼ੋਰਦਾਰ ਅਪੀਲ ਕਰਦਿਆਂ ਕੌਮ ਦੀ ਆਜ਼ਾਦੀ ਵਾਸਤੇ ਜੰਗ ਵਿਚ ਜੁਟ ਜਾਣ ਦੀ ਸਲਾਹ ਦਿੱਤੀ। ਉਨ੍ਹਾਂ ਇੱਛਾ ਜਤਾਈ ਕਿ ਸਾਈਮਨ ਕਮਿਸ਼ਨ ਦੇ ਬਾਈਕਾਟ ਲਈ ਦੁਆਬਾ ਵਾਸੀ ਕਿਸੇ ਤੋਂ ਪਿੱਛੋਂ ਨਹੀਂ ਰਹਿਣਗੇ।

ਪੰਡਤ ਨਹਿਰੂ ਨੇ ਵਿਦੇਸ਼ੀ ਕਪੜੇ ਤੇ ਸਾਈਮਨ ਕਮਿਸ਼ਨ ਦੇ ਬਾਈਕਾਟ ਦਾ ਹੋਕਾ ਦਿੰਦਿਆਂ ਆਜ਼ਾਦੀ ਵਲ ਨੂੰ ਕਦਮ ਵਧਾਉਣ ਦੀ ਅਪੀਲ ਕੀਤੀ। 'ਦੇਸ ਸੇਵਕ' ਅਖ਼ਬਾਰ ਨੇ ਲਿਖਿਆ ਕਿ ਇਸ ਸਮੇਂ ਉਨ੍ਹਾਂ ਦੀ ਆਵਾਜ਼ ਕੁਛ ਮੱਧਮ ਸੀ ਪਰ ਉਸਦੀਆਂ ਮਨੋਹਰ ਦਲੀਲਾਂ ਸੁਣਨ ਵਾਸਤੇ ਸਰੋਤੇ ਨੇੜੇ-ਤੇੜੇ ਹੋ ਰਹੇ ਸਨ। ਉਸਨੇ ਅੱਗੇ ਕਿਹਾ ਕਿ ਆਜ਼ਾਦ ਹੋ ਜਾਣ ਵਾਸਤੇ ਤਸ਼ਦਦ ਕਰਨਾ, ਮੈਂ ਅਸੂਲ ਦੇ ਵਿਰੁੱਧ ਨਹੀਂ ਠੈਹਰੌਂਦਾ ਪਰ ਮੇਰਾ ਇਹ ਨਿਸਚਾ ਹੈ ਕਿ ਅਜੇ ਸਮਾਂ ਨਹੀਂ ਆਇਆ

ਤੇ ਕਾਹਲੀ ਕਰਨੀ ਚੰਗੀ ਨਹੀਂ ਹੁੰਦੀ। ਜੇ ਹੁਣ ਜੰਗ ਲੱਗ ਜਾਵੇ ਜੋ ਛੇਤੀਂ ਲੱਗ ਜਾਣ ਦੀ ਆਸ ਹੈ ਤਾਂ ਸਾਨੂੰ ਅੰਗਰੇਜ਼ਾਂ ਦੀ ਮਦਦ ਕਰਨ ਦਾ ਭਾਵ ਕਿ ਇਹ ਮਜ਼ਬੂਤ ਰਹਿਣ ਤੇ ਸਾਨੂੰ ਵਧੇਰੇ ਸਮਾਂ ਗੁਲਾਮ ਰੱਖਣ ਵਿਚ ਕਾਮਯਾਬ ਹੋਣ। ਅਸੀਂ ਅੰਗਰੇਜ਼ਾਂ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਾਂ ਤਾਂ ਹੀ ਉਦੇਸ਼ 'ਚ ਪੂਰਾ ਹੋਵਾਂਗੇ। ਅੰਤ 'ਚ ਲਾਲਾ ਹੰਸ ਰਾਜ ਨੇ ਪੰਡਤ ਜੀ ਤੇ ਡਾਕਟਰ ਜੀ ਦਾ ਧੰਨਵਾਦ ਕਰਨ ਉਪਰੰਤ ਜਲਸਾ ਸਮਾਪਤ ਹੋਇਆ। ਪੰਡਤ ਜਵਾਹਰ ਲਾਲ ਨਹਿਰੂ ਇਥੋਂ ਦੇ ਡੀ.ਏ.ਵੀ. ਕਾਲਜ ਵਿਚ ਲੈਕਚਰ ਦੇਣਾ ਚਾਹੁੰਦੇ ਸਨ ਪਰ ਅਜਿਹਾ ਕਰਨ ਦੀ ਆਗਿਆ ਨਹੀਂ ਸੀ ਮਿਲੀ।

ਇਸ ਸਮੇਂ ਮਾਸਟਰ ਮੋਤਾ ਸਿੰਘ ਪਤਾਰਾ ਬਰਮਾ ਦੀ ਜੇਲ੍ਹ ਮੇਮਿਉਂ ਵਿਚ ਕੈਦ ਸਨ। ਉਨ੍ਹਾਂ ਨਾਲ ਮੁਲਾਕਾਤ ਕਰਨ ਦੀ ਸਖ਼ਤ ਮਨਾਹੀ ਕੀਤੀ ਹੋਈ ਸੀ। ਮਾਸਟਰ ਕਾਬਲ ਸਿੰਘ ਨੇ ਮੁਲਾਕਾਤ ਦੀ ਇਜਾਜ਼ਤ ਦੇਣ ਲਈ ਇਕ ਪੱਤਰ 20 ਫਰਵਰੀ ਨੂੰ ਬਰਮਾ ਸਰਕਾਰ ਨੂੰ ਭੇਜਿਆ ਸੀ ਕਿ ਆਪ ਨੂੰ ਮਾ. ਮੋਤਾ ਸਿੰਘ ਨਾਲ ਮੁਲਾਕਾਤ ਕਰਨ ਦੀ ਆਗਿਆ ਦਿੱਤੀ ਜਾਏ। ਇਸ ਚਿੱਠੀ ਦੇ ਉਤਰ 'ਚ ਬਰਮਾ ਸਰਕਾਰ ਨੇ ਲਿਖਤੀ ਉਤਰ ਮਾਸਟਰ ਨੂੰ ਭੇਜਿਆ ਜਿਸ ਵਿਚ ਲਿਖਿਆ ਸੀ, "ਆਪ ਦੇ 20 ਫਰਵਰੀ 1920 ਦੇ ਪੱਤਰ ਦੇ ਉੱਤਰ ਵਿਚ, ਜਿਸ ਵਿਚ ਕੈਦੀ ਮਾ. ਮੋਤਾ ਸਿੰਘ ਮੇਮਿਉਂ ਜੇਲ੍ਹ ਵਿਚ ਹੈ, ਨਾਲ ਮੁਲਾਕਾਤ ਕਰਨ ਦੀ ਆਗਿਆ ਲਈ ਬੇਨਤੀ ਕੀਤੀ ਗਈ ਹੈ। ਸਰਕਾਰ ਵਲੋਂ ਆਪ ਨੂੰ ਇਤਲਾਹ ਦਿੱਤੀ ਜਾਂਦੀ ਹੈ ਕਿ ਅਫਸੋਸ ਲੇਕਿਨ ਸਰਕਾਰ ਆਪ ਨੂੰ ਕੈਦੀ ਨਾਲ ਮੁਲਾਕਾਤ ਦੀ ਆਗਿਆ ਨਹੀਂ ਦੇ ਸਕਦੀ।"

**ਸਹੀ,**
**ਸਕਤਰ, ਸਰਕਾਰ**
**ਬਰਮਾ ਜੁਡੀਸ਼ਲ ਡੀਪਾਰਟਮੈਂਟ**
**29 ਅਪ੍ਰੈਲ 1929 ਦੇਸ ਸੇਵਕ**

ਝੂਠੇ ਮੁਕੱਦਮੇ ਵਿਚੋਂ ਮਾ. ਕਾਬਲ ਸਿੰਘ ਮੁਕਤ ਹੋਏ ਹੀ ਸਨ ਕਿ 1928 ਵਿਚ ਹੀ ਸਾਈਮਨ ਕਮਿਸ਼ਨ ਦੇ ਬਾਈਕਾਟ ਐਜੀਟੇਸ਼ਨ ਦੇ ਸਬੰਧ ਵਿਚ ਮਾਸਟਰ ਕਾਬਲ ਸਿੰਘ ਸ. ਗੋਪਾਲ ਸਿੰਘ ਕੌਮੀ ਅਤੇ ਮੁਣਸ਼ੀ ਅਹਿਮਦ ਦੀਨ ਨੂੰ ਧਾਰਾ 124(ੳ) ਤਹਿਤ ਤਿੰਨ ਤਿੰਨ ਸਾਲ ਕੈਦ ਦੀਆਂ ਸਜ਼ਾਵਾਂ ਸੁਣਾ ਕੇ ਮੀਆਂ ਵਾਲੀ ਜੇਲ ਪਹੁੰਚਾ ਦਿੱਤਾ ਗਿਆ। ਇਨ੍ਹਾਂ ਨੇ ਜੇਲ੍ਹ ਅੰਦਰ ਜੇਲ੍ਹ ਅਧਿਕਾਰੀਆਂ ਦੀ ਤਾਨਾਸ਼ਾਹੀ ਦੇ ਖਿਲਾਫ਼ ਭੁੱਖ-ਹੜਤਾਲ ਕਰ ਦਿੱਤੀ। ਜਿਸ ਕਰਕੇ 7 ਮਹੀਨੇ ਦੀ ਸਜ਼ਾ ਹੋਰ ਵਧ ਗਈ ਸੀ। ਅਮਰ ਸਿੰਘ ਤੇਗ ਲਿਖਦਾ ਹੈ "ਇਸ ਸਮੇਂ ਉਨ੍ਹਾਂ ਆਪਣਾ ਖ਼ੂਨ ਤੇ ਚਰਬੀ ਸਾੜ ਕੇ ਜ਼ੁਲਮਾਂ ਦਾ ਡੱਟ ਕੇ ਮੁਕਾਬਲਾ ਕੀਤਾ ਸੀ।" ਅਪ੍ਰੈਲ 1930 ਵਿਚ ਉਨ੍ਹਾਂ ਨੂੰ ਤਬਦੀਲ ਕਰਕੇ ਨਵੀਂ ਬਣੀ ਸਪੈਸ਼ਲ ਜੇਲ੍ਹ ਗੁਜਰਾਤ ਭੇਜ ਦਿੱਤਾ ਗਿਆ। 1930 ਦੀ ਸਿਵਲ-ਨਾ-ਫੁਰਮਾਨੀ ਲਹਿਰ ਦੇ ਕੈਦੀਆਂ ਨੇ ਭਾਰਤ ਅਤੇ ਪੰਜਾਬ ਦੀਆਂ ਜੇਲ੍ਹਾਂ

ਭਰ ਦਿੱਤੀਆਂ ਸਨ। ਸਪੈਸ਼ਲ ਜੇਲ੍ਹ ਗੁਜਰਾਤ ਵਿਚ A ਤੇ B, ਕਲਾਸ ਦੇ ਕੈਦੀਆਂ ਨੇ ਪੰਜਾਬ ਸਰਕਾਰ ਨੂੰ ਚੁਣੌਤੀ ਦੇ ਦਿੱਤੀ ਸੀ ਕਿ ਜੇ ਉਸ ਨੇ 'ਸੀ' ਕਲਾਸ ਦੇ ਰਾਜਸੀ ਕੈਦੀਆਂ ਨਾਲ ਉਸੇ ਤਰ੍ਹਾਂ ਮਾੜਾ ਸਲੂਕ ਜਾਰੀ ਰੱਖਿਆ ਤਾਂ ਉਹ ਸਖ਼ਤ ਕਦਮ ਉਠਾਉਣ ਲਈ ਮਜਬੂਰ ਹੋਣਗੇ। ਜੇਲ੍ਹ ਵਿਚ ਸਪੈਸ਼ਲ ਕਲਾਸ ਦੇ ਕੈਦੀਆਂ ਨੇ ਆਪਣੀਆਂ ਸਪੈਸ਼ਲ 'ਏ', 'ਬੀ' ਕਲਾਸਾਂ ਨੂੰ ਲੱਤ ਮਾਰ ਦਿੱਤੀ ਸੀ। ਮਾਸਟਰ ਗੋਬਿੰਦਪੁਰੀ, ਕੌਮੀ ਤੇ ਮੁਣਸ਼ੀ ਅਹਿਮਦ ਦੀਨ ਨੂੰ ਮੁੜ ਕੇ ਉਥੋਂ ਮੀਆਂਵਾਲੀ ਜੇਲ੍ਹ ਭੇਜ ਦਿੱਤਾ ਸੀ। ਮੀਆਂਵਾਲੀ ਪੁੱਜਦੇ ਸਾਰ ਤਿੰਨਾਂ ਨੇ ਭੁੱਖ ਹੜਤਾਲ ਕਰ ਦਿੱਤੀ ਸੀ।[27]

ਮਾਸਟਰ ਕਾਬਲ ਸਿੰਘ ਨਾਲ ਮੁਲਾਕਾਤ ਸਖ਼ਤੀ ਨਾਲ ਬੰਦ ਕਰ ਦਿੱਤੀ ਗਈ। ਰਾਮ ਸਿੰਘ ਜੌਹਰ ਨੇ ਇਸ ਸਬੰਧ ਇਕ ਬਿਆਨ ਪ੍ਰੈਸ ਨੂੰ ਦਿੱਤਾ, ਜਿਸ ਵਿਚ ਉਸਨੇ ਕਿਹਾ, "ਅਰਜਨ ਸਿੰਘ 'ਸੱਚ', ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਤੇ ਬਲਵੰਤ ਸਿੰਘ ਦੁਖੀਆ ਬਾਬਤ ਜ਼ੁੰਮੇਵਾਰ ਅਫ਼ਸਰਾਂ ਦਾ ਮੁਲਾਕਾਤਾਂ ਸਬੰਧੀ ਅਜੀਬ ਰਵੱਈਆ ਹੈ। ਉਕਤ ਸਜਣਾਂ ਦੀਆਂ ਮੁਲਾਕਾਤਾਂ ਬਿਲਕੁਲ ਬੰਦ ਕੀਤੀਆਂ ਗਈਆਂ ਹਨ। ਅਕਾਲੀ ਜਥੇ ਜਾਂ ਸਿੱਖ ਲੀਗ ਦੇ ਕਿਸੇ ਵੀ ਜ਼ੁੰਮੇਵਾਰ ਸਜਨ ਨੂੰ ਮੁਲਾਕਾਤ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ ਜੇਲ੍ਹ ਦੇ ਅਫਸਰ ਇਥੋਂ ਤਕ ਸਖ਼ਤੀ ਤੇ ਉਤਰੇ ਹੋਏ ਹਨ ਕਿ ਮਜ਼ਲੂਮਾਂ ਦੇ ਵਾਰਸਾਂ ਨੂੰ ਭੀ ਮੁਕੱਦਮੇ ਸਬੰਧੀ ਜਾਂ ਆਮ ਮੁਲਾਕਾਤ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ।"[28]

ਕਾਂਗਰਸ ਪਾਰਟੀ ਦੇ ਡਾਕਟਰ ਸਤਿਆ ਪਾਲ ਦੇ ਨਾਲ ਹੋਰ ਕਈ ਆਗੂਆਂ ਨੇ ਮਾਸਟਰ ਜੀ ਨਾਲ ਮੁਲਾਕਾਤ ਕਰਨ ਦੀ ਦਰਖਾਸਤ ਦਿਤੀ ਤਾਂ ਡਿਪਟੀ ਕਮਿਸ਼ਨਰ ਨੇ 13 ਦਸੰਬਰ ਨੂੰ ਇਹ ਵੀ ਨਾ-ਮਨਜ਼ੂਰ ਕਰ ਦਿਤੀ। ਕਿਉਂਕਿ ਮਾਸਟਰ ਜੀ ਦੇ ਨਾਲ ਮੁਲਾਕਾਤ ਕਰਨ ਦੀ ਇਜਾਜ਼ਤ ਜੇਲ੍ਹ ਸੁਪਰਡੰਟ ਨਹੀਂ ਸੀ ਦੇ ਸਕਦਾ। ਸਿਰਫ਼ ਡਿਪਟੀ ਕਮਿਸ਼ਨਰ ਨੂੰ ਅਧਿਕਾਰ ਸੀ।

ਖੜੌਂਦੀ ਦੇ ਸਮਾਗਮ ਕਰਨ ਦੇ ਦੋਸ਼ ਵਿਚ ਹੁਸ਼ਿਆਰਪੁਰ ਦੀ ਇਕ ਅਦਾਲਤ ਵਿਚ ਭਾਈ ਅਰਜਨ ਸਿੰਘ 'ਸੱਚ' ਤੇ ਬਲਵੰਤ ਸਿੰਘ ਦੁਖੀਆ ਦੇ ਮੁਕੱਦਮੇ ਪੇਸ਼ ਹੋਏ ਇਨ੍ਹਾਂ ਦੋਨਾਂ ਨੂੰ ਦਫਾ 124 (ੳ) ਤੇ 121 ਹੇਠ ਤਿੰਨ ਤਿੰਨ ਸਾਲ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ ਜਦੋਂ ਕਿ ਮਾਸਟਰ ਕਾਬਲ ਸਿੰਘ ਦੀ ਅਗਲੀ ਤਾਰੀਖ 20 ਦਸੰਬਰ ਨਿਯਤ ਹੋਈ, ਜਿਸ ਵਿਚ ਉਨ੍ਹਾਂ ਨੂੰ ਆਪਣਾ ਹਲਫ਼ਨਾਮਾ (ਲਿਖਤੀ ਬਿਆਨ) ਦਾਖਲ ਕਰਨ ਲਈ ਕਿਹਾ ਗਿਆ।

ਜ਼ਾਹਿਰ ਹੈ ਕਿ ਨਨਕਾਣਾ ਸਾਹਿਬ ਵਿਖੇ ਕਿਸਾਨ ਕਿਰਤੀ ਕਾਨਫਰੰਸ ਦੇ ਮੌਕੇ ਕਾਬਲ ਸਿੰਘ ਗੋਬਿੰਦਪੁਰੀ, ਬਲਬੰਤ ਸਿੰਘ ਦੁਖੀਆ ਤੇ ਅਰਜਨ ਸਿੰਘ 'ਸੱਚ' ਨੂੰ ਗ੍ਰਿਫ਼ਤਾਰ ਕਰਕੇ ਹੁਸ਼ਿਆਰਪੁਰ ਲਿਆਂਦਾ ਗਿਆ, ਜਿਥੇ 20 ਦਸੰਬਰ 1928 ਨੂੰ ਪੰਡਤ ਲੇਖ ਰਾਜ ਤਿਰਖਾ ਮੈਜਿਸਟਰੇਟ ਅਵਲ ਦਰਜਾ ਹੁਸ਼ਿਆਰਪੁਰ ਦੀ ਅਦਾਲਤ

ਵਿਚ ਸਾਥੀਆਂ ਸਮੇਤ ਮਾਸਟਰ ਕਾਬਲ ਸਿੰਘ ਦਾ ਮੁਕੱਦਮਾ ਪੇਸ਼ ਹੋਇਆ। ਮਾਸਟਰ ਜੀ ਨੇ ਲਿਖਤੀ ਬਿਆਨ ਪੇਸ਼ ਕੀਤਾ ਤਾਂ ਅਦਾਲਤ ਵਲੋਂ ਹੁਕਮ ਹੋਇਆ ਕਿ ਫੈਸਲਾ ਲਿਖ ਕੇ ਦੋ ਤਿੰਨ ਘੰਟੇ ਬਾਅਦ ਸੁਣਾਇਆ ਜਾਏਗਾ। ਤਿੰਨ ਵਜੇ ਅਦਾਲਤ ਵਿਚ ਫਿਰ ਕਾਰਵਾਈ ਸ਼ੁਰੂ ਹੋਈ ਤਾਂ ਅਦਾਲਤ ਵਲੋਂ ਕਿਹਾ ਗਿਆ ਕਿ ਜਿਹੜੇ ਕਾਰਨ ਕਾਬਲ ਸਿੰਘ ਹੁਰਾਂ ਦਰਜ ਕੀਤੇ ਹਨ ਕਿ ਉਹ ਸ਼੍ਰੋਮਣੀ ਅਕਾਲੀ ਦਲ, ਸੈਂਟਰਲ ਸਿਖ ਲੀਗ, ਆਲ ਇੰਡੀਆ ਕਾਂਗਰਸ ਕਮੇਟੀ ਆਦਿ ਦੇ ਮੈਂਬਰ ਹਨ ਅਤੇ ਸ਼ਾਂਤਮਈ ਦੇ ਹੱਕ ਵਿਚ ਹਨ। ਅਦਾਲਤ ਨੇ ਉਨ੍ਹਾਂ ਵਾਕਿਆਤ ਤੇ ਫੈਸਲਾ ਨਹੀਂ ਕੀਤਾ। ਸਗੋਂ ਖੜੌਂਦੀ ਦੇ ਦੀਵਾਨ ਤੇ ਉਸ ਇਲਾਕੇ ਵਿਚ ਤਕਰੀਰ ਕਰਨ ਦੇ ਦੋਸ਼ ਦਾ ਫੈਸਲਾ ਕੀਤਾ ਹੈ, ਜਿਥੇ ਧੰਨਾ ਸਿੰਘ ਬਬਰ ਅਕਾਲੀ ਪੈਦਾ ਹੋਇਆ ਸੀ। ਮਾਸਟਰ ਜੀ ਨੂੰ ਤਿੰਨ ਸਾਲ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਕਿਹਾ ਗਿਆ ਕਿ ਆਪ ਨਾਲ ਸਪੈਸ਼ਲ ਕੈਦੀਆਂ ਵਰਗਾ ਸਲੂਕ ਹੋਵੇਗਾ। ਇਸ ਮੌਕੇ ਅਦਾਲਤ ਨੇ ਅਖ਼ਬਾਰਾਂ ਦੇ ਰਿਪੋਰਟਰਾਂ ਅਤੇ ਮਾਸਟਰ ਜੀ ਦੇ ਸਬੰਧੀਆਂ ਨੂੰ ਅਦਾਲਤ ਵਿਚ ਦਾਖਲ ਨਹੀਂ ਹੋਣ ਦਿੱਤਾ। ਸਜ਼ਾ ਭੁਗਤਣ ਲਈ ਉਨ੍ਹਾਂ ਨੂੰ 'ਏ' ਕਲਾਸ ਕੈਦੀ ਵਜੋਂ ਮੀਆਂਵਾਲੀ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ। ਮੀਆਂਵਾਲੀ ਜੇਲ੍ਹ ਨੂੰ "ਪੰਜਾਬ ਦਾ ਕਾਲਾ ਪਾਣੀ" ਸਮਝਿਆ ਜਾਂਦਾ ਸੀ।

ਮਾਸਟਰ ਜੀ ਲਿਖਦੇ ਹਨ ਕਿ "ਲਾਹੌਰ ਵਿਖੇ ਸਾਈਮਨ ਕਮਿਸ਼ਨ ਦੀ ਆਮਦ ਸਮੇਂ 17 ਨਵੰਬਰ ਨੂੰ ਰੋਸ ਪ੍ਰਗਟਾਵੇ ਸਮੇਂ ਹਾਜ਼ਰ ਹੋਣ ਲਈ ਲਾਲਾ ਲਾਜਪਤ ਰਾਏ ਤੇ ਮਾਲਵੀਆ ਜੀ ਨੂੰ ਤਾਰ ਦੇ ਕੇ ਲਖਨਊ ਤੋਂ ਸੱਦਿਆ ਗਿਆ। ਸਟੇਸ਼ਨ ਪੁਰ ਤਾਰਾਂ ਲੱਗੀਆਂ ਹੋਈਆਂ ਸਨ ਤੇ ਇਕ ਛੋਟਾ ਜਿਹਾ ਦਰਵਾਜ਼ਾ ਸੀ। ਉਥੇ ਲਾਲਾ ਲਾਜਪਤ ਰਾਏ ਤੇ ਮਾਲਵੀਆ ਜੀ ਖੜੇ ਸਨ ਤੇ ਮੁਜ਼ਾਹਰੇ ਦੀ ਅਗਵਾਈ ਕਰ ਰਹੇ ਸਨ। ਮਾਸਟਰ ਕਾਬਲ ਸਿੰਘ ਉਨ੍ਹਾਂ ਤੋਂ ਛੇ ਸੱਤ ਗਜ਼ ਦੀ ਵਿਥ ਪੁਰ ਖੜੇ ਸਨ। ਮਿਸਟਰ ਸਕਾਟ (ਡੀ.ਆਈ.ਜੀ. ਪੁਲੀਸ) ਦੇ ਹੁਕਮ ਨਾਲ ਸਾਂਡਰਸ ਤੇ ਹੋਰ ਪੁਲੀਸ ਕਰਮਚਾਰੀਆਂ ਨੇ ਲਾਠੀਚਾਰਜ ਕੀਤਾ। ਇਕ ਦੋ ਲਾਠੀਆਂ ਪੈਂਦਿਆਂ ਡਾ. ਸਤਿਆਪਾਲ, ਲਾਲਾ ਲਾਜਪਤ ਰਾਏ ਉਪਰ ਲੇਟ ਗਏ ਤੇ ਸਾਰੀਆਂ ਸੱਟਾਂ ਡਾ. ਸਤਿਆਪਾਲ ਨੇ ਆਪਣੀ ਪਿੱਠ ਉੱਪਰ ਝੱਲੀਆਂ ਸਨ।"

ਮਾਸਟਰ ਜੀ ਦਾ ਇਹ ਯਕੀਨ ਸੀ ਕਿ ਲਾਲਾ ਲਾਜਪਤ ਰਾਏ ਦੀ ਮੌਤ ਲਾਠੀਆਂ ਦੀਆਂ ਸੱਟਾਂ ਕਾਰਨ ਨਹੀਂ ਹੋਈ। ਲਾਲਾ ਲਾਜਪਤ ਰਾਏ ਨੂੰ ਖਿਆਲ ਸੀ ਕਿ ਉਹ ਦੁਨੀਆਂ ਭਰ ਵਿਚ ਬਹੁਤ ਹੀ ਸ਼ੁਹਰਤ ਦੇ ਮਾਲਕ ਹਨ ਤੇ ਉਨ੍ਹਾਂ ਨੂੰ ਆਪਣੇ ਹੀ ਸ਼ਹਿਰ ਵਿਚ ਲਾਠੀਆਂ ਮਾਰਨ ਦਾ ਭਾਵ, ਜੋ ਉਹ ਸਮਝਦੇ ਸਨ, ਉਹ ਇਹ ਸੀ ਕਿ ਸਾਰਾ ਕੁਝ ਜਾਣ ਬੁੱਝ ਕੇ ਪੁਲੀਸ ਨੇ ਉਨ੍ਹਾਂ ਦੀ ਬੇਇੱਜ਼ਤੀ ਕਰਨ ਲਈ ਹੀ ਕੀਤਾ ਹੈ। ਯਾਦ ਰਹੇ ਕਿ ਰੋਸ ਪ੍ਰਗਟਾਵੇ ਤੋਂ ਪੰਜ ਛੇ ਘੰਟੇ ਮਗਰੋਂ ਹੀ ਲਾਲਾ ਜੀ ਨੇ ਬੜੀ ਧੜੱਲੇਦਾਰ ਤੇ ਘੱਟੋ ਘੱਟ ਢਾਈ-ਤਿੰਨ ਘੰਟੇ ਦੀ ਤਕਰੀਰ ਕੀਤੀ ਸੀ, ਜਿਸ 'ਚ ਉਨ੍ਹਾਂ ਅੰਗਰੇਜ਼ਾਂ 'ਤੇ ਖੁੱਲ੍ਹ ਕੇ

ਹਮਲੇ ਕੀਤੇ ਤੇ ਆਜ਼ਾਦੀ ਦੀ ਲੜਾਈ ਨੂੰ ਜਾਇਜ਼ ਕਰਾਰ ਦਿੱਤਾ।

ਖੜੌਦੀ ਸਮਾਗਮ* ਤੋਂ ਪਹਿਲਾਂ ਮਾਸਟਰ ਕਾਬਲ ਸਿੰਘ ਦਫਾ 182 ਤਹਿਤ ਇਕ ਹੋਰ ਮੁਕੱਦਮੇ ਵਿਚ ਫਸਾਏ ਹੋਏ ਸਨ। ਮੁਕੱਦਮੇ ਦੀ ਸੁਣਵਾਈ 2 ਅਕਤੂਬਰ 1928 ਨੂੰ ਜਲੰਧਰ ਠਾਕਰ ਕੇਹਰ ਸਿੰਘ ਦੀ ਅਦਾਲਤ ਵਿਚ ਹੋਈ ਤਾਂ ਕਪਤਾਨ ਤੇ ਇੰਸਪੈਕਟਰ ਪੁਲੀਸ ਚਲਾਨ ਗਵਾਹਾਂ ਦੇ ਹਾਜ਼ਰ ਨਾ ਹੋਣ ਕਰਕੇ ਅਗਲੀ ਸੁਣਵਾਈ 15 ਅਕਤੂਬਰ ਤੇ ਪਾ ਦਿੱਤੀ ਗਈ ਸੀ।[30]

## ਖੜੌਦੀ ਸਮਾਗਮ

ਬਬਰ ਅਕਾਲੀ ਸ਼ਹੀਦਾਂ ਦੀ ਯਾਦ 'ਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਖੜੌਦੀ ਵਿਚ 25, 26 ਤੇ 27 ਅਕਤੂਬਰ 1928 ਨੂੰ ਵਿਸ਼ਾਲ ਸਮਾਗਮ ਕੀਤਾ ਗਿਆ। ਸਮਕਾਲੀ ਰਾਏ ਮੁਤਾਬਕ ਇਹ ਆਪਣੀ ਕਿਸਮ ਦਾ ਪਹਿਲਾ ਸਮਾਗਮ ਸੀ ਜਿਸ ਨੂੰ ਰੋਕਣ ਲਈ ਸਰਕਾਰ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਸ਼ਹੀਦ ਧੰਨਾ ਸਿੰਘ ਬਹਿਬਲਪੁਰ ਦੀ ਯਾਦ ਵਿਚ ਇਲਾਕਾ ਨਿਵਾਸੀਆਂ ਦੇ ਅਟੁੱਟ ਹੌਸਲੇ ਤੇ ਜਨਤਾ ਨੇ ਜੋਸ਼ੋ ਖਰੋਸ ਨਾਲ ਮਨਾਇਆ। ਸਰਕਾਰ ਦੇ ਮਨਸੂਬੇ ਤਾਰ-ਤਾਰ ਹੋ ਗਏ ਜਦੋਂ ਤੀਹ ਹਜ਼ਾਰ ਤੋਂ ਵੀ ਵੱਧ ਲੋਕ ਇਸ ਵਿਚ ਸ਼ਾਮਲ ਹੋ ਗਏ ਸਨ।

ਪੁਲੀਸ ਨੇ ਲੋਕਾਂ ਨੂੰ ਡਰਾਉਣ-ਧਮਕਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ। ਫਿਰ ਵੀ ਕਮੇਟੀ ਵਾਲੇ ਪਿੰਡਾਂ ਵਿਚੋਂ ਸਮਾਗਮ ਦੇ ਲੰਗਰ ਲਈ ਦਾਲ ਆਟਾ ਇਕੱਠਾ ਕਰਨ ਵਿਚ ਕਾਮਯਾਬ ਹੋ ਗਏ। ਬਾਕੀ ਦੀ ਮਦਦ ਇਨ੍ਹਾਂ ਨੂੰ ਕੈਨੇਡਾ ਵਿਚੋਂ ਆ ਗਈ। ਕਾਨਫਰੰਸ ਬਹੁਤ ਸ਼ਾਨ ਨਾਲ ਕਾਮਯਾਬ ਹੋਈ। ਕਾਨਫਰੰਸ ਦੇ ਮੌਕੇ 'ਤੇ ਸ. ਰਤਨ ਸਿੰਘ ਰੱਕੜ ਬੱਬਰ ਅਕਾਲੀ, ਸਤਾਰਾਂ ਕੁ ਬੰਬ ਲੈ ਕੇ ਉਥੇ ਪਹੁੰਚ ਗਿਆ ਤੇ ਸਾਰੀ ਦੀ ਸਾਰੀ ਮੌਜੂਦ ਪੁਲੀਸ ਨੂੰ ਉਡਾ ਦੇਣ ਦਾ ਇਰਾਦਾ ਦੱਸਿਆ। ਮਾਸਟਰ ਕਾਬਲ ਸਿੰਘ ਨੇ ਉਸ ਨੂੰ ਰੋਕਿਆ ਤੇ ਸਮਝਾਇਆ ਕਿ ਪੁਲੀਸ ਨੂੰ ਉਡਾ ਕੇ ਆਪਣੀ ਕਾਮਯਾਬੀ ਹਾਰ ਵਿਚ ਬਦਲ ਜਾਵੇਗੀ। ਇਸ ਸਬੰਧੀ ਸਮਕਾਲੀ ਦੇਸ਼ ਸੇਵਕ ਅਖ਼ਬਾਰ (ਜਲੰਧਰ ਸ਼ਹਿਰ ਤੋਂ ਛਪਦਾ ਸੀ) ਨੇ ਲਿਖਿਆ, "ਇਸ ਸਮਾਗਮ ਦੀ ਕਾਮਯਾਬੀ ਟੁੱਟੇ ਦਿਲਾਂ ਨੂੰ ਢਾਰਸ ਬਨ੍ਹਾਉਂਦੀ ਸੀ। ਇਸ ਵਿਚ ਕੁਝ ਜ਼ਰੂਰੀ ਮਤਿਆਂ ਤੋਂ ਇਲਾਵਾ ਇਹ ਆਸ ਵੀ ਕੀਤੀ ਗਈ ਕਿ ਇਸ ਰੀਤ ਨੂੰ ਅਗੋਂ ਵੀ ਜਾਰੀ ਰੱਖਿਆ ਜਾਵੇਗਾ।" ਕਾਨਫਰੰਸ ਤੋਂ ਤੀਸਰੇ ਦਿਨ ਲਾਹੌਰ ਵਿਚ ਸਾਈਮਨ ਕਮਿਸ਼ਨ ਵਿਰੁੱਧ ਰੋਸ ਪ੍ਰਗਟਾਵਾ ਸੀ। ਮਾਸਟਰ ਜੀ ਤੇ ਹੋਰ ਵੀ ਸਾਰੇ ਸਾਥੀ ਉਥੇ ਚਲੇ ਗਏ।

ਖੜੌਦੀ ਦੇ ਸਮਾਗਮ ਤੋਂ ਪਿੱਛੋਂ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਇਕ ਜਥਾ ਜਲੰਧਰ ਤੋਂ ਵੀ ਪੁੱਜਾ, ਜਿਸ ਵਿਚ ਮਾਸਟਰ ਕਾਬਲ ਸਿੰਘ, ਬਲਬੰਤ ਸਿੰਘ ਦੁਖੀਆ ਤੇ ਅਰਜਨ ਸਿੰਘ ਸੱਚ ਵੀ ਸਨ। ਇਕ ਸ਼ਾਮ ਮਾਸਟਰ ਕਾਬਲ ਸਿੰਘ, ਬਲਬੰਤ ਸਿੰਘ ਦੁਖੀਆ, ਗਿਆਨੀ ਰਾਮ ਸਿੰਘ ਜੌਹਰ,

ਮਾਸਟਰ ਸੋਹਣ ਸਿੰਘ ਜੋਸ਼ ਗਰਾਊਂਡ ਵਿਚ ਫੁਟਬਾਲ ਦਾ ਮੈਚ ਦੇਖ ਰਹੇ ਸਨ ਤਾਂ ਪੁਲਸ ਵਾਲਿਆਂ ਨੇ ਨਾਟਕੀ ਢੰਗ ਨਾਲ ਮਾਸਟਰ ਜੀ ਨੂੰ 124 ਏ, ਤਹਿਤ ਗ੍ਰਿਫਤਾਰ ਕਰ ਲਿਆ, ਇਸ ਨਾਲ ਭਾਵੇਂ ਆਮ ਦੇਖਣ-ਸੁਨਣ ਵਾਲਿਆਂ ਵਿਚ ਗੁੱਸਾ ਪੈਦਾ ਹੋ ਗਿਆ ਤਾਂ ਹੋਰ ਸੰਗਤਾਂ 'ਦੁਆਬਾ ਦੀਵਾਨ' ਵਿਚ ਇਕੱਠੀਆਂ ਹੋ ਗਈਆਂ। ਬਲਬੰਤ ਸਿੰਘ 'ਦੁਖੀਆ' ਨੇ ਮਾਸਟਰ ਜੀ ਦੀ ਗ੍ਰਿਫ਼ਤਾਰੀ ਸਬੰਧੀ ਸਟੇਜ ਤੋਂ ਤਕਰੀਰ ਕਰਦਿਆਂ ਜਾਣਕਾਰੀ ਦਿੱਤੀ। ਅਗਲੇ ਦਿਨ ਬਾਬਾ ਭਾਗ ਸਿੰਘ ਕਨੇਡੀਅਨ, ਮਾਸਟਰ ਸੋਹਨ ਸਿੰਘ ਜੋਸ਼, ਸ. ਬਲਬੰਤ ਸਿੰਘ ਦੁਖੀਆ, ਸ. ਰਘਬੀਰ ਸਿੰਘ ਕੰਦੋਲਵੀ ਤੇ ਗਿਆਨੀ ਰਾਮ ਸਿੰਘ ਜੌਹਰ ਉਸੇ ਗਰਾਉਂਡ ਵਿਚ ਮੈਚ ਦੇਖਣ ਲਈ ਗਏ ਤਾਂ ਉਸੀ ਪੁਲਸ ਨੇ ਬਲਵੰਤ ਸਿੰਘ ਦੁਖੀਆ ਨੂੰ ਵੀ ਉਸੇ ਧਾਰਾ ਤਹਿਤ ਗ੍ਰਿਫਤਾਰ ਕਰ ਲਿਆ। ਪੁਲਸ ਦੀ ਇਸ ਕਾਰਵਾਈ 'ਤੇ ਰੋਸ ਪੈਦਾ ਹੋ ਗਿਆ ਤਾਂ 'ਦੁਆਬਾ ਦੀਵਾਨ' ਵਲ ਸਾਰੇ ਲੋਕ ਖਿਚੇ ਆਏ। ਦੁਆਬਾ ਦੀਵਾਨ ਵਿਚ ਰਸ਼ਪਾਲ ਸਿੰਘ ਦਰਦੀ, ਸ. ਠੋਹਲਾ ਸਿੰਘ ਬਾਹਗਾ ਤੇ ਗਿਆਨੀ ਰਾਮ ਸਿੰਘ ਜੌਹਰ* ਵਲੋਂ ਜ਼ੋਰਦਾਰ ਤਕਰੀਰਾਂ ਕੀਤੀਆਂ ਗਈਆਂ। ਇਸ ਸਮਾਗਮ ਵਿਚ ਲੈਕਚਰਾਂ ਰਾਹੀਂ ਦੁਆਬਾ ਦੀਵਾਨ ਵਿਚ ਦੇਸ਼ ਸੇਵਾ ਤੇ ਕਿਰਤੀ ਕਿਸਾਨਾਂ ਦੇ ਦੁਖੜਿਆਂ ਉੱਤੇ ਜੋਰਦਾਰ ਲੈਕਚਰ ਹੋਏ। ਦੀਵਾਨ ਵਿਚ ਇਕ ਮਤਾ ਪਾਸ ਕੀਤਾ ਗਿਆ। "ਸ਼੍ਰੋਮਣੀ ਦੁਆਬਾ ਖਾਲਸਾ ਦੀਵਾਨ ਦਾ ਇਹ ਭਾਰੀ ਇਕੱਠ ਮਾਸਟਰ ਕਾਬਲ ਸਿੰਘ ਜੀ ਤੇ ਸਰਦਾਰ ਬਲਵੰਤ ਸਿੰਘ 'ਦੁਖੀਆ' ਅਰਜਨ ਸਿੰਘ 'ਸਚ' ਦੀ ਗ੍ਰਿਫਤਾਰੀ ਤੇ ਵਧਾਈ ਦਿੰਦਾ ਹੈ ਅਤੇ ਨੌਕਰਸ਼ਾਹੀ ਨੂੰ ਚਿਤਾਵਨੀ ਦਿੰਦਾ ਹੈ ਕਿ ਹਰ ਇਕ ਸਿੱਖ ਬੱਚਾ ਉਨ੍ਹਾਂ ਦੇ ਇਸ ਕੰਮ ਸਬੰਧੀ ਸਹਿਮਤ ਹੈ ਤੇ ਨੌਕਰਸ਼ਾਹੀ ਦੀ ਹੈਂਕੜਬਾਜ਼ੀ ਤੇ ਘਿਰਣਾ ਪਰਗਟ ਕ਼ਰਦਾ ਹੈ।"

ਮਾਸਟਰ ਕਾਬਲ ਸਿੰਘ ਤੇ ਬਲਵੰਤ ਸਿੰਘ ਦੁਖੀਆ ਦੀਆਂ ਗ੍ਰਿਫਤਾਰੀਆਂ ਬਾਰੇ ਦੇਸ਼ ਸੇਵਕ ਦੀ ਰਿਪੋਰਟ:

> ਆਪ ਨੂੰ ਪਤਾ ਲਗ ਗਿਆ ਹੋਵੇਗਾ ਕਿ ਸ੍ਰੀਮਾਨ ਮਾਸਟਰ ਕਾਬਲ ਸਿੰਘ ਜੀ ਗੋਬਿੰਦ ਪੁਰੀ ਮੈਨੇਜਰ ਦੇਸ਼ ਸੇਵਕ ਜਲੰਧਰ ਸ੍ਰ: ਬਲਵੰਤ ਸਿੰਘ 'ਦੁਖੀਆ' ਜਨਰਲ ਸਕੱਤਰ ਸਿਖ ਲੀਗ ਹੁਸ਼ਿਆਰਪੁਰ ਅਤੇ ਸ: ਅਰਜਣ ਸਿੰਘ ਜੀ 'ਸਚ' ਖੜੌਦੀ ੧੨੪ (ੳ) ਹੇਠ ਗ੍ਰਿਫਤਾਰ ਕਰ ਲਏ ਗਏ ਹਨ। ਇਨਾਂ ਦੇ ਖਿਲਾਫ਼ ਡਿਪਟੀ ਕਮਿਸ਼ਨਰ ਜਿ: ਹੁਸ਼ਿਆਰਪੁਰ ਦੀ ਅਦਾਲਤ ਵਿਚ ਮੁਕੱਦਮਾ ਚਲਾਇਆ ਜਾਵੇਗਾ। ਪੇਸ਼ੀ ਦੀਆਂ ਤਰੀਕਾਂ ੧੦, ੧੧ ਅਤੇ ੧੨ ਦਸੰਬਰ ੧੯੨੮ ਨੀਯਤ ਹੋ ਚੁਕੀਆ ਹਨ।
>
> ਏਹ ਗ੍ਰਿਫਤਾਰੀਆਂ ਸਾਡੀ ਆਜ਼ਾਦੀ ਦੀ ਲਹਿਰ ਨੂੰ ਕੁਚਲਨ ਵਾਸਤੇ ਕੀਤੀਆਂ ਗਈਆਂ ਹਨ। ਸਰਕਾਰ ਚਾਹੁੰਦੀ ਹੈ ਕਿ ਇਸ ਤਰ੍ਹਾਂ ਦਾ ਜਬਰ ਤੇ ਸਖਤੀ ਨਾਲ ਇਲਾਕੇ ਦੇ ਸਰਗਰਮ ਸੇਵਾਦਾਰਾਂ ਨੂੰ ਜੇਹਲ

ਅੰਦਰ ਡੱਕ ਕੇ ਇਸ ਜੀਉਂਦੇ ਜਾਗਦੇ ਇਲਾਕੇ ਦੀ ਜਾਗ੍ਰਤਾ ਨੂੰ ਦਬਾਇਆ ਜਾਵੇ, ਸਰਕਾਰ ਸਾਨੂੰ ਨੀਚਾ ਦਖਾਉਣ ਲਈ ਆਪਣਾ ਪੂਰਾ ਪੂਰਾ ਟਿਲ ਲਾ ਰਹੀ ਹੈ। ਸਾਨੂੰ ਭੀ ਚਾਹੀਦਾ ਹੈ ਕਿ ਅਸੀਂ ਸਰਕਾਰ ਦੀ ਇਸ ਜਾਬਰਾਨਾ ਪਾਲੀਸੀ ਨੂੰ ਅਨੁਭਵ ਕਰਕੇ ਜਥੇਬੰਦੀ ਦੀ ਲੜੀ ਅੰਦਰ ਪਰੋਤੇ ਜਾਈਏ। ਹਰ ਇਕ ਸਿਖ ਹਿੰਦੂ ਮੁਸਲਮਾਨ ਭਰਾ ਦੀ ਸੇਵਾ ਵਿਚ ਜੋਰਦਾਰ ਅਖਰਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਆਪਨੇ ਪਿਆਰੇ ਦੇਸ਼ ਭਗਤਾਂ ਦੇ ਦਰਸ਼ਨ ਕਰਨ ਵਾਸਤੇ ੧੦, ੧੧ ਅਤੇ ਬਾਰਾਂ ਦਸੰਬਰ ਨੂੰ ਭਾਰੀ ਗਿਣਤੀ ਵਿਚ ਪੁਜਨ ਤਾਂ ਕਿ ਗੌਰਮਿੰਟ ਨੂੰ ਦਸ ਸਕੀਏ ਕਿ ਸਖਤੀ ਨਾਲ ਲੈਹਰ ਦਬੇਗੀ ਨਹੀਂ ਬਲਕਿ ਆਜ਼ਾਦੀ ਦੀ ਲੈਹਰ ਚੜ੍ਹਦੀਆਂ ਕਲਾਂ ਵਲ ਜਾਵੇਗੀ।[32]

**ਰਾਮ ਸਿੰਘ 'ਜੌਹਰ' ਜਨਰਲ ਸਕੱਤਰ,**
**ਜ਼ਿਲ੍ਹਾ ਹੁਸ਼ਿਆਰਪੁਰ**

ਬਬਰ ਅਕਾਲੀ ਧੰਨਾ ਸਿੰਘ ਦੀ ਯਾਦ ਮਨਾਉਣ ਲਈ ਖੜੌਦੀ ਸਮਾਗਮ ਬਾਰੇ ਪਾਲਦੀ ਦੇ ਬਚਿੱਤਰ ਸਿੰਘ ਨੇ ਗਵਾਹੀ ਦਿੰਦਿਆ ਆਖਿਆ, "ਮੈਂ ਉਸ ਸਮਾਗਮ ਵਿਚ ਸ਼ਾਮਲ ਸਾਂ। 27 ਅਕਤੂਬਰ ਨੂੰ ਮੁਲਜ਼ਮ ਨੇ ਤਕਰੀਰ ਕੀਤੀ ਕਿ ਬਬਰ ਅਕਾਲੀਆਂ ਦੀ ਯਾਦ ਮਨਾਓ। ਉਨ੍ਹਾਂ ਨੂੰ ਭੁੱਲੋਂ ਨਹੀਂ। ਅੰਗਰੇਜ਼ ਸਾਡਾ ਖ਼ੂਨ ਚੂਸ ਰਹੇ ਹਨ। ਗੌਰਮਿੰਟ ਅਕਾਸ਼ ਵੇਲ ਵਾਂਗ ਹਿੰਦੋਸਤਾਨ ਨੂੰ ਲਪਟੀ ਹੋਈ ਹੈ ਜਿਵੇਂ ਅਕਾਸ਼ ਵੇਲ ਦਰਖਤ ਨੂੰ ਵਧਣ ਫੁੱਲਣ ਨਹੀਂ ਦਿੰਦੀ, ਇਹ ਹਿੰਦੁਸਤਾਨੀਆਂ ਨੂੰ ਤਰੱਕੀ ਨਹੀਂ ਕਰਨ ਦਿੰਦੀ, ਇਸਦਾ ਖਾਤਮਾ ਕਰ ਦਿਓ, ਝੋਲੀ ਚੁੱਕਾਂ ਨੂੰ ਕੁਝ ਨਾ ਕਹੋ ਚੋਰ ਨੂੰ ਨਾ ਮਾਰੋ, ਚੋਰ ਦੀ ਮਾਂ ਨੂੰ ਮਾਰੋ। ਜੇ ਜੀਉਣਾ ਲੋੜਦੇ ਹੋ ਤਾਂ ਜਥੇਬੰਦ ਹੋ ਕੇ ਮਰਨਾ ਸਿੱਖੋ।"

ਜਦੋਂ ਅਦਾਲਤ ਨੇ ਪੁਛਿਆ ਕਿ ਉਸਦੇ ਦਿਲ ਵਿਚ ਲੈਕਚਰ ਸੁਣਕੇ ਸਰਕਾਰ ਵਿਰੁੱਧ ਨਫਰਤ ਪੈਦਾ ਹੋਈ ਸੀ ਜਾਂ ਨਹੀਂ, ਗਵਾਹ ਨੇ ਨਾਹ ਵਿਚ ਉਤਰ ਦਿੱਤਾ ਤੇ ਆਖਿਆ "ਉਹ ਸਰਕਾਰ ਨੂੰ ਬਹੁਤ ਚੰਗੀ ਸਮਝਦਾ ਹੈ ਇਸਦੇ ਬਾਅਦ ਸ. ਗੰਢਾ ਸਿੰਘ ਰਈਸ ਪਾਲਦੀ ਕਰਨ ਅਤੇ ਸਫਾਈ ਪੇਸ਼ ਕਰਨ ਤੋਂ ਇਨਕਾਰ ਕਰ ਦਿੱਤਾ। ਆਪ ਕੇਵਲ ਇਕ ਲਿਖਤੀ ਬਿਆਨ ਪੇਸ਼ ਕਰਨ ਲਈ ਤਿਆਰ ਹਨ ਜਿਹੜਾ 20 ਦਸੰਬਰ ਨੂੰ ਮੁਕੱਰਰ ਤਾਰੀਖ ਤੇ ਦਿੱਤਾ ਜਾਏਗਾ।**

ਸੁਪਰਡੰਟ ਪੋਲੀਸ ਖਾਨ ਬਹਾਦਰ ਸ਼ੇਖ ਅਬਦੁਲ ਅਜ਼ੀਜ਼ ਸੀ.ਆਈ.ਡੀ. ਨੇ ਵਿਸਥਾਰ ਸਹਿਤ ਗਵਾਹੀ ਦਿੱਤੀ। ਜਿਸਨੂੰ ਬਬਰ ਅਕਾਲੀ ਲਹਿਰ ਨੂੰ ਕੁਚਲਣ ਤੇ ਲਾਇਆ ਸੀ। ਇਸ ਸਬੰਧ ਵਿਚ ਇੰਸਪੈਕਟਰ ਅਰਜਨ ਸਿੰਘ C.I.D. ਦੀ ਗਵਾਹੀ ਵੀ ਹੋਈ। **('ਦੇਸ ਸੇਵਕ' ਜਲੰਧਰ 20 ਦਸੰਬਰ 1928, ਪੰਨਾ: 05)**

ਪੁਲਿਸ ਵੱਲੋਂ ਇਕ ਝੂਠੇ ਬਣਾਏ ਕੇਸ ਵਿਚੋਂ ਮਾਸਟਰ ਕਾਬਲ ਸਿੰਘ ਜੀ ਸਾਫ ਬਰੀ ਹੋ ਗਏ। ਅਖ਼ਬਾਰ 'ਦੇਸ ਸੇਵਕ' ਦੇ ਸੰਪਾਦਕ ਸਰਦਾਰਾ ਸਿੰਘ ਨੇ ਉਨ੍ਹਾਂ ਦੇ ਮੁਕੱਦਮੇ ਬਾਰੇ ਵਿਸਥਾਰ ਨਾਲ ਹੇਠ ਲਿਖੀ ਜਾਣਕਾਰੀ ਦਿੱਤੀ। ਯਾਦ ਰਹੇ ਇਹ ਮੁਕੱਦਮਾ ਜਲੰਧਰ ਦੀ ਇਕ ਅਦਾਲਤ ਵਿਚ ਸ਼ੁਰੂ ਹੋਇਆ ਸੀ, ਜਿਸਦੀ ਪੈਰਵਾਈ ਪ੍ਰਸਿੱਧ ਵਕੀਲ ਸ. ਨਗੀਨਾ ਸਿੰਘ ਨੇ ਕਰਕੇ ਮਾਸਟਰ ਕਾਬਲ ਸਿੰਘ ਜੀ ਨੂੰ ਬਾਇੱਜ਼ਤ ਬਰੀ ਕਰਵਾਇਆ ਸੀ। ਸ. ਨਗੀਨਾ ਸਿੰਘ ਵੀ ਮਾਸਟਰ ਕਾਬਲ ਸਿੰਘ ਦੇ ਪਿੰਡ ਗੋਬਿੰਦਪੁਰੀ ਦੇ ਜੰਮਪਲ ਸਨ। ਸਰਦਾਰਾ ਸਿੰਘ ਨਾਗਰਾ ਵੱਲੋਂ ਮੁਕੱਦਮੇ ਦੀ ਕਾਰਵਾਈ ਦਾ ਸੰਖੇਪ ਹਵਾਲਾ ਦਿੱਤਾ ਗਿਆ:

"ਮਾਨੀਵਰ ਪਾਠਕਾਂ ਨੂੰ ਯਾਦ ਹੋਵੇਗਾ ਕਿ ਕੰਸਟੇਬਲ ਦੇ ਹੱਥੋਂ ਜੋ ਮਾਸਟਰ ਜੀ ਦੀ ਬਿੱਜ਼ਤੀ ਹੋਈ ਤਿਸਦੀ ਤਲਾਫ਼ੀ ਵਾਸਤੇ ਮਾਸਟਰ ਜੀ ਨੇ ਕਪਤਾਨ ਪੁਲਸ ਜਾਲੰਧਰ ਦੇ ਜੋ ਦਰਖਾਸਤ ਦਿਤੀ ਸੀ, ਇਸਨੂੰ ਝੂਠੀ ਰਪੋਟ ਸਮਝਦਿਆਂ ਹੋਇਆਂ ਪੁਲਸ ਨੇ ਹਿੰਦ ਦੰਡਾਵਲੀ ਦਫਾ ੧੮੨ ਤਹਿਤ ਆਪ ਦਾ ਅਦਾਲਤ ਵਿਚ ਚਾਲਾਨ ਕਰ ਦਿੱਤਾ ਸੀ। ਮਾਨ ਯੋਗ ਪਾਠਕਾਂ ਨੂੰ ਇਹ ਭੀ ਯਾਦ ਹੋਵੇਗਾ ਕਿ ਇਸ ਮੁਕੱਦਮੇ ਵਿਚ ਠਾਕਰ ਕੇਹਰ ਸਿੰਘ ਮੈਜਿਸਟਰੇਟ ਜਲੰਧਰ ਦੀ ਅਦਾਲਤ ਵਿਚ ਚਾਲਾਨ ਵਲੋਂ ਪੁਲਸ ਕਨਸਟੇਬਲ, ਫੋਟੋਗਰਾਫਰ ਅਤੇ ਕੋਤਵਾਲ ਸ਼ੈਹਰ ਦੀਆਂ ਗਵਾਹੀਆਂ ਹੋ ਚੁਕੀਆਂ ਸਨ, ਕੇਵਲ ਕਪਤਾਨ ਪੁਲਸ ਦੀ ਗਵਾਹੀ ਬਾਕੀ ਸੀ। ਠਾਕੁਰ ਕੇਹਰ ਸਿੰਘ ਦੀ ਬਦਲੀ ਹੋ ਜਾਣ ਕਰਕੇ ਮਿਤੀ ੧੭-੧੧-੨੮ ਨੂੰ ਇਹ ਮੁਕੱਦਮਾ ਮਿਸਟਰ ਵਰਾਟ ਚੰਦ ਮੈਜਿਸਟ੍ਰੇਟ ਜਲੰਧਰ ਦੀ ਅਦਾਲਤ ਵਿਚ ਪੇਸ਼ ਹੋਇਆ। ਇਸ ਦਿਹਾੜੇ ਕਪਤਾਨ ਦੀ ਗਵਾਹੀ ਹੋ ਕੇ ਮਾਸਟਰ ਕਾਬਲ ਸਿੰਘ ਜੀ ਦਾ ਲਿਖਤੀ ਬਿਆਨ ਅਦਾਲਤ ਵਿਚ ਦਾਖਲ ਕਰਨ ਵਾਸਤੇ ਮੁਕੱਦਮਾ ੧੯-੧-੨੮ ਪੁਰ ਮੁਲਤਵੀ ਕੀਤਾ ਗਿਆ। ਉਪਰੋਕਤ ਤਰੀਕ ਨੂੰ ਜਦ ਮੁਕੱਦਮਾ ਪੇਸ਼ ਹੋਇਆ ਤਾਂ ਮਾਸਟਰ ਜੀ ਨੇ ਸੰਖੇਪ ਜਿਹਾ ਲਿਖਤੀ ਬਿਆਨ ਅਦਾਲਤ ਵਿਚ ਦਾਖਲ ਕੀਤਾ। ਜਿਸ ਵਿਚ ਆਪਨੇ ਲਿਖਿਆ ਕਿ ਮੇਰੀ ਦਰਖਾਸਤ ਬਿਲ ਕੁਲ ਸੱਚੀ ਹੈ। ਮੇਰੇ ਚਾਲਾਨ ਦਾ ਕਾਰਨ ਰਾਜਸੀ ਮਾਮਲਿਆਂ ਵਿਚ ਸਰਗਰਮੀ ਨਾਲ ਹਿੱਸਾ ਲੈਣਾ ਹੈ। ਅਦਾਲਤ ਨੇ ਪੈਹਲਾਂ ਤਾਂ ਬਿਆਨ ਨੂੰ ਪੜ੍ਹਿਆ ਤੇ ਫੇਰ ਮਿਸਲ ਨੂੰ ਗੌਰ ਨਾਲ ਵੇਖਿਆ ਅਤੇ ਕੋਰਟ ਇੰਨਸਪੈਕਟਰ ਨੂੰ ਕਿਹਾ:-

ਅਦਾਲਤ-ਇਸਤਗਾਸੇ ਦੀ ਪੁਸ਼ਟੀ ਵਿਚ ਕੰਸਟੇਬਲ ਤੋਂ ਸਿਵਾ, ਜਿਸ ਦੇ ਖਿਲਾਫ਼ ਕਾਬਲ ਸਿੰਘ ਸ਼ਕੈਤ ਕਰਦਾ ਹੈ, ਹੋਰ ਕੋਈ ਮੌਕੇ ਦਾ ਗਵਾਹ ਪੇਸ਼ ਨਹੀਂ ਕੀਤਾ ਗਿਆ।

ਕੋਰਟ ਇੰਸਪੈਕਟਰ-ਮਿਹਰ ਚੰਦ ਫੋਟੋਗ੍ਰਾਫਰ ਨੇ ਸ਼ਹਾਦਤ ਦਿਤੀ ਹੈ।

ਅਦਾਲਤ-ਕੋਤਵਾਲ ਕੈਂਹਦਾ ਹੈ, ਕਿ ਉਹ ਮੌਕਿਆ ਪੁਰ ਨਹੀਂ ਗਿਆ, ਨਾ ਆਸੇ ਪਾਸੇ ਦੇ ਦੁਕਾਨਦਾਰਾਂ ਪਾਸੋਂ ਪੁਛਿਆ, ਨਾ ਕਿਸੇ ਹੋਰ ਪਾਸੋਂ। ਓਸ ਦਾ

ਆਪਣਾ ਬਿਆਨ ਹੈ, ਕਿ ਕੰਸਟੇਬਲ ਅਤੇ ਮਿਹਰ ਚੰਦ ਤੋਂ ਬਿਨਾਂ ਹੋਰ ਕਿਸੇ ਪਾਸੋਂ ਓਸ ਨੇ ਕੁਛ ਨਹੀਂ ਪੁੱਛਿਆ।

ਕੋਰਟ ਇੰਸਪੈਕਟਰ-ਮੁਲਜ਼ਮ ਨੇ ਆਪਣੀ ਦਰਖਾਸਤ ਨੂੰ ਸੱਚਾ ਸਾਬਤ ਨਹੀਂ ਕੀਤਾ।

ਅਦਾਲਤ-ਬਾਰ ਸਬੂਤ ਇਸਤਗਾਸੇ ਪੁਰ ਸੀ, ਰਪੋਟ ਦਾ ਝੂਠੀ ਸਾਬਤ ਕਰਨਾ ਇਸਤਗਾਸੇ ਦਾ ਫਰਜ਼ ਸੀ।

ਇਸ ਮੌਕਿਆ ਪੁਰ ਮਾਸਟਰ ਜੀ ਦੇ ਵਕੀਲ ਸ੍ਰ: ਨਗੀਨਾ ਸਿੰਘ ਨੇ ਕਿਹਾ ਕਿ ਇਸ ਮੁਕੱਦਮੇ ਵਿਚ ਰਪੋਟ ਨੂੰ ਸਚੀ ਸਾਬਤ ਕਰਨਾ ਮੁਲਜ਼ਮ ਦਾ ਫਰਜ਼ ਨਹੀਂ ਸੀ, ਬਲਕਿ ਬਾਰ ਸਬੂਤ ਇਸਤਗਾਸੇ ਪੁਰ ਸੀ, ਉਸ ਨੂੰ ਰਪੋਟ ਝੂਠੀ ਸਾਬਤ ਕਰਨੀ ਚਾਹੀਦੀ ਸੀ। ਇਸ ਪੁਰ ਕੋਰਟ ਇੰਸਪੈਕਟਰ ਚੁਪ ਹੋ ਗਿਆ, ਅਤੇ ਲਾਇਕ ਮੈਜਿਸਟਰੇਟ ਨੇ ਝਟ ਪਟ ਮਾਸਟਰ ਜੀ ਦੀ ਬਰੀਯਤ ਦਾ ਹੁਕਮ ਸੁਣਾ ਦਿਤਾ।[53]

ਜਦ ਤਕ ਮੁਕੱਦਮਾ ਅਦਾਲਤ ਵਿਚ ਚਲਦਾ ਰਿਹਾ, ਉਸਦੀ ਕਾਰਵਾਈ ਪੁਰ ਕਿਸੇ ਨੂੰ ਟੀਕਾ ਟਿਪਣੀ ਕਰਨ ਦਾ ਹੱਕ ਨਹੀਂ ਸੀ ਇਸ ਕਰਕੇ ਇਸ ਤੋਂ ਪਹਿਲਾਂ ਮੁਕਦਮੇ ਦੀ ਕਾਰਵਾਈ ਦੀ ਕੇਵਲ ਰਪੋਟ ਹੀ ਪੇਸ਼ ਕੀਤੀ ਜਾਂਦੀ ਰਹੀ ਅਤੇ ਕਿਸੇ ਕਿਸਮ ਦੀ ਨੁਕਤਾਚੀਨੀ ਨਹੀਂ ਕੀਤੀ ਗਈ। ਚੂੰਕਿ ਹੁਣ ਮੁਕਦਮੇ ਦਾ ਫੈਸਲਾ ਹੋ ਗਿਆ ਹੈ ਇਸ ਵਾਸਤੇ ਹਰ ਕੋਈ ਇਸਦੀ ਕਾਰਵਾਈ ਸਬੰਧੀ ਆਪਣੇ ਖਿਆਲ ਪਰਗਟ ਕਰ ਸਕਦਾ ਹੈ, ਅਤੇ ਹੇਠਾਂ ਮੁਕਦਮੇ ਦੀ ਕਾਰਵਾਈ ਪੁਰ ਸਰੋਸਰੀ ਵੀਚਾਰ ਕੀਤੀ ਜਾਂਦੀ ਹੈ:-

ਸਭ ਤੋਂ ਪੈਹਲਾਂ ਪੁਲਸ ਅਫਸਰਾਂ ਵਾਸਤੇ ਇਹ ਜਰੂਰੀ ਸੀ ਕਿ ਉਹ ਮਾਸਟਰ ਜੀ ਦੀ ਦਰਖਾਸਤ ਤੇ ਪੂਰੀ ਪੂਰੀ ਤੈਹਕੀਕਾਤ ਕਰਦੇ ਅਤੇ ਦਰਖਾਸਤ ਝੂਠੀ ਹੋਣ ਦੀ ਸੂਰਤ ਵਿਚ ਮਾਸਟਰ ਜੀ ਵਰੁੱਧ ਮੁਨਾਸਬ ਕਾਰਵਾਈ ਕਰਦੇ। ਪਰ ਜਿਥੋਂ ਤਕ ਮੈਨੂੰ ਪਤਾ ਹੈ ਅਤੇ ਗਵਾਹਾਂ ਦੇ ਬਿਆਨਾਂ ਤੋਂ ਪਰਗਟ ਹੁੰਦਾ ਹੈ, ਮਾਸਟਰ ਜੀ ਦੀ ਦਰਖਾਸਤ ਪਰ ਕੋਈ ਐਡੀ ਲੰਮੀ ਪੁਛ ਗਿਛ ਨਹੀਂ ਕੀਤੀ ਗਈ। ਕੋਤਵਾਲ ਜਾਲੰਧਰ ਸ਼ੈਹਰ ਆਪਣੇ ਬਿਆਨ ਵਿਚ ਇਹ ਮੰਨਦਾ ਹੈ ਕਿ ਉਹ ਮੌਕੇ ਪੁਰ ਨਹੀਂ ਗਿਆ ਅਤੇ ਨਾ ਉਥੇ ਜਾਕੇ ਕੋਈ ਤਫਤੀਸ਼ ਕੀਤੀ ਸਗੋਂ ਕੋਤਵਾਲ ਤਾਂ ਇਹ ਭੀ ਇਕਬਾਲ ਕਰਦਾ ਹੈ ਕਿ ਕੰਸਟੇਬਲ ਅਤੇ ਫੋਟੋਗਰਾਫਰ ਤੋਂ ਬਿਨਾਂ ਹੋਰ ਕਿਸੇ ਪਾਸੋਂ ਕੁਛ ਦਰਯਾਫਤ ਨਹੀਂ ਕੀਤਾ। ਮਿਹਰ ਚੰਦ ਗਵਾਹ ਦਾ ਬਿਆਨ ਹੈ ਕਿ ਮੈਂ ਘਟਨਾ ਦੇ ਮੌਕੇ ਮੌਜੂਦ ਨਹੀਂ ਸੀ। ਰੁਲਦੂ ਰਾਮ ਕੰਸਟੇਬਲ ਅਤੇ ਮਾਸਟਰ ਕਾਬਲ ਸਿੰਘ ਜੀ ਰੇਲਵੇ ਰੋਡ ਦੇ ਰਸਤੇ ਝਗੜਦੇ ਆ ਰਹੇ ਸਨ। ਮਾਸਟਰ ਜੀ ਕੈਂਹਦੇ ਸਨ ਕਿ, ਸਪਾਹੀ ਨੇ ਮੇਰੀ ਬੇਇਜ਼ਤੀ ਕੀਤੀ ਹੈ ਅਤੇ ਸਪਾਹੀ ਕੈਂਹਦਾ ਸੀ ਤੁਮ ਗਲਤ ਰਸਤੇ ਗਏ ਹੋ ਮੈਂ ਨੇ ਇਨਹਾਂ ਨੂੰ ਵਾਪਸ ਕਰ ਦਿਤਾ। ਬਸ ਕੇਵਲ ਏਨੀ ਹੀ ਸ਼ਹਾਦਤ ਦੇ ਕੋਤਵਾਲ ਕੰਸਟੇਬਲ ਦਾ ਬਿਆਨ ਲੈ ਕੇ ਇਹ ਰਾਏ ਕਾਇਮ ਕਰ ਲੈਂਦਾ ਹੈ ਕਿ ਮਾਸਟਰ ਦੀ

ਦਰਖਾਸਤ ਝੂਠੀ ਹੈ ਅਤੇ ਕੰਸਟੇਬਲ ਸਚਾ ਹੈ। ਹੈਰਾਨੀ ਬਾਲੀ ਗਲ ਤਾਂ ਇਹ ਹੈ ਕਿ ਮਾਸਟਰ ਜੀ ਨੂੰ ਸਬੂਤ ਪੇਸ਼ ਕਰਨ ਵਾਸਤੇ ਭੀ ਨਹੀਂ ਕਿਹਾ ਜਾਂਦਾ। ਐਸੇ ਹਾਲਾਤ ਵਿਚ ਬਗੈਰ ਕਿਸੇ ਕਿਸਮ ਦੀ ਹੋਰ ਤਫਤੀਸ ਕਰਨ ਦੇ ਕੇਵਲ ਕੰਸਟੇਬਲ ਦੇ ਬਿਆਨ ਪੁਰ ਇਹ ਯਕੀਨ ਕਰ ਲੈਣਾ ਕਿ ਦਰਖਾਸਤ ਮਾਸਟਰ ਕਾਬਲ ਸਿੰਘ ਦੀ ਝੂਠੀ ਹੈ। ਨਾ ਕੇਵਲ ਭੁਲ ਹੈ ਬਲਕਿ ਅਕਲਮੰਦੀ ਤੋਂ ਬਈਦ ਹੈ।

ਮੈਂ ਮੰਨਦਾ ਹਾਂ ਕਿ ਅਫਸਰ ਆਪਣੇ ਮਾਤੈਹਤਾਂ ਨਾਲ ਹਮਦਰਦੀ ਰਖਿਆ ਕਰਦੇ ਹਨ ਅਤੇ ਉਹਨਾਂ ਪੁਰ ਕੋਈ ਹਰਫ ਨਹੀਂ ਔਣ ਦਿਆ ਕਰਦੇ, ਅਜਿਹੀ ਸੂਰਤ ਵਿਚ ਅਫ਼ਸਰਾਂ ਨੂੰ ਅਖਤਿਆਰ ਸੀ ਕਿ ਉਹ ਕੰਸਟੇਬਲ ਨੂੰ ਤਾੜਨਾ ਕਰਕੇ ਦਰਖਾਸਤ ਦਾਖਲ ਦਫਤਰ ਕਰ ਦਿੰਦੇ। ਪਰ ਐਸਾ ਨਹੀਂ ਕੀਤਾ ਗਿਆ ਕਿਉਂਕਿ ਦਰਖਾਸਤ ਕਰਨ ਵਾਲਾ ਇਕ ਪਬਲਕ ਸੇਵਕ ਸੀ ਅਤੇ ਇਸ ਦੇ ਮੁਕਾਬਲੇ ਪੁਰ ਕੰਸਟੇਬਲ ਨੂੰ ਨੀਵਾਂ ਦਖੌਣ ਵਿਚ ਪੁਲਸ ਦੇ ਰੋਹਬ ਵਿਚ ਫਰਕ ਔਣ ਦਾ ਡਰ ਸੀ। ਮੇਰੇ ਖਿਆਲ ਵਿਚ ਜੋ ਅਫਸਰ ਕੰਸਟੇਬਲ ਦੇ ਵਿਰੁਧ ਉਕੀ ਹੀ ਕੋਈ ਕਾਰਵਾਈ ਨਹੀਂ ਕਰਨੀ ਚਾਹੁੰਦੇ ਸਨ ਤਾਂ ਉਹ ਬਗੈਰ ਪੁਛ ਗਿਛ ਦੇ ਦਰਖਾਸਤ ਦਾਖਲ ਦਫਤਰ ਕਰ ਸਕਦੇ ਹਨ, ਪਰ ਮਾਸਟਰ ਜੀ ਵਿਰੁਧ ਤਾਂ ਮੁਕਦਮਾ ਖੜਾ ਕਰਨਾ ਕਿਸੇ ਸੂਰਤ ਵਿਚ ਭੀ ਜਾਇਜ਼ ਨਹੀਂ ਸੀ, ਖਾਸਕਰ ਜਦ ਉਹਨਾਂ ਪਾਸ ਰਪੋਰਟ ਨੂੰ ਝੂਠੀ ਸਾਬਤ ਕਰਨ ਵਾਸਤੇ ਕੋਈ ਸਬੂਤ ਭੀ ਨਹੀਂ ਸੀ। ੧੯੨ ਦਫਾ ਦੇ ਮੁਕੱਦਮੇ ਵਿਚ ਚਲਾਨ ਵਲੋਂ ਜਿਹੜੇ ਗਵਾਹ ਮਾਸਟਰ ਜੀ ਵਿਰੁੱਧ ਭੁਗਤੇ ਹਨ ਉਹਨਾਂ ਵਿਚੋਂ ਕਪਤਾਨ ਪੁਲਸ ਦਾ ਬਿਆਨ ਹੈ ਕਿ ਇੰਸਪੈਕਟਰ ਰਪੋਟ ਕਰਦਾ ਹੈ ਕਿ ਮਾਸਟਰ ਕਾਬਲ ਸਿੰਘ ਦੀ ਦਰਖਾਸਤ ਝੂਠੀ ਹੈ। ਇੰਸਪੈਕਟਰ ਕਹਿੰਦਾ ਹੈ, ਕੰਸਟੇਬਲ ਦਾ ਬਿਆਨ ਹੈ ਕਿ ਮੈਂ ਮਾਸਟਰ ਕਾਬਲ ਸਿੰਘ ਦੀ ਬੇਇੱਜ਼ਤੀ ਨਹੀਂ ਕੀਤੀ। ਮੇਹਰ ਚੰਦ ਗਵਾਹ ਦਾ ਬਿਆਨ ਹੈ ਕਿ ਮੈਂ ਘਟਨਾ ਵੇਲੇ ਮੌਕੇ ਪੁਰ ਮੌਜੂਦ ਨਹੀਂ ਸੀ। ਇੰਸਪੈਕਟਰ ਅਤੇ ਕਪਤਾਨ ਪੁਲਸ ਦੋਹਾਂ ਦੀ ਸ਼ਹਾਦਤ ਕੰਸਟੇਬਲ ਦੇ ਬਿਆਨ ਦੇ ਅਧਾਰ ਤੇ ਜਿਸ ਦੇ ਵਰੁਧ ਮਾਸਟਰ ਜੀ ਸ਼ਕੈਤ ਕਰਦੇ ਹਨ ਕਿ ਓਸ ਨੇ ਮੇਰੀ ਬੇਇਜ਼ਤੀ ਕੀਤੀ ਹੈ ਮੇਰੀ ਰਾਏ ਵਿਚ ਮਾਸਟਰ ਜੀ ਦਾ ਚਾਲਾਨ ਕਰਨ ਵਿਚ ਉਪਰੋਕਤ ਅਫਸਰਾਂ ਨੇ ਇਸ ਕਦਰ ਗੈਰ ਜੁਮੇਵਾਰੀ ਦਾ ਸਬੂਤ ਦਿਤਾ ਹੈ ਜਿਹੜਾ ਕਿ ਮਾਮੂਲੀ ਤੋਂ ਮਾਮੂਲੀ ਆਦਮੀ ਤੋਂ ਭੀ ਉਮੈਦ ਨਹੀਂ ਹੋ ਸਕਦੀ।

ਮੈਂ ਜਾਣਦਾ ਹਾਂ ਪੁਲਸ ਵਿਚ ਹਜ਼ਾਰਾਂ ਦਰਖਾਸਤਾਂ ਤੇ ਸੈਂਕੜੇ ਰਪੋਟਾਂ ਔਂਦੀਆਂ ਹਨ ਜਿਨਹਾਂ ਵਿਚੋਂ ਬਹੁਤੀਆਂ ਸਬੂਤ ਨਾ ਮਿਲਣ ਕਰਕੇ ਦਾਖਲ ਦਫਤਰ ਕੀਤੀਆਂ ਜਾਂਦੀਆਂ ਹਨ ਅਤੇ ਇਨਹਾਂ ਵਿਚੋਂ ਸ਼ੈਦ ਹੀ ਕਦੇ ਕਿਸੇ ਵਰੁਧ ਮੁਕਦਮਾ ਚਲਾਇਆ ਜਾਂਦਾ ਹੋਵੇਗਾ। ਇਹ ਕੇਵਲ ਮਾਸਟਰ ਕਾਬਲ ਸਿੰਘ ਜੀ ਦਾ ਮਾਮਲਾ ਸੀ ਜਿਸ ਵਿਚ ਬਗੈਰ ਸਬੂਤ ਹੀ ਮਾਸਟਰ ਜੀ ਦੇ ਖਿਲਾਫ ਮੁਕਦਮਾ ਖੜਾ ਕਰ ਦਿਤਾ ਗਿਆ। ਮੇਰੇ ਖਿਆਲ ਵਿਚ ਮੁਕਦਮਾ ਚਲੌਣ ਦੀ ਇਕ ਇਹ ਭੀ ਵਜਹ ਸੀ ਕਿ

ਮਾਸਟਰ ਜੀ ਰਾਜਸੀ ਮਾਮਲਿਆਂ ਵਿਚ ਸਰਗਰਮੀ ਨਾਲ ਹਿਸਾ ਲੈਂਦੇ ਹਨ ਜਿਹੜਾ ਕਿ ਪੁਲਸ ਅਫਸਰਾਂ ਨੂੰ ਨਹੀਂ ਭੌਂਦਾ।

ਪੁਲਸ ਅਫਸਰਾਂ ਦੇ ਇਸ ਗੈਰ ਜੁਮੇਵਾਰ ਵਤੀਰੇ ਨਾਲ ਮਾਸਟਰ ਜੀ ਨੂੰ ਜਿਹੜਾ ਨੁਕਸਾਨ ਪੁਜਾ ਏਥੇ ਉਸ ਦੇ ਪੂਰੇ ਤੌਰ ਪੁਰ ਜ਼ਿਕਰ ਕਰਨ ਦੀ ਲੋੜ ਨਹੀਂ ਹੈ। ਮਾਸਟਰ ਜੀ ਦੋ ਤਿੰਨ ਮਹੀਨੇ ਤਾਂ ਮੁਕਦਮੇ ਦੀਆਂ ਪੇਸ਼ੀਆਂ ਭੁਗਤਦੇ ਰਹੇ ਅਤੇ ਕਚੈਹਰੀਆਂ ਵਿਚ ਖਰਾਬ ਹੁੰਦੇ ਰਹੇ। ਇਸ ਤੋਂ ਬਿਨਾਂ ਇਕ ਲਾਇਕ ਵਕੀਲ ਦੀ ਸੇਵਾ ਪੈਰਵੀ ਮੁਕਦਮੇ ਵਾਸਤੇ ਆਪ ਨੂੰ ਕਰਨੀ ਪਈ। ਅਖ਼ਬਾਰ 'ਦੇਸ ਸੇਵਕ' ਦੇ ਮੈਨੇਜਰ ਹੋਣ ਕਰਕੇ ਅਖਬਾਰ ਨੂੰ ਵਖਰਾ ਨੁਕਸਾਨ ਪੁੱਜਾ। ਮੁਕੱਦਮੇ ਦੇ ਨਤੀਜੇ ਸਬੰਧੀ ਆਪ ਨੂੰ ਫਿਕਰ ਇਲੈਹਦਾ ਰਿਹਾ। ਫੇਰ ਭੀ ਖੈਰ ਗੁਜ਼ਰੀ ਆਪ ਦਾ ਮੁਕੱਦਮਾ ਇਕ ਆਜ਼ਾਦ ਰਾਏ ਮੈਜਿਸਟਰੇਟ ਦੀ ਅਦਾਲਤ ਵਿਚ ਸੀ ਜਿਹੜਾ ਕਿ ਪੁਲਸ ਦੇ ਦਬਾਓ ਵਿਚ ਨਹੀਂ ਆਇਆ ਨਹੀਂ ਤਾਂ ਮਿਸਟਰ ਜੈਨਕਿਨ ਦੀ ਸ਼ਹਾਦਤ ਅਦਾਲਤ ਪੁਰ ਦਬਾਅ ਪੌਣ ਵਾਸਤੇ ਹੀ ਕਰਾਈ ਗਈ ਸੀ। ਜੇ ਕਿਸੇ ਹੋਰ ਮੈਜਿਸਟਰੇਟ ਦੀ ਅਦਾਲਤ ਵਿਚ ਮੁਕੱਦਮਾ ਹੁੰਦਾ ਤਾਂ ਪੁਲਸ ਦਾ ਜਾਦੂ ਜ਼ਰੂਰ ਚਲ ਜਾਣਾ ਸੀ। ਭਲਾ ਮਾਸਟਰ ਜੀ ਨੂੰ ਏਨਾ ਨੁਕਸਾਨ ਕਿਉਂ ਬਰਦਾਸ਼ਤ ਕਰਨਾ ਪਿਆ ਕੇਵਲ ਕਪਤਾਨ ਪੁਲਸ ਅਤੇ ਇੰਸਪੈਕਟਰ ਦੇ ਗ਼ੈਰ ਜੁਮੇਵਾਰਾਨਾ ਵਤੀਰੇ ਕਰਕੇ। ਕਿਆ ਕੋਈ ਮੈਂਬਰ ਕੌਂਸਲ ਇਨਹਾਂ ਅਫਸਰਾਂ ਦੀ ਗ਼ੈਰਜੁਮੇਵਾਰੀ ਵਲ ਕੌਂਸਲ ਦੀ ਦ੍ਰਿਸ਼ਟੀ ਦਵੌਣ ਦੀ ਖੇਚਲ ਕਰੇਗਾ?

ਖੜੌਂਦੀ ਸਮਾਗਮ ਦੇ ਸਬੰਧ ਵਿਚ ਅਖ਼ਬਾਰਾਂ ਨੇ ਮਾਸਟਰ ਕਾਬਲ ਸਿੰਘ ਤੇ ਸਾਥੀਆਂ ਦੀਆਂ ਗ੍ਰਿਫ਼ਤਾਰੀਆਂ ਤੇ ਤਿੱਖੀਆਂ ਟਿੱਪਣੀਆਂ ਛਾਪੀਆਂ ਜਿਵੇਂ :

> ਪਾਠਕ ਮਾਸਟਰ ਕਾਬਲ ਸਿੰਘ ਜੀ ਗੋਬਿੰਦਪੁਰੀ, ਸ: ਅਰਜਣ ਸਿੰਘ ਜੀ 'ਸੱਚ' ਤੇ ਭਾਈ ਬਲਵੰਤ ਸਿੰਘ 'ਦੁਖੀਆ' ਦੀ ਗਰਿਫਤਾਰੀ ਬਾਬਤ ਪਿਛਲੇ ਪਰਚੇ ਵਿਚ ਪੜ੍ਹ ਚੁੱਕੇ ਹਨ। ਜਿਵੇਂ ਇਹ ਪੂਰੀ ਤਰ੍ਹਾਂ ਜਾਹਿਰ ਨਹੀਂ ਹੋਇਆ ਕਿ ਉਹਨਾਂ ਕੇਹੜੀ 'ਬਗਾਵਤ' ਕੀਤੀ ਹੈ ਜਿਸ ਦੇ ਅਪਰਾਧ ਵਿਚ ਉਹਨਾਂ ਤੇ ਧਾਰਾ ੧੨੪ ਅਲਫ ਲਾਈ ਗਈ ਹੈ। ਪਰ ਜਿਥੇ ਕਿ ਸਾਨੂੰ ਪਤਾ ਚਲਿਆ ਹੈ ਉਹਨਾਂ ਦਾ ਕਸੂਰ ਏਹੀ ਹੈ ਕਿ ਉਹਨਾਂ ਭਾਈ ਧੰਨਾ ਸਿੰਘ ਬੱਬਰ ਅਕਾਲੀ ਦਾ ਸ਼ਹੀਦੀ ਦਿਹਾੜਾ ਮਨਾਇਆ ਸੀ ਤੇ ਬਬਰ ਅਕਾਲੀਆਂ ਨੂੰ ਸ਼ਹੀਦੀ ਪਦਵੀ ਦਿੱਤੀ ਹੈ। ਗੌਰਮਿੰਟ ਨੂੰ ਡਰ ਪੈ ਗਿਆ ਜਾਪਦਾ ਹੈ ਕਿ ਕਿਧਰੇ ਫੇਰ ਨਾ ਉਹੀ ਲੈਹਰ ਜਾਗ ਪਵੇ। ਇਸ ਨੇ ਆਪਣੇ ਚਿਤ ਇਨਾਂ ਖਿਆਲਾਂ ਦੇ ਪਰਚਾਰ ਨੂੰ ਰੋਕਣ ਲਈ ਇਹ ਗਰਿਫਤਾਰੀਆਂ ਕੀਤੀਆਂ ਹਨ. ਪਰ ਅਸੀਂ ਗੌਰਮਿੰਟ ਨੂੰ ਦਸ ਦੇਣਾ ਚਾਹੁੰਦੇ ਹਾਂ ਕਿ ਅਜੇਹਾ ਕਰਨ ਵਿਚ ਉਹ ਉੱਕੀ ਹੀ ਗਲਤੀ ਤੇ ਹੈ। ਉਹ ਅਗ ਨੂੰ ਤੇਲ ਨਾਲ ਬੁਝੌਣ ਦੇ ਯਤਨ ਕਰ ਰਹੀ ਹੈ। ਅਸਾਂ ਪੁਛਦੇ ਹਾਂ ਕਿ ਪੈਹਲੇ ਪੈਹਲ ਬਬਰ ਅਕਾਲੀ ਲੈਹਰ ਦੇ ਉਠਣ

ਦੀ ਜੁਮੇਂਵਾਰੀ ਕਿਸਦੇ ਸਿਰ ਹੈ? ਕੀ ਉਸ ਦੀ ਜਮੇਂਵਾਰ ਗੌਰਮਿੰਟ ਨਹੀਂ? ਕੀ ਉਹ ਗੌਰਮਿੰਟ ਦੇ ਆਦਮੀ ਨਹੀਂ ਸਨ ਜਿਨ੍ਹਾਂ ਦੁਆਬੇ ਵਿਚ ਕੈਹਰ ਦੇ ਝੱਖੜ ਝੁਲਾ ਛੱਡੇ ਸਨ? ਕੀ ਉਹ ਗੌਰਮਿੰਟ ਦੇ ਆਪਣੇ ਘੱਲੇ ਹੋਇ ਨੌਕਰ ਸ਼ਾਹੀ ਪੁਰਜੇ ਨਹੀਂ ਸਨ ਜਿਨਾਂ ਨੇ ਗੁਰੂ ਕੇ ਬਾਗ ਨਹੱਥੇ ਸਿਖਾਂ ਉਤੇ ਡਾਂਗਾਂ ਬਾਹੀਆਂ, ਕੇਸ ਤੇ ਦਾਹੜੇ ਪੁੱਟੇ ਤੇ ਗੁਰੂ ਸਾਹਿਬ ਦੀ ਸ਼ਾਨ ਵਿਚ ਮੰਦੇ ਬਚਨ ਬੋਲੇ ਸਨ? ਏਹ ਠੀਕ ਹੈ ਕਿ ਏਹ ਗੌਰਮਿੰਟ ਵਲੋਂ ਹੀ ਜਾਣ ਬੁਝਕੇ ਸਭ ਕੁਝ ਕੀਤਾ ਗਿਆ ਸੀ ਤੇ ਬਬਰ ਅਕਾਲੀ ਲੈਹਰ ਪੈਦਾ ਕਰਨ ਦੀ ਜ਼ੁਮੇਂਵਾਰੀ ਭੀ ਗੌਰਮਿੰਟ ਦੇ ਸਿਰ ਹੀ ਹੈ। ਉਸ ਵੇਲੇ ਦੇ ੪੦ ਲੱਖ ਸਿਖਾਂ ਵਿਚੋਂ ਜੇ ਕਿਸੇ ਨੂੰ ਅਣਖ ਵਾਲੇ ਕੈਹ ਸਕਦਾ ਹਾਂ ਤਾਂ ਉਹ ਬਬਰ ਅਕਾਲੀ ਹੀ ਹਨ ਜਿਹੜੇ ਕਿ ਗੁਰੂ ਪੰਥ ਦੀ ਤੇ ਪੰਥ ਦੇ ਵਾਲੀ ਦੀ ਬੇਅਦਬੀ ਨਾ ਸਹਾਰਦੇ ਹੋਏ ਸਿਰ ਤਲੀ ਤੇ ਰਖਕੇ ਮੈਦਾਨ ਵਿਚ ਨਿਤਰੇ ਸਨ। ਅਸਾਂ ਤੇ ਕਹਾਂਗੇ ਬਬਰ ਅਕਾਲੀਆਂ ਨੇ ਖਾਲਸਾ ਪੰਥ ਦੀ ਲਾਜ ਰਖ ਲਈ ਸੀ। ਅਜੇਹੇ ਅਣਖੀਲੇ ਸੂਰਬੀਰਾਂ ਨੂੰ ਸ਼ਹੀਦੀ ਪਦਵੀ ਦੇਣਾ ਗੁਨਾਹ ਕਿਉਂ ਹੈ? ਅਸਾਂ ਤੇ ਡੰਕੇ ਦੀ ਚੋਟ ਨਾਲ ਆਖਦੇ ਹਾਂ ਕਿ ਬਬਰ ਅਕਾਲੀ ਸ਼ਹੀਦ ਹਨ, ਉਹ ਧਰਮ ਦੀ ਖਾਤਰ ਕੁਰਬਾਨ ਹੋਏ ਹਨ ਉਹਨਾਂ ਪੰਥ ਦੀ ਆਨ ਸ਼ਾਨ ਕਾਇਮ ਰਖਣ ਲਈ ਜਿੰਦੜੀਆਂ ਵਾਰੀਆਂ ਹਨ। ਉਹ ਸੱਚੇ ਮਾਨਿਆਂ ਵਿਚ ਸ਼ਹੀਦ ਸਨ। ਭਾਵੇਂ ਉਹਨਾਂ ਦਾ ਰਾਹ ਸਾਥੋਂ ਕੁਝ ਵੱਖਰਾ ਸੀ ਪਰ ਨਸ਼ਾਨਾ ਇਕ ਸੀ। ਅਸੀਂ ਜਿਥੇ ਸ਼ਾਂਤਮਈ ਰੈਹਿੰਦੇ ਹੋਇ ਘੁੱਗੂ ਬਣਕੇ ਮਾਰ ਖਾਣ ਵਿਚ ਸਫਲਤਾ ਪ੍ਰਾਪਤ ਕਰਨੇ ਤੇ ਯਕੀਨ ਰਖਦੇ ਸਾਂ ਉਹ ਖੰਡਾ ਫੜਕੇ ਸ਼ੇਰਾਂ ਵਾਂਗ ਜਾਂ ਮਾਰ ਲੈਣ ਵਿਚ ਸਫਲਤਾ ਦੇਖਦੇ ਸਨ।

ਗ੍ਰਿਫਤਾਰ ਹੋਇ ਸਜਨਾਂ ਦਾ ਸਭ ਤੋਂ ਵੱਡਾ ਅਪਰਾਧ ਜੇਹੜਾ ਦਫਾ ੧੨੪ (ੳ) ਤੋਂ ਪ੍ਰਗਟ ਹੁੰਦਾ ਹੈ ਏਹ ਹੈ ਕਿ ਏਹ ਸਜਨ ਗੌਰਮਿੰਟ ਦੇ ਵਿਰੁਧ ਨਫਰਤ ਫਲੌਂਦੇ ਸਨ, ਅਸੀਂ ਪੁਛਦੇ ਹਾਂ ਦੁਆਬੇ ਦਾ ਗੌਰਮਿੰਟ ਨਾਲ ਪ੍ਰੇਮ ਕਦੋਂ ਸੀ ਜਿਸ ਵਿਚ ਭੰਗ ਪੌਣ ਦੀ ਇਨਾਂ ਕੋਸ਼ਿਸ ਕੀਤੀ?

ਕੀ ਨੌਕਰਸ਼ਾਹੀ ਵਲੋਂ ਬੱਜ ਬੱਜ ਘਾਟ ਉਤੇ ਮੀਂਹ ਵਾਂਗ ਵਰਸਾਈਆਂ ਗਈਆਂ ਗੋਲੀਆਂ, ੧੯੧੪-੧੫ ਵਿਚ ਦੁਆਬੇ ਦੇ ਬਹਾਦਰ ਯੋਧਿਆਂ ਨੂੰ ਦਿਤੀਆਂ ਗਈਆਂ ਫਾਂਸੀਆਂ, ਗੁਰੂ ਦੇ ਬਾਗ ਦੀਆਂ ਡਾਂਗਾਂ, ਜੈਤੋ ਵਿਚ ਅਖੰਡ ਪਾਠ ਦੀ ਬੰਦਸ਼ ਤੇ ਸ਼ਾਂਤਮਈ ਦਾ ਪ੍ਰਣ ਕਰਕੇ ਗਏ ਹੋਏ ਸ਼ਹੀਦੀ ਜਥਿਆਂ ਉਤੇ ਮਸ਼ੀਨ ਗੱਨਾਂ ਦੇ ਫਾਇਰ, ਨਾਭੇ ਦੀ ਬੀੜ ਵਿਚ ਅਕੈਹ ਤੇ ਅਸਿਹ ਅਤਿਯਾਚਾਰ, ਦੁਆਬੇ ਨਾਲ ਗੌਰਮਿੰਟ ਦੇ ਪਿਆਰ ਦੇ ਸਬੂਤ ਹਨ?

ਕੀ ਗੌਰਮਿੰਟ ਨੂੰ ਯਕੀਨ ਹੈ ਕਿ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਤੇ ਅਰਜਨ ਸਿੰਘ 'ਸਚ' ਆਦ ਨੂੰ ਗ੍ਰਿਫਤਾਰ ਕਰਕੇ ਤੇ ਜੇਹਲ ਦੀ ਕਾਲ ਕੋਠੜੀ ਵਿਚ ਬੰਦ ਕਰਕੇ ਉਹ ਬਬਰ ਅਕਾਲੀ ਲਹਿਰ ਦੇ ਪਰਚਾਰ ਨੂੰ ਤੇ ਆਪਣੇ ਵਰੁਧ ਫੈਲ ਰਹੀ ਨਫਰਤ ਨੂੰ ਰੋਕ ਲਵੇਗੀ? ਏਹ ਇਕ ਵੈਹਮ ਹੈ, ਇਕ ਬਚਿਆਂ ਵਾਲਾ ਖਿਆਲ ਹੈ। ਅਸਾਂ ਤੇ ਸਾਫ ਕਹਾਂਗੇ ਕਿ ਏਹ ਗੌਰਮਿੰਟ ਦੀ ਸਖਤੀ ਦੀ ਪੌਲਿਸੀ ਸੀ ਜਿਸਨੇ ਬਬਰ ਅਕਾਲੀ ਲੈਹਰ ਪੈਦਾ ਕੀਤੀ ਤੇ ਜੇ ਏਹ ਲੈਹਰ ਮੁੜ ਸੁਰਜੀਤ ਹੋਈ ਤਾਂ ਗੌਰਮਿੰਟ ਵਲੋਂ ਕੀਤੀ ਗਈ ਸਖਤੀ ਦਾ ਹੀ ਸਿੱਟਾ ਹੋਵੇਗੀ।"[35]

ਬਬਰ ਅਕਾਲੀ ਲਹਿਰ ਤੋਂ ਸਹਿਮੀ ਹੋਈ ਅੰਗਰੇਜ਼ੀ ਸਰਕਾਰ ਨੂੰ ਮਾਸਟਰ ਕਾਬਲ ਸਿੰਘ ਅਤੇ ਉਸਦੇ ਸਾਥੀਆਂ ਦੀਆਂ ਸਰਗਰਮੀਆਂ ਤੋਂ ਖੌਫ਼ ਨਜ਼ਰ ਆਉਂਦਾ ਜਾਪਦਾ ਸੀ ਕਿ ਕਿਤੇ ਹਥਿਆਰਬੰਦ ਲਹਿਰ ਦੁਬਾਰਾ ਉਠ ਨਾ ਪਏ। ਇਸੇ ਕਰਕੇ ਸਰਕਾਰ ਵਲੋਂ ਦੁਆਬੇ ਅੰਦਰ ਪੁਲਸ ਦੀ ਚੌਂਕੀਆ ਬਿਠਾਉਣ ਅਤੇ ਘੋੜਸਵਾਰ ਗਸ਼ਤ ਕਰਾ ਕੇ ਲੋਕਾਂ ਉਤੇ ਦਹਿਸ਼ਤ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ।

ਭਗਤ ਸਿੰਘ ਦਾ ਕੇਸ ਸ਼ੁਰੂ ਹੁੰਦਿਆਂ ਹੀ 1929 ਵਿਚ ਸਾਰੇ ਬਬਰ ਮੁਲਤਾਨ ਦੀ ਨਵੀਂ ਜਿਹਲ ਵਿਚ ਭੇਜੇ ਜਾ ਚੁੱਕੇ ਸਨ, ਪਰ ਗ਼ਦਰ ਪਾਰਟੀ ਦੇ ਬਾਬਾ ਸੋਹਣ ਸਿੰਘ ਭਕਨਾ ਅਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਉਨ੍ਹਾਂ ਦਿਨਾਂ ਵਿਚ ਲਾਹੌਰ ਹੀ ਸਜ਼ਾ ਭੁਗਤ ਰਹੇ ਸਨ। 1930 ਵਿਚ ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਸਰਕਾਰ ਅੱਗੇ ਇਹ ਸ਼ਰਤ ਰੱਖ ਕੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਸੀ ਕਿ ਉਹਨਾਂ ਨੂੰ ਸਿਆਸੀ ਕੈਦੀ ਸਮਝਿਆ ਜਾਏ।

ਭੁੱਖ ਹੜਤਾਲ ਕਾਰਨ ਮੁਲਜ਼ਮਾਂ ਦਾ ਕਚਹਿਰੀ ਜਾਣਾ ਬੰਦ ਹੋ ਗਿਆ। ਇਕੱਲੇ ਇਕੱਲੇ ਦੇ ਨਾਲੀਆਂ ਰਾਹੀਂ ਖੁਰਾਕ ਅੰਦਰ ਧੱਕਣੀ ਸ਼ੁਰੂ ਹੋ ਗਈ। ਜਿਉਂ-ਜਿਉਂ ਭੁੱਖ ਹੜਤਾਲ ਲੰਮੀ ਹੁੰਦੀ ਗਈ, ਦੇਸ਼ ਵਿਚ ਰੋਸ ਵਧਦਾ ਗਿਆ। ਇਹਨਾਂ ਦੀ ਹਮਦਰਦੀ ਵਿਚ ਹੀ ਬਾਬਾ ਸੋਹਣ ਸਿੰਘ ਭਕਨਾ ਅਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਨੇ ਲਾਹੌਰ ਜਿਹਲ ਵਿਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਜਦੋਂ ਇਸ ਹੜਤਾਲ ਦੀਆਂ ਖ਼ਬਰਾਂ ਮੁਲਤਾਨ ਜੇਹਲ ਵਿਚ ਪੁੱਜੀਆਂ ਤਾਂ ਬਬਰਾਂ ਨੇ ਵੀ ਮੀਟਿੰਗ ਕਰਕੇ ਸਰਬ ਸੰਮਤੀ ਨਾਲ ਦੂਜੇ ਕੈਦੀ ਬਬਰਾਂ ਨੂੰ ਭੁੱਖ ਹੜਤਾਲ ਸ਼ੁਰੂ ਕਰਨ ਦੀ ਇਜਾਜ਼ਤ ਦੇ ਦਿੱਤੀ। ਕਰਮ ਸਿੰਘ ਝਿੰਗੜ, ਭਾਈ ਸੁੰਦਰ ਸਿੰਘ ਮਖਸੂਸਪੁਰ, ਗਿਆਨੀ ਕਰਤਾਰ ਸਿੰਘ ਗੋਂਦਪੁਰ, ਠਾਕਰ ਸਿੰਘ ਭਾਰਟਾ ਅਤੇ ਬਚਿੰਤ ਸਿੰਘ ਦਮੁੰਡਾ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਇਨ੍ਹਾਂ ਨੂੰ ਵੀ ਨਾਲੀਆਂ ਰਾਹੀਂ ਖੁਰਾਕ ਅੰਦਰ ਧੱਕਣੀ ਸ਼ੁਰੂ ਕਰ ਦਿੱਤੀ ਗਈ। ਜਿਵੇਂ ਪਹਿਲਾਂ-ਪਹਿਲ 1926 ਦੇ ਅਖ਼ੀਰ 'ਚ ਬਬਰਾਂ ਵਲੋਂ ਲਾਹੌਰ ਜਿਹਲ ਵਿਚ ਕੀਤੀ ਭੁੱਖ ਹੜਤਾਲ ਸਮੇਂ ਸਰਕਾਰ ਨੂੰ ਸਰ ਸ਼ਾਦੀ ਲਾਲ ਦੀ ਪ੍ਰਧਾਨਗੀ ਹੇਠ ਕਮਿਸ਼ਨ ਬਣਾਉਣਾ ਪਿਆ ਸੀ, ਉਸੇ ਤਰ੍ਹਾਂ ਹੁਣ ਵੀ ਹੜਤਾਲ

ਤੋਂ ਮਜ਼ਬੂਰ ਹੋ ਕੇ ਕਮਿਸ਼ਨ ਬਣਾਉਣਾ ਪਿਆ। ਉਸ ਦੀਆਂ ਸਿਫਾਰਸਾਂ ਮੁਤਾਬਿਕ ਸਰਕਾਰ ਨੇ ਅਮਲ ਕਰਨਾ ਮਨਜੂਰ ਕਰ ਲਿਆ। ਕਮਿਸ਼ਨ ਨੇ ਭੁੱਖ ਹੜਤਾਲੀਆਂ ਨੂੰ ਭਰੋਸਾ ਦੁਆਇਆ ਕਿ ਉਨ੍ਹਾਂ ਦੀਆਂ ਮੰਗਾਂ ਦੀ ਪੁਰਜ਼ੋਰ ਸਿਫ਼ਾਰਸ਼ ਕਰਕੇ ਸਰਕਾਰ ਨੂੰ ਮੰਨਣ ਲਈ ਮਜਬੂਰ ਕਰ ਦਿੱਤਾ ਜਾਏਗਾ। ਸੋ ਭਗਤ ਸਿੰਘ ਅਤੇ ਉਹਦੇ ਸਾਥੀਆਂ ਨੇ ਬਾਬਾ ਸੋਹਣ ਸਿੰਘ ਭਕਨਾ ਅਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਨਾਲ ਸਲਾਹ ਕਰਕੇ ਭੁੱਖ ਹੜਤਾਲ ਖੋਲ ਦਿੱਤੀ। ਪਰ ਮੁਲਤਾਨ ਜੇਲ੍ਹ ਵਿਚ ਬਬਰ ਦੇਸ਼ ਭਗਤ ਕੈਦੀ ਡਟੇ ਰਹੇ।

ਲੇਕਿਨ ਭਗਤ ਸਿੰਘ ਦੀ ਹਮਦਰਦੀ ਵਿਚ ਸਤਿਆਗ੍ਰਹਿ ਕਰਨ 'ਪੁਰ ਮਾਸਟਰ ਜੀ ਦੀ ਸੱਤ ਮਹੀਨੇ ਦੀ ਕੈਦ ਹੋਰ ਵਧਾ ਦਿੱਤੀ ਗਈ। 1931 ਵਿਚ ਗਾਂਧੀ ਇਰਵਨ ਪੈਕਟ ਸ਼ੁਰੂ ਹੋਇਆ ਤਾਂ ਮਾਸਟਰ ਜੀ ਨੂੰ ਮੀਆਂ ਵਾਲੀ ਦੇ ਡੀ.ਸੀ. ਨੇ ਸੱਤ ਮਹੀਨੇ ਕੈਦ ਘਟਾਉਣ ਦੀ ਖੁਸ਼ਖਬਰੀ ਸੁਣਾਈ। ਪਰ ਪੰਜਾਬ ਗਵਰਨਮੈਂਟ ਨੇ ਮਾਸਟਰ ਕਾਬਲ ਸਿੰਘ ਦੀ ਸੱਤ ਮਹੀਨੇ ਸਜ਼ਾ ਘਟਾਉਣ ਦੀ ਮਨਜ਼ੂਰੀ ਰੱਦ ਕਰ ਦਿੱਤੀ ਤੇ ਮਾਸਟਰ ਜੀ ਨੂੰ ਅਪ੍ਰੈਲ 1932 ਤਕ ਜੇਲ੍ਹ ਰਹਿਣਾ ਹੀ ਨਹੀਂ ਪਿਆ, ਸਗੋਂ ਇਸ ਦੇ ਨਾਲ ਹੀ ਉਨ੍ਹਾਂ ਦੀ ਨਿਗਰਾਨੀ ਲਈ ਇਕ ਪੁਲਸੀਆ ਮੁਕੱਰਰ ਕਰ ਦਿੱਤਾ ਗਿਆ। ਇਸ ਤਰ੍ਹਾਂ ਮਾਸਟਰ ਜੀ ਰਿਹਾਅ ਹੋ ਕੇ ਹੁਣ ਜੂਹ ਬੰਦ ਕੈਦੀ ਸਨ।

ਰਿਹਾ ਹੋ ਕੇ ਆਏ ਤਾਂ ਉਨ੍ਹਾਂ ਦੀ 1932 ਵਿੱਚ ਮੰਗਣੀ ਹੋ ਗਈ ਸੀ। ਭਾਵੇਂ ਭਗਤ ਸਿੰਘ ਸ਼ਹੀਦ ਨਾਲ ਮੁਲਾਕਾਤ ਸਮੇਂ ਇੱਛਾ ਜਾਹਰ ਕੀਤੀ ਸੀ ਕਿ ਵਿਆਹ ਜਿਹੇ ਬੰਧਨ ਤੋਂ ਉਹ ਦੂਰ ਰਹਿ ਕੇ ਦੇਸ਼ ਦੀ ਸੇਵਾ ਕਰਨਗੇ। ਪਰ ਮਾਂ, ਰਿਸ਼ਤੇਦਾਰ, ਦੋਸਤਾਂ ਦੇ ਮਜ਼ਬੂਰ ਕਰਨ ਤੇ ਇਸ ਬੰਧਨ ਵਿੱਚ ਬੱਝੇ ਗਏ। ਉਨ੍ਹਾਂ ਦਾ ਵਿਆਹ ਸ੍ਰੀਮਤੀ ਨਸੀਬ ਕੌਰ ਨਾਲ ਹੋਇਆ, ਜੋ ਪਿੰਡ ਨਗਰ ਠਾਣਾ ਫਿਲੌਰ ਤੋਂ ਸੀ।

## ਮਿਦਨਾਪੁਰ ਜੇਲ੍ਹ (ਕਲਕੱਤਾ) ਵਿੱਚ

1932 ਦੇ ਅਖ਼ੀਰ ਵਿਚ ਕਾਂਗਰਸ ਦਾ ਸਾਲਾਨਾ ਇਜਲਾਸ ਮਿਸਟਰ ਐਨੇ ਦੀ ਪ੍ਰਧਾਨਗੀ ਵਿਚ ਕਲਕੱਤੇ ਹੋਣਾ ਸੀ। ਮਾਸਟਰ ਜੀ ਉਸ ਵਿਚ ਸ਼ਾਮਲ ਹੋਣ ਲਈ ਤਿਆਰ ਸਨ ਕਿ ਉਨ੍ਹਾਂ ਨੂੰ ਕਲਕੱਤੇ ਜਾਂਦੇ ਹੀ ਰਾਹ ਵਿਚ ਫੜ ਲਿਆ ਗਿਆ। ਇਜਲਾਸ ਤੋਂ ਚਾਰ ਦਿਨ ਪਹਿਲਾਂ ਫੜ ਕੇ ਚਾਰ ਦਿਨ ਮਗਰੋਂ ਰਿਹਾਅ ਕਰ ਦਿੱਤਾ ਗਿਆ। ਦੁਬਾਰਾ ਗ੍ਰਿਫ਼ਤਾਰ ਕਰਕੇ ਇਕ ਸਾਲ ਦੀ ਸਜ਼ਾ ਦੇ ਕੇ ਉਨ੍ਹਾਂ ਨੂੰ ਮਿਦਨਾਪੁਰ ਜੇਲ੍ਹ 'ਚ ਬੰਦ ਕੀਤਾ ਗਿਆ।

ਮਿਦਨਾਪੁਰ ਜੇਲ੍ਹ ਵਿਚ ਹੋਏ-ਵਾਪਰੇ ਬਾਰੇ ਮਾਸਟਰ ਜੀ ਫ਼ਖਰ ਤੇ ਮਾਣ ਉੱਚਾ ਹੋਏ ਲਿਖਦੇ ਹਨ: ਅੰਗਰੇਜ਼ ਸਾਮਰਾਜ ਦਾ ਬਹੁਤ ਰੋਅਬ ਤੇ ਸ਼ਾਨ ਸੀ। ਮੁਕਾਬਲਤਨ ਮੇਰੇ ਜਿਹੇ ਸਿਪਾਹੀਆਂ ਦਾ ਵੀ ਘਟ ਰੋਅਬ ਨਹੀਂ ਸੀ, ਕਿਉਂਕਿ ਸਰਕਾਰੀ ਖ਼ਜ਼ਾਨੇ 'ਚੋਂ ਤਨਖਾਹ ਲੈਣ ਵਾਲਾ ਇਕ ਇਕ ਸਿਪਾਹੀ ਸਾਡੇ ਨਾਲ-ਨਾਲ ਰਹਿੰਦਾ ਜੋ ਸਾਨੂੰ

ਇਕ ਵਫ਼ਾਦਾਰ ਨੌਕਰ ਤੇ ਚੌਂਕੀਦਾਰ ਦਾ ਕੰਮ ਦਿੰਦਾ ਸੀ। ਜੇ ਕਿਤੇ ਗਵਰਨਰ ਨੇ ਲੰਘਣਾ ਹੋਵੇ ਤਾਂ ਅਜਿਹੇ ਨੌਕਰ ਦੋ-ਦੋ ਵੀ ਮਿਲ ਜਾਂਦੇ ਸਨ। ਉਨ੍ਹਾਂ ਨਾਲ ਗੱਲਾਂ-ਬਾਤਾਂ ਕਰਨ ਤੇ ਉਨ੍ਹਾਂ ਦੀਆਂ ਹਰਕਤਾਂ ਤੋਂ ਸਹਿਜੇ ਹੀ ਸਾਨੂੰ ਆਪਣੇ ਦੁਸ਼ਮਨ ਦੀ ਤਾਕਤ ਦਾ ਅੰਦਾਜ਼ਾ ਲੱਗ ਜਾਂਦਾ ਸੀ।

ਮੈਂ ਮਿਦਨਾਪੁਰ ਦੀ ਜੇਲ੍ਹ (ਬੰਗਾਲ) ਵਿਚ 124 ਦਿਨ ਦੀ ਲੰਬੀ ਭੁੱਖ ਹੜਤਾਲ ਉਪਰੰਤ ਰਿਹਾ ਹੋ ਕੇ ਆਇਆ ਸਾਂ। ਇਸ ਭੁੱਖ ਹੜਤਾਲ ਵਿਚ ਭਾਵੇਂ ਜੇਲ੍ਹ ਕਰਮਚਾਰੀ ਦੋ ਵੇਲੇ ਦੁੱਧ ਮੇਰੇ ਨੱਕ ਰਸਤੇ ਦਿੰਦੇ ਸਨ, ਫੇਰ ਵੀ ਮੇਰਾ 78 ਪੌਂਡ ਭਾਰ ਘਟ ਗਿਆ ਸੀ ਤੇ ਮੈਂ ਇਕ ਹੱਡੀਆਂ ਦੇ ਪਿੰਜਰ ਤੋਂ ਸਿਵਾ ਕੁਝ ਨਹੀਂ ਸਾਂ ਰਹਿ ਗਿਆ। ਬੰਗਾਲ ਸਰਕਾਰ ਨੇ ਮੈਨੂੰ ਰਿਹਾ ਕਰਨ ਤੋਂ ਪਹਿਲਾਂ ਮੇਰੇ ਮਿੱਤਰਾਂ ਨੂੰ ਸਦ ਲਿਆ ਸੀ ਤੇ ਉਨ੍ਹਾਂ ਦੇ ਹਵਾਲੇ ਇਹ ਹੱਡੀਆਂ ਦੀ ਮੁੱਠ ਕੀਤੀ ਸੀ। ਹਾਲਤ ਇਹ ਸੀ ਕਿ ਮਿੱਤਰ ਮੈਨੂੰ ਝੁਕ ਝੁਕ ਕੇ ਕੰਬਲ ਲਾ ਲਾ ਕੇ ਦੇਖਦੇ ਸਨ ਕਿ ਸਾਹ ਹੈ ਵੀ, ਧੋਖੇ ਨਾਲ ਕਿਤੇ ਲਾਸ਼ ਹੀ ਨਾ ਦੇ ਦੇਣ। ਖੈਰ ਚਾਰ ਪੰਜ ਦਿਨ ਮਿਦਨਾਪੁਰ ਹਸਪਤਾਲ 'ਚ ਰੱਖ ਕੇ ਉਹ ਮੈਨੂੰ ਕਲਕੱਤੇ ਮੇਰੇ ਮਿੱਤਰ ਨਰੰਜਨ ਸਿੰਘ ਤਾਲਬ ਦੇ ਘਰ ਲੈ ਗਏ ਤੇ ਇਲਾਜ ਕਰਾਉਣ ਲੱਗੇ। ਦੋ ਮਹੀਨੇ ਬ਼ਾਅਦ ਡਾਕਟਰ ਨੇ ਟੁੱਟਵੇਂ ਸਫ਼ਰ ਰਾਹੀਂ ਪੰਜਾਬ ਆਉਣ ਦੀ ਖੁੱਲ੍ਹ ਦੇ ਦਿੱਤੀ ਸੀ।

ਮੈਂ ਅਜੇ ਵੀ ਕੰਮਜ਼ੋਰ ਸਾਂ, ਮੈਨੂੰ ਥਾਂ-ਥਾਂ ਤੋਂ ਸੱਦੇ ਆਏ ਅਤੇ ਮੇਰਾ ਥਾਂ-ਥਾਂ ਮਾਣ ਹੋਇਆ, ਮੇਰੇ ਇਕ ਮਿੱਤਰ ਭਗਤ ਜਸਵੰਤ ਸਿੰਘ ਨੇ ਮੈਨੂੰ ਲਾਹੌਰ ਸੱਦਿਆ ਤੇ ਨਹਿਰ ਦੇ ਕੰਢੇ ਚੁਬੱਚਾ ਸਾਹਿਬ ਚਾਹ ਪਾਰਟੀ ਦਿੱਤੀ ਜਿਸ ਵਿਚ ਸ੍ਰੀ ਵਰਿੰਦਰ ਤੇ ਸ੍ਰੀ ਰਣਬੀਰ ਵੀ ਸ਼ਾਮਲ ਸਨ।

ਅਮਰ ਸਿੰਘ ਤੇਗ ਨੇ ਮਿਦਨਾਪੁਰ ਜੇਲ੍ਹ ਵਿਚ ਮਾਸਟਰ ਕਾਬਲ ਸਿੰਘ ਦਾ ਵਿਸ਼ੇਸ਼ ਤੌਰ ਤੇ ਆਪਣੀ ਪੁਸਤਕ 'ਚ ਇਉਂ ਜ਼ਿਕਰ ਕੀਤਾ ਹੈ, "ਮਿਦਨਾਪੁਰ ਜੇਲ੍ਹ ਬੰਗਾਲ ਸੂਬੇ ਦੀ ਪ੍ਰਸਿੱਧ ਜੇਲ੍ਹ ਹੈ। ਇਸ ਜੇਲ੍ਹ ਵਿਚ ਸੈਂਕੜੇ ਦੇਸ਼ ਭਗਤਾਂ ਨੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਆਪਣੀਆਂ ਜੁਆਨੀਆਂ ਦੀ ਅਹੁਤੀ ਪਾਈ ਹੈ। ਬੰਗਾਲੀਆਂ ਤੋਂ ਬਿਨਾਂ ਇਸ ਜੇਲ੍ਹ ਵਿਚ ਸ. ਦਸੌਂਧਾ ਸਿੰਘ ਢਾਡਾ 'ਸ਼ਾਹੀ ਕੈਦੀ' ਵਜੋਂ ਰਹੇ। ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਵੀ ਇਸ ਜੇਲ੍ਹ ਵਿਚ ਕੈਦ ਰਹੇ। ਇਹ ਸੰਨ 1933 ਦੀ ਗੱਲ ਹੈ।"[36]

## ਗਦਾਰ ਬੇਲਾ ਸਿੰਘ ਦਾ ਅੰਤ

ਮਾਸਟਰ ਕਾਬਲ ਸਿੰਘ ਰਿਹਾ ਹੋ ਕੇ ਪੰਜਾਬ ਆਏ ਤਾਂ 9 ਦਸੰਬਰ 1933 ਨੂੰ ਗਦਾਰ ਬੇਲਾ ਸਿੰਘ ਜੀਆਨ ਦਾ ਇਨਕਲਾਬੀਆਂ ਵਲੋਂ ਕਤਲ ਕਰ ਦਿੱਤਾ ਗਿਆ। ਇਹ ਕਤਲ ਅੰਗਰੇਜ਼ੀ ਸਰਕਾਰ ਨੂੰ ਇਕ ਚੈਲੰਜ ਸੀ। ਸਰਕਾਰ ਕਾਤਲਾਂ ਦਾ ਕੋਈ ਸੁਰਾਖ ਨਾ ਲੱਭ ਸਕੀ। ਪੁਲਸ ਨੇ ਬਾਬਾ ਹਰੀ ਸਿੰਘ ਸੂੰਢ ਨੂੰ ਗ੍ਰਿਫ਼ਤਾਰ ਕਰ ਕੇ ਉਸਨੂੰ

ਘਿਨਾਉਣੇ ਤੇ ਅਸਹਿ ਤਸੀਹੇ ਦਿੱਤੇ ਗਏ, ਪਰ ਉਸ ਸੂਰਬੀਰ ਨੇ ਨਾ ਇਸ ਕਤਲ ਨੂੰ ਆਪਣੇ ਜੁੰਮੇ ਲਿਆ ਅਤੇ ਨਾ ਹੀ ਆਪਣੇ ਸਾਥੀਆਂ ਦੇ ਨਾਂ ਦੱਸੇ। ਬਾਬਾ ਸੂੰਢ ਨੂੰ ਛੱਡ ਦਿੱਤਾ ਗਿਆ। 1935 ਵਿਚ ਫਿਰ ਇਸੇ ਕਤਲ ਦੇ ਸਬੰਧ ਵਿਚ ਇਕ ਗਰੁੱਪ ਗ੍ਰਿਫਤਾਰ ਕੀਤਾ ਗਿਆ। ਬਾਬਾ ਹਰੀ ਸਿੰਘ ਸੂੰਢ, ਬਖਸ਼ੀਸ਼ ਸਿੰਘ ਚੱਬੇਵਾਲ ਤੇ ਜੰਡੌਲੀ ਦਾ ਹਜਾਰਾ ਸਿੰਘ ਉਰਫ਼ ਈਸ਼ਰ ਸਿੰਘ ਨੂੰ ਗ੍ਰਿਫਤਾਰ ਕਰਕੇ ਪੁਲਸ ਵੱਲੋਂ ਤਸ਼ੱਦਦ ਕੀਤਾ ਗਿਆ। ਬਾਬਾ ਹਰੀ ਸਿੰਘ ਸੂੰਢ ਉੱਪਰ ਜ਼ੁਲਮ ਕੀਤੇ ਗਏ, ਉਸ ਦੇ ਮੂੰਹ ਨੂੰ ਟੱਟੀ ਦਾ ਭਰਿਆ ਹੋਇਆ ਤੋਬਰਾ ਵੀ ਬੰਨ੍ਹਿਆ ਗਿਆ ਪਰ ਉਹ ਸ਼ੇਰ ਅਡੋਲ ਰਿਹਾ। ਆਖਰ ਜੰਡੌਲੀ ਵਾਲਾ ਈਸ਼ਰ ਸਿੰਘ ਨੂੰ ਵਾਅਦਾ ਮਾਫ਼ ਗਵਾਹ ਬਣਾ ਕੇ ਪੁਲਸ ਜਲੰਧਰ ਲੈ ਗਈ। ਇਨ੍ਹਾਂ ਦਾ ਕੇਸ ਹੁਸ਼ਿਆਰਪੁਰ ਏ.ਡੀ.ਐਮ. ਦੀ ਅਦਾਲਤ ਵਿਚ ਚਲਦਾ ਸੀ। ਇਸ ਕੇਸ ਦੀ ਪੈਰਵਾਈ ਕਰਨ ਲਈ ਇਕ ਡੀਫੈਂਸ ਕਮੇਟੀ ਬਣਾਈ ਗਈ, ਜਿਸ ਵਿਚ ਹੇਠ ਲਿਖੇ ਮੈਂਬਰ ਸਨ: ਕਮੇਟੀ ਦੇ ਪ੍ਰਧਾਨ ਗਿਆਨੀ ਰਾਮ ਸਿੰਘ ਜੌਹਰ, ਦੁਰਗਾ ਦੱਤ ਐਡਵੋਕੇਟ, ਮਾਸਟਰ ਹਰੀ ਸਿੰਘ ਧੂਤ, ਮਾਸਟਰ ਕਾਬਲ ਸਿੰਘ ਗੋਬਿੰਦਪੁਰੀ, ਸ. ਦਸੌਂਧਾ ਸਿੰਘ, ਅਰਜਨ ਸਿੰਘ 'ਸੱਚ' ਅਤੇ ਬਾਬਾ ਹਰਜਾਪ ਸਿੰਘ ਸਨ।[37] ਮਾਸਟਰ ਕਾਬਲ ਸਿੰਘ ਤੇ ਬਾਬਾ ਹਰਜਾਪ ਸਿੰਘ ਨੇ ਜਲੰਧਰ ਪੁੱਜ ਕੇ ਹਜਾਰਾ ਸਿੰਘ ਉਰਫ਼ ਈਸ਼ਰ ਸਿੰਘ ਉੱਪਰ ਲੱਗੇ ਪਹਿਰੇਦਾਰ ਰਾਹੀਂ ਰੁੱਕੇ ਭੇਜ ਕੇ ਵਾਅਦਾ ਮੁਆਫ਼ੀ ਤੋਂ ਮੁਕਰਨ ਲਈ ਪ੍ਰੇਰਿਆ ਤਾਂ ਈਸ਼ਰ ਸਿੰਘ ਮੰਨ ਗਿਆ। ਪੇਸ਼ੀ ਮੌਕੇ ਉਸਨੇ ਕਹਿ ਦਿੱਤਾ ਕਿ, "ਮੈਨੂੰ ਹਰੀ ਸਿੰਘ ਤੇ ਬਖਸ਼ੀਸ਼ ਸਿੰਘ ਬਾਰੇ ਕੁਝ ਨਹੀਂ ਪਤਾ।" ਈਸਰ ਸਿੰਘ ਪੁਲਸ ਦੀ ਰਿਆਸਤ ਵਿਚ ਹੋਣ ਕਰਕੇ ਪੁਲਸ ਨੂੰ ਉਸਨੂੰ ਡਰਾਉਣ ਧਮਕਾਉਣ ਦਾ ਫਿਰ ਮੌਕਾ ਮਿਲਿਆ ਤਾਂ ਦੁਪਹਿਰੋਂ ਬਾਅਦ ਈਸ਼ਰ ਸਿੰਘ ਨੇ ਫਿਰ ਪੁਲਸ ਦੀ ਮਰਜ਼ੀ ਅਨੁਸਾਰ ਬਿਆਨ ਦੇ ਦਿੱਤੇ। ਦੂਜੇ ਦਿਨ ਐਤਵਾਰ ਸੀ। ਮਾਸਟਰ ਕਾਬਲ ਸਿੰਘ ਤੇ ਬਾਬਾ ਹਰਜਾਪ ਸਿੰਘ ਨੇ ਸਾਰਾ ਐਤਵਾਰ ਉਸਦੀ ਪੈਰਵਾਈ ਕਰਕੇ ਉਸਨੂੰ ਬਿਆਨ ਦੇਣ ਲਈ ਮਨਾਇਆ। ਸੋਮਵਾਰ ਨੂੰ ਪੇਸ਼ ਹੁੰਦੇ ਸਾਰ ਹੀ ਉਸਨੇ ਪੁਲਸ ਦੇ ਉਲਟ ਬਿਆਨ ਦਿੱਤਾ। ਮੰਗਲਵਾਰ-ਬੁੱਧਵਾਰ ਨੂੰ ਸਰਕਾਰੀ ਵਕੀਲ ਦੇ ਪ੍ਰਸ਼ਨਾਂ ਦੀ ਬੁਛਾੜ ਦੇ ਉੱਤਰਾਂ ਵਿਚ ਉਸ ਨੇ ਸਾਫ਼ ਹੀ ਨਾਂਹ ਕਰ ਦਿੱਤੀ। ਏ.ਡੀ.ਐਮ. ਨੇ ਇਹ ਕੇਸ ਸ਼ੈਸ਼ਨ ਦੇ ਸਪੁਰਦ ਕਰ ਦਿੱਤਾ। ਸੈਸ਼ਨ ਜੱਜ ਨੇ ਸਾਰੇ ਗਵਾਹਾਂ ਨੂੰ ਦੁਵਾਰਾ ਸੁਣਿਆ ਅਤੇ ਸਾਰੇ ਬੰਦੀਆਂ ਨੂੰ ਰਿਹਾ ਕਰ ਦਿੱਤਾ। ਪੁਲਸ ਨੇ ਇਸ ਕੇਸ ਨੂੰ ਹਾਈਕੋਰਟ ਤੱਕ ਲੈ ਜਾਣ ਦੀ ਕੋਸ਼ਿਸ਼ ਕੀਤੀ ਸੀ ਕਿਉਂਕਿ ਸਰਕਾਰ ਨੂੰ ਆਪਣੇ ਚਹੇਤੇ ਬੇਲਾ ਸਿੰਘ ਦੇ ਕਾਤਲਾਂ ਨੂੰ ਸਜ਼ਾ ਦੁਆਉਣਾ ਵਕਾਰ ਦਾ ਸਵਾਲ ਬਣਿਆ ਹੋਇਆ ਸੀ। ਜਲੰਧਰ ਵਿਚ ਚੱਲੇ ਇਸ ਕੇਸ ਦੀ ਪੈਰਵਾਈ ਕਮੇਟੀ ਵਲੋਂ ਕੀਤੀ ਗਈ। ਸ਼ੈਸ਼ਨ ਜੱਜ ਤੇਜਾ ਸਿੰਘ ਨੇ ਹਜ਼ਾਰਾ ਸਿੰਘ ਉਰਫ਼ ਈਸ਼ਰ ਸਿੰਘ ਜੰਡੌਲੀ ਨੂੰ ਬਰੀ ਕਰ ਦਿੱਤਾ। ਇਸ ਕੇਸ ਉਪਰ ਡੀਫੈਂਸ ਕਮੇਟੀ ਵਲੋਂ ਪੰਜ ਹਜ਼ਾਰ ਰੁਪਏ ਉਗਰਾਹੀ ਕਰਕੇ ਖਰਚੇ ਗਏ ਸਨ।[38] ਇਸ ਤਰ੍ਹਾਂ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ, ਬਾਬਾ ਹਰਜਾਪ ਸਿੰਘ, ਦਸੌਂਧਾ ਸਿੰਘ, ਮੂਲਾ ਸਿੰਘ, ਅਰਜਨ ਸਿੰਘ ਸੱਚ ਦੀ ਭੱਜ-ਨੱਠ ਅਤੇ ਪੈਰਵਾਈ

ਦੇ ਸਦਕਾ ਇਕ ਬਹੁਤ ਵੱਡਾ ਹਾਦਸਾ ਵਾਪਰਨੋ ਟਲ ਗਿਆ ਸੀ। ਨਿਰਸੰਦੇਹ ਬੇਲਾ ਸਿੰਘ ਗ਼ਦਾਰ ਦਾ ਫਸਤਾ ਵੱਡਣ ਵਾਲੇ ਇੰਦਰ ਸਿੰਘ ਮੁਰਾਰੀ, ਉਜਾਗਰ ਸਿੰਘ ਪਨਿਆਈਆਂ ਤੇ ਬਾਬਾ ਹਰੀ ਸਿੰਘ ਸੂੰਢ ਤਿੰਨ ਇਨਕਲਾਬੀ ਫਾਂਸੀ ਲਟਕਾਏ ਜਾਣੇ ਸਨ। ਦਰਅਸਲ 1930-35 ਦੇ ਦਰਮਿਆਨ ਕਿਸਾਨਾਂ ਦੇ ਅਨੇਕਾਂ ਸੰਗਠਨ ਹੋਂਦ ਵਿਚ ਆਏ। ਪੰਜਾਬ ਵਿਚ ਕਿਸਾਨ ਲਹਿਰ ਦੇ ਤਿੰਨ ਸੰਗਠਨ ਸਨ। 1.ਜ਼ਿਮੀਂਦਾਰਾ ਲੀਗ 2. ਕਿਰਤੀ ਸੰਘ 3. ਪੰਜਾਬ ਕਿਸਾਨ ਸਭਾ। ਕੁਲ ਮਿਲਾ ਕੇ ਹੌਲੀ-ਹੌਲੀ ਕਿਰਤੀ ਲਹਿਰ, ਕਿਸਾਨ ਲਹਿਰ ਦਾ ਰੂਪ ਲੈ ਰਹੀ ਸੀ। ਭਾਵੇਂ ਸਰਕਾਰੀ ਤਸ਼ੱਦਦ ਕਾਰਨ ਇਸ ਲਹਿਰ ਨੂੰ ਚਲਾਉਣ ਵਾਲਿਆਂ ਵਿਚ ਗ਼ਦਰੀਆਂ ਤੋਂ ਇਲਾਵਾ ਮਾਸਕੋ ਤੋਂ ਪੜ੍ਹ ਕੇ ਆਏ 60 ਦੇ ਕਰੀਬ ਗ਼ਦਰੀ ਤੇ ਕਮਿਊਨਿਸਟ, ਸਾਮਰਾਜ ਵਿਰੋਧੀ ਲੀਗ ਦੇ ਮੈਂਬਰ ਅਤੇ 1934 ਵਿਚ ਸਥਾਪਤ ਕਾਂਗਰਸ ਸਮਾਜਵਾਦੀ ਪਾਰਟੀ ਦੇ ਕਾਰਕੁੰਨ ਸਨ। ਇਸ ਤਰ੍ਹਾਂ ਰਲਾ-ਮਿਲਾ ਕੇ ਲਹਿਰ ਸਾਮਰਾਜ ਵਿਰੋਧੀ ਸਾਂਝੇ ਫਰੰਟ ਦੇ ਜਨਮ ਵਲ ਅੱਗੇ ਵਧ ਰਹੀ ਸੀ। ਸਾਂਝੇ ਫਰੰਟ ਦੀ ਉਸਾਰੀ ਲਈ ਆਪਣੀ ਅਖ਼ਬਾਰ ਦੀ ਲੋੜ ਲਈ ਮਾਸਟਰ ਕਾਬਲ ਸਿੰਘ ਤੇ ਸਾਥੀਆਂ ਵਲੋਂ ਜਲੰਧਰ ਸ਼ਹਿਰ ਤੋਂ ਇਕ ਅਖ਼ਬਾਰ ਸ਼ੁਰੂ ਕਰਨ ਦਾ ਫੈਸਲਾ ਕੀਤਾ।

## 'ਦੁਖੀ ਕਿਸਾਨ' ਅਖ਼ਬਾਰ

ਮਾਸਟਰ ਕਾਬਲ ਸਿੰਘ ਨੇ 1934 ਵਿਚ ਜਲੰਧਰ ਸ਼ਹਿਰ ਵਿਚ ਪ੍ਰੈਸ ਲਾਉਣ ਦੀ ਤਿਆਰੀ ਕੀਤੀ ਜਿਹੜੀ 'ਕਨੇਡੀਅਨ ਪ੍ਰੈਸ ਸੁਸਾਇਟੀ' ਵਲੋਂ ਮਾਸਟਰ ਕਾਬਲ ਸਿੰਘ ਨੂੰ ਰੁਜ਼ਗਾਰ ਅਤੇ ਅਖ਼ਬਾਰ ਸ਼ੁਰੂ ਕਰਨ ਲਈ ਪੇਸ਼ਕਸ਼ ਸੀ। ਦੁਆਬਾ ਅਮਰੀਕਨ ਕਨੇਡੀਅਨ ਪ੍ਰੈਸ ਸੁਸਾਇਟੀ 15 ਅਗਸਤ 1931 ਨੂੰ ਹੋਂਦ 'ਚ ਆਈ, ਜਦੋਂ ਇਕ ਹੋਏ ਭਾਰੀ ਇਕੱਠ ਵਿਚ ਪ੍ਰਧਾਨ ਲਛਮਣ ਸਿੰਘ ਖੁਰਦਪੁਰ, ਮੀਤ ਪ੍ਰਧਾਨ ਰਾਮ ਸਿੰਘ ਜੌਹਰ, ਸਕੱਤਰ ਬਲਵੰਤ ਸਿੰਘ ਦੁਖੀਆ, ਟਰੱਸਟੀ ਲਛਮਣ ਸਿੰਘ ਖੁਰਦਪੁਰ, ਰਾਧਾ ਸਿੰਘ ਧੂਤ ਰਿਆਸਤ ਕਪੂਰਥਲਾ, ਮਾਲਾ ਸਿੰਘ ਹੁਸ਼ਿਆਰਪੁਰ ਤੋਂ ਬਿਨਾਂ ਹੇਠ ਲਿਖੇ ਸੱਜਣ ਅੰਤਰਮ ਕਮੇਟੀ ਦੇ ਮੈਂਬਰ ਚੁਣੇ ਗਏ ਸਨ। ਭਾਈ ਪਿਆਰਾ ਸਿੰਘ ਲੰਗੇਰੀ, ਪ੍ਰਤਾਪ ਸਿੰਘ ਕੋਟ ਫਤੂਹੀ, ਅਰਜਨ ਸਿੰਘ 'ਸੱਚ', ਹਰਨਾਮ ਸਿੰਘ ਭੱਜਲ, ਰਛਪਾਲ ਸਿੰਘ 'ਦਰਦੀ', ਚੰਨਣ ਸਿੰਘ ਸ਼ੰਕਰ, ਚੈਂਚਲ ਸਿੰਘ ਕਨੇਡੀਅਨ, ਪਿਆਰਾ ਸਿੰਘ ਕੁਦੋਵਾਲ, ਮਾਸਟਰ ਜੈਮਲ ਸਿੰਘ ਨੰਗਲ ਮੱਝਾ, ਠਾਕਰ ਸਿੰਘ ਕਾਲਾਸੰਘਾ। 'ਦੁਖੀ ਕਿਸਾਨ' ਅਖ਼ਬਾਰ ਦੇ ਕਿੰਨੇ ਅੰਕ ਪ੍ਰਕਾਸ਼ਤ ਹੋਏ ਦੇ ਬਾਰੇ ਤਾਂ ਜਾਣਕਾਰੀ ਉਪਲੱਬਧ ਨਹੀਂ ਹੈ। ਪਰ ਜਦੋਂ ਇਸ ਦੀ ਖ਼ਬਰ ਸਰਕਾਰ ਤੱਕ ਪੁੱਜੀ ਤਾਂ ਜਲੰਧਰ ਦੇ ਡਿਪਟੀ ਕਮਿਸ਼ਨਰ ਰਾਏ ਸਾਹਿਬ ਅਰਜਨ ਦਾਸ ਨੇ ਮਾਲ ਮਹਿਕਮੇ ਰਾਹੀਂ ਇਸਨੂੰ ਤਸਦੀਕ ਕਰਾਉਣ ਦੀ ਹਦਾਇਤ ਕਰਕੇ ਰੁਕਾਵਟਾਂ ਪਾਈਆਂ।

'ਦੁਖੀ ਕਿਸਾਨ' ਅਖ਼ਬਾਰ ਸ਼ੁਰੂ ਕਰਨ ਦੇ ਸਮੇਂ ਪੱਤਰਕਾਰੀ ਲਈ ਮੁਸ਼ਕਲਾਂ

ਭਰਿਆ ਸਮਾਂ ਸੀ। ਕਿਉਂਕਿ ਪ੍ਰੈਸ ਐਕਟ ਦੀ ਤੇਜ਼ ਤਲਵਾਰ ਇਨ੍ਹਾਂ ਦੇ ਸਿਰ ਤੇ ਲਟਕਦੀ ਰਹਿੰਦੀ ਸੀ, ਰਤਾ ਕੁ ਖੁੰਝੇ ਨਹੀਂ ਤੇ ਸ਼ਿਕੰਜੇ ਵਿਚ ਆਏ ਨਹੀਂ, ਇਸਦੇ ਨਾਲ ਹੀ ਦੁਆਬੇ ਦੀ ਕਿਸਾਨੀ ਆਰਥਕ ਮੰਦਹਾਲੀ ਵਿਚ ਹੋਣ ਕਰਕੇ ਮਾਲੀ ਤੰਗੀ ਦਾ ਦੌਰ ਵੀ ਸੀ। ਸਰਕਾਰ ਦੇ ਕੰਮ ਤੇ ਟਿੱਪਣੀ ਕਰਨਾ ਤਾਂ ਅਖ਼ਬਾਰ ਦੀ ਜਬਤੀ ਤੇ ਸੰਪਾਦਕ ਨੂੰ ਹੱਥਕੜੀ ਤੇ ਜ਼ੁਰਮਾਨਾ ਜਿਹੀਆਂ ਸਜ਼ਾਵਾਂ ਸਧਾਰਨ ਹੁੰਦੀਆਂ ਸਨ। ਅੰਗਰੇਜ਼ੀ ਰਾਜ ਦੀ ਸਲਾਮਤੀ ਚਾਹੁੰਣ ਵਾਲੀਆਂ ਅਖ਼ਬਾਰਾਂ ਦੇ ਪ੍ਰਬੰਧਕਾਂ ਤੇ ਸੰਪਾਦਕਾਂ ਨੂੰ ਸਹੂਲਤਾਂ ਪ੍ਰਾਪਤ ਹੁੰਦੀਆਂ ਸਨ। 'ਦੁਖੀ ਕਿਸਾਨ' ਦੇ ਸੰਪਾਦਕ ਮਾਸਟਰ ਕਾਬਲ ਸਿੰਘ ਅਤੇ ਹਰਜਾਪ ਸਿੰਘ ਸਹਿ-ਸੰਪਾਦਕ ਸਨ। ਇਸ ਬਾਰੇ ਪਨਾਮਾ ਵਿਚਲੇ ਪ੍ਰਵਾਸੀਆਂ ਨੂੰ ਪਤਾ ਲਗਣ ਤੇ ਉਨ੍ਹਾਂ 139 ਡਾਲਰ ਇਕੱਠੇ ਕਰਕੇ ਪੰਜਾਬ ਨੂੰ ਭੇਜੇ ਜਿਨ੍ਹਾਂ ਵਿਚੋਂ 84 ਡਾਲਰ 50 ਸੈਂਟ 'ਕਿਰਤੀ' ਰਸਾਲਾ, 26 ਡਾਲਰ 'ਕਿਰਤੀ' ਦੇ ਚੰਦੇ ਵਜੋਂ, 2 ਡਾਲਰ 50 ਸੈਂਟ 'ਫੁਲਵਾੜੀ' ਦਾ ਚੰਦਾ ਅਤੇ 26 ਡਾਲਰ 'ਦੁਖੀ ਕਿਸਾਨ' ਹਫਤੇਵਾਰੀ ਲਈ ਸਨ।

ਗ਼ਦਰ ਲਹਿਰ ਦੇ ਦੇਸ਼ ਭਗਤਾਂ ਨੇ ਸਿਖਿਆ ਤੇ ਪੱਤਰਕਾਰੀ ਨੂੰ ਪ੍ਰਮੁੱਖ ਸਥਾਨ ਦਿੰਦਿਆਂ ਬੜੇ ਯਤਨ ਕੀਤੇ ਸਨ ਕਿ ਹਿੰਦੁਸਤਾਨ ਵਿਚ ਵਿਦਿਅਕ ਸਥਾਨਾਂ ਨੂੰ ਅਤੇ ਅਖ਼ਬਾਰਾਂ ਨੂੰ ਵੱਧ ਤੋਂ ਵੱਧ ਸਥਾਪਤ ਕੀਤਾ ਜਾਏ। ਇਸ ਕਾਰਜ ਲਈ ਅਮਰੀਕਾ, ਕਨੇਡਾ ਦੇ ਪ੍ਰਵਾਸੀਆਂ ਵਲੋਂ ਖਾਸ ਕਰਕੇ ਗ਼ਦਰ ਲਹਿਰ ਤੇ ਗ਼ਦਰ ਲਹਿਰ ਦੇ ਦੂਜੇ ਦੌਰ ਸਮੇਂ ਉਨ੍ਹਾਂ ਨੇ ਇਨ੍ਹਾਂ ਕਾਰਜਾਂ ਵਲ ਵਿਸ਼ੇਸ਼ ਰੁਝਾਨ ਦਿੱਤਾ ਸੀ।

ਇਹ ਸਮਾਂ ਸੀ ਜਦੋਂ ਮਜ਼ਦੂਰਾਂ-ਕਿਸਾਨਾਂ ਦੀਆਂ ਜਥੇਬੰਦੀਆਂ ਬਣਾਉਣ ਦਾ ਕੰਮ ਸ਼ੁਰੂ ਹੋ ਗਿਆ ਸੀ। ਗ਼ਦਰ ਪਾਰਟੀ ਨੇ ਆਪਣੇ ਕਾਰਕੁੰਨ ਮਾਸਕੋ ਭੇਜਣ ਅਤੇ ਕਮਿਊਨਿਜ਼ਮ ਦੀ ਸਿਖਿਆ ਪ੍ਰਾਪਤ ਕਰਨ ਲਈ ਸੋਵੀਅਤ ਰੂਸ ਦੀ ਬਾਲਸ਼ਵਿਕ ਹਕੂਮਤ ਨਾਲ ਅਹਿਦਨਾਮਾ ਕੀਤਾ ਸੀ। ਇਸ ਪਿਛੇ ਸੋਵੀਅਤ ਰੂਸ ਦੀ ਸਰਕਾਰ ਦਾ ਵਧੇਰੇ ਹੱਥ ਸੀ। ਅੰਗਰੇਜ਼ੀ ਅਧਿਕਾਰ ਵਾਲੇ ਇਲਾਕਿਆਂ ਤੋਂ ਇਲਾਵਾ ਦੇਸੀ ਰਿਆਸਤਾਂ ਦੇ ਇਲਾਕੇ ਵਿਚ ਜਥੇਬੰਦੀਆਂ ਬਨਾਉਣ ਦਾ ਕੰਮ ਕਠਿਨ ਸੀ। ਜਲੰਧਰ ਜ਼ਿਲ੍ਹੇ ਦੀ ਲਾਗਲੀ ਕਪੂਰਥਲਾ ਰਿਆਸਤ ਵਿਚ ਮਹਾਰਾਜੇ ਦੇ ਜ਼ੁਲਮਾਂ ਵਿਰੁੱਧ ਲਹਿਰ ਸ਼ੁਰੂ ਕੀਤੀ ਗਈ। ਜਲੰਧਰ ਤੋਂ 'ਦੁਖੀ ਕਿਸਾਨ' ਨਾਂ ਦੇ ਅਖ਼ਬਾਰ ਵਿਚ ਮਜ਼ਦੂਰਾਂ ਕਿਸਾਨਾਂ ਸਬੰਧੀ ਛਪਦੇ ਲੇਖਾਂ ਵਿਚ ਜਾਗੀਰਦਾਰਾਂ ਤੇ ਸ਼ਾਹੂਕਾਰ ਬਾਣੀਆਂ ਦੀ ਲੁੱਟ ਘਸੁੱਟ ਸਬੰਧੀ ਜਾਣਕਾਰੀ ਛਪਦੀ ਸੀ, ਇਨ੍ਹਾਂ ਲੇਖਾਂ ਨੂੰ ਸਰਕਾਰ ਵਿਰੋਧੀ ਕਰਾਰ ਦੇ ਕੇ ਹਜ਼ਾਰ ਰੁਪਏ ਦੀ ਜਮਾਨਤ ਜਬਤ ਕਰਕੇ ਪੰਜ ਸੌ ਰੁਪਏ ਹੋਰ ਜ਼ਮਾਨਤ ਜਮਾਂ ਕਰਾਉਣ ਦਾ ਹੁਕਮ ਮਾ. ਕਾਬਲ ਸਿੰਘ ਨੂੰ ਦਿੱਤਾ ਗਿਆ ਸੀ, ਪਰ ਏਨੀ ਰਕਮ ਜਮਾਂ ਨਾ ਕਰਾਉਣ ਕਾਰਨ ਅਖ਼ਬਾਰ ਬੰਦ ਕਰਨਾ ਪਿਆ ਸੀ। 'ਦੁਖੀ ਕਿਸਾਨ' ਅਖ਼ਬਾਰ ਸਮੇਂ ਹੀ 'ਦੁਖੀ ਦੁਨੀਆਂ' ਜਲੰਧਰ ਤੋਂ ਸ਼ੁਰੂ ਹੋਇਆ। ਦੁਖੀ ਦੁਨੀਆਂ ਦੇ ਮੈਨੇਜਿੰਗ ਡਾਇਰੈਕਟਰ ਮਾਸਟਰ ਮੋਤਾ ਸਿੰਘ, ਐਡੀਟਰ ਅਵਤਾਰ ਸਿੰਘ ਦਲੇਰ ਅਤੇ

ਕਾ. ਹਰਕਿਸ਼ਨ ਸਿੰਘ ਸੁਰਜੀਤ ਇਸ ਦੇ ਬਾਨੀਆਂ ਵਿਚੋਂ ਸਨ।[41]

ਕਿਉਂਕਿ ਉਸ ਸਮੇਂ ਤੱਕ 'ਦੁਖੀ ਕਿਸਾਨ' ਅਖ਼ਬਾਰ ਬੰਦ ਹੋ ਗਿਆ ਸੀ। ਇਸ ਲਈ 26 ਡਾਲਰ ਵਾਲਾ ਚੈੱਕ ਵੀ 'ਕਿਰਤੀ' ਦੇ ਖਾਤੇ ਵਿਚ ਦੇ ਦਿੱਤਾ ਗਿਆ ਸੀ। ਇਹ ਚੈੱਕ ਬਾਬਾ ਕਰਮ ਸਿੰਘ ਚੀਮਾ ਤੇ ਮਾ. ਕਾਬਲ ਸਿੰਘ ਦੇ ਨਾਂ 'ਤੇ ਭੇਜਿਆ ਗਿਆ ਸੀ। ਪਨਾਮਾ ਦੇ ਪਰਵਾਸੀਆਂ ਤੋਂ 'ਦੁਖੀ ਕਿਸਾਨ' ਅਖ਼ਬਾਰ ਲਈ ਫੰਡ ਉਗਰਾਉਣ ਵਿਚ ਕਾ. ਹਰਨਾਮ ਸਿੰਘ ਬਾਸੀ (ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਪਿਤਾ ਸਨ) ਦੀ ਵਿਸ਼ੇਸ਼ ਭੂਮਿਕਾ ਸੀ। ਦੁਖੀ ਕਿਸਾਨ ਦੇ ਹਿੱਸੇ ਦੀ ਸਹਾਇਤਾ ਲਈ ਆਇਆ ਪੈਸਾ 'ਕਿਰਤੀ' ਦੇ ਖਾਤੇ ਵਿਚ ਪਾ ਦਿੱਤਾ ਗਿਆ। 'ਕਿਰਤੀ' ਦੇ ਪ੍ਰਬੰਧਕਾਂ ਨੇ ਇਸ ਸਹਾਇਤਾ ਬਾਰੇ ਲਿਖਿਆ:

"ਪ੍ਰਬੰਧਕ ਕਾ. ਹਰਨਾਮ ਸਿੰਘ ਬਾਸੀ ਤੇ ਪਨਾਮਾ ਨਿਵਾਸੀ ਵੀਰਾਂ ਦੇ ਬੜੇ ਹੀ ਧੰਨਵਾਦੀ ਹਨ, ਜਿਨ੍ਹਾਂ ਨੇ 'ਦੁਖੀ ਕਿਸਾਨ' ਰਾਹੀਂ ਲਹਿਰ ਨਾਲ ਪਿਆਰ ਕਰਦੇ ਹੋਇਆਂ ਸਹਾਇਤਾ ਕਰਨ ਦਾ ਉਪਰਾਲਾ ਕੀਤਾ ਹੈ ਅਤੇ ਆਸ ਰਖਦੇ ਹਾਂ ਕਿ ਅਗੇ ਨੂੰ ਪ੍ਰਦੇਸੀ ਭਾਈ, ਦੇਸ਼ ਭਾਈਆਂ ਵਾਂਗੂੰ ਹੀ ਰਲ ਕੇ ਹਰ ਇਕ ਕੰਮ ਕਰਨਗੇ ਤਾਂ ਇਸ ਦਾ ਫਲ ਇਹ ਹੋਵੇਗਾ ਕਿ ਪ੍ਰਦੇਸੀ ਭਾਈਆਂ ਦਾ ਕਾਮਰੇਡ ਸੰਤੋਖ ਸਿੰਘ ਜੀ ਸ਼ਹੀਦ ਦੇ ਹਥੀਂ ਜਾਰੀ ਕਰਵਾਇਆ ਹੋਇਆ 'ਕਿਰਤੀ' ਆਪਣੇ ਪੈਰਾਂ 'ਤੇ ਖੜਾ ਹੋ ਕੇ ਆਪਣੀ ਜਮਾਤ ਦੇ ਹੱਕਾਂ ਖਾਤਰ ਡਟਕੇ ਲੜਦਾ ਰਹੇਗਾ।"[42]

ਪਨਾਮਾਂ ਵਿਚਲੇ ਪ੍ਰਵਾਸੀਆਂ ਵਲੋਂ 'ਦੁਖੀ ਕਿਸਾਨ' ਅਖ਼ਬਾਰ ਲਈ ਭੇਜਿਆ ਫੰਡ ਜੋ ਬਾਅਦ 'ਚ 'ਕਿਰਤੀ' ਰਸਾਲੇ ਲਈ ਦਿੱਤਾ ਗਿਆ:

| | |
|---|---|
| ਸ. ਕਰਤਾਰ ਸਿੰਘ ਬਲਬੋਆ | 2-50 |
| ਸ. ਗਜ਼ਨ ਸਿੰਘ ਬਲਬੋਆ | 2-50 |
| ਸ. ਹਰਨਾਮ ਸਿੰਘ ਐਂਕਨ | 2-50 |
| ਸ. ਕਿਸ਼ਨ ਸਿੰਘ ਐਂਕਨ | 2-50 |
| ਸ. ਭਾਗ ਸਿੰਘ ਐਂਕਨ | 2-50 |
| ਸ. ਕਰਤਾਰ ਸਿੰਘ ਐਂਕਨ | 2-00 |
| ਸੀ.ਡੀ. ਅਰਜਨ ਸਿੰਘ ਕੰਪਨੀ | 2-50 |
| ਸ. ਗਰਧਾਰਾ ਸਿੰਘ | 2-50 |
| ਸ. ਮੇਵਾ ਸਿੰਘ | 2-50 |
| ਪ੍ਰੀਤਮ ਸਿੰਘ ਮਹਿਗਰੋਵਾਲ | 2-00 |
| ਗੁ. ਬਹਿਬਲਪੁਰ | 2-00 |
| **ਕੁਲ ਜੋੜ ਡਾਲਰ** | **2600-00** |

ਕੁਲ ਰਕਮ ਵਿੱਚੋਂ 26 ਡਾਲਰ 'ਦੁਖੀ ਕਿਸਾਨ' ਲਈ ਭੇਜੇ ਗਏ ਸਨ।[43]

ਕਾਮਰੇਡ ਸੋਹਣ ਸਿੰਘ ਜੋਸ਼ ਤੇ ਅਬਦੁਲ ਮਜ਼ੀਦ 1933 ਨੂੰ ਮੇਰਠ ਸਾਜਿਸ਼ ਕੇਸ

ਭ੍ਰਾਤ

## ਦੁਆਬਾ ਦਿਹਾਤ ਸੁਧਾਰ ਕਾਨਫਰੰਸ

ਪਤਾਰਾ, ਜ਼ਿਲਾ ਜਾਲੰਧਰ

ਦੇ

ਸਵਾਗਤ ਕਮੇਟੀ ਦੇ

# ਪਰਧਾਨ

ਮਃ ਕਾਬਲ ਸਿੰਘ ਜੀ "ਗੋਬਿੰਦਪੁਰੀ"

...ਸਤਾਂ ਦਾ
...ਦਾ ... ਦੇ ਕਾਰਨ ਹਿੰਦੁਸਤਾਨੀ
...ਸਮਾਨਾ ... ble Exploitation)
ਸਾਮਨਾ ਕ...

ਜੰਗ ਯੂਰਪ ਦੇ ਦਿਨ... ਜਿਨਸਾਂ ਦੇ ਭਾ ਵਧ ਜਾਨ
...ਲ ਸਾਡੀ ਜ਼ਿੰਦਗੀ ਦਾ ਮ... ...ਰਾ ਹੋ ਗਿਆ, ਅਤੇ ਉਨ੍ਹਾਂ
...ਰਖਾਂ ਦੇ ਅਨੁਕੂਲ ਹੀ ਕਈ ਤ੍ਰਾਂ ਦੇ ਟੈਕਸ ਸਾਡੇ ਸਿਰੀਂ ਮੜ੍ਹ ਦਿਤੇ
...ਏ। ਅਤੇ ਹੋਰ ਵਿੰਗੇ ਸਿਧੇ ਤ੍ਰੀਕਿਆਂ ਨਾਲ ਸਾਨੂੰ ਨਚੋੜਨ ਦਾ
...ਤਨ ਕੀਤਾ ਗਿਆ। ਹੁਣ ਮੰਦਵਾੜੇ ਦੇ ਦਿਨਾਂ ਵਿੱਚਜਦਕਿ ਕਈ




ਦੀ ਸਜ਼ਾ ਭੁਗਤ ਕੇ ਰਿਹਾ ਹੋਏ ਸਨ। ਉਨ੍ਹਾਂ ਵੱਲੋਂ "ਐਂਟੀ ਇੰਮਪੀਰੀਅਲਿਸਟ ਲੀਗ ਪੰਜਾਬ" ਬਣਾਈ ਗਈ, ਜਿਸ ਵਿਚ ਬੈਰਿਸਟਰ ਕਰਮ ਸਿੰਘ ਮਾਨ, ਫੀਰੋਜ਼ਦੀਨ ਮਨਸੂਰ ਅਤੇ ਅਰਜਨ ਸਿੰਘ ਗੜਗੱਜ ਸ਼ਾਮਲ ਸਨ। ਇਸ ਜਥੇਬੰਦੀ ਦੀਆਂ ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਸਿਆਲਕੋਟ, ਗੁਜਰਾਤ, ਜਿਹਲਮ, ਰਾਵਲਪਿੰਡੀ ਅਤੇ ਲਾਇਲਪੁਰ ਆਦਿ ਕੇਂਦਰਾਂ ਤੇ ਬਰਾਂਚਾਂ ਕਾਇਮ ਕੀਤੀਆਂ ਗਈਆਂ। ਪੰਜਾਬ ਦੀ ਕਿਸਾਨੀ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਪੰਜਾਬ ਕਿਸਾਨ ਲੀਗ ਦਾ ਗਠਨ ਕੀਤਾ। ਇਸ ਦੇ ਪ੍ਰਧਾਨ ਮਾਸਟਰ ਕਾਬਲ ਸਿੰਘ, ਸਕੱਤਰ ਅਰਜਨ ਸਿੰਘ ਗੜਗੱਜ ਬਣਾਏ ਗਏ ਸਨ।[42]

ਕਿਰਤੀ ਕਿਸਾਨਾਂ ਦੀਆਂ ਮੁਸ਼ਕਿਲਾ ਵੱਲ ਧਿਆਨ ਦਿਵਾਉਣ ਅਤੇ ਸੰਗਠਨ ਬਣਾਉਣ ਲਈ ਸਰਗਰਮੀਆਂ ਸ਼ੁਰੂ ਹੋਈਆਂ ਤਾਂ ਰਿਆਸਤ ਕਪੂਰਥਲਾ ਦੇ ਕਿਸਾਨ ਵੀ ਕਰਵਟ ਲੈਣ ਲੱਗੇ। ਸੂਬੇਦਾਰ ਅਮਰ ਸਿੰਘ, ਚੰਨਣ ਸਿੰਘ, ਚੌਧਰੀ ਵਸਾਵਾ ਸਿੰਘ ਦੀ ਅਗਵਾਈ ਵਿਚ ਰਿਆਸਤ ਕਪੂਰਥਲਾ ਦੇ ਕਿਸਾਨਾਂ ਦੀਆਂ ਮੁਸ਼ਕਿਲਾਂ ਲਈ ਆਵਾਜ਼ ਬੁਲੰਦ ਕਰਨ ਲਈ ਇਕ ਡੈਪੂਟੇਸਨ ਲਾਹੌਰ ਪੁੱਜਾ। ਜਿਮੀਦਾਰਾਂ ਦੀਆਂ ਮੁਸ਼ਕਿਲਾਂ ਪੰਜਾਬ ਪ੍ਰੈਸ ਦੇ ਪੇਸ਼ ਕਰਕੇ ਮੰਗ ਕੀਤੀ ਕਿ ਯੋਗ ਮੰਗਾਂ ਦੀ ਪੂਰਤੀ ਲਈ ਉਠਾਏ ਜਾਣ ਵਾਲੀ ਯੋਗ ਆਵਾਜ਼ ਦੀ ਹਾਂ ਨਾਲ ਹਾਂ ਮਿਲਾਈ ਜਾਵੇ ਤੇ ਸਹਾਇਤਾ ਕੀਤੀ ਜਾਵੇ। ਮੰਗਾਂ ਸਨ:

1. ਰਿਆਸਤ ਕਪੂਰਥਲਾ ਵਿਚ ਲਾਗੇ ਦੇ ਅੰਗਰੇਜ਼ੀ ਇਲਾਕੇ ਨਾਲੋਂ ਦੁੱਗਣਾ ਮਾਲੀਆ ਅੱਧਾ ਕੀਤਾ ਜਾਵੇ ਤੇ ਬੇਗਾਰ ਟੈਕਸ ਉੱਕੀ ਉਡਾ ਦਿੱਤੀ ਜਾਵੇ।

2. ਜ਼ਿਮੀਂਦਾਰਾਂ ਦੀਆਂ ਸ਼ਿਕਾਇਤਾਂ ਦੀ ਪੜਤਾਲ ਲਈ ਪੜਤਾਲੀਆ ਕਮੇਟੀ ਨਿਯਤ ਕੀਤੀ ਜਾਵੇ।

3. ਰਿਆਸਤ ਦੇ 600 ਪਿੰਡਾਂ ਵਿਚ ਕੁੜੀਆਂ ਦੀ ਪੜ੍ਹਾਈ ਦਾ ਕੋਈ ਪ੍ਰਬੰਧ ਨਹੀਂ, ਮੁੰਡਿਆਂ ਦੀ ਪੜ੍ਹਾਈ ਦਾ ਪ੍ਰਬੰਧ ਨਾ-ਕਾਫੀ ਹੈ, ਜਿਸ ਵੱਲ ਧਿਆਨ ਦਿੱਤਾ ਜਾਵੇ।

4. ਮਨੁੱਖਾਂ ਤੇ ਡੰਗਰਾਂ ਦੇ ਹਸਪਤਾਲ, ਕੋਆਪਰੇਟਿਵ ਬੈਂਕਾਂ ਤੇ ਪੱਕੀਆਂ ਸੜਕਾਂ ਵੱਲ ਧਿਆਨ ਦੇਣ ਦੀ ਲੋੜ ਹੈ।

5. ਅਦਾਲਤਾਂ ਤੇ ਪੁਲਸ ਦੇ ਮਹਿਕਮੇ ਵਿਚ ਵੱਢੀ ਦਾ ਜ਼ੋਰ ਹੈ। ਦੋਸ਼ੀਆਂ ਨੂੰ ਯੋਗ ਸਜ਼ਾਵਾਂ ਦਿੱਤੀਆਂ ਜਾਣ ਤਾਂ ਕਿ ਇਹ ਬੰਦ ਹੋਣ।

6. ਰਿਆਸਤ ਵੱਲੋਂ ਸਹਾਇਤਾ ਨਾ ਹੋਣ ਕਰਕੇ ਅੰਗਰੇਜ਼ੀ ਇਲਾਕੇ ਦੀਆਂ ਦਸਤਕਾਰੀ ਸੰਸਥਾਵਾਂ ਵਿਚ ਰਿਆਸਤੀ ਮੁੰਡਿਆਂ ਨੂੰ ਦਾਖਲ ਨਹੀਂ ਕੀਤਾ ਜਾਂਦਾ। ਇਹ ਮੁਸ਼ਕਿਲ ਦੂਰ ਕੀਤੀ ਜਾਵੇ।

7. ਰਿਆਸਤ ਦੇ ਹਾਕਮ ਸ਼ਿਕਾਇਤਾ ਵੱਲ ਪੂਰਾ ਧਿਆਨ ਦੇਣ ਅਤੇ ਜਲਸਿਆਂ, ਤਕਰੀਰਾਂ ਦੀ ਮਨਾਹੀ ਨਾ ਕੀਤੀ ਜਾਵੇ।[45]

ਪ੍ਰੈਸ ਵਿਚ ਇਨ੍ਹਾਂ ਖ਼ਬਰਾਂ ਦੇ ਛਪਣ ਨਾਲ ਰਾਹਤ ਮਿਲਣ ਦੀ ਬਜਾਏ ਅਧਿਕਾਰੀਆਂ ਵੱਲੋਂ ਇਸ ਆਵਾਜ਼ ਨੂੰ ਬੰਦ ਕਰਨ ਲਈ ਜਬਰ ਸ਼ੁਰੂ ਕਰਕੇ ਰਿਆਸਤ ਦੇ ਕਿਸਾਨਾਂ ਦੇ ਆਗੂਆਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ। ਰਿਆਸਤੀ ਜ਼ਿਮੀਂਦਾਰਾਂ ਦੀ ਬਾਂਹ ਫੜਨ ਲਈ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਨੇ ਜਥੇਬੰਦਕ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਪਤਾਰਾ ਤੇ ਕਰਤਾਰਪੁਰ ਵਿਚ ਕਾਨਫਰੰਸਾਂ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ। ਇਸ ਤੋਂ ਪਹਿਲਾਂ ਪਿੰਡ ਖਹਿਰਾ ਵਿਚ ਕਾਨਫਰੰਸ ਕੀਤੀ ਗਈ।

## ਰਿਆਸਤੀ ਪੁਲੀਟੀਕਲ ਕਾਨਫਰੰਸ-ਪਿੰਡ ਖਹਿਰਾ

ਜਿਮੀਂਦਾਰ ਲੀਗ ਕਪੂਰਥਲਾ ਦੇ ਸਕੱਤਰ ਸੰਤੋਖ ਸਿੰਘ ਵੱਲੋਂ ਪ੍ਰਕਸ਼ਤ ਜਾਣਕਾਰੀ ਅਨੁਸਾਰ: 8 ਜਨਵਰੀ 1936 ਨੂੰ ਪਿੰਡ ਖਹਿਰਾ, ਜ਼ਿਲ੍ਹਾ ਜਲੰਧਰ ਵਿਖੇ ਰਿਆਸਤ ਕਪੂਰਥਲਾ ਦੇ ਕਿਸਾਨਾਂ ਦੀ ਭਾਰੀ ਸਿਆਸੀ ਕਾਨਫਰੰਸ ਲਛਮਣ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਜਿਮੀਂਦਾਰਾ ਲੀਗ ਦੇ ਕਿਸਾਨਾਂ ਤੋਂ ਬਿਨਾਂ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਅਤੇ ਕਾਮਰੇਡ ਰਾਮ ਸਿੰਘ 'ਅਜੀਤ' ਨੇ ਰਿਆਸਤੀ ਕਿਸਾਨਾਂ ਵਿਚ ਵਧ ਰਹੀ ਬੇਚੈਨੀ ਤੇ ਮਾਲੀ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਜਬਰਦਸਤ ਤਕਰੀਰਾਂ ਕੀਤੀਆਂ ਅਤੇ ਮਤੇ ਪਾਸ ਕੀਤੇ।

1. ੳ. ਰਿਆਸਤ ਕਪੂਰਥਲਾ ਦੇ ਕਿਸਾਨਾਂ ਦੀ ਇਹ ਕਾਨਫਰੰਸ ਮਾਲੀ ਹਾਲਤਾਂ ਨੂੰ ਮੁੱਖ ਰੱਖ ਕੇ ਮਹਾਰਾਜਾ ਕਪੂਰਥਲਾ ਕੋਲ ਦਰਖਾਸਤ ਕਰਦੀ ਹੈ ਕਿ ਮਾਲੀਏ ਦੀ ਸ਼ਰਤ ਨੂੰ 50 ਫੀਸਦੀ ਘੱਟ ਕਰਕੇ ਕਿਸਾਨਾਂ ਨੂੰ ਤਬਾਹੀ ਤੋਂ ਬਚਾਇਆ ਜਾਵੇ।

ਅ. ਮਾਲੀਏ ਨਾਲ ਵਸੂਲ ਹੋਣ ਵਾਲੇ ਮਲਬੇ, ਚੌਂਕੀਦਾਰਾ, ਪਟਵਾਰ ਆਦਿ ਇਸ ਕਿਸਤ ਨਾਲ ਵਸੂਲ ਨਾ ਕੀਤਾ ਜਾਵੇ।

ੲ. ਜ਼ਮੀਨ ਦੇ ਨੁਕਸਾਂ ਨੂੰ ਕਿਸੇ ਨਿਰਪੱਖ ਏਜੰਸੀ ਤੋਂ ਕਰਵਾ ਕੇ ਛੇਤੀਂ ਦੂਰ ਕਰਵਾਇਆ ਜਾਵੇ।

2. ੳ. ਕਾਨਫਰੰਸ ਮੁਤਾਲਬਾ ਕਰਦੀ ਹੈ ਕਿ ਰਿਆਸਤ ਵਿਚ ਕਾਨੂੰਨ ਘੜਨੀ ਕੌਂਸ਼ਲ ਬਣਾਈ ਜਾਵੇ ਜਿਸਨੂੰ ਦੀਵਾਨੀ ਤੇ ਫੌਜਦਾਰੀ ਕਾਨੂੰਨ ਬਣਾਉਣ ਦੇ ਪੂਰੇ ਹੱਕ ਹਾਸਲ ਹੋਣ ਅਤੇ ਪਬਲਿਕ ਬਜਟ ਉੱਤੇ ਪੂਰਾ ਕੰਟਰੋਲ ਹਾਸਲ ਹੋਵੇ। ਇਸ ਵਿਚ ਫਿਰਕੇਦਾਰੀ ਦਾ ਕੋਈ ਦਖਲ ਨਾ ਹੋਵੇ।

ਅ. ਉਜਾਗਰ ਸਿੰਘ ਵਾਲੀ ਮਾਲੀਆ ਪੜਤਾਲੀਆ ਕਮੇਟੀ ਦੀ ਰਿਪੋਰਟ ਛੇਤੀ ਪ੍ਰਕਾਸ਼ਤ ਕੀਤੀ ਜਾਵੇ।

3. ਰਿਆਸਤ ਵਿਚ ਜਲਸੇ, ਮੀਟਿੰਗਾਂ ਉੱਤੇ ਲਾਈ ਪਾਬੰਦੀ ਹਟਾਈ ਜਾਵੇ।

4. ਰਾਜਸੀ ਕੈਦੀਆਂ ਨਾਲ ਜੇਲ੍ਹ ਕਰਮਚਾਰੀਆਂ ਵਲੋਂ ਜੋ ਆਏ ਦਿਨ ਬੁਰਾ ਸਲੂਕ ਕੀਤਾ ਜਾਂਦਾ ਹੈ, ਦੀ ਪੁਰਜ਼ੋਰ ਨਿਖੇਧੀ ਕਰਦੀ ਹੈ। 22 ਨਵੰਬਰ 1935 ਨੂੰ ਮਹਾਰਾਜਾ ਵੱਲੋਂ ਮਾਸਟਰ ਹਰੀ ਸਿੰਘ ਧੂਤ ਨਾਲ ਅਪਮਾਨ ਭਰੇ ਸਲੂਕ ਕਰਨ ਨੂੰ ਬੁਰੀ ਨਿਗ੍ਹਾ ਨਾਲ ਦੇਖਦੀ ਹੋਈ ਮੁਤਾਲਬਾ ਕਰਦੀ ਹੈ ਕਿ ਚੰਨਣ ਸਿੰਘ ਧੂਤ ਅਤੇ ਜਥੇਦਾਰ ਮੇਹਰ ਸਿੰਘ ਨੂੰ ਪੁਲਿਸ ਦੀ ਹਿਰਾਸਤ ਵਿਚੋਂ ਕੱਢ ਕੇ ਜੇਲ੍ਹ ਵਿਚ ਰੱਖਿਆ ਜਾਵੇ ਅਤੇ ਰਾਜਸੀ ਕੈਦੀਆਂ ਨਾਲ ਆਦਮੀਆਂ ਵਾਲਾ ਵਰਤਾਓ ਕੀਤਾ ਜਾਵੇ।

6. ਇਹ ਕਾਨਫਰੰਸ ਸਮੂਹ ਜਨਤਾ ਅੱਗੇ ਅਪੀਲ ਕਰਦੀ ਹੈ ਕਿ ਐਤਕੀਂ ਦੇ ਸਾਲ ਵੀ ਪਿਛਲੇ ਸਾਲ ਵਾਂਗੂੰ 'ਮਾਲੀਆ ਘਟਾਓ' ਦਿਨ ਹੁੰਮ ਹੁੰਮਾ ਕੇ ਮਨਾਇਆ ਜਾਵੇ।[46]

ਯਾਦ ਰਹੇ ਕਿ ਰਿਆਸਤ ਦੀ ਹਦ ਅੰਦਰ ਜਲਸੇ ਜਲੂਸ ਵਰਜਿਤ ਸਨ, ਜਿਨ੍ਹਾਂ ਨੂੰ ਕਰਨ ਲਈ ਰਿਆਸਤ ਤੋਂ ਬਾਹਰ ਕਰਨੇ ਪੈਂਦੇ ਸਨ। ਇਹ ਕਾਰਨ ਸੀ ਕਿ ਰਿਆਸਤਸ਼ਾਹੀ ਦੇ ਜ਼ੁਲਮਾਂ ਦੇ ਵਿਰੁੱਧ ਨਾਲ ਲਗਦੇ ਕੇਂਦਰਾਂ ਤੇ ਮਾ. ਕਾਬਲ ਸਿੰਘ ਦੀ ਪ੍ਰਧਾਨਗੀ ਹੇਠ ਵੱਡੀਆਂ ਕਾਨਫਰੰਸਾਂ ਕਰਨ ਦਾ ਫੈਸਲਾ ਕੀਤਾ ਗਿਆ ਸੀ।

ਜਿਮੀਂਦਾਰਾ ਲੀਗ ਵਲੋਂ ਦੋ ਮਹੱਤਵਪੂਰਨ ਕਾਨਫਰੰਸਾਂ ਕੀਤੀਆਂ ਗਈਆਂ, ਇਕ ਪਤਾਰਾ ਪਿੰਡ ਮਾਰਚ 1935 ਵਿਚ ਤੇ ਦੂਜੀ ਕਪੂਰਥਲਾ ਕਿਸਾਨ ਕਾਨਫਰੰਸ ਦੇ ਨਾਂਅ 'ਤੇ ਕਰਤਾਰਪੁਰ (ਜਲੰਧਰ) ਵਿਖੇ ਅਪ੍ਰੈਲ 1936 ਨੂੰ। ਜ਼ਾਹਰ ਹੈ ਕਿ ਭਾਵੇਂ ਜਮਹੂਰੀ ਤੇ ਆਜ਼ਾਦੀ ਪਸੰਦ ਤਾਕਤਾਂ ਦੇ ਸਾਂਝੇ ਮੋਰਚੇ ਲਈ ਜਦੋ ਜਹਿਦਾਂ ਦਾ ਦੌਰ ਸੀ ਫਿਰ ਵੀ ਕੁਝ ਵਿਚਾਰਧਾਰਕ ਮਤਭੇਤਾਂ ਦਾ ਸੰਕੇਤ ਇਨ੍ਹਾਂ ਕਾਨਫਰੰਸਾਂ ਤੋਂ ਮਿਲਦਾ ਹੈ ਇਨ੍ਹਾਂ ਕਾਨਫਰੰਸਾਂ ਤੋਂ ਪਿੱਛੋਂ ਇਹ ਹੋਰ ਸਪਸ਼ਟ ਹੋ ਗਿਆ ਜਦੋਂ 'ਕਿਰਤੀ' ਅਖ਼ਬਾਰ ਨੇ ਸਮਕਾਲੀ 'ਦੇਸ਼ ਦਰਦੀ' ਦੀ ਟਿੱਪਣੀ ਪ੍ਰਕਾਸ਼ਤ ਕੀਤੀ।

## ਦੁਆਬਾ ਪੇਂਡੂ ਸੁਧਾਰ ਕਾਨਫਰੰਸ-ਪਤਾਰਾ

11-12-13 ਅਕਤੂਬਰ 1935 ਨੂੰ ਜ਼ਿਲ੍ਹਾ ਜਲੰਧਰ ਦੇ ਪਿੰਡ ਪਤਾਰਾ (ਗੁਰਦੁਆਰਾ ਬੰਦਾ ਬਹਾਦਰ) ਵਿਖੇ ਦੁਆਬਾ ਪੇਂਡੂ ਸੁਧਾਰ ਕਾਨਫਰੰਸ ਹੋਈ। ਇਹ ਮਾਸਟਰ ਮੋਤਾ ਸਿੰਘ ਦੀ ਪ੍ਰੇਰਨਾ ਨਾਲ ਹੋਈ ਸੀ। ਮਾਸਟਰ ਮੋਤਾ ਸਿੰਘ ਉਸ ਸਮੇਂ ਪਿੰਡ ਵਿਚ ਨਜ਼ਰਬੰਦ ਸਨ ਅਤੇ ਉਨ੍ਹਾਂ ਉੱਤੇ ਪੰਜਾਂ ਬੰਦਿਆਂ ਵਿਚ ਬੈਠਣ ਅਤੇ ਲਿਖਣ ਬੋਲਣ ਉੱਤੇ ਪਾਬੰਦੀ ਲੱਗੀ ਹੋਈ ਸੀ। ਬੋਲੀਨਾ ਸਟੇਸ਼ਨ ਉੱਤੇ ਸਾਰੇ ਦੂਰ-ਦੁਰਾਡੇ ਤੋਂ ਗੱਡੀ ਰਾਹੀਂ ਪੁੱਜੇ ਕਾਰਕੁੰਨ ਇਕੱਠੇ ਹੋਏ ਅਤੇ ਪਤਾਰੇ ਵਲ ਨੂੰ ਜਲੂਸ ਦੀ ਸ਼ਕਲ ਵਿਚ, ਜਿਸ ਦੀ ਪ੍ਰਧਾਨਗੀ ਸੋਹਣ ਸਿੰਘ ਜੋਸ਼ ਕਰ ਰਹੇ ਸਨ ਰਵਾਨਾ ਹੋਇਆ। ਜਦੋਂ ਜਲੂਸ ਮਾਸਟਰ ਮੋਤਾ ਸਿੰਘ ਦੇ ਮਕਾਨ ਸਾਹਮਣਿਓਂ ਗੁਜਰ ਰਿਹਾ ਸੀ ਤਾਂ ਉਹ ਬਿਨਾਂ ਕੁਝ ਬੋਲੇ ਆਪਣੇ ਮਕਾਨ ਉਪਰ ਹੱਥ ਜੋੜ ਕੇ ਜਲੂਸ ਵਿਚ ਸ਼ਾਮਲ ਲੋਕਾਂ ਦਾ ਸਵਾਗਤ ਕਰ ਰਹੇ ਸਨ। ਪਤਾਰਾ ਕਾਨਫਰੰਸ ਪੰਡਾਲ ਦੇ ਮੁੱਖ ਗੇਟ ਉੱਤੇ ਇਕ ਪਾਸੇ ਦਾਤੀ ਹਥੌੜੇ ਦਾ ਨਿਸ਼ਾਨ ਸੀ ਤੇ ਦੂਜੇ ਪਾਸੇ ਖੰਡਿਆਂ ਤੇ ਚੱਕਰ ਵਾਲਾ ਖਾਲਸਾਈ ਨਿਸ਼ਾਨ ਸੀ। ਉਕਤ ਦੇ ਅੱਖੀਂ ਡਿੱਠੇ ਹਾਲਾਤ ਨੂੰ ਕਾਮਰੇਡ ਚੈਨ ਸਿੰਘ ਚੈਨ ਨੇ ਵਰਨਣ ਕੀਤਾ ਹੈ: "ਮੈਂ ਖੁਦ ਉਸ ਸਮੇਂ ਇਸ ਅਵਸਥਾ ਵਿਚ ਸੀ ਜੋ ਇਸ ਗੇਟ ਦੇ ਇਨ੍ਹਾਂ ਨਿਸ਼ਾਨਾਂ ਤੋਂ ਬਣਦੀ ਸੀ। ਪਰ ਇਕ ਕਾਮਰੇਡ ਨੇ ਬੜੇ ਭੱਦੇ ਸ਼ਬਦਾਂ ਨਾਲ ਇਸ ਦਾ ਮਖੌਲ ਉਡਾਇਆ ਕਿ ਇਹ ਤਾਂ ਦਾਤੀ ਥੋੜਾ ਹੋਇਆ ਪਰ ਆਹ ਕੀ ਹੋਇਆ? ਇਸ ਦਾ ਮੇਰੇ ਮਨ ਉੱਤੇ ਇਤਨਾ ਬੁਰਾ ਅਸਰ ਪਿਆ ਕਿ ਕਈ ਕਾਮਰੇਡਾਂ ਨੂੰ ਮੇਰੇ ਉੱਤੇ ਇਕ ਸਾਲ ਹੋਰ ਮਿਹਨਤ ਕਰਨੀ ਪਈ ਤਾਂ ਜਾ ਕੇ ਮੈਂ ਮਾਰਕਸਵਾਦ ਤੇ ਧਰਮ ਦੇ ਸਬੰਧਾਂ ਨੂੰ ਸਮਝ ਕੇ ਇਸ ਲਹਿਰ ਵਿਚ ਸਰਗਰਮ ਹੋਇਆ। ਲੋਕਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾ ਕੇ ਕੋਈ ਨਾਸਤਕਾਂ ਦੀ ਟੋਲੀ ਭਾਵੇਂ ਬਣ ਜਾਵੇ, ਲੋਕਾਂ ਦੀ ਅਗਵਾਈ ਵਾਲਾ ਮੋਹਰੀ ਦਸਤਾ ਨਹੀਂ ਉਸਰ ਸਕਦਾ।"[47] 'ਦੁਆਬਾ ਪਿੰਡ ਸੁਧਾਰ ਕਾਨਫਰੰਸ' ਬਾਰੇ 'ਕਿਰਤੀ' ਨੇ ਲਿਖਿਆ:

ਦੁਆਬਾ ਪਿੰਡ ਸੁਧਾਰ ਕਾਨਫਰੰਸ ਆਪਣੇ ਨਿਯਤ ਸਮੇਂ ਅਨੁਸਾਰ 11, 12, 13 ਅਕਤੂਬਰ ਨੂੰ ਪਤਾਰਾ ਜ਼ਿਲ੍ਹਾ ਜਲੰਧਰ ਵਿਖੇ ਹੋਈ। 11 ਤਾਰੀਖ ਨੂੰ ਤਿੰਨ ਵਜੇ ਜਲੂਸ ਸੀ। ਜਦ ਪ੍ਰਧਾਨ ਸਾਹਿਬ ਸਾਥੀ ਸੋਹਣ ਸਿੰਘ ਜੋਸ਼ ਆਪਣੇ ਸਾਥੀਆਂ ਸਣੇ ਬੋਲੀਨਾ ਸਟੇਸ਼ਨ ਤੋਂ ਉਤਰੇ ਤਾਂ ਸਵਾਗਤ ਕਮੇਟੀ ਦੇ ਕਾਰਕੁੰਨਾਂ ਨੇ ਆਪ ਜੀ ਤੇ ਆਪਦੇ ਸਾਥੀਆਂ ਦੇ ਗਲੀਂ ਫੁੱਲਾਂ ਦੇ ਹਾਰ ਪਾ ਕੇ ਪੁਰਜੋਸ਼ ਸਵਾਗਤ ਕੀਤਾ। ਜਲੂਸ ਸ਼ੁਰੂ ਹੁੰਦਿਆ, ਸਭ ਤੋਂ ਅਗੇ ਲਾਲ ਝੰਡਾ, ਫੇਰ ਵਾਜਾ, ਤੇ ਪਿਛੇ ਪ੍ਰਧਾਨ ਸਾਹਿਬ ਕਾਨਫਰੰਸ, ਸਵਾਗਤ ਕਮੇਟੀ ਦੇ ਪ੍ਰਧਾਨ ਮਾਸਟਰ ਕਾਬਲ ਸਿੰਘ ਜੀ, ਸਾਥੀ ਕਰਮ ਸਿੰਘ ਮਾਨ ਇਕ ਕਾਰ ਵਿਚ ਹਾਰਾਂ ਨਾਲ ਲੱਦੇ ਹੋਏ ਸ਼ਸ਼ੋਭਤ ਸਨ। ਉਸ ਤੋਂ ਪਿੱਛੇ ਬਾਬਾ ਸ਼ੇਰ ਸਿੰਘ ਮੈਨੇਜਰ 'ਕਿਰਤੀ' ਆਦਿ ਹੋਰ ਸਾਥੀ ਕਾਰ ਵਿਚ ਤੇ ਬਾਕੀ ਸਾਥੀ ਦੋ

ਲਾਗੀਆਂ ਵਿਚ ਬੈਠੇ ਹੋਏ ਸਨ। ਬੀਬੀਆਂ ਕਾਫ਼ੀ ਤਾਦਾਦ ਵਿਚ ਸਨ। ਬਾਹਰੋਂ ਆਏ ਬਾਕੀ ਸਾਥੀ ਪਿੱਛੇ ਤਿੰਨਾਂ ਟਾਂਗਿਆਂ ਵਿਚ ਆ ਰਹੇ ਸਨ। ਜਲੂਸ ਬਹੁਤ ਲੰਬਾ ਤੇ ਸ਼ਾਨਦਾਰ ਸੀ, ਹਾਜ਼ਰੀ ਬਹੁਤ ਸਾਰੀ ਸੀ। ਜਦ ਇਹ ਜਲੂਸ ਪਤਾਰੇ ਮਾਸਟਰ ਮੋਤਾ ਸਿੰਘ ਦੇ ਬੂਹੇ ਅੱਗੇ ਪੁੱਜਾ ਤਾਂ ਮਾਸਟਰ ਜੀ ਤੇ ਹੋਰ ਕਈਆਂ ਸੱਜਣਾਂ ਨੇ ਪ੍ਰਧਾਨ ਸਾਹਿਬ ਤੇ ਦੂਜੇ ਵਰਕਰਾਂ ਦੇ ਗਲਾਂ ਵਿਚ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਤੇ ਸਭ ਸੱਜਣਾਂ ਨਾਲ ਹੱਥ ਮਿਲਾਇਆ। ਜਲੂਸ ਪਤਾਰੇ ਦੇ ਵਿਚ ਦੀ ਹੁੰਦਾ ਹੋਇਆ ਪੰਡਾਲ ਵਿਚ ਕੋਈ ਪੰਜ ਵਜੇ ਦੇ ਕਰੀਬ ਅਪੜਿਆ। ਪ੍ਰਧਾਨ ਸਾਹਿਬ ਦੀ ਕਾਰ ਦੇ ਪਿੱਛੇ ਸਥਾਨਕ ਸਾਥੀਆਂ ਲਾਲ ਸਿੰਘ ਤੇ ਰਾਮ ਸਿੰਘ 'ਅਜੀਤ' ਆਦਿ ਦਾ ਜਥਾ ਸੀ ਜੋ ਇਨਕਲਾਬ ਜ਼ਿੰਦਾਬਾਦ, ਮਜ਼ਦੂਰ ਕਿਸਾਨ ਜ਼ਿੰਦਾਬਾਦ, ਮਾਸਟਰ ਕਾਬਲ ਸਿੰਘ ਜ਼ਿੰਦਾਬਾਦ! ਸਾਥੀ ਸੋਹਣ ਸਿੰਘ ਜੋਸ਼ ਜ਼ਿੰਦਾਬਾਦ, ਸਾਥੀ ਕਰਮ ਸਿੰਘ ਮਾਨ ਜ਼ਿੰਦਾਬਾਦ ਤੇ ਹੋਰ ਨਾਅਰੇ ਲਾ ਰਿਹਾ ਸੀ। ਜਦ ਜਲੂਸ ਪੰਡਾਲ ਕੋਲ ਪੁੱਜਾ ਤਾਂ ਉਸਦੀ ਫੋਟੋ ਲਈ ਗਈ ਤੇ ਜਲੂਸ ਸਮਾਪਤ ਹੋਇਆ।

ਉਸ ਤੋਂ ਬਾਅਦ ਪੰਡਾਲ ਅੱਗੇ ਲਾਲ ਝੰਡੇ ਨੂੰ ਲਹਿਰਾਉਣ ਦੀ ਰਸਮ ਹੋਈ। ਸਾਥੀ ਕਰਮ ਸਿੰਘ ਮਾਨ* ਝੰਡੇ ਦੇ ਥੜ੍ਹੇ 'ਤੇ ਆਏ ਤੇ ਝੰਡੇ ਦੇ ਦੁਆਲੇ ਖਲੋ ਕੇ ਆਮ ਇਕੱਠ ਨੂੰ ਇਕ ਛੋਟੀ ਜਿਹੀ ਤਕਰੀਰ ਦਵਾਰਾ ਲਾਲ ਝੰਡੇ ਦੀ ਵਿਸ਼ੇਸ਼ਤਾ ਦਸ ਕੇ ਝੰਡੇ ਨੂੰ ਅਸਮਾਨ ਵਿਚ ਲਹਿਰਾਇਆ। ਇਸ ਵੇਲੇ ਵੀ ਰਸਮ ਦੀ ਫੋਟੋ ਲਈ ਗਈ। ਉਪਰੰਤ ਸਾਥੀ ਬਸ਼ੀਰ ਅਹਿਮਦ ਗੁਜਰਾਂਵਾਲਾ ਨੇ ਇਕ ਹੋਰ ਸਾਥੀ ਨਾਲ ਰਲ ਕੇ ਲਾਲ ਝੰਡੇ ਦੀ ਕਵਿਤਾ ਅੱਗੇ-ਅੱਗੇ ਪੜ੍ਹੀ ਤੇ ਆਮ ਇਕੱਠ ਨੇ ਮਗਰ-ਮਗਰ। ਉਪਰੰਤ ਕਾਰਵਾਈ ਸਮਾਪਤ ਹੋਈ।

ਦੂਸਰੇ ਦਿਨ 12 ਤਰੀਕ ਨੂੰ ਪੰਡਾਲ ਵਿਚ ਖਲਕਤ ਦਾ ਦਾਖਲਾ ਸ਼ੁਰੂ ਹੋਇਆ। ਦਾਖਲਾ ਟਿਕਟ ਦੁਆਰਾ ਸੀ ਜਿਸ ਦੀ ਫੀਸ ਡੈਲੀਗੇਟ 5 ਰੁਪਏ ਅਤੇ ਦਰਸ਼ਕ ਇਕ ਰੁਪੈ ਰੱਖੀ ਗਈ ਸੀ ਜੋ ਬਾਅਦ ਵਿਚ ਅੱਧੀ ਕਰ ਦਿੱਤੀ ਗਈ। ਟਿਕਟ ਦੇ ਜ਼ਿਆਦਾ ਹੋਣ ਨਾਲ ਡੈਲੀਗੇਟਾਂ ਦੀ ਤਹਿਦਾਦ ਘੱਟ ਸੀ ਤੇ ਦਰਸ਼ਕ ਬਹੁਤ ਗਿਣਤੀ ਵਿਚ ਸਨ। ਪੰਡਾਲ ਤੋਂ ਬਾਹਰ ਇਕ ਬਹੁਤ ਵੱਡਾ ਆਮ ਇਕੱਠ ਸੀ, ਜਿਹੜਾ ਮਾਈਕ ਹਾਲਤ ਬਹੁਤ ਖਰਾਬ ਹੋਣ ਦੇ ਕਾਰਨ ਟਿਕਟ ਖਰੀਦ ਕੇ ਅੰਦਰ ਨਹੀਂ ਸੀ ਜਾ ਸਕਿਆ। ਸਭ ਤੋਂ ਪਹਿਲਾਂ ਬੀਬੀ ਰਾਜਿੰਦਰ ਕੌਰ, ਮੁਨਸ਼ੀ ਰਾਮ.ਨਥਾਵਾਂ ਤੇ ਭਗਤ ਸਿੰਘ ਨੇ ਕਵਿਤਾਵਾਂ ਪੜ੍ਹੀਆਂ। ਕਾਮਰੇਡ ਲਾਲ ਸਿੰਘ ਸਟੇਜ ਸੈਕਟਰੀ ਚੁਣੇ ਗਏ। ਮਾਸਟਰ ਕਾਬਲ ਸਿੰਘ ਜੀ ਨੇ ਆਪਣਾ ਐਡਰੈਸ ਪੜ੍ਹਿਆ। ਫੇਰ ਬਸ਼ੀਰ ਅਹਿਮਦ ਦੀ ਕਵਿਤਾ ਤੋਂ ਬਾਅਦ ਸਾਥੀ ਸੋਹਨ ਸਿੰਘ 'ਜੋਸ਼' ਨੇ ਆਪਣਾ ਪ੍ਰਧਾਨਗੀ ਐਡਰੈਸ ਪੜ੍ਹਿਆ। ਫੇਰ ਬੀਬੀ ਚੰਦ ਕੌਰ ਨੇ ਤਿੰਨਾਂ ਬੀਬੀਆਂ ਨਾਲ ਇਕ ਦੇਸ਼ ਭਗਤੀ ਦੀ ਕਵਿਤਾ ਪੜ੍ਹੀ। ਉਪਰੰਤ ਰਾਮ ਸਿਘ ਅਜੀਤ ਨੇ ਤਕਰੀਰ ਸ਼ੁਰੂ ਕੀਤੀ ਜਿਸ ਵਿਚ ਮੌਜੂਦਾ ਨਜ਼ਾਮ ਦੀਆਂ ਖਾਮੀਆਂ ਤੇ ਇਲਾਜ ਦੱਸੇ।

ਏਸ ਵੇਲੇ ਪੰਡਾਲ ਤੋਂ ਬਾਹਰ ਰੌਲਾ ਬਹੁਤ ਵਧ ਗਿਆ, ਖਾਸ ਕਰ ਦਰਵਾਜ਼ਿਆਂ ਤੇ। ਟਿਕਟ ਨਾ ਖਰੀਦ ਸਕਣ ਵਾਲੀ ਜਨਤਾ ਨੇ ਬਦੋ ਬਦੀ ਅੰਦਰ ਆਉਣਾ ਚਾਹਿਆ ਤੇ ਇਨਕਲਾਬ ਦੇ ਨਾਅਰੇ ਮਾਰੇ, ਜਿਸ ਤੇ ਪ੍ਰਬੰਧਕਾਂ ਨੇ ਮਜਬੂਰ ਹੋ ਕੇ ਆਮ ਖੁੱਲ੍ਹ ਦੇ ਦਿੱਤੀ। ਆਮ ਇਕੱਠ ਦੇ ਇਕਦਮ ਅੰਦਰ ਆ ਜਾਣ ਨਾਲ ਕੁਝ ਚਿਰ ਲਈ ਰੌਲਾ ਪੈ ਗਿਆ, ਜੋ ਛੇਤੀ ਹੀ ਸ਼ਾਂਤ ਹੋ ਗਿਆ। ਸਟੇਜ ਉੱਤੋਂ ਪ੍ਰਧਾਨ ਸਾਹਿਬਾਨ ਤੇ ਬਾਕੀ ਤਕਰੀਰ ਕਰਨ ਵਾਲੇ ਸਾਥੀਆਂ ਦੇ ਉੱਠਣ ਬੈਠਣ ਤੇ ਇਨਕਲਾਬ ਜ਼ਿੰਦਾਬਾਦ, ਮਜ਼ਦੂਰ ਕਿਸਾਨ ਜ਼ਿੰਦਾਬਾਦ ਦੇ ਨਾਅਰੇ ਲਗਦੇ ਰਹੇ। ਇਸ ਤਰ੍ਹਾਂ ਵੇਖੋ ਵੇਖੀ ਲੋਕਾਂ ਨੇ ਕਾਂਗਰਸ ਮੁਰਦਾਬਾਦ ਤੇ ਗਾਂਧੀਇਜ਼ਮ ਮੁਰਦਾਬਾਦ ਦੇ ਨਾਅਰੇ ਲਾਏ। ਜਿਸ ਉੱਤੇ ਦੋਵੇਂ ਪ੍ਰਧਾਨ ਘਬਰਾ ਉੱਠੇ ਤੇ ਚੁੱਪ ਹੋਣ ਲਈ ਕਿਹਾ। ਮਾਸਟਰ ਕਾਬਲ ਸਿੰਘ ਨੇ ਉੱਠ ਕੇ ਨਾਅਰੇ ਲਾਉਣ ਵਾਲੇ ਸਾਥੀਆਂ ਨੂੰ ਤਾੜਨਾ ਵੀ ਕੀਤੀ ਅਤੇ ਕਿਹਾ ਕਿ ਉਹ ਅਜੇਹੇ ਨਾਅਰੇ ਨਾ ਲਗਾਉਣ।

ਸਾਥੀ ਬਲਵੰਤ ਸਿੰਘ ਦੁਖੀਆ ਨੇ ਮਸੋਲਿਨੀ, ਹਿਟਲਰ ਤੇ ਐਬੇਸੀਨੀਆ ਦੀ ਕੱਟਰ ਕੌਮਪ੍ਰਸਤੀ ਦਾ ਹਵਾਲਾ ਦਿੰਦਿਆਂ ਹੋਇਆਂ ਇਕ ਜਜ਼ਬਾਤ ਭੜਕਾਊ ਕੌਮਪ੍ਰਸਤੀ ਦੀ ਤਕਰੀਰ ਕੀਤੀ ਜੋ ਅਖੀਰ ਵਿਚ ਮਜ਼ਦੂਰਾਂ ਕਿਸਾਨਾਂ ਦੇ ਮੁਫਾਦ ਵਿਚ ਡਬੋ ਕੇ ਖਤਮ ਕੀਤੀ ਗਈ। ਸਾਥੀ ਮੋਹਣ ਸਿੰਘ, ਸਾਥੀ ਅਰਜਨ ਸਿੰਘ 'ਸਚ', ਸਾਥੀ ਗੁਰਦਿਤ ਸਿੰਘ ਅੰਮ੍ਰਿਤਸਰ ਅਤੇ ਸਾਥੀ ਇੰਦਰ ਸਿੰਘ ਗੁਜਰਾਂਵਾਲਾ ਨੇ ਤਕਰੀਰਾਂ ਕੀਤੀਆਂ ਤੇ ਸਮਾਗਮ ਖਤਮ ਹੋਇਆ। ਇਸ ਸਮੇਂ ਕਾਂਗਰਸ ਮੁਰਦਾਬਾਦ ਤੇ ਗਾਂਧੀ ਇਜ਼ਮ ਮੁਰਦਾਬਾਦ ਦੇ ਨਾਹਰੇ ਲਾਏ ਜਾਂਦੇ ਰਹੇ। ਜੋ ਦੋਵਾਂ ਹੀ ਪ੍ਰਧਾਨਾਂ ਵਲੋਂ ਰੋਕੇ ਜਾਂਦੇ ਰਹੇ।

ਰਾਤ ਨੂੰ ਇਕ ਕਵੀ ਦਰਬਾਰ ਵੀ ਹੋਇਆ। ਅਗਲੇ ਦਿਨ 13 ਤਰੀਕ ਨੂੰ ਦਿਨ ਦੇ 2 ਵਜੇ ਪੰਡਾਲ ਵਿਚ ਫੇਰ ਕਾਰਵਾਈ ਸ਼ੁਰੂ ਹੋਈ ਤੇ ਸਬਜੈਕਟ ਕਮੇਟੀ ਵਿਚ ਪਾਸ਼ ਹੋਏ ਮਤੇ ਇਹ ਸਨ-1. ਇਹ ਕਾਨਫਰੰਸ ਮੰਗ ਕਰਦੀ ਹੈ ਕਿ ਡੇਢ ਕਰੋੜ ਏਕੜ ਜ਼ਮੀਨ ਜਿਹੜੀ ਵਾਹੁਣਯੋਗ ਅਤੇ ਖਾਲੀ ਪਈ ਹੈ, ਜ਼ਮੀਨ ਦੇ ਅਨਆਰਥਕ ਟੁਕੜਿਆਂ ਦੇ ਮਾਲਕਾਂ ਵਿਚ ਬਿਲਾ ਮੁਆਵਜ਼ਾ ਵੰਡੀ ਜਾਵੇ।

2. ਇਹ ਕਾਨਫਰੰਸ ਕਰਜ਼ਾ ਕਾਨੂੰਨ ਨੂੰ ਨਾ ਤਸੱਲੀ ਦੇਣ ਵਾਲਾ ਸਮਝਦੀ ਹੋਈ ਮੰਗ ਕਰਦੀ ਹੈ ਕਿ ਕਿਸਾਨਾਂ ਦੀ ਵਰਤਮਾਨ ਹਾਲਤ ਅਤੇ ਮੰਦਹਾਲੀ ਦਾ ਖਿਆਲ ਰੱਖਦੇ ਹੋਏ ਕਰਜ਼ੇ ਤੇ ਮੁੱਢੋਂ ਹੀ ਲਕੀਰ ਫੇਰ ਦਿੱਤੀ ਜਾਵੇ।

3. ਇਹ ਕਾਨਫਰੰਸ ਦੁਆਬੇ ਦੀ ਸਾਰੀ ਪੇਂਡੂ ਵਸੋਂ ਪਾਸ ਅਪੀਲ ਕਰਦੀ ਹੈ, ਕਿ ਉਹ ਛੇਤੀਂ ਤੋਂ ਛੇਤੀਂ ਆਪਣੇ-ਆਪਣੇ ਪਿੰਡਾਂ ਵਿਚ ਕਰਜ਼ਾ ਕਮੇਟੀਆਂ ਬਣਾ ਲੈਣ ਤੇ ਆਪਣੇ ਸਬੰਧ ਆਪਣੇ-ਆਪਣੇ ਜ਼ਿਲ੍ਹੇ ਦੀਆਂ ਕਰਜਾ ਕਮੇਟੀਆਂ ਨਾਲ ਜੋੜ ਲੈਣ।

4. ਇਹ ਕਾਨਫਰੰਸ ਵਾਇਸਰਾਇ ਦੇ ਉਸ ਐਕਸ਼ਨ ਨੂੰ ਨਫ਼ਰਤ ਦੀ ਅੱਖ ਨਾਲ ਵੇਖਦੀ ਹੈ, ਜਿਹੜਾ ਉਸਨੇ ਕ੍ਰਿਮੀਨਲ ਲਾ ਅਮੈਂਡਮੈਂਟ ਬਿੱਲ ਨੂੰ ਅਸੈਂਬਲੀ ਵਿਚ ਹੱਦ ਕਰਨ ਪਿਛੋਂ ਆਪਣੇ ਖਾਸ ਅਧਿਕਾਰਾਂ ਨਾਲ ਪਾਸ ਕਰਕੇ ਕੀਤਾ ਹੈ ਅਤੇ ਨਾਲ ਹੀ

ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਤਜਵੀਜ ਕੀਤੇ ਗਏ ਕ੍ਰਿਮੀਨਲ ਲਾ ਅਮੈਂਡਮੈਂਟ ਬਿੱਲ ਦੇ ਪੇਸ਼ ਕੀਤੇ ਜਾਣ ਵਿਰੁੱਧ ਉੱਚੀ ਆਵਾਜ਼ ਉਠਾਉਂਦੀ ਹੈ।

5. ਇਹ ਕਾਨਫਰੰਸ ਪਾਸ ਕਰਦੀ ਹੈ ਕਿ ਜ਼ਮੀਨ ਦਾ ਮਾਲੀਆ ਇਨਕਮ ਟੈਕਸ ਦੇ ਅਸੂਲਾਂ 'ਤੇ ਲਾਇਆ ਜਾਵੇ।

6. ਇਹ ਕਾਨਫਰੰਸ ਪੰਜਾਬ ਡਿਸਟ੍ਰਿਕਸ ਬੋਰਡਾਂ ਵੱਲੋਂ ਲਾਏ ਗਏ ਪੇਸ਼ਾਵਰ ਟੈਕਸ ਦੇ ਲਗਾਏ ਜਾਣ ਵਾਲੇ ਤਰੀਕਿਆਂ ਨੂੰ ਬੇਇਨਸਾਫ਼ੀ ਵਾਲਾ ਸਮਝਦੀ ਹੈ ਤੇ ਹਕੂਮਤ ਪੰਜਾਬ ਤੋਂ ਮੰਗ ਕਰਦੀ ਹੈ ਕਿ ਜੋ ਆਮਦਨ (200 ਰੁ:) ਉਪਰੋਕਤ ਟੈਕਸ ਦੇ ਲਗਾਉਣ ਦੀ ਹਦ ਨਿਯਤ ਕੀਤੀ ਹੋਈ ਹੈ, ਉਸਨੂੰ ਘੱਟ ਤੋਂ ਘੱਟ ਵਧਾ ਕੇ 500 ਰੁ: ਸਾਲਾਨਾ ਕਰ ਦਿੱਤਾ ਜਾਵੇ।

7. ਇਹ ਕਾਨਫਰੰਸ ਉਨ੍ਹਾਂ ਪਿੰਡ ਸੁਧਾਰ ਲਹਿਰਾਂ ਤੇ ਘਿਰਣਾ ਪ੍ਰਗਟ ਕਰਦੀ ਹੈ, ਜਿਹੜੀਆਂ ਗੌਰਮਿੰਟ ਤੇ ਕਾਂਗਰਸ ਵੱਲੋਂ ਚਲਾਈਆਂ ਗਈਆਂ ਹਨ ਅਤੇ ਜੋ ਸ਼ਹਿਨਸ਼ਾਹੀਅਤ ਦੇ ਇਸ਼ਾਰੇ ਤੇ ਆਮ ਜਨਤਾ ਨੂੰ ਉਲਟੇ ਰਾਹ ਵਲ ਲੈ ਜਾਣ ਦਾ ਕਾਰਨ ਹਨ।

8. ਇਸ ਕਾਨਫਰੰਸ ਦੀ ਰਾਏ ਵਿਚ ਨਵੀਂ ਸੁਧਾਰਕ (Reform) ਸਕੀਮ ਮਜ਼ਦੂਰਾਂ ਕਿਸਾਨਾਂ ਨੂੰ ਸਦਾ ਲਈ ਹੀ ਗੁਲਾਮ ਬਣਾਈ ਰੱਖਣ ਲਈ ਇਕ ਗੋਂਦ ਹੈ ਜਿਸ ਦੇ ਨਾਲ ਅੰਗਰੇਜ਼ੀ ਸ਼ਹਿਨਸ਼ਾਹੀਅਤ ਪ੍ਰਸਤਾਂ, ਹਿੰਦੋਸਤਾਨੀ ਸਰਮਾਏਦਾਰਾਂ, ਜਗੀਰਦਾਰਾਂ ਅਤੇ ਰਿਆਸਤੀ ਰਾਜਿਆਂ ਦੀ ਪੋਜ਼ੀਸਨ ਪਹਿਲਾਂ ਨਾਲੋਂ ਵੀ ਵਧੀਕ ਮਜਬੂਤ ਕੀਤੀ ਗਈ ਹੈ। ਨਾਲ ਹੀ ਇਹ ਕਾਨਫਰੰਸ ਨਵੇਂ ਇੰਡੀਆ ਐਕਟ ਵਿਚ ਫਿਰਕਾਦਾਰੀ ਵੰਡ ਨੂੰ ਦੇਸ਼ ਲਈ ਬੜਾ ਹਾਨੀਕਾਰਕ ਸਮਝਦੀ ਹੈ ਅਤੇ ਹਿੰਦੂ, ਮੁਸਲਮਾਨ, ਸਿੱਖਾਂ ਦੀ ਫਿਰਕੂ ਸਰਗਰਮੀਆਂ ਨੂੰ ਨਫਰਤ ਦੀ ਨਿਗਾਹ ਨਾਲ ਵੇਖਦੀ ਹੈ।

9. ਅੱਜ ਦੀ ਇਹ ਕਾਨਫਰੰਸ ਪਾਸ ਕਰਦੀ ਹੈ, ਕਿ ਆਉਣ ਵਾਲੀ ਰਾਜ ਬਣਤਰ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਲੁੱਟਣ ਦੀ ਇਕ ਜੁੰਡੀ ਹੈ। ਇਸ ਲਈ ਇਹ ਕਾਨਫਰੰਸ ਸਿਫ਼ਾਰਸ਼ ਕਰਦੀ ਹੈ ਕਿ ਇਸ ਨੂੰ ਠੁਕਰਾਉਣ ਲਈ ਰਾਜ ਬਣਤਰ ਵਿਰੁੱਧ ਇਕ ਕਮੇਟੀ ਬਣਾਈ ਜਾਵੇ।

ਪ੍ਰਧਾਨ ਸਾਹਿਬ ਵਲੋਂ ਮਤਿਆਂ ਦੁਆਰਾ ਸਰਕਾਰ ਦੀ ਸਖ਼ਤੀ ਭਰੀ ਪਾਲਿਸੀ ਤੇ ਘਿਰਣਾਂ ਪ੍ਰਗਟ ਕੀਤੀ ਗਈ, ਪਿੰਡਾਂ ਤੇ ਜੇਲ੍ਹਾਂ ਵਿਚ ਬੰਦ ਸਾਥੀਆਂ ਦੀ ਰਿਹਾਈ ਲਈ ਮੰਗ ਕੀਤੀ ਗਈ।

ਇਸ ਇਜਲਾਸ ਵਿਚ ਵੀ ਦਾਖਲਾ ਟਿਕਟਾਂ ਰਾਹੀਂ ਸੀ ਅਤੇ ਵਿਚ ਵਿਚ ਗਾਂਧੀ ਇਜ਼ਮ ਮੁਰਦਾਬਾਦ ਦੇ ਨਾਅਰੇ ਲਗਦੇ ਰਹੇ, ਜਿਹੜੇ ਸਾਥੀ ਸੋਹਣ ਸਿੰਘ 'ਜੋਸ਼' ਵੱਲੋਂ ਚੁੱਪ ਕਰਾਏ ਜਾਂਦੇ ਰਹੇ। ਇਜਲਾਸ ਵਿਚ ਕਾਮਰੇਡ ਲਾਲ ਸਿੰਘ ਤੇ ਸਾਥੀ ਇੰਦਰ ਸਿੰਘ ਨੇ ਕਾਂਗਰਸ ਦੀ ਆਮ ਜਨਤਾ ਦੇ ਮੁਫਾਦ ਨਾਲ ਗ਼ਦਾਰੀ ਨੂੰ ਜਨਤਾ ਅੱਗੇ ਚੰਗੀ ਤਰ੍ਹਾਂ ਖੋਲ੍ਹ ਕੇ ਰੱਖਿਆ।[48]

**ਕਪੂਰਥਲੇ ਦੇ ਕਿਸਾਨਾਂ ਦੀ ਕਾਨਫਰੰਸ** : ਕਾਨਫਰੰਸ ਦੇ 11 ਮਾਰਚ ਦੀ ਰਾਤ ਨੂੰ ਕਪੂਰਥਲਾ ਰਿਆਸਤ ਦੇ ਕਿਸਾਨਾਂ ਦਾ ਵਖਰੇ ਤੌਰ ਤੇ ਵਿਸ਼ੇਸ਼ ਜਲਸਾ ਕਰਕੇ ਕਿਸਾਨਾਂ ਦੀ ਦੋਹਰੀ ਗੁਲਾਮੀ ਅਤੇ ਲੁੱਟ ਬਾਰੇ ਸਾਥੀ ਰਾਮ ਸਿੰਘ ਜੱਜ, ਰਾਮ ਸਿੰਘ ਅਜੀਤ, ਸਾਥੀ ਲਾਲ ਸਿੰਘ, ਗਿਆਨੀ ਪ੍ਰਤਾਪ ਸਿੰਘ, ਸਾਥੀ ਲੱਖਾ ਸਿੰਘ ਤੇ ਗੁਰਚਰਨ ਸਿੰਘ ਨੇ ਲੈਕਚਰ ਕੀਤੇ ਅਤੇ ਮਤੇ ਪਾਸ ਕਰਕੇ ਉਨ੍ਹਾਂ ਦੀ ਬੰਦ ਖਲਾਸੀ ਦਾ ਮੁੱਢ ਬੰਨ੍ਹ ਰਿਹਾ ਦਿੱਤਾ ਗਿਆ। ਪਾਸ ਹੋਏ ਮਤੇ:-

1. ਰਿਆਸਤ ਕਪੂਰਥਲਾ ਦੇ ਕਿਸਾਨਾਂ ਦੀ ਇਹ ਕਾਨਫਰੰਸ ਕਿਸਾਨਾਂ ਤੇ ਆਮ ਜਨਤਾ ਦੀ ਮਾਲੀ ਕਮਜ਼ੋਰੀ ਨੂੰ ਮੁੱਖ ਰੱਖਦੀ ਹੋਈ ਹਕੂਮਤ ਰਿਆਸਤ ਕਪੂਰਥਲਾ ਤੋਂ ਮੰਗ ਕਰਦੀ ਹੈ ਕਿ (ੳ) ਰਿਆਸਤ ਦੀ ਹੋਣ ਵਾਲੀ ਲੱਕ ਤੋੜ ਲਗਾਨ ਦੀ ਸ਼ਰ੍ਹਾ ਨੂੰ ਘਟਾ ਕੇ ਨਾਲ ਲੱਗਦੇ ਅੰਗਰੇਜ਼ੀ ਇਲਾਕੇ ਦੀ ਸ਼ਰ੍ਹਾ ਦੇ ਬਰਾਬਰ ਕਰ ਦਿੱਤੀ ਜਾਵੇ।

(ਅ) ਮਿਤੀ (ਜਰੀਬ) ਨੂੰ ਵਧਾ ਕੇ ਨਾਲ ਲਗਦੇ ਅੰਗਰੇਜ਼ੀ ਇਲਾਕੇ ਦੇ ਬਰਾਬਰ ਕਰ ਦਿੱਤਾ ਜਾਵੇ।

(ੲ) ਮਲਬੇ, ਚੌਂਕੀਦਾਰ, ਪਟਵਾਰੀ ਦੀਆਂ ਰਕਮਾਂ ਨੂੰ ਮਾਲੀਏ ਦੀ ਅਗਲੀ ਕਿਸਤ ਵਿਚੋਂ ਕਤਈ ਮਨਸੂਖ ਕਰ ਦਿੱਤਾ ਜਾਵੇ।

2. ਇਹ ਕਾਨਫਰੰਸ ਰਿਆਸਤ ਕਪੂਰਥਲਾ ਤੋਂ ਮੰਗ ਕਰਦੀ ਹੈ ਕਿ ਰਿਆਸਤ ਵਿਚ ਛੇਤੀ ਤੋਂ ਛੇਤੀ ਕਾਨੂੰਨ ਘੜਨੀ ਕੌਂਸਲ ਸਥਾਪਤ ਕੀਤੀ ਜਾਵੇ। ਪਰ ਇਸ ਵਿਚ ਦੀਵਾਨੀ ਤੇ ਫੌਜਦਾਰੀ ਕਾਨੂੰਨ ਬਣਾਉਣ ਦੇ ਪੂਰੇ ਹੱਕ ਪ੍ਰਾਪਤ ਹੋਣ, ਪਬਲਿਕ ਬਜਟ ਤੇ ਪੂਰਾ-ਪੂਰਾ ਅਖ਼ਤਿਆਰ ਹੋਵੇ ਅਤੇ ਫਿਰਕੇਦਾਰੀ ਨੂੰ ਕੋਈ ਦਖਲ ਨਾ ਹੋਵੇ।

3. ਰਿਆਸਤ ਕਪੂਰਥਲਾ ਦੇ ਕਾਸ਼ਤਕਾਰਾਂ ਦੀ ਇਹ ਕਾਨਫਰੰਸ ਇੰਡੀਆ ਬਿੱਲ ਨੂੰ ਪਸੰਦ ਨਹੀਂ ਕਰਦੀ ਕਿਉਂਕਿ ਇਸ ਵਿਚ ਰਿਆਸਤੀ ਪਬਲਿਕ ਨੂੰ ਕੋਈ ਪ੍ਰਤੀਨਿਧਤਾ ਪੇਸ਼ ਨਹੀਂ ਕੀਤੀ ਗਈ।

4. ਇਹ ਕਾਨਫਰੰਸ ਸ: ਚੰਨਣ ਸਿੰਘ ਸੈਕਟਰੀ*, ਸ: ਭੂਮਣ ਸਿੰਘ ਮੀਤ ਪ੍ਰਧਾਨ ਲੀਗ ਦੀ ਗ੍ਰਿਫ਼ਤਾਰੀ ਤੇ ਘਿਰਨਾ ਪ੍ਰਗਟ ਕਰਦੀ ਹੈ। ਨਾਲ ਹੀ ਦਰਖਾਸਤ ਕਰਦੀ ਹੈ ਕਿ ਰਾਜਸੀ ਕੈਦੀਆਂ ਨਾਲ ਚੰਗਾ ਸਲੂਕ ਕੀਤਾ ਜਾਵੇ।[49]

ਪਤਾਰਾ ਵਿਚ ਹੋਈ 'ਦਿਹਾਤ ਸੁਧਾਰ ਕਾਨਫਰੰਸ' ਦੀ ਕਾਰਵਾਈ ਪ੍ਰਤੀ ਅਲੱਗ ਦ੍ਰਿਸ਼ਟੀਕੋਣ ਵੀ ਪ੍ਰਗਟ ਹੋਏ। ਰਿਆਸਤੀ ਪਰਜਾ ਮੰਡਲ ਵਲੋਂ ਹੋਇਆ ਪ੍ਰਤੀਕਰਮ ਜਿਸ ਬਾਰੇ ਅੰਮ੍ਰਿਤਸਰ ਤੋਂ ਛਪਦੇ ਆਰਗਨ 'ਦੇਸ਼ ਦਰਦੀ' ਨੇ 21 ਅਕਤੂਬਰ ਦੇ ਪਰਚੇ ਵਿਚ ਲਿਖਿਆ, "ਪਿੰਡ ਪਤਾਰਾ ਜ਼ਿਲ੍ਹਾ ਜਲੰਧਰ ਵਿਚ ਸਾਥੀ ਸੋਹਣ ਸਿੰਘ ਜੀ 'ਜੋਸ਼' ਦੀ ਪ੍ਰਧਾਨਗੀ ਹੇਠ ਭਾਰੀ ਕਾਨਫਰੰਸ ਹੋਈ, ਹਾਜ਼ਰੀ ਹਜ਼ਾਰ ਦੇ ਉੱਤੇ ਦੱਸੀ ਜਾਂਦੀ ਹੈ, ਪਰ ਜਿਥੋਂ ਤਕ ਮਤਿਆਂ ਦੇ ਪ੍ਰੋਗਰਾਮ ਦਾ ਸਬੰਧ ਹੈ। ਕਾਨਫਰੰਸ ਨੂੰ ਨਿਰੋਲ ਸਾਂਝੀਵਾਲਤਾ ਦੀ ਸਹਾਇਕ ਕਿਹਾ ਜਾ ਸਕਦਾ ਹੈ ਭਾਵੇਂ ਪ੍ਰਧਾਨਾਂ ਦੇ ਐਡਰੈਸ ਵਿਚ ਸਰਮਾਇਆਦਾਰੀ ਨਜ਼ਾਮ, ਕਾਂਗਰਸ ਦੀ ਪਿੰਡ ਸੁਧਾਰ ਲਹਿਰ ਨੂੰ ਭੰਡਿਆ ਗਿਆ ਹੈ ਪਰ ਪ੍ਰੋਗਰਾਮ ਵਿਚ

ਕੇਵਲ ਉਹ ਜ਼ਮੀਨਾਂ ਜਿਹੜੀਆਂ ਵਾਧੂ ਤੇ ਨਕੰਮੀਆਂ ਪਈਆਂ ਹਨ ਅਤੇ ਸੂਈਆਂ, ਨਿੱਬਾਂ ਬਣਾਉਣ ਦਾ ਹੀ ਮੁਤਾਲਬਾ ਕੀਤਾ ਗਿਆ ਹੈ ਜੋ ਕਿ ਰਾਜਸੀ ਆਜ਼ਾਦੀ ਅਤੇ ਜਗੀਰਦਾਰੀ ਤੇ ਕਾਰਖਾਨੇਦਾਰੀ ਦੇ ਖਾਤਮੇ ਤੋਂ ਬਿਨਾਂ ਮਾਲੀ ਹਾਲਤ ਨੂੰ ਸੁਧਾਰਨ ਲਈ ਬਿਲਕੁਲ ਕਾਫੀ ਨਹੀਂ ਹਨ। ਇਨ੍ਹਾਂ ਖਾਮੀਆਂ ਨੂੰ ਦੂਰ ਕਰਕੇ ਜੇ ਸਾਂਝੀਵਾਲਤਾ ਦੇ ਖਿਆਲ ਨਾਲ ਅੱਡ-ਅੱਡ ਜ਼ਿਲ੍ਹਿਆਂ ਵਿਚ ਕਾਨਫਰੰਸਾਂ ਕੀਤੀਆਂ ਜਾਣ ਤਾਂ ਕਿਰਸਾਨਾਂ ਵਿਚ ਬਹੁਤ ਸਾਰੀ ਜਾਗਰਿਤ ਪੈਦਾ ਹੋਣ ਦੀ ਆਸ ਹੋ ਸਕਦੀ ਹੈ।

ਛੋਟੇ ਦਸਤਕਾਰਾਂ ਦਾ ਆਰਗਨ 'ਕੌਮੀ ਸੁਤੰਤਰ' 27 ਤਰੀਕ ਨੂੰ 'ਦਿਹਾਤ ਸੁਧਾਰ ਕਾਨਫਰੰਸ' ਕਿ ਜਟ ਕਾਨਫਰੰਸ' ਦੇ ਸਿਰਲੇਖ ਹੇਠ ਲਿਖਿਆ ਸੀ ਕਿ ਪਿਛਲੇ ਹਫਤੇ ਪਤਾਰਾ ਜ਼ਿਲ੍ਹਾ ਜਲੰਧਰ ਵਿਚ ਦਿਹਾਤ ਸੁਧਾਰ ਦੇ ਨਾਂ ਹੇਠ ਇਕ ਕਾਨਫਰੰਸ ਹੋਈ ਹੈ, ਜਿਸ ਵਿਚ ਸ਼ਾਮਲ ਹੋਣ ਵਾਲੇ ਨਾਵਾਂ ਵਿਚ ਸਰਮਾਏਦਾਰ ਕਾਂਗਰਸੀਏ, ਸੋਸਲਿਸਟ ਕਾਂਗਰਸੀਏ, ਮੋਟੇ-ਮੋਟੇ 2 ਜਿਮੀਦਾਰਾਂ ਦੇ ਆਗੂ ਵੀ ਸਨ। ਜਿਸ ਤੋਂ ਪਰਤੀਤ ਹੁੰਦਾ ਸੀ, ਕਿ ਇਹ ਕਾਨਫਰੰਸ ਦਿਹਾਤ ਸੁਧਾਰ ਨਹੀਂ ਬਲਕਿ ਭਾਂਤ-ਭਾਂਤ ਦੇ ਖਿਆਲ ਰੱਖਣ ਵਾਲੇ, ਸਰਮਾਇਕ ਰੁਚੀ ਰੱਖਣ ਦੇ ਚਾਹਵਾਨਾਂ ਦਾ ਸਤਨਾਜਕ ਇਕੱਠ ਹੈ। ਇਸ ਕਾਨਫਰੰਸ ਦੇ ਪ੍ਰਧਾਨ ਇਕ ਰਹਿ ਚੁੱਕੇ ਕਿਰਤੀ ਖਿਆਲਾ ਦੇ ਸੱਜਣ 'ਜੋਸ਼ ਜੀ' ਚੁਣੇ ਗਏ, ਜਿਹੜੇ ਕਦੇ ਗਾਂਧੀ ਇਜ਼ਮ ਮੁਰਦਾਬਾਦ ਦੇ ਨਾਅਰੇ ਲਾਉਂਦੇ ਲਵਾਉਂਦੇ ਸਨ, ਪਰ ਹੁਣੇ ਇਨ੍ਹਾਂ ਨਾਹਰਿਆਂ ਤੋਂ ਚਿੜਨ ਵਾਲੇ ਬਣ ਗਏ ਹਨ। ਬਣਨ ਵੀ ਕਿਉਂ ਨਾ? ਸੁੱਖ ਨਾਲ ਕੌਂਸਲ ਦੀ ਉਮੈਦਵਾਰੀ ਜੂ ਹੋਈ। ਖੈਰ ਨਾਮ ਨੂੰ ਤਾਂ ਇਹ ਕਾਨਫਰੰਸ ਦਿਹਾਤ ਸੁਧਾਰ ਸੀ, ਪਰ ਇਸ ਵਿਚ ਹੋਈਆਂ ਬਹੂ ਤਕਰੀਰਾਂ ਮਤਿਆਂ ਅਤੇ ਪ੍ਰਧਾਨਾਂ ਦੇ ਐਡਰੇਸਾਂ ਨੇ ਇਸ ਕਾਨਫਰੰਸ ਨੂੰ ਸੋਸ਼ਲਿਸਟ ਬੁਰਕੇ ਦੇ ਪੜਦਿਉਂ ਬਾਹਰ ਕਰਕੇ ਦਸ ਦਿੱਤਾ ਹੈ ਕਿ ਅਸਲ ਵਿਚ ਇਹ ਕਾਨਫਰੰਸ ਸਰਮਾਏਦਾਰ ਜ਼ਿਮੀਂਦਾਰਾਂ ਦੇ ਲਾਭ ਲਈ ਜੱਟ ਕਾਨਫਰੰਸ ਸੀ। ਪਿੰਡਾਂ ਦੇ ਗਰੀਬ ਗੈਰ ਜਟਾਂ ਦੇ ਦੁਖੜਿਆਂ ਦਾ ਏਥੇ ਨਾ ਤਕ ਨਹੀਂ ਲਿਆ ਗਿਆ। ਪਤਾ ਨਹੀਂ ਇਹ ਸਭੋ ਕੁਝ ਇਸ ਕਾਨਫਰੰਸ ਦੇ ਕਹੇ ਜਾਂਦੇ ਸਦਨ ਵਾਲੇ ਸ੍ਰੀਮਾਨ ਮਾਸਟਰ ਮੋਤਾ ਸਿੰਘ ਜੀ ਦੀ ਇੱਛਾ ਅਨੁਸਾਰ ਸੀ ਜਾਂ ਮਾਸਟਰ ਜੀ ਦੀ ਗੈਰ ਹਾਜ਼ਰੀ ਕਰਕੇ ਕਾਬਜ਼ ਭਰਾਵਾਂ ਨੇ ਹੀ ਅਜਿਹਾ ਇਕ ਪਖਾ ਰਾਗ ਗਾਵਿਆ ਹੈ।"[50]

ਇਨ੍ਹੀਂ ਦਿਨੀਂ ਰਿਆਸਤ ਕਪੂਰਥਲਾ ਦੇ ਕਿਸਾਨ ਐਜੀਟੇਸ਼ਨ ਕਰ ਰਹੇ ਸਨ ਕਿ ਉਨ੍ਹਾਂ ਦਾ ਮਾਲੀਆ ਗੁਆਂਢੀ ਜ਼ਿਲ੍ਹਿਆਂ, ਜਲੰਧਰ, ਹੁਸ਼ਿਆਰਪੁਰ ਤੋਂ ਵੱਧ ਹੈ ਤੇ ਇਨ੍ਹਾਂ ਦੇ ਬਰਾਬਰ ਕੀਤਾ ਜਾਵੇ। ਭਾਵੇਂ ਕਿਰਤੀ ਕਿਸਾਨ ਪਾਰਟੀ ਦੀਆਂ ਮਜ਼ਦੂਰ ਜਮਾਤ ਦੀਆਂ ਜਥੇਬੰਦੀਆਂ ਬਣ ਰਹੀਆਂ ਸਨ ਪਰ ਉਨ੍ਹਾਂ ਦੇ ਮੁਕਾਬਲਤ ਧਨੀ ਵਰਗ ਕਿਤੇ ਵਧ ਸੰਗਠਤ ਸੀ ਜਿਸਦਾ ਰਾਸ਼ਟਰੀ ਆਜ਼ਾਦੀ ਦੀ ਲਹਿਰ ਨੂੰ ਚਲਾਉਣ ਵਿਚ ਮੁੱਖ ਰੋਲ ਸੀ। ਇਸ ਸਮੇਂ ਕਮਿਊਨਿਸਟ ਲਹਿਰ ਨੂੰ ਦਬਾਉਣ ਲਈ ਦਵੱਲਿਓਂ-ਦਬਾ ਸੀ। ਇਸ ਸਮੱਸਿਆ ਦੇ ਹਲ ਲਈ ਮਜ਼ਦੂਰਾਂ ਕਿਸਾਨਾਂ ਦਾ ਵੱਖਰਾ ਪਲੇਟਫਾਰਮ ਬਣਾ ਕੇ ਮਿਹਨਤਕਸ਼ ਜਮਾਤਾਂ ਦੀ ਲਾਮਬੰਦੀ ਰਾਹੀਂ ਦੋ ਕੰਮ ਕੀਤੇ ਜਾਣ ਲਈ ਪਹਿਲਾ ਦੇਸ਼ ਦੀ

ਆਜ਼ਾਦੀ ਤੇ ਦੂਜਾ ਜ਼ਰਈ ਇਨਕਲਾਬ ਅਜੰਡੇ 'ਤੇ ਸਨ। ਬੁਰਜਆਜ਼ੀ ਸਾਮਰਾਜ ਨਾਲ ਸਮਝੌਤਾ ਕਰ ਲਵੇ ਤਾਂ ਫਿਰ ਇਹਦੀ ਥਾਂ ਕਿਰਤੀ ਕਿਸਾਨ ਪਾਰਟੀ ਲਵੇ। 'ਕਿਰਤੀ' ਮੈਗਜ਼ੀਨ ਦੀ ਥਾਂ 1931 ਵਿਚ ਮਜ਼ਦੂਰ ਕਿਸਾਨ ਅਖ਼ਬਾਰ ਸ਼ੁਰੂ ਕੀਤਾ ਗਿਆ। 1929-30 ਦੇ ਸੰਸਾਰ ਮੰਦਵਾੜੇ ਨੇ ਕਿਰਤੀ ਲਹਿਰ ਦੇ ਵਿਚਾਰਾਂ ਨੂੰ ਫੈਲਣ ਦਾ ਅਤੇ ਇਕ ਠੋਸ ਵਿਚਾਰਧਾਰਾ ਦੇ ਰੂਪ ਵਿਚ ਸਾਹਮਣੇ ਆਉਣ ਦਾ ਮੌਕਾ ਦਿੱਤਾ। 1930 ਤੋਂ 35 ਦੇ ਦਰਮਿਆਨ ਕਿਸਾਨਾ ਦੇ ਨਵੇਂ ਸੰਗਠਨ ਹੋਂਦ 'ਚ ਆਉਣ ਨਾਲ 1936 ਦਾ ਸਾਲ ਕਿਸਾਨ ਲਹਿਰ ਅਤੇ ਕਾਂਗਰਸ ਦੇ ਆਪਸੀ ਸਬੰਧਾਂ ਲਈ ਬੜਾ ਮਹੱਤਵਪੂਰਨ ਸੀ। 1935 ਦੇ ਅੰਤ 'ਚ ਪਾਬੰਧੀਸ਼ੁਦਾ ਕਮਿਊਨਿਸਟ ਪਾਰਟੀ ਕੌਮੀ ਫਰੰਟ ਦੀ ਉਸਾਰੀ ਦਾ ਯਤਨ ਕਰਨ ਲੱਗੀ ਜਿਸ ਦੇ ਫਲਸਰੂਪ ਕਾਂਗਰਸ ਸੋਸ਼ਲਿਸਟ ਪਾਰਟੀ, ਕਾਂਗਰਸ ਪਾਰਟੀ ਅਤੇ ਇਸ ਕੌਮੀ ਫਰੰਟ ਨੇ ਪੰਜਾਬ ਵਿਚ ਸਾਂਝੀਆਂ ਕਾਨਫਰੰਸਾਂ ਕਰਕੇ ਸਾਮਰਾਜ ਵਿਰੁੱਧ ਲੋਕਾਂ ਦੀ ਲਾਮਬੰਦੀ ਦਾ ਰਾਹ ਖੋਲ੍ਹਿਆ।

## ਕਿਰਤੀ ਕਾਂਗਰਸ ਕਾਨਫਰੰਸ ਦਿਹਾਤੀ- ਮਾਹਲਪੁਰ

1928 ਨੂੰ ਹੁਸ਼ਿਆਰਪੁਰ ਵਾਲੀ ਕਿਰਤੀ ਕਾਨਫਰੰਸ ਤੋਂ ਬਾਅਦ ਮਾਹਲਪੁਰ ਵਾਲੀ ਕਿਰਤੀ ਕਾਂਗਰਸ ਕਾਨਫਰੰਸ ਦਿਹਾਤੀ ਦਾ ਮਹੱਤਵਪੂਰਨ ਕਾਂਡ ਹੈ ਜਿਹੜੀ 29, 30 ਤੇ 31 ਜੁਲਾਈ 1936 ਨੂੰ ਹੋਈ। ਇਸ ਦੀ ਕਾਮਯਾਬੀ ਲਈ ਲੋਕਾਂ ਅੰਦਰ ਅਥਾਹ ਜੋਸ਼ ਸੀ ਅਤੇ ਇਸ ਦੇ ਲੰਗਰ ਲਈ ਖੁਰਦਪੁਰ, ਟਾਂਡਾ ਉੜਮੁੜ, ਆਦਮਪੁਰ, ਮੋਰਾਂਵਾਲੀ ਅਤੇ ਗੋਬਿੰਦਪੁਰ ਤੋਂ ਅਨਾਜ ਦੇ ਗੱਡੇ ਪੁੱਜੇ ਸਨ। ਤਿੰਨ ਸੌ ਮਣ ਅਨਾਜ ਪੀਸ ਕੇ ਰੱਖ ਲਿਆ ਗਿਆ ਸੀ ਅਤੇ ਵਿੱਤ ਅਨੁਸਾਰ ਹਰੇਕ ਨੇ ਮਾਇਆ ਦੀ ਸਹਾਇਤਾ ਵੀ ਕੀਤੀ ਸੀ। ਬਾਬਾ ਹਰਜਾਪ ਸਿੰਘ ਅਨੁਸਾਰ, "15 ਲਾਂਗਰੀ ਪਹਾੜ ਤੋਂ ਮੰਗਵਾਏ ਗਏ। ਸਰਕਾਰੀ ਦਮਨ ਅਤੇ ਪੁਲਸ ਦੀ ਦਹਿਸ਼ਤ ਦੇ ਬਾਵਜੂਦ ਸੱਠ ਹਜ਼ਾਰ ਦੇ ਕਰੀਬ ਜਲੂਸ ਵਿਚ ਲੋਕ ਸ਼ਾਮਲ ਹੋਏ। ਲਾਊਡ ਸਪੀਕਰ ਦੀ ਆਵਾਜ਼ ਪਹਿਲੀ ਵਾਰ ਇਥੇ ਸੁਨਣ ਨੂੰ ਮਿਲੀ ਸੀ ਜਿਹੜਾ ਵਿਗਿਆਨਕ ਕ੍ਰਿਸ਼ਮਾ ਸੀ। ਕਾਨਫਰੰਸ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਸਮੇਤ ਪ੍ਰੋ. ਮੋਤਾ ਸਿੰਘ ਪਤਾਰਾ, ਜਥੇਦਾਰ ਪ੍ਰਤਾਪ ਸਿੰਘ ਕੋਟਫਤੂਹੀ, ਸਾਲਗ ਰਾਮ ਪ੍ਰਾਸ਼ਰ*, ਕਾ. ਚੰਨਣ ਸਿੰਘ ਧੂਤ, ਸੰਤੋਖ ਸਿੰਘ ਧੂਤ, ਫਜ਼ਲ ਇਲਾਹੀ ਕੁਰਬਾਨ, ਸੋਹਣ ਸਿੰਘ ਜੋਸ਼, ਭਾਈ ਪਿਆਰਾ ਸਿੰਘ ਲੰਗੇਰੀ, ਜਰਨੈਲ ਮੂਲਾ ਸਿੰਘ ਬਾਹੋਵਾਲ, ਬਾਬੂ ਗੁਰਬਖਸ਼ ਸਿੰਘ ਆਦਿ ਸਨ ਜਿਨ੍ਹਾਂ ਇਸ ਦੀ ਕਾਮਯਾਬੀ ਲਈ ਦਿਨ ਰਾਤ ਇਕ ਕਰ ਦਿੱਤਾ ਸੀ।

31 ਜੁਲਾਈ ਵਾਲੇ ਦਿਨ ਪੰਡਤ ਜਵਾਹਰ ਲਾਲ ਨਹਿਰੂ ਨੇ ਸੰਬੋਧਨ ਕੀਤਾ ਤਾਂ ਪੰਡਾਲ ਵਿਚ ਸਵਾ ਲੱਖ ਤੋਂ ਉਪਰ ਲੋਕਾਂ ਦਾ ਇਕੱਠ ਸੀ। ਇਸ ਨਜ਼ਾਰੇ ਨੂੰ ਦੇਖ ਕੇ ਨਹਿਰੂ ਗਦ-ਗਦ ਹੋ ਗਿਆ ਸੀ।[51]

# ਕਰਤਾਰਪੁਰ ਕਿਸਾਨ ਕਾਨਫਰੰਸ

ਰਿਆਸਤ ਕਪੂਰਥਲਾ ਦੇ ਕਿਸਾਨਾਂ ਦੀ ਲਾਮਬੰਦੀ ਦੇ ਵਿਰੁੱਧ ਬਹਿਕਾਵੇ ਵਿਚ ਆ ਕੇ ਅਧਿਕਾਰੀਆਂ ਵਲੋਂ ਜ਼ੋਰ-ਜ਼ਬਰ ਸ਼ੁਰੂ ਕਰਦਿਆਂ ਰਿਆਸਤ ਦੇ ਕਿਸਾਨਾਂ ਦੇ ਘੋਲ ਦਾ ਪ੍ਰਧਾਨ ਚੌਧਰੀ ਬੁਸਾਊ ਨੂੰ ਉਸਦੇ ਪਿੰਡੋਂ ਧਾਲੀਵਾਲ (ਬੇਟ) ਤੋਂ ਰਿਆਸਤੀ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਰਿਆਸਤ* ਦੇ ਪਿੰਡਾਂ ਵਿਚ ਜਿਮੀਂਦਾਰ ਲੀਗ ਦੇ ਕਾਰਕੁੰਨਾਂ ਉਪਰ ਦਹਿਸ਼ਤ ਫੈਲਾਈ ਜਾਣ ਲੱਗੀ। ਖਾਸ ਕਰਕੇ ਰਿਆਸਤ ਦੇ ਇਲਾਕੇ ਭੁੰਗਾ ਦੇ ਪਿੰਡਾਂ ਵਿਚ। ਇਸ ਸਮੇਂ ਰਿਆਸਤ ਦੀ ਹੱਦ ਦੇ ਕਸਬਾ ਕਰਤਾਰਪੁਰ ਵਿਖੇ ਜ਼ਿਲ੍ਹਾ ਕਪੂਰਥਲਾ ਕਿਸਾਨ ਕਾਨਫਰੰਸ ਦੇ ਨਾਂ ਹੇਠ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਦੀ ਪ੍ਰਧਾਨਗੀ ਹੇਠ ਤਿੰਨ ਅਪ੍ਰੈਲ 1936 ਨੂੰ ਕੀਤੀ ਗਈ। ਇਸ ਥਾਂ 'ਤੇ ਕਾਨਫਰੰਸ ਕਰਾਉਣ ਦਾ ਕਾਰਨ ਸੀ ਕਿ ਰਿਆਸਤ ਕਪੂਰਥਲਾ ਦੇ ਅਧਿਕਾਰੀ ਅੰਗਰੇਜ਼ੀ ਇਲਾਕੇ ਵਿਚ ਗ੍ਰਿਫ਼ਤਾਰੀਆਂ ਨਹੀਂ ਸਨ ਕਰ ਸਕਦੇ। ਇਸ ਮੌਕੇ ਆਪਣੇ ਪ੍ਰਧਾਨਗੀ ਭਾਸ਼ਨ ਨੂੰ ਮਾਸਟਰ ਕਾਬਲ ਸਿੰਘ ਨੇ ਲਿਖਤੀ ਰੂਪ ਵਿਚ ਪੇਸ਼ ਕੀਤਾ ਸੀ ਜਿਸਦਾ ਹੂ-ਬ-ਹੂ ਪੇਸ਼ ਹੈ:-

ਮੈਂ ਆਪਣੇ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਆਪ ਸੱਜਣਾਂ ਦਾ ਇਸ ਮਾਣ ਲਈ ਜੋ ਆਪ ਨੇ ਮੈਨੂੰ ਇਸ ਕਾਨਫਰੰਸ ਦਾ ਪ੍ਰਧਾਨ ਚੁਣ ਕੇ ਬਖਸ਼ਿਆ ਹੈ, ਦਿਲ ਦੀਆਂ ਡੂੰਘਾਈਆਂ ਤੋਂ ਸਤਿਕਾਰ ਸਹਿਤ ਧੰਨਵਾਦ ਕਰਦਾ ਹਾਂ।

ਮੈਂ ਅਨੁਭਵ ਕਰਦਾ ਹਾਂ ਕਿ ਕੋਈ ਰਿਆਸਤੀ ਵੀਰ ਮੈਤੋਂ ਬੇਹਤਰ ਤੌਰ ਪਰ ਤੁਹਾਡੇ ਜਜ਼ਬਾਤ ਦੀ ਤਰਜਮਾਨੀ ਕਰ ਸਕਦਾ ਸੀ ਪਰ ਮੈਂ ਏਹ ਭੀ ਤੱਕ ਰਿਹਾ ਹਾਂ ਕਿ ਮੈਤੋਂ ਬਹੁਤ ਸਾਰੇ ਲਾਇਕ, ਸਿਆਣੇ ਤੇ ਕਿਸੇ ਗੱਲ ਦੀ ਤਹਿ ਤੀਕ ਪਹੁੰਚਣ ਵਾਲੇ, ਖਾਸ ਕਰ ਰਿਆਸਤੀ ਸਾਜ਼ਿਸ਼ਾਂ ਕਰਨ ਵਾਲੇ ਤੇ ਫਰੇਬੀਆਂ ਨੂੰ ਨੰਗਿਆਂ ਕਰ ਵਿਖਾਣ ਵਾਲੇ ਸਾਥੀ ਭੀ ਇਸ ਜਲਸੇ ਵਿਚ ਬੈਠੇ ਹਨ। ਪਰ ਏਹ ਸਭ ਕੁਝ ਮੇਰੇ ਲਈ ਇਕ ਮਾਣ ਤੇ ਫ਼ਖ਼ਰ ਦੀ ਗੱਲ ਹੈ। ਮੈਂ ਇਸ ਅਹਿਮ ਜ਼ੁੰਮੇਵਾਰੀ ਦੇ ਬੋਝ ਨੂੰ ਤੁਹਾਡੇ ਸਾਰਿਆਂ ਦੇ ਮਿਲਵਰਤਨ ਤੇ ਤੁਹਾਡੀ ਯਕੀਨ ਭਰੀ ਆਸ ਪੁਰ ਆਪਣੀ ਪੂਰੀ ਸ਼ਕਤੀ ਤੇ ਇਮਾਨਦਾਰੀ ਨਾਲ ਨਿਭਾਉਣ ਦਾ ਯਤਨ ਕਰਾਂਗਾ।

ਸਾਥੀਓ! ਅੱਜ ਦੁਨੀਆਂ 'ਚ ਬੇਕਾਰੀ ਤੇ ਕਸਾਦ-ਬਾਜ਼ਾਰੀ ਦਾ ਦੌਰ ਹੈ। ਸਮੂਹ ਸਰਮਾਏਦਾਰ ਸੰਸਾਰ ਭੀ ਇਸ ਮੰਦਵਾੜੇ ਦੇ ਹੱਥੋਂ ਛੁਟਕਾਰਾ ਪਾਉਣ ਤੋਂ ਨਾ-ਕਾਮਯਾਬ ਰਿਹਾ ਹੈ। ਸਾਡੀ ਅਪਣੀ ਜਨਮ ਭੂਮੀ ਹਿੰਦੋਸਤਾਨ ਔਰ ਇਸ ਹਿੰਦੋਸਤਾਨ ਦੀ ਰੀੜ੍ਹ ਦੀ ਹੱਡੀ ਕਿਸਾਨ ਬਹੁਤ ਬੁਰੀ ਤਰ੍ਹਾਂ ਇਸ ਬਲਾ ਦਾ ਸ਼ਿਕਾਰ ਹੋ ਰਿਹਾ ਹੈ। ਹਾਂ! ਦੁਨੀਆਂ ਦਾ ਅੰਨਦਾਤਾ, ਜ਼ਿਮੀਦਾਰਾਂ ਦਾ ਵਿਧਾਤਾ ਤੇ ਰਾਜੇ ਮਹਾਰਾਜਿਆਂ ਦੀ ਕਿਸਮਤ ਨੂੰ ਚਾਰ ਚੰਨ੍ਹ ਲਾ ਕੇ ਸ਼ੋਹਰਤ ਦੀ ਟੀਸੀ ਪਰ ਪਹੁੰਚਾਣ ਵਾਲਾ 'ਕਿਸਾਨ' ਖੁਦ ਰੋਟੀ ਦੇ ਟੁਕੜੇ ਤੋਂ ਆਤੁਰ ਹੈ ਤੇ ਜ਼ਾਲਮ ਪੇਟ ਨੂੰ ਝੁਲਸਾ ਦੇਣ ਲਈ ਦੂਜਿਆਂ ਦੇ ਹੱਥਾਂ ਵਲ ਤਕ ਰਿਹਾ ਹੈ।

# ਪ੍ਰਧਾਨਗੀ ਐਡਰੈਸ

ਜੋ

## ਮਾ: ਕਾਬਲ ਸਿੰਘ ਜੀ "ਗੋਬਿੰਦਪੁਰੀ"

ਪ੍ਰਧਾਨ ਕਾਨਫਰੰਸ

ਨੇ

### ਆਲ ਸਟੇਟ ਕਪੂਰਥਲਾ ਕਾਨਫਰੰਸ

ਕਰਤਾਰ ਪੁਰ ਜ਼ਿਲਾ ਜਾਲੰਧਰ ਵਿਚ ੧੨ ਅਪ੍ਰੈਲ ੧੯੩੬
ਨੂੰ ਪੜ੍ਹਿਆ ॥

### ਪਬਲਿਸ਼ਰ

ਸੰਤੋਖ ਸਿੰਘ ਜਨਰਲ ਸਕੱਤ੍ਰ ਜ਼ਿਮੀਂਦਾਰਾ ਲੀਗ

ਕਪੂਰਥਲਾ।

ਦੂਜਿਆਂ ਨੂੰ ਨਰਮ ਤੇ ਕੀਮਤੀ ਰੇਸ਼ਮ ਦੇਣ ਵਾਲਾ ਆਪਣਾ ਤਨ ਢਕਣ ਲਈ ਸੂਤ ਦੀ ਇਕ ਤਾਰ ਲਈ ਤਰਸ ਰਿਹਾ ਹੈ। ਕਿੰਨਾ ਭਿਆਨਕ ਦ੍ਰਿਸ਼ ਹੈ? ਕਿ ਦੂਜਿਆਂ ਦੀ ਕਿਸਮਤ ਬਨਾਉਣ ਵਾਲਾ ਵਿਧਾਤਾ ਅੱਜ ਖ਼ੁਦ ਦੀ ਬਦ-ਕਿਸਮਤੀ, ਬਦਨਸੀਬੀ ਤੇ ਸਿਆਹ ਬਖ਼ਤੀ ਦੀ ਦੁਹਾਈ ਪਿਟ ਰਿਹਾ ਹੈ।

ਇਹ ਸੱਚ ਹੈ ਕਿ ਇਸ ਮੰਦਾਵਾੜੇ ਦੇ ਸਮੇਂ ਬੜੇ-ਬੜੇ ਸਰਮਾਏਦਾਰ ਤੇ ਜ਼ਿਮੀਂਦਾਰ ਦੀਵਾਲੀਏ ਹੋ ਗਏ। ਹਕੂਮਤ ਦੇ ਚਾਟੇ 'ਚ ਆਟੇ ਦੇ ਘਾਟੇ ਦਿਸਣ ਲੱਗੇ, ਸ਼ਿਮਲੇ ਦੀ ਸੁਹਾਉਣੀ ਵਾਦੀਆਂ ਨਾਲ ਘਿਰੀਆਂ ਹੋਈਆਂ ਉੱਚੀਆਂ-ਉੱਚੀਆਂ ਚੋਟੀਆਂ ਪਰ ਸ਼ਾਹੀ ਐਵਾਨ ਲੱਗੇ, ਦੀਵਾਨ ਸਜੇ। ਕਈ ਹਫਤਿਆਂ ਦੀ ਬਹਿਸ-ਮਬੈਹਸੇ ਪਿਛੋਂ ਸਰਬਸੰਮਤੀ ਨਾਲ ਤਖਲੀਫ ਦਾ ਕੁਲਹਾੜਾ ਚਲਿਆ, ਬੜੇ ਹੌਸਲੇ ਤੇ ਦਲੇਰੀ ਨਾਲ। ਪਰ ਮੰਦਭਾਗੇ ਹਿੰਦੋਸਤਾਨ ਦੇ ਕਿਸਾਨ ਨੂੰ ਲਗਾਨ ਜਿਹੇ ਅਯਦਹੇ ਤੋਂ ਛੁਟਕਾਰਾ ਨਾ ਮਿਲਿਆ ਔਰ ਇਸ ਕੁਲਹਾੜੇ ਦੀ ਤੇਜ਼ ਧਾਰ ਇਸ ਲਗਾਨ ਵਿਚ ਤਖਫੀਫ ਨਾ ਕਰ ਸਕੀ। ਅਖੀਰ ਅਪਣੇ ਹਮਦਰਦਾਂ ਤੋਂ ਨਿਰਾਸ਼ ਤੇ ਹਾਲਤ ਤੋਂ ਮਜਬੂਰ ਹੋ ਕੇ ਅੰਗਰੇਜ਼ੀ ਹਿੰਦੋਸਤਾਨ ਦਾ ਕਿਸਾਨ ਜਥੇਬੰਦ ਹੋਣ ਲੱਗਾ ਹੈ ਤਾਂ ਕਿ ਇਸ ਆਰਥਿਕ ਲੜਾਈ ਨੂੰ ਜੱਥੇਬੰਦ ਹੋ ਕੇ ਲੜ ਸਕੇ ਤੇ ਆਉਣ ਵਾਲੀਆਂ ਮੁਸੀਬਤਾਂ ਦੇ ਵਾਰ ਦਾ ਸਾਹਮਣਾ ਕਰ ਸਕੇ।

ਕਪੂਰਥਲਾ ਰਿਆਸਤ ਦੇ ਕਿਸਾਨਾਂ ਦੀਆਂ ਮੁਸ਼ਕਲਾਂ ਖਾਸ ਕਰਕੇ ਮਾਲੀਏ ਦਾ ਅਸਹਿ ਬੋਝ ਦੇ ਵਿਰੁੱਧ ਕਿਸਾਨਾਂ ਅੰਦਰ ਰੋਹ ਸੀ। ਇਸ ਦੇ ਵਿਰੁੱਧ ਪਹਿਲਾਂ ਹੀ ਜਦੋ-ਜਹਿਦ ਸ਼ੁਰੂ ਸੀ। ਇਸ ਸਬੰਧ ਵਿਚ ਰਿਆਸਤ ਵਲੋਂ ਇਕ ਐਲਾਨਨਾਮਾ 20 ਜੂਨ 1931 ਨੂੰ ਜਾਰੀ ਕੀਤਾ ਗਿਆ ਸੀ ਕਿ 20 ਰੁਪਏ ਪਿਛੇ ਚਾਰ ਆਨੇ ਅਤੇ 50 ਰੁਪਏ ਪਿੱਛੇ ਤਿੰਨ ਆਨੇ ਮਾਲੀਆ ਮੁਆਫ਼ ਕੀਤਾ ਗਿਆ। ਪ੍ਰੰਤੂ ਕਿਸਾਨਾਂ ਨੇ 25 ਜੂਨ 1931 ਨੂੰ ਵੇਈਂ ਦੇ ਕੰਢੇ ਭਾਰੀ ਗਿਣਤੀ ਵਿਚ ਇਕੱਠੇ ਹੋ ਕੇ ਮੰਗ ਕੀਤੀ ਸੀ ਕਿ ਇਹ ਤਸੱਲੀਜਨਕ ਨਹੀਂ ਹੈ, ਮਾਲੀਆ ਮਾਫ਼ ਕੀਤਾ ਜਾਏ। ਇਹ ਜਦੋ ਜਹਿਦ ਜਾਰੀ ਸੀ ਅਤੇ 12 ਅਪ੍ਰੈਲ 1936 ਨੂੰ ਆਲ ਸਟੇਟ ਕਪੂਰਥਲਾ ਕਾਨਫਰੰਸ ਮਾਸਟਰ ਕਾਬਲ ਸਿੰਘ 'ਗੋਬਿੰਦਪੁਰੀ' ਦੀ ਪ੍ਰਧਾਨਗੀ ਹੇਠ ਹੋਈ। ਪੇਸ਼ ਹੈ ਮਾਸਟਰ ਜੀ ਵਲੋਂ ਲਿਖਤੀ ਪ੍ਰਧਾਨਗੀ ਭਾਸ਼ਨ ਦਾ ਹੂ-ਬ-ਹੂ:

**ਰਿਆਸਤੀ ਕਿਸਾਨ ਭਰਾਓ !:** ਮੇਰੇ ਆਪਣੇ ਵਿਚਾਰਾਂ ਬਾਬਤ ਮੈਂ ਤੁਹਾਨੂੰ ਕਿਸੇ ਟਪਲੇ 'ਚ ਨਹੀਂ ਰੱਖਣਾ ਚਾਹੁੰਦਾ। ਮੈਂ ਇਨ੍ਹਾਂ ਰਿਆਸਤਾਂ (ਜੋ ਕਿ ਬ੍ਰਿਟਿਸ਼ ਇਮਪੀਰੀਅਲਜ਼ਿਮ ਦਾ ਥੰਮ੍ਹ ਹਨ) ਦੇ ਵਜੂਦ ਨੂੰ ਇਕ ਮਿੰਟ ਲਈ ਭੀ ਬਰਦਾਸ਼ਤ ਨਹੀਂ ਕਰ ਸਕਦਾ ਹਾਂ ਔਰ ਜਿੰਨੀ ਜਲਦੀ ਹੋ ਸਕੇ ਮੈਂ ਇਸ ਜਾਗੀਰਦਾਰੀ ਪ੍ਰਬੰਧ ਨੂੰ ਮਿਟਾ ਦੇਣਾ ਚਾਹੁੰਦਾ ਹਾਂ ਪਰ ਅਜੇ ਮੈਂ ਆਪਦੇ ਹਾਲਾਤ ਦੇ ਅਨਕੂਲ ਹੀ ਆਪਣੇ ਵਿਚਾਰ ਪੇਸ਼ ਕਰਾਂਗਾ।

ਰਿਆਸਤੀ ਕਿਸਾਨ ਦੀ ਆਰਥਿਕ ਦਸ਼ਾ ਅੰਗਰੇਜ਼ੀ ਇਲਾਕੇ ਦੇ ਕਿਸਾਨਾਂ ਨਾਲੋਂ ਭੀ ਗਈ ਗੁਜ਼ਰੀ ਹੈ। ਇਥੇ ਤਾਂ 'ਤਕੜਾ ਮਾਰੇ ਪਰ ਰੋਣ ਨਾ ਦੇਵੇ' ਦੀ ਕਹਾਵਤ

ਅਨੁਸਾਰ ਇਹ ਫਰਯਾਦ ਲਈ ਅਪਣੀ ਜ਼ੁਬਾਨ ਤਕ ਨਹੀਂ ਖੋਲ੍ਹ ਸਕਦਾ। ਜਿਨਸਾਂ ਦੇ ਭਾਅ ਗਿਰ ਚੁੱਕੇ ਨੇ। ਅਨਾਜ ਤੇ ਦੂਜੀਆਂ ਚੀਜ਼ਾਂ ਦਾ ਮਾਰਕੀਟ ਵਿਚ ਕੋਈ ਗਾਹਕ ਨਹੀਂ। ਹਰ ਪਾਸੇ ਨੰਗ ਭੁੱਖ ਦਾ ਰਾਜ ਹੈ। ਪਰ ਰਿਆਸਤੀ ਵਲੀਆਂ ਦੀ 'ਅਯਾਸ਼ੀ', 'ਮੌਜ ਮੇਲਾ' ਤੇ 'ਰੰਗ ਰਲੀਆਂ ਦੇ ਭਾ ਪਹਿਲਾਂ ਨਾਲੋਂ ਭੀ ਚੜ੍ਹ ਗਏ ਹਨ। ਔਰ ਵਿਚਾਰੇ ਰਿਆਸਤੀ ਕਿਸਾਨ ਨੂੰ ਰਿਆਸਤੀ ਨਿਜ਼ਾਮ ਨੂੰ ਚਲਾਉਣ ਤੋਂ ਇਲਾਵਾ ਰਿਆਸਤੀ ਵਲੀਆਂ ਦੇ ਮੌਜ ਮੇਲੇ ਲਈ ਭੀ ਆਪਣਾ ਕਚੂਮਰ ਕਢਾਣਾ ਪੈਂਦਾ ਹੈ। ਐਸ ਵੇਲੇ ਸਾਰੇ ਹਿੰਦੋਸਤਾਨ ਦੀਆਂ, ਦੋ ਚਾਰ ਨੂੰ ਛੱਡ ਕੇ ਸਾਰੀਆਂ ਰਿਆਸਤਾਂ ਦੀ ਪਰਜਾ ਵਾਵੇਲਾ ਕਰ ਰਹੀ ਹੈ। ਦੁਹਾਈਆਂ ਦੇ ਰਹੀ ਹੈ। ਪਰ ਸੁਣਨ ਵਾਲਾ ਕੋਈ ਨਹੀਂ। ਮੁਲਕ ਦੀ ਸਭ ਤੋਂ ਵੱਡੀ ਰਾਜਸੀ ਸੋਸਾਇਟੀ ਸਰਬ ਹਿੰਦ ਕਾਂਗਰਸ ਤੇ ਦੂਜੀਆਂ ਬਾ-ਰਸੂਖ ਜਮਾਤਾਂ ਨੇ ਰਿਆਸਤੀ ਮਾਮਲਿਆਂ 'ਚ ਦਖਲ ਨਾ ਦੇਣ ਦੀ ਪਾਲਸੀ ਅਖ਼ਤਿਆਰ ਕਰ ਰੱਖੀ ਹੈ। ਔਰ ਇਨ੍ਹਾਂ ਸੋਸਾਇਟੀਆਂ ਦੀ ਅਣਗਹਿਲੀ ਤੇ ਬੇਰੁਖੀ ਦਾ ਸਿੱਟਾ ਇਹ ਨਿਕਲਿਆ ਹੈ ਕਿ ਰਾਜੇ ਮਹਾਰਾਜਿਆਂ ਨੂੰ ਹੋਰ ਭੀ ਆਪ-ਹੁਦਰੀਆਂ ਤੇ ਮਨ-ਮਰਜ਼ੀਆਂ ਕਰਨ ਦਾ ਹੀਯਾ ਹੋ ਗਿਆ ਹੈ। ਸੋਸ਼ਲਿਸਟਾਂ (ਜਿਨ੍ਹਾਂ ਦਾ ਮੁੱਖ ਉਦੇਸ਼ ਹੀ ਸਰਮਾਏਦਾਰੀ ਤੇ ਜਗੀਰਦਾਰੀ ਸਿਸਟਮ ਨੂੰ ਤਬਾਹ ਕਰਨਾ ਹੈ) ਨੇ ਭੀ ਇਨ੍ਹਾਂ ਰਿਆਸਤੀ 'ਹਿਟਲਰੀ' ਤੇ 'ਮਸੋਲੀਨੀਆਂ' ਦੇ ਖਿਲਾਫ਼ ਕੋਈ ਮਿਲਵਾਂ ਫਰੰਟ ਬਣਾ ਕੇ ਜਥੇਬੰਦ ਜਹਾਦ ਨਹੀਂ ਕੀਤਾ।

ਅੱਜ ਦੇ ਜਲਸੇ ਵਿਚ ਮੈਂ ਰਿਆਸਤ ਕਪੂਰਥਲਾ ਦੀ ਹਾਲਤ ਪਰ ਵਿਚਾਰ ਕਰਨਾ ਚਾਹੁੰਦਾ ਹਾਂ। ਰਿਆਸਤ ਕਪੂਰਥਲਾ ਅੰਦਰ ਲਗਭਗ ਦੋ ਸਾਲ ਤੋਂ ਰੌਲਾ ਰੱਪਾ ਪੈ ਰਿਹਾ ਹੈ। ਉੱਥੇ ਦੇ ਕਿਸਾਨਾਂ ਦੀ ਮੰਗ ਹੈ ਕਿ ਉਨ੍ਹਾਂ ਤੋਂ ਜ਼ਮੀਨ ਦਾ ਲਗਾਨ ਉਨ੍ਹਾਂ ਦੇ ਗੁਆਂਢੀ ਜ਼ਿਲ੍ਹਿਆਂ ਅੰਮ੍ਰਿਤਸਰ, ਜਲੰਧਰ, ਹੁਸ਼ਿਆਰਪੁਰ ਦੇ ਬਰਾਬਰ ਲਿਆ ਜਾਏ। ਜ਼ਮੀਨ ਦੀ ਕਿਸਮ ਬੰਦੀ ਠੀਕ ਕੀਤੀ ਜਾਏ। ਰਿਆਸਤਾਂ 'ਚ ਆਮ ਲੋਕਾਂ ਦੀ ਨੁਮਾਇੰਦਾ ਅਸੈਂਬਲੀ ਬਣਾਵੇ, ਜਿਸ ਵਿਚ ਫਿਰਕੇਦਾਰੀ ਦਾ ਤਾਂ ਦਖ਼ਲ ਨਾ ਹੋਵੇ ਪਰ ਆਮ ਪੀੜ੍ਹਤ ਲੋਕਾਂ ਦੀ ਨੁਮਾਇੰਦਗੀ ਕਰਦੀ ਹੋਵੇ। ਮਿਉਂਸੀਪਲ, ਲੋਕਲ ਬੋਰਡ ਟੈਕਸ ਘਟਾਏ ਜਾਣ ਤੇ ਪਿੰਡਾਂ ਵਿਚ ਆਮ ਵਿਦਿਆ ਦਾ ਇੰਤਜ਼ਾਮ ਕੀਤਾ ਜਾਏ ਆਦਿ।

ਉਪਰੋਕਤ ਸਧਾਰਨ ਮੰਗਾਂ ਲਈ ਰਿਆਸਤੀ ਪੀੜ੍ਹਤ ਪਰਜਾ ਦੋ ਸਾਲ ਤੋਂ ਵਾਵੇਲਾ ਕਰ ਰਹੀ ਹੈ। ਰਿਆਸਤ ਦੇ ਭੋਲੇ ਕਿਸਾਨ (ਇਹ ਜਾਣਦੇ ਹੋਏ ਭੀ ਕਿ ਅੰਗਰੇਜ਼ੀ ਇਲਾਕੇ ਦੇ ਕਿਸਾਨ ਵੀ ਦੁੱਖੀ ਨੇ, ਤੇ ਮਾਲੀਏ ਨੂੰ ਇਨਕਮ ਟੈਕਸ ਦੇ ਰੂਪ ਨਾਲ ਲਗਾਏ ਜਾਣ ਦੀ ਮੰਗ ਕਰਦੇ ਨੇ) ਆਪਣੇ ਆਪ ਨੂੰ ਅੰਗਰੇਜ਼ੀ ਇਲਾਕੇ ਦੇ ਕਿਸਾਨਾਂ ਦੀ ਭੈੜੀ ਦਸ਼ਾ ਦੀ ਸਿਤਹ ਪੁਰ ਲਿਆਉਣ ਦਾ ਯਤਨ ਕਰਦੇ ਹਨ।

ਕਿੰਨੀ ਤਰਸਯੋਗ ਹਾਲਤ ਹੈ। ਰਿਆਸਤ ਕਪੂਰਥਲਾ ਵਿਚ 'ਅੰਧੇਰ ਨਗਰੀ ਬੇਦਾਦ ਰਾਜਾ, ਟਕੇ ਸੇਰ ਭਾਜੀ ਟਕੇ ਸੇਰ ਖਾਜਾ' ਵਾਲੀ ਕਹਾਵਤ ਵਾਪਰ ਰਹੀ ਹੈ। ਰਿਆਸਤ ਵਿਚ ਜਰੀਬ ਦੀ ਕਰਮ 54 ਇੰਚ ਦੀ ਹੈ ਜਦ ਕਿ ਜਲੰਧਰ, ਹੁਸ਼ਿਆਰਪੁਰ

57 ਇੰਚ, ਅੰਮ੍ਰਿਤਸਰ 60 ਇੰਚ ਅਰ ਬਾਰ ਦੇ ਇਲਾਕੇ ਵਿਚ 66 ਇੰਚ ਹੈ। ਇਸ ਹਿਸਾਬ ਨਾਲ ਅੰਮ੍ਰਿਤਸਰ ਦੇ ਸਵਾ ਛੇ ਕਨਾਲ ਤੇ ਜਲੰਧਰ, ਹੁਸ਼ਿਆਰਪੁਰ ਦੇ ਸੱਤ ਕਨਾਲ ਰਿਆਸਤ ਦੇ ਘੁਮਾਉਂ ਦੇ ਬਰਾਬਰ ਹੈ। ਲੇਕਿਨ ਰਿਆਸਤ ਵਿਚ ਮਾਲੀਏ ਦੀ ਸ਼ਰਹ ਬਹੁਤ ਵਧੀਕ ਹੈ। ਸਾਰੀ ਰਿਆਸਤ ਅਪਣੇ ਕਿਸੇ ਗੁਆਂਢੀ ਜ਼ਿਲ੍ਹੇ ਦੇ ਪੂਰੇ ਰਕਬੇ ਦੇ ਲਗਭਗ ਹੈ। ਯਾ ਇੰਜ ਆਖੋ ਕਿ ਰਿਆਸਤ ਅੰਦਰ ਲਗਾਨ ਦੀ ਸ਼ਰਹ ਗੁਆਂਢੀ ਜ਼ਿਲ੍ਹਿਆਂ ਨਾਲੋਂ ਤਿਗਣੀ ਚੌਗਨੀ ਹੈ। ਸਭ ਤੋਂ ਹੈਰਾਨ ਕਰਨ ਵਾਲੀ ਗੱਲ ਹੈ ਕਿ ਜ਼ਮੀਨ ਦੀ ਕਿਸਮਬੰਦੀ ਇਸ ਤਰੀਕੇ ਨਾਲ ਅਮਦਨ ਗ਼ਲਤ ਕੀਤੀ ਗਈ ਹੈ ਕਿ ਬੇਚਾਰੇ ਕਿਸਾਨਾਂ ਨੂੰ ਚੌਥੇ ਤੇ ਤੀਜੇ ਦਰਜੇ ਦੀ ਜ਼ਮੀਨ ਦਾ ਮਾਲੀਆ ਅਵਲ ਕਿਸਮ ਦੀ ਜ਼ਮੀਨ ਦਾ ਅਰ ਬਰਾਨੀ ਜ਼ਮੀਨ ਦਾ ਅਣਚਾਹੀ ਤੌਰ ਤੇ ਦੇਣਾ ਪੈਂਦਾ ਹੈ। ਦੁੱਖ ਦੀ ਗੱਲ ਹੈ ਕਿ ਰਿਆਸਤੀ ਪਰਜਾ ਲਗਾਨ ਤੇ ਕਰਜ਼ਾ ਦੇ ਭਾਰ ਤਲੇ ਪੀੜੀ ਤੇ ਕੁਚਲੀ ਜਾ ਰਹੀ ਹੈ ਪਰ ਮਹਾਰਾਜਾ ਸਾਹਿਬ ਹਰ ਸਾਲ ਦੇ ਦਸ ਮਹੀਨੇ ਵਲਾਇਤ ਦੇ ਹੋਟਲਾਂ ਦੀ ਮੌਜ ਮਾਣਨਾ ਜ਼ਰੂਰੀ ਖਿਆਲ ਕਰਦੇ ਹਨ। ਔਰ ਰਿਆਸਤੀ ਕਰਮਚਾਰੀਆਂ ਨੇ ਪਬਲਿਕ ਦੀਆਂ ਇਨ੍ਹਾਂ ਸਧਾਰਨ ਮੰਗਾਂ ਨੂੰ ਪੂਰਾ ਕਰਨ ਦੀ ਥਾਂ ਦਬਾਉ ਪਾਲਿਸੀ ਦਾ ਪੁੱਠਾ ਰਸਤਾ ਇਖ਼ਤਿਆਰ ਕਰ ਲਿਆ ਹੈ ਔਰ ਇਸ ਧੱਕੇਸ਼ਾਹੀ ਦੇ ਖਿਲਾਫ਼ ਆਵਾਜ਼ ਉਠਾਉਣ ਵਾਲਿਆਂ ਨੂੰ ਜੇਲ੍ਹਾਂ 'ਚ ਠੋਸਿਆ ਜਾਂਦਾ ਹੈ। ਪੀੜ੍ਹਤ ਲੋਕਾਂ ਦੇ ਦਰਦੀਆਂ ਨੂੰ ਸਦ-ਸਦ ਧਮਕਾਇਆ ਜਾਂਦਾ ਹੈ, ਲਾਠੀਚਾਰਜ ਹੁੰਦੇ ਹਨ। ਕਿਸਾਨ ਵਰਕਰਾਂ ਨੂੰ ਬਦਨਾਮ ਕਰਨ ਲਈ ਕਮੀਨੇ ਤੋਂ ਕਮੀਨੇ ਹਥਿਆਰ ਵਰਤੇ ਜਾ ਰਹੇ ਹਨ। ਇਨ੍ਹਾਂ ਪੀੜ੍ਹਤ ਲੋਕਾਂ ਦੀ ਹਮਦਰਦੀ ਦਾ ਦਮ ਭਰਨ ਵਾਲਿਆਂ ਪੁਰ ਰਿਆਸਤ ਦੀ ਹੱਦ ਅੰਦਰ ਕਦਮ ਰੱਖਣ ਪੁਰ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਗੱਲ ਕਾਹਦੀ ਹਰ ਪੁੱਠੇ-ਸਿੱਧੇ ਤਰੀਕੇ ਨਾਲ ਇਸ ਆਇਨੀ ਤੇ ਜਾਇਜ਼ ਐਜੀਟੇਸ਼ਨ ਨੂੰ ਦਬਾਉਣ ਦਾ ਯਤਨ ਕੀਤਾ ਜਾਂਦਾ ਹੈ। ਨਾ ਕੇਵਲ ਇਹੀ ਸਗੋਂ ਇਥੇ ਹਿਟਲਰਸ਼ਾਹੀ ਡੀਂਗਾ ਮਾਰੀਆਂ ਜਾਂਦੀਆਂ ਹਨ। ਇਨ੍ਹਾਂ ਕਰਤੂਤਾਂ ਕਾਰਨ ਸ਼ਰਮਿੰਦੇ ਹੋਣ ਦੀ ਥਾਂ ਉਲਟ ਸ਼ੇਖੀਆਂ ਮਾਰੀਆਂ ਜਾਂਦੀਆਂ ਹਨ।

**ਤਸ਼ੱਦਦ ਦੀ ਪਾਲੀਸੀ ਤੇ ਪੀੜ੍ਹਤ ਪਰਜਾ :** "ਰਿਆਸਤੀ ਕਰਮਚਾਰੀਆਂ ਨੇ ਏਹ ਪੁੱਠਾ ਰਸਤਾ ਕਿਉਂ ਚੁਣਿਆ?" ਇਹ ਸਵਾਲ ਜੋ ਬਾਰ-ਬਾਰ ਮੇਰੇ ਦਿਲ ਵਿਚ ਚੁਟਕੀਆਂ ਭਰਦਾ ਹੈ।

'ਕੇਂਦਰ ਪੰਜਾਬ' ਆਜ਼ਾਦੀ ਲਈ ਤੜਪ, ਗ਼ੈਰਤ, 'ਮਰ ਮਿਟਣ ਦਾ ਚਾਓ' ਤੇ ਕੁਰਬਾਨੀਆਂ ਲਈ ਮਸ਼ਹੂਰ ਹੈ। ਜੁਗਰਾਫ਼ੀਏ ਦੇ ਲਿਹਾਜ਼ ਨਾਲ ਰਿਆਸਤ ਕਪੂਰਥਲਾ ਕੇਂਦਰੀ ਪੰਜਾਬ ਦਾ ਦਿਲ ਕਹੀ ਜਾ ਸਕਦੀ ਹੈ। ਉਪਰੋਕਤ ਰਿਆਸਤ ਦੇ ਗੱਭਰੂ ਕੇਂਦਰੀ ਪੰਜਾਬ, ਅੰਮ੍ਰਿਤਸਰ, ਲਾਹੌਰ, ਜਲੰਧਰ, ਹੁਸ਼ਿਆਰਪੁਰ ਦੇ ਗਭਰੂਆਂ ਨਾਲੋਂ ਕਿਸੇ ਗੱਲੋਂ ਊਣੇ ਨਹੀਂ।

ਫੇਰ ਏਹੋ ਜਿਹੀ ਜਿਉਂਦੀ ਜਾਗਦੀ ਰਿਆਸਤ ਵਿਚ ਏਹ ਤਸ਼ੱਦਦ ਦੀ ਪਾਲੀਸੀ ਕਿਉਂ ਇਖਤਿਆਰ ਕੀਤੀ ਗਈ ਹੈ? ਕੀ ਰਿਆਸਤੀ ਕਰਮਚਾਰੀ ਇਸ ਨੂੰ ਕੋਈ ਪਹਾੜੀ

ਰਿਆਸਤ ਖਿਆਲ ਕਰਦੇ ਹਨ? ਕੀ ਏਹ ਸਰਹੱਦੀ ਕਬਾਇਲ ਦਾ ਇਲਾਕਾ ਹੈ? ਕੀ ਏਹ ਜੁਰਾਇਮ ਪੇਸ਼ਾ ਕੌਮਾਂ ਦੀ ਬਸਤੀ ਹੈ? ਕੀ ਆਜ਼ਾਦੀ ਦੀ ਵੀਹਵੀਂ ਸਦੀ ਇਸ ਤੋਂ ਕੋਈ ਅਸਰ ਅੰਦਾਜ਼ੀ ਨਹੀਂ ਹੁੰਦੀ? ਰਿਆਸਤੀ ਤਸ਼ੱਦਦ ਦੀ ਪਾਲਿਸੀ ਨੂੰ ਤੱਕ ਕੇ ਇਹੋ ਜਿਹੇ ਸਵਾਲ ਨੇ, ਜੋ ਹਰ ਸਮਝਦਾਰ ਆਦਮੀ ਦੇ ਦਿਮਾਗ ਵਿਚ ਚੱਕਰ ਲਾਉਂਦੇ ਹਨ।

ਇਨ੍ਹਾਂ ਸਵਾਲਾਂ ਦਾ ਉੱਤਰ ਰਿਆਸਤੀ ਲੋਕਾਂ ਨੇ ਓਹੀ ਦਿੱਤਾ ਹੈ ਜੋ ਕਿਸੀ ਅਣਖ਼ ਤੇ ਗ਼ੈਰਤ ਵਾਲੇ ਲੋਕਾਂ ਤੋਂ ਕੋਈ ਸਮਝਦਾਰ ਆਦਮੀ ਆਸ ਕਰ ਸਕਦਾ ਹੈ। ਸਾਫ਼ ਅੱਖਰਾਂ ਵਿਚ ਰਿਆਸਤੀ ਕਿਸਾਨਾਂ ਨੇ ਇਸ ਧੱਕੜਸ਼ਾਹੀ ਤੇ ਅੰਧੇਰਗਰਦੀ ਅੱਗੇ ਸਿਰ ਨਹੀਂ ਨਿਵਾਇਆ ਸਗੋਂ ਹਰ ਮੁਸੀਬਤ ਦਾ ਖਿੜੇ ਮੱਥੇ ਮੁਕਾਬਲਾ ਕੀਤਾ ਹੈ। ਰਿਆਸਤੀ ਕਿਸਾਨਾਂ ਦਾ ਇੰਨੇ ਲੰਬੇ ਅਰਸੇ ਲਈ ਲੜਾਈ ਜਾਰੀ ਰੱਖ ਸਕਣਾ ਹੀ ਆਪਣੇ ਆਪ 'ਚ ਇਕ ਜਿੱਤ ਹੈ।

ਰਿਆਸਤੀ ਕਿਸਾਨੋਂ! ਤੁਹਾਡਾ ਪਿਛਲੇ ਸਾਲ ਭਾਰਤ ਦੇ ਸ਼ਾਹੀ ਸ਼ਹਿਰ ਦਿੱਲੀ ਵਿਚ ਮਾਤਮੀ ਲਿਬਾਸ ਵਿਚ ਮੁਜ਼ਾਹਰਾ ਸਮਝਦਾਰ ਦੁਨੀਆਂ ਦੀਆਂ ਨਜ਼ਰਾਂ ਵਿਚ ਮਹਾਰਾਜੇ ਤੇ ਉਸਦੇ ਪ੍ਰਬੰਧ ਪੁਰ ਅਦਮ ਇਤਮਾਦ ਦਾ ਢੰਡੋਰਾ ਹੈ। ਇਸ ਨਿਰਬਲਤਾ ਤੇ ਨਿਆਸਰੀ ਹਾਲਤ ਵਿਚ ਓਹੋ ਜਿਹਾ ਕਾਮਯਾਬ ਮੁਜ਼ਾਹਰਾ ਇਕ ਤਾਰੀਖੀ ਘਟਨਾ ਦਾ ਦਰਜਾ ਰੱਖਦਾ ਹੈ ਚੁਨਾਂਚੇ ਉਸ ਮੁਜ਼ਾਹਰੇ ਨੇ ਦਰਦੀ ਦਿਲਾਂ ਨੂੰ ਤੁਹਾਡੇ ਵਲ ਵਧੇਰੇ ਖਿਚ ਲਿਆ ਹੈ। ਇਨ੍ਹਾਂ ਕਰਤੂਤਾਂ ਲਈ ਸ਼ਰਮਿੰਦੇ ਹੋਣ ਦੀ ਥਾਂ ਉਲਟੀ ਸ਼ੇਖੀ ਮਾਰੀ ਜਾਂਦੀ ਹੈ।

**ਰਿਆਸਤੀ ਕਰਮਚਾਰੀਆਂ ਦੀ ਗਿਰਾਵਟ** : ਰਿਆਸਤੀ ਕਰਮਚਾਰੀਆਂ ਨੇ ਨਾ ਕੇਵਲ ਕਿਸਾਨ ਵਰਕਰਾਂ ਤੇ ਲੀਡਰਾਂ ਪੁਰ ਝੂਠੇ ਮੁਕੱਦਮਿਆਂ ਦਾ ਢੌਂਗ ਰਚ ਕੇ ਆਪਣੀ ਕਮਜ਼ੋਰੀ ਦਾ ਅਜ਼ਹਾਰ ਕੀਤਾ ਹੈ (ਚੰਨਣ ਸਿੰਘ ਦਾ ਮੁਕੱਦਮਾ ਇਸ ਗਲ ਦੀ ਤਸਦੀਕ ਕਰਦਾ ਹੈ) ਸਗੋਂ ਤੁਸਾਡੇ ਹਰਮਨ ਪਿਆਰੇ ਲੀਡਰ ਮਾਸਟਰ ਹਰੀ ਸਿੰਘ ਜੀ ਨੂੰ ਐਨ ਰਿਹਾਈ ਦੇ ਦਿਨੀਂ ਪਾਗ਼ਲਖਾਨੇ ਭੇਜ ਕੇ ਹੋਰ ਭੀ ਨੀਚਤਾ ਦਾ ਸਬੂਤ ਦਿੱਤਾ ਹੈ। ਮੈਂ ਖ਼ੁਸ਼ ਹਾਂ, ਕਿ ਲਹੌਰ ਦੇ ਦਿਮਾਗ਼ੀ ਹਸਪਤਾਲ ਦੇ ਮਾਹਿਰ ਡਾਕਟਰਾਂ ਨੇ ਮਾਸਟਰ ਜੀ ਨੂੰ ਬਿਲਕੁਲ ਤੰਦਰੁਸਤ ਕਰਾਰ ਦੇ ਕੇ ਔਰ ਬਾਇੱਜ਼ਤ ਰਿਹਾ ਕਰਕੇ ਰਿਆਸਤੀ ਸਾਜ਼ਿਸ਼ਾਂ ਤੇ ਭੂਤ ਫੇਰੀਆਂ ਨੂੰ ਹੋਰ ਨੰਗਿਆਂ ਕਰ ਦਿੱਤਾ ਹੈ। ਮੇਰਾ ਖਿਆਲ ਹੈ ਕਿ ਰਿਆਸਤ ਦਾ ਏਹੋ ਜਿਹਾ ਇਕੋ ਖੇਲ੍ਹ ਰਿਆਸਤ ਨੂੰ ਦੁਨੀਆਂ ਭਰ ਦੀਆਂ ਨਜ਼ਰਾਂ ਵਿਚ ਨੰਗਾ ਕਰਨ ਲਈ ਕਾਫੀ ਹੈ। ਰਿਆਸਤੀ ਅਫ਼ਸਰਾਂ ਦੀਆਂ ਇਹੋ ਜਿਹੀਆਂ ਆਪ ਹੁਦਰੀਆਂ ਤੇ ਭੂਤ ਫੇਰੀਆਂ ਨੇ ਅੰਗਰੇਜ਼ੀ ਇਲਾਕੇ ਦੇ ਕਿਸਾਨਾਂ ਦੀਆਂ ਦਿਲੀ ਹਮਦਰਦੀਆਂ ਤੁਹਾਡੇ ਨਾਲ ਸ਼ਾਮਲ ਕਰ ਦਿੱਤੀਆਂ ਹਨ। ਰਿਆਸਤ ਦੀ ਰਾਜਧਾਨੀ ਕਪੂਰਥਲਾ ਦੀ ਜੇਲ੍ਹ ਵਿਚ ਸ. ਚੰਨਣ ਸਿੰਘ ਦੀ ਭੁੱਖ ਹੜਤਾਲ ਦੀ ਦਿਲ ਹਿਲਾ ਦੇਣ ਵਾਲੀ ਦਾਸਤਾਂ ਤੁਹਾਡੀ ਤਹਿਰੀਕ ਵਿਚ ਜੀਵਨ ਰੌਂ ਪੈਦਾ ਕੀਤੇ ਬਿਨਾਂ ਨਹੀਂ ਰਹਿ ਸਕਦੀ। ਇਸੇ ਤਰ੍ਹਾਂ ਹੋਰ ਰਿਆਸਤਾਂ ਦੇ ਪੁਲੀਟੀਕਲ ਕੈਦੀਆਂ ਨਾਲ ਕੀਤੀ ਜਾ ਰਹੀ ਬਦ-ਸਲੂਕੀ ਤੁਹਾਡੇ ਹਮਦਰਦਾਂ ਦੀ ਗਿਣਤੀ ਵਿਚ ਵਾਧਾ ਹੀ ਕਰੇਗੀ।

**ਅੰਤਮ ਅਪੀਲ** : ਮੈਂ ਅੰਤ ਵਿਚ ਤੁਹਾਡੇ ਇਸ ਲੰਬੇ ਅਰਸੇ ਲਈ ਜਾਗੀਰਦਾਰੀ ਪ੍ਰਬੰਧ ਦੇ ਵਿਰੁੱਧ ਘੋਲ ਨੂੰ ਇਸ ਫਿਰਕੂ ਵਾਯੂ ਮੰਡਲ ਵਿਚ ਫਿਰਕੂਪੁਣੇ ਤੋਂ ਉਚੇਰਾ ਕਰਕੇ ਬੜੇ ਜਿਗਰੇ ਨਾਲ ਜਾਰੀ ਰੱਖਣ ਦੀ ਸਪਿਰਟ ਤੇ ਜਜ਼ਬਿਆਂ ਦੀ ਦਾਦ ਦਿੰਦਾ ਹੋਇਆ ਤੁਹਾਨੂੰ ਆਪਣੇ ਵਲੋਂ ਤੇ ਆਪਣੇ ਸਾਥੀਆਂ ਵਲੋਂ ਭਰੋਸਾ ਦਿਵਾਉਂਦਾ ਹਾਂ ਕਿ ਅਸੀਂ ਤੁਹਾਡੀਆਂ ਇਨ੍ਹਾਂ ਮੁਸੀਬਤਾਂ ਤੇ ਦੁੱਖਾਂ ਵਿਚ ਦਿਲ ਦੀਆਂ ਡੂੰਘਾਈਆਂ ਤੋਂ ਸਾਥ ਦਿਆਂਗੇ। ਮੈਂ ਅਪੀਲ ਕਰਦਾ ਹਾਂ ਕਿ ਤੁਸੀਂ ਹੋਰ ਭੀ ਦ੍ਰਿੜਤਾ ਤੇ ਜਿਗਰੇ ਨਾਲ ਇਕ ਪੱਕੀ ਜਥੇਬੰਦੀ ਦੀ ਲੜੀ ਵਿਚ ਪਰੋਤੇ ਜਾ ਕੇ ਡਟੇ ਰਹੋਗੇ। ਫਤੇਹ ਯਕੀਨੀ ਤੌਰ ਪੰਰ ਤੁਹਾਡੇ ਚਰਨ ਚੁੰਮੇਗੀ।

**ਆਮ ਜਨਤਾ ਪ੍ਰਤੀ** : ਮੈਂ ਅੰਗਰੇਜ਼ੀ ਇਲਾਕੇ ਦੀ ਦੁਖੀ ਤੇ ਪੀੜ੍ਹਤ ਜਨਤਾ ਨੂੰ ਤੇ ਖਾਸ ਕਰਕੇ ਰਿਆਸਤੀ ਪਰਜਾ ਨੂੰ ਆਮ ਕਰਕੇ ਅਪੀਲ ਕਰਾਂਗਾ ਕਿ ਉਹ ਗਵਰਨਮਿੰਟ (ਪੈਰਾਮਾਉਂਟ ਪਾਵਰ) ਪਰ ਜ਼ੋਰ ਦੇਵੇ ਕਿ ਜ਼ਿਮੀਂਦਾਰਾ ਲੀਗ ਕਪੂਰਥਲਾ ਦੀਆਂ ਮੰਗਾਂ ਜੋ ਕਿ ਬਿਲਕੁਲ ਜਾਇਜ਼ ਤੇ ਸਾਧਾਰਨ ਹਨ, ਪੂਰੀਆਂ ਕਰਨ ਤੋਂ ਇਲਾਵਾ-

1. ਰਿਆਸਤੀ ਪਰਜਾ ਦੇ ਭਾਰ ਨੂੰ ਹੌਲਾ ਕਰਨ ਲਈ ਰਿਆਸਤ ਅੰਦਰ ਕਰਜ਼ਿਆਂ ਦੀ ਤਨਸੀਖ ਦਾ ਕਾਨੂੰਨ ਬਣਵਾਏ।

2. ਰਿਆਸਤ ਦੀ ਆਮਦਨੀ ਦੇ 5 ਫੀਸਦੀ ਤੋਂ ਵਧ ਸ਼ਾਹੀ ਖਾਨਦਾਨ ਪੁਰ ਖ਼ਰਚ ਨਾ ਕੀਤਾ ਜਾਵੇ। ਜਿਵੇਂ ਕਿ ਟ੍ਰਾਵਨਕੋਰ ਦੀ ਰਿਆਸਤ ਵਿਚ ਉੱਥੇ ਦੇ ਸ਼ਾਹੀ ਖਾਨਦਾਨ ਪਰ 4 ਫ਼ੀਸਦੀ ਤੋਂ ਵੱਧ ਖ਼ਰਚ ਨਹੀਂ ਹੁੰਦਾ।

3. ਮਾਸਟਰ ਹਰੀ ਸਿੰਘ ਜੀ ਨੂੰ ਲਾਹੌਰ ਦੇ ਦਿਮਾਗੀ ਹਸਪਤਾਲ ਵਿਚ ਘਲਣ ਦੀ ਕਮੀਨੀ ਤੇ ਨੀਚਤਾ ਭਰੀ ਗੋਂਦ ਦੀ ਨਿਰਪੱਖ ਪੜਤਾਲੀਆ ਕਮੇਟੀ ਰਾਹੀਂ ਪੜਤਾਲ ਕਰਾਈ ਜਾਵੇ। ਨਹੀਂ ਤਾਂ ਹਰ ਇਕ ਪੋਲੀਟੀਕਲ ਵਰਕਰ ਦੀ ਇੱਜ਼ਤ ਤੇ ਜ਼ਿੰਦਗੀ ਖ਼ਤਰੇ ਵਿਚ ਰਹੇਗੀ।

4. ਰਿਆਸਤੀ ਪੀੜਤ ਲੋਕਾਂ ਦੀ ਹਮਦਰਦੀ ਰੱਖਣ ਵਾਲੇ ਸੱਜਣਾਂ ਦੀ ਇਕ ਕਪੂਰਥਲਾ ਕਿਸਾਨ ਸਹਾਇਕ ਲੀਗ ਬਣਾਈ ਜਾਵੇ ਜੋ ਰਿਆਸਤੀ ਜਬਰ ਤਸ਼ੱਦਦ ਨੂੰ ਅੰਗਰੇਜ਼ੀ ਇਲਾਕੇ ਦੀ ਪਬਲਿਕ ਅੱਗੇ ਰੱਖ ਸਕੇ ਅਤੇ ਲੋੜ ਅਨੁਸਾਰ ਰਿਆਸਤ ਦੇ ਕਰੀਬੀ ਪੰਜਾਬ ਦੇ ਪਿੰਡਾਂ ਤੇ ਕਸਬਿਆਂ ਵਿਚ ਕਪੂਰਥਲਾ ਦੇ ਕਿਸਾਨਾਂ ਪੁਰ ਹੋ ਰਹੇ ਜ਼ੁਲਮ ਦੇ ਖਿਲਾਫ਼ ਜਲਸੇ ਅਤੇ ਮੁਜ਼ਾਹਰੇ ਕਰ ਸਕੇ ਕਿਉਂਕਿ ਮੁਜ਼ਾਹਰੇ ਹੀ ਸਾਡੇ ਜ਼ਜ਼ਬਾਤ ਦੀ ਠੀਕ-ਠੀਕ ਝਲਕ ਪਾ ਸਕਦੇ ਹਨ।

5. ਅੰਤ ਵਿਚ ਮੈਂ ਰਿਆਸਤੀ ਕਿਸਾਨ ਵਰਕਰਾਂ ਨੂੰ ਅਪੀਲ ਕਰਾਂਗਾ ਕਿ ਉਹ ਉਪਰੋਕਤ ਸੁਸਾਇਟੀ ਜਾਂ ਸੋਸ਼ਲਿਸਟ ਵਰਕਰਾਂ ਨਾਲ ਮਿਲਕੇ ਮਿਲਵੇਂ ਫਰੰਟ ਵਿਚ ਅਪਣੇ ਇਸ ਆਰਥਿਕ ਘੋਲ ਨੂੰ ਸਿਰੇ ਚਾੜ੍ਹਨ ਦਾ ਯਤਨ ਕਰਨ।

ਅੰਤ ਵਿਚ ਰਿਆਸਤੀ ਕਿਸਾਨਾਂ ਦਾ ਆਰਥਿਕ ਘੋਲ ਜ਼ਿੰਦਾਬਾਦ ਸਰਮਾਏਦਾਰੀ ਪ੍ਰਬੰਧ ਮੁਰਦਾਬਾਦ ਦੇ ਸ਼ਬਦਾਂ ਨਾਲ ਆਪਣੀਆਂ ਬੇਨਤੀਆਂ ਨੂੰ ਖਤਮ ਕਰਦਾ ਹਾਂ।

ਇਸ ਸਮੇਂ ਦੁਆਬਾ ਵਿਚ ਕਿਸਾਨੀ ਕਰਜ਼ਿਆਂ ਵਿਰੁੱਧ ਘੋਲ ਸ਼ੁਰੂ ਹੋ ਗਿਆ ਸੀ ਬੜੀਆਂ ਵੱਡੀਆਂ ਕਾਨਫਰੰਸਾਂ ਦੁਆਬੇ ਦੇ ਪਿੰਡਾਂ ਵਿਚ ਜਿਵੇਂ ਚੀਮਾ ਕਲਾਂ, ਬੜਾ ਪਿੰਡ ਆਦਿ ਕੀਤੀਆਂ ਗਈਆਂ ਸਨ। ਬਹੁਤ ਸਾਰੇ ਜਲਸੇ ਜਿਵੇਂ 4 ਦਸੰਬਰ 1935 ਪਾਸਲਾ, 9 ਨੂੰ ਨੰਗਲ ਸਪਰੋੜ, 10 ਨੂੰ ਬਿਲਗਾ, 12 ਨੂੰ ਕਰਤਾਰਪੁਰ, 13 ਨੂੰ ਡੱਲੇਵਾਲ ਅਤੇ 14 ਤਾਰੀਖ ਨੂੰ ਬਾਂਸੀਆਂ ਵਿਚ ਹੋਏ ਅਤੇ ਲੋਕ ਭਾਰੀ ਗਿਣਤੀ ਵਿਚ ਸ਼ਾਮਲ ਹੋਏ ਅੰਤ 'ਚ ਹੇਠ ਲਿਖੇ ਮਤੇ ਪਾਸ ਕੀਤੇ ਗਏ:

1. ਸਾਥੀ ਚੰਨਣ ਸਿੰਘ, ਸਾਥੀ ਬੂਝਾ ਸਿੰਘ, ਸਾਥੀ ਦੁੱਲਾ ਸਿੰਘ, ਸਾਥੀ ਅਚਿੰਤ ਰਾਮ ਨੂੰ ਬਿਨਾਂ ਸਬੂਤ ਸ਼ੱਕ ਦੀ ਬਿਨਾਂ 'ਤੇ ਗ੍ਰਿਫ਼ਤਾਰ ਕਰਕੇ ਲਾਹੌਰ ਜੇਲ੍ਹ ਵਿਚ ਬੰਦ ਕਰਨ ਦੀ ਅਤੇ ਮੁਲਾਕਾਤਾਂ ਵਿਚ ਅੱਗੇ ਪਿੱਛੇ ਕਰਨ ਵਾਲੀ ਸਰਕਾਰੀ ਪਾਲਸੀ ਤੋਂ ਘਿਰਨਾ ਪ੍ਰਗਟ ਕੀਤੀ ਗਈ।

2. ਪ੍ਰਦੇਸਾਂ ਵਿਚੋਂ ਵਾਪਸ ਆਏ ਸਾਥੀਆਂ ਨਾਲ ਪੁਲਿਸ ਵੱਲੋਂ ਕੀਤੇ ਜਾ ਰਹੇ ਵਾਧੂ ਤੇ ਤੰਗ ਕਰਨ ਵਾਲੀ ਪੁੱਛਗਿੱਛ ਦੇ ਗਾਲੀਆਂ ਤੇ ਬੇਇੱਜ਼ਤੀ ਭਰੇ ਵਤੀਰੇ ਨੂੰ ਸਖ਼ਤ ਘਿਰਣਾ ਦੀ ਨਜ਼ਰ ਨਾਲ ਵੇਖਿਆ ਗਿਆ ਅਤੇ ਐਲਾਨ ਕੀਤਾ ਗਿਆ ਕਿ ਇਸ ਅਯੋਗ ਵਤੀਰੇ ਤੋਂ ਜੋ ਨਤੀਜੇ ਨਿਕਲਣ, ਉਸਦੀ ਪੁਲਸ ਜ਼ੁੰਮੇਵਾਰ ਹੋਵੇਗੀ।

3. ਲੋਕਾਂ ਦੀ ਹਾਲਤ ਨੂੰ ਦੇਖਦੇ ਹੋਏ ਕਰਜ਼ਿਆਂ ਦੀ ਉਕੀ ਹੀ ਮਨਸੂਖੀ ਨੂੰ ਅੱਗੇ ਰੱਖਿਆ ਗਿਆ।[52]

## 1936-37 ਦੀਆਂ ਅਸੰਬਲੀ ਚੋਣਾਂ

ਕਮਿਊਨਲ ਅਵਾਰਡ ਲਾਗੂ ਹੋ ਜਾਣ ਨਾਲ ਅੰਗਰੇਜ਼ ਹਕੂਮਤ ਵਲੋਂ 1936 ਵਿਚ ਸੂਬਾਈ ਅਸੈਂਬਲੀਆਂ ਦੀਆਂ ਚੋਣਾਂ ਦੇ ਐਲਾਨ ਨਾਲ ਰਾਜਸੀ ਵਾਤਾਵਰਨ ਗਰਮ ਹੋ ਗਿਆ ਸੀ। ਅੰਗਰੇਜ਼ ਪੱਖੀ ਯੂਨੀਅਨਿਸਟ ਪਾਰਟੀ ਦੇ ਸਰ ਸਕੰਦਰ ਹਯਾਤ ਖਾਨ ਦੀ ਅਗਵਾਈ ਵਿਚ ਸਰ ਫਜ਼ਲ ਹੁਸੈਨ, ਰਾਜਾ ਨਰਿੰਦਰ ਨਾਥ, ਸਰ ਸੁੰਦਰ ਸਿੰਘ ਮਜੀਠੀਆ ਵਰਗੇ ਵੱਡੇ ਅੰਗਰੇਜ਼-ਪ੍ਰਸਤਾਂ ਨੇ ਮਿਲ ਕੇ ਪੰਜਾਬ ਅੰਦਰ ਆਜ਼ਾਦੀ ਪਸੰਦ ਪਾਰਟੀਆਂ ਦੇ ਮਿਲਵੇਂ ਫਰੰਟ ਦੇ ਵਿਰੁੱਧ ਹਿੰਦੂ ਸਿੱਖ ਤੇ ਮੁਸਲਮਾਨਾਂ ਦੇ ਮਜ਼ਬੀ ਪੈਰੋਕਾਰਾਂ ਨਾਲ ਗਲਵੱਕੜੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਦਰਅਸਲ ਗੁਰਦੁਆਰਾ ਐਕਟ ਬਨਣ ਤੋਂ ਬਾਅਦ ਕਾਂਗਰਸ ਪਾਰਟੀ ਦੇ ਵਿਅਕਤੀਗਤ ਸਤਿਆਗ੍ਰਹਿ ਆਰੰਭ ਹੋਣ ਤਕ ਪੰਜਾਬ ਵਿਚ ਵੱਡੇ ਜਿਮੀਂਦਾਰਾਂ ਦੀ ਇਕ ਤੀਜੀ ਜਮਾਤ ਉਭਰ ਰਹੀ ਸੀ। ਜਿਸਦਾ ਪਿੱਛੋਂ ਜਾ ਕੇ ਯੂਨੀਅਨਿਸਟ ਪਾਰਟੀ ਨਾਮ ਪਿਆ। ਇਸ ਪਾਰਟੀ ਦੇ ਮੁਖੀ ਸਨ ਸਰ ਸਿਕੰਦਰ ਹਯਾਤ ਖਾਂ, ਸਰ ਚੌਧਰੀ ਛੋਟੂ ਰਾਮ ਅਤੇ ਸਰ ਸਰਦਾਰ ਸੁੰਦਰ ਸਿੰਘ ਮਜੀਠੀਆ। ਇਸ ਪਾਰਟੀ ਨੂੰ ਖੜਾ ਕਰਨ ਦਾ ਅਸਲ ਮਨੋਰਥ ਕੇਵਲ ਇਹ ਸੀ ਕਿ ਅੰਗਰੇਜ਼ ਹਕੂਮਤੀ ਅਧਿਕਾਰਾਂ ਵਿਚ ਦੇਸ਼ ਭਗਤ ਪੰਜਾਬੀਆਂ ਨੂੰ ਹਿੱਸੇਦਾਰ ਬਣਾਉਣ ਦੀ ਥਾਂ ਅਜੇਹੇ ਵਰਗ ਨੂੰ ਅੱਗੇ ਲਿਆਉਣਾ ਚਾਹੁੰਦੇ ਸੀ, ਜਿਹੜਾ ਉਸ ਨਾਲ ਮਿਲ ਕੇ ਆਜ਼ਾਦੀ ਦੀ ਬਲਵਾਨ ਲੋਕ ਲਹਿਰ ਨੂੰ



THE KIRTI AMRITSAR

R. L. No. 3305

# ਕਿਰਤੀ

ਕਿਸਾਨੋ! ਆਪਣੇ ਅਸਲੀ ਸਾਥੀ ਮਜ਼ਦੂਰਾਂ ਨਾਲ ਮਿਲੋ

## ਕਾਮਰੇਡ ਅਛਰ ਸਿੰਘ ਛੀਨਾ ਗਰਿਫਤਾਰ

## ਅਸੰਬਲੀ ਵਿਚ ਭੇਜਣ ਲਈ ਯਾਦ ਰਖੋ

ਮਾਸਟਰ ਕਾਬਲ ਸਿੰਘ

ਸਾਥੀ ਬੂਝਾ ਸਿੰਘ

ਅਸੰਬਲੀ ਚੋਣ ਦਾ 'ਕਿਰਤੀ' ਰਾਹੀਂ ਪ੍ਰਚਾਰ

ਵਧੇਰੇ ਉਭਰਨ ਨਾ ਦੇਵੇ। ਇਨ੍ਹਾਂ ਚੋਣਾਂ ਵਿਚ ਯੂਨੀਅਨਿਸਟ ਪਾਰਟੀ ਪੂਰੀਆਂ ਤਿਆਰੀਆਂ ਨਾਲ ਮੈਦਾਨ ਵਿਚ ਨਿੱਤਰੀ ਅਤੇ ਉਸਨੂੰ ਆਪਣੀ ਆਸ ਨਾਲੋਂ ਕਿਤੇ ਵੱਧ ਸਫ਼ਲਤਾ ਪ੍ਰਾਪਤ ਹੋਈ।[53] ਦੂਜੇ ਪਾਸੇ ਲੋਕ-ਪੱਖੀ ਤੇ ਆਜ਼ਾਦੀ ਪਸੰਦ, ਜਿਵੇਂ ਕਾਂਗਰਸ, ਸ਼ੋਸ਼ਲਿਸਟ ਅਤੇ ਕਿਰਤੀ ਕਮਿਊਨਿਸਟ ਆਦਿ ਪਾਰਟੀਆਂ ਵਲੋਂ ਲੋਕ ਪੱਖੀ ਮਿਲਵਾਂ ਫਰੰਟ ਬਣਾ ਕੇ ਅੰਗਰੇਜ਼ ਭਗਤ ਟੋਲੇ ਦੇ ਵਿਰੁੱਧ ਚੋਣਾਂ ਵਿਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ। ਮਿਲਾਵਾਂ ਫਰੰਟ ਦੇ ਭਾਈਵਾਲਾਂ ਨੇ "ਦੇਸ਼ ਭਗਤ ਚੋਣ ਬੋਰਡ" ਨਾਂਅ ਦੇ ਤਹਿਤ ਸੀਟਾਂ ਦੀ ਵੰਡ ਕਰਕੇ ਚੋਣ ਮੁਹਿੰਮ ਚਲਾਉਣ ਦਾ ਐਲਾਨ ਕੀਤਾ। ਇਨ੍ਹਾਂ ਦੋ ਫਰੰਟਾਂ ਵਿਚਕਾਰ ਖੜੀ ਅਕਾਲੀ ਪਾਰਟੀ ਦੀ ਪੁਜ਼ੀਸ਼ਨ ਬਾਰੇ 'ਕਿਰਤੀ' ਨੇ ਲਿਖਿਆ ਸੀ, "ਇਨ੍ਹਾਂ ਦੋਹਾਂ ਦੇ ਵਿਚਾਲੇ ਕਈ ਇਕ ਜਥੇਬੰਦੀਆਂ ਅਕਾਲੀ ਪਾਰਟੀ, ਅਹਿਰਾਰ ਪਾਰਟੀ ਆਦਿਕ ਡੋਲ ਰਹੀਆਂ ਹਨ। ਸਰਕਾਰ ਪੂਜ ਇਨ੍ਹਾਂ ਨੂੰ ਆਪਣੇ ਵਲ ਖਿੱਚਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ ਤੇ ਲੋਕਾਂ ਦਾ ਮਿਲਵਾਂ ਫਰੰਟ* ਬੰਨ੍ਹਣ ਵਾਲਿਆਂ ਨੇ ਇਨ੍ਹਾਂ ਨੂੰ ਆਪਣੇ ਵਿਚ ਮਿਲਣ ਲਈ ਸੱਦਾ ਦਿੱਤਾ ਹੈ। ਕੀ ਇਹ ਪਾਰਟੀਆਂ ਸਰਕਾਰ ਪੂਜਾਂ ਨਾਲ ਗੰਢ-ਜੋੜ ਕਰਕੇ ਲੋਕਾਂ ਦੀਆਂ ਪਿਛਲੀਆਂ ਕੁਰਬਾਨੀਆਂ ਤੇ ਪਾਣੀ ਫੇਰ ਦੇਣਗੀਆਂ? ਜੋ ਆਮ ਲੋਕਾਂ ਨਾਲ ਗ਼ਦਾਰੀ ਹੋਵੇਗੀ।" ਕਿਰਤੀ ਕਿਸਾਨ ਪਾਰਟੀ ਦੇ ਉੱਘੇ ਆਗੂ ਇੰਦਰ ਸਿੰਘ ਕਿਰਤੀ ਉਨ੍ਹਾਂ ਹਾਲਤਾਂ ਬਾਰੇ ਲਿਖਦੇ ਨੇ, "ਲੋਕ ਪੱਖੀ ਮਿਲਵੇਂ ਫਰੰਟ ਦੀ ਇਹ ਰਾਏ ਸੀ ਕਿ ਅਕਾਲੀ, ਕਾਂਗਰਸ ਦੀ ਟੱਕਰ ਨਾ ਹੋਵੇ, ਦੋਵੇਂ ਅੰਗਰੇਜ਼ ਪੱਖੀ ਤੇ ਝੋਲੀ ਚੁੱਕਾਂ ਦਾ ਮੁਕਾਬਲਾ ਇਕੱਠੇ ਹੋ ਕੇ ਕਰਨ।"[54] ਪ੍ਰੰਤੂ ਅਕਾਲੀਆਂ ਵੱਲੋਂ ਅਜਿਹਾ ਨਾ ਹੋਇਆ।

ਕਿਰਤੀ ਕਮਿਊਨਿਸਟ ਤੇ ਸ਼ੋਸ਼ਲਿਸਟਾਂ ਦੇ ਅਧਾਰਤ ਚੋਣਾਂ ਵਿਚ ਕੁੱਦਣ ਅਤੇ ਆਪਣੇ ਉਮੀਦਾਵਰਾਂ ਦੀ ਚੋਣ ਮੁਹਿੰਮ ਚਲਾਉਣ ਲਈ "ਦੇਸ਼ ਭਗਤ ਇਲੈਕਸ਼ਨ ਪ੍ਰਾਪੇਗੰਡਾ ਬੋਰਡ" ਦਾ ਗਠਨ ਕੀਤਾ ਗਿਆ, ਜਿਸ ਵਿਚ ਬਾਬਾ ਵਸਾਖਾ ਸਿੰਘ, ਬਾਬਾ ਜਵਾਲਾ ਸਿੰਘ ਠੱਠੀਆਂ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਕਰਮ ਸਿੰਘ ਚੀਮਾ, ਬਾਬਾ ਹਰਨਾਮ ਸਿੰਘ ਕਾਮਾਗਾਟਾ ਮਾਰੂ, ਬਾਬਾ ਭਾਗ ਸਿੰਘ ਕਨੇਡੀਅਨ, ਬਾਬਾ ਨੰਦ ਸਿੰਘ ਕੈਲੇ, ਦਸੋਂਧਾ ਸਿੰਘ ਢਾਡਾ, ਬਾਬਾ ਸ਼ੇਰ ਸਿੰਘ, ਬਾਬਾ ਇੰਦਰ ਸਿੰਘ ਸੁਰਸਿੰਘ, ਡਾ. ਭਾਗ ਸਿੰਘ, ਬਾਬਾ ਨਿਧਾਨ ਸਿੰਘ ਚੁੱਘਾ, ਸਜਨ ਸਿੰਘ ਬੀਹਲਾ, ਬਾਬਾ ਕੇਸਰ ਸਿੰਘ ਠਠਗੜ੍ਹ, ਮੁਹੱਬਤ ਸਿੰਘ ਕੋਟ ਸੋਧਾ ਤੇ ਬਾਬਾ ਭਗਵਾਨ ਸਿੰਘ ਦੁਸਾਂਝ ਸ਼ਾਮਲ ਸਨ। ਇਨ੍ਹਾਂ ਮੈਂਬਰਾਂ ਦੀਆਂ ਚੋਣ ਡਿਊਟੀਆਂ ਆਪਣੇ ਉਮੀਦਵਾਰਾਂ ਲਈ ਲਾ ਦਿੱਤੀਆਂ ਗਈਆਂ।

ਅਕਾਲੀ ਪਾਰਟੀ ਨੇ ਆਜ਼ਾਦੀ ਪਸੰਦਾਂ ਦੀ ਬਜਾਏ ਅੰਗਰੇਜ਼ ਪ੍ਰਸਤ ਜਿਵੇਂ ਟਿੱਕਾ ਜਗਜੀਤ ਸਿੰਘ, ਬਿਸ਼ਨ ਸਿੰਘ, ਸ.ਬ. ਵਸਾਖਾ ਸਿੰਘ, ਜ਼ੈਲਦਾਰ ਨਰੋਤਮ ਸਿੰਘ, ਸੰਪੂਰਨ ਸਿੰਘ, ਬਲਦੇਵ ਸਿੰਘ ਤੇ ਹਰਨਾਮ ਸਿੰਘ ਨੂੰ ਆਪਣੀ ਹਮਾਇਤ

ਦਿੱਤੀ ਸੀ। ਇਸ ਹਮਾਇਤ ਦੇ ਸੰਦਰਭ ਵਿਚ ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਨੇ ਕਿਹਾ ਸੀ ਕਿ, "ਅਸੀਂ ਸਰਕਾਰ ਪ੍ਰਸਤਾਂ ਅਤੇ ਝੋਲੀਚੁੱਕਾਂ ਨੂੰ ਤਾਂ ਇਮਦਾਦ ਦੇ ਸਕਦੇ ਹਾਂ ਪਰ ਕਾਂਗਰਸ ਟਿਕਟ ਤੇ ਖੜੋਨ ਵਾਲਿਆਂ ਦੀ ਵਿਰੋਧਤਾ ਕਰਨੋ ਨਹੀਂ ਰੁੱਕ ਸਕਦੇ।"[55] ਅਕਾਲੀ ਲੀਡਰਾਂ ਦੀ ਅਜਿਹੀ ਪੈਂਤੜੇਬਾਜ਼ੀ ਤੋਂ ਨਿਰਾਸ਼ ਹੋ ਕੇ ਅਕਾਲੀਆਂ ਦਾ ਆਜ਼ਾਦੀ ਪਸੰਦ ਕੇਡਰ ਦੇਸ਼ ਭਗਤਾਂ ਵਾਲੇ ਫਰੰਟ ਦੀ ਹਿਮਾਇਤ ਵਿਚ ਡੱਟ ਗਿਆ ਸੀ। ਅਕਾਲੀਆਂ ਦੀ ਇਸ ਨੀਤੀ ਦੇ ਕਾਰਨ ਅੰਮ੍ਰਿਤਸਰ ਜ਼ਿਲ੍ਹੇ ਦੀ ਸਿਰਹਾਲੀ ਸੀਟ ਤੋਂ ਮਹਾਨ ਦੇਸ਼ ਭਗਤ ਬਾਬਾ ਗੁਰਦਿਤ ਸਿੰਘ ਖੜ੍ਹੇ ਸਨ ਅਤੇ ਉਨ੍ਹਾਂ ਦੇ ਟਾਕਰੇ ਤੇ ਅਕਾਲੀ ਦਲ ਨੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਖੜਾ ਕੀਤਾ ਸੀ। ਕਾਂਗਰਸ ਨੇ ਬਾਬਾ ਜੀ ਨੂੰ ਕੋਈ ਮਾਇਕ ਸਹਾਇਤਾ ਨਾ ਦੇਣ ਅਤੇ ਵਰਕਰਾਂ ਦੀ ਕਮੀ ਹੋਣ ਕਰਕੇ ਉਹ ਚੁਣਾਉ ਹਾਰ ਗਏ। ਕਿਰਤੀ ਪਾਰਟੀ ਦੇ ਜਨਤਕ ਅਧਾਰ ਦੇ ਸਿੱਟੇ ਵਜੋਂ ਕੁੱਲ ਖੜ੍ਹੇ ਕੀਤੇ ਗਏ ਦਸ ਉਮੀਦਵਾਰਾਂ ਵਿਚੋਂ ਅੱਠ ਜੇਤੂ ਹੋਏ ਸਨ। ਚੋਣਾਂ ਦੌਰਾਨ ਇਕ ਉਮੀਦ ਤੇਜਾ ਸਿੰਘ ਸੁਤੰਤਰ ਦੇ ਕਾਗਜ਼ ਰੱਦ ਹੋ ਗਏ ਸਨ। ਉਹ ਉਸ ਸਮੇਂ ਨਜ਼ਰਬੰਦ ਸਨ। ਚੂਨੀਆਂ ਵਾਲੀ ਸੀਟ ਤੋਂ ਜਿਹੜੀ ਜੋਗਿੰਦਰ ਸਿੰਘ ਦੇ ਅਸਤੀਫਾ ਦੇਣ ਕਾਰਨ ਖਾਲੀ ਹੋ ਗਈ ਸੀ ਉਥੋਂ ਕਾਮਰੇਡ ਤੇਜਾ ਸਿੰਘ ਸੁਤੰਤਰ ਨੇ ਦਰਖਾਸਤ ਦਿੱਤੀ, ਜਿਥੋਂ ਉਹ ਕਾਮਯਾਬ ਹੋ ਗਿਆ ਸੀ। ਕਾ. ਸੁਤੰਤਰ ਦੀ ਚੋਣ ਦਾ ਖੁਲਾਸਾ ਭੀ ਬੜਾ ਰੌਚਕ ਹੈ।

ਸਫਲ ਹੋਏ ਅੱਠ ਉਮੀਦਵਾਰ ਇਸ ਪ੍ਰਕਾਰ ਸਨ: ਬਾਬਾ ਅਰੂੜ ਸਿੰਘ ਚੂਹੜਚੱਕ ਬਿਨਾਂ ਮੁਕਾਬਲਾ ਜਿੱਤ ਗਏ ਸਨ। ਮਾਸਟਰ ਹਰੀ ਸਿੰਘ ਧੂਤ, ਬੀਬੀ ਰਘਬੀਰ ਕੌਰ, ਬਾਬਾ ਹਰਜਾਪ ਸਿੰਘ, ਕਾਮਰੇਡ ਸੋਹਣ ਸਿੰਘ ਜੋਸ਼, ਕਾਮਰੇਡ ਤੇਜਾ ਸਿੰਘ ਸੁਤੰਤਰ ਅਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ। ਮਾਸਟਰ ਕਾਬਲ ਸਿੰਘ ਜਲੰਧਰ ਦਿਹਾਤੀ ਫਲੌਰ ਤੋਂ ਚੋਣ ਲੜੇ ਸਨ। ਉਨ੍ਹਾਂ ਦੀ ਚੋਣ ਦੇ ਇੰਚਾਰਜ ਬਾਬਾ ਭਗਵਾਨ ਸਿੰਘ ਦੁਸਾਂਝ, ਬਾਬਾ ਕਰਮ ਸਿੰਘ ਚੀਮਾ, ਇੰਦਰ ਸਿੰਘ ਕਿਰਤੀ ਅਤੇ ਕਵਰਿੰਗ ਕੈਂਡੀਡੇਟ ਬਾਬਾ ਭਗਤ ਸਿੰਘ ਬਿਲਗਾ ਸਨ। ਮਾਸਟਰ ਜੀ ਦੇ ਮੁਕਾਬਲੇ ਤੇ ਅੰਗਰੇਜ਼ ਝੋਲੀਚੁੱਕ ਜਸਵੰਤ ਸਿੰਘ ਜਿਹੜਾ ਸ਼ਹੀਦ ਭਗਤ ਸਿੰਘ ਦੇ ਦਾਦਾ ਸ. ਅਰਜਨ ਸਿੰਘ ਦੇ ਭਰਾ ਸੁਰਜਨ ਸਿੰਘ (ਅੰਗਰੇਜ਼ ਪ੍ਰਸਤ) ਦਾ ਪੁੱਤਰ ਸੀ। ਮਾਸਟਰ ਕਾਬਲ ਸਿੰਘ ਦੀ ਸ਼ਾਨਦਾਰ ਜਿੱਤ ਦਾ ਸਿਹਰਾ ਉਨ੍ਹਾਂ ਇਨਕਲਾਬੀਆਂ ਦੇ ਸਿਰ ਸੀ ਜਿਹੜੇ ਅੰਗਰੇਜ਼ੀ ਸਾਮਰਾਜ ਦੇ ਰਾਜ ਦਾ ਖ਼ਾਤਮਾ ਕਰਨ ਲਈ ਤਤਪਰ ਸਨ। ਮਾਸਟਰ ਕਾਬਲ ਸਿੰਘ ਦੀ ਚੋਣ ਪਿੱਛੇ ਲੋਕਾਂ ਦੀ ਲਾਮਬੰਦੀ ਇਸ ਪੱਖ ਤੋਂ ਸਮਝੀ ਜਾ ਸਕਦੀ ਹੈ ਕਿ ਉਸਦੇ ਵਿਰੋਧੀ ਜਸਵੰਤ ਸਿੰਘ ਦੀ ਜਮਾਨਤ ਜਬਤ ਹੋ ਗਈ ਸੀ। ਇਸ ਚੋਣ ਦੀ ਮਹੱਤਤਾ ਇਸ ਪੱਖ ਤੋਂ ਵੀ ਸੀ ਕਿ ਉਸ ਸਮੇਂ ਵੋਟ ਪਾਉਣ ਦਾ ਅਧਿਕਾਰ ਵਸੋਂ ਦੇ ਲਗਭਗ ਇਕ ਚੌਥਾਈ ਹਿੱਸੇ ਤੋਂ ਵੀ ਘੱਟ ਲੋਕਾਂ ਨੂੰ ਸੀ। ਉਸ ਸਮੇਂ ਅੱਜ ਵਾਂਗ ਵੋਟ ਪਾਉਣ ਦਾ ਅਧਿਕਾਰ ਨਹੀਂ ਸੀ। ਸਿਰਫ ਪੜ੍ਹੇ-ਲਿਖੇ,

[illegible] ਸਾਥੀਆਂ ਨੇ ਪਿਛਲੀ ਕੁਰਬਾਨੀ [illegible]
ਵਿਚ [illegible] ਕਰ ਦਿਤੀ ਸੀ, ਜਿਸਦੇ ਸਦਕਾ ਨੌਕਰਸ਼ਾਹਾਂ [illegible]

# ਦੇਸ਼ ਭਗਤ ਈਲੈਕਸ਼ਨ ਪ੍ਰਾਪੇਗੰਡਾ ਬੋਰਡ ਬਣਗਿਆ

## ਜੋ ਮਜ਼ਦੂਰ ਕਿਸਾਨਾਂ ਖਾਤਰ ਲੜਨ ਵਾਲੇ ਉਮੈਦਵਾਰਾਂ ਦਾ ਈਲੈਕਸ਼ਨ ਪ੍ਰਾਪੇਗੰਡਾ ਕਰੇਗਾ

[illegible] ਕਿਰਤੀ, ਕੁਰਬਾਨਾਂ ਤੇ ਦੇਸ਼ ਭਗਤ [illegible] ਦੀ ਇਕ ਮੀਟਿੰਗ [illegible] ਈਲੈਕਸ਼ਨ ਦੇ ਸਬੰਧ ਵਿਚ ਦੇਸ਼ ਭਗਤ ਪ੍ਰੀਵਾਰ ਸਹਾਇਕ ਕਮੇਟੀ ਦੇ ਦਫਤਰ ਵਿਚ ਹੋਈ। [illegible] ਚੌੜੀਆਂ ਬਹਿਸਾਂ ਤੇ ਦਲੀਲਾਂ ਤੋਂ ਬਾਦ ੧੩ ਸਾਥੀਆਂ ਦਾ ਇਕ ਬੋਰਡ ਬਣਾਇਆ ਗਿਆ ਜਿਸਦਾ ਨਾਮ ਦੇਸ਼ ਭਗਤ ਈਲੈਕਸ਼ਨ ਪ੍ਰਾਪੇਗੰਡਾ ਬੋਰਡ ਰਖਿਆ ਗਿਆ। ਇਸ ਬੋਰਡ ਅਗੇ ਮੰਤਵ [illegible] ਕਿ ਇਹ ਬੋਰਡ ਉਹਨਾਂ ਉਮੈਦਵਾਰਾਂ ਨੂੰ ਕਾਮਯਾਬ ਕਰਵਾਉਣ ਲਈ ਪ੍ਰੈਸ ਤੇ ਪਲੇਟ ਫਾਰਮ ਰਾਹੀਂ ਪ੍ਰਾਪੇਗੰਡਾ ਕਰੇਗਾ ਜੋ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਸੋਸਾਇਟੀਆਂ ਦੇ ਪ੍ਰਤੀਨਿਧ ਹਨ।

ਤਮਾਮ ਸੋਸ਼ਲਿਸਟ ਉਮੈਦਵਾਰਾਂ ਨੇ ਇਸ ਬੋਰਡ ਨੂੰ ਪ੍ਰਵਾਨ ਕਰ ਲਿਆ ਹੈ। ਉਹਨਾਂ ਦਾ ਪ੍ਰਾਪੇਗੰਡਾ ਹੁਣ ਇਸ ਬੋਰਡ ਦੇ ਮਾਤਹਿਤ ਹੋਵੇਗਾ।

ਇਸ ਬੋਰਡ ਵਿਚ ਤਮਾਮ ਉਘੇ ੨ ਬਾਬੇ ਤੇ ਕੁਝ ਕਿਰਤੀ ਵਰਕਰ ਸ਼ਾਮਲ ਹਨ, ਇਸਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਜੀ, ਸਕੱਤਰ ਡਾਕਟਰ ਭਾਗ ਸਿੰਘ ਅਮਰੀਕਨ ਤੇ ਖਜਾਨਚੀ ਬਾਬਾ ਕਰਮ ਸਿੰਘ ਚੀਮਾਂ ਨਿਯਤ ਕੀਤੇ [illegible] ਇਸ ਬੋਰਡ ਨੇ ਆਪਣਾ ਕੰਮ ਆਰੰਭ ਦਿਤਾ ਹੈ।

ਇਸ ਬੋਰਡ ਨੇ ਫੈਸਲਾ ਕੀਤਾ ਹੈ ਕਿ ਆਲ ਇੰਡੀਆ ਕਾਂਗਰਸ ਪਾਰਲੀਮੈਂਟਰੀ ਤੇ ਪੰਜਾਬ ਕਾਂਗਰਸ ਪਾਰਲੀਮੈਂਟਰੀ ਬੋ[illegible] [illegible]ਹਾਂ ਦਿਤੀਆਂ ਜਾਣ, ਕਿ ਪੰਜਾਬ ਕਾਂਗਰਸ ਨੇ ਗੋਪਾਲ ਸਿੰ[illegible] ਨੂੰ ਕਾਂਗਰਸ ਟਿਕਟ ਦੇਕੇ ਬਹੁਤ ਹੀ ਬੁਰਾ ਕੀਤਾ ਹੈ ਕਿਉਂ[illegible] ਹਰ ਆਦਮੀ ਕੌਮ ਤੇ ਮੁਲਕ ਦਾ ਦੁਸ਼ਮਨ ਹੈ, ਇਸਨੇ ਪਿਛੇ ਜਿਹੇ ਗੋਰੇ ਅਖਬਾਰਾਂ ਵਿਚ ਹਿੰਦੁਸਤਾਨੀ ਦੇਸ਼ ਭਗਤਾਂ ਤੇ ਕੌਮੀ ਲਹਿਰ ਵਿਰੁਧ ਖੁਲਕੇ ਜ਼ਹਿਰ ਉਗਲਿਆ ਸੀ।

### ਬੋਰਡ ਦੇ ਮੈਂਬਰ ਇਹ ਸਜਨ ਹਨ

ਸੰਤ ਬਾ: ਵਸਾਖਾ ਸਿੰਘ ਜੀ, ਬਾ: ਜਵਾਲਾ ਸਿੰਘ, ਬਾ: ਭਗਵਾਨ ਸਿੰਘ ਦੁਸਾਂਝ ਕਲਾਂ, ਬਾ: ਸੋਹਨ ਸਿੰਘ ਭਕਨਾ, ਬਾ: ਕਰਮ ਸਿੰਘ ਚੀਮਾਂ, ਬਾ: ਹਰਨਾਮ ਸਿੰਘ ਕੌਮਾ ਗਾਟਾ ਮਾਰੂ, ਸਾਥੀ [illegible] ਸਿੰਘ ਕੈਨੇਡੀਅਨ, ਬਾ: ਨੰਦ ਸਿੰਘ [illegible], [illegible] ਸਿੰਘ [illegible], ਬਾਬਾ ਸ਼ੇਰ ਸਿੰਘ, ਬਾ: ਇੰਦਰ ਸਿੰਘ ਸੁਨ ਸਿੰਘ, ਡਾਕਟਰ ਭਾਗ ਸਿੰਘ ਅਮਰੀਕਨ, ਬਚਨ ਸਿੰਘ [illegible] [illegible] ਸਿੰਘ, ਬਾ: ਨਿਧਾਨ ਸਿੰਘ ਚੁਘਾ, ਮਾਸਟਰ ਗਜਨ ਸਿੰਘ, ਸਜਨ ਸਿੰਘ [illegible], ਠਾਕਰ ਗੋਬਿੰਦ ਸਿੰਘ [illegible], ਬਾਬਾ ਕੇਸਰ ਸਿੰਘ ਜੀ, ਸਾਥੀ ਮਹੱਬਤ ਸਿੰਘ ਜੀ।

### ਬੋਰਡ ਦੇ ਕੇਹੜੇ ਉਮੈਦਵਾਰ ਹਨ

ਮਾ: ਕਾਬਲ ਸਿੰਘ, ਸ: ਹਰਜਾਪ ਸਿੰਘ, ਸ: ਮੰਗਾ ਸਿੰਘ ਗੋਬਿੰਦਪੁਰੀ, ਸ: ਤੇਜਾ ਸਿੰਘ ਆਜ਼ਾਦ, ਸ: ਤੇਜਾ ਸਿੰਘ ਸੁਤੰਤਰ, ਬੀ: ਰਘਬੀਰ ਕੌਰ, ਸ: ਸੋਹਨ ਸਿੰਘ ਜੋਸ਼, ਬਾ: ਰੂੜ ਸਿੰਘ।

### ਹਲਕਿਆਂ ਵਿਚ ਪ੍ਰਚਾਰ ਦੇ ਜ਼ਿਮੇਵਾਰ

੧. ਸ: ਤੇਜਾ ਸਿੰਘ ਆਜ਼ਾਦ:—ਕਾ: [illegible] ਸਿੰਘ, ਬਾ: ਜਵਾਲਾ ਸਿੰਘ, ਪ੍ਰੀਤਮ ਸਿੰਘ [illegible] ਤੇ [illegible] ਸਿੰਘ, [illegible] ਸਿੰਘ

੨. ਕਾ: ਮੰਗਾ ਸਿੰਘ ਗੋਬਿੰਦਪੁਰੀ:— ਬਾ: ਸ਼ੇਰ ਸਿੰਘ, ਬਾ: [illegible] ਸਿੰਘ, [illegible] ਸਿੰਘ, [illegible] ਸਿੰਘ,

੩. ਕਾ: ਸੋਹਨ ਸਿੰਘ ਜੋਸ਼:—ਬਾ: ਸੋਹਨ ਸਿੰਘ ਬਾ: ਇੰਦਰ ਸਿੰਘ, ਅੰਮ੍ਰਿਤਸਰ ਦੇ ਸੋਸ਼ਲਿਸਟ ਵਰਕਰ

੪. ਬਾ: ਰੂੜ ਸਿੰਘ:—ਕਾ: ਨੰਦ ਸਿੰਘ ਕਾ: [illegible] ਸਿੰਘ, ਕਾ: ਸੱਜਣ ਸਿੰਘ [illegible], ਬਾ: ਹਰਨਾਮ ਸਿੰਘ ਕੌਮਾ ਗਾਟਾ ਮਾਰੂ, ਕਾ: ਕਰਮ ਸਿੰਘ ਜਿਤਵਾਲ ਤੇ ਠਾਕਰ ਗੋਬਿੰਦ ਸਿੰਘ, ਗੁਰਮੁਖ ਸਿੰਘ ਅੰਬਾਲਵੀ

੫. ਸ: ਹਰਜਾਪ ਸਿੰਘ:—ਡਾ: ਭਾਗ ਸਿੰਘ ਕਨੇਡੀਅਨ, ਮ: ਦਸੌਂਧਾ ਸਿੰਘ,

੬. ਮਾ: ਕਾਬਲ ਸਿੰਘ:—ਬਾ: ਕਰਮ ਸਿੰਘ ਚੀਮਾਂ, ਬਾ: ਭਗਵਾਨ ਸਿੰਘ, ਇੰਦਰ ਸਿੰਘ ਕਿਰਤੀ

੭. ਕਾ: ਤੇਜਾ ਸਿੰਘ ਸੁਤੰਤਰ:—ਮਹੱਬਤ ਸਿੰਘ, ਬਾ: ਕੇਸਰ ਸਿੰਘ, ਸ: ਇੰਦਰ ਦਤ, ਲਾਇਲਪੁਰ ਦੇ ਸੋਸ਼ਲਿਸਟ ਵਰਕਰ,

੮. ਬੀਬੀ ਰਘਬੀਰ ਕੌਰ:—ਸ: ਬਚਨ ਸਿੰਘ, ਅੰਮ੍ਰਿਤਸਰ ਦੇ ਸੋਸ਼ਲਿਸਟ ਵਰਕਰ

---

# ਕੈਨੇਡਾ ਵਾਸੀ ਸਾਥੀਆਂ ਦੇ ਮਤੇ

ਦੀ ਹਿੰਦੁਸਤਾਨੀ ਲੀਗ ਇਨ ਕੈਨੇਡਾ ਨੇ ਆਪਣੀ ਇਕ ਖੁੱਦੀ ਇਕਤ੍ਰਤਾ ਵਿਚ ਹੇਠ ਲਿਖੇ ਮਤੇ ਸਰਬ ਸੰਮਤੀ ਨਾਲ ਪਾਸ ਕੀਤੇ ਹਨ।

੧. ਅਜ ਦੀ ਉਚੇਚੀ ਇਕਤ੍ਰਤਾ ਦੇਸ਼ ਅੰਦਰ ਗੌਰਮਿੰਟ ਦੀ ਉਸ ਪਾਲਿਸੀ ਦੀ ਜਿਹੜੀ ਉਸਨੇ ਸੋਸ਼ਲਿਸਟ ਲਹਿਰ [illegible] ਮਲੀਆਮੇਟ ਕਰਨ ਵਾਸਤੇ ਧਾਰਨ ਕਰ ਰਖੀ ਹੈ, ਨਖੇਦੀ ਕਰਦੀ ਹੈ।

੨. ਅਮਰੀਕ [illegible] ਸਿੰਘ ਨੂੰ ਉਸਦੀ ਕੁਰਬਾਨੀ ਤੇ ਵਧਾਈ, ਤੇ ਸਰਕਾਰ ਦੇ ਇਹਨਾਂ ਦੀ ਨਿਜੀ [illegible] ਮਾਇਆ ਨੂੰ ਜ਼ਬਤ ਕਰਨ ਦੇ ਵਤੀਰੇ ਦੀ ਨਖੇਦੀ ਕਰਦੀ ਹੈ।

੩. ਨਜ਼ਰਬੰਦ, ਜ਼ਬਾਨਬੰਦ, ਹਦਬੰਦ ਸੋਸ਼ਲਿਸਟਾਂ ਦੀ ਕਦਰ ਕਰਦੀ ਹੈ ਅਤੇ ਭਰੋਸਾ ਦਿਵਾਉਂਦੀ ਹੈ ਕਿ ਅਸੀਂ ਸਭ ਪ੍ਰਦੇਸੀ ਸੋਸ਼ਲਿਸਟਾਂ ਨਾਲ ਸਹਿਮਤ ਹਾਂ। ਸਭ ਨੂੰ ਇਕ ਮੁਠ ਹੋਕੇ ਅਗਾਂਹ ਵਧਦੇ ਜਾਣਾ ਚਾਹੀਦਾ ਹੈ।

੪. ਸੋਸ਼ਲਿਸਟਾਂ ਦੀ ਬੇ-ਇਤਫਾਕੀ ਤੇ ਅਫਸੋਸ ਕਰਦੀ ਹੈ ਅਤੇ ਸਭ ਪਾਰਟੀਆਂ ਤੇ ਧੜਿਆਂ ਪਾਸ ਜ਼ੋਰ ਨਾਲ ਅਪੀਲ ਕਰਦੀ ਹੈ ਕਿ ਸੋਸ਼ਲਿਜ਼ਮ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ ਤੇ ਇਸਦੀ ਸਟੱਡੀ ਕੀਤੀ ਜਾਵੇ, ਤਾਂ ਕਿ ਮਜ਼ਹਬੀ ਝਗੜਿਆਂ, ਫਿਰਕੇਬਾਜ਼ੀ ਅਤੇ [illegible] ਦਾ ਸ਼ਿਕਾਰ ਹੋਣ ਤੋਂ ਬਚ ਸਕੀਏ।

ਅਸੰਬਲੀ ਚੋਣ ਦਾ 'ਕਿਰਤੀ' ਰਾਹੀਂ ਪ੍ਰਚਾਰ

ਨੌਕਰੀ ਪੇਸ਼ਾ ਤੇ ਟੈਕਸ ਦੇਣ ਵਾਲਿਆਂ ਨੂੰ ਵੋਟ ਦਾ ਹੱਕ ਸੀ। ਮਾਸਟਰ ਕਾਬਲ ਸਿੰਘ ਦੀ ਚੋਣ ਬਾਰੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਜਿਹੜੇ ਚੋਣ ਮੁਹਿੰਮ ਦੇ ਮੈਨੇਜਰ ਸਨ ਨੇ ਲਿਖਿਆ, "1937 ਵਿਚ ਚੋਣ ਲੜਨ ਦਾ ਖ਼ਰਚ ਬੜਾ ਘੱਟ ਸੀ। ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਜਿਹੜੇ ਕਮਿਊਨਿਸਟ ਸਨ ਅਤੇ ਕਾਂਗਰਸ ਦੇ ਚੋਣ ਨਿਸ਼ਾਨ ਤੇ ਖੜੇ ਸਨ ਦੀ ਚੋਣ ਉਪਰ ਦੋ ਹਜ਼ਾਰ ਰੁਪਏ ਖਰਚ ਆਏ ਜਿਹੜੇ ਉਸਦੇ ਹੱਥੀ ਖ਼ਰਚ ਹੋਏ। ਇਹ ਪੈਸੇ ਜਨਤਾ ਤੋਂ ਇਕੱਠੇ ਕੀਤੇ ਗਏ ਸਨ। ਲੋਕਾਂ ਨੇ ਖਰਚ ਵਿਚ ਹਿੱਸਾ ਪਾਉਣ ਲਈ ਸਮਰੱਥਾ ਅਨੁਸਾਰ ਦੋ-ਦੋ ਆਨੇ, ਚਾਰ-ਚਾਰ ਆਨੇ ਫੰਡ ਦਿੱਤਾ ਸੀ।" ਉਹ ਅੱਗੇ ਲਿਖਦੇ ਨੇ ਕਿ, "ਕਾਮਰੇਡ ਸੋਹਣ ਸਿੰਘ ਜੋਸ਼ ਦੀ ਚੋਣ ਉਪਰ ਹੋਏ ਖ਼ਰਚੇ ਤੋਂ ਇਲਾਵਾ 3000/- ਰੁਪਏ ਦੀ ਬਚਤ ਹੋਈ ਸੀ।"[56]

ਇੰਦਰ ਸਿੰਘ ਲਿਖਦੇ: ਪੰਜਾਬ ਅਸੈਂਬਲੀ ਦੀਆਂ ਚੋਣਾਂ ਦਾ ਪ੍ਰਾਪੇਗੰਡਾ ਸ਼ੁਰੂ ਹੋ ਗਿਆ। ਹਲਕਾ ਜਲੰਧਰ ਤੋਂ ਅਲਾਵਲਪੁਰ ਦਾ ਸਰਦਾਰ ਖੜਾ ਹੋਇਆ। ਸ. ਸਵਰਨ ਸਿੰਘ ਉਸਦਾ ਮੁਕਾਬਲਾ ਕਰਨ ਦੀ ਵਜਾਏ ਹਲਕਾ ਫਲੌਰ ਤੋਂ ਖੜਾ ਹੋਣਾ ਚਾਹੁੰਦਾ ਸੀ। ਕਾਂਗਰਸ ਨੇ ਮਾਸਟਰ ਕਾਬਲ ਸਿੰਘ ਗੋਬਿੰਦਪੁਰ ਵਾਲੇ ਨੂੰ ਫਲੌਰ ਤੋਂ ਖੜਾ ਕੀਤਾ। ਅਸੀਂ ਕਾਂਗਰਸ ਸ਼ੋਸ਼ਲਿਸਟ ਕਾਂਗਰਸ ਵਿਚ ਸਾਂ। ਆਮ ਰਾਏ ਸੀ ਕਿ ਅਕਾਲੀਆਂ ਤੇ ਕਾਂਗਰਸ ਦੀ ਟੱਕਰ ਨਾ ਹੋਵੇ। ਦੋਵੇਂ ਰਲ ਕੇ ਅੰਗਰੇਜ਼ਾਂ ਦੇ ਝੋਲੀ ਚੁੱਕਾਂ ਦਾ ਮੁਕਾਬਲਾ ਕਰਨ। ਅਕਾਲੀ ਉਸ ਸਮੇਂ ਦੇਸ਼ ਭਗਤ ਸਨ। ਡਾ. ਗੋਪੀ ਚੰਦ ਭਾਰਗੋ ਨੇ ਸਾਲਸ ਬਣ ਕੇ ਫੈਸਲਾ ਕੀਤਾ ਕਿ ਸਵਰਨ ਸਿੰਘ ਅਲਾਵਲਪੁਰ ਦੇ ਸਰਦਾਰ ਦਾ ਮੁਕਾਬਲਾ ਕਰੇ ਤੇ ਮਾਸਟਰ ਕਾਬਲ ਸਿੰਘ ਖਟਕੜਾਂ ਵਾਲੇ ਜਸਵੰਤ ਸਿੰਘ ਦਾ ਮੁਕਾਬਲਾ ਕਰੇ। ਸਵਰਨ ਸਿੰਘ ਨੇ ਫਲੌਰ ਤੋਂ ਖੜਾ ਹੋਣ ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਜਲੰਧਰ ਅਕਾਲੀ ਜਥੇ ਦੀ ਮੀਟਿੰਗ ਹੋਈ। ਜੰਡਿਆਲੇ ਦਾ ਇਕ ਗਿਆਨੀ ਵੀ ਖੜਾ ਸੀ। ਉਹ ਜਾਤ ਦਾ ਛੀਂਬਾ ਸੀ। ਮੈਂ ਸੋਚਿਆ ਕਿ ਅਸੀਂ ਛੀਂਬਾ ਨਾਲ ਸੁਖਾਲਾ ਲੜ ਸਕਦੇ ਹਾਂ। ਸਵਰਨ ਸਿੰਘ ਦਾ ਮੁਕਾਬਲਾ ਸਖ਼ਤ ਹੈ। ਬਾਬਾ ਲਾਲ ਸਿੰਘ ਨੂੰ (ਜੋ ਕਿ ਉਸ ਵਕਤ ਜਥੇਦਾਰ ਲਾਲ ਸਿੰਘ ਸੀ) ਮੈਂ ਕਿਹਾ ਕਿ ਜਥੇਦਾਰ ਜੀ ਜੰਡਿਆਲੇ ਦੀਆਂ ਵੋਟਾਂ ਸਾਰੇ ਇਲਾਕੇ ਵਿੱਚ ਵਧ ਹਨ। ਜੰਡਿਆਲੇ ਦਾ ਉਮੀਦਵਾਰ ਖੜਾ ਹੋਣਾ ਚਾਹੀਦਾ ਹੈ। ਜਥੇਦਾਰ ਨੇ ਕਿਹਾ ਕਿ ਠੀਕ ਹੈ ਮੈਂ ਇਹ ਤਜਵੀਜ਼ ਪੇਸ਼ ਕਰੂੰਗਾ। ਮੈਂ ਬਾਬੂ ਲਾਭ ਸਿੰਘ ਤੋਂ ਪੁੱਛਿਆ ਕਿ ਮੈਂ ਮੀਟਿੰਗ ਵਿਚ ਬੈਠ ਸਕਦਾ ਹਾਂ? ਬਾਬੂ ਲਾਭ ਸਿੰਘ ਨੇ ਕਿਹਾ ਬੜੀ ਖੁਸ਼ੀ ਨਾਲ ਬੈਠੋ ਜੀ! ਮੈਂ ਲਾਲ ਸਿੰਘ ਦੇ ਕੋਲ ਬੈਠ ਗਿਆ। ਮੈਂ ਜੋ ਕਹੀ ਗਿਆ ਲਾਲ ਸਿੰਘ ਬੋਲੀ ਗਿਆ। ਲਾਲ ਸਿੰਘ ਨੇ ਗਿਆਨੀ ਦਾ ਨਾਂ ਪੇਸ਼ ਕੀਤਾ। ਮਜ਼ਾਕ ਉਡਿਆ। ਸਾਰੇ ਬੋਲੇ ਕਿ ਸਵਰਨ ਸਿੰਘ ਬਹੁਤ ਪੜ੍ਹਿਆ ਹੋਇਆ ਹੈ। ਲਾਲ ਸਿੰਘ ਬੋਲਿਆ ਕਿ ਫਲਾਣਾ ਅੰਗਰੇਜ਼ ਵਕੀਲ ਸਵਰਨ ਸਿੰਘ ਨਾਲੋਂ ਜ਼ਿਆਦਾ ਪੜ੍ਹਿਆ ਹੋਇਆ ਹੈ, ਉਸ ਦੀ ਫੀਸ ਦੇ ਦਿਆ ਕਰਿਉ, ਉਹ ਸਾਡੇ ਵਲੋਂ ਭੁਗਤ ਆਇਆ ਕਰੂ। ਮਜ਼ਾਕ ਉਡਿਆ।

ਲਾਲ ਸਿੰਘ ਗੁੱਸੇ ਵਿਚ ਆ ਗਿਆ। ਖੇਸੀ ਮੋਢੇ 'ਤੇ ਖੂੰਡਾ ਹੱਥ ਵਿਚ, ਲੰਗ ਮਾਰਦਾ ਬਾਹਰ ਨੂੰ ਤੁਰ ਪਿਆ, "ਚੱਲ ਓ ਕਿਰਤੀ ਮੈਨੂੰ ਸ਼ੋਸ਼ਲਿਸਟਾਂ ਵਿਚ ਲੈ ਚੱਲ! ਮਗਰੇ ਹੀ ਵਰਿਆਮ ਸਿੰਘ ਉੱਠ ਕੇ ਆ ਗਿਆ। ਬਾਬੂ ਲਾਭ ਸਿੰਘ ਮੈਨੂੰ ਕਹਿਣ ਲੱਗਾ, "ਅਸੀਂ ਬੇਵਕੂਫ਼ ਹੋਏ ਕਿ ਤੈਨੂੰ ਮੀਟਿੰਗ ਵਿਚ ਬੈਠਣ ਦੀ ਇਜ਼ਾਜ਼ਤ ਦੇ ਦਿੱਤੀ।" ਬਾਬਾ ਲਾਲ ਸਿੰਘ ਤੇ ਵਰਿਆਮ ਸਿੰਘ ਦੋਵੇਂ ਸ਼ੋਸ਼ਲਿਸਟ ਪਾਰਟੀ ਵਿਚ ਆ ਗਏ।[57]

ਅਕਾਲੀ ਜਥੇ ਨੇ ਸਵਰਨ ਸਿੰਘ ਨੂੰ ਅਲਾਵਲਪੁਰੀਏ ਸਰਦਾਰ ਦੇ ਮੁਕਾਬਲੇ 'ਤੇ ਖੜਾ ਕੀਤਾ ਤੇ ਮਾਸਟਰ ਕਾਬਲ ਸਿੰਘ ਦੇ ਮੁਕਾਬਲੇ ਤੇ ਕਰਮ ਸਿੰਘ ਕਿਰਤੀ ਨੂੰ ਖੜਾ ਕਰ ਦਿੱਤਾ। ਮੇਰੇ ਤੇ ਕਾਬਲ ਸਿੰਘ ਨਾਲ ਬਾਬਾ ਕਰਮ ਸਿੰਘ ਚੀਮਾ, ਬਾਬਾ ਭਗਵਾਨ ਸਿੰਘ ਦੁਸਾਂਝ, ਗਿਆਨੀ ਸਰਦਾਰਾ ਸਿੰਘ ਨਾਗਰੇ ਪਿੰਡ ਵਿਚ ਫਿਰੇ ਤੇ ਲੋਕਾਂ ਨੂੰ ਦੱਸਿਆ ਕਿ ਅਕਾਲੀਆਂ ਨੇ ਡਾ. ਗੋਪੀ ਚੰਦ ਸਾਲਸ ਦਾ ਫੈਸਲਾ ਪ੍ਰਵਾਨ ਨਹੀਂ ਕੀਤਾ। ਲੋਕ ਬੜੇ ਜੋਸ਼ ਨਾਲ ਵੋਟ ਪਾਉਣ ਲਈ ਤਿਆਰ ਹੋਏ। ਸਾਡੇ ਇਲਾਕੇ ਦੀਆਂ ਵੋਟਾਂ ਪੈ ਗਈਆਂ। ਇਕ ਜਗਤਪੁਰ ਪਿੰਡ ਰਹਿੰਦਾ ਸੀ, ਦੁਸਾਂਝ ਕਲਾਂ ਦੇ ਅੱਛਰ ਸਿੰਘ ਅਕਾਲੀ ਨੇ ਕਿਹਾ, "ਕਿਰਤੀ ਅਸੀਂ ਤੇਰੇ ਨਾਲ ਜੇਹਲਾਂ ਵਿਚ ਰਹੇ ਹਾਂ ਸਾਡੀ ਜ਼ਮਾਨਤ ਤਾਂ ਬਚ ਲੈਣ ਦੇ।" ਕਰਮ ਸਿੰਘ ਕਿਰਤੀ ਮੇਰਾ 'ਕਿਰਤੀ' ਅਖ਼ਬਾਰ ਦਾ ਦਫਤਰ ਫੈਲੋ ਸੀ। ਮੈਂ ਕਾਬਲ ਸਿੰਘ ਨੂੰ ਕਿਹਾ ਕਿ ਅਸੀਂ ਜਿੱਤੇ ਹੋਏ ਤਾਂ ਹਾਂ, ਹੁਣ ਇਨ੍ਹਾਂ ਦੀ ਜ਼ਮਾਨਤ ਬਚ ਲੈਣ ਦੇਈਏ।" ਕਾਬਲ ਸਿੰਘ ਦੇ ਰੌਲਾ ਪੌਂਦਿਆਂ ਮੈਂ ਦਰੀਆਂ ਚੁਕ ਕੇ ਲੈ ਗਿਆ। ਕੇਸਰ ਸਿੰਘ ਦੇ ਜ਼ੋਰ ਨਾਲ ਜਗਤਪੁਰ ਦੀਆਂ ਵੋਟਾਂ ਅਕਾਲੀਆਂ ਨੂੰ ਪੈ ਗਈਆਂ। ਜ਼ਮਾਨਤ ਬਚ ਗਈ। ਕੇਸਰ ਸਿੰਘ ਕਾਂਗਰਸੀ ਸੀ ਪਰ ਜ਼ਮਾਨਤ ਬਚਾਉਣ ਲਈ ਅਕਾਲੀਆਂ ਵਲ ਹੋ ਗਿਆ ਸੀ। ਜਸਵੰਤ ਸਿੰਘ ਦੀ ਜ਼ਮਾਨਤ ਜ਼ਬਤ ਹੋ ਗਈ। ਜਸਵੰਤ ਸਿੰਘ, ਭਗਤ ਸਿੰਘ ਸ਼ਹੀਦ ਦੇ ਬਾਬੇ ਅਰਜਨ ਸਿੰਘ ਦੇ ਭਰਾ ਸੁਰਜਨ ਸਿੰਘ ਦਾ ਪੁੱਤ ਸੀ ਜੋ ਕਿ ਅੰਗਰੇਜ਼ਾਂ ਦਾ ਝੋਲੀਚੁਕ ਸੀ। ਮਾਸਟਰ ਕਾਬਲ ਸਿੰਘ ਬੜੀ ਭਾਰੀ ਅਕਸੀਅਤ ਨਾਲ ਕਾਮਯਾਬ ਹੋ ਗਿਆ। ਮਾਸਟਰ ਕਾਬਲ ਸਿੰਘ ਨੂੰ 12595 ਵੋਟਾਂ ਅਤੇ ਮੁਕਾਬਲੇ ਵਿਚ ਅਕਾਲੀਆਂ ਵੱਲੋਂ ਖੜੇ ਕਰਮ ਸਿੰਘ ਕਿਰਤੀ ਨੂੰ 2001 ਅਤੇ ਅੰਗਰੇਜ਼ਾਂ ਦੀ ਹਿਮਾਇਤੀ ਪਾਰਟੀ ਯੂਨੀਅਨਿਸਟ ਪਾਰਟੀ ਦੇ ਉਮੀਦਵਾਰ ਜਸਵੰਤ ਸਿੰਘ ਨੂੰ 1300 ਵੋਟ ਮਿਲੇ। ਜਥੇਦਾਰ ਜਵਾਲਾ ਸਿੰਘ ਨੌਰੇ ਵਾਲੇ ਨੇ ਵੋਟਾਂ ਵਿਚ ਅਕਾਲੀਆਂ ਦੀ ਮਦਦ ਕੀਤੀ ਸੀ। ਮੈਂ ਜਥੇਦਾਰ ਪਾਸ ਗਿਆ ਤੇ ਕਿਹਾ ਕਿ ਤੁਸੀਂ ਮੇਰਾ ਸਾਥ ਸਦਾ ਵਾਸਤੇ ਨਾ ਛੱਡੋ ਜਥੇਦਾਰ ਨੇ ਪੁਛਿਆ ਹੁਣ ਕਿਆ ਕੰਮ ਕਰਨਾ ਹੈ? ਮੈਂ ਕਿਹਾ ਕਿ ਹੁਣ ਫਗਵਾੜੇ ਮਿੱਲ ਵਿਚ ਗੰਨੇ ਦੇਣ ਵਾਲਿਆਂ ਦੀ ਹੜਤਾਲ ਕਰਾਉਣੀ ਹੈ। ਜਥੇਦਾਰ ਨੇ ਕਿਹਾ ਬਹੁਤ ਅੱਛਾ! ਤਕੜੇ ਹੋ ਕੇ ਕਰੀਏ।[58]

1936 ਨੂੰ ਚੁਣੇ ਗਏ ਅਸੰਬਲੀ ਮੈਂਬਰਾਂ ਦਾ ਪਹਿਲਾ ਅਜਲਾਸ ਪੰਜ ਅਪ੍ਰੈਲ 1937 ਨੂੰ ਹੋਇਆ ਅਤੇ ਮਾਸਟਰ ਕਾਬਲ ਸਿੰਘ ਦਾ ਨਾਂ ਗਜਟ ਹੋਣ ਪਿੱਛੋਂ ਉਹ

ਐਮ.ਐਲ.ਏ. ਵਜੋਂ ਅਸੰਬਲੀ ਵਿਚ ਪੇਸ਼ ਹੋਏ ਸਨ। ਉਨ੍ਹਾਂ ਵੱਲੋਂ ਅਸੰਬਲੀ ਵਿਚ ਸਭ ਤੋਂ ਪਹਿਲਾਂ ਬੈਂਤਾਂ ਦੀ ਸਜ਼ਾ ਨੂੰ ਸਦਾ ਲਈ ਖ਼ਤਮ ਕਰਨ ਅਤੇ ਪੰਜਾਬ ਵਿਚ ਕਿਸੇ ਅਫਸਰ ਦੀ ਤਨਖਾਹ ਪੰਜ ਸੌ ਤੋਂ ਵਧ ਨਹੀਂ ਹੋਣੀ ਚਾਹੀਦੀ ਦੇ ਲਈ ਜਦੋ ਜਹਿਦ ਸ਼ੁਰੂ ਕੀਤੀ। ਗ਼ਦਾਰ ਅਨੂਪ ਸਿੰਘ ਅਤੇ ਬੇਲਾ ਸਿੰਘ ਜੈਨ ਦੇ ਮੁਕੱਦਮਿਆਂ ਸਮੇਂ ਉਨ੍ਹਾਂ ਦਾ ਖਾਤਮਾ ਕਰਨ ਵਾਲਿਆਂ ਦੇ ਬਚਾ ਲਈ ਕੀਤੀਆਂ ਅਣਥੱਕ ਕੋਸ਼ਿਸ਼ਾਂ ਤੇ ਮੁੱਖ ਮੰਤਰੀ ਸਕੰਦਰ ਹਯਾਤ ਖ਼ਾਨ ਨੇ ਅਸੰਬਲੀ ਅੰਦਰ ਮਾਸਟਰ ਕਾਬਲ ਸਿੰਘ ਦੇ ਉਪਰ ਸਖ਼ਤ ਇਤਰਾਜ਼ ਉਠਾਏ ਸਨ।[59]

ਪ੍ਰਸਿੱਧ ਮੇਰਠ ਸਾਜਿਸ਼ ਕੇਸ ਦੇ ਕਾਮਰੇਡ ਸੋਹਣ ਸਿੰਘ ਜੋਸ਼, ਮੁਲਾਨਾ ਅਬਦੁਲ ਮਜ਼ੀਦ, ਕਾ. ਹਰਕਿਸ਼ਨ ਸਿੰਘ ਸੁਰਜੀਤ ਮਾਸਟਰ ਕਾਬਲ ਸਿੰਘ ਅਤੇ ਰੂਸ ਤੋਂ ਆਏ ਕਾਮਰੇਡ ਫਜ਼ਲ ਇਲਾਹੀ ਕੁਰਬਾਨ, ਕਾਮਰੇਡ ਫੀਰੋਜਦੀਨ ਮਨਸੂਰ*, ਕਾਮਰੇਡ ਅਬਦੁਲ ਵਾਰਸ ਸਫ਼ਦਰ, ਉਸ ਸਮੇਂ ਇੰਗਲੈਂਡ ਤੋਂ ਆਏ ਜੈੱਡ. ਏ. ਅਹਿਮਦ, ਸਈਅਦ ਜਹੀਰ, ਪ੍ਰੋ. ਮਜੀਦ, ਪ੍ਰੋ. ਮਹਿਮੂਦ, ਸ. ਕਰਮ ਸਿੰਘ ਮਾਨ ਅਤੇ ਅਸ਼ਰਫ ਆਦਿ ਪੜ੍ਹਿਆ ਗਰੁੱਪ ਕਮਿਊਨਿਸਟ ਵਿਚਾਰਧਾਰਾ ਤੋਂ ਲੈਸ ਹੋ ਚੁੱਕਾ ਸੀ। ਇਸ ਗਰੁੱਪ ਨੇ ਕਮਿਊਨਿਸਟ ਪਾਰਟੀ ਬਣਾਉਣ ਦਾ ਬੀੜਾ ਚੁੱਕਿਆ। ਇਸ ਦੌਰਾਨ ਹੀ ਕਿਰਤੀ-ਕਮਿਊਨਿਸਟ ਕਾਰਕੁੰਨ ਕਾਂਗਰਸ ਪਾਰਟੀ ਦਾ ਵੀ ਮੈਂਬਰ ਬਣ ਸਕਦਾ ਸੀ। 1937 ਤੋਂ 1940 ਤੱਕ ਤਾਂ ਇਹ ਜ਼ਰੂਰੀ ਸਮਝਿਆ ਜਾਣ ਲੱਗ ਪਿਆ ਸੀ। ਇਸ ਦੌਰਾਨ ਹੀ ਮਜ਼ਦੂਰਾਂ-ਕਿਸਾਨਾਂ ਨੂੰ ਜਥੇਬੰਦਕ ਕਰਨ ਦਾ ਕੰਮ ਵੀ ਜ਼ੋਰਾਂ 'ਤੇ ਸੀ। ਪਿੰਡ ਇਕਾਈ ਤੋਂ ਸੂਬਾਈ ਪੱਧਰ ਤੱਕ ਇਨ੍ਹਾਂ ਜਥੇਬੰਦੀਆਂ ਦਾ ਢਾਂਚਾ ਹੋਂਦ ਵਿਚ ਆਇਆ ਤਾਂ 5 ਜੁਲਾਈ, 1938 ਨੂੰ ਜਲੰਧਰ ਜ਼ਿਲ੍ਹਾ ਕਿਸਾਨ ਸਭਾ ਦੀ ਚੋਣ ਪਿੰਡ ਬੁੰਡਾਲਾ ਵਿਖੇ ਹੋਈ। ਪ੍ਰਧਾਨ ਬਾਬਾ ਕਰਮ ਸਿੰਘ ਚੀਮਾਂ, ਜਨਰਲ ਸਕੱਤਰ ਚੈਨ ਸਿੰਘ ਚੈਨ ਅਤੇ ਖਜ਼ਾਨਚੀ ਕਾਮਰੇਡ ਬੂਝਾ ਸਿੰਘ ਬਣੇ। ਵਰਕਿੰਗ ਕਮੇਟੀ ਵਿੱਚ ਕਾ. ਭਗਤ ਸਿੰਘ ਬਿਲਗਾ, ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਕਾਮਰੇਡ ਜਵਾਲਾ ਸਿੰਘ ਬੜਾ ਪਿੰਡ, ਕਾਮਰੇਡ ਉਜਾਗਰ ਸਿੰਘ ਬਿਲਗਾ, ਮੁਹੰਮਦ ਅਨਵਰ (ਅੱਪਰਾ), ਬਾਬਾ ਭਾਗ ਸਿੰਘ ਕਨੇਡੀਅਨ, ਹਰਬੰਸ ਸਿੰਘ ਕਰਨਾਣਾ, ਜਸਵੰਤ ਸਿੰਘ ਸ਼ੇਕਰ, ਮਾਸਟਰ ਕਾਬਲ ਸਿੰਘ ਐਮ.ਐਲ.ਏ., ਅਵਤਾਰ ਸਿੰਘ ਦਲੇਰ, ਲਾਹੌਰੀ ਰਾਮ ਪ੍ਰਦੇਸੀ, ਦੀਵਾਨ ਤੇ ਰਣਧੀਰ ਸਿੰਘ ਬੰਡਾਲਾ, ਜਵਾਲਾ ਸਿੰਘ ਬਿਲਗਾ, ਉਜਾਗਰ ਸਿੰਘ ਦੁਸਾਂਝ ਕਲਾਂ (ਮਾਸਕੋ ਰੀਟਰਨ), ਨਿਰਮਲ ਸਿੰਘ ਲਿੱਤਰਾਂ, ਬਾਬਾ ਜਵਾਲਾ ਸਿੰਘ ਨੌਰਾ ਅਤੇ ਹਕੀਮ ਦਲੀਪ ਸਿੰਘ ਪਠਲਾਵਾ ਸ਼ਾਮਲ ਸਨ। ਸੂਬਾ ਕਮੇਟੀ ਲਈ 41 ਮੈਂਬਰ ਚੁਣੇ ਗਏ ਸਨ। ਚੋਣ ਉਪਰੰਤ ਜਲੰਧਰ ਵਿਚ ਮੁਜ਼ਾਹਰੇ ਦਾ ਪ੍ਰੋਗਰਾਮ ਬਣਾਉਣ ਲਈ ਕਮੇਟੀ ਬਣੀ। ਖੂਹਾਂ ਦੇ ਪਾਣੀ ਦਾ ਮੁੱਦਾ ਉਠਾਉਣ ਦਾ ਫੈਸਲਾ ਹੋਇਆ। ਜਿਹੜਾ "ਦੁਆਬਾ ਮੇਂ ਨਹਿਰ ਨਿਕਾਲੋ" ਦੇ ਨਾਂ ਨਾਲ ਪ੍ਰਸਿੱਧ ਹੋਇਆ ਸੀ। ਜਲੰਧਰ ਸ਼ਹਿਰ ਵਿਚ 50 ਹਜ਼ਾਰ ਕਿਸਾਨਾਂ ਵਲੋਂ ਮੁਜ਼ਾਹਰਾ "ਦੁਆਬੇ ਮੇਂ ਨਹਿਰ ਨਿਕਾਲੋ" ਦੀ ਮੰਗ ਨੂੰ ਲੈ ਕੇ 20 ਦਸੰਬਰ 1938 ਨੂੰ ਕੀਤਾ। ਪੇਸ਼

ਹੈ 'ਕਿਰਤੀ ਲਹਿਰ' ਵਿਚ ਛਪੀ ਰਿਪੋਰਟ:

ਲਾਲ ਝੰਡੇ ਹੇਠ ਦੁਖੀ ਤੇ ਗਰੀਬ ਮੇਹਨਤਕਸ਼ਾਂ ਦੇ ਅਸਮਾਨ ਗੂੰਜਾ ਦੇਣ ਵਾਲੇ ਨਾਹਰੇ ਲਾ ਰਹੇ ਸੀ। ਜ਼ਿਲ੍ਹਾ ਕਿਸਾਨ ਕਮੇਟੀ ਜਲੰਧਰ ਦੇ ਐਲਾਨ ਮੁਤਾਬਕ ਜ਼ਿਲੇ ਭਰ ਦੇ ਕੋਨੇ-ਕੋਨੇ ਤੋਂ ਹਜ਼ਾਰਾਂ ਕਿਸਾਨ ਪੈਦਲ 20 ਦਸੰਬਰ ਨੂੰ ਮੁਜ਼ਾਹਰਾ ਕਰਨ ਲਈ ਇਕ ਦੋ ਦਿਨ ਪਹਿਲਾਂ ਹੀ ਦਿਹਾਤਾਂ ਤੋਂ ਜਥਿਆਂ ਦੀ ਸ਼ਕਲ ਵਿਚ 'ਸਾਨੂੰ ਪਾਣੀ ਦਿਓ।' 'ਖਰੀਫ ਦਾ ਮਾਲੀਆ ਮਨਸੂਖ ਕਰ ਦਿਓ' ਦੇ ਨਾਅਰੇ ਮਾਰਦੇ ਰਵਾਨਾ ਹੋ ਪਏ। ਥਾਣਾ ਨੂਰ ਮਹਿਲ ਦੇ ਕਿਸਾਨਾਂ ਦੇ ਕਈ ਜਥੇ 19 ਦਸੰਬਰ ਦੀ ਰਾਤ ਨੂੰ ਜਮਸ਼ੇਰ ਵਿਚ, ਥਾਣਾ ਫਲੌਰ ਤੇ ਤੈਹਸੀਲ ਨਵਾਂ ਸ਼ਹਿਰ ਦੇ ਜਥੇ ਰਾਤ ਨੂੰ ਪਰਾਗ ਪੁਰ ਵਿਚ, ਥਾਣਾ ਨਕੋਦਰ ਦੇ ਉਸੀ ਰਾਤ ਕੰਗ ਸਾਹਿਬੂ ਵਿਚ ਅਤੇ ਥਾਣਾ ਸ਼ਾਹਕੋਟ ਦੇ ਚਿੱਟੀ ਵਿਚ ਇਕੱਠੇ ਹੋਏ।

20 ਦਸੰਬਰ ਸਵੇਰ ਨੂੰ ਹੀ ਸਾਰੇ ਜਥਿਆਂ ਨੇ ਲਾਲ ਝੰਡੇ ਚੁਕ ਲਏ, ਆਪਣੇ ਉਚੇ ਨਾਹਰਿਆਂ ਦੀ ਗੂੰਜ ਨੂੰ ਪਿੰਡ ਦੇ ਢੋਲ ਦੀ ਆਵਾਜ਼ ਨਾਲ ਮਿਲਾਉਂਦੇ ਹੋਏ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਦਫਤਰ ਸਾਹਮਣੇ ਖੁਲ੍ਹੇ ਮੈਦਾਨ ਵਿਚ ਆ ਪੁੱਜੇ। ਉਨ੍ਹਾਂ ਦੇ ਚੇਹਰਿਆਂ ਪੁਰ ਦਰਿੜਤਾ ਅਤੇ ਆਪਣੇ ਮੁਤਾਲਬਿਆਂ ਲਈ ਹਰ ਕਿਸਮ ਦੇ ਦੁਖ ਬਰਦਾਸ਼ਤ ਕਰਨ ਲਈ ਪੱਕੇ ਅਰਾਦਿਆਂ ਦੀ ਝਲਕ ਨਜ਼ਰ ਆ ਰਹੀ ਸੀ। ਸੈਂਕੜਿਆਂ ਨੇ ਆਪਣੇ ਆਪ ਨੂੰ ਬਤੌਰ ਵਾਲੰਟੀਅਰ ਜ਼ਿਲ੍ਹਾ ਕਿਸਾਨ ਕਮੇਟੀ ਦੇ ਹਵਾਲੇ ਕਰ ਦਿਤਾ। 12 ਬਜੇ ਜਲੂਸ ਤਿਆਰ ਕੀਤਾ ਗਿਆ। ਇਕ ਸੌ ਕਿਸਾਨਾਂ ਦਾ ਜਥਾ ਸਭ ਤੋਂ ਅਗੇ ਸੀ ਜਿਨ੍ਹਾਂ ਦੀ ਛਾਤੀ ਪੁਰ ਲਾਲ ਬਿਲੇ ਲਗੇ ਹੋਏ ਸਨ। ਮੁਜ਼ਾਹਰੇ ਦੇ ਹੈਡ ਜਥੇਦਾਰ ਬਾਬਾ ਹਰੀ ਸਿੰਘ ਸੂੰਡ ਅਤੇ ਹੋਰ ਜਥੇਦਾਰ ਕਾਮਰੇਡ ਜਵਾਲਾ ਸਿੰਘ ਬੜਾ ਪਿੰਡ, ਬਾ: ਲਾਲ ਸਿੰਘ ਅਤੇ ਬਾ: ਵਰਿਆਮ ਸਿੰਘ ਜੰਡਿਆਲਾ ਸਨ। ਜਥੇਦਾਰਾਂ ਦੇ ਸਿਵਾ ਮੁਜ਼ਾਹਰਾ ਕਰਨ ਵਾਲਿਆਂ ਵਿਚ ਕਾਮਰੇਡ ਚੈਨ ਸਿੰਘ ਚੈਨ ਜਨਰਲ ਸਕਤਰ ਜ਼ਿਲ੍ਹਾ ਕਿਸਾਨ ਕਮੇਟੀ, ਬਾਬਾ ਭਗਵਾਨ ਸਿੰਘ ਦੁਸਾਂਝ, ਲਾਹੌਰੀ ਰਾਮ ਪ੍ਰਦੇਸੀ, ਕਰਮ ਸਿੰਘ ਸਫਰੀ, ਉਜਾਗਰ ਸਿੰਘ ਬਿਲਗਾ, ਅਵਤਾਰ ਸਿੰਘ ਦਲੇਰ, ਮੁਹੰਮਦ ਅਨਵਰ ਅਪਰਾ, ਮਿਲਖਾ ਸਿੰਘ ਅੱਟਾ, ਹਕੀਮ ਚਰਨ ਦਾਸ ਬੁੰਡਾਲਾ, ਕਾਮਰੇਡ ਜਸਵੰਤ ਸਿੰਘ ਸ਼ੰਕਰ ਸਦਰ ਤੈਹਸੀਲ ਕਿਸਾਨ ਕਮੇਟੀ ਨਕੋਦਰ, ਨਿਰਮਲ ਸਿੰਘ ਲਿਤਰਾਂ ਵਗੈਰਾ ਸਾਥੀ ਭੀ ਸ਼ਾਮਲ ਸਨ।

'ਕਿਸਾਨ ਨਾਹਰਾ ਹੈ ਨਹੀਂ ਹਾਲਾ', 'ਕਿਸਾਨ ਕਹਾਣੀ ਹੈ ਨਹੀਂ ਪਾਣੀ', 'ਦੁਖੀ ਪਰਜਾ ਹੈ ਨਹੀਂ ਕਰਜਾ', 'ਪੇਸ਼ਾ ਵਾਰਾਨਾ ਟੈਕਸਾਂ ਨੂੰ ਮਨਸੂਖ ਕਰ ਦਿਓ', 'ਸ਼ਾਹੀ ਕੈਦੀਆਂ, ਨਜ਼ਰ ਬੰਦਾਂ ਅਤੇ ਰਾਜਸੀ ਅਸੀਰਾਂ ਨੂੰ ਰਿਹਾ ਕਰ ਦਿਓ', 'ਕਾਮਰੇਡ ਗੁਰਮੁਖ ਸਿੰਘ ਨੂੰ ਰਿਹਾ ਕਰ ਦਿਓ', 'ਬਾਬਾ ਕਰਮ ਸਿੰਘ ਜ਼ਿੰਦਾਬਾਦ' ਦੇ ਨਾਹਰਿਆਂ ਨਾਲ ਜਲੂਸ ਮੰਡੀ ਫੈਨੇਟਨ ਗੰਜ ਕੋਲੋਂ ਗੁਜਰਦਾ ਰੇਲਵੇ ਸਟੇਸ਼ਨ ਦੇ ਸਾਹਮਣਿਓਂ ਹੁੰਦਾ ਹੋਇਆ ਨਵੀਂ ਰੇਲਵੇ ਰੋਡ ਪੁਰ ਦੀ ਹੋ ਕੇ ਗੁਰਦੁਆਰਾ ਸਿੰਘ ਸਭਾ ਦੇ ਨਾਲ-ਨਾਲ ਗੇਟ ਮਾਈ ਹੀਰਾਂ ਵਿਚ ਦਾਖਲ ਹੋਇਆ। ਸਾਰੇ ਸ਼ਹਿਰ ਵਿਚ ਦੀ ਘੁੰਮਦਾ ਹੋਇਆ ਜਦ ਜ਼ਿਲ੍ਹਾ ਜੇਹਲ ਦੇ ਸਾਹਣਿਓਂ ਗੁਜ਼ਰਿਆ ਤਾਂ ਮੁਜ਼ਾਹਰੀਨਾਂ ਨੇ ਨਾਹਰੇ ਲਾਏ ਕਿ 'ਰਾਜਸੀ

ਕੈਦੀ ਰਿਹਾ ਕਰ ਦਿਓ।' ਕਾਮਰੇਡ ਤੇਜਾ ਸਿੰਘ ਸੁਤੰਤਰ ਨੂੰ ਰਿਹਾ ਕਰ ਦਿਓ, ਗੁਰਦਿਤ ਸਿੰਘ ਦਲੇਰ ਮਾਨਕੋ ਕਤਲ ਕੇਸ (ਜਿਨ੍ਹਾਂ ਦੀ ਅਪੀਲ ਨਾ ਮਨਜ਼ੂਰ ਕੀਤੀ ਗਈ ਹੈ) ਨੂੰ ਰਿਹਾ ਕਰ ਦਿਓ! ਦੇ ਨਾਹਰੇ ਲਾਏ। ਢਾਈ ਬਜੇ ਬਾਦ ਦੁਪੈਹਰ ਮੁਜ਼ਾਹਰੀਨ ਡਿਸਟਰਿਕ ਕੋਰਟ ਪੁਜੇ। ਇਸ ਥਾਂ ਸਾਰੇ ਮੁਜ਼ਾਹਰੀਨ ਬੈਠ ਗਏ। ਉਸ ਵੇਲੇ ਜਿਧਰ ਨਜ਼ਰ ਮਾਰੋ ਕਿਸਾਨ ਹੀ ਕਿਸਾਨ ਨਜ਼ਰ ਆਉਂਦੇ ਸਨ। ਸਿਰਾਂ ਦਾ ਇਕ ਸਮੁੰਦਰ ਠਾਠਾਂ ਮਾਰ ਰਿਹਾ ਸੀ। ਸਿਵਾਏ ਲਾਲ ਝੰਡਿਆਂ, ਮੋਟੋਆਂ ਅਤੇ ਮੇਹਨਤਕਸ਼ਾਂ ਦੇ ਹੋਰ ਕੁਛ ਦਿਖਾਈ ਨਹੀਂ ਸੀ ਦਿੰਦਾ। ਲਗਭਗ ਇਕ ਲਖ ਦਾ ਅਕੱਠ ਸੀ ਅਤੇ ਦੋ ਮੀਲ ਲੰਬਾ ਜਲੂਸ ਸੀ। ਸਾਰੀਆਂ ਕਚੈਹਰੀਆਂ ਬੰਦ ਕਰ ਦਿਤੀਆਂ ਗਈਆਂ ਸਨ। ਸਾਰੇ ਸ਼ਹਿਰ ਵਿਚ ਪੁਲਸ ਦਾ ਇਕ ਸਿਪਾਹੀ ਭੀ ਨਜ਼ਰ ਨਹੀਂ ਸੀ ਆਉਂਦਾ। ਇਉਂ ਜਾਪਦਾ ਸੀ ਕਿ ਹਾਕਮ ਸ਼ਹਿਰ ਨੂੰ ਕਿਸਾਨਾਂ ਦੇ ਹਵਾਲੇ ਛਡਕੇ ਦੌੜ ਗਏ ਹਨ।

ਇਕ ਘੰਟੇ ਤਕ ਤਕਰੀਰਾਂ ਹੁੰਦੀਆਂ ਰਹੀਆਂ। ਕਾਮਰੇਡ ਸਾਧੂ ਸਿੰਘ 'ਹਮਦਰਦ' ਅਤੇ ਕਾਮਰੇਡ ਲਾਹੌਰੀ ਰਾਮ 'ਪ੍ਰਦੇਸੀ' ਨੇ ਦਿਲ ਹਲਾ ਦੇਣ ਵਾਲੀਆਂ ਨਜ਼ਮਾਂ ਪੜ੍ਹੀਆਂ। ਹਰੀ ਸਿੰਘ ਸੂੰਢ ਅਤੇ ਹੋਰਨਾਂ ਦੀਆਂ ਤਕਰੀਰਾਂ ਤੋਂ ਬਾਦ ਬਾਬਾ ਕੇਸਰ ਸਿੰਘ ਸਦਰ ਸੂਬਾ ਕਿਸਾਨ ਕਮੇਟੀ ਨੇ ਇਕ ਦਿਲ ਖਿਚਵੀਂ ਤਕਰੀਰ ਕੀਤੀ। ਕਿਸਾਨਾਂ ਨੇ ਬਾਬਾ ਕੇਸਰ ਸਿੰਘ ਜ਼ਿੰਦਾਬਾਦ, ਕਿਸਾਨ ਕਮੇਟੀ ਜ਼ਿੰਦਾਬਾਦ ਦੇ ਕੜਕਵੇਂ ਨਾਹਰੇ ਲਾਏ।

ਇਥੋਂ ਜਲੂਸ ਸਾਰੇ ਸ਼ਹਿਰ ਵਿਚ ਦੀ ਹੁੰਦਾ ਹੋਇਆ ਗਾਂਧੀ ਮੰਡਪ ਵਿਚ ਖਤਮ ਹੋਇਆ। ਸਾਢੇ ਚਾਰ ਤੋਂ 6 ਬਜੇ ਤਕ ਲੰਗਰ ਵਰਤਦਾ ਰਿਹਾ।

ਸ਼ਾਮ ਦੇ ਸਾਢੇ ਛੇ ਬਜੇ ਕਾਮਰੇਡ ਭਾਗ ਸਿੰਘ ਕਨੇਡੀਅਨ ਦੀ ਪ੍ਰਧਾਨਗੀ ਹੇਠ ਗਾਂਧੀ ਮੰਡਪ ਦੇ ਖੁਲੇ ਮੈਦਾਨ ਵਿਚ ਬੜਾ ਭਾਰੀ ਜਲਸਾ ਹੋਇਆ। ਹਾਜ਼ਰੀ ਪੰਦਰਾਂ ਵੀਹ ਹਜ਼ਾਰ ਦੇ ਕਰੀਬ ਸੀ। ਲਾਊਡ ਸਪੀਕਰ ਦਾ ਬਹੁਤ ਚੰਗਾ ਇੰਤਜਾਮ ਸੀ। ਕਾ. ਸਾਧੂ ਸਿੰਘ 'ਹਮਦਰਦ' ਅਵਤਾਰ ਸਿੰਘ 'ਸਿਧਾ ਜਟ', ਮਲਕੀਅਤ ਸਿੰਘ ਚਿਟੀ, ਬਲਵੰਤ ਸਿੰਘ 'ਜਮਸ਼ੇਰ' ਅਤੇ ਡਾਕਟਰ ਗੁਰਬਚਨ ਸਿੰਘ ਦੁਸਾਂਝ ਨੇ ਨਜ਼ਮਾਂ ਪੜ੍ਹੀਆਂ। ਮੁਣਸ਼ੀ ਐਹਮਦ ਦੀਨ, ਸੋਹਣ ਸਿੰਘ 'ਜੋਸ਼', ਟੈਹਲ ਸਿੰਘ ਜਨਰਲ ਸਕੱਤਰ ਸੂਬਾ ਕਿਸਾਨ ਕਮੇਟੀ, ਯੋਗ ਰਾਜ ਲਾਹੌਰ ਵਗੈਰਾ ਨੇ ਤਕਰੀਰਾਂ ਕੀਤੀਆਂ।

ਕਾਮਰੇਡ ਹਰੀ ਸਿੰਘ ਖੰਡੇ ਨੇ ਹੇਠ ਲਿਖਿਆ ਰੈਜ਼ੂਲੇਸ਼ਨ ਪੇਸ਼ ਕੀਤਾ।

"ਜ਼ਿਲਾ ਜਲੰਧਰ ਦੇ ਕਿਸਾਨਾਂ ਦਾ ਇਹ ਸ਼ਾਨਦਾਰ ਮੁਜ਼ਾਹਰਾ ਐਲਾਨ ਕਰਦਾ ਹੈ ਕਿ ਓਹ ਕਿਸੀ ਭੀ ਇਮਪੀਰੀਅਲਿਸਟ ਜੰਗ ਵਿਚ ਕਦੀਂ ਭੀ ਹਿਸਾ ਨਹੀਂ ਲੈਣਗੇ, ਕਿਉਂਕਿ ਇਹੋ ਜਹੀ ਜੰਗ ਹਮੇਸ਼ਾ ਇਹਨਾਂ ਦੇ ਲਾਭਾਂ ਵਿਰੁਧ ਲੜੀ ਜਾਏਗੀ।"

ਰੈਜ਼ੂਲੇਸ਼ਨ ਦੀ ਤਾਈਦ ਹਕੀਮ ਚਰਨ ਦਾਸ ਬੁੰਡਾਲਾ ਨੇ ਕੀਤੀ।

ਕਾਮਰੇਡ ਚੈਨ ਸਿੰਘ ਜਨਰਲ ਸਕੱਤਰ ਜ਼ਿਲਾ ਕਿਸਾਨ ਕਮੇਟੀ ਜਲੰਧਰ ਨੇ ਰੈਜ਼ੂਸ਼ਲੇਸ਼ਨ ਪੇਸ਼ ਕੀਤਾ ਕਿ ਜ਼ਿਲਾ ਜਾਲੰਧਰ ਦੇ ਕਿਸਾਨਾਂ ਦਾ ਇਹ ਮੁਜ਼ਾਹਰਾ ਪੰਜਾਬ ਹਕੂਮਤ ਦੇ ਇਸ ਵਤੀਰੇ ਦੀ ਜੋ ਉਸ ਨੇ ਜ਼ਿਲੇ ਦੇ ਕਿਸਾਨਾਂ ਦੇ ਮੁਤਾਲਬਿਆਂ ਦੀ ਤਰਫ

ਅਖਤਿਆਰ ਕਰ ਰਖਿਆ ਹੈ, ਨਿਖੇਧੀ ਕਰਦੀ ਹੈ। ਜਲਸਾ ਰਾਤ ਦੇ ਬਾਰਾਂ ਵਜੇ ਖਤਮ ਹੋਇਆ। ਮਾਸਟਰ ਕਾਬਲ ਸਿੰਘ ਐੱਮ.ਐੱਲ.ਏ. ਇਸ ਵਿਚ ਸ਼ਾਮਲ ਰਹੇ।[60]

## ਦੁਆਬਾ ਵਿਚ ਨਹਿਰ ਲਈ ਅੰਦੋਲਨ

ਦੁਆਬੇ ਅੰਦਰ 1938 ਵਿਚ ਬਾਰਸ਼ਾਂ ਨਾ ਹੋਣ ਕਾਰਨ ਭਾਰੀ ਔੜ ਲੱਗ ਗਈ ਸੀ। ਟੋਭਿਆਂ ਤਲਾਬਾਂ ਦੇ ਪਾਣੀ ਸੁੱਕ ਜਾਣ ਤੋਂ ਇਲਾਵਾ ਬਹੁਤ ਸਾਰੇ ਖੂਹ ਵੀ ਸੁੱਕ ਗਏ ਸਨ ਅਤੇ ਬਾਕੀਆਂ ਵਿਚ ਪਾਣੀ ਬਹੁਤ ਥੱਲੇ ਚਲਾ ਗਿਆ ਸੀ। ਅਜਿਹੀ ਹਾਲਤ ਵਿਚ ਜਿਲ੍ਹਾ ਕਿਸਾਨ ਕਮੇਟੀ ਜਲੰਧਰ ਨੇ ਮਾਮਲਾ ਮਾਫ਼ ਕਰਨ, ਮੁਆਵਜ਼ਾ ਦੇਣ ਤੇ ਦੁਆਬੇ ਵਿਚ ਨਹਿਰ ਕੱਢਣ ਦੇ ਸਵਾਲਾਂ ਨੂੰ ਲੈ ਕੇ 20 ਦਸੰਬਰ 1938 ਨੂੰ ਜਲੰਧਰ ਸ਼ਹਿਰ ਵਿਚ ਮੁਜ਼ਾਹਰੇ ਦਾ ਪ੍ਰੋਗਰਾਮ ਬਣਾਇਆ। ਇਸ ਵਾਸਤੇ ਪਿੰਡ-ਪਿੰਡ ਅੰਦਰ ਮੁਨਾਦੀਆਂ ਤੇ ਜਲਸੇ ਕਰਕੇ ਭਾਰੀ ਜਨਤਕ ਲਾਮਬੰਦੀ ਕੀਤੀ ਗਈ। 20 ਦਸੰਬਰ ਨੂੰ ਲੋਕਾਂ ਨੇ ਆਪ ਮੁਹਾਰੇ ਵੀ ਜਲੰਧਰ ਵਲ ਧਾਈ ਕਰ ਦਿੱਤੀ। ਜ਼ਿਲ੍ਹਾ ਹੁਸ਼ਿਆਰਪੁਰ ਤੋਂ ਵੀ ਜਥੇ ਮੁਜਾਹਰੇ ਵਿਚ ਸ਼ਾਮਲ ਹੋਏ। ਇਕ ਲੱਖ ਦਾ ਭਾਰੀ ਇਕੱਠ ਹੋਇਆ ਜਿਸਦੀ ਅਗਵਾਈ ਬਾਬਾ ਹਰੀ ਸਿੰਘ ਸੂੰਢ ਪ੍ਰਧਾਨ, ਚੈਨ ਸਿੰਘ ਚੈਨ ਜਨਰਲ ਸਕੱਤਰ, ਬਾਬਾ ਭਾਗ ਸਿੰਘ ਕਨੇਡੀਅਨ, ਜਵਾਲਾ ਸਿੰਘ ਬੜਾ ਪਿੰਡ, ਬਾਬਾ ਲਾਲ ਸਿੰਘ ਜੰਡਿਆਲਾ, ਬਾਬਾ ਭਗਵਾਨ ਸਿੰਘ ਦੁਸਾਂਝ, ਲਾਹੌਰੀ ਰਾਮ ਪ੍ਰਦੇਸੀ ਤੇ ਨਿਰਮਲ ਸਿੰਘ ਆਦਿ ਨੇ ਕੀਤੀ। ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਵੀ ਐਮ.ਐਲ.ਏ. ਦੀ ਹੈਸੀਅਤ 'ਚ ਇਸ ਮੁਜ਼ਾਹਰੇ ਦੀ ਰਹਿਨੁਮਾਈ ਕਰਨ ਵਾਲਿਆਂ ਵਿਚ ਸਨ। ਇਸ ਮੁਜਾਹਰੇ ਦੀ ਸਫ਼ਲਤਾ ਇਸ ਸਿੱਟੇ ਨਾਲ ਹੋਈ ਕਿ ਪੰਜਾਬ ਦੇ ਮੁੱਖ ਮੰਤਰੀ ਸਰ ਸਕੰਦਰ ਹਯਾਤ ਖਾਨ ਨੇ ਅਸੰਬਲੀ ਵਿਚ ਦੁਆਬੇ ਲਈ ਨਹਿਰ ਦਾ ਸਰਵੇਖਣ ਕਰਨ ਦਾ ਐਲਾਨ ਕੀਤਾ ਸੀ। ਅਸੰਬਲੀ ਅੰਦਰ ਦੇਸ਼ ਭਗਤ ਫਰੰਟ ਵਾਲੇ ਧੜੇ ਦੀ ਵੀ ਵਿਸ਼ੇਸ਼ ਭੂਮਿਕਾ ਸੀ ਜਿਸ ਵਿਚ ਮਾਸਟਰ ਕਾਬਲ ਸਿੰਘ ਸਮੇਤ ਸਾਰੇ ਖੱਬੇ-ਪੱਖੀ ਅਸੰਬਲੀ ਮੈਂਬਰ ਸ਼ਾਮਲ ਸਨ।* ਇਸ ਜਦੋ ਜਹਿਦ ਦਾ ਹੀ ਸਿੱਟਾ ਸੀ ਕਿ ਦੇਸ਼ ਦੀ ਵੰਡ ਤੋਂ ਛੇਤੀਂ ਪਿਛੋਂ ਇਸ ਨਹਿਰ ਦੀ ਖੁਦਾਈ ਦਾ ਕੰਮ ਸ਼ੁਰੂ ਹੋ ਗਿਆ ਸੀ ਅਤੇ ਰੋਪੜ ਤੋਂ ਬਲਾਚੌਰ ਰਾਹੀਂ ਨਵਾਂਸ਼ਹਿਰ ਅਤੇ ਦੁਆਬੇ ਵਿਚ ਇਸ ਦੀਆਂ ਬਰਾਂਚਾਂ ਦਾ ਦੁਆਬੇ ਨੂੰ ਹਰਾ ਭਰਾ ਕਰਨ ਵਿਚ ਬੜਾ ਮਹੱਤਵ ਹੈ। ਅਜੋਕੇ ਦੌਰ ਦੇ ਹਾਕਮਾਂ ਦੀ ਅਣਗਿਹਲੀ ਦੇ ਕਾਰਨ ਉਸ ਸਮੇਂ ਦੀ ਇਹ ਪ੍ਰਾਪਤੀ ਨਕਾਰਾ ਹੋ ਕੇ ਰਹਿ ਗਈ।

## ਗੜ੍ਹਦੀਵਾਲ ਕਾਨਫਰੰਸ

ਕਾਨਫਰੰਸਾਂ ਦੀ ਲੜੀ ਵਿਚ ਕਾਂਗਰਸ-ਕਿਰਤੀ ਕਾਨਫਰੰਸ 9-10 ਅਕਤੂਬਰ 1937 ਨੂੰ ਗੜ੍ਹਦੀਵਾਲ ਪਿੰਡ ਵਿਚ ਹੋਈ। ਜਿਸ ਨੂੰ ਸੰਬੋਧਨ ਕਰਨ ਲਈ ਪੰਡਤ ਜਵਾਹਰ ਲਾਲ ਨਹਿਰੂ ਪੁੱਜੇ ਸਨ। ਇਕ ਲੱਖ ਲੋਕਾਂ ਦੇ ਇਕੱਠ ਲਈ ਪੰਡਾਲ ਤਿਆਰ

ਕੀਤਾ ਗਿਆ ਸੀ। ਜਵਾਹਰ ਲਾਲ ਨਹਿਰੂ ਨੂੰ ਸੁਣਨ ਲਈ 20 ਤੋਂ 25 ਮੀਲ ਤੱਕ ਪਿੰਡਾਂ ਦੇ ਲੋਕਾਂ ਵਿਚ ਉਤਸ਼ਾਹ ਏਨਾ ਸੀ ਕਿ ਉਨ੍ਹਾਂ ਕਾਨਫਰੰਸ ਨੂੰ "ਕਾਂਗਰਸ ਦਾ ਮੇਲਾ" ਕਹਿਣਾ ਸ਼ੁਰੂ ਕਰ ਦਿੱਤਾ ਸੀ।

ਡੇਢ ਕੁ ਮੀਲ ਦੂਰ ਪਿੰਡ ਗੋਂਦਪੁਰ ਤੋਂ ਇਕ ਸ਼ਾਨਦਾਰ ਜਲੂਸ ਝੰਡੇ ਚੁੱਕੀ ਸ਼ੁਰੂ ਹੋਇਆ, ਅੱਗੇ-ਅੱਗੇ 'ਭਾਈ ਬਲਵੰਤ ਸਿੰਘ ਦੁਖੀਆ' ਦੀ ਤਸਵੀਰ ਉਪਰ ਹਾਰ ਪਾਈ ਗੜ੍ਹਦੀਵਾਲ ਪੁੱਜਾ। ਸ. ਬਲਵੰਤ ਸਿੰਘ ਦੁਖੀਆ ਸੁਆਗਤੀ ਕਮੇਟੀ ਦੇ ਚੇਅਰਮੈਨ ਸਨ। ਉਨ੍ਹਾਂ ਉਪਰ ਭੜਕਾਊ ਤਕਰੀਰ ਦਾ ਝੂਠਾ ਮੁਕੱਦਮਾ ਬਣਾ ਕੇ ਪੰਜ ਸਾਲ ਦੀ ਸਜ਼ਾ ਦੇ ਕੇ ਨਜ਼ਰਬੰਦ ਕਰ ਦਿੱਤਾ ਸੀ। ਉਸਦੀ ਥਾਂ ਮਾਸਟਰ ਹਰੀ ਸਿੰਘ ਧੂਤ* ਨੂੰ ਥਾਪ ਦਿੱਤਾ ਗਿਆ ਸੀ। ਦੁਖੀਏ ਦੀ ਗ੍ਰਿਫ਼ਤਾਰੀ ਨਾਲ ਲੋਕਾਂ ਅੰਦਰ ਰੋਹ ਤੇ ਜੋਸ਼ ਹੋਰ ਵਧ ਗਿਆ ਉਹ ਉਤਸ਼ਾਹ ਨਾਲ ਹੁੰਮ-ਹੁੰਮ ਕੇ ਪਹੁੰਚੇ। ਕਾਨਫਰੰਸ ਦੀ ਪ੍ਰਧਾਨਗੀ ਮੁਲਾਣਾ ਅਬਦੁਲ ਕਿਊਮ ਖਾਂ ਨੇ ਕੀਤੀ ਅਤੇ ਝੰਡਾ ਵੀ ਉਸਨੇ ਝੁਲਾਇਆ ਸੀ। ਮਾਹਲਪੁਰ ਵਾਂਗ ਇਹ ਕਾਨਫਰੰਸ ਵੀ ਲਾਮਿਸਾਲ ਦੇਖ ਕੇ ਪੰਡਤ ਜਵਾਹਰ ਲਾਲ ਨਹਿਰੂ ਬਹੁਤ ਪ੍ਰਭਾਵਤ ਹੋਇਆ ਸੀ। ਇਸ ਕਾਨਫਰੰਸ ਮੌਕੇ ਸ. ਅਜੀਤ ਸਿੰਘ ਐਮ.ਐਲ.ਏ ਤੇ ਸ੍ਰੀ ਭਗਤ ਰਾਮ ਚੋਡਾ ਐਮ.ਐਲ.ਏ.* ਨੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ। ਇਸ ਕਾਨਫਰੰਸ ਨੇ ਲੋਕਾਂ ਦੀ ਸੋਚ ਤਬਦੀਲ ਕਰਕੇ ਅੰਗਰੇਜ਼ੀ ਹਕੂਮਤ ਵਿਰੁੱਧ ਰੋਸ ਭਰ ਦਿੱਤਾ ਸੀ।

ਕਾਨਫਰੰਸ ਦੀ ਪ੍ਰਧਾਨਗੀ ਕਰਦਿਆਂ ਸ. ਸਰਦੂਲ ਸਿੰਘ ਕਵੀਸ਼ਰ ਨੇ ਹੱਥ ਜੋੜ ਕੇ ਲੋਕਾਂ ਦਾ ਹਾਰਦਿਕ ਸੁਆਗਤ ਕਰਕੇ ਤਕਰੀਰ ਸ਼ੁਰੂ ਕੀਤੀ। ਗ਼ਦਰੀ ਦੇਸ਼ ਭਗਤ ਪੰਡਤ ਜਗਤ ਰਾਮ ਹਰਿਆਣਾ, ਸੇਠ ਸੁਦਰਸ਼ਨ ਐਮ.ਐਲ.ਏ., ਬੇਗਮ ਫਾਤਿਮਾ, ਮੁਨਸ਼ੀ ਅਹਿਮਦੀਨ ਸੋਸਲਿਸਟ ਆਗੂ ਅਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਐਮ.ਐਲ.ਏ. ਇਸ ਮੌਕੇ ਹਾਜ਼ਰ ਸਨ। ਟ੍ਰਿਬਿਊਨ ਅਖ਼ਬਾਰ ਦੇ ਅਨੁਸਾਰ: ਬੇਗਮ ਫਾਤਿਮਾ ਨੇ ਕਵਿਤਾ ਦਾ ਉਚਾਰਨ ਕੀਤਾ ਜਿਸਨੂੰ ਤਾੜੀਆਂ ਦੀ ਗੂੰਜ ਨਾਲ ਸਲਾਹਿਆ ਗਿਆ ਸੀ। ਲਾਲਾ ਦੂਨੀ ਚੰਦ, ਬਾਰ-ਐਟ-ਲਾਅ, ਡਾ. ਸਤਪਾਲ ਪ੍ਰਧਾਨ ਪੰਜਾਬ ਕਾਂਗਰਸ, ਲਾਲਾ ਸ਼ਾਮ ਲਾਲ ਐਮ.ਐਲ.ਏ., ਮੀਆਂ ਇਫਤਖਾਰਦੀਨ, ਸ. ਕਾਬਲ ਸਿੰਘ ਗੋਬਿੰਦਪੁਰ, ਚੌਧਰੀ ਕਰਤਾਰ ਸਿੰਘ, ਪੰਡਤ ਸ੍ਰੀ ਰਾਮ ਸ਼ਰਮਾ, ਸੋਹਣ ਸਿੰਘ ਜੋਸ਼ ਐਮ.ਐਲ.ਏ., ਸੇਠ ਸੁਦਰਸ਼ਨ, ਲਾਲਾ ਭਗਤ ਰਾਮ ਅਲਾਵਲਪੁਰ, ਸ. ਪ੍ਰਤਾਪ ਸਿੰਘ ਐਮ.ਐਲ.ਏ., ਮਾਸਟਰ ਮੋਤਾ ਸਿੰਘ ਪਤਾਰਾ, ਹਰੀ ਸਿੰਘ ਧੂਤ ਚੇਅਰਮੈਨ ਨੇ ਆਪਣੇ ਭਾਸ਼ਣਾਂ ਨਾਲ ਕਾਨਫਰੰਸ ਨੂੰ ਸੰਬੋਧਨ ਕੀਤਾ। ਇਸ ਕਾਨਫਰੰਸ ਨਾਲ ਕੰਢੀ ਦੇ ਦੂਰ ਦੁਰਾਡੇ ਦੇ ਲੋਕਾਂ ਅੰਦਰ ਨਵੀਂ ਚੇਤਨਾ ਪੈਦਾ ਹੋਈ ਉਥੇ 'ਦੁਖੀਆ' ਦੀ ਗ੍ਰਿਫ਼ਤਾਰੀ ਵਿਰੁੱਧ ਨਫ਼ਰਤ ਤੇ ਗੁੱਸਾ ਭਰ ਗਿਆ ਸੀ।[61]

1938 ਵਿੱਚ ਪੰਜਾਬ ਸੋਸ਼ਲਿਸਟ ਪਾਰਟੀ ਦੀਆਂ ਸ਼ਾਖਾਂ ਬਣਾਈਆਂ ਜਾਣੀਆਂ ਲੱਗੀਆਂ ਤਾਂ ਫਿਰੋਜ਼ਦੀਨ ਮਨਸੂਰ, ਬਾਬਾ ਹਰਜਾਪ ਸਿੰਘ, ਸੋਹਣ ਸਿੰਘ ਜੋਸ਼ ਅਤੇ ਮਾਸਟਰ

ਕਾਬਲ ਸਿੰਘ ਨੇ ਇਸ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਸੋਸ਼ਲਿਸਟ ਪਾਰਟੀ ਕਾਂਗਰਸ ਪਾਰਟੀ ਦੇ ਗਰਮ ਵਿਚਾਰਧਾਰਾ ਵਾਲੇ ਆਗੂਆਂ ਵੱਲੋਂ ਬਣਾਈ ਗਈ ਸੀ। ਮਾਸਟਰ ਕਾਬਲ ਸਿੰਘ ਸਮੇਤ ਉਕਤ ਆਗੂਆਂ ਵਲੋਂ ਕਾਲਕਾ, ਮਿੰਟਗੁੰਮਰੀ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਸ਼ਾਖਾਂ ਕਾਇਮ ਕਰਕੇ ਬਕਾਇਦਾ ਸੂਬਾਈ ਕਮੇਟੀ ਵਿਚ ਸ਼ਾਮਲ ਕਰ ਲਿਆ ਸੀ।[62]

## ਜੰਡੋਲੀ ਕਾਨਫਰੰਸ

ਦੁਆਬਾ ਪੁਲੀਟੀਕਲ ਕਾਨਫਰੰਸ ਜੰਡੋਲੀ 18-19 ਫਰਵਰੀ 1939 ਨੂੰ ਹੁਸ਼ਿਆਰਪੁਰ ਦੇ ਪਿੰਡ ਜੰਡੋਲੀ ਵਿਚ ਹੋਈ। ਕਾਮਰੇਡ ਦਸੌਂਧਾ ਸਿੰਘ ਢਾਡਾ ਕਾਂਗਰਸ ਜ਼ਿਲ੍ਹਾ ਕਮੇਟੀ ਹੁਸ਼ਿਆਰਪੁਰ ਦੇ ਪ੍ਰਧਾਨ ਸਨ। ਬੀਬੀ ਰਘਬੀਰ ਕੌਰ ਐਮ.ਐਲ.ਏ. ਨੇ ਕਾਨਫਰੰਸ ਦੀ ਪ੍ਰਧਾਨਗੀ ਕੀਤੀ ਸੀ। ਕਾਨਫਰੰਸ ਨੂੰ ਸੰਬੋਧਨ ਕਰਨ ਵਾਲੇ ਮੁੱਖੀ ਆਗੂਆਂ ਵਿਚ ਸਰਦਾਰ ਕਿਸ਼ਨ ਸਿੰਘ (ਪਿਤਾ ਸ਼ਹੀਦ ਭਗਤ ਸਿੰਘ) ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਬਾਬਾ ਕੇਸਰ ਸਿੰਘ ਠੱਠਗੜ, ਬਾਬਾ ਕਰਮ ਸਿੰਘ ਧੂਤ, ਬਾਬਾ ਭਾਗ ਸਿੰਘ ਕਨੇਡੀਅਨ, ਅਰਜਨ ਸਿੰਘ 'ਸੱਚ', ਸਵਾਮੀ ਪੂਰਨਾ ਨੰਦ, ਮੌਲਾਨਾ ਅਬਦੁਲ ਗਫਾਰ ਗਜ਼ਨਵੀ ਅਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਸਨ। ਸ਼ਾਮ ਨੂੰ ਪਿੰਡ ਦੇ ਵਿਚ ਜਲੂਸ ਕੱਢਿਆ ਗਿਆ, ਜਿਸ ਵਿਚ ਕੌਮੀ ਨਾਹਰੇ ਲਗਾਏ ਗਏ। ਜਲੂਸ ਦੀ ਸਮਾਪਤੀ ਪੰਡਾਲ ਵਿਚ ਜਾ ਕੇ ਹੋਈ ਜਿਥੇ ਬਾਬਾ ਕੇਸਰ ਸਿੰਘ ਠੱਠਗੜ ਨੇ ਝੰਡਾ ਝੁਲਾਇਆ।

ਡਿਸਟ੍ਰਿਕ ਬੋਰਡ ਦੀਆਂ ਚੋਣਾਂ ਹੋਣੀਆਂ ਸਨ। ਮਾਹਿਲਪੁਰ ਜ਼ੈਲ ਤੇ ਜੰਡੋਲੀ ਜ਼ੈਲ ਤੋਂ ਯੂਨੀਅਨਿਸਟ ਪਾਰਟੀ (ਅੰਗਰੇਜ਼ ਪ੍ਰਸ਼ਤ) ਨੇ ਜੰਡੋਲੀ ਦੇ ਜ਼ੈਲਦਾਰ ਚੌਧਰੀ ਕਰਤਾਰ ਸਿੰਘ ਨੂੰ ਖੜਾ ਕੀਤਾ। ਕਾਂਗਰਸ ਤੇ ਕਿਰਤੀ ਪਾਰਟੀ ਵੱਲੋਂ ਇਸਦੇ ਮੁਕਾਬਲੇ ਤੇ ਸ. ਮੂਲਾ ਸਿੰਘ ਜਰਨੈਲ ਬਾਹੋਵਾਲ ਨੂੰ ਕੀਤਾ ਗਿਆ। ਭਾਵੇਂ ਇਸ ਕਾਨਫਰੰਸ ਦਾ ਗਲੋਬਲ ਡਿਸਟ੍ਰਿਕ ਬੋਰਡ ਦੀਆਂ ਚੋਣਾਂ ਸਨ ਪਰ ਇਥੋਂ ਦੇ ਜ਼ੈਲਦਾਰ ਚੌਧਰੀ ਕਰਤਾਰ ਸਿੰਘ ਦੀ ਹੈਂਕੜਬਾਜ਼ੀ ਤੇ ਧੌਂਸ ਵਿਰੁੱਧ ਜ਼ੋਰ ਅਜਮਾਈ ਵੀ ਸੀ। ਦੋਹੀਂ ਪਾਸੀਂ ਚੋਣ ਪ੍ਰਚਾਰ ਦਾ ਮੈਦਾਨ ਗਰਮ ਹੋ ਗਿਆ ਸੀ। ਸਰਕਾਰੀ ਪਿੱਠੂ ਇਕ ਪਾਸੇ, ਆਮ ਜਨਤਾ ਦੂਜੇ ਪਾਸੇ ਸੀ। ਉਨ੍ਹੀਂ ਦਿਨੀਂ ਪੰਜ ਰੁਪਏ ਸਰਕਾਰੀ ਮਾਮਲਾ ਦੇਣ ਵਾਲੇ ਨੂੰ ਵੋਟ ਪਾਉਣ ਦਾ ਅਧਿਕਾਰ ਸੀ। ਜ਼ੋਰ ਪੈਣ ਦੇ ਬਾਵਜੂਦ ਮੂਲਾ ਸਿੰਘ ਬਾਹੋਵਾਲ ਦੀ ਰਤਾ ਜਿੰਨੀ ਕੁਤਾਹੀ ਤੇ ਇਹ ਚੋਣ ਜ਼ੈਲਦਾਰ ਕਰਤਾਰ ਸਿੰਘ ਜਿੱਤ ਗਿਆ ਸੀ।[63]

## ਇਸਤਰੀ ਜਾਤੀ ਦੇ ਹੱਕਾਂ ਲਈ ਪੈਰਵਾਈ

ਮਾਸਟਰ ਕਾਬਲ ਸਿੰਘ ਨੂੰ ਔਰਤ ਜਾਤੀ ਦੇ ਸਮਾਜਕ ਦਰਜੇ ਲਈ ਬੜੀ ਉਤਸੁਕਤਾ ਸੀ। ਉਹ ਇਸਨੂੰ ਸਮਾਜ ਵਿਚ ਬਰਾਬਰੀ ਦਾ ਦਰਜਾ ਦੁਆਉਣਾ ਚਾਹੁੰਦੇ ਸਨ। ਉਨ੍ਹਾਂ ਨੇ ਇਸ ਦਾ ਵੱਡਾ ਕਾਰਨ ਵਿਦਿਆ ਦਾ ਨਾ ਹੋਣਾ ਮੰਨ ਕੇ 1928

ਵਿਚ ਹੀ ਦੁਆਬੇ ਵਿਚ ਲੜਕੀਆਂ ਦੀ ਵਿਦਿਆ ਲਈ ਠੋਸ ਯਤਨ ਸ਼ੁਰੂ ਕਰਕੇ ਪਿੰਡਾਂ ਵਿਚ ਸਕੂਲ ਖੋਲ੍ਹੇ ਸਨ। ਅਸੰਬਲੀ ਮੈਂਬਰ ਹੁੰਦਿਆਂ ਉਨ੍ਹਾਂ ਨੇ ਔਰਤਾਂ ਦੇ ਬਰਾਬਰੀ ਦੇ ਅਧਿਕਾਰਾਂ ਲਈ ਜਦੋ ਜਹਿਦ, ਅਸੰਬਲੀ ਦੇ ਅੰਦਰ ਵੀ ਤੇ ਬਾਹਰ ਵੀ ਜਾਰੀ ਰੱਖੀ। ਉਨ੍ਹਾਂ ਦੇ ਅਸੰਬਲੀ ਮੈਂਬਰ ਹੁੰਦਿਆਂ ਔਰਤਾਂ ਅੰਦਰ ਜਾਗਰੂਕਤਾ ਲਿਆਉਣ ਲਈ ਕੋਸ਼ਿਸ਼ਾਂ ਪਿੱਛੇ ਬੀਬੀ ਸਤਿਆਵਤੀ ਤੇ ਬੀਬੀ ਰਘਬੀਰ ਕੌਰ ਵਿਧਾਨਕਾਰਾਂ ਦਾ ਹੱਥ ਸੀ। 1938 ਵਿਚ ਜਦੋਂ ਅਸੰਬਲੀ ਵਿਚ ਔਰਤਾਂ ਦੇ ਅਧਿਕਾਰਾਂ ਲਈ ਬਿਲ ਪੇਸ਼ ਹੋਇਆ ਤਾਂ ਅੰਗਰੇਜ਼ ਪੱਖੀ ਸਰਕਾਰ ਨੇ ਇਸ ਨੂੰ ਪਾਸ ਕਰਨ ਵਿਚ ਰੁਕਾਵਟਾਂ ਪਾਈਆਂ ਸਨ। ਸਰਕਾਰ ਦੀ ਇਸ ਕਾਰਵਾਈ ਦੇ ਖਿਲਾਫ਼ ਔਰਤਾਂ ਨੇ "ਇਸਤਰੀ ਸਹਾਇਕ ਸਭਾ" ਦੀ ਅਗਵਾਈ ਵਿਚ ਅੰਮ੍ਰਿਤਸਰ ਮੀਟਿੰਗ ਕਰਕੇ ਅਸੰਬਲੀ ਦੇ ਸਾਹਮਣੇ ਮੁਜਾਹਰਾ ਕਰਨ ਦਾ ਫੈਸਲਾ ਕੀਤਾ। ਮੀਟਿੰਗ ਦੀ ਕਾਰਵਾਈ ਦੀ ਉਪਲਬਧ ਰਿਪੋਰਟ:

ਅਸੰਬਲੀ ਹਾਲ ਮੂਹਰੇ ਮਜ਼ਾਹਰਾ: ਅੰਮ੍ਰਿਤਸਰ, 4 ਮਾਰਚ ਇਸਤਰੀ ਸਹਾਇਕ ਸਭਾ ਅੰਮ੍ਰਿਤਸਰ ਦੀ ਜਨਰਲ ਇਕੱਤਰਤਾ ਕੂਚਾ ਵਧਾਊ ਵਾਲਾ ਕਟੜਾ ਰਾਮਗੜ੍ਹੀਆ ਵਿਚ ਸ੍ਰੀਮਤੀ ਕਮਲਾਵਤੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸ੍ਰੀਮਤੀ ਸਤਿਆਵਤੀ ਜੀ ਪਾਠਕ ਨੇ ਮਤਾ ਪੇਸ਼ ਕੀਤਾ, ਜਿਸ ਦੀ ਤਾਈਦ ਸ੍ਰੀਮਤੀ ਸ਼ਾਮ ਦੇਵੀ, ਸ੍ਰੀਮਤੀ ਵਿਦਿਆਵਤੀ, ਸ੍ਰੀਮਤੀ ਸ਼ਾਂਤਾਂ ਤੇ ਬੀਬੀ ਪ੍ਰੀਤਮ ਕੌਰ ਨੇ ਕੀਤੀ ਔਰਤਾਂ ਦੇ ਹੱਕਾਂ-ਹਿੱਤਾਂ ਦੇ ਸਬੰਧ 'ਚ ਜਬਰਦਸਤ ਤਕਰੀਰਾਂ ਕੀਤੀਆਂ। ਸਰਬ ਸੰਮਤੀ ਨਾਲ ਪਾਸ ਹੋਇਆ ਮਤਾ

ਮਿਸਿਜ਼ ਦੂਨੀ ਚੰਦ ਐਮ.ਐਲ.ਏ. ਨੇ ਜਿਹੜਾ ਬਿਲ ਪੰਜਾਬ ਅਸੰਬਲੀ ਵਿਚ ਔਰਤਾਂ ਦੀ ਬੇਹਤਰੀ ਲਈ ਪੇਸ਼ ਕੀਤਾ ਸੀ ਕਿ ਕਿਸੇ ਆਦਮੀ ਦੀਆਂ ਦੋ ਸ਼ਾਦੀਆਂ ਨਹੀਂ ਹੋਣੀਆਂ ਚਾਹੀਦੀਆਂ ਆਦਿ ਆਦਿ ਉਹ ਬਿਲ ਮੈਂਬਰਾਨ ਅਸੰਬਲੀ ਦੀ ਲਾਪ੍ਰਵਾਹੀ ਨਾਲ ਗਿਰ ਗਿਆ ਸੀ। ਇਸ ਦੀ ਨਿਖੇਧੀ ਪਹਿਲਾਂ ਵੀ ਇਸਤਰੀ ਸਹਾਇਕ ਸਭਾ ਕਰ ਚੁੱਕੀ ਹੈ। ਹੁਣ ਇਹ ਇਕੱਤਰਤਾ ਪੰਜਾਬ ਗੌਰਮਿੰਟ ਨੂੰ ਤਾੜਨਾ ਕਰਦੀ ਹੈ ਕਿ ਔਰਤਾਂ ਬਿਲ ਦੇ ਗਿਰ ਜਾਣ ਕਰਕੇ ਘਬਰਾ ਨਹੀਂ ਗਈਆਂ। ਉਹ ਬਿਲ ਦੇ ਪਾਸ ਹੋ ਜਾਣ ਤਕ ਐਜੀਟੇਸ਼ਨ ਜਾਰੀ ਰੱਖਣਗੀਆਂ। ਬਿਲ ਨੂੰ ਘੜੀ ਮੁੜੀ ਪੰਜਾਬ ਅਸੰਬਲੀ ਵਿਚ ਪੇਸ਼ ਕੀਤਾ ਜਾਏਗਾ। ਇਹ ਇਕੱਤਰਤਾ ਫੈਸਲਾ ਕਰਦੀ ਹੈ ਕਿ ਅਸੈਂਬਲੀ ਵਿਚ ਮਤਾ ਪੇਸ਼ ਕੀਤਾ ਜਾਏਗਾ। ਇਹ ਇਕੱਤਰਤਾ ਫੈਸਲਾ ਕਰਦੀ ਹੈ ਕਿ ਅਸੈਂਬਲੀ ਦੀ ਇਸ ਵੇਰ ਹੋਣ ਵਾਲੀ ਇਕੱਤਰਤਾ ਦੇ ਸਮੇਂ ਹਜ਼ਾਰਾਂ ਇਸਤਰੀਆਂ ਦਾ ਜਥਾ ਅਸੰਬਲੀ ਹਾਲ ਅਗਾੜੀ ਘਲਿਆ ਜਾਵੇ ਤਾਂ ਕਿ ਉਹ ਅਸੰਬਲੀ ਦੇ ਮੈਂਬਰਾਂ ਨੂੰ ਉਕਤ ਮੰਗ ਦਰਸਾ ਸਕਣ।[64]

ਦੇਸੀ ਰਿਆਸਤਾਂ ਦੇ ਹਲਵਾਹਕਾਂ ਤੇ ਮਿਹਨਤੀ ਪਰਜਾ ਦੀਆਂ ਮੁਸ਼ਕਲਾਂ ਦੀ ਸੁਣਵਾਈ ਲਈ ਬਣਾਈ ਗਈ ਸਰਬ ਹਿੰਦ ਰਿਆਸਤੀ ਪਰਜਾ ਮੰਡਲ ਦੀ ਛੇਵੀਂ

ਕਾਨਫਰੰਸ 4-6 ਫਰਵਰੀ 1939 ਨੂੰ ਲੁਧਿਆਣਾ ਵਿਖੇ ਪੰਡਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਹੋਈ। ਸੁਆਗਤੀ ਕਮੇਟੀ ਦੇ ਪ੍ਰਧਾਨ ਬਾਬਾ ਕਰਮ ਸਿੰਘ ਧੂਤ ਸਨ। ਨਹਿਰੂ ਨੇ 1938 ਦੇ ਸਾਲ ਨੂੰ "ਜਾਗਰਤੀ ਦਾ ਵਰ੍ਹਾ" ਆਖ ਕੇ ਇਤਿਹਾਸਕ ਮੰਨਿਆ ਸੀ। ਉਹ ਠੀਕ ਸਨ ਕਿ ਇਸੇ ਸਾਲ ਵਿਚ ਸਾਮਰਾਜ ਅਤੇ ਜੰਗ ਦੇ ਖਿਲਾਫ਼ ਇਕ ਫਰੰਟ ਉੱਭਰ ਰਿਹਾ ਸੀ। ਕੇਂਦਰੀ ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿਚ ਸੋਸਲਿਸਟ, ਕਾਂਗਰਸੀ ਜ਼ਿਲ੍ਹਾ ਕਮੇਟੀਆਂ ਵਿਚ ਅਸਰਦਾਇਕ ਭੂਮਿਕਾ ਨਿਭਾ ਰਹੇ ਸਨ। ਕਿਸਾਨ ਲਹਿਰ ਤੇਜ਼ੀ ਨਾਲ ਫੈਲ ਰਹੀ ਸੀ। ਜ਼ਿਲ੍ਹਾ ਜਲੰਧਰ ਦੀ ਕਾਂਗਰਸ ਕਮੇਟੀ ਦੀ ਚੋਣ ਮਾਸਟਰ ਮੋਤਾ ਸਿੰਘ ਦੀ ਇੱਛਾ ਅਨੁਸਾਰ ਹੋਈ ਸੀ। ਪ੍ਰਧਾਨ ਕਾਂਗਰਸ ਦੇ ਮੂਲ ਰਾਜ ਸਨ ਅਤੇ ਸਕੱਤਰ ਕਾਮਰੇਡ ਭਗਤ ਸਿੰਘ ਬਿਲਗਾ ਸਮੇਤ ਬਾਕੀ ਅਹੁਦੇ ਕਿਰਤੀਆਂ/ਕਮਿਊਨਿਸਟਾਂ ਕੋਲ ਸਨ। ਉਪ-ਪ੍ਰਧਾਨ ਬਾਬਾ ਹਰੀ ਸਿੰਘ ਸੂੰਢ ਅਤੇ ਅਵਤਾਰ ਸਿੰਘ ਦਲੇਰ ਸਨ ਤੇ ਵਰਕਿੰਗ ਕਮੇਟੀ ਵਿਚ ਮਾਸਟਰ ਮੋਤਾ ਸਿੰਘ ਤੋਂ ਇਲਾਵਾ ਮਾਸਟਰ ਕਾਬਲ ਸਿੰਘ ਸ਼ਾਮਲ ਸਨ।[65]

ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਅਸੰਬਲੀ ਵਿਚ ਕਿਰਤੀ-ਕਿਸਾਨਾਂ ਦੇ ਹਿੱਤਾਂ ਲਈ ਆਵਾਜ਼ ਬੁਲੰਦ ਕਰਦੇ ਰਹੇ। ਕਰਤਾਰ ਸਿੰਘ ਕਿਰਤੀ ਲਿਖਦੇ ਹਨ: ਦੂਜੇ ਸੰਸਾਰ ਯੁੱਧ ਦੇ ਸ਼ੁਰੂ ਹੋਣ ਨਾਲ ਪੰਜਾਬ ਅਸੈਂਬਲੀ ਦੀਆਂ ਚੋਣਾਂ ਆਪਣੀ ਮਿਆਦ ਤੇ ਨਾ ਹੋਣ ਕਰਕੇ ਜੰਗ ਦੇ ਖਤਮ ਹੋਣ ਤੋਂ ਬਾਅਦ ਮਾਸਟਰ ਕਾਬਲ ਸਿੰਘ 1946 ਤੱਕ ਵਿਧਾਨ ਸਭਾ ਦੇ ਮੈਂਬਰ ਰਹੇ। ਪਰ ਉਨ੍ਹਾਂ ਨੂੰ ਬਹੁਤਾ ਅਰਸਾ ਜੇਲ੍ਹਾ ਵਿਚ ਹੀ ਬਤੀਤ ਕਰਨਾ ਪਿਆ ਸੀ।

# ਦੂਜਾ ਸੰਸਾਰ ਯੁੱਧ-ਨਜ਼ਰਬੰਦੀਆਂ

ਸਤੰਬਰ 1939 ਨੂੰ ਦੂਜਾ ਸੰਸਾਰ ਜੰਗ ਸ਼ੁਰੂ ਹੁੰਦਿਆਂ ਹੀ ਰਾਜਸੀ ਪਾਰਟੀਆਂ 'ਤੇ ਵਿਸ਼ੇਸ਼ ਕਰਕੇ ਇਨਕਲਾਬੀ ਜਥੇਬੰਦੀਆਂ ਚੌਕਸ ਹੋ ਗਈਆਂ ਸਨ। ਬਹੁਤ ਸਾਰੇ ਇਨਕਲਾਬੀ ਰੂਪੋਸ਼ ਹੋ ਗਏ ਸਨ, ਬਾਕੀ ਆਪੋ ਆਪਣੇ ਰੁਝੇਵਿਆਂ ਨੂੰ ਮੌਕੇ ਅਨੁਸਾਰ ਬਦਲ ਰਹੇ ਸਨ। ਹਕੂਮਤ ਵੱਲੋਂ ਗ੍ਰਿਫਤਾਰੀਆਂ ਦਾ ਦੌਰ ਤੇਜ਼ੀ ਨਾਲ ਸ਼ੁਰੂ ਕੀਤਾ ਗਿਆ। ਅੰਗਰੇਜ਼ ਦੂਜੀ ਜੰਗ ਆਪਣੇ ਸਾਮਰਾਜੀ ਹਿੱਤਾਂ ਲਈ ਲੜ ਰਿਹਾ ਸੀ। ਇਸ ਲਈ ਉਸ ਨੂੰ ਪਹਿਲੀ ਸੰਸਾਰ ਜੰਗ ਵਾਂਗ ਪੈਸਿਆਂ ਅਤੇ ਫ਼ੌਜੀ ਭਰਤੀ ਦੀ ਫਿਰ ਲੋੜ ਪੈ ਗਈ ਸੀ। ਪਹਿਲੀ ਸੰਸਾਰ ਜੰਗ ਸਮੇਂ ਅੰਗਰੇਜ਼ਾਂ ਨੇ ਭਾਰਤੀਆਂ ਨਾਲ ਵਾਅਦਾ ਕੀਤਾ ਸੀ ਕਿ ਜੰਗ ਮੁਕਦਿਆਂ ਹੀ ਭਾਰਤੀਆਂ ਨੂੰ ਕੁਝ ਵਿਸ਼ੇਸ਼ ਰਾਜਸੀ ਅਧਿਕਾਰ ਦਿੱਤੇ ਜਾਣਗੇ, ਜੇ ਉਹ ਜੰਗ ਵਿਚ ਮੱਦਦ ਕਰਨ ਪ੍ਰੰਤੂ ਲੜਾਈ ਖ਼ਤਮ ਹੁੰਦਿਆਂ ਹੀ ਹਕੂਮਤ ਨੂੰ ਲੜਾਈ ਦੇ ਦਿਨਾਂ ਵਿਚ ਕੀਤੇ ਗਏ ਵਾਅਦੇ ਭੁੱਲ ਗਏ। ਪੰਜਾਬੀਆਂ ਨੂੰ ਉਸ ਜੰਗ ਵਿਚ ਮਦਦ ਕਰਨ ਦੇ ਫਲ ਵਜੋਂ ਉਲਟਾ ਜ਼ਲ੍ਹਿਆਂ ਵਾਲਾ ਬਾਗ ਖ਼ੂਨੀ ਕਾਂਡ ਤੇ ਮਾਰਸ਼ਲ ਲਾਅ ਮਿਲਿਆ ਸੀ।

ਹੁਣ ਦੂਜੇ ਯੁੱਧ ਸਮੇਂ ਸਾਰੀਆਂ ਵੱਡੀਆਂ ਪਾਰਟੀਆਂ ਦੇ ਵੱਡੇ ਲੀਡਰ ਅੰਗਰੇਜ਼ਾਂ ਦਾ ਡਟ ਕੇ ਵਿਰੋਧ ਕਰਨ ਦੀਆਂ ਤਿਆਰੀਆਂ ਵਿਚ ਸਨ। ਇਨ੍ਹਾਂ ਗੱਲਾਂ ਦਾ ਸੀ.ਆਈ.ਡੀ. ਰਾਹੀਂ ਸਰਕਾਰ ਨੂੰ ਪਤਾ ਲੱਗ ਗਿਆ ਸੀ। ਇਸ ਲਈ ਲੜਾਈ ਦੇ ਸ਼ੁਰੂ ਹੁੰਦਿਆਂ ਹੀ ਸਰਕਾਰ ਨੇ ਇਨਕਲਾਬੀ ਆਗੂਆਂ, ਖਾਸ ਕਰਕੇ ਕਿਰਤੀ ਕਿਸਾਨ ਲਹਿਰ ਤੇ ਕਮਿਊਨਿਸਟ ਪਾਰਟੀ ਦੇ ਲੀਡਰਾਂ ਨੂੰ ਚੁਣ-ਚੁਣ ਕੇ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦੇਸ਼ ਭਗਤਾਂ ਨੂੰ ਵੱਖ-ਵੱਖ ਜੇਲ੍ਹਾਂ ਵਿਚ ਲੰਮੇ ਸਮੇਂ ਲਈ ਨਜ਼ਰਬੰਦ ਕਰਨ ਦਾ ਪ੍ਰੋਗਰਾਮ ਤੈਹ ਹੋ ਗਿਆ। ਹਕੂਮਤ ਵੱਲੋਂ ਫੈਸਲਾ ਹੁੰਦੇ ਸਾਰ ਪੰਜਾਬ ਦੀ ਪੁਲਸ ਨੇ 26 ਜੂਨ 1940 ਦੀ ਰਾਤ ਨੂੰ ਸਾਰੇ ਪੰਜਾਬ ਵਿਚ ਛਾਪੇ ਮਾਰ ਕੇ ਰਾਤੋ-ਰਾਤ ਬਹੁਤ ਸਾਰੇ ਲੀਡਰ ਤੇ ਵਰਕਰ ਫੜ ਲਏ। ਇਨ੍ਹਾਂ ਗ੍ਰਿਫਤਾਰਾਂ ਵਿਚ ਗਰਮ ਖਿਆਲੀਏ ਜਿਵੇਂ ਕਿਰਤੀ ਪਾਰਟੀ, ਸੋਸਲਿਸਟ ਅਤੇ ਕਮਿਊਨਿਸਟ ਵੱਧ ਸਨ। ਇਨ੍ਹਾਂ ਨੂੰ ਅੰਮ੍ਰਿਤਸਰ ਦੀ ਹਵਾਲਾਤ ਵਿਚ ਰਾਤ ਰੱਖ ਕੇ ਅਗਲੇ ਦਿਨ ਹੱਥਕੜੀਆਂ ਲਾ ਕੇ ਸ਼ਾਮ ਤਕ ਸਟੇਸ਼ਨ ਉੱਤੇ ਲਿਜਾਇਆ ਗਿਆ। ਅੰਮ੍ਰਿਤਸਰ ਸਟੇਸ਼ਨ ਤੋਂ ਮਾਝੇ ਤੇ ਦੁਆਬੇ ਦੇ ਦੇਸ਼ ਭਗਤਾਂ ਨੂੰ ਬਿਠਾਇਆ ਗਿਆ। ਨਾਅਰਿਆਂ ਦੀ ਗੂੰਜ ਸੁਣ ਕੇ ਅੰਮ੍ਰਿਤਸਰ ਸਟੇਸ਼ਨ 'ਤੇ ਬੜਾ

ਵੱਡਾ ਇਕੱਠ ਹੋ ਗਿਆ ਸੀ। ਇਨ੍ਹਾਂ ਗ੍ਰਿਫ਼ਤਾਰਾਂ ਨੂੰ ਨਹੀਂ ਪਤਾ ਸੀ ਕਿ ਉਨ੍ਹਾਂ ਨੂੰ ਕਿਥੇ ਲਿਜਾਇਆ ਜਾ ਰਿਹਾ ਹੈ।

ਗ਼ਦਰੀ ਦੇਸ਼ ਭਗਤ ਕੈਦੀਆਂ ਲਈ 1914-15 ਦੇ ਲਾਹੌਰ ਨਾਲੋਂ ਹੁਣ 1940 ਦੇ ਲਾਹੌਰ ਵਿਚ ਬੜਾ ਅੰਤਰ ਆ ਚੁੱਕਾ ਸੀ। ਉਸ ਸਮੇਂ ਗ਼ਦਰੀ ਦੇਸ਼ ਭਗਤ ਲਾਹੌਰ ਆਏ ਤਾਂ ਉਨ੍ਹਾਂ ਅੰਦਰ ਆਜ਼ਾਦੀ ਲਈ ਬੜਾ ਭਾਰੀ ਜੋਸ਼ ਸੀ। ਪ੍ਰੰਤੂ ਉਸ ਸਮੇਂ ਸਾਰਾ ਦੇਸ਼ ਸੁੱਤਾ ਪਿਆ ਸੀ। ਮੰਦਰਾਂ ਮਸੀਤਾਂ ਤੇ ਗੁਰਦੁਆਰਿਆਂ ਵਿਚ ਅੰਗਰੇਜ਼ ਹਕੂਮਤ ਦੀ ਲੰਮੀ ਉਮਰ ਦੀਆਂ ਅਰਦਾਸਾਂ ਕੀਤੀਆਂ ਜਾਂਦੀਆਂ ਸਨ। ਉਨ੍ਹਾਂ ਗ਼ਦਰੀਆਂ ਨੂੰ ਫੜਨ ਲਈ ਇਸੇ ਲਾਹੌਰ ਵਿਚ ਉਸ ਸਮੇਂ ਲੋਕਾਂ ਨੇ ਪੁਲਸ ਦੀ ਬਹੁਤ ਮਦਦ ਕੀਤੀ ਸੀ। ਬਹੁਤ ਸਾਰੇ ਭੱਜੇ ਜਾਂਦੇ ਗ਼ਦਰੀਆਂ ਨੂੰ ਲੋਕਾਂ ਨੇ ਫੜ ਕੇ ਪੁਲਸ ਹਵਾਲੇ ਕੀਤਾ ਸੀ। ਉਸ ਲਹਿਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਜਿਹੇ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਪ੍ਰਭਾਵਿਤ ਹੋ ਕੇ ਮਾਸਟਰ ਕਾਬਲ ਸਿੰਘ ਆਜ਼ਾਦੀ ਦੇ ਸੰਗਰਾਮ ਵਿੱਚ ਕੁੱਦੇ ਸਨ। ਪਰੰਤੂ ਹੁਣ ਉਸੇ ਲਾਹੌਰ ਸਟੇਸ਼ਨ ਉੱਤੇ ਲੋਕੀਂ ਇਨਕਲਾਬੀਆਂ ਦੇ ਹੱਕ ਵਿਚ ਨਾਅਰੇ ਲਾ ਰਹੇ ਸਨ। ਇਕੱਠੀ ਹੋਈ ਭੀੜ ਵਿਚ ਅਥਾਹ ਜੋਸ਼ ਸੀ। ਗ਼ਦਰੀ ਅਤੇ ਦੂਜੀ ਪਾਲ ਦੇ ਆਗੂ ਲੋਕਾਂ ਅੰਦਰ ਆਈ ਜਾਗਰਤੀ ਨੂੰ ਦੇਖ ਕੇ ਖੁਸ਼ ਸਨ। ਉਨ੍ਹਾਂ ਨੂੰ ਲੱਗ ਰਿਹਾ ਸੀ ਕਿ ਹੁਣ ਇਸ ਅੱਤਿਆਚਾਰੀ ਹਕੂਮਤ ਦੇ ਖਾਤਮੇ ਲਈ ਦਿਨ ਨੇੜੇ ਆ ਰਹੇ ਹਨ। ਲਾਹੌਰ ਸਟੇਸ਼ਨ ਉੱਤੇ ਦੇਸ਼ ਭਗਤਾਂ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਇਕ ਹਿੱਸਾ ਮੁਜੱਫਰਗੜ੍ਹ ਲਈ ਬੰਦ ਕਰ ਦਿੱਤਾ। ਦੂਜਾ ਰਾਜਨਪੁਰ ਜੇਲ੍ਹ ਲਈ ਭੇਜ ਦਿੱਤਾ ਗਿਆ ਸੀ।[66] ਰਾਜਨਪੁਰ ਭੇਜੇ ਜਾਣ ਵਾਲਾ ਗਰੁੱਪ ਬੱਸ ਰਾਹੀਂ ਸਿੰਧ ਦਰਿਆ ਦੇ ਕਿਨਾਰੇ ਜਾ ਉਤਾਰਿਆ। ਇਕ ਇੰਜਣ ਵਾਲੇ ਬੋਟ ਰਾਹੀਂ ਇਨ੍ਹਾਂ ਨੂੰ ਦੂਸਰੇ ਕਿਨਾਰੇ ਪੁਚਾ ਦਿੱਤਾ ਗਿਆ ਜਿਥੋਂ ਪੁਲਸ ਨੇ ਲਾਰੀਆਂ ਵਿਚ ਬੰਦ ਕਰਕੇ ਡੇਰਾ ਗਾਜ਼ੀ ਖਾਂ ਜੇਲ੍ਹ ਵਿਚ ਪਹੁੰਚਾ ਦਿੱਤਾ ਅਤੇ ਇਕ ਰਾਤ ਠਹਿਰਾ ਕੇ ਅਗਲੀ ਸਵੇਰ ਨੂੰ ਇਨ੍ਹਾਂ ਨੂੰ ਲਾਰੀਆਂ ਵਿਚ ਬਿਠਾ ਕੇ ਰਾਜਨਪੁਰ ਜੇਲ੍ਹ (ਬਲੋਚਿਸਤਾਨ) ਪਹੁੰਚਾ ਦਿੱਤਾ ਗਿਆ। ਇਸ ਜੇਲ੍ਹ ਨੂੰ ਧਰਤੀ ਦਾ ਨਰਕ ਜਾਣਿਆ ਜਾਂਦਾ ਸੀ।

ਪਹਿਲੇ ਗਰੁੱਪ ਵਿਚ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ, ਐਮ.ਐਲ.ਏ., ਬਾਬਾ ਅਰੂੜ ਸਿੰਘ, ਕਾਮਰੇਡ ਸੋਹਣ ਸਿੰਘ ਜੋਸ਼ ਦੋਨੋਂ ਐਮ.ਐਲ.ਏ. ਦੇ ਨਾਂ ਵਰਨਣਯੋਗ ਹਨ, ਮੁਜੱਫਰਗੜ੍ਹ ਦੀ ਜੇਲ੍ਹ ਵਿਚ ਪੁੱਜ ਗਏ, ਇਨ੍ਹਾਂ ਦੀ ਗਿਣਤੀ ਚਾਲੀ ਦੇ ਕਰੀਬ ਸੀ ਇਹ ਜੇਲ੍ਹ ਛੋਟੀ ਸਬ ਜੇਲ੍ਹ ਸੀ। ਪੰਜਾਬ ਸਰਕਾਰ ਨੇ ਇਨ੍ਹਾਂ ਨੂੰ ਦੂਰ-ਦਰਾਜ਼ ਲਿਆ ਕੇ ਆਪਣੇ ਮਿੱਤਰ ਪਿਆਰਿਆਂ ਨਾਲ ਕੋਈ ਸਬੰਧ ਨਾ ਰਹਿਣ ਲਈ ਨਜ਼ਰਬੰਦ ਕੀਤਾ ਸੀ। ਬਾਬਾ ਹਰਜਾਪ ਸਿੰਘ ਲਿਖਦੇ ਹਨ: ਮਾਸਟਰ ਕਾਬਲ ਸਿੰਘ ਸਮੇਤ ਪੰਜ ਅਸੈਂਬਲੀ ਮੈਂਬਰਾਂ ਦੇ ਕਿਸੇ ਵੀ ਰਾਜਸੀ ਨਜ਼ਰਬੰਦ ਨੂੰ ਚੰਗੀ ਕਲਾਸ ਵਿਚ ਨਹੀਂ ਸੀ ਰੱਖਿਆ। ਜੇਲ੍ਹ ਇਕ ਛੋਟਾ ਜਿਹਾ ਕਮਰਾ ਸੀ, ਜਿਸ ਵਿਚ ਚੰਗੀ ਤਰ੍ਹਾਂ ਰਹਿਣ ਲਈ ਚਾਰ ਜਣਿਆਂ ਦੀ ਗੁੰਜਾਇਸ਼ ਸੀ। ਕਮਰੇ ਦੇ ਬਾਹਰ ਵੱਲ ਇਕ ਵਿਹੜਾ ਸੀ ਜਿਥੇ ਸਾਰਿਆਂ ਨੂੰ ਤੰਬੂ ਲਾ ਕੇ

ਬੰਦ ਕੀਤਾ ਗਿਆ ਸੀ। ਇਥੇ ਮਾਸਟਰ ਕਾਬਲ ਸਿੰਘ ਤੇ ਬਾਕੀ ਐਸੰਬਲੀ ਮੈਂਬਰਾਂ ਨੂੰ ਦੂਜੇ ਨਜ਼ਰਬੰਦਾਂ ਨਾਲੋਂ ਵੱਧ ਅਧਿਕਾਰ ਦਿੱਤੇ ਗਏ ਜਿਹੜੇ ਦੂਜਿਆਂ ਨਾਲ ਭਰਾਤਰੀ ਭਾਵ ਦੇ ਵਿਰੁੱਧ ਸਨ। ਪੰਜਾਂ ਅਸੰਬਲੀ ਮੈਂਬਰਾਂ ਨੇ ਸਲਾਹ ਕਰਕੇ ਜਿਹੜੀਆਂ ਸਹੂਲਤਾਂ ਉਨ੍ਹਾਂ ਨੂੰ ਪ੍ਰਾਪਤ ਸਨ ਉਹ ਸਾਰਿਆਂ ਵਿਚ ਵੰਡ ਕੇ ਦਿੱਤੀਆਂ ਜਾਣ ਲੱਗੀਆਂ। ਜਿਹੜੀ ਚੰਗੀ ਖੁਰਾਕ ਪੰਜਾਂ ਨੂੰ ਮਿਲਦੀ ਸੀ ਉਹ ਸਾਂਝੇ ਲੰਗਰ ਵਿਚ ਸ਼ਾਮਲ ਕੀਤੀ ਗਈ। ਅਸੰਬਲੀ ਮੈਂਬਰਾਂ ਤੋਂ ਸਿਵਾ ਕਿਸੇ ਨਜ਼ਰਬੰਦ ਕੋਲ ਮੰਜਾ ਨਹੀਂ ਸੀ। ਨਜ਼ਰਬੰਦਾਂ ਨੂੰ ਭਾਂਡਿਆਂ ਤੋਂ ਵੀ ਵਿਰਵੇ ਰੱਖਿਆ ਗਿਆ ਸੀ ਜੋ ਸਾਰੇ ਨਜ਼ਰਬੰਦਾਂ ਨੂੰ ਦਿੱਤੇ ਜਾਣੇ ਚਾਹੀਦੇ ਸਨ। ਮਾਸਟਰ ਕਾਬਲ ਸਿੰਘ ਤੇ ਬਾਕੀ ਅਸੰਬਲੀ ਮੈਂਬਰ ਸਾਥੀਆਂ ਨੂੰ ਦਿੱਤੇ ਗਏ ਭਾਂਡਿਆਂ ਨਾਲ ਹੀ ਚਾਲੀ ਸਾਥੀ ਵਾਰੋ-ਵਾਰੀ ਗੁਜ਼ਾਰਾ ਕਰਨ ਦਾ ਯਤਨ ਕਰਦੇ। ਦੋ ਹਫ਼ਤੇ ਤੱਕ ਇਵੇਂ ਚਲਦਾ ਰਿਹਾ, ਤਦੋਂ ਤਕ ਡੀ.ਆਈ.ਜੀ. ਜੇਲ੍ਹ ਅਤੇ ਕਮਿਸ਼ਨਰ ਸਾਹਿਬ ਉਥੇ ਆਇਆ। ਉਨ੍ਹਾਂ ਨੇ ਸਾਰੇ ਨਜ਼ਰਬੰਦਾਂ ਨੂੰ ਮੰਜੀਆਂ ਦੇਣ ਦਾ ਹੁਕਮ ਦਿੱਤਾ ਅਤੇ ਖਾਣੇ ਲਈ ਲੋਹੇ ਦੇ ਬਾਟੇ ਵੀ ਮੰਗਵਾ ਕੇ ਦਿੱਤੇ ਗਏ ਸਨ।"[67]

ਹਰਜਾਪ ਸਿੰਘ ਅੱਗੇ ਲਿਖਦੇ ਹਨ:

> "ਰਸਤੇ ਵਿਚ ਦਿੱਲੀ ਪਹੁੰਚ ਕੇ ਇੱਕ ਹੋਰ ਦਿਲਚਸਪ ਘਟਨਾ ਵਾਪਰੀ, ਜਿਸਦਾ ਇਥੇ ਵਰਨਣ ਕਰਨਾ ਦਿਲਚਸਪੀ ਤੋਂ ਖ਼ਾਲੀ ਨਹੀਂ। ਜਿਸ ਡੱਬੇ ਵਿਚ ਸਾਡੇ ਸਾਥੀਆਂ ਨੂੰ ਬੰਦ ਕੀਤਾ ਗਿਆ ਸੀ, ਉਹ ਆਮ ਕੈਦੀਆਂ ਲਈ ਇੱਕ ਥਾਂ ਤੋਂ ਦੂਸਰੀ ਥਾਂ ਲਿਜਾਣ ਲਈ ਵਿਸ਼ੇਸ਼ ਡੱਬੇ ਸਨ। ਅਜਿਹੇ ਡੱਬਿਆਂ ਦੀਆਂ ਖਿੜਕੀਆਂ ਨੂੰ ਸੀਖਾਂ ਲੱਗੀਆਂ ਹੁੰਦੀਆਂ ਸਨ। ਕੈਦੀਆਂ ਨੂੰ ਡੱਬਿਆਂ ਵਿਚ ਬੰਦ ਕਰਕੇ ਬਾਹਰੋਂ ਤਾਲਾ ਲਾ ਦਿੱਤਾ ਜਾਂਦਾ ਹੈ। ਅਰਥਾਤ ਜੇਲ੍ਹ ਤੋਂ ਨਿਕਲ ਕੇ ਰੇਲਵੇ ਦੇ ਡੱਬੇ ਵਿਚ ਕੈਦ ਹੋ ਜਾਂਦੇ ਹਨ। ਅਤੇ ਟਿਕਾਣੇ 'ਤੇ ਪੁੱਜਣ ਤੋਂ ਪਹਿਲਾਂ ਬਾਹਰ ਨਿਕਲਣ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ। ਰਸਤੇ ਵਿਚ ਰੋਹਤਕ ਸਟੇਸ਼ਨ 'ਤੇ ਪਹੁੰਚ ਕੇ ਸਾਨੂੰ ਖਾਣਾ ਖਾਣ ਦਾ ਖ਼ਿਆਲ ਆਇਆ। ਇੰਚਾਰਜ ਪੁਲੀਸ ਅਫ਼ਸਰ ਨੂੰ ਜਿਹੜਾ ਕਿ ਡੱਬੇ ਦੇ ਇੱਕ ਵਿਸ਼ੇਸ਼ ਹਿੱਸੇ ਵਿਚ ਨਜ਼ਰਬੰਦਾਂ ਨੂੰ ਟਿਕਾਣੇ ਤੱਕ ਪਹੁੰਚਾਉਣ ਲਈ ਆਪਣੀ ਪੁਲੀਸ ਗਾਰਦ ਨਾਲ ਸਵਾਰ ਸੀ, ਕਿਹਾ ਗਿਆ। ਪਰ ਉਸਨੇ ਇਨਕਾਰ ਕਰ ਦਿੱਤਾ ਕਿ ਉਸ ਨੂੰ ਆਪ ਲੋਕਾਂ ਦੇ ਖਾਣ ਲਈ ਕੋਈ ਰਕਮ ਨਹੀਂ ਦਿੱਤੀ ਗਈ। ਹਾਲਾਂਕਿ ਉਸਨੂੰ ਤਿੰਨ ਆਨੇ ਪ੍ਰਤੀ ਜਣਾ ਇਸੇ ਮੰਤਵ ਲਈ ਜੇਲ੍ਹ ਅਧਿਕਾਰੀਆਂ ਵਲੋਂ ਹੋਰ ਦਿੱਤੇ ਗਏ ਸਨ। ਖ਼ੈਰ ਅਸੀਂ ਝਗੜਾ ਕਰਨਾ ਯੋਗ ਨਾ ਸਮਝਿਆ। ਪਰ ਅਸੀਂ ਉਸੇ ਪੁਲਿਸ ਅਫ਼ਸਰ ਰਾਹੀਂ ਰੋਹਤਕ ਰੇਲਵੇ ਸਟੇਸ਼ਨ ਤੋਂ ਦਿੱਲੀ ਰੇਲਵੇ ਸਟੇਸ਼ਨ ਦੇ ਰੈਸਟੋਰੈਂਟ ਨੂੰ ਤਾਰ ਭੇਜ ਦਿੱਤੀ ਕਿ ਸਾਡੀ ਗੱਡੀ ਦੇ ਦਿੱਲੀ ਰੇਲਵੇ ਸਟੇਸ਼ਨ ਪਹੁੰਚਣ 'ਤੇ ਇੰਨੇ ਨਜ਼ਰਬੰਦ ਵਿਅਕਤੀਆਂ ਦਾ ਖਾਣਾ ਤਿਆਰ

ਰੱਖਿਆ ਜਾਵੇ।"[68]

ਮੁਜ਼ੱਫਰਗੜ੍ਹ ਜੇਲ੍ਹ ਦੀ ਇਕ ਘਟਨਾ ਬਾਰੇ ਹਰਜਾਪ ਸਿੰਘ ਲਿਖਦੇ ਹਨ ਕਿ "ਦਿਓਲੀ ਜਾਣ ਲਈ ਅਸੀਂ ਸਟੇਸ਼ਨ ਤੇ ਪੁੱਜੇ ਹੀ ਸਾਂ ਕਿ ਸਾਨੂੰ ਰੇਲਵੇ ਸਟੇਸ਼ਨ ਤੋਂ ਵਾਪਸ ਜੇਲ੍ਹ ਮੁੜਨਾ ਪਿਆ। ਪਹਿਲੇ ਗਰੁੱਪ ਵਿੱਚ ਅਸੀਂ ਵੀਹ ਨਜ਼ਰਬੰਦ ਸਾਂ ਅਤੇ ਨੌਂ ਸੌ ਮੀਲ ਦਾ ਪੰਧ ਤਹਿ ਕਰਨਾ ਸੀ। ਜਿਸ ਡੱਬੇ ਵਿਚ ਵੀਹ ਨਜ਼ਰਬੰਦਾਂ ਨੂੰ ਦਿਓਲੀ ਲਿਜਾਣ ਦਾ ਪ੍ਰਬੰਧ ਕੀਤਾ ਗਿਆ ਸੀ, ਉਸ ਡੱਬੇ ਵਿਚ ਇੰਨੇ ਜਣੇ ਹੀ ਕੈਦ ਕੀਤੇ ਜਾ ਸਕਦੇ ਸਨ।

ਪਰ ਠੀਕ ਤੌਰ 'ਤੇ ਉਨ੍ਹਾਂ ਦਾ ਬੈਠਣਾ ਕਠਿਨ ਸੀ। ਅਸੀਂ ਜਾਨਵਰਾਂ ਵਾਂਗ ਨੌਂ ਸੌ ਮੀਲ ਦਾ ਲੰਬਾ ਸਫ਼ਰ ਕਰਨ ਤੋਂ ਇਨਕਾਰ ਕਰ ਦਿੱਤਾ। ਜੇਲ੍ਹ ਅਫ਼ਸਰਾਂ ਨਾਲ ਤੂੰ ਤੂੰ ਮੈਂ ਮੈਂ ਤੱਕ ਨੌਬਤ ਪਹੁੰਚ ਗਈ। ਦਾਰੋਗ਼ਾ ਸਾਹਿਬ ਜੇਲ੍ਹ ਨੇ ਪੁਲੀਸ ਅਫ਼ਸਰਾਂ ਨੂੰ ਹਿੰਸਾ ਪੂਰਵਕ ਢੰਗ ਰਾਹੀਂ ਜ਼ਬਰਦਸਤੀ ਡੱਬੇ ਵਿਚ ਬੰਦ ਕਰਨ ਦੀ ਸਲਾਹ ਦਿੱਤੀ, ਪਰ ਪੁਲੀਸ ਅਫ਼ਸਰ ਦੀ ਸੁਲਹਾ ਸਫ਼ਾਈ ਵਾਲੀ ਤਬੀਅਤ ਨੇ ਜੇਲ੍ਹ ਅਧਿਕਾਰੀਆਂ ਦੀ ਇੱਕ ਨਾ ਚੱਲਣ ਦਿਤੀ। ਅਤੇ ਜ਼ਬਰਦਸਤੀ ਹਿੰਸਾ ਪੂਰਵਕ ਸਾਨੂੰ ਡੱਬੇ ਵਿਚ ਬੰਦ ਕਰਨ ਤੋਂ ਨਾਂਹ ਕਰ ਦਿੱਤੀ। ਪੁਲੀਸ ਅਫ਼ਸਰ ਨੇ ਸਾਨੂੰ ਸਾਫ਼ ਤੌਰ 'ਤੇ ਇਹ ਕਿਹਾ, 'ਜੇ ਤੁਸੀਂ ਲੋਕ ਮੁਨਾਸਿਬ ਸਮਝਦੇ ਹੋ ਤਾਂ ਗੱਡੀ ਵਿਚ ਚੜ੍ਹ ਜਾਓ, ਨਹੀਂ ਤੇ ਲਾਰੀਆਂ ਖੜ੍ਹੀਆਂ ਹਨ, ਉਨ੍ਹਾਂ ਵਿਚ ਜਾ ਬੈਠੋ ਅਤੇ ਵਾਪਸ ਜੇਲ੍ਹ ਵਿਚ ਤਸ਼ਰੀਫ਼ ਲੈ ਚੱਲੀਏ।' ਅਸੀਂ ਦੂਜੇ ਹੁਕਮ ਦੀ ਤਾਮੀਲ ਕੀਤੀ ਅਤੇ ਲਾਰੀਆਂ ਵਿਚ ਸਵਾਰ ਹੋ ਕੇ ਮੁੜ ਜੇਲ੍ਹ ਵਿਚ ਪਹੁੰਚ ਗਏ। ਇਸ ਵਿਚਕਾਰ ਦੋ ਦਿਨ ਦੀ ਗੱਲਬਾਤ ਪਿਛੋਂ ਜੇਲ੍ਹ ਅਫ਼ਸਰਾਂ ਨਾਲ ਸਮਝੌਤਾ ਹੋਇਆ ਕਿ ਇੱਕ ਡੱਬੇ ਵਿਚ ਕੇਵਲ ਗਿਆਰਾਂ ਨਜ਼ਰਬੰਦ ਹੀ ਬਿਠਾਏ ਜਾਣਗੇ। ਉਨ੍ਹਾਂ ਨੇ ਇਸ 'ਤੇ ਆਪਣੀ ਰਜ਼ਾਮੰਦੀ ਦਾ ਪ੍ਰਗਟਾਵਾ ਕਰ ਦਿੱਤਾ। ਯਾਦ ਰਹੇ ਕਿ ਰੇਲਵੇ ਸਟੇਸ਼ਨ 'ਤੇ ਖੜ੍ਹੇ ਡੱਬਿਆਂ ਦਾ ਰੋਜ਼ ਦਾ ਕਿਰਾਇਆ ਪੈ ਰਿਹਾ ਸੀ। ਇਸ ਸਮਝੌਤੇ ਦੇ ਅਨੁਸਾਰ ਤੇਰਾਂ ਨਜ਼ਰਬੰਦਾਂ ਦੀ ਪਹਿਲੀ ਟੋਲੀ ਦਿਓਲੀ ਨੂੰ ਰਵਾਨਾ ਹੋਈ। ਇਸ ਪਹਿਲੇ ਗਰੁੱਪ ਵਿਚ ਮੈਂ, ਮਾਸਟਰ ਕਾਬਲ ਸਿੰਘ ਜੀ ਗੋਬਿੰਦ ਪੁਰੀ ਐੱਮ.ਐੱਲ.ਏ. ਅਤੇ ਸਰਦਾਰ ਬਲਵੰਤ ਸਿੰਘ ਦੁਖੀਆ ਜੀ ਦੇ ਨਾਮ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ। ਸਮਝੌਤੇ ਅਨੁਸਾਰ ਗਿਆਰਾਂ ਨਜ਼ਰਬੰਦ ਤਾਂ ਇੱਕ ਡੱਬੇ ਵਿਚ ਬੈਠ ਗਏ ਅਤੇ ਪੁਲੀਸ ਨੇ ਜਿੰਦਰਾ ਲਾ ਦਿੱਤਾ। ਮੈਂ ਅਤੇ ਮਾਸਟਰ ਕਾਬਲ ਸਿੰਘ ਜੀ ਗੋਬਿੰਦਪੁਰੀ ਐੱਮ.ਐੱਲ.ਏ. ਇੱਕ ਵੱਖਰੇ ਡੱਬੇ ਵਿਚ ਬੈਠ ਕੇ ਦਿਓਲੀ ਵੱਲ ਚੱਲ ਪਏ।

ਮੁਜ਼ਫਰਗੜ੍ਹ ਤੋਂ ਚੱਲ ਕੇ 29 ਘੰਟਿਆਂ ਦੇ ਸਫ਼ਰ ਪਿਛੋਂ ਸਾਡੀ ਗੱਡੀ ਦਿੱਲੀ ਰੇਲਵੇ ਸਟੇਸ਼ਨ 'ਤੇ ਸ਼ਾਮ ਦੇ ਨੌਂ ਵਜੇ ਪਹੁੰਚੀ। ਅੱਧੇ ਘੰਟੇ ਪਿੱਛੋਂ ਕੋਟੇ ਨੂੰ ਗੱਡੀ ਚੱਲਣੀ ਸੀ। ਦਿੱਲੀ ਪਹੁੰਚ ਕੇ ਸਾਡੇ ਡੱਬੇ ਨੂੰ ਕੋਟਾ ਜਾਣ ਵਾਲੀ ਗੱਡੀ ਦੇ ਪਿੱਛੇ ਲਾ ਦਿੱਤਾ। ਮੁਜ਼ਫਰਗੜ੍ਹ ਤੋਂ ਦਿੱਲੀ ਤੱਕ ਰਸਤੇ ਵਿਚ ਨਜ਼ਰਬੰਦਾਂ ਦੇ ਖਾਣੇ ਦਾ ਕੋਈ ਪ੍ਰਬੰਧ ਨਹੀਂ ਸੀ। ਅਸੀਂ ਦਿੱਲੀ ਪਹੁੰਚੇ ਤਾਂ ਉਥੇ ਵੀ ਆਸ ਦੇ ਵਿਪਰੀਤ ਖਾਣਾ ਤਿਆਰ ਨਹੀਂ ਸੀ।

ਨਜ਼ਰਬੰਦਾਂ ਨੇ ਕਾਫ਼ੀ ਯਤਨ ਕੀਤਾ ਕਿ ਕੁਛ ਨਾ ਕੁਛ ਖਾਣ ਨੂੰ ਮਿਲ ਜਾਏ ਪਰ ਬੇਬੱਸ ਕੈਦੀਆਂ ਦੀ ਕੌਣ ਸੁਣਦਾ ਹੈ। ਉਹ ਵੀ ਜੋ ਰੇਲ ਗੱਡੀ ਦੀਆਂ ਸੀਖ਼ਾਂ ਦੇ ਅੰਦਰ ਬੰਦ ਹੋਣ। ਗੱਡੀ ਨੇ ਆਪਣੇ ਸਮੇਂ 'ਤੇ ਚੱਲਣ ਦਾ ਵਿਸਲ ਦੇ ਦਿੱਤਾ। ਸਰਦਾਰ ਬਲਵੰਤ ਸਿੰਘ ਦੁਖੀਆ ਜੀ ਆਪਣੀ ਸੀਟ ਤੋਂ ਉੱਠੇ ਅਤੇ ਜ਼ੰਜ਼ੀਰ ਖਿੱਚ ਦਿੱਤੀ। ਗੱਡੀ ਖੜ੍ਹੀ ਹੋ ਗਈ। ਰੇਲਵੇ ਦੇ ਅਫ਼ਸਰ ਅਤੇ ਪੁਲੀਸ ਵਾਲੇ ਨਜ਼ਰਬੰਦਾਂ ਦੇ ਡੱਬੇ ਦੁਆਲੇ ਆ ਖੜ੍ਹੇ ਹੋਏ ਅਤੇ ਜ਼ੰਜ਼ੀਰ ਖਿੱਚਣ ਦਾ ਕਾਰਨ ਪੁੱਛਣ ਲੱਗੇ। ਦੁਖੀਆ ਜੀ ਨੇ ਸਾਰੀ ਗੱਲ ਦੱਸੀ। ਨਾਲ ਹੀ ਕਿਹਾ ਕਿ ਜਦ ਤੱਕ ਨਜ਼ਰਬੰਦਾਂ ਨੂੰ ਖਾਣਾ ਨਹੀਂ ਮਿਲੇਗਾ, ਗੱਡੀ ਨਹੀਂ ਚੱਲੇਗੀ। ਪਹਿਲਾਂ ਤਾਂ ਰੇਲਵੇ ਦੇ ਅਫ਼ਸਰ ਅਤੇ ਪੁਲੀਸ ਵਾਲੇ ਬੜੇ ਔਖੇ ਹੋਏ ਅਤੇ ਧਮਕੀਆਂ 'ਤੇ ਉੱਤਰ ਆਏ। ਪਰ ਕੁਝ ਹੀ ਮਿੰਟਾਂ ਪਿੱਛੋਂ ਪੁਲੀਸ ਅਫ਼ਸਰਾਂ ਨੇ ਹਾਲਾਤ ਵਿਗੜਣ ਨਾ ਦਿੱਤੇ। ਸਗੋਂ ਸਾਡੀ ਹਮਾਇਤ ਵਿਚ ਰੇਲਵੇ ਕਰਮਚਾਰੀਆਂ ਨੂੰ ਡਾਂਟਿਆ ਕਿ ਨਜ਼ਰਬੰਦਾਂ ਦੀ ਮੰਗ ਹੱਕੀ ਹੈ, ਉਨ੍ਹਾਂ ਦੇ ਖਾਣੇ ਦਾ ਪ੍ਰਬੰਧ ਕਰਨਾ ਚਾਹੀਦਾ ਸੀ। ਕਿਉਂਕਿ ਰੇਲਵੇ ਰੈਸਟੋਰੈਂਟ ਤੋਂ ਸਾਡੀ ਤਾਰ ਲੱਭ ਗਈ ਸੀ। ਰੇਲਵੇ ਅਫ਼ਸਰਾਂ ਨੇ ਗੋਡੇ ਟੇਕ ਦਿੱਤੇ। ਸਾਰੇ ਨਜ਼ਰਬੰਦਾਂ ਲਈ ਖਾਣਾ ਤਿਆਰ ਕੀਤਾ ਗਿਆ। ਅਤੇ ਖਾਣ ਪੀਣ ਤੋਂ ਵਿਹਲੇ ਹੋਇਆਂ ਤੇ ਫਿਰ ਸਾਡੀ ਗੱਡੀ ਕੋਟੇ ਨੂੰ ਚੱਲੀ। ਦੂਸਰੇ ਦਿਨ ਸਵੇਰ ਵੇਲੇ ਨਜ਼ਰਬੰਦਾਂ ਦੀ ਗੱਡੀ ਕੋਟਾ ਰੇਲਵੇ ਸਟੇਸ਼ਨ 'ਤੇ ਪਹੁੰਚੀ। ਉਥੇ ਫ਼ੌਜੀ ਸਿਪਾਹੀਆਂ ਦਾ ਇੱਕ ਦਸਤਾ ਲਾਰੀਆਂ ਲੈ ਕੇ ਨਜ਼ਰਬੰਦਾਂ ਦੇ ਸੁਆਗਤ ਲਈ ਮੌਜੂਦ ਸੀ। ਸਿਪਾਹੀ ਗੋਰਖੇ ਸਨ। ਗੱਡੀ ਤੋਂ ਉੱਤਰਦੇ ਹੀ ਨਜ਼ਰਬੰਦਾਂ ਨੂੰ ਚਹੁੰ ਪਾਸਿਆਂ ਤੋਂ ਗੋਰਖਿਆਂ ਨੇ ਘੇਰ ਲਿਆ। ਫ਼ੌਜੀ ਦਸਤੇ ਦੇ ਇੰਚਾਰਜ ਅਫ਼ਸਰ ਨੇ ਸਟੇਸ਼ਨ 'ਤੇ ਸਾਰੇ ਨਜ਼ਰਬੰਦਾਂ ਦੇ ਨਾਸ਼ਤੇ ਦਾ ਪ੍ਰਬੰਧ ਕੀਤਾ ਹੋਇਆ ਸੀ। ਅਤੇ ਫਿਰ ਲਾਰੀਆਂ 'ਤੇ ਸਵਾਰ ਹੋ ਕੇ ਦਿਓਲੀ ਵੱਲ ਨੂੰ ਚੱਲ ਪਏ। ਲਗਭਗ ਸੱਤਰ ਮੀਲ ਸਫਰ ਤਹਿ ਕਰਨ ਦੇ ਬਾਅਦ ਆਪਣੇ ਟਿਕਾਣੇ 'ਤੇ ਜਾ ਪਹੁੰਚੇ।[69]

## ਮੁਜ਼ੱਫਰਗੜ੍ਹ ਜੇਲ੍ਹ ਵਿਚ

ਮੁਜ਼ੱਫਰਗੜ੍ਹ ਕੈਦ ਦੌਰਾਨ ਮੰਢਾਲੀ ਪਿੰਡ (ਫਗਵਾੜਾ) ਦੇ ਹਜ਼ੂਰਾ ਸਿੰਘ ਦੀ ਹੋਈ ਸ਼ਹਾਦਤ ਬਾਰੇ ਬਾਬਾ ਹਰਜਾਪ ਸਿੰਘ ਨੇ ਲਿਖਿਆ:

"ਸਰਦਾਰ ਹਜ਼ੂਰਾ ਸਿੰਘ ਨੌਜਵਾਨ ਸਾਥੀ ਪਰਲੋਕ ਸਿਧਾਰ ਗਏ। ਜਿਹੜੇ ਮੰਢਾਲੀ ਜ਼ਿਲ੍ਹਾ ਜਲੰਧਰ ਦੇ ਰਹਿਣ ਵਾਲੇ ਸਨ। ਫੌਜ ਵਿਚ ਰਾਜਸੀ ਦੋਸ਼ ਵਿਚ ਸ਼ਾਮਲ ਕੀਤੇ ਸਨ। ਪਰ ਸਰਕਾਰ ਨੇ ਕਿਸੇ ਸੁਵਿਧਾ ਕਾਰਨ ਮੁਕੱਦਮਾ ਚਲਾਉਣ ਦੀ ਬਜਾਏ ਆਪ ਨੂੰ ਨਜ਼ਰਬੰਦ ਕਰਨਾ ਵਧੇਰੇ ਮਨਾਸਿਬ ਖ਼ਿਆਲ ਕੀਤਾ। ਮੁਜ਼ਫ਼ਰਗੜ੍ਹ ਪਹੁੰਚਣ ਦੇ ਦੋ ਮਹੀਨਿਆਂ ਪਿੱਛੋਂ ਆਪ ਨੂੰ ਦੋ ਤਿੰਨ ਦਿਨ ਬੁਖ਼ਾਰ ਹੋਇਆ। ਛੇਤੀਂ ਹੀ ਰਾਜ਼ੀ ਹੋ ਗਏ। ਕੁਝ ਦਿਨਾਂ ਪਿੱਛੋਂ ਬਿਮਾਰੀ ਦਾ ਫਿਰ ਹਮਲਾ ਹੋਇਆ ਜਿਹੜਾ ਹੈਜ਼ੇ ਦਾ ਸੀ। ਜੇਲ੍ਹ ਅੰਦਰ ਹਸਪਤਾਲ ਦੀ ਇਹ ਹਾਲਤ ਸੀ ਕਿ ਭੈੜੀ ਡਿਸਪੈਂਸਰੀ ਦੀ ਵੀ ਨਹੀਂ ਹੋਵੇਗੀ। ਦਵਾਈਆਂ

ਦੀ ਅਣਹੋਂਦ ਅਤੇ ਹੋਰ ਜ਼ਰੂਰੀ ਸਾਮਾਨ ਵੀ ਨਾ ਮਾਤਰ। ਸਰਦਾਰ ਹਜ਼ੂਰਾ ਸਿੰਘ ਸਵਰਗਵਾਸ ਹੋ ਗਏ ਤਾਂ ਉਨ੍ਹਾਂ ਦੀ ਲਾਸ਼ ਨੂੰ ਉਨ੍ਹਾਂ ਦੇ ਪਿੰਡ ਪਹੁੰਚਾ ਕੇ ਸਸਕਾਰ ਕਰਨ ਦਾ ਸਵਾਲ ਸੀ। ਪਹਿਲਾਂ ਜੇਲ੍ਹ ਅਧਿਕਾਰੀਆਂ ਨੂੰ ਕਿਹਾ ਗਿਆ ਤਾਂ ਉਨ੍ਹਾਂ ਨੇ ਸਾਫ਼ ਜੁਆਬ ਦੇ ਦਿੱਤਾ ਕਿ ਉਨ੍ਹਾਂ ਕੋਲ ਇਸ ਮੰਤਵ ਲਈ ਸਰਕਾਰੀ ਫੰਡ ਨਹੀਂ ਹੈ, ਸਾਡੇ ਨਾਲ ਕਿਰਤੀ ਪਾਰਟੀ ਦੇ ਆਗੂ ਬਾਬਾ ਕੇਸਰ ਸਿੰਘ ਜੀ ਅਤੇ ਬਾਬਾ ਰੂੜ ਸਿੰਘ ਜੀ ਐਮ.ਐਲ.ਏ ਅਤੇ ਕਈ ਹੋਰ ਸਤਿਕਾਰਯੋਗ ਸ਼ਖ਼ਸੀਅਤਾਂ ਦੀ ਸਲਾਹ ਨਾਲ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਅੰਮ੍ਰਿਤਸਰ ਨੂੰ ਤਾਰ ਦਿੱਤੀ ਗਈ। ਉਨ੍ਹਾਂ ਦੀ ਨਾਂਹ ਪਿੱਛੋਂ ਭਾਈ ਰਤਨ ਸਿੰਘ ਮੰਢਾਲੀ (ਅਕਾਲੀ ਵਰਕਰ) ਨੇ ਸ੍ਰੀ ਦਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ ਤੋਂ ਇਹ ਰਕਮ ਦਿਵਾਈ ਅਤੇ ਸਰਦਾਰ ਹਜ਼ੂਰਾ ਸਿੰਘ ਦੀ ਲਾਸ਼ ਨੂੰ ਉਨ੍ਹਾਂ ਦੇ ਪਿੰਡ ਲਿਜਾ ਕੇ ਦਾਹ ਸਸਕਾਰ ਕੀਤਾ ਗਿਆ ਸੀ।

ਇਨ੍ਹਾਂ ਹੀ ਦਿਨਾਂ ਵਿਚ ਅਖ਼ਬਾਰਾਂ ਵਿਚ ਇਹ ਖ਼ਬਰ ਛਪੀ ਕਿ ਮਿੰਟਗੁੰਮਰੀ ਜੇਲ੍ਹ ਦੇ ਨਜ਼ਰਬੰਦਾਂ ਨੇ ਵਧੀਆ ਹੱਕ ਪ੍ਰਾਪਤ ਕਰਨ ਲਈ ਭੁੱਖ ਹੜਤਾਲ ਕਰ ਰੱਖੀ ਹੈ। ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਐਮ.ਐਲ.ਏ. ਨੇ ਬੇਝਿਜਕ ਸਾਰਿਆਂ ਨੂੰ ਕਿਹਾ ਕਿ ਹੁਣ ਮੌਕਾ ਹੈ ਕਿ ਸਾਨੂੰ ਵੀ ਸਾਂਝੇ ਤੌਰ ਤੇ ਮੁਜ਼ਰਫਗੜ੍ਹ ਜੇਲ੍ਹ ਦੇ ਨਜ਼ਰਬੰਦਾਂ ਨੂੰ ਮਿੰਟਗੁਮਰੀ ਜੇਲ੍ਹ ਦੇ ਨਜ਼ਰਬੰਦਾਂ ਦੀ ਪੈਰਵਈ ਵਿਚ ਜ਼ਿੰਦਗੀ ਅਤੇ ਮੌਤ ਦੀ ਬਾਜ਼ੀ ਲਾ ਦੇਣੀ ਚਾਹੀਦੀ ਹੈ। ਅੰਤ ਏਨਾ ਕੁ ਹੀ ਫੈਸਲਾ ਹੋ ਸਕਿਆ ਕਿ ਉਨ੍ਹਾਂ ਦੀ ਹਮਦਰਦੀ ਵਿਚ ਇੱਕ ਦਿਨ ਦਾ ਵਰਤ ਰੱਖ ਲਿਆ ਜਾਵੇ।"[70]

ਮੁਜੱਫਰਗੜ੍ਹ ਵਿਚ ਲਗਭਗ ਚਾਰ ਮਹੀਨੇ ਰੱਖਣ ਪਿੱਛੋਂ ਦਿਓਲੀ ਕੈਂਪ ਜੇਲ੍ਹ ਵਿਚ ਭੇਜਿਆ ਗਿਆ ਸੀ। ਬਾਬਾ ਹਰਜਾਪ ਸਿੰਘ ਨੇ ਜੇਲ੍ਹ ਬਾਰੇ ਲਿਖਿਆ: ਇਹ 13 ਅਕਤੂਬਰ 1940 ਦੀ ਘਟਨਾ ਹੈ। ਰਾਜਪੂਤਾਨੇ ਵਿਚ ਦਿਓਲੀ ਇਕ ਛੋਟਾ ਜਿਹਾ ਪਿੰਡ ਹੈ ਜੋ ਅਜਮੇਰ ਦੀ ਕਮਿਸ਼ਨਰੀ ਦੇ ਅਧੀਨ ਪੈਂਦਾ ਸੀ। ਇਸ ਨੂੰ ਚਹੁੰਆਂ ਪਾਸਿਆਂ ਤੋਂ ਹਿੰਦੋਸਤਾਨੀ ਰਿਆਸਤਾਂ ਨੇ ਘੇਰ ਰੱਖਿਆ ਹੈ। ਇਨ੍ਹਾਂ ਰਿਆਸਤਾਂ ਦੇ ਵਿਚਕਾਰ ਇੱਕ ਛੋਟੇ ਜਿਹੇ ਇਲਾਕੇ 'ਤੇ ਬਰਤਾਨਵੀ ਹਿੰਦੋਸਤਾਨ ਦਾ ਰਾਜ ਹੈ। ਜਿਸਨੂੰ ਅਜਮੇਰ ਦੀ ਕਮਿਸ਼ਨਰੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਦਿਓਲੀ ਦੇ ਸੱਤਰ-ਸੱਤਰ ਮੀਲ ਦੇ ਫ਼ਾਸਲੇ ਤੱਕ ਕੋਈ ਰੇਲਵੇ ਸਟੇਸ਼ਨ ਮੌਜੂਦ ਨਹੀਂ ਹੈ। ਕੋਟਾ, ਅਜਮੇਰ ਅਤੇ ਨਸੀਰਾਵਾਦ ਵੱਖ-ਵੱਖ ਪਾਸਿਆਂ ਵੱਲ ਰੇਲਵੇ ਸਟੇਸ਼ਨ ਹਨ। ਆਲੇ-ਦੁਆਲੇ ਛੋਟੀਆਂ-ਛੋਟੀਆਂ ਪੱਛੜੀਆਂ ਰਿਆਸਤਾਂ ਹਨ। ਅਸਲ ਵਿਚ ਫੌਜੀ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਇਹ ਛਾਉਣੀ ਉਸਾਰੀ ਗਈ ਸੀ ਤਾਂ ਕਿ ਉੱਚੇ ਹੌਸਲੇ ਵਾਲੀ ਅੰਗਰੇਜ਼ੀ ਸਰਕਾਰ ਦੂਰ ਦੁਰਾਡੇ ਤੱਕ ਆਪਣੇ ਅਖ਼ਤਿਆਰਾਂ ਦੇ ਪੈਰ ਮਜ਼ਬੂਤੀ ਨਾਲ ਜਮਾ ਰੱਖੇ। ਇਸ ਦੇ ਸਬੰਧ 'ਚ ਇਹ ਭੀ ਕਿਹਾ ਜਾਂਦਾ ਹੈ ਕਿ ਇਸੇ ਥਾਂ ਨੂੰ 1857 ਦੀ ਕ੍ਰਾਂਤੀ ਦੇ ਮੋਢੀਆਂ ਲਈ ਨਜ਼ਰਬੰਦ ਕੈਂਪ ਦੇ ਤੌਰ 'ਤੇ ਰੱਖਿਆ ਗਿਆ ਸੀ। ਜਿਹੜੇ ਕਿ ਏਥੇ ਘੱਟ ਵੱਧ 6-7 ਸਾਲ ਤੱਕ ਆਪਣੀ ਨਜ਼ਰਬੰਦੀ ਦਾ ਜੀਵਨ ਬਸਰ ਕਰਦੇ ਰਹੇ।

ਮੁਜ਼ਫਰਗੜ ਤੋਂ ਦਿਓਲੀ ਨੂੰ ਜਾਣ ਵਾਲੀ ਦੂਜੀ ਟੋਲੀ ਵਿਚ ਮਾਸਟਰ ਕਾਬਲ ਸਿੰਘ ਐਮ.ਐਲ.ਏ. ਬਾਬਾ ਭਗਵਾਨ ਸਿੰਘ ਦੁਸਾਂਝ, ਬਾਬਾ ਰੂੜ ਸਿੰਘ, ਮੁਹੱਬਤ ਸਿੰਘ, ਕਰਤਾਰ ਸਿੰਘ ਗਿੱਲ, ਅਰਜਨ ਸਿੰਘ 'ਸੱਚ' ਗੁਲਜਾਰਾ ਸਿੰਘ ਮਟੌਰ, ਗੁਰਬਖ਼ਸ ਸਿੰਘ ਦੁਸਾਂਝ, ਹਰਬੰਸ ਸਿੰਘ ਬੁੰਡਾਲਾ, ਠਾਕਰ ਗੋਬਿੰਦ ਸਿੰਘ, ਜਵਾਲਾ ਸਿੰਘ ਬਿਲਗਾ, ਹੁਕਮ ਸਿੰਘ ਘਕੇਵਾਲ, ਜਸਵੰਤ ਸਿੰਘ ਕੈਰੋਂ, ਬਲਬੰਤ ਸਿੰਘ, ਫਿਰੋਜਦੀਨ ਮਨਸੂਰ, ਸੋਹਣ ਸਿੰਘ ਜੋਸ਼ ਅਤੇ ਸਰਦਾਰ ਬਲਵੰਤ ਸਿੰਘ 'ਦੁਖੀਆ' ਦਾ ਨਾਂ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ।

## ਦਿਉਲੀ ਕੈਂਪ ਜੇਲ੍ਹ ਵਿੱਚ

ਦੂਜੀ ਸੰਸਾਰ ਜੰਗ ਸਮੇਂ ਦੇਸ਼ ਭਰ ਦੇ ਇਨਕਲਾਬੀਆਂ ਨੂੰ ਦਿਓਲੀ ਕੈਂਪ ਜੇਲ੍ਹ ਵਿਚ ਬੰਦ ਰੱਖਿਆ ਗਿਆ ਸੀ। ਕੌਮਨਿਸਟ ਲਹਿਰ ਦੀ ਦਿਓਲੀ ਕੈਂਪ ਜੇਲ੍ਹ ਬੜੀ ਮਹੱਤਵਪੂਰਨ ਕੜੀ ਹੈ। ਇਸ ਬਾਰੇ ਵਿਸਥਾਰਤ ਜਾਣਕਾਰੀ ਅਤੇ ਉਸ ਸਮੇਂ ਦੇ ਅੰਦਰਲੇ ਹਾਲਾਤਾਂ ਅਤੇ ਅੰਦਰੂਨੀ ਮੱਤਭੇਦਾਂ ਦੀਆਂ ਤੰਦਾਂ ਨੂੰ ਮਾਸਟਰ ਕਾਬਲ ਸਿੰਘ ਅਤੇ ਹਰਜਾਪ ਸਿੰਘ ਨੇ ਖੁੱਲ੍ਹ ਕੇ ਵਰਨਣ ਕੀਤਾ ਹੈ।

ਬਾਬਾ ਹਰਜਾਪ ਸਿੰਘ ਲਿਖਦੇ ਹਨ: ਦਿਓਲੀ ਕੈਂਪ ਦੇ ਬਾਰੇ ਬੱਸ ਇਹੋ ਸਮਝੋ ਕਿ ਉਹ ਇੱਕ ਛਾਉਣੀ ਸੀ ਜਿਸਦੇ ਚੌਂਹੀਂ ਪਾਸੀਂ ਕੰਡਿਆਂ ਵਾਲੀਆਂ ਤਾਰਾਂ ਲਾਈਆਂ ਹੋਈਆਂ ਸਨ। ਤਾਰਾਂ ਦੇ ਨਾਲ ਚਿਟਾਈਆਂ ਦੀ ਕੰਧ ਸੀ। ਅਤੇ ਉਨ੍ਹਾਂ ਦੇ ਬਾਹਰ ਲੰਬੇ ਲੰਬੇ ਬਾਂਸਾਂ 'ਤੇ ਕਾਲੀਆਂ ਸਿਆਹ ਚਿਟਾਈਆਂ ਲਾਈਆਂ ਹੋਈਆਂ ਸਨ। ਬੱਸ ਇਹੀ ਚਿਟਾਈਆਂ ਸਨ ਜਿਹਨਾਂ ਨਾਲ ਬਾਹਰਲੀ ਦੁਨੀਆ ਨਾਲੋਂ ਸਾਡੇ ਸਬੰਧ ਕੱਟੇ ਹੋਏ ਸਨ। ਹੁਣ ਅਸੀਂ ਸੁੰਨਸਾਨ ਅਤੇ ਬੀਆਬਾਨ ਦੇ ਵਿਚਕਾਰ ਛਾਉਣੀ ਵਿਚ ਆ ਪਹੁੰਚੇ ਸਾਂ। ਰਿਹਾਇਸ਼ ਲਈ ਵੱਡੀਆਂ ਵੱਡੀਆਂ ਬੈਰਕਾਂ ਖੜ੍ਹੀਆਂ ਸਨ, ਸੜਕਾਂ ਇੱਕ ਪਾਸਿਓਂ ਦੂਜੇ ਪਾਸੇ ਵੱਲ ਦੌੜਦੀਆਂ ਚਲੀਆਂ ਜਾ ਰਹੀਆਂ ਸਨ। ਬੜੀ ਵੱਡੀ ਲੰਬੀ ਚੌੜੀ ਗਰਾਊਂਡ ਵੀ ਸੀ, ਜਿਸ ਵਿਚ ਫੁੱਟਬਾਲ ਅਤੇ ਹੋਰ ਦੂਸਰੀਆਂ ਸਾਰੀਆਂ ਖੇਡਾਂ ਸੌਖੇ ਹੀ ਖੇਡੀਆਂ ਜਾ ਸਕਦੀਆਂ ਸਨ। ਗੱਲ ਮੁੱਕਦੀ ਇਹ ਕਿ ਸਾਨੂੰ ਜੇਲ੍ਹ ਦੇ ਸੀਮਤ ਹਾਤੇ ਤੋਂ ਚੁੱਕ ਕੇ ਇੱਕ ਵਿਸ਼ਾਲ ਸ਼ਹਿਰ ਵਿਚ ਖੜ੍ਹੇ ਕੀਤਾ ਗਿਆ ਸੀ, ਜੋ ਜੇਲ੍ਹ ਨਾਲੋਂ ਹਰ ਹਾਲਤ ਵਿਚ ਵੱਖਰਾ ਸੀ। ਕੈਂਪ ਦੇ ਵੱਡੇ ਅਫ਼ਸਰ ਕਰਨਲ ਕਰਿਸਟਲ ਸਾਹਿਬ ਸਨ। ਆਪ ਇੱਕ ਸੂਝਵਾਨ ਅਤੇ ਬਿਰਧ ਬਜ਼ੁਰਗ ਸਨ। ਪਹਿਲੀ ਉਮਰ ਵਿਚ ਜੀਵਨ ਦੇ ਕਈ ਪੜਾਵਾਂ ਥਾਣੀਂ ਲੰਘ ਚੁੱਕੇ ਸਨ। ਇੱਕ ਸਮੇਂ ਸੈਸ਼ਨ ਜੱਜ ਅਤੇ ਫਿਰ ਫੌਜੀ ਅਫ਼ਸਰ, ਗੱਲ ਕਾਹਦੀ ਸਿਵਲ ਅਤੇ ਫ਼ੌਜੀ ਮਾਮਲਿਆਂ ਸਬੰਧੀ ਕਾਫ਼ੀ ਜਾਣਕਾਰੀ ਵਿਚ ਦੀ ਲੰਘ ਚੁੱਕੇ ਸਨ। ਅਤੇ ਇਸ ਤੋਂ ਪਹਿਲਾਂ ਇਸੇ ਸਥਾਨ 'ਤੇ ਬੰਗਾਲੀ ਨਜ਼ਰਬੰਦਾਂ ਦੇ ਜੇਲ੍ਹ ਦੇ ਦਿਨਾਂ ਵਿਚ ਵੀ ਆਪ ਹੀ ਕੈਂਪ ਦੇ ਵੱਡੇ ਅਫ਼ਸਰ ਸਨ। ਉਮਰ ਸੱਠਾਂ ਸਾਲਾਂ ਦੇ ਨੇੜੇ-ਤੇੜੇ ਹੋਵੇਗੀ। ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਜਿਹੜੀ ਗੱਲ ਨੂੰ ਯੋਗ

ਸਮਝਦੇ, ਟਾਲਮਟੋਲ ਨਾ ਕਰਦੇ, ਉਹਨਾਂ ਦੀ ਸੋਚ ਅਨੁਸਾਰ ਸੀ ਕਿ ਸਹੂਲਤਾਂ ਅਧਿਕਾਰ ਸਮਝ ਕੇ ਬਖਸ਼ ਦਿੱਤੀਆਂ ਜਾਂਦੀਆਂ। ਪ੍ਰਬੰਧਾਂ ਦੇ ਬਾਰੇ ਫ਼ੌਜੀ ਡਿਸਪਲਿਨ ਬਰਕਰਾਰ ਰੱਖਣ ਦੇ ਹਾਮੀ ਸਨ। ਹਰ ਕਿਸੇ ਗੱਲ ਵਿਚ ਨਿਮਰਤਾ ਅਤੇ ਗੰਭੀਰਤਾ ਹੱਥੋਂ ਨਾ ਛੁੱਟਣ ਦਿੰਦੇ ਅਤੇ ਨਾ ਹੀ ਛੋਟੀਆਂ-ਛੋਟੀਆਂ ਗੱਲਾਂ 'ਤੇ ਝਗੜੇ ਮੁੱਲ ਲੈਂਦੇ। ਅੱਵਲ ਤਾਂ ਦਬਾਉਣ ਦਾ ਯਤਨ ਕਰਦੇ। ਜੇ ਮੁਕਾਬਲਾ ਜਾਂ ਝਗੜਾ ਹੁੰਦਾ ਦਿਸਦਾ ਤਾਂ ਹੱਲ ਕਰਨ ਦਾ ਰਾਹ ਲੱਭ ਕੇ ਸੁਲਹਾ ਦਾ ਯਤਨ ਕਰਦੇ। ਆਪ ਦਾ ਸਲੂਕ ਸਾਡੇ ਨਾਲ ਖ਼ਾਸ ਬੁਰਾ ਨਹੀਂ ਸੀ। ਆਪਦੇ ਬਿਨਾਂ ਸੀ.ਆਈ.ਡੀ. ਵੀ ਸੀ। ਕਾਫੀ ਵੱਡਾ ਅਮਲਾ ਸੀ, ਜੋ ਆਪ ਦੀ ਅਧੀਨਗੀ ਵਿਚ ਕੰਮ ਕਰਦਾ ਸੀ। ਹਰ ਪ੍ਰਾਂਤ ਤੋਂ ਲੋੜ ਅਨੁਸਾਰ ਸੀ.ਆਈ.ਡੀ. ਦੇ ਅਫ਼ਸਰ ਮੰਗਵਾਏ ਹੋਏ ਸਨ। ਪ੍ਰਬੰਧਕੀ ਮਾਮਲੇ ਇਨ੍ਹਾਂ ਦੇ ਹੱਥ ਸਨ।[71] ਮਾਸਟਰ ਕਾਬੱਲ ਸਿੰਘ ਨੇ ਇਸੇ ਕਰਨਲ ਕਰਿਸਟਲ ਬਾਰੇ ਲਿਖਿਆ:

> "ਮੈਂ ਦੇਓਲੀ ਕੈਂਪ ਵਿਚ ਨਜ਼ਰ ਬੰਦ ਸਾਂ। ਕਰਨਲ ਕਰਿਸਟਲ ਜੇਲ੍ਹ ਦਾ ਸੁਪ੍ਰਨਟੈਂਡੈਂਟ ਸੀ ਜਦੋਂ ਮੈਂ ਮੁਜ਼ਫਰਗੜ੍ਹ ਜੇਲ੍ਹ ਤੋਂ ਬਦਲ ਕੇ ਗਿਆ ਤਾਂ ਮੇਰੇ ਨਾਲ ਇਕ ਆਰਾਮ ਕੁਰਸੀ ਵੀ ਸੀ, ਜਿਸ ਦਾ ਕਰਾਇਆ ੧੨ ਰੁਪਏ ਲੱਗਾ। ਕੈਂਪ ਦੇ ਅਕਾਊਟੈਂਟ ਨੇ ਮੇਰੀ ਪੀ.ਪੀ. 'ਚੋਂ ੧੨ ਰੁਪਏ ਕਟ ਲਏ। ਜਦੋਂ ਮੇਰੇ ਪਾਸ ਹਿਸਾਬ ਦਿਖਾਲਨ ਲਿਆਇਆ, ਤਾਂ ਮੈਂ ਪੁੱਛਿਆ ਕਿ ਕਿਸ ਦੀ ਆਗਿਆ ਨਾਲ ਏਹ ਬਾਰਾਂ ਰੁਪਏ ਕਟੇ ਹਨ? ਉਸ ਕਿਹਾ ਕਿ ਕਰਸਟਰ ਸਾਹਿਬ ਨੇ ਕਿਹਾ ਸੀ। ਮੈਂ ਦਸਖਤ ਕਰਨੋਂ ਨਾਂਹ ਕਰ ਦਿਤੀ। ਦੂਜੇ ਦਿਨ ਕਰਿਸਟਲ ਸਾਹਿਬ ਆਏ ਤੇ ਮੈਂ ਉਸ ਨੂੰ ਕਿਹਾ, ਕਿ ਏਹ ਤਾਂ ਅਮਾਨਤ ਵਿਚ ਖਿਆਨਤ ਹੈ, ਗ਼ਬਨ ਹੈ। ਮੇਰੀ ਇਜਾਜ਼ਤ ਤੋਂ ਬਿਨਾਂ ਬਾਰਾਂ ਰੁਪਏ ਕਿਉਂ ਕਟੇ ਹਨ? ਮੈਂ ਕੋਈ ਸੈਰ ਸਪਾਟੇ ਲਈ ਇਥੇ ਨਹੀਂ ਆਇਆ, ਨਾ ਹੀ ਸੇਹਤ ਦੀ ਦਰੁਸਤੀ ਲਈ ਇਥੇ ਆਇਆ ਹਾਂ ਸਗੋਂ ਮੈਂ ਕੈਦੀ ਬਣਾ ਕੇ ਲਿਆਂਦਾ ਗਿਆ ਹਾਂ। ਮੇਰਾ ਤੇ ਮੇਰੇ ਸਮਾਨ ਦਾ ਕਰਾਇਆ ਸਰਕਾਰ ਨੇ ਖਰਚ ਕਰਨਾ ਹੈ। ਓਹ ਬਹੁਤ ਔਖਾ ਹੋਇਆ ਤੇ ਕਹਿਨ ਲੱਗਾ ਕਿ ਜੇਕਰ ਨਹੀਂ ਕਟਨ ਦਿਓਗੇ ਤਾਂ ਮੈਂ ਕੁਰਸੀ ਨੀਲਾਮ ਕਰ ਦੇਊਂਗਾ ਤੇ ਕਰਾਇਆ ਵਸੂਲ ਕਰ ਲਵਾਂਗਾ। ਮੈਂ ਏਹ ਕਹਿ ਕੇ ਕਿ ਏਹ ਵੀ ਤਮਾਸ਼ਾ ਦੇਖ ਲਓ। ਮੈਂ ਨਿਪਟ ਲਵਾਂਗਾ, ਆਪਣੇ ਕਮਰੇ 'ਚ ਚਲਾ ਗਿਆ। ਇਸ ਪਿਛੋਂ ਮੈਂ ਆਪਣੇ ਮਿਤ੍ਰਾਂ ਨੂੰ ਕਈ ਚਿਠੀਆਂ ਲਿਖੀਆਂ ਕਿ ਸ੍ਰੀ ਕਰਿਸਟਲ ਦੇ ਵਰੁਧ ਮੁਕਦਮਾ ਚਲਾਓ, ਏਹ ਨਿਕੰਮਾ ਆਦਮੀ ਹੈ। ਏਹ ਫੌਜੀ ਹੈ, ਕੜੇ ਕਾਨੂੰਨ ਦੀ ਪ੍ਰਵਾਹ ਨਹੀਂ ਕਰਦਾ, ਤੇ ਨਿਰਾ ਧੱਕੇਖੋਰ ਹੈ। ਉਧਰ ਮਿਸਟਰ ਕਰਿਸਟਲ ਵੀ ਸ੍ਰਕਾਰ ਨੂੰ ਲਿਖਦੇ ਰਹੇ ਕਿ ਮੈਨੂੰ ਇਜਾਜ਼ਤ ਦਿਤੀ ਜਾਵੇ ਕਿ ਕੁਰਸੀ ਦਾ ਕਰਾਇਆ ਸਰਕਾਰ ਵਲੋਂ ਦੇ ਦਿਆਂ। ਦੇਓਲੀ ਅਜਮੇਰ ਕਮਿਸ਼ਨਰੀ 'ਚ

ਸੀ। ਇਸ ਲਈ ਪਹਿਲੋਂ ਚਿਠੀ ਅਜਮੇਰ ਕਮਿਸ਼ਨਰ ਨੂੰ ਫੇਰ ਹਿੰਦ ਸਰਕਾਰ ਨੂੰ ਤੇ ਪਿਛੋਂ ਸੂਬੇ ਦੀ ਸਰਕਾਰ ਨੂੰ ਲਿਖਣੀ ਪੈਂਦੀ ਸੀ। ਇਸੇ ਤਰ੍ਹਾਂ ਉਤ੍ਰ ਸੂਬੇ ਵਲੋਂ ਕੇਂਦਰ ਨੂੰ ਕੇਂਦਰ ਵਲੋਂ ਅਜਮੇਰ ਸਰਕਾਰ ਨੂੰ, ਇਸ ਲਈ ਦੇਰ ਹੋ ਜਾਂਦੀ ਸੀ, ਇਸੇ ਕਰਕੇ ਕੋਈ ਛੇ ਕੁ ਮਹੀਨਿਆਂ ਪਿਛੋਂ ਉਤਰ ਆਇਆ ਕਿ ਕੁਰਸੀ ਦਾ ਕਰਾਇਆ ਸਰਕਾਰ ਦੇਵੇਗੀ। ਉਤ੍ਰ ਆਉਣ ਪੁਰ ਕਰਿਸਟਲ ਸਾਹਿਬ ਆਇਆ ਤੇ ਮੈਨੂੰ ਵਧਾਈ ਦਿਤੀ ਤੇ ਕਿਹਾ ਕਿ "ਹੁਣ ਤੈਨੂੰ ਗਾਲਾਂ ਕਢਣ ਦੀ ਲੋੜ ਨਹੀਂ ਪਏਗੀ। ਸਰਕਾਰ ਕਰਾਇਆ ਦੇਣਾ ਮਨ ਗਈ ਹੈ। ਨਾਲ ਹੀ ਉਸਨੇ ਦੇਰੀ ਦੀ ਸਾਰੀ ਪੋਜੀਸਨ ਦੱਸੀ, ਤੇ ਮੈਂ ਕਾਫੀ ਸ਼ਰਮਿੰਦਾ ਹੋਇਆ।"[72]

ਬਾਬਾ ਹਰਜਾਪ ਸਿੰਘ ਲਿਖਦੇ ਹਨ,

"ਦਿਓਲੀ ਹਿੰਦੋਸਤਾਨੀ ਇਨਕਲਾਬੀਆਂ ਲਈ ਰੂਸ ਦੇ ਸਾਇਬੇਰੀਆ ਦਾ ਦਰਜਾ ਰੱਖਦਾ ਹੈ। ਸਾਡੇ ਦਿਓਲੀ ਪਹੁੰਚਣ ਤੋਂ ਪਹਿਲਾਂ ਰਾਜਨਪੁਰਾ ਅਤੇ ਮਿੰਟਗੁਮਰੀ ਦੀਆਂ ਜੇਲ੍ਹਾਂ ਤੋਂ ਪੰਜਾਬੀ ਨਜ਼ਰਬੰਦ ਉੱਥੇ ਪਹੁੰਚ ਚੁੱਕੇ ਸਨ। ਇਸਦੇ ਪਿੱਛੋਂ ਪੰਜਾਬੀ ਨਜ਼ਰਬੰਦ ਟੋਲੀਆਂ ਦੇ ਰੂਪ ਵਿਚ ਦੂਸਰੀਆਂ ਜੇਲ੍ਹਾਂ ਤੋਂ ਵੀ ਉੱਥੇ ਪਹੁੰਚਦੇ ਰਹੇ ਅਤੇ ਥੋੜ੍ਹੇ ਹੀ ਦਿਨਾਂ ਵਿਚ ਪੰਜਾਬੀ ਨਜ਼ਰਬੰਦਾਂ ਦੀ ਗਿਣਤੀ ਸੱਤਰ ਦੇ ਲਗਭਗ ਜਾ ਪਹੁੰਚੀ। ਕੈਂਪ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ। ਕੈਂਪ ਪਹਿਲਾ ਅਤੇ ਕੈਂਪ ਦੂਸਰਾ। ਕੈਂਪ ਪਹਿਲੇ ਵਿਚ ਪੰਜੇ ਅਸੰਬਲੀ ਦੇ ਮੈਂਬਰ ਅਤੇ ਇਨ੍ਹਾਂ ਤੋਂ ਬਿਨਾਂ ਅੱਠ ਜਾਂ ਦਸ ਹੋਰ ਸਾਥੀ ਸਨ। ਬਾਕੀ ਸਾਰੇ ਸਾਥੀਆਂ ਨੂੰ ਕੈਂਪ ਨੰਬਰ ਦੋ ਵਿਚ ਰੱਖਿਆ ਗਿਆ ਸੀ। ਕੈਂਪ ਪਹਿਲੇ ਦੇ ਨਜ਼ਰਬੰਦਾਂ ਨੂੰ ਵਧੀਆ ਅਧਿਕਾਰ ਪ੍ਰਾਪਤ ਸਨ। ਅਰਥਾਤ ਖ਼ੁਰਾਕ ਲਈ ਬਾਰਾਂ ਆਨੇ ਰੋਜ਼ਾਨਾ ਮਿਲਦੇ ਸਨ ਅਤੇ ਵਧੀਆ ਰਿਹਾਇਸ਼ ਦਾ ਸਾਮਾਨ ਅਤੇ ਕੱਪੜੇ ਆਦਿ। ਜਦਕਿ ਕੈਂਪ ਨੰਬਰ ਦੋ ਵਾਲਿਆਂ ਨੂੰ ਛੇ ਆਨੇ ਖੁਰਾਕ ਲਈ ਅਤੇ ਰਿਹਾਇਸ਼ ਦਾ ਸਾਮਾਨ ਅਤੇ ਕੱਪੜੇ ਪਹਿਲੇ ਦੇ ਟਾਕਰੇ 'ਤੇ ਘੱਟ ਦਰਜੇ ਦੇ। ਇਸ ਤੋਂ ਬਿਨਾਂ ਹੋਰ ਕੋਈ ਵਖਰੇਵਾਂ ਨਹੀਂ ਸੀ। ਗਰਾਊਂਡ ਵਿਚ ਵੱਖ-ਵੱਖ ਸਮੇਂ 'ਤੇ ਜਾ ਕੇ ਖੇਡਣ ਦੀ ਆਗਿਆ ਸੀ। ਅਖ਼ਬਾਰਾਂ ਦਾ ਪ੍ਰਬੰਧ ਇਹ ਸੀ ਕਿ ਹਰ ਕੈਂਪ ਵਿਚ ਇੱਕ ਲਾਇਬਰੇਰੀ ਖੋਲ੍ਹ ਰੱਖੀ ਸੀ। ਆਮ ਨਜ਼ਰਬੰਦ ਰੀਡਿੰਗ ਰੂਮ ਵਿਚ ਜਾ ਕੇ ਅਖ਼ਬਾਰਾਂ ਦਾ ਅਧਿਐਨ ਕਰਦੇ ਸਨ। ਅਖ਼ਬਾਰਾਂ ਲਗਭਗ ਹਰ ਪ੍ਰਾਂਤ ਦੀਆਂ ਹੁੰਦੀਆਂ ਸਨ। ਇੰਝ ਜ਼ਿਹਨੀ ਤੌਰ 'ਤੇ ਆਨੰਦ ਲੈਣ ਲਈ ਕਾਫ਼ੀ ਸਾਮਾਨ ਮਿਲ ਜਾਂਦਾ ਸੀ। ਪਰ ਇੱਕ ਬਹੁਤ ਮਜ਼ਬੂਤ ਕੰਧ ਸਾਡੇ ਵਿਚਕਾਰ ਖੜ੍ਹੀ ਕਰ ਦਿੱਤੀ ਗਈ। ਉਹ ਇਸ ਲਈ ਕਿ ਕੈਂਪ ਦੇ ਪਹਿਲੇ ਅਤੇ ਦੂਸਰੇ ਨਜ਼ਰਬੰਦਾਂ ਨੂੰ ਕਿਸੇ ਵੇਲੇ ਵੀ ਮਿਲਣ ਦੀ ਆਗਿਆ ਨਹੀਂ

ਸੀ। ਅਰਥਾਤ ਅਸੀਂ ਇੱਕ ਥਾਂ ਰਹਿਣ ਦੇ ਉਪਰੰਤ ਵੀ ਇੱਕ ਦੂਸਰੇ ਨੂੰ ਮਿਲਣ ਤੋਂ ਵਾਂਝੇ ਸਾਂ ਅਤੇ ਇਸ ਕੰਧ ਨੂੰ ਤੋੜਨ ਲਈ ਕਾਫੀ ਜਦੋ ਜਹਿਦ ਕਰਨੀ ਪਈ। ਅੰਤ ਨੂੰ ਅਸੀਂ ਇਸ ਨੂੰ ਹਟਵਾ ਕੇ ਸਾਹ ਲਿਆ।"[73]

ਦਿਉਲੀ ਕੈਂਪ ਅੰਦਰ ਖਾਕੀ ਵਰਦੀ, ਗਾਂਧੀ ਟੋਪੀ, ਕਾਲੀ ਪਗੜੀ ਤੇ ਹੈਟ ਪਹਿਨਣ ਦੀ ਮਨਾਹੀ ਸੀ। ਫਸਟ ਕਲਾਸ ਵਿਚ ਹਰਜਾਪ ਸਿੰਘ, ਮਾਸਟਰ ਕਾਬਲ ਸਿੰਘ, ਮਾਸਟਰ ਹਰੀ ਸਿੰਘ ਤੇ ਸੋਹਨ ਸਿੰਘ ਜੋਸ਼ ਵਿਧਾਇਕ ਅਤੇ ਡਾਕਟਰ ਭਾਗ ਸਿੰਘ, ਕਰਤਾਰ ਸਿੰਘ ਗਿਲ, ਕੁਲਤਾਰ ਸਿੰਘ, ਜਸਵੰਤ ਸਿੰਘ ਕੈਰੋਂ, ਬਲਵੰਤ ਸਿੰਘ ਦੁਖੀਆ, ਮਾਸਟਰ ਮੋਤਾ ਸਿੰਘ, ਮੁਹੱਬਤ ਸਿੰਘ ਤੇ ਠਾਕਰ ਬਲਵੰਤ ਸਿੰਘ ਸਨ।

ਇਨ੍ਹਾਂ ਨੇ 23 ਅਕਤੂਬਰ 1940 ਨੂੰ ਮੰਗ ਕੀਤੀ ਕਿ ਉਨ੍ਹਾਂ ਨੂੰ ਦੋ ਰੁਪਏ ਦਿਹਾੜੀ ਖਰਚ ਖੁਰਾਕ, ਇਕ ਰੁਪਿਆ ਦਿਹਾੜੀ ਜਾਤੀ ਅਲਾਊਂਸ ਤੇ ਟੱਬਰ ਅਲਾਊਂਸ ਦਿੱਤਾ ਜਾਏ ਪਰ ਕੋਈ ਮੰਗ ਨਾ ਮੰਨੀ ਗਈ। ਸੈਕੰਡ ਕਲਾਸ 57 ਨਜ਼ਰਬੰਦਾਂ ਨੇ 16 ਨਵੰਬਰ 1940 ਨੂੰ 29 ਮੰਗਾਂ ਅਧਿਕਾਰੀਆਂ ਅੱਗੇ ਰੱਖੀਆਂ। ਇਨ੍ਹਾਂ ਵਿੱਚ ਦੋ (ਮੱਛਰਦਾਨੀ ਅਤੇ ਆਪਣੇ ਖਰਚੇ 'ਤੇ ਸਿਗਰਟ) ਮੰਨੀਆਂ ਗਈਆਂ। ਸੂਬਿਆਂ ਦੇ ਗ੍ਰਹਿ ਮੰਤਰੀਆਂ ਨੇ ਦਿਓਲੀ ਜਾਬਤਾ ਤਿਆਰ ਕੀਤਾ, ਉਸ ਵਿਚ ਲਿਖਿਆ ਸੀ ਕਿ ਨਜ਼ਰਬੰਦਾਂ ਵਿੱਚ ਬਹੁਤੇ ਕਮਿਊਨਿਸਟ ਹਨ, ਜੋ ਸਰਕਾਰ ਦਾ ਤਖ਼ਤਾ ਪਲਟਾਉਣਾ ਚਾਹੁੰਦੇ ਹਨ। ਇਸ ਕਰਕੇ ਇਨ੍ਹਾਂ ਨੂੰ ਗੱਦਾਰ ਸਮਝ ਕੇ ਸਲੂਕ ਕੀਤਾ ਜਾਵੇ ਤੇ ਕੋਈ ਖਾਸ ਰਿਆਇਤ ਨਾ ਦਿੱਤੀ ਜਾਵੇ। ਇਕ ਕੈਂਪ ਆਰਡਰ ਪਾਸ ਕੀਤਾ ਗਿਆ ਜਿਸ ਵਿਚ ਲਿਖਿਆ: 'ਏ' ਕਲਾਸ ਨੂੰ 20-20, 'ਬੀ' ਨੂੰ 10 ਤੇ 'ਸੀ' ਨੂੰ 5 ਰੁਪਏ ਮਹੀਨਾ ਆਪਣੇ ਘਰੋਂ ਮੰਗਵਾਉਣ ਦੀ ਆਗਿਆ ਹੈ। ਮੁਲਾਕਾਤ ਸਮੇਂ ਅਫ਼ਸਰ ਹਾਜ਼ਰ ਰਹੇਗਾ, ਉਹ ਦੋਹਾਂ ਬੰਦਿਆਂ ਦੀ ਤਲਾਸ਼ੀ ਲਏਗਾ, ਸੁਪਰਡੈਂਟ ਮੁਲਾਕਾਤਾਂ ਦਾ ਸਮਾਂ ਮੁਕੱਰਰ ਕਰੇਗਾ, ਜੇ ਮੁਲਾਕਾਤ ਦੀ ਕੋਈ ਗੱਲ ਬਾਹਰ ਨਸ਼ਰ ਕੀਤੀ ਤਾਂ ਅੱਗੋਂ ਲਈ ਮੁਲਾਕਾਤ ਬੰਦ ਕਰ ਦਿੱਤੀ ਜਾਵੇਗੀ, 'ਏ' ਕਲਾਸ ਵਾਲਾ 14 ਦਿਨ ਬਾਅਦ, 'ਬੀ' ਕਲਾਸ ਵਾਲਾ ਮਹੀਨੇ ਬਾਅਦ ਤੇ 'ਸੀ' ਕਲਾਸ ਵਾਲਾ ਦੋ ਮਹੀਨੇ ਬਾਅਦ ਮੁਲਾਕਾਤ ਕਰ ਸਕੇਗਾ। ਇਸੇ ਤਰ੍ਹਾਂ ਕਰਮਵਾਰ ਇਕ ਹਫ਼ਤਾ, ਦੋ ਹਫ਼ਤੇ ਤੇ ਦੋ ਮਹੀਨੇ ਬਾਅਦ ਇਕ ਖ਼ਤ ਲਿਖਣ ਦੀ ਆਗਿਆ ਹੋਵੇਗੀ ਅਤੇ ਸਾਰੇ ਖ਼ਤ ਸੈਂਸਰ ਕਰਕੇ (ਜੋ ਮਰਜ਼ੀ ਕੱਟ ਦਿੱਤਾ ਜਾਵੇਗਾ) ਲਿਖਣ ਵਾਸਤੇ ਇਕ ਕਾਪੀ ਮਿਲੇਗੀ ਪਰ ਉਸਦੇ ਪੰਨੇ ਪੂਰੇ ਕਾਇਮ ਰਹਿਣਗੇ। ਕਿਤਾਬ ਜਾਂ ਅਖ਼ਬਾਰ ਸੁਪਰਡੈਂਟ ਰਾਹੀਂ ਉਸਦੀ ਮਰਜ਼ੀ ਨਾਲ ਮੰਗਵਾਈ ਜਾ ਸਕੇਗੀ।[74]

ਦੂਜੇ ਕੈਦੀਆਂ ਤੇ ਅਲੱਗ ਵੱਖ-ਵੱਖ ਵਿਚਾਰਾਂ ਵਾਲੇ ਇਨਕਲਾਬੀਆਂ ਲਈ ਇਹ ਜੇਲ੍ਹ ਵਰਦਾਨ ਸਾਬਤ ਹੋਈ ਜਿਥੇ ਇਨ੍ਹਾਂ ਨੂੰ ਵਿਚਾਰ-ਵਟਾਂਦਰਾ ਕਰਨ ਦਾ ਚੰਗਾ ਮੌਕਾ ਮਿਲ ਗਿਆ ਸੀ। 'ਏ' ਅਤੇ 'ਬੀ' ਕਲਾਸ ਵਿਚ ਰੱਖੇ ਗਏ ਇਨ੍ਹਾਂ ਕੈਦੀਆਂ ਵਿੱਚੋਂ 'ਏ' ਵਾਲਿਆਂ ਨੂੰ ਇਕ ਰੁਪਿਆ ਚਾਰ ਆਨੇ ਤੇ 'ਬੀ' ਵਾਲਿਆਂ ਨੂੰ ਛੇ ਆਨੇ ਰੋਜ਼ਾਨਾ ਖਰਚਣ ਲਈ ਮਿਲਦੇ ਸਨ। ਖੇਡਾਂ ਦੇ ਸਮੇਂ ਦੋਹਾਂ ਕਲਾਸਾਂ ਵਾਲਿਆਂ ਨੂੰ ਇਕੱਠੇ ਛੱਡ

ਦਿੱਤਾ ਜਾਂਦਾ ਸੀ, ਰਾਤ ਨੂੰ ਬੈਰਕਾਂ ਵਿਚ ਬੰਦ ਕਰ ਦਿੱਤੇ ਜਾਂਦੇ ਸਨ। ਆਪਸੀ ਮੇਲ-ਮਿਲਾਪ ਹੋਣ ਪਿੱਛੋਂ ਕੁਝ ਮੰਗਾਂ ਨੂੰ ਵਿਚਾਰ ਕੇ ਹਲ ਕਰਾਉਣ ਦਾ ਫੈਸਲਾ ਹੋਇਆ। ਸਾਰਿਆਂ ਨੇ ਸਰਕਾਰ ਅੱਗੇ ਹੇਠ ਲਿਖੀਆਂ ਮੰਗਾਂ ਪੇਸ਼ ਕੀਤੀਆਂ:

1. ਕੈਦੀਆਂ ਨੂੰ ਉਨ੍ਹਾਂ ਦੇ ਆਪਣੇ ਸੂਬਿਆਂ ਵਿਚ ਕੈਦ ਕੀਤਾ ਜਾਏ।
2. ਇਨ੍ਹਾਂ ਉੱਪਰ ਥੋਪੇ ਦੋਸ਼ਾਂ ਨੂੰ ਸਿੱਧ ਕਰਨ ਲਈ ਮੁਕੱਦਮੇ ਚਲਾਏ ਜਾਣ।
3. ਵਿਤਕਰੇ ਰਹਿਤ ਸਾਰਿਆਂ ਨੂੰ 'ਏ' ਕਲਾਸ ਵਿਚ ਰੱਖਿਆ ਜਾਏ।
4. ਸ਼ਾਹੀ ਕੈਦੀਆਂ ਵਾਲੀਆਂ ਸਹੂਲਤਾਂ ਦਿੱਤੀਆਂ ਜਾਣ।
5. ਪਰਿਵਾਰਾਂ ਲਈ ਅਲਾਉਂਸ ਦਿੱਤਾ ਜਾਏ ਅਤੇ ਬੱਚਿਆਂ ਨੂੰ ਪੜ੍ਹਾਈ ਦੀਆਂ ਸਹੂਲਤਾਂ ਦਿੱਤੀਆਂ ਜਾਣ।

ਕੈਂਪ ਜੇਲ੍ਹ ਵਿਚ ਕਮਿਊਨਿਸਟ ਵਿਚਾਰਧਾਰਾ ਜ਼ੋਰ ਫੜ ਗਈ ਸੀ। ਬਹੁਤਿਆਂ ਦਾ ਝੁਕਾਅ ਵੀ ਇਧਰ ਹੋ ਗਿਆ ਸੀ। ਕਿਰਤੀ ਤੇ ਕਮਿਊਨਿਸਟ ਪਾਰਟੀਆਂ ਇਕ ਹੋ ਗਈਆਂ ਸਨ। ਇਸ ਏਕਤਾ ਉੱਤੇ ਸਾਰਿਆਂ ਨੂੰ ਭਰਪੂਰ ਖੁਸ਼ੀ ਹੋਈ। ਇਕ ਸਾਂਝਾ ਜਲਸਾ ਵੀ ਰੱਖਿਆ ਗਿਆ ਜਿਸ ਵਿਚ ਸਾਰਿਆਂ ਨੇ ਆਪੋ-ਆਂਪਣੇ ਵਿਚਾਰ ਰੱਖੇ ਸਨ। ਬਾਬਾ ਵਸਾਖਾ ਸਿੰਘ ਜੀ ਦੇ ਵਿਚਾਰ ਇਸ ਹੋਈ ਏਕਤਾ ਬਾਰੇ ਇਸ ਤਰ੍ਹਾਂ ਸਨ:

ਸਾਥੀਆਂ ਦਾ ਇਕੱਠ ਮੇਰੀਆਂ ਖੁਸ਼ੀਆਂ ਵਿਚ ਏਨਾ ਵਾਧਾ ਕਰਦਾ ਹੈ, ਜਿੰਨਾ ਸ਼ਾਇਦ ਜ਼ਿੰਦਗੀ ਵਿਚ ਕਦੇ ਨਹੀਂ ਆਇਆ। ਹੁਣ ਆਪਸ ਵਿਚ ਲੜ ਕੇ ਤਾਕਤ ਗਵਾਉਣ ਦੀ ਬਜਾਏ, ਦੁਸ਼ਮਣ ਨਾਲ ਟੱਕਰ ਲੈਣਗੇ। ਕੱਠੇ ਹੋ ਕੇ ਟੱਕਰ ਲੈਣ ਨਾਲ ਦੇਸ਼ ਕਦੇ ਵੀ ਗੁਲਾਮ ਨਹੀਂ ਰਹਿ ਸਕਦਾ। ਸਵਾਲ ਗੁਲਾਮੀ ਦਾ ਨਹੀਂ, ਸਵਾਲ ਤਾਂ ਦੱਬਿਆ ਕੁਚਲਿਆਂ ਨੂੰ ਉਪਰ ਚੁੱਕਣ ਦਾ ਹੈ। ਇਹ ਬਹੁਤ ਮਹਾਨ ਕੰਮ ਹੈ, ਇਸ ਨੂੰ ਮਜ਼ਬੂਤ ਤੇ ਅਨੁਸ਼ਾਸਨ ਵਾਲੀ ਪਾਰਟੀ ਹੀ ਪੂਰਾ ਕਰ ਸਕਦੀ ਹੈ।"[75]

ਜੰਗ ਪ੍ਰਤੀ ਪਹੁੰਚ ਬਾਰੇ ਖੱਬੀ ਵਿਚਾਰਧਾਰਾ ਦੇ ਕੈਦੀਆਂ ਵਿਚ ਮਤਭੇਦ ਜਿਹੜੇ ਇਸ ਕੈਂਪ ਵਿਚ ਖੁੱਲ੍ਹ ਕੇ ਸਾਹਮਣੇ ਆਏ। ਉਨ੍ਹਾਂ ਬਾਰੇ ਬਾਬਾ ਹਰਜਾਪ ਸਿੰਘ ਲਿਖਦੇ ਹਨ ਕਿ:

> ਦਿਓਲੀ ਪਹੁੰਚਦੇ ਹੀ ਸਾਡੇ ਮੁਜ਼ਫ਼ਰਗੜ੍ਹ ਦੇ ਸਾਥੀ ਫਿਰ ਮੈਦਾਨ ਵਿਚ ਨਿਕਲੇ, ਸਾਥੀਆਂ ਨੇ ਆਕਾਸ਼ ਸਿਰ 'ਤੇ ਚੁੱਕ ਲਿਆ ਕਿ ਦੇਸ਼ ਅਤੇ ਕੌਮ ਦੇ ਸੇਵਾਦਾਰ ਵੱਖਰੇ ਅਧਿਕਾਰਾਂ ਤੋਂ ਲਾਂਭੇ ਹੋਣ। ਸਾਡੇ ਸਾਥੀ ਸੋਹਣ ਸਿੰਘ ਜੋਸ਼ ਐੱਮ.ਐੱਲ.ਏ. ਅਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਐੱਮ.ਐੱਲ.ਏ. ਅਤੇ ਕਈ ਹੋਰ ਸਾਥੀਆਂ ਨੇ ਬਹੁਤ ਢੁਕਵੀਆਂ ਤਜਵੀਜ਼ਾਂ ਪੇਸ਼ ਕੀਤੀਆਂ ਕਿ ਸਾਨੂੰ ਜਲਦਬਾਜ਼ੀ ਨਾਲ ਕੋਈ ਕਦਮ ਨਹੀਂ ਉਠਾਉਣਾ ਚਾਹੀਦਾ। ਜਿਹੜੇ ਕੈਦੀ ਸਾਥੀ ਛੇਤੀਂ ਹੀ ਇੱਥੇ ਪਹੁੰਚਣ ਵਾਲੇ ਹਨ ਉਨ੍ਹਾਂ ਦੇ ਪਹੁੰਚਣ 'ਤੇ ਸਰਕਾਰ ਦੇ ਅਨਿਆਂਪੂਰਵਕ ਕਦਮਾਂ ਦੇ ਵਿਰੁੱਧ ਸਾਨੂੰ ਮਿਲ ਕੇ ਸੰਗਰਾਮ ਕਰਨਾ ਚਾਹੀਦਾ ਹੈ। ਕੇਵਲ ਸਾਡੇ ਬਾਰਾਂ ਤੇਰਾਂ ਦੋਸਤਾਂ ਨੂੰ

ਮਿਲੀਆਂ ਸੁਵਿਧਾਵਾਂ ਨੂੰ ਛੱਡਣ ਨਾਲ ਕੁਛ ਪ੍ਰਾਪਤ ਨਹੀਂ ਹੋਵੇਗਾ। ਕੁਝ ਦਿਨ ਪਿੱਛੋਂ ਪਹਿਲੇ ਕੈਂਪ ਦੇ ਆਪਣੇ ਹਮ ਖਿਆਲ ਸਾਥੀਆਂ ਨੂੰ ਹਦਾਇਤ ਕੀਤੀ ਕਿ ਉਹ ਵੱਖਰੇ ਅਧਿਕਾਰਾਂ ਨੂੰ ਤਿਆਗ ਦੇਣ। ਜ਼ਾਹਿਰ ਹੈ ਕਿ ਵਿਧਾਨਕਾਰ ਸਾਥੀਆਂ ਨੂੰ ਦਿੱਤੀਆਂ ਜਾਂਦੀਆਂ ਸਰਕਾਰੀ ਸਹੂਲਤਾਂ ਤੋਂ ਦੂਜੇ ਸਾਥੀ ਖੁਸ਼ ਨਹੀਂ ਸਨ। ਇਸ ਸਬੰਧੀ ਹਰਜਾਪ ਸਿੰਘ ਲਿਖਦੇ ਹਨ:-

ਸਾਡੇ ਕਈ ਕਮਿਊਨਿਸਟ ਸਾਥੀ ਦੋ ਨੰਬਰ ਕੈਂਪ ਵਿਚ ਸਨ। ਉਹਨਾਂ ਨੇ ਕਾਮਰੇਡ ਸੋਹਣ ਸਿੰਘ ਜੋਸ਼ ਹੁਰਾਂ ਨੂੰ ਸੁਨੇਹਾ ਭੇਜਿਆ, ਕਿ ਉਹਨਾਂ ਨੂੰ ਇਸ ਸ਼ੁੱਭ ਕਾਰਜ ਨੂੰ ਆਰੰਭ ਕਰਨ ਵਿਚ ਪਹਿਲ ਕਰਨੀ ਚਾਹੀਦੀ ਹੈ। ਕਿਉਂਕਿ ਤੁਸੀਂ "ਪੰਜਾਬ ਕਮਿਊਨਿਸਟ ਪਾਰਟੀ" ਦੇ ਆਗੂ ਹੋ, ਇਸ ਲਈ ਜੇ ਤੁਸੀਂ ਇਸ ਅਵਸਰ 'ਤੇ ਕਿਸੇ ਹਿਚਕਚਾਹਟ ਜਾਂ ਕਮਜ਼ੋਰੀ ਦਾ ਸਬੂਤ ਦਿੱਤਾ ਤਾਂ ਪਾਰਟੀ ਦੀ ਸਾਰੀ ਇੱਜ਼ਤ ਮਿੱਟੀ ਵਿਚ ਮਿਲ ਜਾਏਗੀ। ਬੱਸ ਫਿਰ ਕੀ ਸੀ, ਸਾਨੂੰ ਪਹਿਲੇ ਕੈਂਪ ਦੇ ਕਮਿਊਨਿਸਟ ਸਾਥੀਆਂ ਨੂੰ ਕਾਮਰੇਡ ਸਾਹਿਬ ਦਾ ਹੁਕਮ ਜਾਰੀ ਹੋਇਆ ਕਿ ਅਸੀਂ ਵਿਸ਼ੇਸ਼ ਰਿਆਇਤਾਂ ਨੂੰ ਤਿਆਗ ਦੇਈਏ। ਇਸ 'ਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਨੇ ਬੇਨਤੀ ਕੀਤੀ ਕਿ ਆਪ ਕੈਂਪ ਪਹਿਲੇ ਅਤੇ ਦੂਸਰੇ ਦੇ ਸਾਥੀਆਂ ਦੀ ਇੱਕ ਮੀਟਿੰਗ ਦਾ ਪ੍ਰਬੰਧ ਕਰੋ। ਉਸ ਦੇ ਪਿੱਛੋਂ ਜੋ ਵੀ ਫ਼ੈਸਲਾ ਹੋਵੇਗਾ, ਉਸ 'ਤੇ ਅਮਲ ਹੋਣਾ ਚਾਹੀਦਾ ਹੈ। ਇੰਝ ਅਸੀਂ ਮੀਟਿੰਗ ਸੱਦਣ 'ਤੇ ਜ਼ੋਰ ਦਿੱਤਾ ਅਤੇ ਇਹ ਵੀ ਸਪੱਸ਼ਟ ਕੀਤਾ ਕਿ ਪਾਰਟੀ ਲੀਡਰ ਦਾ ਫ਼ੈਸਲਾ ਪਾਰਟੀ ਦਾ ਫ਼ੈਸਲਾ ਹੀ ਹੁੰਦਾ ਹੈ।

ਏਨੇ ਵਿਚ ਨਵੇਂ ਕਾਮਰੇਡ ਦੂਜੇ ਪ੍ਰਾਂਤਾਂ ਵਿਚੋਂ ਵੀ ਆ ਪਹੁੰਚੇ। ਜਦ ਉਨ੍ਹਾਂ ਨੂੰ ਸਾਡੀ ਹਾਲਤ ਦਾ ਪਤਾ ਚੱਲਿਆ, ਤਾਂ ਉਨ੍ਹਾਂ ਨੇ ਸਾਡਾ ਮਜ਼ਾਕ ਉਡਾਇਆ। ਕੁਝ ਦਿਨਾਂ ਤੱਕ ਅਸੀਂ ਪੰਜਾਬੀ ਸਾਥੀ ਉਨ੍ਹਾਂ ਦੇ ਮਖ਼ੌਲ ਦਾ ਨਿਸ਼ਾਨਾ ਬਣੇ ਰਹੇ। ਉਨ੍ਹਾਂ ਨੇ ਦਲੀਲ ਇਹ ਦਿੱਤੀ ਕਿ ਆਏ ਤਾਂ ਸੀ ਸਾਮਰਾਜੀ ਜੰਗ ਵਿਚ ਫਸੀ ਹੋਈ ਬਰਤਾਨਵੀ ਸਰਕਾਰ ਦਾ ਤਖ਼ਤਾ ਪਲਟਣ। ਪਰ ਛੇ ਆਨੇ ਰੋਜ਼ ਪ੍ਰਤੀ ਜੀਅ ਛੱਡ ਕੇ ਸਰਕਾਰ ਦੇ ਜੰਗੀ ਵਸੀਲਿਆਂ ਵਿਚ ਸਹਾਈ ਸਾਬਤ ਹੋਏ ਹਾਂ। ਉਨ੍ਹਾਂ ਦੋਸਤਾਂ ਦੀ ਦਲੀਲ ਸੁਣ ਕੇ ਅਸੀਂ ਸਾਰਿਆਂ ਨੇ ਮਹਿਸੂਸ ਕੀਤਾ ਕਿ ਸਾਡੀ ਕੁਰਬਾਨੀ ਸਰਕਾਰ ਦੇ ਹੱਕ ਵਿਚ ਸੱਚਮੁੱਚ ਹੀ ਭਲੀ ਸਾਬਤ ਹੋ ਰਹੀ ਹੈ। ਉਸ ਵੇਲੇ ਨੰਬਰ ਦੋ ਦੇ ਵਿਰੋਧੀ ਪਾਰਟੀ ਦੇ ਆਗੂਆਂ ਨੇ ਆਪਣੇ ਹਮ ਖਿਆਲ ਕੈਂਪ ਨੰਬਰ ਪਹਿਲੇ ਦੇ ਸਾਥੀਆਂ ਨੂੰ ਹੁਕਮਨਾਮਾ ਭੇਜਿਆ, ਕਿ ਹੁਣ ਉਹ ਵੱਖਰੀਆਂ ਮਿਲੀਆਂ ਸੁਵਿਧਾਵਾਂ ਦਾ ਲਾਭ ਉਠਾਉਣਾ ਆਰੰਭ ਕਰ ਦੇਣ ਅਤੇ ਨਾਲ ਹੀ ਇਹ ਵੀ ਕਿਹਾ ਕਿ ਸਾਡਾ ਪਿਛਲਾ ਫ਼ੈਸਲਾ ਗ਼ਲਤੀਆਂ ਦਾ ਨਤੀਜਾ ਹੈ। ਕੈਂਪ

ਨੰਬਰ ਪਹਿਲੇ ਦੇ ਸਾਥੀ ਦੋ ਮਹੀਨਿਆਂ ਦਾ ਚੱਕਰ ਕੱਟ ਕੇ ਉਥੇ ਆ ਪਹੁੰਚੇ ਜਿੱਥੋਂ ਚੱਲੇ ਸਾਂ। ਦੋ ਮਹੀਨੇ ਪਿੱਛੋਂ ਦੋਹਾਂ ਧੜਿਆਂ ਨੇ ਸਵੀਕਾਰ ਕਰ ਲਿਆ ਕਿ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਜੀ ਦੀ ਰਾਏ ਯੋਗ ਸੀ।

ਦਿਓਲੀ ਕੈਂਪ ਵਿਚ ਹਿੰਦੋਸਤਾਨ ਭਰ ਦੇ ਇਨਕਲਾਬੀਆਂ ਦਾ ਤਕੜਾ ਇਕੱਠ ਜਮ੍ਹਾਂ ਹੋ ਗਿਆ ਸੀ। ਆਪਸੀ ਸੰਬੰਧ ਕਾਇਮ ਕਰਨ ਦਾ ਰਸਤਾ ਬਹੁਤ ਹੱਦ ਤੱਕ ਤਾਂ ਸਰਕਾਰ ਨੇ ਆਪ ਹੀ ਸਾਫ ਕਰ ਦਿੱਤਾ। ਜੇ ਅਸੀਂ ਇੰਝ ਇਕੱਠੇ ਨਾ ਕਰ ਦਿੱਤੇ ਜਾਂਦੇ, ਤਾਂ ਇੱਕ ਦੂਜੇ ਦਾ ਨੇੜੇ ਤੋਂ ਅਧਿਐਨ ਕਰਨ ਦਾ ਨਾ ਤਾਂ ਅਵਸਰ ਮਿਲਦਾ ਅਤੇ ਨਾ ਹੀ ਇੱਕ ਦੂਜੇ ਦੀਆਂ ਖ਼ਸਲਤਾਂ ਤੇ ਵਿਸ਼ੇਸ਼ਤਾਈਆਂ ਤੋਂ ਜਾਣੂੰ ਹੋ ਸਕਦੇ। ਜਿਹੜਾ ਕੰਮ ਅਸੀਂ ਸਾਲਾਂ ਸਾਲ ਦੇ ਯਤਨਾਂ ਅਤੇ ਲੱਖਾਂ ਰੁਪਏ ਖ਼ਰਚ ਕਰਨ ਦੇ ਪਿਛੋਂ ਵੀ ਸਿਰੇ ਨਹੀਂ ਚੜ੍ਹਾ ਸਕਦੇ ਸੀ, ਸਰਕਾਰ ਦੀਆਂ ਮਿਹਰਬਾਨੀਆਂ ਕਾਰਨ ਮੁਫ਼ਤ ਸਿਰੇ ਤੱਕ ਪਹੁੰਚ ਗਿਆ। ਕੈਦ ਤਾਂ ਕੱਟਣੀ ਹੀ ਸੀ। ਕੇਂਦਰੀ ਕੈਂਪ ਵਿਚ ਇਕੱਠੇ ਨਾ ਹੁੰਦੇ ਤਾਂ ਨਜ਼ਰਬੰਦਾਂ ਨੂੰ ਏਡਾ ਵੱਡਾ ਰਾਜਸੀ ਤਜਰਬਾ ਪ੍ਰਾਪਤ ਨਾ ਹੁੰਦਾ।

ਇਸ ਇਕੱਠ ਨੇ ਜਿਥੇ ਹੌਸਲਾ ਦਿੱਤਾ, ਖੁਸ਼ੀ ਦਿੱਤੀ ਉਥੇ ਨਾਲ ਹੀ ਅੰਤਰ ਵਿਰੋਧ ਜਿਸ ਦਾ ਉਪਰ ਜਿਕਰ ਆ ਚੁੱਕਾ ਹੈ। ਫਿਰ ਵੀ ਹਾਸੇ ਠੱਠੇ ਵਿਚ ਬਾਬਾ ਸੋਹਣ ਸਿੰਘ ਭਕਨਾ ਤੇ ਮਾਸਟਰ ਮੋਤਾ ਸਿੰਘ ਕਹਿ ਦਿੰਦੇ, "ਅੰਗਰੇਜ਼ ਸਿਆਣੇ ਹਨ, ਜਿਨ੍ਹਾਂ ਸਾਡਾ ਸਾਰਾ ਪ੍ਰੀਵਾਰ ਇਕੱਠਾ ਕਰ ਦਿੱਤਾ ਹੈ।"[76]

## ਵਿਚਾਰਧਾਰਕ ਮਤਭੇਦ

ਕਮਿਊਨਿਸਟ ਪਾਰਟੀ ਦੇ ਇਤਿਹਾਸ ਵਿਚ ਦਿਓਲੀ ਕੈਂਪ ਜੇਲ੍ਹ ਦਾ ਇਸ ਲਈ ਵੀ ਮਹੱਤਵ ਹੈ ਕਿ ਉੱਥੇ "ਹਿੰਦੋਸਤਾਨੀ ਕਮਿਊਨਿਸਟ ਪਾਰਟੀ" ਨਵੀਆਂ ਨੀਹਾਂ 'ਤੇ ਸਥਾਪਤ ਹੋਈ। ਅਤੇ ਸੋਸ਼ਲਿਸਟ ਪਾਰਟੀ ਦੀ ਵੀ ਨਵੇਂ ਸਿਰੇ ਤੋਂ ਉਸਾਰੀ ਹੋਈ। ਕੈਂਪ ਵਿਚ "ਕਮਿਊਨਿਸਟ ਪਾਰਟੀ" ਅਤੇ "ਸੋਸ਼ਲਿਸਟ ਪਾਰਟੀ" ਵੱਖ ਵੱਖ ਅਸੂਲੀ ਨੀਹਾਂ 'ਤੇ ਖੜ੍ਹੀਆਂ ਹੋ ਗਈਆਂ। ਇਥੇ ਹੀ ਕਿਰਤੀ ਪਾਰਟੀ ਤੋੜ ਕੇ ਕਮਿਊਨਿਸਟ ਪਾਰਟੀ ਸਥਾਪਤ ਹੋਈ। ਕੈਂਪ ਵਿਚ ਅੱਡ-ਅੱਡ ਧੜਿਆਂ ਪਾਰਟੀ ਗਰੁੱਪਾਂ ਦੇ ਬਾਵਜੂਦ ਤਕਰੀਰਾਂ, ਬਹਿਸਾਂ ਨੇ ਖੱਬੇ ਪੱਖੀਆਂ ਨੂੰ ਇਕੱਠੇ ਹੋਣ ਦਾ ਮੌਕਾ ਮੁਹੱਈਆ ਕੀਤਾ ਅਤੇ ਅੰਤ ਨੂੰ "ਕਿਰਤੀ ਪਾਰਟੀ" ਦੇ ਆਗੂਆਂ ਵਲੋਂ "ਕਮਿਊਨਿਸਟ ਪਾਰਟੀ" ਨਾਲ ਏਕਤਾ ਦੀ ਗੱਲਬਾਤ ਲਈ ਮੈਦਾਨ ਤਿਆਰ ਕੀਤਾ ਗਿਆ। "ਕਮਿਊਨਿਸਟ ਪਾਰਟੀ" ਨੇ ਉਨ੍ਹਾਂ ਦੀ ਇਸ ਨੇਕ ਤਜਵੀਜ਼ ਦਾ ਬੜੇ ਆਦਰ ਨਾਲ ਸਵਾਗਤ ਕੀਤਾ ਸੀ।

"ਕਿਰਤੀ ਪਾਰਟੀ" ਦੇ ਸਾਥੀਆਂ ਦੀ ਤਜਵੀਜ਼ "ਕਮਿਊਨਿਸਟ ਪਾਰਟੀ"

ਵਿਚ ਬਤੌਰ ਪਾਰਟੀ ਸ਼ਾਮਲ ਹੋਣ ਦੀ ਸੀ (ਦੋਹਾਂ ਪਾਰਟੀਆਂ ਦੀ ਆਪਸ ਵਿਚ ਏਕਤਾ)। ਪਰ "ਕਮਿਊਨਿਸਟ ਪਾਰਟੀ" ਨੂੰ ਉਨ੍ਹਾਂ ਦੀ ਇਹ ਤਜਵੀਜ਼ ਮਨਜ਼ੂਰ ਨਹੀਂ ਸੀ। ਪਾਰਟੀ ਜਿਹੜੀ ਕਿ ਮਜ਼ਦੂਰ ਡਿਕਟੇਟਰਸ਼ਿਪ ਦੀ ਸਥਾਪਤੀ ਦਾ ਝੰਡਾ ਚੁੱਕਣ ਵਾਲੀ ਹੋਵੇ, ਉਸਦੇ ਲਈ ਅਸੂਲਾਂ ਦਾ ਪਾਬੰਦ ਰਹਿਣਾ ਬਹੁਤ ਜ਼ਰੂਰੀ ਹੈ। ਇਸ ਵਿਚਾਰ ਨੂੰ ਮੁੱਖ ਰੱਖਦੇ ਹੋਏ ਕਮਿਊਨਿਸਟ ਪਾਰਟੀ ਨੇ ਕਿਰਤੀ ਪਾਰਟੀ ਨੂੰ ਮੈਂਬਰਸ਼ਿਪ ਦੇ ਅਧਿਕਾਰ ਦੇਣ ਤੋਂ ਨਾਂਹ ਕਰ ਦਿੱਤੀ। ਅਤੇ ਇਹ ਪੇਸ਼ਕਸ਼ ਕੀਤੀ ਕਿ ਕਿਰਤੀ ਪਾਰਟੀ ਤੋੜ ਕੇ ਨਿੱਜੀ ਹੈਸੀਅਤ ਵਿਚ ਇਕੱਲਾ-ਇਕੱਲਾ ਦਰਖ਼ਾਸਤ ਦੇ ਕੇ ਪਾਰਟੀ ਦਾ ਮੈਂਬਰ ਬਣ ਕੇ ਪਾਰਟੀ ਵਿਚ ਸ਼ਾਮਲ ਹੋ ਸਕਦਾ ਹੈ। ਪਰ ਕਿਰਤੀ ਪਾਰਟੀ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਆਪਸ ਵਿਚ ਸਮਝੌਤੇ ਦੀ ਪੇਸ਼ਕਸ਼ ਸਿਰੇ ਨਾ ਚੜ੍ਹ ਸਕੀ। ਪਿੱਛੋਂ ਜਾ ਕੇ ਉਨ੍ਹਾਂ ਨੂੰ ਬਾਕਾਇਦਾ ਤੌਰ 'ਤੇ ਪਾਰਟੀ ਦੀ ਮੈਂਬਰਸ਼ਿਪ ਨਾਲ ਸਤਿਕਾਰਤ ਕਰ ਦਿੱਤਾ ਗਿਆ।

ਤਿੰਨਾਂ ਪਾਰਟੀਆਂ (ਕਮਿਊਨਿਸਟ, ਕਿਰਤੀ ਅਤੇ ਸੋਸ਼ਲਿਸਟ) ਦਾ ਸਮਝੌਤਾ ਹੋ ਗਿਆ। ਤਿੰਨਾਂ ਪਾਰਟੀਆਂ ਦੇ ਕੈਂਪ ਵਿਚ ਹਾਜ਼ਰ ਮੈਂਬਰ ਸਾਰੇ ਦੇ ਸਾਰੇ ਇੱਕ-ਇੱਕ ਕਰਕੇ ਮੈਂਬਰਸ਼ਿਪ ਦੀਆਂ ਅਰਜ਼ੀਆਂ ਦੇ ਕੇ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ। ਇਸ ਸਮਝੌਤੇ ਦੀ ਸਾਰੇ ਮੈਂਬਰਾਂ ਨੇ ਖੁਸ਼ੀ ਮਨਾਈ। ਸਾਰਿਆਂ ਤੋਂ ਵਧੇਰੇ ਖੁਸ਼ੀ ਤਾਂ ਪੰਜਾਬੀਆਂ ਨੂੰ ਸੀ। ਕਿਉਂਕਿ ਵਿਸ਼ੇਸ਼ ਤੌਰ 'ਤੇ ਪੰਜਾਬ ਵਿਚ ਆਪਸੀ ਖਿੱਚੋਤਾਣ ਕਾਫੀ ਰਹਿੰਦੀ ਸੀ। ਹੁਣ ਕੈਂਪ ਦੀ ਚਾਰਦਿਵਾਰੀ ਅੰਦਰ ਸਾਰਾ ਕੰਮ ਸਿਰੇ ਚੜ੍ਹਾਇਆ ਜਾਣ ਲੱਗਾ। ਇਸ ਏਕਤਾ ਦਾ ਅਧਾਰ ਬਹੁ-ਗਿਣਤੀ 'ਤੇ ਘੱਟ ਗਿਣਤੀ ਦਾ ਅਧਿਕਾਰ ਸੀ। ਖਾਸ ਕਰਕੇ ਪੰਜਾਬ ਲਈ ਇਹ ਫਾਰਮੂਲਾ ਚਿਰ-ਸਥਾਈ ਨਾ ਰਹਿ ਸਕਿਆ, ਕਿਉਂਕਿ 'ਮੇਰਠ ਸਾਜਿਸ਼ ਕੇਸ' ਵਿੱਚੋਂ ਸੋਹਣ ਸਿੰਘ ਜੋਸ਼ ਰਿਹਾ ਹੋ ਕੇ ਆਇਆ ਤਾਂ ਕਿਰਤੀ ਵਿਚਾਰਧਾਰਾ ਵਾਲਾ ਪੈਂਤੜਾ ਤਿਆਗ ਕੇ ਉਹ ਹੁਣ ਕਮਿਊਨਿਸਟ ਲਹਿਰ ਦੀ ਕੌਮੀ ਧਾਰਾ ਦੇ ਇਕ ਮੋਢੀ ਵਜੋਂ ਸਮਝਦਾ ਸੀ। ਕਿਰਤੀ ਕਿਸਾਨ ਪਾਰਟੀ ਦੇ ਮੁਕਾਬਲਤਨ ਉਸਨੇ ਐਂਟੀ ਇੰਮਪੀਰੀਅਲਿਸਟ ਲੀਗ ਬਣਾ ਕੇ ਕੰਮ ਕਰਨਾ ਸ਼ੁਰੂ ਕੀਤਾ।

ਇਥੇ ਵੀ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਐੱਮ.ਐੱਲ.ਏ. ਦਾ ਜ਼ਿਕਰ ਵਰਨਣਯੋਗ ਸੀ। ਉਂਝ ਭੁੱਖ ਹੜਤਾਲਾਂ ਦੇ ਸਬੰਧ ਵਿਚ ਉਸ ਦਾ ਨਾਮ ਵਿਸ਼ੇਸ਼ ਤੌਰ 'ਤੇ ਪ੍ਰਸਿੱਧੀ ਪ੍ਰਾਪਤ ਕਰ ਚੁੱਕਾ ਸੀ। ਉਹ ਮਹੀਨਿਆਂ ਬੱਧੀ ਬਿਨਾਂ ਕੁਝ ਖਾਧੇ ਪੀਤੇ ਲੰਘਾ ਦਿੰਦੇ ਸਨ। ਪਰ ਇਸ ਵਾਰ 23 ਦਿਨਾਂ ਪਿੱਛੋਂ ਆਪ ਦੀ ਹਾਲਤ ਬਹੁਤ ਖ਼ਤਰਨਾਕ ਸ਼ਕਲ ਅਖ਼ਤਿਆਰ ਕਰ ਗਈ। ਆਪ ਦੀ ਖ਼ਤਰਨਾਕ ਹਾਲਤ ਦੇ ਬਾਰੇ ਕੈਂਪ ਦੇ ਮੈਡੀਕਲ ਅਫ਼ਸਰ ਤੇ ਕੈਂਪ ਜੇਲ੍ਹ ਅਧਿਕਾਰੀਆਂ ਨੇ ਪੰਜਾਬ ਸਰਕਾਰ ਨੂੰ ਤਾਰ ਰਾਹੀਂ ਸੂਚਿਤ ਕਰ ਦਿੱਤਾ ਸੀ। ਪਰ ਪੰਜਾਬ ਸਰਕਾਰ ਨੂੰ ਵਿਸ਼ਵਾਸ ਨਾ ਆਇਆ। ਇਸ ਲਈ ਪੰਜਾਬ ਸਰਕਾਰ ਨੇ ਜੇਲ੍ਹ ਵਿਭਾਗ ਦੇ ਇੰਸਪੈਕਟਰ ਜਨਰਲ ਜੇਲ੍ਹਖ਼ਾਨਾ ਵਿਭਾਗ ਪੰਜਾਬ ਸ੍ਰੀ ਐੱਨ.ਐੱਮ.ਪੁਰੀ (ਜੋ ਜੇਲ ਵਿਭਾਗ ਦੀ ਨੌਕਰੀ ਵਿਚ ਮੈਡੀਕਲ ਅਫ਼ਸਰ ਦੀ

ਡਿਊਟੀ ਨਿਭਾਉਂਦਾ ਸੀ) ਨੂੰ ਆਪ ਮਾਸਟਰ ਦੀ ਹਾਲਤ ਦਾ ਨਿਰੀਖਣ ਕਰਨ ਲਈ ਦਿਓਲੀ ਕੈਂਪ ਜੇਲ੍ਹ ਵਿਚ ਭੇਜਿਆ। ਉਸ ਦੀ ਰਿਪੋਰਟ 'ਤੇ ਖ਼ਤਰਨਾਕ ਹਾਲਤ ਨੂੰ ਸਾਹਮਣੇ ਰੱਖਦੇ ਹੋਏ ਜਤਿੰਦਰ ਨਾਥ ਦੇ ਰਿਹਾਈ ਦੇ ਚਾਰ-ਪੰਜ ਦਿਨ ਪਿੱਛੋਂ ਆਪਨੂੰ ਭੁੱਖ ਹੜਤਾਲ ਵਿਚਕਾਰ ਰਿਹਾ ਕਰ ਦਿੱਤਾ ਗਿਆ। ਪਰ ਰਿਹਾਈ ਦੇ ਇੱਕ ਮਹੀਨੇ ਪਿੱਛੋਂ ਹਾਲਤ ਸੁਧਰਨ 'ਤੇ ਫਿਰ ਫੜ ਲਿਆ ਗਿਆ।

ਏਕਤਾ ਦੀ ਪ੍ਰਕਿਰਿਆ ਸਮੇਂ ਮਾਸਟਰ ਕਾਬਲ ਸਿੰਘ ਹਸਪਤਾਲ ਵਿਚ ਬਿਮਾਰੀ ਕਾਰਨ ਇਲਾਜ ਹੇਠ ਸਨ। ਉਹ ਸੰਪੂਰਨ ਬਾਈਕਾਟ ਦਾ ਫ਼ੈਸਲਾ ਹੋਣ ਦੇ ਪੰਦਰਾਂ ਦਿਨਾਂ ਪਿੱਛੋਂ ਹਸਪਤਾਲ ਤੋਂ ਵਾਪਸ ਕੈਂਪ ਵਿਚ ਆ ਗਏ ਤਾਂ ਸਾਰੇ ਹਾਲਾਤ ਤੋਂ ਜਾਣੂ ਹੋਏ। ਜ਼ਾਹਿਰ ਹੈ ਕਿ ਮਾਸਟਰ ਕਾਬਲ ਸਿੰਘ ਤੇ ਬਾਬਾ ਹਰਜਾਪ ਸਿੰਘ ਏਕਤਾ ਵਾਲੇ ਫਾਰਮੂਲੇ ਤੋਂ ਸਹਿਮਤ ਨਹੀਂ ਸਨ।

ਮਾਸਟਰ ਜੀ ਨੇ ਆਪਣੀਆਂ ਦਲੀਲਾਂ ਨਾਲ ਪਾਰਟੀ ਆਗੂਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਪਾਰਟੀ ਦੇ ਸਾਹਮਣੇ ਇਕ ਆਦਰਸ਼ ਅਤੇ ਟੀਚਾ ਹੈ, ਮੈਂ ਇਸ ਅਸੂਲ ਦਾ ਕਾਇਲ ਨਹੀਂ, ਕਿ ਜੋ ਵਿਅਕਤੀ ਸਾਡੇ ਨਾਲ ਨਹੀਂ ਉਹ ਸਾਡਾ ਵੈਰੀ ਹੈ। ਪਾਰਟੀ ਮਜ਼ਦੂਰ ਇਨਕਲਾਬ ਦੀ ਹਾਮੀ ਹੈ, ਸਹਾਇਕ ਸ਼ਕਤੀ ਦੇ ਤੌਰ 'ਤੇ ਕਿਸਾਨਾਂ ਨੂੰ ਵੀ ਸੰਗਠਤ ਕਰਦੀ ਹੈ, ਸ਼ਕਤੀ ਕੁਝ ਅਸੂਲਾਂ ਦੀ ਅਹਿਸਾਨਮੰਦ ਹੋਣੀ ਚਾਹੀਦੀ ਹੈ, ਅਸੂਲਾਂ ਤੋਂ ਗੁੰਮਰਾਹੀ ਤਾਕਤ ਦੀ ਖ਼ਾਤਿਰ ਯੋਗ ਨਹੀਂ। ਇਸਦਾ ਅਰਥ ਤਾਂ ਲੋਕਾਂ ਦੀ ਅਗਵਾਈ ਦੀ ਥਾਂ ਕੁਝ ਸੀਮਿਤ ਵਿਅਕਤੀਆਂ ਦੀ ਸਰਕਾਰ ਸਥਾਪਤ ਕਰਨਾ ਹੈ, ਜੋ ਨਿਆਂ ਅਤੇ ਜਮਹੂਰੀਅਤ ਦੇ ਅਰਥ ਆਪਣੀਆਂ ਗਰਜ਼ਾਂ ਅਨੁਸਾਰ ਕੱਢਦੇ ਹਨ। ਮੈਂ ਮੂੰਹ ਵਿਚ ਰਾਮ ਰਾਮ ਕਹਿੰਦਾ ਬਗ਼ਲ ਵਿਚ ਛੁਰੀ ਨਹੀਂ ਰੱਖ ਸਕਦਾ। ਮੇਰੀ ਜੀਭ ਮੇਰੇ ਦਿਲ ਦੀ ਤਰਜ਼ਮਾਨ ਹੈ।

ਮਾਸਟਰ ਜੀ ਦਾ ਇਹ ਉੱਤਰ ਸੁਣ ਕੇ ਕਾਮਰੇਡ ਆਪੇ ਤੋਂ ਬਾਹਰ ਹੋ ਗਏ ਸਨ। ਇਸਦੇ ਪਿੱਛੋਂ ਕੈਂਪ ਦੇ ਉਨ੍ਹਾਂ ਸਾਰੇ ਪਾਰਟੀ ਮੈਂਬਰਾਂ ਨੇ, ਜੋ ਇਨ੍ਹਾਂ ਦੋ ਸਾਥੀਆਂ ਦੇ ਵਿਰੁੱਧ ਸੰਪੂਰਨ ਭਾਈਚਾਰਕ ਬਾਈਕਾਟ ਦੇ ਮਤੇ ਦੇ ਹੱਕ ਵਿਚ ਨਹੀਂ ਸੀ, ਉਨ੍ਹਾਂ ਨੇ ਇਸਦੇ ਸਿੱਟਿਆਂ 'ਤੇ ਬੜੀ ਗੰਭੀਰਤਾ ਅਤੇ ਸਹਿਜ ਭਾਵ ਨਾਲ ਵਿਚਾਰਨਾ ਸ਼ੁਰੂ ਕੀਤਾ। ਆਖਿਰ ਸਿੱਟੇ ਵਜੋਂ ਬਾਬਾ ਹਰਜਾਪ ਸਿੰਘ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਤਿਆਗ ਪੱਤਰ ਜਨਰਲ ਸੈਕਟਰੀ ਦੇ ਹਵਾਲੇ ਕਰ ਦਿੱਤਾ। ਪਿਛੋਂ ਜਾ ਕੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਐਮ.ਐਲ.ਏ. ਨੇ ਵੀ ਤਿਆਗ ਪੱਤਰ ਦੇ ਦਿੱਤਾ ਸੀ।

ਉਨ੍ਹੀਂ ਦਿਨੀਂ ਸਰਕਾਰ ਦੀ ਨੀਤੀ ਦੇਸ਼ ਭਗਤਾਂ ਨੂੰ ਮਰਨਾਊ ਹਾਲਤ ਵਿਚ ਛੱਡ ਦੇਣ ਦੀ ਹੁੰਦੀ ਸੀ। ਕੈਦੀਆਂ ਦੀ ਮੌਤ ਦੀ ਜ਼ਿੰਮੇਵਾਰੀ ਉਹ ਆਪਣੇ ਸਿਰ ਲੈਣ ਲਈ ਤਿਆਰ ਨਹੀਂ ਸੀ ਹੁੰਦੀ। ਸ੍ਰੀ ਜਤੇਂਦਰ ਨਾਥ ਬੀਮਾਰ ਹੋ ਗਿਆ ਤੇ ਉਸ ਦੇ ਬਚਣ ਦੀ ਕੋਈ ਆਸ ਨਹੀਂ ਸੀ, ਸਰਕਾਰ ਨੇ ਉਸ ਨੂੰ ਛੱਡ ਦਿੱਤਾ। ਉਸ ਤੋਂ ਚਾਰ-ਪੰਜ ਦਿਨਾਂ ਬਾਅਦ ਜਦ ਮਾਸਟਰ ਕਾਬਲ ਸਿੰਘ ਦੇ ਬੀਮਾਰੀ ਕਾਰਣ ਜ਼ਿੰਦਾ ਰਹਿਣ ਦੀ ਆਸ ਨਾ

ਰਹੀ ਤਾਂ ਉਸ ਨੂੰ ਵੀ ਛੱਡ ਦਿੱਤਾ ਗਿਆ।

ਛੇਤੀਂ ਪਿੱਛੋਂ ਸਾਰੇ ਕੈਦੀਆਂ ਨੂੰ ਸਰਕਾਰ ਨੇ ਉਨ੍ਹਾਂ ਦੇ ਸੂਬਿਆਂ ਦੀਆਂ ਜੇਲ੍ਹਾਂ ਵਿੱਚ ਬਦਲਣ ਦਾ ਫੈਸਲਾ ਕਰ ਲਿਆ ਤਾਂ ਪੰਜਾਬ ਵਾਲੇ ਸਾਰੇ ਕੈਦੀਆਂ ਨੂੰ ਗੁਜਰਾਤ ਜੇਲ੍ਹ ਵਿਚ ਤਬਦੀਲ ਕਰਨ ਦਾ ਹੁਕਮ ਦੇ ਦਿੱਤਾ। ਬਾਬਾ ਵਸਾਖਾ ਸਿੰਘ, ਸ. ਸੋਹਣ ਸਿੰਘ ਭਕਨਾ, ਬਾਬਾ ਕਰਮ ਸਿੰਘ ਚੀਮਾ, ਡਾ. ਭਾਗ ਸਿੰਘ, ਕਾ. ਬੂਝਾ ਸਿੰਘ, ਕਾ. ਨੈਣਾ ਸਿੰਘ ਧੂਤ, ਜਸਵੰਤ ਸਿੰਘ ਕੈਰੋਂ, ਹਰਕਿਸ਼ਨ ਸਿੰਘ ਸੁਰਜੀਤ, ਬਾਬਾ ਸੰਤਾ ਸਿੰਘ ਗੰਡੀਵਿੰਡ, ਮੁਬਾਰਕ ਸਾਗਰ, ਕਰਮ ਸਿੰਘ ਮਾਨ ਆਦਿ ਦਾ ਕਾਫ਼ਲਾ ਦਿਓਲੀ ਤੋਂ ਬੱਸਾਂ ਰਾਹੀਂ, ਕੋਟੇ ਤੋਂ ਰੇਲ ਰਾਹੀਂ ਦਿੱਲੀ, ਲੁਧਿਆਣਾ, ਅੰਮ੍ਰਿਤਸਰ ਤੇ ਲਾਹੌਰ ਤੋਂ ਹੁੰਦਾ ਹੋਇਆ ਗੁਜਰਾਤ ਪੁੱਜਾ ਤੇ ਸਟੇਸ਼ਨ ਤੋਂ ਸੰਗੀਨਾਂ ਦੇ ਪਹਿਰੇ ਹੇਠ ਇਨ੍ਹਾਂ ਨੂੰ ਜੇਲ੍ਹ ਵਿਚ ਪਹੁੰਚਾ ਦਿੱਤਾ ਗਿਆ।

ਇਹ 1943 ਦਾ ਵਾਕਿਆ ਹੈ। ਜੇਲ੍ਹ ਅੰਦਰ ਕਾਫ਼ੀ ਖੁੱਲ੍ਹ ਸੀ। ਮਾਸਟਰ ਜੀ ਤਾਰ ਰਾਹੀਂ ਰੋਜ਼ ਘਰਦਿਆਂ ਦੀ ਹਾਲਤ ਬਾਰੇ ਪਤਾ ਲਾ ਲੈਂਦੇ ਸਨ। ਖੁੱਲ੍ਹ ਦੇ ਬਾਵਜੂਦ ਉਨ੍ਹਾਂ ਤੇ ਨਿਗਰਾਨੀ ਲਈ ਬੜੀਆਂ ਸਖ਼ਤ ਹਦੈਤਾਂ ਕੀਤੀਆਂ ਜਾਂਦੀਆਂ ਸਨ। ਫਿਰ ਉਥੋਂ ਤਬਦੀਲ ਕਰਕੇ ਗੁਜਰਾਤ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ ਗਿਆ।

## ਗੁਜਰਾਤ ਜੇਲ੍ਹ ਵਿਚ

ਗੁਜਰਾਤ ਜੇਲ੍ਹ ਵਿਚ ਵੀ ਦੇਸ਼ ਭਗਤਾਂ ਨੇ ਦਿਓਲੀ ਕੈਂਪ ਜੇਲ੍ਹ ਵਾਂਗ ਅਖ਼ਬਾਰਾਂ ਪੜ੍ਹਨ ਅਤੇ ਉਨ੍ਹਾਂ ਉੱਤੇ ਟਿੱਪਣੀਆਂ ਕਰਨ ਦਾ ਕੰਮ ਜਾਰੀ ਰੱਖਿਆ। ਇਹ ਸਮਾਂ ਸੀ ਜਦੋਂ ਦੂਜੀ ਜੰਗ ਪੂਰੇ ਜ਼ੋਰ ਨਾਲ ਜਾਰੀ ਸੀ ਅਤੇ ਇਸ ਦੀ ਬਦਲ ਰਹੀ ਦਿਨੋ ਦਿਨ ਸਥਿਤੀ ਨੂੰ ਦੇਸ਼ ਭਗਤ ਬੜੀ ਸੰਜੀਦਗੀ ਨਾਲ ਵਿਚਾਰ ਰਹੇ ਸਨ। ਰੋਜ਼ਾਨਾ ਬਹਿਸਾਂ ਹੁੰਦੀਆਂ। ਲੜਾਈ ਦੇ ਮੋਰਚੇ 'ਤੇ ਜਦ ਜਰਮਨ ਨੇ ਰੂਸ ਉੱਤੇ ਹਮਲਾ ਕੀਤਾ ਤਾਂ ਸਾਰੇ ਦੇਸ਼ ਭਗਤ ਬਹੁਤ ਫਿਕਰਮੰਦ ਸਨ। ਉਹ ਇਸ ਲੜਾਈ ਨੂੰ ਜਨਤਾ ਦੀ ਲੜਾਈ ਸਮਝਦੇ ਹੋਏ ਹਰ ਪੱਖ ਤੋਂ ਇਸ ਨੂੰ ਆਪਣੀ ਲੜਾਈ ਮੰਨਦੇ ਸਨ। ਰੂਸ ਦੀ ਜਿੱਤ ਨੂੰ ਉਹ ਸਾਰੇ ਸੰਸਾਰ ਦੀ ਜਿੱਤ ਸਮਝਦੇ ਸਨ।

ਗੁਜਰਾਤ ਜੇਲ੍ਹ ਵਿਚ ਖੇਡਾਂ ਦਾ ਪ੍ਰਬੰਧ ਵੀ ਸੀ। ਜਲਸਿਆਂ ਵਿਚ ਸ. ਸੋਹਣ ਸਿੰਘ ਜੋਸ਼ ਦੇ ਲੈਕਚਰ ਹੁੰਦੇ ਅਤੇ ਸਾਰੇ ਨੌਜਵਾਨ ਕੈਦੀ ਖੇਡਾਂ ਵਿਚ ਹਿੱਸਾ ਲੈਂਦੇ। ਪ੍ਰਸਿੱਧ ਸੰਤ ਤੇ ਸਿਪਾਹੀ ਸਵਾਮੀ ਪੂਰਨਾ ਨੰਦ* ਨੇ ਇਥੋਂ ਦੀ ਹਾਲਤ ਬਾਰੇ ਲਿਖਿਆ:

"ਇਨ੍ਹਾਂ ਦੋਹਾਂ ਕੈਂਪਾਂ ਵਿਚ ਅਲੱਗ-ਅਲੱਗ ਲੰਗਰ ਸਨ ਤੇ ਡਿਸਪੈਂਸਰੀਆਂ ਵੀ। ਪਰੰਤੂ ਵੱਡਾ ਹਸਪਤਾਲ ਇਕੋ ਸੀ। ਇਥੇ ਗਰਾਊਂਡ ਵਿਚ ਵਾਰੀ-ਵਾਰੀ ਦੋਨੋਂ ਕੈਂਪਾਂ ਦੇ ਦੇਸ਼ ਭਗਤਾਂ ਨੂੰ ਸਵੇਰੇ-ਸ਼ਾਮ ਭੇਜਿਆ ਜਾਂਦਾ ਸੀ ਜਿੱਥੇ ਉਹ ਖੇਡਾਂ ਵਿਚ ਸ਼ਾਮਲ ਹੁੰਦੇ। ਗੁਜਰਾਤ ਜੇਲ੍ਹ ਵਿਚ ਕੁਸ਼ਤੀਆਂ ਵੀ ਹੁੰਦੀਆਂ ਸਨ। ਗਿਆਨੀ ਮਿਹਰ ਸਿੰਘ ਲੰਗੇਰੀ ਰੈਫ਼ਰੀ ਹੁੰਦੇ ਸਨ। ਮੇਰਾ ਰੋਜ਼ਾਨਾ ਘੋਲ ਵਾਰੋ-ਵਾਰੀ ਬਾਬਾ ਗੁਰਦਿੱਤ ਸਿੰਘ ਤੇ (ਕਾਮਾਗਾਟਾ

ਮਾਰੂ) ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਨਾਲ ਹੁੰਦਾ ਸੀ। ਮੇਰੇ ਵੱਲੋਂ ਦੋਹਾਂ ਦੇ ਮੋਢੇ ਲਾ ਦੇਣ ਤੇ ਵੀ ਰੈਫਰੀ ਨੇ ਆਪਣੇ ਮਖੌਲੀਆ ਸੁਭਾਅ ਅਨੁਸਾਰ ਸਾਡਾ ਸਾਹ ਕੱਢਣ ਲਈ ਕਹੀ ਜਾਣਾ, ਬਈ ਸੁਆਮੀ ਜੀ ਪੂਰੀ ਤਰ੍ਹਾਂ ਮੋਢਾ ਨਹੀਂ ਲੱਗਾ, ਜ਼ਰਾ ਕੁ ਫਰਕ ਰਹਿ ਗਿਆ, ਇਕ ਵਾਰ ਫਿਰ ਘੁਲੋ।"[77] ਸੁਆਮੀ ਜੀ ਜਿਸਮ ਦੇ ਬੜੇ ਮਜ਼ਬੂਤ ਅਤੇ ਬੇਬਾਕ ਦੇਸ਼ ਭਗਤ ਸਨ।

ਹਿਟਲਰ ਦੀਆਂ ਨਾਜੀ ਫੌਜਾਂ ਦੇ ਰੂਸ ਉਪਰ ਹਮਲੇ ਨਾਲ ਜੰਗ ਦਾ ਰੁਝਾਨ ਬਦਲ ਜਾਣ ਨਾਲ ਅੰਤਰਾਸ਼ਟਰੀ ਕਮਿਊਨਿਸਟ ਲਹਿਰ ਨੇ ਸੰਸਾਰ ਦੀਆਂ ਸਭ ਅਗਾਂਹਵਧੂ ਤਾਕਤਾਂ ਨੂੰ ਸਾਮਰਾਜੀ ਜੰਗ ਨੂੰ ਲੋਕ ਯੁੱਧ ਵਿਚ ਬਦਲ ਦੇਣ ਦਾ ਹੋਕਾ ਦਿੱਤਾ। ਇਸ ਹੋਕੇ ਦਾ ਅਸਰ ਭਾਰਤ ਵਿਚ ਵੀ ਹੋਇਆ ਪਰ ਦੇਰ ਨਾਲ। ਕਮਿਊਨਿਸਟ ਪਾਰਟੀ ਨੇ ਜੰਗ ਸਬੰਧੀ ਆਪਣਾ ਦ੍ਰਿਸ਼ਟੀਕੋਣ ਬਦਲ ਕੇ ਕੌਮੀ ਸਰਕਾਰ ਦੀ ਸਥਾਪਨਾ ਦਾ ਨਾਹਰਾ ਦਿੱਤਾ। ਅਤੇ ਖੁੱਲ੍ਹਮ ਖੁੱਲ੍ਹੀ ਅੰਗਰੇਜ਼ਾਂ ਅਤੇ ਉਨ੍ਹਾਂ ਦੇ ਸਾਥੀਆਂ ਦੀ ਮਦਦ ਕਰਨ ਲੱਗ ਪਈ। ਸਾਥੀਆਂ ਵੱਲੋਂ ਬਾਬਾ ਵਸਾਖਾ ਸਿੰਘ ਨੂੰ ਅੰਗਰੇਜ਼ਾਂ ਦੇ ਹੱਕ ਵਿਚ ਕਹਿਣ ਲਈ ਕਿਹਾ ਗਿਆ। ਆਪ ਨੇ ਅੰਗਰੇਜ਼ਾਂ ਦੀ ਹਿਮਾਇਤ ਕਰਨ ਵਾਲੇ ਐਲਾਨਨਾਮੇ 'ਤੇ ਦਸਤਖ਼ਤ ਕਰਨੋਂ ਇਨਕਾਰ ਹੀ ਨਾ ਕੀਤਾ ਸਗੋਂ ਜਿਹੜੇ ਹਿਮਾਇਤ ਕਰ ਰਹੇ ਸਨ ਉਨ੍ਹਾਂ ਨਾਲ ਸਖ਼ਤ ਨਰਾਜ਼ ਵੀ ਹੋਏ। ਇਨ੍ਹਾਂ ਦਿਨਾਂ ਵਿਚ ਹੀ ਕਮਿਊਨਿਸਟ ਆਗੂਆਂ ਨੇ ਬਾਬਾ ਜੀ ਤੋਂ ਪੁੱਛੇ ਬਿਨਾਂ ਸੁਭਾਸ਼ ਚੰਦਰ ਬੋਸ ਦੇ ਖਿਲਾਫ਼ ਐਲਾਨ ਛਾਪਿਆ ਤਾਂ ਆਪ ਨੇ ਉਨ੍ਹਾਂ ਨੂੰ ਸਖ਼ਤ ਝਾੜ ਵੀ ਪਾਈ ਸੀ। ਉਨ੍ਹਾਂ ਦੇ ਨਾਲ ਬਾਬਾ ਸ਼ੇਰ ਸਿੰਘ ਵੇਈਂਪੂੰਈ ਤੇ ਕਿਰਤੀ ਆਗੂ ਵੀ ਸਨ ਜਿਹੜੇ ਅੰਗਰੇਜ਼ਾਂ ਦੇ ਹੱਕ 'ਚ ਨਹੀਂ ਸਨ।

ਪੀਪਲ ਵਾਰ ਬਾਰੇ ਕਿਰਤੀ ਪਾਰਟੀ ਵੱਲੋਂ ਕੀਤੇ ਪ੍ਰਗਟਾਵੇ ਬਾਰੇ ਕਾਮਰੇਡ ਚੈਨ ਸਿੰਘ ਚੈਨ ਜਿਹੜੇ ਖੁਦ ਨਜ਼ਰਬੰਦ ਸਨ ਨੇ ਲਿਖਿਆ ਹੈ, "ਸੀ.ਪੀ.ਆਈ. ਦੀ ਲਾਈਨ ਦਾ ਤਾਂ ਸਾਨੂੰ ਦੇਰ ਤੱਕ ਪਤਾ ਨਹੀਂ ਲੱਗਾ। ਅਸੀਂ ਜੰਗ ਦੇ ਚਰਿਤਰ ਵਿਚ ਤਬਦੀਲੀ ਦੇ ਨਾਲ ਹੀ ਨਾਲ ਬਰਤਾਨਵੀ ਸਾਮਰਾਜ ਵਿਰੁੱਧ ਘੋਲ ਨੂੰ ਨਜ਼ਰਅੰਦਾਜ਼ ਨਹੀਂ ਕੀਤਾ। ਸੋਵੀਅਤ ਯੂਨੀਅਨ ਦੇ ਹੱਕ ਵਿਚ ਪ੍ਰਚਾਰ ਕਰਨ ਜਾਂ ਉਸਦੀ ਮਦਦ ਲਈ ਪੈਸਾ ਤੇ ਵਲੰਟੀਅਰ ਭੇਜਣ ਦੀ ਗੱਲ ਕੀਤੀ ਗਈ ਹੈ। ਜਦਕਿ ਬਰਤਾਨਵੀ ਸਾਮਰਾਜ ਤੋਂ ਪੂਰਨ ਆਜ਼ਾਦੀ ਤੇ ਸਿਆਸੀ ਕੈਦੀ ਰਿਹਾਅ ਕਰਨ ਦੀ ਮੰਗ ਕੀਤੀ ਗਈ ਹੈ। ਫਾਸਿਸ਼ਟ ਜਰਮਨੀ ਸਭ ਤੋਂ ਵੱਡਾ ਦੁਸ਼ਮਣ ਦੱਸ ਕੇ ਬਰਤਾਨਵੀ ਸਾਮਰਾਜ ਨੂੰ ਵੀ ਵੈਰੀ ਹੀ ਆਖਿਆ ਗਿਆ। ਬਰਤਾਨੀਆਂ ਉੱਤੇ ਸੋਵੀਅਤ ਯੂਨੀਅਨ ਦੀ ਮਦਦ ਵਾਸਤੇ ਦਬਾਉ ਪਾਉਣ ਦੇ ਨਾਲ ਹੀ ਇਹ ਵੀ ਕਿਹਾ ਕਿ ਜਿਹੜੀਆਂ ਫੌਜਾਂ ਉਹ ਸੋਵੀਅਤ ਯੂਨੀਅਨ ਦੀ ਮਦਦ ਲਈ ਭੇਜੇਗਾ ਉਨ੍ਹਾਂ ਨੂੰ ਜਥੇਬੰਦ ਤੇ ਸ਼ਸ਼ਤਰਬੱਧ ਕਰਨ ਦੀ ਹਮਾਇਤ ਕੀਤੀ ਜਾਏਗੀ। ਇਸ ਤਰ੍ਹਾਂ ਅਸੀਂ ਸੋਵੀਅਤ ਫਰੰਟ ਲਈ ਤਾਂ ਸਭ ਕੁਝ ਕਰਨ ਨੂੰ ਤਿਆਰ ਸਾਂ ਪਰ ਬਰਤਾਨਵੀ ਸਾਮਰਾਜ ਦੇ ਨੇੜੇ ਲੱਗਣ ਨੂੰ ਤਿਆਰ ਨਹੀਂ ਸਾਂ। ਭਾਵੇਂ ਕੁਝ ਪਹਿਲੂਆਂ ਵਿਚ ਰਵੱਈਆ ਨਰਮ ਕੀਤਾ ਜਾ ਸਕਦਾ ਸੀ। ਅਸੀਂ ਫਾਸਿਸਟ ਖਤਰੇ ਨੂੰ ਵੀ ਵਾਰੇ

ਸਾਫ਼ ਤੌਰ ਉੱਤੇ ਦੇਖ ਰਹੇ ਸਾਂ ਅਤੇ ਬਰਤਾਨਵੀ ਸਾਮਰਾਜ ਵਿਰੁੱਧ ਦੇਸ਼ ਦੀ ਆਜ਼ਾਦੀ ਦੀ ਲਹਿਰ ਦੀ ਨਿਰੰਤਰ ਵਿਰੋਧਤਾਈ ਨੂੰ ਵੀ ਅੱਖੋਂ-ਪਰੋਖੇ ਨਹੀਂ ਸੀ ਕਰ ਸਕਦੇ। ਸਾਡਾ ਖਿਆਲ ਹੈ ਕਿ ਵੱਧ ਘਟ ਕਰਕੇ "ਲੋਕ ਜੰਗ" ਦੇ ਦੌਰ ਵਿੱਚ ਉਪਰੋਕਤ ਕਿਸਮ ਦਾ ਰੁਖ ਰੱਖਿਆ ਜਾਂਦਾ ਤਾਂ ਸੀ.ਪੀ.ਆਈ. ਉਸ ਦੌਰ ਦੀਆਂ ਕਈ ਚੁਣੌਤੀਆਂ ਤੋਂ ਬਚ ਸਕਦੀ ਸੀ।"[78]

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦਾ ਮੰਨਣਾ ਹੈ, "ਕਮਿਊਨਿਸਟ ਪਾਰਟੀ ਦੀ ਨਵੀਂ ਨੀਤੀ ਤੇ ਅਮਲ ਕਰਨ ਵੇਲੇ ਵੱਡੀ ਗਲਤੀ ਹੋ ਗਈ ਕਿ ਅੰਗਰੇਜ਼ਾਂ ਵਿਰੁੱਧ ਭਾਰਤ ਵਿਚ ਉੱਠ ਰਹੀਆਂ ਜਨਤਕ ਲਹਿਰਾਂ ਤੋਂ ਦੂਰੀ ਰੱਖੀ ਗਈ "ਭਾਰਤ ਛੱਡੋ" ਅੰਦੋਲਨ ਵਿਚ ਫਾਰਵਰਡ ਬਾਲਕ ਤੇ ਸੋਸਲਿਸਟਾਂ ਨੂੰ ਛੱਡ ਕੇ ਖੱਬੇ-ਪੱਖੀਆਂ ਨੇ ਹਿੱਸਾ ਨਾ ਲਿਆ। ਤੀਜੀ ਭੁੱਲ ਇਹ ਹੋਈ ਕਿ ਕੌਮੀ ਪ੍ਰਸ਼ਨ ਦਾ ਹੱਲ ਵੀ ਪਾਰਟੀ ਨੇ ਲੀਗ ਅਤੇ ਕਾਂਗਰਸ ਦੇ ਸਮਝੌਤੇ ਵਿਚ ਲੱਭਿਆ ਤੇ ਨਾਲ ਹੀ ਕੌਮੀਅਤ ਨੂੰ ਧਰਮ ਅਨੁਸਾਰ ਪ੍ਰੀਭਾਸ਼ਤ ਕਰਨ ਵਾਲੇ ਸਿਧਾਂਤ ਨੂੰ ਮੰਨ ਕੇ ਪਾਕਿਸਤਾਨ ਦੀ ਹੀ ਨਹੀਂ ਸਗੋਂ ਵੱਖਰੇ ਸਿੱਖ ਰਾਜ ਦੀ ਵੀ ਹਾਮੀ ਭਰ ਦਿੱਤੀ।"[79]

ਇਸ ਦੌਰ ਬਾਰੇ ਬਾਬਾ ਭਗਤ ਸਿਘ ਬਿਲਗਾ ਦੇ ਵਿਚਾਰ ਇਸ ਪ੍ਰਕਾਰ ਏਨ: ਸੋਵੀਅਤ ਯੂਨੀਅਨ ਉੱਤੇ ਜਰਮਨ ਦੇ ਹਮਲੇ ਨੇ ਤਰੱਕੀਪਸੰਦ ਦੁਨੀਆਂ ਨੂੰ ਭੈ-ਭੀਤ ਕਰ ਦਿੱਤਾ ਸੀ। ਹਿਟਲਰ ਦੀਆਂ ਫੌਜਾਂ ਦਾ ਮਾਸਕੋ ਲੈਨਿਨਗਰਾਦ ਤਕ ਪਹੁੰਚ ਜਾਣਾ ਖ਼ਤਰੇ ਦੀ ਘੰਟੀ ਸੀ। ਪਰ ਗ਼ਦਰ ਪਾਰਟੀ ਤੇ ਕਿਰਤੀ ਪਾਰਟੀ ਨੂੰ ਸੋਵੀਅਤ ਦੀ ਅੰਤਮ ਜਿੱਤ ਉੱਤੇ ਜਨੂੰਨੀ ਹੱਦ ਤਕ ਵਿਸ਼ਵਾਸ਼ ਸੀ। ਕਿਰਤੀਆਂ ਅਤੇ ਕਮਿਊਨਿਸਟਾਂ ਦਾ ਪੱਕਾ ਵਿਸ਼ਵਾਸ ਸੀ ਕਿ ਹਿੰਦੁਸਤਾਨ ਤੇ ਹੋਰ ਗੁਲਾਮ ਦੇਸ਼ਾਂ ਦੀ ਆਜ਼ਾਦੀ ਸੋਵੀਅਤ ਜਿੱਤ ਨਾਲ ਬੱਝੀ ਹੋਈ ਹੈ। ਇਸੇ ਲਈ ਇਨ੍ਹਾਂ ਇਸ ਜੰਗ ਨੂੰ ਪੀਉਪਲ ਵਾਰ ਕਿਹਾ ਸੀ। ਪਰ ਕਮਿਊਨਿਸਟ ਤੇ ਕਿਰਤੀ ਏਨੇ ਤਕੜੇ ਨਹੀਂ ਸਨ ਕਿ ਇਹ ਵਿਚਾਰ ਹਿੰਦ ਦੇ ਲੋਕਾਂ ਵਿਚ ਪ੍ਰਚਾਰ ਕੇ ਉਨ੍ਹਾਂ ਨੂੰ ਨਾਲ ਲੈ ਸਕਦੇ। ਦੂਰ ਪੂਰਬ ਵ੍ਹਿਚ ਜਨਰਲ ਮੋਹਣ ਸਿੰਘ ਵਲੋਂ ਬਣਾਈ ਤੇ ਫੇਰ ਸੁਭਾਸ਼ ਚੰਦਰ ਬੋਸ ਵੱਲੋਂ ਜਥੇਬੰਦ ਕੀਤੀ ਆਜ਼ਾਦ ਹਿੰਦ ਫੌਜ ਬਰਮਾ ਰਾਹੀਂ ਮਨੀਪੁਰ ਤਕ ਪਹੁੰਚ ਗਈ ਸੀ। 'ਭਾਰਤ ਛੋੜੋ' ਲਹਿਰ ਜ਼ੋਰਾਂ ਨਾਲ ਚੱਲ ਰਹੀ ਸੀ ਜਿਸ ਵਿਚੋਂ ਅਰੁਨਾ ਆਸਫ਼ ਅਲੀ ਉੱਭਰ ਕੇ ਸਾਹਮਣੇ ਆਈ ਸੀ। ਕਮਿਊਨਿਸਟ ਇਸ ਲਹਿਰ ਦੇ ਸਾਮਰਾਜ ਵਿਰੋਧੀ ਖਾਸੇ ਨੂੰ ਸਮਝ ਨਾ ਸਕੇ। ਉਨ੍ਹਾਂ ਹਰ ਚੀਜ਼ ਨੂੰ 'ਪਿਉਪਲ ਵਾਰ' ਬਾਰੇ ਆਪਣੀ ਇੱਕ ਪਾਸੜ ਸਮਝ ਦੇ ਤਰਾਜੂ ਵਿਚ ਜੋਖਣਾ ਸ਼ੁਰੂ ਕਰ ਦਿੱਤਾ ਸੀ। ਆਜ਼ਾਦ ਹਿੰਦ ਫੌਜ ਕੌਮੀ ਆਜ਼ਾਦੀ ਦੀ ਤਾਕਤ ਸੀ ਜੋ ਹਿੰਦੁਸਤਾਨ ਨੂੰ ਆਜ਼ਾਦ ਕਰਾਉਣਾ ਚਾਹੁੰਦੀ ਸੀ।[80]

ਬਿਲਗਾ ਅੱਗੇ ਲਿਖਦੇ ਹਨ ਕਿ "ਕਮਿਊਨਿਸਟਾਂ ਨੂੰ ਮੇਰੀ ਪੀਉਪਲ ਵਾਰ ਦੀ ਤਸ਼ਰੀਹ ਪਸੰਦ ਨਹੀਂ ਸੀ। ਉਨ੍ਹਾਂ ਮੇਰੀਆਂ ਤਕਰੀਰਾਂ 'ਤੇ ਸਖ਼ਤ ਨੁਕਤਾਚੀਨੀ ਕੀਤੀ, ਸਗੋਂ ਜੋਸ਼ ਜੀ ਵੱਲੋਂ ਵਾਰਨਿੰਗ ਦਿੱਤੀ ਗਈ ਕਿ ਹਕੂਮਤ ਉਸ ਦੀਆਂ ਤਕਰੀਰਾਂ

From F.C.Bourne, Esquire, CSI., CIE., ICS.,
Chief Secretary to Government, Punjab.

To **Master Kabul Singh Security Prisoner,**
c/o the Superintendent,
**District** Jail,
**Jhang.**

No. 3598 ASB dated Lahore, the 15/11 1944.

**Memorandum.**

Government have considered your representation and have decided not to cancel the order under which you are detained. The order will, therefore, remain in force until the 29th November, 1944 unless sooner revoked or unless Government decide to extend it under section 9 of Ordinance III of 1944.

A copy of the detention order is enclosed.

for Chief Secretary to Government, Punjab.
SM.

ਥੱਲੇ ਤੇ ਉੱਪਰ ਦੇ ਸਰਕਾਰੀ ਨੋਟਿਸਾਂ ਤੋਂ ਜ਼ਾਹਰ ਹੈ ਕਿ ਹਕੂਮਤ
ਮਾਸਟਰ ਕਾਬਲ ਸਿੰਘ ਤੋਂ ਕਿੰਨੀ ਭੈ-ਭੀਤ ਸੀ

'98 DIGP—1,000—28-1-44—SGPP Lahore.

GOVERNMENT OF THE PUNJAB

No. 3595 S. B.—WHEREAS the Governor of the Punjab is satisfied with respect to **Master Kabul Singh son of Salla Singh of Gobindpur, Police Station Banga, Jullundur District**

that with a view to preventing him from acting in any manner prejudicial to **the public safety and the efficient prosecution of the war**

it is necessary to make an order directing that the said **Master Kabul Singh** be detained.

NOW, THEREFORE, in exercise of the powers conferred by clause (b) of sub-section (1) of section 3 of the Restriction and Detention Ordinance, 1944, the Governor of the Punjab is pleased to direct that the said **Master Kabul Singh** be detained.

By order of the Governor of the Punjab,

Sd/- F.C.Bourne

**Chief** Secretary to Government, Punjab

Attested

for D.I.G./ C.I.D. Punjab.

DATED SIMLA-E

The 30th **May** 1944.

ਬਰਦਾਸ਼ਤ ਨਹੀਂ ਕਰੇਗੀ। ਇਸ ਦੇ ਨਾਲ ਹੀ ਕਿਹਾ ਗਿਆ ਕਿ ਪਾਕਿਸਤਾਨ ਦੇ ਸੁਆਲ ਤੇ ਬਿਲਗੇ ਦੇ ਖਿਆਲ ਪਾਰਟੀ ਨੀਤੀ ਦੇ ਮੁਤਾਬਕ ਨਹੀਂ ਹਨ।"[81] ਦਿਓਲੀ ਕੈਂਪ ਜੇਲ੍ਹ ਵਿਚ ਬਣੀ ਏਕਤਾ ਸਦੀਵੀਂ ਏਕਤਾ ਦੇ ਰੂਪ ਵਿਚ ਨਹੀਂ ਸੀ। ਇਸ ਦਾ ਪ੍ਰਗਟਾਵਾ ਸੰਤਾਲੀ ਤੋਂ ਬਾਅਦ ਬਣੀ ਲਾਲ ਪਾਰਟੀ ਤੋਂ ਜ਼ਾਹਿਰ ਹੁੰਦਾ ਹੈ। ਪੀਪਲਜ਼ ਵਾਰ ਦੇ ਮੁੱਦੇ ਤੇ ਸਰਕਾਰ ਨੇ ਕਮਿਊਨਿਸਟਾਂ ਦੀਆਂ ਰਿਹਾਈਆਂ ਕੀਤੀਆਂ ਤਾਂ 184 ਕਾਮਰੇਡ ਬਾਹਰ ਆ ਗਏ ਅਤੇ 46 ਜੇਲ੍ਹ ਅੰਦਰ ਹੀ ਰਹੇ ਜਿਹੜੇ ਇਸ ਤੋਂ ਇਨਕਾਰੀ ਸਨ।

## ਗੁਜਰਾਤ ਜੇਲ੍ਹ ਤੋਂ ਰਿਹਾਈ

ਮਾਸਟਰ ਕਾਬਲ ਸਿੰਘ ਤੇ ਬਾਬਾ ਹਰਜਾਪ ਸਿੰਘ ਨੇ ਪੀਉਪਲ ਵਾਰ ਬਾਰੇ ਕਮਿਊਨਿਸਟ ਪਾਰਟੀ ਨੂੰ ਲਿਖ ਕੇ ਕੁਝ ਨਹੀਂ ਸੀ ਦਿੱਤਾ। ਇਸ ਲਈ ਇਸ ਗਰੁੱਪ ਦੀ ਰਿਹਾਈ ਨਾ ਹੋਈ। ਦਿਓਲੀ ਕੈਂਪ ਜੇਲ੍ਹ ਸਮੇਂ ਮਾਸਟਰ ਕਾਬਲ ਸਿੰਘ ਐਮ.ਐਲ.ਏ., ਬਾਬਾ ਹਰਜਾਪ ਸਿੰਘ, ਬਾਬਾ ਹਰੀ ਸਿੰਘ ਸੂੰਢ ਕਾਂਗਰਸ ਸੋਸਲਿਸਟ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਗੁਜਰਾਤ ਜੇਲ੍ਹ ਵਿਚ ਭੁੱਖ ਹੜਤਾਲ ਕੀਤੀ ਹੋਈ ਸੀ। ਸ. ਬਲਵੰਤ ਸਿੰਘ ਦੁਖੀਆਂ, ਸ. ਮੁਨਸ਼ਾ ਸਿੰਘ ਜੌਹਲ* ਬੱਬਰ ਅਕਾਲੀ ਤੇ ਮੌਲਾਣਾ ਅਬਦਲ ਗਨੀ ਡਾਰ ਦਾ ਭਰਾ ਬੀਮਾਰ ਹੋ ਕੇ ਜੇਲ੍ਹ ਵਿਚ ਹੀ ਅਕਾਲ ਚਲਾਣਾ ਕਰ ਗਏ ਸਨ। ਗੁਜਰਾਤ ਜੇਲ੍ਹ ਵਿਚ 2 ਜੁਲਾਈ 1942 ਨੂੰ ਭਾਈ ਬਲਵੰਤ ਸਿੰਘ ਦੁਖੀਆ ਦੀ ਮੌਤ 'ਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਨੇ ਭਾਈ ਬਲਵੰਤ ਸਿੰਘ ਦੇ ਸਨੇਹੀ ਸ. ਤਾਰਾ ਸਿੰਘ ਨੂੰ ਖ਼ਤ ਰਾਹੀਂ ਸੂਚਿਤ ਕਰਦਿਆਂ ਆਪਣੇ ਜਜ਼ਬਾਤਾਂ ਨੂੰ ਇਉਂ ਪੇਸ਼ ਕੀਤਾ:

**(ਖਤ ਦੀ ਕਾਪੀ)**

ਪ੍ਰਮ ਪਿਆਰੇ ਭਰਾਤਾ ਤਾਰਾ ਸਿੰਘ ਜੀ**, ਮਿਤੀ: 15-7-42

ਪ੍ਰੇਮ ਫਤਹਿ।

ਇਹ ਸਤਰਾਂ ਲਿਖੀਆਂ ਜਾਣ ਵੇਲੇ ਆਪ ਉਨ੍ਹਾਂ ਪਰਮ ਸਨੇਹੀ, ਆਪਾ ਵਾਰੂ, ਦੇਸ਼ ਆਜ਼ਾਦੀ ਦੀ ਸਮਾਂ ਦੇ ਪ੍ਰਵਾਨੇ, ਬਹਾਦਰ ਜਰਨੈਲ ਦੀ ਹਿਰਦੇ ਵੇਦਕ ਸ਼ਹੀਦੀ ਦੀ ਖ਼ਬਰ ਸੁਣ ਚੁੱਕੇ ਹੋਵੋਗੇ। ਮੈਂ ਆਪਣਾ ਤੇ ਹੋਰ ਮਿੱਤਰਾਂ ਸੱਜਣਾ ਦਾ ਦੇਣਹਾਰ ਹਾਂ ਕਿ ਦੁਖੀਆਂ ਜੀ ਦੀ ਜ਼ਿਦ ਅੱਗੇ ਝੁਕ ਕੇ ਤੁਸਾਂ ਨੂੰ ਸਮੇਂ ਸਿਰ ਖ਼ਬਰ ਦੇਣੋ ਅਸਮਰਥ ਰਿਹਾ। ਗੱਲ ਸਾਫ਼ ਹੈ ਕਿ 26 ਜੂਨ ਨੂੰ ਜਦੋਂ ਉਹਨਾਂ ਨੂੰ ਬਾਹਰਲੇ ਹਸਪਤਾਲ ਲੈ ਗਏ ਤਾਂ ਮੈਂ 'ਮਝੈਲ' ਜੀ ਨੂੰ ਤਾਰ ਦੇ ਦਿੱਤੀ ਸੀ। ਤੁਹਾਡੀ ਤੇ ਸ਼ਿਵਚਰਨ ਸਿੰਘ ਦੀ ਤਾਰ ਦੁਖੀਆ ਜੀ ਨੇ ਇਹ ਕਹਿ ਕੇ ਰੋਕ ਦਿੱਤੀ ਕਿ ਗਿਆਨੀ ਜੀ ਬੀਮਾਰ ਹਨ ਸਫ਼ਰ 'ਚ ਔਖੇ ਹੋਸਨ ਅਤੇ ਸ਼ਿਵਸਰਨ ਸਿੰਘ ਜੀ ਦੇ ਆਉਣ ਦਾ ਫਾਇਦਾ ਨਹੀਂ ਕਿਉਂਕਿ ਉਨ੍ਹਾਂ ਦੀ ਮੁਲਾਕਾਤ ਨਹੀਂ ਹੋ ਸਕਣੀ। ਮੈਂ ਕਹਿਣਾ ਮੰਨ ਕੇ ਰੁਕ ਗਿਆ। ਹਾਂ! ਚਿੱਠੀ ਸ. ਸ਼ਿਵਸਰਨ ਸਿੰਘ ਜੀ ਨੂੰ ਲਿਖਵਾ ਦਿੱਤੀ ਸੀ।

ਸਾਨੂੰ ਦੱਸਿਆ ਜਾਂਦਾ ਰਿਹਾ ਕਿ ਹਾਲਤ ਬੇਹਤਰ ਹੋ ਰਹੀ ਹੈ। ਸਾਨੂੰ ਥੋੜ੍ਹੇ ਕਦਮਾਂ ਦੀ ਵਿੱਥ ਪੁਰ ਹੁੰਦਿਆਂ ਹੋਇਆਂ ਵੀ ਉਨ੍ਹਾਂ ਦੀ ਸੇਵਾ ਤੋਂ ਵਾਂਝੇ ਰੱਖਿਆ ਗਿਆ। ਅਸੀਂ ਭੁਲੇਖੇ 'ਚ ਮਾਰੇ ਗਏ। ਕਲ ਤੁਹਾਡੀ ਮੁਲਾਕਾਤ ਦੇ ਘੰਟੇ ਡੇਢ ਘੰਟੇ ਪਿੱਛੋਂ ਉਹ ਸਾਨੂੰ ਸਦਾ ਲਈ ਜੁਦਾਈ ਦੇ ਗਏ ਤੇ ਸਾਰੀ ਬੇਵਸੀ ਤੇ ਲਾਚਾਰੀ ਪੁਰ ਆਪਣੀ ਬਹਾਦਰੀ ਦੀ ਮੋਹਰ ਲਾ ਗਏ।

ਸਾਡੀ ਗੁਲਾਮੀ ਤੇ ਬੇਵਸੀ ਦਾ ਏਦੂੰ ਵਧ ਮੁਜ਼ਾਹਰਾ ਕੀ ਹੋ ਸਕਦਾ ਏ ਕਿ ਸਕੰਦਰ ਤੇ ਉਸਦੇ ਸਾਥੀ ਜਿਸ ਸ਼ੇਰ ਨੂੰ ਨਾਜ਼ੁਕ ਸਮੇਂ ਵੀ ਆਪਣੀ ਨਿਗਰਾਨੀ ਤੋਂ ਪਰ੍ਹੇ ਨਹੀਂ ਸਨ ਕਰਨਾ ਚਾਹੁੰਦੇ, ਸਾਂਭ-ਸਾਂਭ ਤੇ ਲਕੋ ਲਕੋ ਕੇ ਰੱਖਦੇ ਸਨ, ਉਸਦੀ ਮਿੱਟੀ ਉਸਦੇ ਜਨਮ ਪਿਤਾ ਦੇ ਚਰਨਾਂ 'ਚ ਅਪੜਾਨ ਲਈ ਖਰਚ ਕਰਨੋਂ ਨਾਂਹ ਕਰਕੇ ਆਪਣਾ ਆਪ ਨੰਗਾ ਕਰ ਵਿਖਾਇਆ ਹੈ।

ਖ਼ੈਰ! ਲਾਸ਼ ਅੰਮ੍ਰਿਤਸਰ ਗੱਡੀ 'ਚ ਪੁਚਾ ਦਿੱਤੀ ਗਈ ਹੈ। ਅੰਮ੍ਰਿਤਸਰ-ਲਾਹੌਰ ਤੇ ਹੁਸ਼ਿਆਰਪੁਰ ਤਾਰਾਂ ਘੱਲ ਦਿੱਤੀਆਂ ਗਈਆਂ ਹਨ। ਉਹ ਹੁਸ਼ਿਆਰਪੁਰ ਅਪੜਾ ਦੇਣਗੇ।

ਉਸ ਦੇ ਕੱਪੜੇ ਆਦਿ ਨਾਲ ਘੱਲ ਦਿੱਤੇ ਹਨ। ਉਸਦੀ ਘੜੀ ਤੇ ਕਲਮ ਭਰਾਵਾ ਪਰਸੋਂ ਘੱਲ ਦਿਆਂਗਾ ਤਾਂ ਕਿ ਉਸਦੀ ਯਾਦ ਤੁਹਾਡੇ ਕੋਲ ਕਾਇਮ ਰਹੇ। ਅਸੀਂ ਜਾਣ ਬੁਝ ਕੇ ਉਸ ਦੇ ਚਾਚਾ ਨੂੰ ਨਹੀਂ ਦਿੱਤੀ। ਮੈਨੂੰ ਪਤਾ ਹੈ ਕਿ ਤੁਹਾਡੇ ਲਈ ਏਹ ਅਕਹਿ ਤੇ ਅਸਹਿ ਸਦਮਾ ਹੈ। ਪਰ ਸੋਗ! ਉਸ ਯੋਧੇ ਦੀ ਸ਼ਾਨ ਨੂੰ ਬਰਕਰਾਰ ਰਖਿਓ। ਉਹ ਸਿਰ ਨਾਲ ਨਿਬਾਹ ਗਿਆ। ਪੂਰੇ 20 ਸਾਲ ਲੜਦਿਆਂ-ਲੜਦਿਆਂ ਮੈਦਾਨੇ-ਜੰਗ 'ਚ ਸ਼ਹੀਦ ਹੋਇਆ। ਆਖੀਰੀ ਸਮੇਂ ਤੀਕ ਨਰਮ ਨਹੀਂ ਹੋਇਆ। ਮੁਲਖ ਤੇ ਕੌਮ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਾ ਗਿਆ। ਪਰ ਆਪਣੀ ਉਤਸ਼ਾਹ ਭਰੀ ਦਿਲ ਬਨਾਊ ਯਾਦ ਛੱਡ ਗਿਆ। ਆਪਣੀ ਮਾਤਾ ਜੀ, ਸੰਤ ਜੀ, ਪੰਡਤ ਅਮਰ ਚੰਦ ਜੀ, ਭਾਈ ਹਰੀ ਸਿੰਘ ਅਤੇ ਹੋਰ ਸੱਜਣਾਂ-ਮਿੱਤਰਾਂ ਨੂੰ ਮੇਰੇ ਦਿਲ ਦੀਆਂ ਤੇ ਮੇਰੇ ਸਾਥੀਆਂ ਦੇ ਦਿਲ ਦੀਆਂ ਡੂੰਘਾਈਆਂ ਤੋਂ ਤੜਫ਼ੀ ਯਾਦ ਪੁਚਾ ਦੇਣੀ।

ਇਹ ਸਦਰ ਰਹਿ ਗਈ ਕਿ ਉਸ ਸੂਰੇ ਜਰਨੈਲ ਨਾਲ ਆਖਰੀ ਸਮੇਂ ਰੱਜ ਗੱਲਾਂ ਨਹੀਂ ਕੀਤੀਆਂ। ਉਸਦੀਆਂ ਉਮੰਗਾਂ ਤੇ ਸੱਧਰਾਂ ਨਹੀਂ ਪੁੱਛੀਆਂ। ਉਸ ਦੀਆਂ ਦਿਲ ਤੜਪਣੀਆਂ ਨਹੀਂ ਤੱਕੀਆਂ। ਏਸ ਨਾਜ਼ੁਕ ਸਮੇਂ ਜਦ ਆਪਣੇ ਪਰਾਏ ਹੋ ਰਹੇ ਹਨ। ਸਰਦਲਾਂ 'ਤੇ ਨੱਕ ਰਗੜ ਕੇ ਰਿਹਾਈਆਂ ਹਾਸਲ ਕਰ ਰਹੇ ਹਨ, ਏਹੋ ਜਿਹੇ ਯੋਧਿਆਂ ਦੀ ਕੌਮ ਨੂੰ ਡਾਢੀ ਲੋੜ ਸੀ। ਪਰ...

ਅੱਛਾ ਚਿੰਤਾ ਕੀ? ਮਰਨਾ ਸੂਰਿਆਂ ਹਕ ਹੈ ਜੋ ਹੋਏ ਮਰਨ ਪਰਵਾਨੋ
ਮਾਤਾ ਜੀ ਨੂੰ ਸਤਿ ਸ੍ਰੀ ਅਕਾਲ, ਮਿੱਤਰਾਂ ਸੱਜਣਾ ਨੂੰ ਫਤਿਹ।

ਆਪ ਦਾ

**ਕਾਬਲ ਸਿੰਘ ਗੋਬਿੰਦਪੁਰੀ**

1945 ਦੇ ਅੰਤ ਤੱਕ ਮਾਸਟਰ ਕਾਬਲ ਸਿੰਘ ਸਮੇਤ ਸਾਰਿਆਂ ਨੂੰ ਰਿਹਾ ਕਰ ਦਿੱਤਾ ਗਿਆ। ਛੇਤੀ ਹੀ ਮਾਸਟਰ ਜੀ ਨੂੰ ਰਿਹਾ ਕਰਨ ਪਿੱਛੋਂ ਫੇਰ ਗ੍ਰਿਫ਼ਤਾਰ ਕਰਕੇ ਧਰਮਸ਼ਾਲਾ ਦੀ ਜੇਲ੍ਹ ਵਿਚ ਬੰਦ ਕੀਤਾ ਗਿਆ। ਆਖਿਰ ਸਤੰਬਰ 1945 ਵਿਚ ਰਿਹਾ ਕੀਤੇ ਗਏ।

ਉਨ੍ਹੀਂ ਦਿਨੀਂ ਐਮ.ਐਲ.ਏ. ਨੂੰ ਤਨਖਾਹ ਨਹੀਂ ਸੀ ਮਿਲਦੀ। ਕੇਵਲ ਸੈਸਨ ਦੇ ਸਮੇਂ ਬਾਈ ਰੁਪਏ ਰੋਜ਼ਾਨਾ ਭੱਤਾ ਮਿਲਦਾ ਸੀ। ਮਾਸਟਰ ਕਾਬਲ ਸਿੰਘ ਤੇ ਬਾਬਾ ਹਰਜਾਪ ਸਿੰਘ ਆਦਿ ਐਮ.ਐਲ.ਏ. ਦੇ ਜੇਲ੍ਹ ਵਿਚ ਹੁੰਦਿਆਂ ਮੁੱਖ ਮੰਤਰੀ ਸਰ ਸਕੰਦਰ ਹਯਾਤ ਖਾਂ ਨੇ ਇਕ ਬਿੱਲ ਪਾਸ ਕਰਵਾ ਲਿਆ ਸੀ ਕਿ ਅਸੰਬਲੀ ਮੈਂਬਰ ਨੂੰ ਮਾਸਿਕ ਤਨਖਾਹ ਮਿਲਿਆ ਕਰੇਗੀ। ਪਰ ਗ੍ਰਿਫ਼ਤਾਰ ਨੂੰ ਨਹੀਂ ਮਿਲੇਗੀ। ਜਦੋਂ ਮਾਸਟਰ ਕਾਬਲ ਸਿੰਘ ਤੇ ਬਾਬਾ ਹਰਜਾਪ ਸਿੰਘ ਰਿਹਾ ਹੋ ਗਏ ਤਾਂ ਇਨ੍ਹਾਂ ਨੂੰ ਦਸ ਦਿਨ ਦੀ ਤਨਖਾਹ 70 ਰੁਪਏ ਮਿਲੇ ਸਨ ਤੇ ਪਿੱਛੋਂ 1946 ਵਿਚ ਪੰਜਾਬ ਅਸੰਬਲੀ ਟੁੱਟ ਗਈ ਸੀ।

## 1946 ਦੀਆਂ ਅਸਬੰਲੀ ਚੋਣਾਂ

ਫਰਵਰੀ 1946 ਦੀਆਂ ਚੋਣਾਂ ਆ ਗਈਆਂ। ਬਾਬਾ ਹਰੀ ਸਿੰਘ ਸੂੰਢ ਦੁਆਬਾ ਦੇ ਬਹੁਤ ਸਤਿਕਾਰਤ ਦੇਸ਼ ਭਗਤ ਸਨ। ਸਰਕਾਰ ਨੇ ਉਨ੍ਹਾਂ ਨੂੰ ਆਮ ਰਿਹਾਈਆਂ ਸਮੇਂ ਨਹੀਂ ਸੀ ਛੱਡਿਆ। ਜੇਲ੍ਹ ਵਿਚ ਹੀ ਸਨ। ਮਾਸਟਰ ਕਾਬਲ ਸਿੰਘ ਨੂੰ ਦੁਬਾਰਾ ਕਾਂਗਰਸ ਪਾਰਟੀ ਵੱਲੋਂ ਟਿਕਟ ਦੇ ਦਿੱਤਾ ਗਿਆ। ਭਾਵੇਂ ਮਾਸਟਰ ਜੀ ਦੀ ਆਪਣੀ ਸ਼ਖ਼ਸੀਅਤ ਵੀ ਘੱਟ ਨਹੀਂ ਸੀ ਪਰ ਉਹ ਵੋਟਰਾਂ ਕੋਲ ਜਾ ਕੇ ਆਪਣੀਆਂ ਵੋਟਾਂ ਨੂੰ ਪੱਕਾ ਕਰਨ ਲਈ ਬਾਬਾ ਹਰੀ ਸਿੰਘ ਸੂੰਢ ਦਾ ਜ਼ਿਕਰ ਜ਼ਰੂਰ ਕਰਦੇ। ਪਿੰਡਾਂ ਦੇ ਜਲਸਿਆਂ ਵਿਚ ਉਹ ਆਖਦੇ, "ਇਸ ਸੀਟ ਦੇ ਹੱਕਦਾਰ ਤਾਂ ਬਾਬਾ ਹਰੀ ਸਿੰਘ ਸੂੰਢ ਹਨ ਕਿਉਂਕਿ ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ ਰਿਹਾ ਨਹੀਂ ਕੀਤਾ, ਇਸ ਲਈ ਮੈਂ ਉਨ੍ਹਾਂ ਦੀ ਥਾਂ ਇਹ ਚੋਣ ਲੜ ਰਿਹਾ ਹਾਂ, ਜੇ ਬਾਬਾ ਜੀ ਅੱਜ ਹੀ ਰਿਹਾ ਹੋ ਕੇ ਆ ਜਾਣ ਤਾਂ ਮੈਂ ਆਪਣਾ ਨਾਉਂ ਵਾਪਸ ਲੈ ਕਿ ਉਨ੍ਹਾਂ ਲਈ ਸੀਟ ਖਾਲੀ ਛੱਡ ਦਿਆਂਗਾ।"[82] ਅਜਿਹਾ ਆਖ ਕੇ ਲੋਕਾਂ 'ਚ ਉਹ ਆਪਣੇ ਅਕਸ ਨੂੰ ਹੋਰ ਮਜਬੂਤ ਕਰ ਜਾਂਦੇ।

ਇਸ ਚੋਣ ਵਿਚ ਉਨ੍ਹਾਂ ਦਾ ਮੁਕਾਬਲਾ ਗ਼ਦਰੀ ਦੇਸ਼ ਭਗਤ ਬਾਬਾ ਕਰਮ ਸਿੰਘ ਚੀਮਾ ਨਾਲ ਸੀ। 1936-37 ਦੀਆਂ ਚੋਣਾਂ ਸਮੇਂ ਬਾਬਾ ਕਰਮ ਸਿੰਘ ਚੀਮਾ ਮਾਸਟਰ ਕਾਬਲ ਸਿੰਘ ਦੀ ਚੋਣ ਮੁਹਿੰਮ ਦੇ ਕਰਤਾ-ਧਰਤਾ ਸਨ। ਦੂਜੇ ਮਹਾਂਯੁੱਧ ਮੌਕੇ "ਪੀਪਲਜ਼ ਵਾਰ" ਅਤੇ ਕੌਮਨਿਸਟਾਂ ਦੇ ਬਦਲੇ ਸਮੀਕਰਨ ਦੇ ਕਾਰਨ ਹੁਣ ਉਹ ਦੋਨੋਂ ਇਕ ਦੂਜੇ

ਦੇ ਮੁਕਾਬਲੇ ਵਿਚ ਖੜ੍ਹੇ ਸਨ। ਪਰ ਹਾਲਾਤ ਹੁਣ ਕਮਿਊਨਿਸਟਾਂ ਦੀਆਂ ਨੀਤੀਆਂ ਦੇ ਵਿਪਰੀਤ ਸਨ। ਮਾਸਟਰ ਜੀ ਇਹ ਚੋਣ ਜਿੱਤ ਗਏ। ਇਹ ਸਮਾਂ ਰਾਜਨੀਤਕ ਅਸਥਿਰਤਾ ਵਾਲਾ ਤੇ ਰਹੱਸ ਭਰਿਆ ਸੀ। ਦੇਸ਼ ਦੇ ਸਿਆਸੀ ਹਾਲਾਤਾਂ ਨੂੰ ਵਿਸਥਾਰ ਨਾਲ ਸਮਝਣ ਲਈ ਕਾਮਰੇਡ ਗੰਧਰਵ ਸੈਨ ਕੋਛੜ ਦੀ ਲਿਖਤ ਦਾ ਹਵਾਲਾ ਬੜਾ ਢੁੱਕਣਾ ਹੈ। ਉਹ ਲਿਖਦੇ ਹਨ:

> ਫਰਵਰੀ 1946 ਵਿੱਚ ਪੰਜਾਬ ਅਸੈਂਬਲੀ ਦੇ ਮੈਂਬਰਾਂ ਦੀ ਚੋਣ ਆ ਗਈ। ਜ਼ਿਲ੍ਹਾ ਜਲੰਧਰ ਵਿੱਚ ਦੋ ਜਨਰਲ ਸੀਟਾਂ ਸਨ ਅਤੇ ਦੋ ਮੁਸਲਿਮ ਸੀਟਾਂ ਸਨ। ਮੁਸਲਿਮ ਸੀਟਾਂ ਉੱਤੇ ਸਿਰਫ਼ ਮੁਸਲਮਾਨ ਹੀ ਵੋਟ ਪਾ ਸਕਦੇ ਸਨ, ਪਰ ਜਨਰਲ ਸੀਟ ਉੱਤੇ ਹਿੰਦੂ-ਸਿੱਖ, ਇਸਾਈ ਅਤੇ ਗੈਰ ਮੁਸਲਿਮ ਬਾਕੀ ਜਾਤੀਆਂ ਵੋਟ ਪਾ ਸਕਦੀਆਂ ਸਨ। ਜ਼ਿਲ੍ਹਾ ਜਲੰਧਰ ਪਾਰਟੀ ਕਮੇਟੀ ਨੇ ਫਿਲੌਰ ਨਵਾਂਸ਼ਹਿਰ ਜਨਰਲ ਸੀਟ ਉੱਤੇ ਬਾਬਾ ਕ਼ਰਮ ਸਿੰਘ ਚੀਮਾ ਨੂੰ ਪਾਰਟੀ ਉਮੀਦਵਾਰ ਖੜ੍ਹਾ ਕੀਤਾ। ਮੁਕਾਬਲੇ ਵਿੱਚੋ ਕਾਂਗਰਸੀ ਉਮੀਦਵਾਰ ਮਾਸਟਰ ਕਾਬੁਲ ਸਿੰਘ ਸੀ। ਜਲੰਧਰ-ਨਕੋਦਰ ਜਨਰਲ ਸੀਟ ਉੱਤੇ ਬੱਬਰ ਹਜ਼ਾਰਾ ਸਿੰਘ ਨੂੰ ਪਾਰਟੀ ਉਮੀਦਵਾਰ ਖੜਾ ਕੀਤਾ। ਮੁਕਾਬਲੇ ਵਿੱਚ ਸਰਦਾਰ ਸਵਰਨ ਸਿੰਘ ਸ਼ੰਕਰ ਸੀ। ਜ਼ਿਲ੍ਹਾ ਪਾਰਟੀ ਕਮੇਟੀ ਵੱਲੋਂ ਇਸ ਸੰਬੰਧ ਵਿੱਚ ਪਾਰਟੀ ਉਮੀਦਵਾਰਾਂ ਨੂੰ ਵੋਟ ਪਾਉਣ ਲਈ ਬਹੁਤ ਪ੍ਰਚਾਰ ਕੀਤਾ ਗਿਆ। ਪ੍ਰਚਾਰ ਕਰਨ ਲਈ ਟਰਾਂਸਪੋਰਟ (CONVEY-ANCE) ਦਾ ਵੀ ਪ੍ਰਬੰਧ ਕੀਤਾ ਗਿਆ। ਜ਼ਿਲ੍ਹਾ ਪਾਰਟੀ ਕਮੇਟੀ ਵੱਲੋਂ ਇਸ ਸਾਰੀ ਇਲੈਕਸ਼ਨ ਦੇ ਪ੍ਰਬੰਧ ਉੱਤੇ ਲਗਭਗ 40,000/-ਰੁ: ਖਰਚ ਆਇਆ ਸੀ। ਜੋ ਕਿ ਪਾਰਟੀ ਨਜ਼ਰੀਏ ਤੋਂ ਜ਼ਿਆਦਾ ਸਮਝਿਆ ਗਿਆ।
>
> ਭਾਵੇਂ ਜ਼ਿਲ੍ਹਾ ਪਾਰਟੀ ਕਮੇਟੀ ਨੇ ਇਹ ਸਾਰਾ ਖਰਚ 40 ਹਜ਼ਾਰ ਦੇ ਲਗਭਗ ਇਕੱਠਾ ਕਰ ਲਿਆ ਸੀ। ਮੇਰੀ ਡਿਊਟੀ ਜ਼ਿਲ੍ਹਾ ਪਾਰਟੀ ਆਫਿਸ ਵਿੱਚ ਸੀ। ਦੋਹਾਂ ਅਸੈਂਬਲੀ ਸੀਟਾਂ ਉੱਤੇ ਸਾਰੇ ਪ੍ਰਬੰਧ ਨੂੰ ਦੇਖਣ ਅਤੇ ਸਾਰੇ ਕੰਮ ਦਾ ਤਾਲਮੇਲ ਰੱਖਣ ਦੀ ਸੀ। ਕਈ ਵਾਰ ਮੈਂ ਦੂਸਰੇ ਸਾਥੀਆਂ ਨਾਲ ਪ੍ਰਚਾਰ ਕਰਨ ਲਈ ਕਈ ਪਿੰਡਾਂ ਵਿੱਚ ਵੀ ਗਿਆ। ਆਮ ਲੋਕਾਂ ਨੂੰ ਪਾਰਟੀ ਦੀ ਸਿਆਸੀ ਲਾਇਨ ਉੱਤੇ ਅਸੀਂ ਕਨਵਿੰਸ ਨਹੀਂ ਸਾਂ ਕਰ ਸਕੇ। ਸਾਨੂੰ ਕੇਵਲ ਉਹੀ ਵੋਟਾਂ ਮਿਲੀਆਂ ਜਿਨ੍ਹਾਂ ਕਿਸਾਨਾਂ ਨੂੰ ਨਾਲ ਲੈ ਕੇ ਅਸੀਂ ਕਿਸਾਨੀ ਮੰਗਾਂ ਦੇ ਘੋਲ ਲੜੇ ਸਨ। ਲੋਕ ਸਾਡੀ ਪੋਲਿਟੀਕਲ ਲਾਇਨ ਨੂੰ ਸਪੱਸ਼ਟ ਤੌਰ ਉੱਤੇ ਗਲਤ ਕਹਿੰਦੇ ਸਨ। ਇਕ ਵਾਰ ਮੈਂ ਕਾਮਰੇਡ ਬੂਝਾ ਸਿੰਘ ਨਾਲ 'ਚੱਕ ਦੇਸ ਰਾਜ' ਗਿਆ (ਜੋ ਚੱਕ ਮਾਈ ਦਾਸ ਦੇ ਨੇੜੇ ਹੈ)। ਉੱਥੇ ਤਖ਼ਤ ਪੋਸ਼ਾਂ ਉੱਤੇ ਪਿੰਡ ਦੇ ਬਜ਼ੁਰਗ ਕਿਸਾਨ ਚੌਧਰੀ ਬੈਠੇ ਹੋਏ ਸਨ। ਅਸੀਂ ਉਨ੍ਹਾਂ ਨੂੰ ਬਾਬਾ ਕਰਮ ਸਿੰਘ ਚੀਮਾ ਨੂੰ ਵੋਟ ਪਾਉਣ ਦੀ ਦਰਖ਼ਾਸਤ

ਕੀਤੀ। ਉਹਨਾਂ ਨੇ ਸਾਨੂੰ ਬੜੇ ਠਰੰਮੇ ਨਾਲ ਆਖਿਆ ਕਿ "ਬੂਝਾ ਸਿੰਘ! ਤੁਸੀਂ ਬੰਦੇ ਬੜੇ ਚੰਗੇ ਹੋ! ਅਸੀਂ ਤੁਹਾਨੂੰ ਵੋਟਾਂ ਤਾਂ ਪਾ ਹੀ ਦੇਣੀਆਂ ਨੇ। ਪਰ ਅਸੀਂ ਉਸ ਪਾਕਿਸਤਾਨ ਵਿੱਚ ਨਹੀਂ ਵੱਸਣਾ ਜਿਸਦੀ ਹਮਾਇਤ ਤੁਸੀਂ ਕਰ ਰਹੇ ਹੋ।" ਅਸੀਂ ਦੇਖਿਆ ਕਿ ਆਮ ਲੋਕ ਰਾਜਨੀਤਿਕ ਸੂਝ ਰੱਖਦੇ ਸਨ। ਲੋਕਾਂ ਦੀ ਸੂਝ ਦਾ ਪ੍ਰਗਟਾਵਾ ਅਸੀਂ ਕਈ ਪਿੰਡਾਂ ਵਿੱਚ ਇਲੈਕਸ਼ਨ ਦਾ ਪ੍ਰਚਾਰ ਕਰਦੇ ਹੋਏ ਦੇਖਿਆ।

ਫਿਲੌਰ ਤੇ ਨਵਾਂਸ਼ਹਿਰ ਦੀ ਸੀਟ ਉੱਤੇ ਪਾਰਟੀ ਮੈਂਬਰਾਂ ਦਾ ਵੱਡਾ ਹਿੱਸਾ ਪੁਰਾਣੇ ਕਿਰਤੀਆਂ ਦਾ ਸੀ। ਇਸ ਇਲਾਕੇ ਦੇ ਕਿਸਾਨਾਂ ਨੇ ਕਿਸਾਨੀ-ਘੋਲ ਤੇ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਜ਼ਿਆਦਾ ਯੋਗਦਾਨ ਪਾਇਆ ਸੀ। ਇਸ ਲਈ ਬਾਬੇ ਕਰਮ ਸਿੰਘ ਚੀਮਾ ਨੂੰ ਉਨ੍ਹਾਂ ਹੀ ਪਿੰਡਾਂ ਦੀਆਂ ਵੋਟਾਂ ਮਿਲੀਆਂ ਜਿਨ੍ਹਾਂ ਕਿਸਾਨਾਂ ਨੇ ਕਿਸਾਨ ਸਭਾ ਦੇ ਝੰਡੇ ਹੇਠ ਕਿਸਾਨੀ ਘੋਲਾਂ ਵਿੱਚ ਹਿੱਸਾ ਲਿਆ ਸੀ। ਫਿਰ ਵੀ ਇਹ ਸੀਟ ਕਾਂਗਰਸ ਦੇ ਉਮੀਦਵਾਰ ਕਾਬਲ ਸਿੰਘ ਤੋਂ ਅਸੀਂ ਹਾਰ ਗਏ। ਇਕ ਛੋਟੀ ਜਿਹੀ ਮਿਸਾਲ ਵੋਟਰ ਦੇ ਮਿਜਾਜ਼ ਦੀ ਇਹ ਸੀ ਕਿ ਰਾਹੋਂ ਦੇ ਨੇੜੇ ਬੇਟ ਵਿੱਚ ਵਜ਼ੀਦਪੁਰ ਪਿੰਡ ਦੇ ਪੋਲਿੰਗ ਉੱਤੇ ਖੜੇ ਸੀ ਮੈਂ ਤੇ ਬਾਬਾ ਕਰਮ ਸਿੰਘ ਚੀਮਾ। ਬਹੁਤੇ ਵੋਟਰ ਬਾਬੇ ਕਰਮ ਸਿੰਘ ਚੀਮੇ ਦੇ ਦਰਸ਼ਨ ਕਰਨ ਆਉਂਦੇ ਉਨ੍ਹਾਂ ਦੇ ਗੋਡਿਆਂ ਨੂੰ ਹੱਥ ਲਾਉਂਦੇ, ਸਤਿ ਸ੍ਰੀ ਅਕਾਲ ਕਹਿੰਦੇ ਪਰ ਬੂਥ ਉੱਤੇ ਜਾ ਕੇ ਵੋਟ ਮਾਸਟਰ ਕਾਬਲ ਸਿੰਘ ਨੂੰ ਹੀ ਪਾ ਆਉਂਦੇ। ਜਦ ਇਸ ਸੀਟ ਦੀਆ ਵੋਟਾਂ ਦੀ ਗਿਣਤੀ ਹੋਈ ਤਾਂ ਵਜ਼ੀਦਪੁਰ ਪੋਲਿੰਗ ਬੂਥ ਦੇ ਡੱਬੇ ਵਿਚੋਂ ਬਾਬੇ ਕਰਮ ਸਿੰਘ ਸਿੰਘ ਚੀਮੇ ਦੀਆਂ ਕੇਵਲ ਤੇਰਾਂ ਹੀ ਵੋਟਾਂ ਨਿਕਲੀਆਂ।

ਜਲੰਧਰ-ਨਕੋਦਰ ਸੀਟ ਉੱਤੇ ਵੀ ਬਹੁਤ ਘੱਟ ਵੋਟਾਂ ਪਈਆਂ, ਭਾਵੇਂ ਇਸ ਸੀਟ ਦੇ ਹਰ ਪੋਲਿੰਗ ਬੂਥ ਉੱਤੇ ਵੋਟਾਂ ਪੁਆਉਣ ਲਈ ਪਾਰਟੀ ਵਰਕਰ ਲਾਲ ਝੰਡਾ ਗੱਡ ਕੇ ਸਵੇਰ ਤੋਂ ਸ਼ਾਮ ਤੱਕ ਹਾਜ਼ਰ ਰਹੇ ਸਨ। ਇਸ ਤਰ੍ਹਾਂ ਸੂਬੇ ਦੇ ਸਾਰੇ ਕਮਿਊਨਿਸਟ ਕੈਂਡੀਡੇਟ ਹਾਰ ਗਏ।

ਮਾਰਚ 1946 ਵਿੱਚ ਸਾਡੀ ਜ਼ਿਲ੍ਹਾ ਪਾਰਟੀ ਕਮੇਟੀ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਅਸੈਂਬਲੀ ਇਲੈਕਸ਼ਨ ਵਿੱਚ ਹਾਰ ਦੀ ਪੜਚੋਲ ਕੀਤੀ ਗਈ। ਆਮ ਜਨਤਾ ਨੇ ਪਾਰਟੀ ਦੀ ਪੋਲੀਟੀਕਲ ਲਾਈਨ ਨੂੰ ਮਨਜ਼ੂਰ ਨਹੀਂ ਕੀਤਾ। ਅਸੀਂ ਹੇਠ ਲਿਖੇ ਕਾਰਣ ਦੱਸੇ :-

(ੳ) ਫਾਸ਼ੀ ਤਾਕਤਾਂ ਦੇ ਖਿਲਾਫ਼ ਲੜਾਈ ਨੂੰ ਮੁੱਖ ਸੰਘਰਸ਼ ਬਣਾ ਲਿਆ ਅਤੇ ਦੇਸ਼ ਦੇ ਲਈ ਲੜੀ ਜਾ ਰਹੀ ਆਜ਼ਾਦੀ ਦੀ ਲੜਾਈ (ਸੰਘਰਸ਼) ਨੂੰ ਪਿੱਛੇ ਪਾ ਦਿੱਤਾ। ਅਗਸਤ 1942 ਦੇ ਏ.ਆਈ.ਸੀ. ਸੀ ਦੇ ਬੰਬਈ

ਇਜਲਾਸ ਵਿੱਚ ਕਾਂਗਰਸ ਵੱਲੋਂ ਪਾਸ ਕੀਤੇ ਮਤੇ 'ਭਾਰਤ ਛੋੜੋ' ਮਤੇ ਦੀ ਸੀ.ਪੀ.ਆਈ. ਦੇ ਮੈਂਬਰਾਂ ਨੇ ਮੁਖ਼ਾਲਫ਼ਤ ਕੀਤੀ। ਉਸ ਵੇਲੇ ਮਹਾਤਮਾ ਗਾਂਧੀ ਨੇ ਆਜ਼ਾਦੀ ਲਈ 'ਕਰੋ ਜਾਂ ਮਰੋ' ਲਈ ਲੋਕਾਂ ਨੂੰ ਆਹਵਾਨ ਕੀਤਾ ਸੀ।

(ਅ) ਪਾਕਿਸਤਾਨ ਦੇ ਨਾਅਰੇ ਦੀ ਹਿਮਾਇਤ ਕਰਨਾ, ਇਸ ਦਾ ਮਤਲਬ ਇਹ ਸੀ ਕਿ ਧਰਮ ਅਧਾਰਤ ਕੌਮ ਮੰਨਣਾ ਤੇ ਇਸ ਬਿਨਾਂ ਉੱਤੇ ਉਸ ਦੇ (ਪਾਕਿਸਤਾਨ) ਆਤਮ ਨਿਰਣੇ ਦੀ ਮੰਗ ਨੂੰ ਜਾਇਜ਼ ਸਮਝਣਾ, ਜੋ ਕਿ ਮਾਰਕਸਵਾਦੀ ਸਿਧਾਂਤ ਮੁਤਾਬਕ ਬਿਲਕੁਲ ਗਲਤ ਸੀ।

(ੲ) ਸੁਭਾਸ਼ ਚੰਦਰ ਬੋਸ ਦੁਆਰਾ ਬਣਾਈ ਗਈ (I.N.A.) ਆਈ.ਐਨ.ਏ. ਦੀ ਮੁਖ਼ਾਲਫ਼ਤ ਕਰਨਾ, ਜਿਹੜੀ ਕਿ ਦੇਸ਼ ਦੀ ਆਜ਼ਾਦੀ ਲਈ ਲੜਦੀ ਹੋਈ ਕੁਰਬਾਨੀਆਂ ਕਰ ਰਹੀ ਸੀ।

**(ਅਨੁਭਵ ਤੇ ਅਧਿਐਨ, ਪੰਨਾ 94-95)**

## ਦੇਸ਼ ਦੀ ਵੰਡ ਤੋਂ ਪਿੱਛੋਂ

1947 ਦੀ ਵੰਡ ਨੇ ਉਥਲ-ਪੁਥਲ ਪੈਦਾ ਕਰਕੇ ਫਿਰਕੂ ਫਸਾਦਾਂ ਨੂੰ ਜਨਮ ਦੇ ਕੇ ਮਨੁੱਖਤਾ ਦਾ ਘਾਣ ਸ਼ੁਰੂ ਕੀਤਾ ਤਾਂ ਮਾਸਟਰ ਜੀ ਮੂਕ ਦਰਸ਼ਕ ਬਣ ਕੇ ਨਹੀਂ ਸਗੋਂ ਦੁਖੀਆਂ ਅਤੇ ਅਬਲਾਵਾਂ ਦੀ ਮਦਦ ਲਈ ਨਿਤਰੇ। ਫਿਰਕੂ ਫਸਾਦਾਂ ਸਮੇਂ ਉਨ੍ਹਾਂ ਨੇ ਮੁਸਲਮਾਨਾਂ ਨੂੰ ਬਚਾ ਕੇ ਕੈਂਪਾਂ ਵਿਚ ਪੁਚਾਉਣ ਲਈ ਸਮਰਥਾ ਪੂਰਵਕ ਹਿੱਸਾ ਪਾਇਆ ਅਤੇ ਆਪਣੇ ਸਾਰੇ ਵਸੀਲਿਆ ਦਾ ਇਸਤੇਮਾਲ ਕੀਤਾ। ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਦੀ ਸੰਭਾਲ ਤੇ ਉਨ੍ਹਾਂ ਦੇ ਮੁੜ-ਵਸੇਵੇ ਲਈ ਰਾਤ-ਦਿਨ ਇਕ ਕਰਦੇ ਰਹੇ ਅਤੇ ਬਿਨਾਂ ਭਿੰਨ-ਭੇਦ ਲੋੜਵੰਦਾਂ ਤੇ ਦੁਖੀਆਂ ਦੀ ਮਦਦ ਵਿਚ ਰੁੱਝੇ ਰਹੇ।

ਦੇਸ਼ ਦੀ ਵੰਡ ਤੋਂ ਪਿੱਛੋਂ 1948 ਵਿਚ ਉਨ੍ਹਾਂ ਨੂੰ ਜਲੰਧਰ ਦੀ ਮਿਊਂਸੀਪਲ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ। ਇਸ ਸਮੇਂ ਗੋਪੀ ਚੰਦ ਭਾਰਗੋ ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਆਪ ਪਾਰਲੀਮਾਨੀ ਸੈਕਟਰੀ ਬਣਾਏ ਗਏ। ਸੰਨ 1949 ਵਿਚ ਆਪ ਵਿਦੇਸ਼ ਦੌਰ ਤੇ ਗਏ ਤਾਂ ਕਨੇਡਾ ਵਿਚ ਹੋਈ ਪ੍ਰਦੇਸੀ ਪੰਜਾਬੀ ਕਾਨਫਰੰਸ ਵਿਚ ਸ਼ਿਰਕਤ ਕੀਤੀ। ਅਮਰੀਕਾ ਦੇ ਪ੍ਰਸਿੱਧ ਪ੍ਰਵਾਸੀ ਦਲੀਪ ਸਿੰਘ ਸੌਂਧ ਵਲੋਂ ਇਨ੍ਹਾਂ ਨੂੰ ਮਾਣ-ਪੱਤਰ ਨਾਲ ਸਨਮਾਨਿਆ ਗਿਆ ਸੀ। ਇੰਗਲੈਂਡ, ਸਵਿਟਰਜਲੈਂਡ, ਚੈਕੋਸਲਵਾਕੀਆ ਤੇ ਬੈਲਜੀਅਮ ਦੇਸ਼ਾਂ ਦਾ ਦੌਰਾ ਕਰਕੇ ਉਹ ਛੇ ਮਹੀਨੇ ਬਾਅਦ ਵਾਪਸ ਪਰਤੇ ਸਨ।

1951 ਦੇ ਅੰਤ 'ਚ ਦੇਸ਼ ਅੰਦਰ ਪਹਿਲੀਆਂ ਆਮ ਚੋਣਾਂ ਦਾ ਐਲਾਨ ਹੋਇਆ, ਜਿਹੜੀਆਂ ਆਜ਼ਾਦ ਭਾਰਤ ਦੀਆਂ ਪਹਿਲੀਆਂ ਚੋਣਾਂ ਸਨ। ਪਰ ਕਾਂਗਰਸ ਪਾਰਟੀ ਨੇ ਤਾਂ ਆਪਣੇ ਰਾਜਨੀਤਿਕ ਸਭਿਆਚਾਰ ਦੀ ਦਿਸ਼ਾ, ਆਜ਼ਾਦੀ ਪ੍ਰਾਪਤੀ ਦੇ ਨਾਲ ਹੀ

ਬਦਲ ਦਿੱਤੀ ਸੀ, ਜਿਸ ਨਾਲ ਝੱਭਦੇ ਹੀ ਸੁਆਰਥੀ ਤੱਤ ਬਲੈਕਮਾਰਕੀਟੀਏ, ਰਿਸ਼ਤਵਤਖੋਰ, ਟਾਊਟ ਚਾਪਲੂਸੀਆਂ ਦੇ ਰੂਪ ਵਿਚ ਫੁੱਟ ਪਏ ਸਨ। ਜਿਨ੍ਹਾਂ ਨੇ ਕੁਰਬਾਨੀਆਂ ਕਰਨ ਵਾਲੇ, ਉੱਚੇ ਆਦਰਸ਼ਾਂ ਵਾਲੇ ਸਾਂਝੀਵਾਲਤਾ ਦੇ ਉਦੇਸ਼ਾਂ ਅਤੇ ਦੇਸ਼ ਭਗਤੀ ਦੀਆਂ ਭਾਵਨਾਵਾਂ ਨੂੰ ਲੈ ਕੇ ਤੁਰਨ ਵਾਲਿਆਂ ਨੂੰ ਪਿੱਛੇ ਧਕੇਲ ਦਿੱਤਾ ਸੀ। ਸਵਾਰਥੀਆਂ ਨੇ ਅਗਲੀਆਂ ਸਫ਼ਾਂ ਵਿੱਚ ਸਥਾਨ ਮਲ ਲਏ ਸਨ।

ਅਨੇਕਾਂ ਸੱਚੇ-ਸੁੱਚੇ ਦੇਸ਼ ਭਗਤ ਸਨ ਜਿਨ੍ਹਾਂ ਦੀ ਮਨੋ ਅਵਸਥਾ ਨੇ ਸੁਪਨੇ ਸੰਜੋਏ ਸਨ। ਅਜ਼ਾਦੀ ਤੋਂ ਬਾਅਦ ਮਾਸਟਰ ਕਾਬਲ ਸਿੰਘ ਵੀ ਅਜਿਹੀ ਮਾਨਸਿਕਤਾ ਵਾਲੇ ਸਨ। ਉਨ੍ਹਾਂ ਸਾਰਾ ਜੀਵਨ ਜਿਸ ਉਦੇਸ਼ ਲਈ ਲਾਇਆ ਉਸ ਨੂੰ ਬੇ-ਫਲ ਹੋਇਆ ਦੇਖ ਕੇ ਉਸ ਦਾ ਹਿਰਦਾ ਕੁਰਲਾ ਉੱਠਿਆ ਤੇ ਇਸ ਕੁਰਲਾਹਟ ਨੂੰ ਪ੍ਰਗਟ ਕਰਨ ਲਈ ਉਸ ਨੇ ਕਲਮ ਰਾਹੀਂ ਕਾਂਗਰਸੀ ਹਾਕਮਾਂ ਦੇ ਮਨਸੂਬਿਆਂ ਨੂੰ ਨੰਗਾ ਕਰਨ ਦੀ ਕੋਸ਼ਿਸ਼ ਜਾਰੀ ਰੱਖੀ, ਆਪਣੇ ਆਖਰੀ ਸੁਆਸਾਂ ਤੱਕ। ਉਨ੍ਹਾਂ ਦਾ ਇਕ ਲੇਖ "ਭਨ ਤ੍ਰੋੜ ਕੇ ਪੈਰਾਂ ਥੱਲੇ ਮਲ ਸੁਟੋ ਇਸ ਗਜ਼ ਨੂੰ!" ਜਿਹੜਾ ਹਫਤਾਵਾਰੀ ਅਖਬਾਰ 'ਪੰਜਾਬੀ ਜਨਤਾ' ਦੇ ਸੰਪਾਦਕੀ ਪੰਨੇ ਉੱਤੇ ਛਪਿਆ ਸੀ ਬੜਾ ਚਰਚਿਤ ਹੋਇਆ ਸੀ। ਬਹੁਤ ਸਾਰੇ ਅਜਿਹੇ ਹੋਰ ਲੇਖ ਹਨ ਜਿਨ੍ਹਾਂ ਰਾਹੀਂ ਮਾਸਟਰ ਜੀ ਨੇ ਦੇਸੀ ਹਾਕਮਾਂ ਦੀਆਂ ਲੋਕ-ਵਿਰੋਧੀ ਨੀਤੀਆਂ ਦਾ ਪ੍ਰਦਾਫਾਸ ਕੀਤਾ।

ਆਜ਼ਾਦੀ ਦੇ ਸੰਗਰਾਮ ਵਿਚ ਇਨਕਲਾਬੀ ਸੋਚ ਨੂੰ ਪ੍ਰਣਾਏ ਹੋਏ ਦੇਸ਼ ਭਗਤਾਂ ਨੂੰ ਮਹਾਤਮਾ ਗਾਂਧੀ ਦੀ ਨੀਤੀ ਨੇ ਸਿਧੇ ਅਤੇ ਅਸਿਧੇ ਢੰਗਾਂ ਨਾਲ ਨਕਾਰਨ ਦੀ ਹਮੇਸ਼ਾ ਕੋਸ਼ਿਸ਼ ਕੀਤੀ। ਕਾਂਗਰਸ ਦੇ ਲੰਮੇ ਸਮੇਂ ਤੱਕ ਦੇਸ਼ ਦੀ ਸੱਤਾ 'ਤੇ ਕਾਬਜ਼ ਰਹਿੰਦਿਆਂ ਉਨ੍ਹਾਂ ਅਜ਼ਾਦੀ ਨੂੰ ਸਮਰਪਤ, ਦੇਸ਼ ਦੇ ਹਿੱਤਾਂ ਨੂੰ ਪ੍ਰਣਾਏ ਹੋਏ ਕੌਮ ਪ੍ਰਸਤਾਂ ਨੂੰ ਜਾਂ ਇਨਕਲਾਬੀ ਧਾਰਾ ਨੂੰ ਸਿਆਸੀ ਨਕਸ਼ੇ 'ਤੇ ਲਿਆਉਣ ਤੋਂ ਹਮੇਸ਼ਾ ਰੋਕ ਲਾਈ ਰੱਖੀ ਅਤੇ ਸ਼ਾਂਤਮਈ ਦਾ ਗੁਣ ਗਾਣ ਕਰਕੇ ਅਜ਼ਾਦੀ ਦਾ ਸਿਹਰਾ ਮਹਾਤਮਾ ਗਾਂਧੀ ਦੇ ਸਿਰ ਬੰਨ੍ਹੀ ਰੱਖਿਆ। ਕਿਸੇ ਹੱਦ ਤੱਕ ਮਹਾਤਮਾ ਗਾਂਧੀ ਦੀ ਦੇਣ ਨੂੰ ਨਕਾਰਿਆ ਨਹੀਂ ਜਾ ਸਕਦਾ, ਪ੍ਰੰਤੂ ਉਸ ਦੀ ਨੀਤੀ ਅਤੇ ਉਸਦੇ ਪੈਰੋਕਾਰਾਂ ਵਲੋਂ ਦੇਸ਼ ਨੂੰ ਪੂੰਜੀਵਾਦਾਂ, ਜਗੀਰਦਾਰਾਂ ਦੇ ਹਿੱਤਾਂ ਲਈ ਜਿਸ ਪਾਸੇ ਤੋਰਿਆ ਗਿਆ, ਉਸ ਬਾਰੇ ਛੇਤੀ ਹੀ ਕਿਹਾ ਜਾਣ ਲੱਗ ਪਿਆ ਕਿ "ਇਸ ਨਾਲੋਂ ਅੰਗਰੇਜ਼ੀ ਰਾਜ ਚੰਗਾ ਸੀ।"

ਦੂਜੇ ਸੰਸਾਰ ਯੁੱਧ ਸਮੇਂ ਹੀ ਇਹ ਕਨਸੋਅ ਪੈਣੀ ਸ਼ੁਰੂ ਹੋ ਗਈ ਸੀ ਕਿ ਦੇਸ਼ ਦੀ ਵਾਂਗਡੋਰ ਕਾਂਗਰਸ ਦੇ ਹੱਥ ਆਉਣ ਵਾਲੀ ਹੈ। ਇਹ ਕੋਈ ਅਚਾਨਕ ਨਹੀਂ ਸੀ ਸਗੋਂ ਅੰਗਰੇਜ਼ ਹਾਕਮਾਂ ਤੇ ਕਾਂਗਰਸੀ ਆਗੂਆਂ ਦੀ ਆਪਸੀ ਸਮਝਦਾਰੀ ਤੋਂ ਉਤਪੰਨ ਹੋਈ ਚਰਚਾ ਸੀ ਜਿਸ ਨੂੰ ਉਹ ਲੋਕਾਂ ਦੀ ਮਾਨਸਿਕਤਾ ਤੇ ਹੌਲੀ ਹੌਲੀ ਲੱਦਣਾ ਚਾਹੁੰਦੇ ਸਨ ਅਤੇ ਇਸ ਕਿਸਮ ਦਾ ਮਾਹੌਲ ਸਿਰਜਣਾ ਉਨ੍ਹਾਂ ਦੀ ਰਾਜਨੀਤੀ ਦਾ ਹਿੱਸਾ ਸੀ।

ਇਸ ਤਜ਼ਵੀਜ਼ਸ਼ੁਧਾ ਬਣਾਏ ਮਾਹੌਲ ਵਿਚ ਰਾਤੋ-ਰਾਤ ਅੰਗਰੇਜ਼ੀ ਰਾਜ ਦੇ ਖੈਰਖਾਹ, ਬਸਤਾ-ਬਰਦਾਰ, ਪੁਲਸ ਟਾਊਟ, ਸਫੈਦਪੋਸ਼, ਜ਼ੈਲਦਾਰ, ਰਾਏ ਬਹਾਦਰ ਤੇ ਸਰਦਾਰ ਬਹਾਦਰੀਆਂ ਦਾ ਪਹਿਰਾਵਾ ਬਦਲ ਕੇ ਖੱਦਰ ਪਹਿਨਣ ਲੱਗ ਪਏ। ਇਸ ਯਥਾਰਤ ਨੂੰ ਬਬਰ ਮਿਲਖਾ ਸਿੰਘ ਨਿੱਝਰ ਨੇ ਜਿਹੜਾ ਮਾਸਟਰ ਕਾਬਲ ਸਿੰਘ ਜੀ ਦਾ ਸਮਕਾਲੀ ਅਤੇ ਬਬਰ ਅਕਾਲੀ ਲਹਿਰ ਦਾ ਇਕ ਸੱਚਾ-ਸੁੱਚਾ ਸਿਪਾਹੀ ਸੀ ਦੀ ਲਿਖਤ ਵਿਚੋਂ ਤੱਕਿਆ ਜਾ ਸਕਦਾ ਹੈ। ਉਹ ਲਿਖਦੇ ਹਨ:

ਅੰਗਰੇਜ਼ੀ ਰਾਜ ਵੇਲੇ 26 ਜਨਵਰੀ ਨੂੰ ਕਾਂਗਰਸੀ ਝੰਡੇ ਨੂੰ ਸਲਾਮੀ ਦੇਣ ਵੇਲੇ ਸੇਠ ਕਿਸ਼ਨ ਦਿਆਲ ਆਦਮਪੁਰੀਏ ਦੇ ਸੱਦੇ ਉੱਤੇ ਮੈਂ ਹੀ ਝੰਡਾ ਝੁਲਾਇਆ ਕਰਦਾ ਸਾਂ ਅਤੇ ਲੈਕਚਰ ਵੀ ਕਰਦਾ ਸੀ। ਇਹ ਕੰਮ 1951 ਤੱਕ ਬਕਾਇਦਾ ਚਲਦਾ ਰਿਹਾ। ਆਜ਼ਾਦੀ ਤੋਂ ਬਾਅਦ ਪੰਡਿਤ ਦੁਵਾਰਕਾ ਦਾਸ ਅੱਜ ਦਾ ਕਾਂਗਰਸੀ ਵੀ ਆਦਮਪੁਰ ਆ ਚੁੱਕਿਆ ਸੀ। 1951 ਵਿਚ ਕਾਂਗਰਸ ਦਾ ਸਾਲਾਨਾ ਅਜਲਾਸ ਨਾਸਕ ਹੋ ਰਿਹਾ ਸੀ ਅਤੇ ਇਕ ਡੈਲੀਗੇਟ ਸਾਡੇ ਇਲਾਕੇ ਵਿਚੋਂ ਚੁਣਿਆ ਜਾਂਦਾ ਸੀ। ਪਹਿਲਾਂ ਡੈਲੀਗੇਟ ਸਹਿਜੇ ਹੀ ਚੁਣੇ ਜਾਂਦੇ ਸਨ। ਇਸ ਵਾਰ ਦਵਾਰਕਾ ਦਾਸ ਕਹਿਣ ਲੱਗਿਆ ਕਿ ਉਹ ਆਲ ਇੰਡੀਆ ਕਾਂਗਰਸ ਕਮੇਟੀ ਦਾ ਮੈਂਬਰ ਬਨਣਾ ਚਾਹੁੰਦਾ ਹੈ। ਅਸੀਂ ਆਖਿਆ, "ਤੂੰ ਬਣ ਜਾ ਇਹ ਕਿਹੜੀ ਗੱਲ ਹੈ।

ਜਿਸ ਦਿਨ ਆਦਮਪੁਰ ਦੇ ਖੱਦਰ ਭੰਡਾਰ ਵਿਚ ਮੈਂਬਰ ਚੁਣਿਆ ਜਾਣਾ ਸੀ, ਅਸੀਂ ਬੇਫ਼ਿਕਰ ਦਵਾਰਕਾ ਦਾਸ ਨੂੰ ਮੈਂਬਰ ਸਮਝੀ ਬੈਠੇ ਗੱਲਾਂ ਮਾਰ ਰਹੇ ਸੀ। ਕੀ ਦੇਖਦੇ ਹਾਂ ਕਿ ਸ. ਸਵਰਨ ਸਿੰਘ ਸ਼ੁੱਧ ਖੱਦਰ ਵਿਚ ਸਜੇ-ਸਜਾਏ ਸਨ, ਸਾਡੇ ਸਾਹਣੇ ਆ ਖਲੋਤੇ। ਉਨ੍ਹਾਂ ਦੇ ਨਾਲ ਕਾਮਰੇਡ ਰਾਮ ਕਿਸ਼ਨ ਸਾਹਿਬ ਵੀ ਸਨ। ਉਹੋ ਕਾਲੇ ਬੱਕਰੇ ਵਾਲਾ ਸਫੈਦਪੋਸ਼ ਬਖਸ਼ੀਸ਼ ਸਿੰਘ, ਜਿਸ ਨੇ ਕਿਸੇ ਵੇਲੇ ਖੂਹਾਂ ਵਿਚ ਤੂੜੀ ਪੁਆਈ ਸੀ। ਸੰਤਾ ਸਿੰਘ ਜ਼ੈਲਦਾਰ ਜੰਡੂਸਿੰਘਾ, ਹਰੀਪੁਰੀਆ ਜ਼ੈਲਦਾਰ ਗੱਜਾ ਸਿੰਘ, ਮੇਰੇ ਪਿੰਡ ਦੇ ਸਾਰੇ ਬਦਨਾਮ ਝੋਲੀਚੁੱਕ ਅਤੇ ਹੋਰਨਾਂ ਪਿੰਡਾਂ ਦੇ ਸਭ ਲੰਬੜਦਾਰ ਤੇ ਪੁਰਾਣੇ ਟੋਡੀ ਕਾਂਗਰਸੀਆਂ ਦਾ ਬਾਣਾ ਪਹਿਨੀ ਆ ਹਾਜ਼ਰ ਹੋਏ। ਆਦਮਪੁਰੀਆ ਲੰਬੜਦਾਰ ਉਜਾਗਰ ਸਿੰਘ ਮੇਰੇ ਕੋਲ ਹੀ ਖਲੋਤਾ ਹੱਸ ਰਿਹਾ ਸੀ। ਪਤਾ ਲੱਗਿਆ ਕਿ ਇਹ ਸਭ ਕਾਂਗਰਸ ਦੇ ਵੋਟਰ ਹਨ। ਇਹ ਸਭ ਸ੍ਰੀ ਰਾਮ ਕਿਸ਼ਨ ਨੂੰ ਇਸ ਇਲਾਕੇ ਵਲੋਂ ਡੈਲੀਗੇਟ ਚੁਨਣ ਲਈ ਵੋਟਾਂ ਪਾਉਣ ਆਏ ਸਨ।

ਮੈਂ ਤੜਫ ਉੱਠਿਆ ਅਤੇ ਰੌਲਾ ਪਾਉਣ ਲੱਗ ਪਿਆਂ ਕਿ ਇਹ ਕਿਥੋਂ ਦੇ ਕਾਂਗਰਸੀ ਬਣ ਗਏ। ਇਸ ਮੌਕੇ ਸ. ਸਵਰਨ ਸਿੰਘ ਨੇ ਮੈਨੂੰ

ਜੱਫ਼ੀ ਪਾਈ। ਉਹ ਉਸ ਵੇਲੇ ਕਾਂਗਰਸੀ ਵਜ਼ੀਰ ਸਨ। ਉਨ੍ਹਾਂ ਕਿਹਾ, "ਭੇੜੂ ਸਾਹਿਬ, ਹੁਣ ਅਸੀਂ ਸਾਰੇ ਕਾਂਗਰਸੀ ਸਜ ਚੁੱਕੇ ਹਾਂ। ਅਸੀਂ ਤੁਹਾਡੇ ਲੋਕਾਂ ਦੇ ਬੜੇ ਮਸ਼ਕੂਰ ਹਾਂ ਕਿ ਤੁਸੀਂ ਦੇਸ਼ ਦੀ ਅਜ਼ਾਦੀ ਲਈ ਬੇਸ਼ੁਮਾਰ ਕੁਰਬਾਨੀਆਂ ਕੀਤੀਆਂ ਹਨ। ਤੁਹਾਡੀ ਬਾਬਤ ਮੈਨੂੰ ਜਾਤੀ ਇਲਮ ਹੈ। ਜਿਹੜੀ ਸੇਵਾ ਤੁਸੀਂ ਕਰ ਚੁੱਕੇ ਹੋ, ਦੇਸ਼ ਤੁਹਾਡਾ ਧੰਨਵਾਦੀ ਹੈ! ਪਰ ਅਗੋਂ ਲਈ ਦੇਸ਼ ਨੂੰ ਸੰਭਾਲਣਾ ਤੁਹਾਡੇ ਵੱਸ ਦਾ ਰੋਗ ਨਹੀਂ ਹੈ। ਇਹ ਸੇਵਾ ਹੁਣ ਅਸੀਂ ਹੀ ਕਰ ਸਕਦੇ ਹਾਂ। ਇਹ ਲੋਕ ਪਹਿਲਾਂ ਜਿਵੇਂ ਅੰਗਰੇਜ਼ਾਂ ਦੀ ਸੇਵਾ ਈਮਾਨਦਾਰੀ ਨਾਲ ਕਰਦੇ ਰਹੇ ਹਨ। ਹੁਣ ਕਾਂਗਰਸ ਸਰਕਾਰ ਦੀ ਉਹਤੋਂ ਵੀ ਕਿਤੇ ਵੱਧ ਈਮਾਨਦਾਰੀ ਨਾਲ ਕਰਨਗੇ। ਸੋ ਤੁਸੀਂ ਬਹੁਤ ਤਕਲੀਫਾਂ ਉੱਠਾ ਚੁੱਕੇ ਹੋ, ਹੁਣ ਤੁਸੀਂ ਆਰਾਮ ਕਰੋ। ਮੁਲਕ ਦੀ ਸੇਵਾ ਸਾਡੇ ਉੱਤੇ ਛੱਡ ਦਿਓ।"

ਉਨ੍ਹਾਂ ਕਾਮਰੇਡ ਰਾਮ ਕਿਸ਼ਨ, ਜੋ ਮੇਰੇ ਕੋਲ ਖਲੋਤੇ ਚੁੱਪ-ਚੁਪੀਤੇ ਗੱਲਾਂ ਸੁਣ ਰਹੇ ਸਨ, ਨਾਲ ਮੇਰੀ ਜਾਣ ਪਛਾਣ ਕਰਾਈ। ਬਾਅਦ ਵਿਚ ਕਾਮਰੇਡ ਰਾਮ ਕਿਸ਼ਨ ਪੰਜਾਬ ਦਾ ਚੀਫ ਮਨਿਸਟਰ ਬਣ ਗਿਆ ਸੀ। ਉਪਰੋਕਤ ਤਿੰਨੇ ਹਸਤੀਆਂ ਅੱਜ ਵੀ ਮੌਜੂਦ ਹਨ। ਘੱਟੋ ਘੱਟ ਦਵਾਰਕਾ ਦਾਸ ਤਾਂ ਮੇਰੇ ਲਿਖੇ ਅੱਖਰ-ਅੱਖਰ ਦੀ ਤਾਈਦ ਜ਼ਰੂਰ ਕਰੇਗਾ। ਬਾਕੀ ਦੋਹਾਂ ਬਾਬਤ ਮੈਂ ਕੁਝ ਕਹਿ ਨਹੀਂ ਸਕਦਾ।

ਖ਼ੈਰ ਸਵਰਨ ਸਿੰਘ ਦੀ ਕਹੀ ਹੋਈ ਮੈਂ ਸਾਰੀ ਗੱਲ ਸਮਝ ਗਿਆ। ਦਿਲ ਬਹੁਤਾ ਨਿਮੋਝੂਣਾ ਹੋਇਆ। ਪਿੰਡ ਪਰਤ ਕਿ ਸਭ ਤੋਂ ਪਹਿਲਾਂ ਮੈਂ ਉਹ ਕਾਂਗਰਸੀ ਝੰਡਾ, ਜਿਹੜਾ 1935-36 ਤੋਂ ਮੇਰੇ ਮਕਾਨ ਉੱਤੇ ਹਰ ਸਾਲ 26 ਜਨਵਰੀ ਨੂੰ ਬਦਲਿਆ ਜਾਂਦਾ ਸੀ, ਲਾਹਿਆ ਅਤੇ ਬੜੇ ਸਤਿਕਾਰ ਨਾਲ ਲੋਹੇ ਦੇ ਬੱਠਲ ਵਿਚ ਰੱਖ ਕੇ ਅੱਗ ਦੀ ਭੇਟਾ ਕਰ ਦਿੱਤਾ। ਉਹਦੀ ਸੁਆਹ ਡੱਬੀ ਵਿਚ ਪਾ ਕੇ ਰੱਖ ਲਈ। 1960 ਵਿਚ ਜਦੋਂ ਮੈਂ ਆਪਣੇ ਪਿਤਾ ਜੀ ਦੇ ਫੁੱਲ ਹਰਦੁਆਰ ਤਾਰਨ ਗਿਆ ਸੀ ਤਾਂ ਇਹ ਡੱਬੀ ਵੀ ਨਾਲ ਲੈ ਗਿਆ ਸੀ ਉਥੇ ਉਹ ਗੰਗਾ ਦੀਆਂ ਲਹਿਰਾਂ ਦੇ ਸਪੁਰਦ ਕਰ ਦਿੱਤੀ ਸੀ। ਵਾਪਸ ਪਿੰਡ ਆ ਆਪਣੇ ਜਮਾਤੀ ਸ. ਸਵਰਨ ਸਿੰਘ ਦੇ ਹੁਕਮ ਦੀ ਤਾਮੀਲ ਵਿਚ ਬੱਸ ਅੱਜ ਤੱਕ "ਆਰਾਮ ਹੀ ਫਰਮਾ ਰਿਹਾ ਹਾਂ।" ਪੁਰਾਣੇ ਝੋਲੀਚੁੱਕਾਂ ਦੀਆਂ ਔਲਾਦਾਂ ਐਸ ਵੇਲੇ 'ਦੇਸ਼ ਸੇਵਾ' ਵਿਚ ਜੁਟੀਆਂ ਪਈਆਂ ਹਨ।[83]

ਬਬਰ ਮਿਲਖਾ ਸਿੰਘ ਨਿੱਝਰ ਵਾਂਗ ਮਾਸਟਰ ਕਾਬਲ ਸਿੰਘ ਦੀਆਂ ਭਾਵਨਾਵਾਂ ਵੀ ਅਜਿਹੀਆਂ ਹੀ ਸਨ। ਬਾਕੀ ਦੇਸ਼ ਭਗਤਾਂ ਵਾਂਗ ਉਨ੍ਹਾਂ ਨੂੰ ਵੀ ਇਸ ਦਾ ਅਹਿਸਾਸ ਹੋ ਗਿਆ ਕਿ ਕੁਰਬਾਨੀਆਂ ਦੇਣ ਵਾਲੇ, ਉੱਚੇ ਆਦਰਸ਼ਾਂ ਵਾਲੇ ਅਤੇ

ਸਾਂਝੀਵਾਲਤਾ ਦੇ ਉਦੇਸ਼ਾਂ ਅਤੇ ਦੇਸ਼ ਭਗਤੀ ਦੀਆਂ ਭਾਵਨਾਵਾਂ ਨੂੰ ਲੈ ਕੇ ਤੁਰਨ ਵਾਲੇ ਪਿੱਛੇ ਧੱਕੇ ਜਾਣ ਲੱਗ ਪਏ ਹਨ ਅਤੇ ਸਵਾਰਥੀਆਂ ਨੂੰ ਅਗਲੀ ਪਾਲ ਵਿਚ ਸਥਾਨ ਮਿਲਣ ਲੱਗ ਪਿਆ ਹੈ। 15 ਅਗਸਤ 1947 ਦੀ ਸ਼ੁਰੂਆਤ ਬਲੈਕ ਮਾਰਕੀਟੀਆਂ, ਰਿਸ਼ਵਤਖੋਰਾਂ, ਟਾਊਟਾਂ ਅਤੇ ਚਾਪਲੂਸਾਂ ਦੇ ਪਹੁ-ਫੁਟਾਲੇ ਨਾਲ ਹੋਈ ਹੈ।" ਦੇਸ਼ ਦੇ ਉੱਚੇ ਨੇਤਾਵਾਂ ਦੀ ਸ਼ੱਕੀ ਨੀਯਤ ਬਾਰੇ ਟਿੱਪਣੀ ਕਰਦਿਆਂ, ਜਿਨ੍ਹਾਂ ਰਾਹੀਂ ਆਜ਼ਾਦ ਪੰਜਾਬ ਦਾ ਪਹਿਲਾ ਗਵਰਨਰ ਚੰਦੂ ਲਾਲ ਤ੍ਰਿਵੇਦੀ ਚੁਣਿਆ ਗਿਆ ਲਿਖਿਆ ਕਿ "ਤ੍ਰਿਵੇਦੀ ਅੰਗਰੇਜ਼ਾਂ ਦਾ ਵੱਡਾ ਪਿੱਠੂ ਸੀ। ਜਦ ਮਹਾਤਮਾ ਗਾਂਧੀ ਨੇ ਆਗਾ ਖਾਨ ਮਹੱਲ ਵਿਚ ਮਰਨ ਵਰਤ ਰੱਖਿਆ ਤਾਂ ਅੰਗਰੇਜ਼ ਹਕੂਮਤ ਡਾਵਾਂ ਡੋਲ ਹੋ ਗਈ। ਉਸ ਸਮੇਂ ਤ੍ਰਿਵੇਦੀ ਡੀਫੈਂਸ ਮਹਿਕਮੇ ਦਾ ਛੋਟਾ ਸਕੱਤਰ ਸੀ ਤਾਂ ਇਸਨੇ ਕਿਹਾ, "ਗਾਂਧੀ ਜੀ ਦੀ ਮੌਤ ਨਾਲ ਅਸਮਾਨ ਨਹੀਂ ਢੱਠ ਚਲਿਆ। ਰਾਜਧਾਨੀਆਂ ਵਿਚ ਫੌਜ ਬਿਠਾ ਦਿਓ।" ਅਖੀਰ ਵਿਚ ਉਨ੍ਹਾਂ ਦੇ ਤੌਖਲੇ ਜਿਹੜੇ ਕਲਮ ਰਾਹੀਂ ਪ੍ਰਗਟ ਕੀਤੇ ਉਹ ਲਿਖਦੇ ਹਨ,

"ਮੈਂ ਇਹ ਕਹਿਣ ਦਾ ਤਹੱਈਆ ਕਰਨਾ ਚਾਹੁੰਦਾ ਹਾਂ ਕਿ ਸਾਡੇ ਸੁਪਨੇ ਹਾਲਾਂ ਅਧੂਰੇ ਹਨ। ਸਾਡੇ ਖ਼ਆਬ ਨਾ ਮੁਕੰਮਲ ਹਨ। ਆਜ਼ਾਦ ਹਿੰਦੁਸਤਾਨ ਬਾਰੇ ਉਹ ਸਾਰੇ ਸੁਹਾਣੇ ਨਕਸ਼ੇ ਦਿਲਖਿਚਵੇਂ ਤਸਵਰ ਜਿਹੜੇ ਅੱਜ ਤੋਂ ਤੀਹ-ਪੈਂਤੀ ਸਾਲ ਪਹਿਲਾਂ ਅਸੀਂ ਆਪਣੇ ਦਿਮਾਗਾਂ ਵਿਚ ਉਕੇਰਿਆ ਕਰਦੇ ਸਾਂ। ਉਹ ਸ਼ੇਖਚਿਲੀ ਦੇ ਤਸੱਵਰ ਤੇ ਗਪੌੜੇ ਮਲੂਮ ਹੁੰਦੇ ਹਨ। ਦੇਸ਼ ਵਿਚ ਰਿਸ਼ਵਤਖੋਰੀ ਪੂਰੇ ਜ਼ੋਰਾਂ 'ਤੇ ਹੈ। ਦੂਜਿਆਂ ਦਾ ਮਾਲ ਹੜੱਪ ਜਾਣਾ, ਮਾਂ ਦਾ ਦੁੱਧ ਸਮਝਿਆ ਜਾਂਦਾ ਹੈ। ਨਿਗੂਣੀ ਜਿਹੀ ਚੀਜ਼ ਵੀ ਸਿਫਾਰਸ਼ ਬਿਨਾਂ ਨਹੀਂ ਮਿਲਦੀ, ਬਸ ਇਨ੍ਹਾਂ ਖਿਆਲਾਂ 'ਚ ਪ੍ਰੇਸ਼ਾਨ ਹਾਲ ਰਹਿੰਦਾ ਹਾਂ। ਖੁਸਿਆ ਜਿਹਾ ਤੇ ਥੱਕਾ-ਟੁੱਟਾ ਆਪਣੇ ਆਪ ਨੂੰ ਤਕੀਰ ਜਿਹਾ ਮਹਿਸੂਸ ਕਰਦਾ ਹਾਂ। ਕੋਈ ਉਤਸ਼ਾਹ ਨਹੀਂ, ਖੁਸ਼ੀ ਨਹੀਂ, ਖੇੜਾ ਨਹੀਂ, ਸ਼ਾਨਦਾਰ ਭਵਿੱਖ ਤਾਰੀਕ ਨਜ਼ਰ ਆਉਂਦਾ ਹੈ, ਪਰ ਜਦੋਂ ਪੁਰਾਣੀ ਯਾਦ ਤਾਜਾ ਕਰਦਾ ਹਾਂ ਕਿ ਉਹ ਦੇਸ਼ ਦੀ ਆਜ਼ਾਦੀ ਦੀ ਲਗਨ, ਭੁੱਖੇ, ਨੰਗਿਆਂ ਤੇ ਸੜਕਾਂ ਤੇ ਟਪਰੀਆਂ 'ਚ ਉਮਰਾਂ ਕੱਟਣ ਵਾਲਿਆਂ ਲਈ ਤੜਪਦੇ ਦਿਨ ਯਾਦ ਕਰਦਾ ਹਾਂ। ਦੁਸ਼ਮਣ ਨਾਲ ਟਕਰਨ ਅਤੇ ਫੌਲਾਦੀ ਦਿਲ ਦੀ ਯਾਦ ਆਉਂਦੀ ਹੈ ਤਾਂ ਇਕ ਵਾਰ ਸਭ ਕੁਝ ਲੁਟਾ ਦੇਣ ਲਈ ਦਿਲ ਹੁਲਾਰੇ ਮਾਰਦਾ ਹੈ।"

ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਦੀ ਗਾਥਾ ਨੂੰ ਅਸੀਂ ਭਾਈ ਸੰਤੋਖ ਸਿੰਘ ਕਿਰਤੀ ਦੀਆਂ ਉਨ੍ਹਾਂ ਲਾਈਨਾਂ ਨਾਲ ਸਮਾਪਤ ਕਰਾਂਗੇ, ਜਿਹੜੀਆਂ ਉਨ੍ਹਾਂ ਨੇ ਪੰਜਵੇਂ ਗੁਰੂ ਅਰਜਨ ਦੇਵ ਜੀ ਦੇ ਸਬੰਧ ਵਿਚ ਲਿਖੀਆਂ ਸਨ:

"ਪਰਉਪਕਾਰੀ ਮਾਨਸ ਨੂੰ ਸੰਸਾਰ ਵਿਚ ਕਦਮ-ਕਦਮ 'ਤੇ ਸਵਾਰਥ ਦੇ ਮਧ

(ਨਸ਼ੇ) ਨਾਲ ਅੰਨ੍ਹੇ, ਬੋਲੇ ਲੋਕਾਂ ਨਾਲ ਯੁੱਧ ਕਰਨਾ ਪੈਂਦਾ ਹੈ। ਪਰਉਪਕਾਰੀਆਂ ਅਤੇ ਸੁਆਰਥੀਆਂ ਦਾ ਆਪਸ ਵਿਚ ਯੁੱਧ ਇਸ ਸੰਸਾਰ ਵਿਚ ਲਗਾਤਾਰ ਚੱਲ ਰਿਹਾ ਹੈ ਅਤੇ ਇਸ ਯੁੱਧ ਦੇ ਅਨੇਕ ਰੰਗ ਹਨ।" ਲਿਖਦੇ ਹਨ:

> ਅੱਜ ਕਾਂਗਰਸ ਦਾ ਖਾਸਮਖਾਸ ਮੈਂਬਰ ਬਣਨ ਲਈ ਬਲੈਕ ਮਾਰਕੀਟੀ ਹੋਣਾ, ਪੁਲਸ ਦੇ ਦਲਾਲ ਦੀ ਹੈਸੀਅਤ ਵਾਲਾ ਜਾਂ ਪਾਸਪੋਰਟ ਸਕੈਂਡਲ ਦਾ ਮਾਹਿਰ ਹੋਣਾ, ਇਕ ਵਧੀਆ ਖ਼ੂਬੀ ਅਤੇ ਕਾਬਲੀਅਤ ਦੀ ਨਿਸ਼ਾਨੀ ਹੈ। ਅੱਜ ਸ਼ਰਾਬੀਆਂ ਅਤੇ ਅਯਾਸ਼ ਲੋਕਾਂ ਨੂੰ ਕਾਂਗਰਸ ਦਾ ਟਿਕਟ ਹਾਸਲ ਕਰਨਾ ਨਾ ਸਿਰਫ਼ ਸੌਖਾ ਹੈ, ਸਗੋਂ ਉਨ੍ਹਾਂ ਦਾ ਕਾਂਗਰਸ ਵਿਚ ਪੂਰਾ ਖਿਆਲ ਕੀਤਾ ਜਾਂਦਾ ਹੈ।" ਪੁਲਸ ਦੇ ਟਾਊਟਾਂ ਨੇ ਕਾਂਗਰਸ ਦੀ ਖੁੱਲ-ਮ-ਖੁੱਲ੍ਹਾ ਆੜ ਲੈ ਲਈ ਹੈ। ਉਹੀ ਟਾਊਟ ਹੁਣ ਟਕਸਾਲੀ ਕਾਂਗਰਸੀ ਤੇ ਸ਼ੋਸ਼ਲ ਵਰਕਰ ਬਣ ਗਏ ਹਨ। ਸਿੱਟਾ ਇਹ ਕਿ ਕਾਂਗਰਸ ਤੇ ਸਰਕਾਰ ਬਦਨਾਮ ਹੋ ਰਹੇ ਹਨ। ਹੁਣ ਤਾਂ ਗਾਮੇ ਮਾਝੇ ਵੀ ਖਦਰ ਨੂੰ ਦੇਖ ਕੇ ਮਜ਼ਾਕ ਉਡਾਉਂਦੇ ਹਨ। ਇਕ ਕਹਿੰਦਾ ਹੈ ਕਿ ਆਪਦਾ ਮੁੰਡਾ ਕਿਉਂ ਰੋਂਦਾ ਸੀ, ਦੂਜਾ ਝਟ ਕਹਿ ਦਿੰਦਾ ਹੈ ਕਿ "ਕਾਂਗਰਸ ਦਾ ਰਾਜ ਕਰਕੇ।" ਜੇ ਪੁੱਛ ਲਓ ਕਿ "ਰੋਟੀ ਸੁੱਕਦੀ ਜਾਂਦੀ ਹੈ, ਕੀ ਬਾਲਣ ਗਿੱਲਾ ਹੈ?" ਉਤਰ ਮਿਲਦਾ ਹੈ ਕਿ "ਕਾਂਗਰਸ ਰਾਜ ਜੁ ਹੋਇਆ" ਆਦਿ। ਮੈਂ ਦਿਲ ਦੀਆਂ ਡੂੰਘਾਈਆਂ ਤੋਂ ਮਹਿਸੂਸ ਕਰਦਾ ਹਾਂ ਕਿ ਮੁਲਖ ਤੇ ਕੌਮ ਦੀ ਨਵੇਂ ਸਿਰਿਉਂ ਉਸਾਰੀ ਲਈ ਐਸੇ ਐਂਟੀ ਸ਼ੋਸਲ ਅਨਸਰਾਂ ਦੇ ਵਿਰੁੱਧ ਜਾਂ ਇਸੇ ਬੇਹਿਯਾਈ ਤੇ ਬਦਚਲਨੀ ਵਿਰੁੱਧ ਜਹਾਦ ਕਰਨਾ ਪਵੇਗਾ ਤਾਂ ਕਿ ਅਜਿਹਾ ਕੋਈ ਬੰਦਾ ਸਮਾਜ ਵਿਚ ਮੂੰਹ ਨਾ ਦਿਖਾ ਸਕੇ। ਸਮਾਜ ਸ਼ੁੱਧ ਆਚਰਣ ਤੇ ਨੇਕ ਚਲਣੀ ਦੀਆਂ ਨੀਂਹਾਂ ਪੁਰ ਕਾਇਮ ਕਰਨਾ ਪਏਗਾ ਤਾਂ ਕਿਤੇ ਜਾ ਕੇ ਦੇਸ਼ ਅਜ਼ਾਦੀ ਦੀ ਆਪਣੀ ਹੋਂਦ ਤੇ ਇਨਸਾਨੀਅਤ ਦੇ ਸਹੀ ਵਿਖਾਵੇ ਤੇ ਆਜ਼ਾਦੀ-ਘੁਲਾਟੀਆਂ ਦੇ ਸੁਪਨੇ ਅਨੁਸਾਰ ਸੰਸਾਰਕ ਨਕਸ਼ੇ ਤੇ ਪਣਪ ਸਕੇਗਾ।"[84]

ਇਹ ਸੀ ਅਜ਼ਾਦ ਭਾਰਤ ਦੀ ਤਸਵੀਰ, ਜਿਸ ਨੂੰ ਦੇਖ ਕੇ ਅਨੇਕਾਂ ਇਨਕਲਾਬੀ ਦੇਸ਼ ਭਗਤਾਂ ਨੇ ਆਪਣੇ ਅੰਤਲੇ ਸਮੇਂ ਆਪਣੀਆਂ ਪੀੜਾਂ ਅੰਦਰੋਂ ਅੰਦਰੀ ਜਰ ਗਏ, ਕੁਝ ਨੇ ਇਨ੍ਹਾਂ ਦਾ ਇਜ਼ਹਾਰ ਕੀਤਾ। 1951 ਦੀਆਂ ਚੋਣਾਂ ਸਮੇਂ ਉਨ੍ਹਾਂ ਨੂੰ ਟਿਕਟ ਤਾਂ ਕੀ ਦਿੱਤੀ ਜਾਣੀ ਸੀ, ਆਪਾ ਥਾਪੀ ਦੇ ਘੜਮੱਸ 'ਚ ਹੁਣ ਉਹ ਪਰਾਇਆਂ ਦੀ ਤਰ੍ਹਾਂ ਸਨ। ਮਾਸਟਰ ਜੀ ਦੇ ਪੱਖ ਵਿਚ ਗੋਪੀ ਚੰਦ ਭਾਰਗੋ ਸਨ ਪਰ ਰਾਜ-ਪ੍ਰਬੰਧ ਵਿਚ ਭਾਰੂ ਹੋ ਕੇ ਪ੍ਰਤਾਪ ਸਿੰਘ ਕੈਰੋਂ ਨੇ ਮਾਸਟਰ ਜੀ ਦੇ ਮੁਕਾਬਲੇ ਇਕ ਪੂੰਜੀਪਤੀ ਤੇ ਸ਼ਰਾਬ ਦੇ ਠੇਕੇਦਾਰ ਨੂੰ ਕਾਂਗਰਸ ਦਾ ਟਿਕਟ ਦੇ ਦਿੱਤਾ। ਹਰਬਖਸ਼ ਮਖਸੂਦਪੁਰੀ ਦੇ ਹਵਾਲੇ ਤੋਂ ਇਹ ਟਿਕਟ ਪਿੰਡ ਫਰਾਲੇ ਦਾ ਇਕ ਬੇਨਾਮੀ ਠੇਕੇਦਾਰ

ਗੁਰਬਚਨ ਸਿੰਘ ਅਟਵਾਲ ਨੂੰ ਦਿੱਤਾ ਸੀ ਅਤੇ ਸ਼ਰਾਬ ਦਾ ਕਾਰੋਬਾਰੀਆ ਅਤੇ ਠੇਕੇਦਾਰ ਹੋਣ ਕਰਕੇ ਉਹ ਦੌਲਤਮੰਦ ਵਜੋਂ ਜਾਣਿਆ ਜਾਂਦਾ ਸੀ। ਅਜਿਹੇ ਹਾਲਾਤਾਂ ਵਿਚ ਮਾਸਟਰ ਕਾਬਲ ਸਿੰਘ ਦਾ ਰਾਜਸੀ ਸਰਗਰਮੀ ਤੋਂ ਮੋਹ ਭੰਗ ਹੋ ਗਿਆ। ਹਾਸ਼ੀਏ 'ਚ ਧੱਕੇ ਜਾਣ ਦੇ ਬਾਵਜੂਦ ਉਨ੍ਹਾਂ ਨੇ ਆਜਾਦ ਭਾਰਤ ਦੇ ਸੰਜੋਏ ਸੁਪਨਿਆਂ ਨੂੰ ਇਕ ਲਿਖਤੀ ਅਪੀਲ ਰਾਹੀਂ ਵੋਟਰਾਂ ਦੇ ਸਨਮੁੱਖ ਕੀਤਾ:

ਪਿਆਰੇ ਮ੍ਰਿਤ ਜੀ,

ਉਦਾਂ ਤਾਂ ਕਈ ਵੇਰਾਂ ਆਪ ਨੂੰ ਮਿਲਣ ਤੇ ਲਿਖਣ ਦਾ ਮਾਣ ਪ੍ਰਾਪਤ ਹੋਇਆ ਹੈ ਪ੍ਰੰਤੂ ਅੱਜ ਇਕ ਖ਼ਾਸ ਵਿਚਾਰ ਲਈ ਆਪ ਨੂੰ ਇਸ ਪਤ੍ਰ ਦਵਾਰਾ ਕੁਝ ਬਿਨੇ ਕਰਨ ਦਾ ਹੀਆ ਕੀਤਾ ਹੈ। ਉਂਜ ਤਾਂ ਏਹ ਇਲੈਕਸ਼ਨ ਵਾਲੀ ਗੱਲ ਆਪ ਵਾਸਤੇ ਕੋਈ ਨਵੀਂ ਨਹੀਂ, ਪ੍ਰੰਤੂ ਮੈਂ ਆਪਣਾ ਫ਼ਰਜ਼ ਸਮਝਦਾ ਹਾਂ ਕਿ ਆਪ ਵਰਗੇ ਪਤਵੰਤਿਆਂ ਨੂੰ ਇਸ ਨਵੀਂ ਕੌਮੀ ਬਣਤਰ ਤੋਂ ਜਾਣੂ ਕਰਾਂ।

ਤੁਹਾਡੀਆਂ ਮਹਾਨ ਪ੍ਰੇਰਨਾਵਾਂ ਤੇ ਸ਼ੁਭ ਇਛਆਵਾਂ ਨੂੰ ਮੁਖ ਰਖਦੇ ਹੋਏ ਮੈਂ ਤੇ ਮੇਰੇ ਹੋਰ ਕਾਂਗਰਸੀ ਸਜਣ ਆਜ਼ਾਦੀ ਦੀ ਲੜਾਈ ਲੜੇ। ਅੰਗਰੇਜ਼ ਦੀਆਂ ਅਥਾਹ ਕੋਸ਼ਿਸ਼ਾਂ ਸਾਡੇ ਨਿਸ਼ਾਨੇ (ਮੁਕੰਮਲ ਸਵਰਾਜ) ਤੋਂ ਸਾਨੂੰ ਦੂਰ ਨਾ ਕਰ ਸਕੀਆਂ ਤੇ ਅੰਤ ਅੰਗਰੇਜ਼ੀ ਸਰਕਾਰ ਨੂੰ ਇਥੋਂ ਬਿਸਤਰਾ ਗੋਲ ਕਰਨਾ ਪਿਆ।

ਇਸ ਲੰਮੇ ਚੌੜੇ ਸਮੇਂ ਵਿਚ ਜਿਨ੍ਹਾਂ ਮੁਸੀਬਤਾਂ ਤੇ ਔਕੜਾਂ ਦਾ ਮੈਨੂੰ ਸਾਹਮਣਾ ਕਰਨਾ ਪਿਆ ਉਸ ਤੋਂ ਆਪ ਚੰਗੀ ਤਰ੍ਹਾਂ ਵਾਕਫ਼ ਹੋ ਤੇ ਇਹ ਕਹਿਣਾ ਸੱਚ ਹੈ ਕਿ ਕੇਵਲ ਆਪ ਵਲੋਂ ਵਧਾਏ ਗਏ ਹੌਸਲੇ ਅਨੁਸਾਰ ਹੀ ਮੈਂ ਅੰਗਰੇਜ਼ੀ ਸਰਕਾਰ ਨਾਲ ਮੱਥਾ ਲਾਉਣ ਵਿਚ ਕਾਮਯਾਬ ਰਿਹਾ ਸਾਂ। ਜਿਥੇ ਮੈਂ ਅਪਣੀ ਦੇਸ਼ ਸੇਵਾ ਦਾ ਜ਼ਿਕਰ ਕਰਦਾ ਹਾਂ ਉਥੇ ਮੈਂ ਇਹ ਕਦੀ ਵੀ ਨਹੀਂ ਭੁੱਲਦਾ ਕਿ ਆਪ ਜੀ ਨੇ ਮੇਰਾ ਬਹੁਤਾ ਮਾਣ ਵਧਾਇਆ ਹੈ।

ਅੰਗਰੇਜ਼ ਦੇ ਸਮੇਂ ਵਿਚ ਦੋ ਵੇਰਾਂ ਹੋਈਆਂ ਅਸੰਬਲੀ ਚੋਣਾਂ ਵਿਚ ਮੈਂ ਕੇਵਲ ਆਪ ਵਰਗੀ ਹਸਤੀਆਂ ਦੇ ਉਤਸ਼ਾਹ ਤੇ ਮਦਦ ਨਾਲ ਹੀ ਕਾਮਯਾਬ ਹੋਇਆ ਹਾਂ ਤੇ ਮੈਨੂੰ ਇਸ ਗੱਲ ਦਾ ਫ਼ਖਰ ਹੈ ਕਿ ਮੈਂ ਤੁਹਾਡੇ ਵਰਗਾ ਹੀ ਇਕ ਗਰੀਬ ਕਿਸਾਨ ਹੁੰਦਿਆਂ, ਪੰਜਾਬ ਅਸੈਂਬਲੀ ਵਿਚ ਨੁਮਾਇੰਦਗੀ ਕਰਦਾ ਰਿਹਾ।

ਆਪਣੀ ਕਾਮਯਾਬੀ ਤੋਂ ਮਗਰੋਂ ਮੈਂ ਆਪਣੇ ਇਲਾਕੇ ਦੀ ਵੱਧ ਤੋਂ ਵੱਧ ਸੇਵਾ ਕਰਨ ਦੀ ਕੋਸ਼ਿਸ਼ ਕੀਤੀ ਹੈ ਤੇ ਕਿਸੀ ਗੱਲੋਂ ਕਦੀ ਵੀ ਕੋਈ ਕਸਰ ਨਹੀਂ ਉਠਾ ਰੱਖੀ ਜਿਦ੍ਹੇ ਕਾਰਨ ਕੇ ਮੇਰੇ ਇਲਾਕਾ ਨਿਵਾਸੀ ਪ੍ਰੇਸ਼ਾਨ ਹੋਣ।

ਹੁਣ ਆਜ਼ਾਦ ਹਿੰਦੋਸਤਾਨ ਦੀ ਪਹਿਲੀ "ਆਮ ਚੋਣ" (ਇਲੈਕਸ਼ਨ) ਹੈ ਤੇ ਏਹਦੇ ਵਿਚ ਆਪ ਵਲੋਂ ਚੁਣ ਕੇ ਘੱਲੇ ਹੋਏ ਨੁਮਾਇੰਦੇ ਹੀ ਪੰਜਾਬ ਅਸੈਂਬਲੀ ਵਿਚ ਕੰਮ ਕਰਨਗੇ। ਅੱਜ ਅੰਗਰੇਜ਼ ਦਾ ਜ਼ਮਾਨਾ ਨਹੀਂ, ਆਪ ਨੂੰ ਆਪਣੀ ਵੋਟ ਦਾ ਪੂਰਾ ਪੂਰਾ ਹੱਕ ਹੈ ਕਿ ਜੀਹਨੂੰ ਚਾਹੋ ਦਿਓ। ਪ੍ਰੰਤੂ ਆਪ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਆਪ ਦੀ ਇਕੋ ਗਲਤ ਵੋਟ ਨੇ ਹੀ ਸਾਰੀ ਬਣਤਰ ਵਿਚ ਫ਼ਰਕ ਪਾ ਦੇਣਾ ਹੈ। ਮੇਰਾ ਏਹ ਕੁਝ ਦਸਣ ਤੋਂ ਭਾਵ ਏਹ ਹੈ ਕਿ ਆਪ ਨੇ ਆਪਣੀ ਵੋਟ ਕਿਤੇ ਅਜੇਹੇ ਆਦਮੀ ਨੂੰ ਤਾਂ ਨਹੀਂ ਪਾਣੀ, ਜਿਹੜਾ ਆਜ਼ਾਦੀ ਦੀ ਮਹਾਨ ਲੜਾਈ ਵਿਚ, ਅੰਗਰੇਜ਼ ਦਾ ਚਮਚਾ ਬਣਿਆ ਰਿਹਾ। ਜਾਂ ਉਹਨੂੰ ਏਹ ਤਜਰਬਾ ਹੀ ਨਾ ਹੋਵੇ ਕਿ ਅਸੈਂਬਲੀ ਦੇ ਕੰਮ ਕਿਦਾਂ ਚਲਦੇ ਹਨ? ਕੋਈ ਵੀ ਸਰਮਾਇਦਾਰ ਜਾਂ ਫਿਰਕੂ ਲੀਡਰ ਆਪ ਦੀ ਸਹੀ ਨੁਮਾਇੰਦਗੀ ਨਹੀਂ ਕਰ ਸਕਦਾ।

ਸਜਣ ਜੀ, ਫ਼ਸਲੀ, ਬਟੇਰ ਤੇ ਬਰਸਾਤੀ ਡੱਡੂ ਕਦੀ ਵੀ ਆਪ ਲਈ ਚੰਗਾ ਨਹੀਂ ਸੋਚ ਸਕਣਗੇ। ਉਹ ਤਾਂ ਕੇਵਲ ਜਨਤਾ ਦੀਆਂ ਕਮਜ਼ੋਰੀਆਂ ਵੇਖ ਕੇ, ਭਾਂਤ-ਭਾਂਤ ਦੀਆਂ ਗੱਲਾਂ ਕਰਕੇ, ਗਰੀਬ ਤੇ ਮਜ਼ਦੂਰ ਪੇਂਡੂਆਂ ਨੂੰ ਵਰਗ਼ਲਾ ਕੇ ਆਪਣਾ ਉੱਲੂ ਸਿਧਾ ਕਰਨਾ ਚਾਹੁੰਦੇ ਹਨ। ਤੇ ਮੈਂ, ਅਪਣਾ ਏਹ ਫ਼ਰਜ਼ ਸਮਝਦਾ ਹਾਂ ਕਿ ਆਪ ਨੂੰ ਇਨ੍ਹਾਂ ਹਾਲਤਾਂ ਤੋਂ ਵਾਕਫ਼ ਕਰਾਂ।

ਏਹ ਹੋ ਸਕਦਾ ਹੈ ਕਿ ਪਿਛਲੇ ਸਾਲਾਂ ਵਿਚ ਅਸੈਂਬਲੀ ਦਾ ਮੈਂਬਰ ਹੁੰਦਿਆਂ, ਮੈਂ ਆਪ ਦੀ ਓਨੀ ਸੇਵਾ ਨਾ ਕਰ ਸਕਿਆ ਹੋਵਾਂ, ਪ੍ਰੰਤੂ ਏਹ ਗੱਲ ਆਪ ਨੂੰ ਪੂਰੇ ਵਿਸ਼ਵਾਸ ਤੇ ਸਚਾਈ ਨਾਲ ਦੱਸਣੀ ਚਾਹੁੰਦਾ ਹਾਂ ਕਿ ਮੈਂ ਅਥਾਹ ਕੋਸ਼ਿਸ਼ ਨਾਲ ਜ਼ੁੰਮੇਵਾਰੀ ਨੂੰ ਨਿਭਾਇਆ ਹੈ। ਤੇ ਜੇ ਕੋਈ ਤਰੁੱਟੀ ਕਿਸੀ ਕੰਮ ਵਿਚ ਰਹਿ ਵੀ ਗਏ ਹੋਵੇ ਤਾਂ ਉਹਦੀ ਜ਼ੁੰਮੇਵਾਰੀ ਤੋਂ ਮੈਂ ਦੂਰ ਹੀ ਹਾਂ।

ਨਵੀਂ ਨਵੀਂ ਗੌਰਮਿੰਟ ਸੀ, ਸੂਬੇ ਤੇ ਦੇਸ਼ ਨੂੰ ਅਥਾਹ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਹੈ। ਸ਼ਨਾਰਥੀ ਭਰਾਵਾਂ ਦਾ ਮਸਲਾ ਤੇ ਕਿਸਾਨਾਂ ਦੀਆਂ ਤਕਲੀਫਾਂ ਓਨੀ ਚੰਗੀ ਤਰ੍ਹਾਂ ਨਹੀਂ ਹੱਲ ਕੀਤੀਆਂ ਜਾ ਸਕੀਆਂ, ਜਿਦਾਂ ਕਿ ਹੋਣਾਂ ਚਾਹੀਦਾ ਸੀ। ਪ੍ਰੰਤੂ ਸਰਕਾਰ ਨੇ ਏਹਦੇ ਵਿਚ ਜਾਣ ਬੁਝ ਕੇ ਕੋਈ ਰੋੜਾ ਨਹੀਂ ਅਟਕਾਇਆ।

ਏਸ ਵੇਲੇ ਨਵੀਂ ਨਵੀਂ ਰਾਜ ਬਣਤਰ ਲਈ ਹੋ ਰਹੀ ਇਲੈਕਸ਼ਨ ਵਿਚ ਤੁਸੀਂ ਇਹੋ ਹੀ ਸੋਚਣਾ ਹੈ ਕਿ ਆਪ ਦੀ ਵੋਟ ਦਾ ਹੱਕ ਕਿਸ ਨੂੰ ਹੈ? ਵਧੇਰੇ, ਇਸੀ ਸਿਲਸਿਲੇ ਵਿਚ, ਮੈਂ, ਬਹੁਤ ਹੀ ਛੇਤੀ ਆਪ ਦੇ ਦਰਸ਼ਨ ਕਰ ਰਿਹਾ ਹਾਂ। ਮੇਰੇ ਲਾਇਕ ਕੋਈ ਸੇਵਾ

ਆਪ ਦਾ ਸਾਥੀ

ਕਾਬਲ ਸਿੰਘ ਗੋਬਿੰਦਪੁਰੀ, ਐਮ.ਐਲ.ਏ.

# ਹਫਤੇਵਾਰੀ 'ਪੰਜਾਬੀ ਜਨਤਾ' ਅਖ਼ਬਾਰ

ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਭਾਵੇਂ ਸਮਾਜਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਸੀ ਪ੍ਰੰਤੂ ਆਪਣੇ ਮੱਧਕਾਲੀਨ ਇਤਿਹਾਸਕ ਵਿਰਸੇ ਦੀਆਂ ਭਾਵਨਾਵਾਂ ਦੇ ਪ੍ਰਸੰਗ ਵਿਚ। ਉਹ ਦੇਸ਼ ਦੇ ਕੌਮੀ ਨੇਤਾਵਾਂ ਵਲੋਂ ਪੇਸ਼ ਕੀਤੀ ਜਾਂਦੀ ਸਮਾਜਵਾਦ ਦੀ ਵਿਆਖਿਆ ਤੋਂ ਵਧੇਰੇ ਪ੍ਰਭਾਵਤ੍ਹ ਸੀ। ਪਰ ਇਸ ਅੰਨੀ ਸ਼ਰਧਾ 'ਚ ਉਹ ਬਦਲੇ ਹੋਏ ਹਾਲਤਾਂ ਦੀ ਗਹਿਰਾਈ ਨੂੰ ਮਾਪ ਨਾ ਸਕੇ ਕਿ ਪੂੰਜੀਵਾਦੀ ਰਾਜ ਪ੍ਰਬੰਧ ਦੇ ਉਸਾਰੇ ਜਾ ਰਹੇ ਢਾਂਚੇ ਵਿਚ ਉਨ੍ਹਾਂ ਵਰਗੇ ਬਹੁਤ ਸਾਰੇ ਹੋਰ ਦੇਸ਼ਪ੍ਰਸਤ ਖ਼ੁਦਦਾਰਾਂ ਦੀ ਹੁਣ ਲੋੜ ਉੱਕਾ ਹੀ ਨਹੀਂ ਰਹੀ। ਉਹ ਮੰਚ-ਵਿਹੂਣਾ ਹੋ ਗਏ ਲੇਕਿਨ ਫਿਰ ਵੀ ਉਨ੍ਹਾਂ ਅਭਾਸ ਤੇ ਅਹਿਸਾਸਾਂ ਨੂੰ ਪ੍ਰਗਟ ਕਰਨ ਲਈ ਪੱਤਰਕਾਰੀ ਦਾ ਸਹਾਰਾ ਲੈਂਦਿਆਂ ਉਨ੍ਹਾਂ 'ਪੰਜਾਬੀ ਜਨਤਾ' ਰਾਹੀਂ ਆਪਣੇ ਵਿਚਾਰਾਂ ਨੂੰ ਪ੍ਰਸਤੁਤ ਕੀਤਾ ਜਿਸ ਨਾਲ ਇਹ ਮਾਣਮੱਤੀ ਸਖਸ਼ੀਅਤ ਇਤਿਹਾਸ ਵਿਚੋਂ ਗੁੰਮ ਹੋਣ ਤੋਂ ਬਚ ਗਈ।

ਆਜ਼ਾਦੀ ਤੋਂ ਪਿੱਛੋਂ ਬਦਲੇ ਹਾਲਾਤਾਂ ਤੋਂ ਜਾਣੂ ਤਾਂ ਸਨ ਪਰ ਉਹ ਇਸ ਦੀ ਗਹਿਰਾਈ ਨਾ ਜਾਣ ਸਕੇ। ਆਜ਼ਾਦ ਭਾਰਤ ਦੇ ਦੇਸੀ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਅਤੇ ਪੂੰਜੀਵਾਦੀ ਜਾਗੀਰਦਾਰੀ ਦੇ ਰਾਜ-ਪ੍ਰਬੰਧ ਨੂੰ ਨੰਗਾ ਕਰਨ ਦਾ ਬੀੜਾ ਚੁੱਕਿਆ ਅਤੇ ਇਸ ਜਦੋ ਜਹਿਦ ਨੂੰ ਜਾਰੀ ਰੱਖਣ ਲਈ ਸੰਨ 1955 ਵਿਚ ਉਨ੍ਹਾਂ ਜਲੰਧਰ ਸ਼ਹਿਰ ਤੋਂ ਹਫ਼ਤੇਵਾਰੀ ਅਖ਼ਬਾਰ 'ਪੰਜਾਬੀ ਜਨਤਾ' ਦੀ ਪ੍ਰਕਾਸ਼ਨਾ ਸ਼ੁਰੂ ਕੀਤੀ। ਅਖ਼ਬਾਰ ਰਾਹੀਂ ਉਨ੍ਹਾਂ ਨੇ ਸਿਆਸਤ ਵਿਚ ਗਿਰਾਵਟ, ਰਿਸ਼ਵਤਖੋਰੀ, ਨੈਸ਼ਨਲ ਕਰੈਕਟਰ ਵਿਚ ਆਏ ਨਿਘਾਰ ਦੇ ਖਿਲਾਫ਼ ਆਪਣੇ ਲੇਖਾਂ ਰਾਹੀਂ ਨੰਗਾ ਕਰਨ ਲਈ ਬੇਬਾਕ ਕਲਮ ਚਲਾਈ। ਉਨ੍ਹਾਂ ਦੀ ਕਲਮ ਦੇ ਨਮੂਨੇ ਵਜੋਂ ਪੇਸ਼ ਹੈ:

> "ਸੁਰਗਵਾਸੀ ਸਰ ਛੋਟੂ ਰਾਮ ਜੀ ਨੇ ਇਹ ਦੇਖ ਕੇ ਕਿ ਪੇਂਡੂਆਂ ਦੀ ਅਨਪੜ੍ਹਤਾ ਦਾ ਵਧ ਤੋਂ ਵੱਧ ਲਾਭ ਉਠਾਉਣ ਲਈ ਨਾ ਕੇਵਲ ਪੜ੍ਹਨ ਲਿਖਣ ਚਿ ਹੀ ਹੇਰਾ ਫੇਰੀ ਕੀਤੀ ਜਾਂਦੀ ਹੈ ਸਗੋਂ ਖਾਨ ਪੀਣ ਤੇ ਹੋਰ ਲੋੜੀਂਦੀਆਂ ਚੀਜ਼ਾਂ ਦਾ ਭਾ ਮੁਕਾ ਕੇ ਪੂਰੀਆਂ ਨਹੀਂ ਤੋਲੀਆਂ ਜਾਂਦੀਆਂ। ਕਈ ਦੁਕਾਨਦਾਰ ਤਾਂ ਵਟੇ ਹੀ ਘਟ ਤੋਲ ਦੇ ਰਖਦੇ ਹਨ। ਤੇ ਕਈ ਡੰਡੀ ਨੂੰ ਠੂੰਗਾ ਮਾਰ ਕੇ ਆਪਣਾ ਕੰਮ ਕਢ ਲੈਂਦੇ ਹਨ। ਇੰਜ ਪੇਂਡੂਆਂ ਦੇ ਪੱਲੇ ਕੁਝ ਨਹੀਂ ਪੈਂਦਾ ਉਨ੍ਹਾਂ ਦੀ ਜਿਨਸ ਲੈਣ ਸਮੇਂ ਤੋਲਨ ਮਾਪਨ ਦਾ ਢੰਗ ਹੀ ਹੋਰ ਹੈ। ਮਾਪ ਹੋਰ ਹੈ ਉਨ੍ਹਾਂ ਨੂੰ ਲੋੜਾਂ ਦੀਆਂ ਚੀਜਾਂ ਦੇਣ ਸਮੇਂ ਤੋਲਨ ਮਾਪਨ ਦਾ ਢੰਗ ਹੋਰ ਹੈ, ਇਸ ਲਈ ਉਸਨੇ ਵਟੇ ਘਟ ਵਧ ਹੋਣ ਤੇ ਤਕੜੀ ਦੀ ਕਾਣੀ ਡੰਡੀ ਦੇ ਵਿਰੁੱਧ ਬਹੁਤ ਜਹਾਦ ਕੀਤਾ। ਸਾਰੇ ਪਰੈਸ ਦੀ ਵਰੋਧਤਾ ਦੇ ਬਾਵਜੂਦ ਉਸਨੇ ਜਰੈਈ ਬਿਲ ਅਸੰਬਲੀ ਚਿ ਪੇਸ਼ ਕਰਕੇ ਕਾਨੂੰਨ ਬਨਵਾਏ। ਚੀਜ਼ਾਂ ਖਰੀਦਣ ਤੇ ਵੇਚਣ

ਸਪਤਾਹਿਕ
ਚੀਫ਼ ਐਡੀਟਰ
ਕਾਬਲ ਸਿੰਘ ਗੋਬਿੰਦਪੁਰੀ

—ਐਡੀਟਰ—
ਗੁਰਦਾਰੰ ਸਿੰਘ
ਨਾਗਰਾ

# ਪੰਜਾਬੀ ਜਨਤਾ

ਜਾਲੰਧਰ

ਚੰਦਾ
ਸਾਲਾਨਾ ੬)
ਛਿਮਾਹੀ ੩)॥

PUNJABI JANTA [WEEKLY] JULLUNDUR.

ਜਿਲਦ ੧} ਸ਼ੁਕਰਵਾਰ ੨੪ ਜੂਨ ੧੯੫੫ ਮੁਤਾਬਕ ੧੦ ਹਾੜ ਸੰਮਤ ੨੦੧੨ {ਨੰ: ੧

## ਕਿਸਾਨ ਨੂੰ ਆਵਾਜ਼

ਵਲੋਂ—ਸ: ਅਵਤਾਰ ਸਿੰਘ ਸਿਧਾ ਜਟ, ਛਿਡਨ

ਉਠ ਖਾਂ ਸਾਈਂ ਸੁਤਿਆ ਤੇਰੇ ਸਿਰ ਤੇ ਰਹੀ ਪੁਕਾਰ,
ਕਿਥੇ ਆਸਾਂ ਰਖੀਆਂ ਅਜ ਕੋਈ ਨਹੀਓਂ ਤੇਰਾ ਯਾਰ।
ਲੋਕੀਂ ਹਾਰੀਆਂ ਬਾਜ਼ੀਆਂ ਜਿਤ ਗਏ ਅਸੀਂ ਜਿਤੀਆਂ ਚਲੇ ਹਾਰ,
ਸਾਨੂੰ ਕਿਸੇ ਬੰਨੇ ਉਹ ਲਗਣ ਨਾ ਦਿੰਦੇ ਜਿਹੜੇ ਪਾਲੇ ਤੂੰ ਪੂੰਜੀਦਾਰ।
ਸਾਡਾ ਓਹਨਾਂ ਦਾ ਸਾਕ ਕੀ ਏ ਜਿਹੜੇ ਸਰ ਸਰਦਾਰ,
ਉਹ ਆਂਡੇ ਬਿਸਕੁਟ ਖਾਂਦੇ ਜੱਟਾ ਤੇਰੇ ਲਈ ਜਵਾਰ।
ਦੁਖੀ ਦਾ ਪਤਾ ਦੁਖੀ ਨੂੰ ਸੁਖੀ ਕੀ ਜਾਣੇ ਸਾਰ,
ਅਜ ਕਿਉਂ ਨਹੀਂ ਮੇਰੀ ਮੰਨਦਾ ਕੀ ਵੇਹਨਾਂ ਵਾਰ ਕੁਵਾਰ।
ਉਹ ਗੱਲਾਂ ਤੈਨੂੰ ਭੁਲੀਆਂ ਕੀਤੇ ਜੋ ਇਕਰਾਰ,
ਲੜ ਲੱਗੀ ਦੀ ਰਖ ਲੈ ਕੁਝ ਤੇ ਸੋਚ ਵਿਚਾਰ।
ਉਨ ਸਮਝਾ ਲੈ ਸਾਥੀਆਂ ਕੋਈ ਮਿਠੀ ਕਰ ਗੁਫਤਾਰ।
ਪੂੰਜੀਦਾਰ ਕੀ ਲਗਦੇ ਇਹਨਾਂ ਆਖਰ ਜਾਣਾ ਈ ਹਾਰ।
ਅਸਾਂ ਰਲਕੇ ਏਥੇ ਵਸਨਾ ਮਿਲ ਕਿਉਂ ਨਾ ਕਰੀਏ ਪਿਆਰ,
ਅਜ ਲੈ ਗਏ ਵੇਹਲੜ ਲੁਟਕੇ ਕਿਥੋਂ ਪਈ ਬਲੋਚਾਂ ਧਾੜ।
ਲੰਡੀ ਬੁਚੀ ਅਜ ਲੁਟ ਰਹੀ ਜਟਾ ਉਠ ਲਲਕਾਰਾ ਮਾਰ,
ਉਦਮ ਪਿਛੇ ਲਛਮੀ ਕਹਿੰਦਾ ਸਭ ਸੰਸਾਰ।
ਅਜ ਕੁਤਿਆਂ ਤੇ ਟੈਕਸ ਲਗ ਗਏ ਕੋਈ ਖੇਡੇ ਨਾ ਸ਼ਿਕਾਰ,
ਤੂੰ ਕਿਉਂ ਸੁਸਤ ਵਸਾਰ ਲਈ ਸਭ ਲੋਕੀਂ ਹੋਏ ਤਿਆਰ।
ਵਾਂਗ ਕਮਾਨ ਦੇ ਝੁਕ ਰਿਹੋਂ ਤੇਰੀ ਪਿਠ ਤੇ ਪੈ ਗਿਆ ਭਾਰ।
ਹੁਣ 'ਸਿੱਧਾ' ਹੋ ਜਾ ਸਜਣਾਂ ਭਜਣ ਸਭ ਭੰਡਾਰ।

ਵਾਲਿਆਂ ਦੀਆਂ ਸਾਂਝੀਆਂ ਕਮੇਟੀਆਂ ਬਨਵਾਈਆਂ ਤਾਂ ਕਿ ਗਾਹਕਾਂ ਤੇ ਕਿਸਾਨਾਂ ਨੂੰ ਨਾ ਕੇਵਲ ਲੋੜੀਂਦੀਆਂ ਚੀਜ਼ਾਂ ਠੀਕ ਠਾਕ ਮਿਲ ਸਕਣ ਸਗੋਂ ਉਨ੍ਹਾਂ ਦੀ ਜਿਨਸ ਵੀ ਠੀਕ ਠਾਕ ਤੋਲੀ ਮਾਪੀ ਜਾ ਸਕੇ। ਉਨ੍ਹਾਂ ਨਾਲ ਛੇ ਛੀਕਾ ਛਿਆਟ ਦਾ ਵਰਤਾਓ ਨਾ ਹੋ ਸਕੇ। ਪਰ ਉਸ ਗਰੀਬ ਨੂੰ ਕੀ ਪਤਾ ਸੀ ਕਿ ਅਸੀਂ ਵਿਚੋਂ ਬੋਦੇ ਹੋ ਚੁੱਕੇ ਹਾਂ, ਖੋਖਲੇ ਹੋ ਚੁਕੇ ਹਾਂ, ਸਾਡਾ ਕਰੈਕਟਰ-ਚਲਨ ੧੯੪੭ ਦੇ ਫਸਾਦਾਂ 'ਚ ਨੰਗੇ ਰੂਪ ਵਿਚ ਸਾਹਮਣੇ ਆਇਆ। ਉਨ੍ਹੀਂ ਦਿਨੀ ਜੋ ਇਨਸਾਨੀਅਤ ਤੋਂ ਨੀਵੇਂ, ਗਏ ਗੁਜਰੇ, ਵਾਕਆਤ ਹੋਏ, ਜੋ ਅਣਖ ਹੀਨ ਤੇ ਦਰਿੰਦਗੀ ਦੀਆਂ ਘਟਨਾਵਾਂ ਵਾਪਰੀਆਂ ਉਨ੍ਹਾਂ ਦੀ ਯਾਦ ਆਉਂਦਿਆਂ ਹੀ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ। ਕੱਚੀਆਂ ਤਰੇਲੀਆਂ ਆ ਜਾਂਦੀਆਂ ਹਨ। ਸਾਰਾ ਸਰੀਰ ਪਾਣੀ ਪਾਣੀ ਹੋ ਜਾਂਦਾ ਹੈ। ਦੁੱਖ ਦੀ ਗੱਲ ਤਾਂ ਏਹ ਹੈ ਕਿ ਦੇਸ ਅਜ਼ਾਦ ਹੋ ਜਾਣ ਦੇ ਬਾਵਜੂਦ ਅਸੀਂ ਸੰਭਲ ਨਹੀਂ ਸਕੇ। ਉਸ ਨੀਵੀਂ ਪੱਧਰ ਤੋਂ ਉਚੇਰਾ ਨਹੀਂ ਉਠ ਸਕੇ।

ਹਾਂ! ਜਿਵੇਂ ਕਿਸੇ ਲਕੀਰ ਨੂੰ ਛੋਟਾ ਦਰਸਾਉਣ ਲਈ ਉਸ ਦੇ ਪਾਸ ਵੱਡੀ ਲਕੀਰ ਕੱਢ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਅਸੀਂ ਆਪਣੇ ਨੀਵੇਂਪਨ ਨੂੰ, ਗਰਾਵਟ ਨੂੰ, ਚਲਨ ਹੀਣ, ਅਣਖ ਹੀਣ ਜੀਵਨ ਨੂੰ ਹਕ-ਬਜਾਨਬ ਠੈਰਾਉਣ ਲਈ ਤੋਲਨ-ਨਾਪਨ ਦਾ ਗਜ਼ ਹੀ ਬਦਲ ਲਿਆ ਹੈ। ਹੁਣ ਦੋਸਤੀ, ਦੇਸ਼ ਭਗਤੀ, ਸਿਆਣਪ ਭਲਮਨਸਊ ਤੇ ਇਨਸਾਨੀਅਤ ਹਰ ਸ਼ੈ ਪੈਸੇ ਦੇ ਗਜ਼ ਨਾਲ ਮਾਪੀ ਜਾਣ ਲਗ ਪਈ ਹੈ। ਏਸ ਦੇ ਸਿੱਟੇ ਵਜੋਂ ਖੁਸ਼ਾਮਦ, ਚਾਪਲੋਸੀ ਤੇ ਬੇ-ਹਿਯਾਈ ਦੀ ਕਦਰ ਵਧ ਗਈ ਹੈ। ਇਨਸਾਨੀ ਕਦਰਾਂ ਹੀ ਬਦਲ ਗਈਆਂ ਹਨ। ਨਤੀਜਾ ਏਹ ਨਿਕਲਿਆ ਹੈ ਕਿ 'ਚੋਰ ਉਚੱਕਾ ਚੌਧਰੀ ਗੁੰਡੀ ਰੰਨ ਪਰਧਾਨ' ਵਾਲੀ ਗੱਲ ਹੋ ਗਈ ਹੈ।

ਜਿਨ੍ਹਾਂ ਭਦਰ ਪੁਰਸ਼ਾਂ ਨੇ ੧੯੪੭ ਚਿ ਮਾਸੂਮ ਬੱਚਿਆਂ ਦੇ ਘਾਣ ਲਾਹੇ, ਲੁਟ ਮਾਰ 'ਚ ਹਿੱਸਾ ਲਿਆ, ਮਜ਼ਹਬ ਤੇ ਧਰਮ ਦੇ ਨਾਂ ਪੁਰ ਨੀਵੀਆਂ ਤੇ ਘ੍ਰਿਨਤ ਹ੍ਰਕਤਾਂ ਕੀਤੀਆਂ, ਚੌਦਾਂ ਅਗਸਤ ੧੯੪੭ ਦੀ ਰਾਤ ਮੁਕਦਿਆਂ ਹੀ ਟਕਸਾਲੀ ਕਾਂਗ੍ਰਸੀ ਬਣ ਬੈਠੇ। ਉਨ੍ਹਾਂ ਨੰਗੇ ਰੂਪ ਵਿਚ ਮਾਸ ਦੀਆਂ ਬੋਟੀਆਂ ਤੇ ਮੋਟਰਾਂ ਦੀਆਂ ਚਾਸੀਆਂ ਲਈ ਨਿਰਾ ਆਪਣੇ ਆਪ ਨੂੰ ਨਹੀਂ ਸਗੋਂ ਕਾਂਗਰਸ ਵਰਗੀ ਜਮਾਤ ਨੂੰ ਵੀ ਵੇਚ ਦਿੱਤਾ। ਉਨ੍ਹਾਂ ਆਪਣੇ ਮੌਕਾ ਤਾੜੂ ਕਰੈਕਟਰ ਨੂੰ ਹਕ ਬਜਾਨਬ ਠੈਰਾਉਣ ਲਈ ਸੈਕੂਲਰਇਜ਼ਮ ਦੀ ਆੜ ਵਿਚ ਫਿਰਕੂ ਖਿਆਲਾਂ ਨੂੰ ਪਰਚਾਰਿਆ। ਉਨ੍ਹਾਂ ਨੇ ਖੁਸ਼ਾਮਦੀਆਂ ਬਸਤਾ-ਬਰਦਾਰਾਂ, ਗੜਵਈਆਂ ਤੇ ਗੁਲ ਠੋਰੂਆਂ,

ਚਮਚਿਆਂ ਨੂੰ ਹਲਾਸ਼ੇਰੀ ਹੀ ਨਹੀਂ ਦਿਤੀ ਸਗੋਂ ਉਨ੍ਹਾਂ ਦੀ ਬੇ-ਹਿਯਾਈ ਨੂੰ ਸੈਕੂਲਰ ਇਜ਼ਮ ਤੇ ਦੇਸ਼ ਭਗਤੀ ਮਾਪਨ ਦਾ ਗਜ਼ ਬਣਾਇਆ। ਉਨ੍ਹਾਂ ਦੀ ਦਲਾਲੀ ਦਾ ਮੁੱਲ ਸਾਰੇ ਸੂਬੇ ਦੀ ਵਿਰੋਧਤਾ ਦੇ ਬਾਵਜੂਦ ਵਜ਼ੀਰੀਆਂ, ਰੂਟਾਂ ਤੇ ਮੈਂਬਰੀਆਂ ਦੀ ਸ਼ਕਲ 'ਚ ਦਿਤਾ।"[85]

'ਪੰਜਾਬੀ ਜਨਤਾ' ਦੀਆਂ ਉਪਲਬੱਧ ਫਾਈਲਾਂ ਵਿਚ ਉਨ੍ਹਾਂ ਦੁਆਰਾ ਲਿਖੇ ਲੇਖ ਤੇ ਹੋਰ ਲਿਖਤਾਂ ਤੋਂ ਜ਼ਾਹਰ ਹੈ ਕਿ ਉਨ੍ਹਾਂ ਦੀ ਆਤਮਾ ਕਿੰਨੀ ਦੁਖੀ ਸੀ, ਦੇਸ਼ ਦੇ ਹਾਕਮਾਂ ਦੇ ਕਿਰਦਾਰ ਨੂੰ ਦੇਖ ਕੇ ਆਖਰ ਪਿੰਡ ਦਾ ਮੋਹ ਜਾਗਿਆ ਤੇ ਉਮਰ ਦੇ ਆਖਰੀ ਪੰਧ ਪਿੰਡ ਵਿਚ ਰਹਿ ਕੇ ਜਨਮ ਭੌਂ ਦੀ ਬਿਹਤਰੀ ਲਈ ਉਹ ਲਾਉਣ ਖਾਤਰ ਜਲੰਧਰ ਸ਼ਹਿਰ ਤੋਂ ਪਿੰਡ ਆ ਗਏ।

## ਪਿੰਡ ਵਾਪਸੀ

ਉਹ ਸੰਨ 1962 ਵਿਚ ਆਪਣੇ ਪਿੰਡ ਗੋਬਿੰਦਪੁਰ ਵਿਖੇ ਆ ਗਏ। ਉਨ੍ਹਾਂ ਹੁਣ ਆਪਣਾ ਸਾਰਾ ਧਿਆਨ ਪਿੰਡ ਦੇ ਵਿਕਾਸ ਅਤੇ ਲੋਕਾਂ ਦੀ ਭਲਾਈ ਦੇ ਕਾਰਜ਼ਾਂ ਵੱਲ ਲਾ ਦਿੱਤਾ ਅਤੇ ਪਿੰਡ ਵਾਸੀਆਂ ਨੂੰ ਸਾਂਝੇ ਕਾਰਜਾਂ ਲਈ ਤਨ ਮਨ ਧਨ ਨਾਲ ਸੇਵਾ ਕਰਨ ਲਈ ਪ੍ਰੇਰਿਆ। ਉਨ੍ਹਾਂ ਨੂੰ ਪਿੰਡ ਦੇ ਸਰਪੰਚ ਸਰਬਸੰਮਤੀ ਨਾਲ ਬਣਾਇਆ ਗਿਆ ਸੀ।

ਉਂਜ ਉਹ ਜਲੰਧਰ ਰਹਿੰਦਿਆਂ ਹੀ ਆਪਣੇ ਇਲਾਕੇ ਦੀਆਂ ਭਖ਼ਦੀਆਂ ਲੋੜਾਂ 'ਪੰਜਾਬੀ ਜਨਤਾ' ਅਖ਼ਬਾਰ ਰਾਹੀਂ ਸਰਕਾਰ ਦੇ ਧਿਆਨ 'ਚ ਲਿਆਉਂਦੇ ਰਹੇ ਸਨ। ਸ਼ਿੱਦਤ ਉਦੋਂ ਬਣ ਗਈ ਜਦੋਂ ਭਾਰੀ ਬਰਸਾਤਾਂ ਨਾਲ ਦੁਆਬਾ ਹਾਲੋਂ ਬੇਹਾਲ ਹੋ ਗਿਆ ਸੀ। ਸੇਮ ਨਾਲ ਸਾਲ ਭਰ ਜ਼ਮੀਨ ਬੱਤਰ ਨਹੀਂ ਸੀ ਆਈ। ਉਦੋਂ ਉਨ੍ਹਾਂ ਨੇ ਸਰਕਾਰ ਦੇ ਧਿਆਨ ਵਿਚ ਲਿਆਉਣ ਲਈ ਹੇਠ ਲਿਖੀਆਂ ਮੁਸ਼ਕਿਲਾਂ ਨੂੰ ਵੀ ਪੇਸ਼ ਕੀਤਾ ਸੀ ਕਿ "ਤਹਿਸੀਲ ਨਵਾਂਸ਼ਹਿਰ ਦੇ ਥਾਣਾ ਬੰਗਾ ਦੇ ਭੀਨ, ਗੁੱਜਰਪੁਰ ਕਲਾਂ, ਪੱਲੀ ਉੱਚੀ, ਪੱਲੀ ਝਿੱਕੀ, ਕੋਈ ਪੱਲੀ, ਸੁੱਜੋਂ, ਸੂਰਾਪੁਰ, ਭੌਰਾ, ਲਧਾਣਾ, ਝਿੱਕਾ ਤੇ ਲਧਾਣਾ ਉੱਚਾ, ਬਾਲ੍ਹੋ, ਪਦੀ ਮਟਵਾਲੀ, ਪਠਲਾਵਾ, ਮੌਰਾਂਵਾਲੀ, ਗੁੱਜਰਪੁਰ, ਗੋਬਿੰਦਪੁਰ, ਬਾਲੋਂ, ਅਟਾਰੀ, ਰਾਮਪੁਰੀ, ਲਾਦੀਆਂ, ਕਟਾਰੀਆਂ, ਚੇਤਾ, ਕੰਗਰੌੜ, ਰਾਣੀਪੁਰ, ਨਿਮਾਣੇ ਤੇ ਲੱਖਪੁਰ ਸਾਹਨੀ ਆਦਿ ਪਿੰਡਾਂ ਦੀ 20,000 ਹਜ਼ਾਰ ਏਕੜ ਦੇ ਕਰੀਬ ਜ਼ਮੀਨ ਵਿਚ ਸੇਮ ਪੈ ਗਈ।

1. ਵੇਈਂ ਨੂੰ ਛੇਤੀ ਤੋਂ ਛੇਤੀ ਟਰੇਂਡ ਕੀਤੀ ਜਾਵੇ। ਅਰਥਾਤ ਏਨੀ ਡੂੰਘੀ ਕੀਤੀ ਜਾਵੇ ਕਿ ਉਸਦਾ ਪਾਣੀ ਬਾਹਰ ਨਾ ਆਵੇ।

2. ਕੋਟ ਫਤੂਹੀ ਤੋਂ ਬੰਗਾ ਵਾਲੇ ਰਾਹ ਵਿਚ ਨਹਿਰ ਦਾ ਪੁਲ ਬਣਾਇਆ ਜਾਵੇ।

3. ਗੋਬਿੰਦਪੁਰ ਉਸਦੀ, ਸਿਆਸੀ ਮਹੱਤਤਾ ਦੇ ਪੇਸ਼ ਨਜ਼ਰ ਮੌਡਲ ਪਿੰਡ ਬਣਾਇਆ ਜਾਵੇ।[86]

ਉਕਤ ਮੰਗਾਂ ਦੇ ਸਬੰਧ ਵਿਚ ਇਕ ਮੰਗ ਪੱਤਰ ਇਲਾਕੇ ਦੇ ਪਤਵੰਤਿਆਂ ਵੱਲੋਂ ਘੱਲਿਆ ਗਿਆ। ਉਨ੍ਹਾਂ ਅੱਗੇ ਲਿਖਿਆ ਕਿ "ਉਪਰੋਕਤ ਮੰਗਾਂ ਦੀ ਪੂਰਤੀ ਤੋਂ ਬਿਨਾਂ ਇਲਾਕੇ ਦੀ ਉੱਕੀ ਤਰਜਮਾਨੀ ਨਹੀਂ ਹੋ ਸਕਦੀ।" ਇਨ੍ਹਾਂ ਮੰਗਾਂ ਨੂੰ ਉਨ੍ਹਾਂ ਵੱਲੋਂ ਮੁੱਖ ਮੰਤਰੀ ਪੰਜਾਬ ਸ. ਪ੍ਰਤਾਪ ਸਿੰਘ ਕੈਰੋਂ ਦੇ ਵਿਸ਼ੇਸ਼ ਤੌਰ ਤੇ ਧਿਆਨ ਵਿਚ ਲਿਆਂਦੀਆਂ ਸਨ।

ਮਾਸਟਰ ਜੀ ਨੂੰ ਅਹਿਸਾਸ ਹੋਣਾ ਕੁਦਰਤੀ ਸੀ ਕਿ ਉਨ੍ਹਾਂ ਦੀਆਂ ਸੇਵਾਵਾਂ ਪਿੰਡ ਨੂੰ ਪ੍ਰਦਾਨ ਹੋਣ। ਸ਼ਹਿਰੀ ਮਸ਼ਰੂਫ਼ੀਅਤ ਕਾਰਨ ਪਿੰਡ ਤੋਂ ਕੋਈ ਨਾ ਕੋਈ ਹੋਰ ਇਸ ਜਿੰਮੇਵਾਰੀ ਨੂੰ ਸੰਭਾਲਦਾ ਪਰ ਇੰਝ ਨਾ ਹੋ ਸਕਿਆ। ਇਸ ਸਾਰੇ ਕੁਝ ਨੂੰ ਦੇਖਕੇ ਮਾਸਟਰ ਜੀ ਨੇ ਇਕ ਤੋਂ ਬਾਅਦ ਦੂਜੀ ਤੇ ਦੂਜੀ ਤੂੰ ਬਾਅਦ ਤੀਜੀ ਸਹੂਲਤ ਮੁਹੱਈਆ ਕਰਵਾਉਣ ਦਾ ਬੀੜਾ ਚੁੱਕ ਲਿਆ। ਉਨ੍ਹਾਂ ਦੀ ਸਖ਼ਸ਼ੀਅਤ ਦਾ ਸਦਕਾ ਹੀ ਪਿੰਡ ਵਿਚ ਲੋਕਾਂ ਨੂੰ ਉਹ ਸਹੂਲਤਾਂ ਪ੍ਰਾਪਤ ਹੋਈਆਂ ਜਿਹੜੀਆਂ ਆਮ ਪਿੰਡਾਂ ਨੂੰ ਅਜ ਤਕ ਵੀ ਮੁਹੱਈਆ ਨਹੀਂ ਹੋ ਸਕੀਆਂ। ਜਿਵੇਂ ਸਕੂਲ, ਪੰਚਾਇਤ ਘਰ, ਪਟਵਾਰਖਾਨਾ, ਪਸ਼ੂਆਂ ਦਾ ਹਸਪਤਾਲ ਤੇ ਡਿਸਪੈਂਸਰੀ ਆਦਿ ਬਣਵਾਏ ਗਏ ਜੋ ਉਨ੍ਹਾਂ ਦੀ ਘਾਲਣਾ ਦਾ ਸਾਖਸ਼ਾਤ ਸਬੂਤ ਹੈ। ਇਨ੍ਹਾਂ ਕਾਰਜਾਂ ਵਿਚ ਪਿੰਡ ਵਾਸੀਆਂ ਦੀ ਆਪਣੀ ਘਾਲਣਾ ਵੀ ਸੀ। ਆਪ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਸੀ ਕਿ 1965 ਵਿਚ ਤਤਕਾਲੀ ਵਿਦਿਆ ਮੰਤਰੀ ਪ੍ਰਬੋਧ ਚੰਦਰ ਨੂੰ ਬੁਲਾ ਕੇ ਸਕੂਲ ਨੂੰ ਦੇਸ਼ ਭਗਤ ਮੈਮੋਰੀਅਲ ਹਾਇਰ ਸੈਕੰਡਰੀ ਸਕੂਲ ਵਜੋਂ ਅਪਗ੍ਰੇਡ ਕਰਨ ਦਾ ਐਲਾਨ ਕਰਾਉਣ ਉਪਰੰਤ ਨੀਂਹ-ਪੱਥਰ ਰੱਖਣ ਦਾ ਕਾਰਜ ਪੂਰਾ ਕੀਤਾ। ਬੰਗਿਆਂ ਤੋਂ ਗੋਬਿੰਦਪੁਰ ਤੱਕ ਸੜਕ ਬਣਵਾ ਕੇ ਅਗਲੇ ਪਿੰਡਾਂ ਦੀਆਂ ਲਿੰਕ ਸੜਕਾਂ ਨੂੰ ਬਣਵਾਉਣ ਲਈ ਉਨ੍ਹਾਂ ਦੀ ਵਿਸ਼ੇਸ਼ ਭੂਮਿਕਾ ਸੀ।

ਉਨ੍ਹਾਂ ਨੇ ਬੰਗਿਆਂ ਤੋਂ ਲੈ ਕੇ ਗੋਬਿੰਦਪੁਰ ਤੇ ਉਸ ਤੋਂ ਅੱਗੇ ਦੇ ਪਿੰਡਾਂ ਵਾਲਿਆਂ ਨੂੰ ਪ੍ਰੇਰਿਤ ਕੀਤਾ ਕਿ ਜੋ ਵੀ ਕੋਈ ਯੋਗਦਾਨ ਪਾ ਸਕਦਾ ਹੋਵੇ, ਪੁਆਇਆ ਤੇ ਸੜਕ ਪੂਰੀ ਕਰਵਾਈ। ਉਨ੍ਹਾਂ ਨੇ ਅਗਾਂਹ ਦੇ ਪਿੰਡਾਂ ਨੂੰ ਸੜਕ ਪਹਿਲਾਂ ਬਣਵਾਈ ਤੇ ਆਪਣੇ ਪਿੰਡ ਦੇ ਘਰਾਂ ਨੂੰ ਜਾਣ ਵਾਲੀ ਬਾਅਦ ਵਿਚ।

ਇਸ ਤੋਂ ਬਾਅਦ ਪਿੰਡ ਦਾ ਸਕੂਲ ਜੋ ਕਿ ਉਦੋਂ ਸਿਰਫ਼ ਪੰਜਵੀਂ ਤੱਕ ਸੀ, ਉਹ ਨੂੰ ਮਿਡਲ ਤਕ ਕਰਵਾਇਆ, (ਹੁਣ ਮਾਸਟਰ ਜੀ ਦੇ ਨਾਂ 'ਤੇ ਹਾਇਰ ਸੈਕੰਡਰੀ ਸਕੂਲ ਬਣ ਗਿਆ ਹੈ।) ਉਨ੍ਹਾਂ ਪਿੰਡ ਦੇ ਨਾਲ ਲੱਗਦੀ ਵੇਈਂ ਡੂੰਘੀ ਕਰਵਾਈ ਤਾਂ ਕਿ ਬਰਸਾਤ ਦਾ ਪਾਣੀ ਉਸ ਵਿਚ ਇਕੱਠਾ ਹੋਵੇ ਤੇ ਫ਼ਸਲਾਂ ਦਾ ਨੁਕਸਾਨ ਘੱਟ ਹੋਵੇ। ਵੇਈਂ ਉਪਰ ਪੁਲ ਬਣਵਾ ਕੇ ਆਲੇ-ਦੁਆਲੇ ਪਿੰਡਾਂ ਵਾਲਿਆਂ ਨੂੰ ਆਉਣ-ਜਾਣ ਅਸਾਨ ਕਰਾਇਆ। ਪੰਚਾਇਤ ਘਰ ਬਣਵਾਇਆ। ਪਿੰਡ ਤੇ ਇਲਾਕੇ ਵਿਚ ਨੇੜੇ-ਤੇੜੇ ਕੋਈ ਵੀ ਪਸ਼ੂਆਂ ਦਾ ਹਸਪਤਾਲ ਨਹੀਂ ਸੀ। ਉਨ੍ਹਾਂ ਪਸ਼ੂਆਂ ਦਾ ਹਸਪਤਾਲ ਬਣਵਾਇਆ, ਜੰਞ ਘਰ ਬਣਾਇਆ। ਔਰਤਾਂ ਦੇ ਜਣੇਪੇ ਦੀਆਂ ਮੁਸ਼ਕਿਲਾਂ ਨੂੰ ਨਜਿੱਠਣ ਲਈ ਪਿੰਡ ਵਿਚ ਡਿਸਪੈਂਸਰੀ ਬਣਵਾਈ ਕਿਉਂਕਿ ਕੁਝ ਕੇਸ ਇਹੋ ਜਿਹੇ ਹੋ ਗਏ ਸਨ

ਕਿ ਪਿੰਡ ਦੀਆਂ ਜ਼ਨਾਨੀਆਂ ਨੂੰ ਜਣੇਪੇ ਵੇਲੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਬੰਗਿਆ ਤੱਕ ਪਹੁੰਚਦਿਆਂ-ਪਹੁੰਚਦਿਆਂ ਕੁਝ ਦਰਦਨਾਕ ਘਟਨਾਵਾਂ ਵੀ ਵਾਪਰ ਚੁੱਕੀਆਂ ਸਨ। ਇਸ ਲਈ ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਪਿੰਡ ਵਿਚ ਡਿਸਪੈਂਸਰੀ ਜ਼ਰੂਰ ਹੋਣੀ ਚਾਹੀਦੀ ਹੈ। ਵਕਤ-ਵਕਤ 'ਤੇ ਲੋਕਾਂ ਦੀ ਮੰਗ ਮੁਤਾਬਿਕ ਉਨ੍ਹਾਂ ਨੇ ਬੀਬੀਆਂ/ ਭੈਣਾਂ ਲਈ ਸਿਲਾਈ ਸਕੂਲ ਦਾ ਵੀ ਪ੍ਰਬੰਧ ਕੀਤਾ।

ਉਹ ਇਹ ਸਾਰੇ ਕੰਮ ਕੁਝ ਲੋਕਾਂ ਦੇ ਯੋਗਦਾਨ ਰਾਹੀਂ ਤੇ ਕੁਝ ਆਪਣੀ ਕਲਮ ਦੇ ਜ਼ੋਰ ਨਾਲ ਕਰਵਾਏ ਸਨ। ਮਗਰੋਂ ਕਾਫੀ ਸਾਲ ਉਨ੍ਹਾਂ ਦੀ ਸਿਹਤ ਬਹੁਤ ਠੀਕ ਨਹੀਂ ਸੀ। ਉਹ ਦਿਲ ਦੇ ਮਰੀਜ਼ ਸਨ। ਪਰ ਫਿਰ ਵੀ ਉਹ ਲੋਕ ਭਲਾਈ ਦੇ ਕੰਮਾਂ ਤੋਂ ਕਦੀ ਅਵੇਸਲੇ ਨਹੀਂ ਸਨ ਹੁੰਦੇ। ਮਾਸਟਰ ਜੀ ਨੇ ਕਈ ਬੇਸਹਾਰਾ ਲੋਕਾਂ ਨੂੰ ਪੈਨਸ਼ਨਾਂ ਲਗਵਾ ਕੇ ਦਿੱਤੀਆਂ ਜਿਨ੍ਹਾਂ ਦੀ ਆਮਦਨ ਦਾ ਕੋਈ ਜ਼ਰੀਆ ਨਹੀਂ ਸੀ।

ਅੱਜ ਵੀ ਪਿੰਡ ਵਿਚ ਦਾਖਲ ਹੁੰਦਿਆਂ ਉਨ੍ਹਾਂ ਦਾ ਇਹ ਕੀਰਤੀਮਾਨ, ਉਸਰੀਆਂ ਸਾਂਝੀਆਂ ਇਮਾਰਤਾਂ ਵਿਚੋਂ ਉਸਦੇ ਮਹਾਨ ਵਿਅਕਤੀਤਵ ਦੀ ਝਲਕ ਪੈਂਦੀ ਹੈ।

## ਸਦੀਵੀ ਵਿਛੋੜਾ

ਮਾਸਟਰ ਕਾਬਲ ਸਿੰਘ ਇਕ ਵਿਲੱਖਣ ਸਖ਼ਸ਼ੀਅਤ ਵਾਲੇ ਸੱਚੇ ਦੇਸ਼ ਭਗਤ ਸਨ। ਸ਼ਾਇਦ ਅਜ਼ਾਦੀ ਸੰਗਰਾਮ ਦੇ ਇਤਿਹਾਸ ਵਿਚ ਉਨ੍ਹਾਂ ਨੂੰ ਛੋਟੀ ਉਮਰ ਵਿਚ ਦਿੱਤੀ ਬੈਂਤਾਂ ਦੀ ਸਜ਼ਾ ਪਹਿਲੀ ਘਟਨਾ ਸੀ ਜਿਹੜੀ ਏਨੀ ਚਰਚਿਤ ਹੋਈ ਕਿ ਪਾਰਲੀਮੈਂਟ ਵਿਚ ਉਸ ਦੀਆਂ ਗੂੰਜਾਂ ਪਈਆਂ ਅਤੇ ਸਰਕਾਰ ਨੂੰ ਅਗੋਂ ਅਜਿਹਾ ਅਣਮਨੁੱਖੀ ਕਾਰੇ ਤੇ ਰੋਕ ਲਾਉਣ ਦੀ ਹਦੈਤ ਕੀਤੀ ਗਈ ਸੀ। ਉਨ੍ਹਾਂ ਨੂੰ ਆਪਣੀ ਦੇਸ ਭਗਤੀ ਦੇ ਸਿਰੜ ਕਾਰਨ ਆਪਣੇ ਯੁੱਧ ਸਾਥੀਆਂ ਨਾਲ ਸਮੇਂ-ਸਮੇਂ ਵਿਰੋਧ ਦਾ ਸਾਹਮਣਾ ਕਰਨਾ ਪਿਆ ਤੇ ਆਪਣੇ ਯੁੱਧ ਸਾਥੀਆਂ ਦੀਆਂ ਸ਼ਹਾਦਤਾਂ ਦਾ ਘਟਨਾਕ੍ਰਮ ਵੀ ਬਰਦਾਸ਼ਤ ਕਰਨਾ ਪਿਆ ਪਰ ਉਹ ਆਪਣੀ ਸੋਚ ਤੇ ਪਰਪੱਕ ਅਤੇ ਦ੍ਰਿੜਚਿਤ ਰਹੇ। ਪੰਜਾਬ ਵਿਚ ਗੁਰਦੁਆਰਾ ਲਹਿਰ ਤੋਂ ਅਜ਼ਾਦੀ ਤੱਕ ਉਨ੍ਹਾਂ ਦੇ ਨਿਵੇਕਲੇ ਕਿਰਦਾਰ ਕਰਕੇ ਸ਼ਹੀਦ ਬਲਵੰਤ ਸਿੰਘ ਦੁਖੀਆ, ਅਰਜਨ ਸਿੰਘ ਸੱਚ ਅਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਤਿਕੜੀ ਵਜੋਂ ਬੜੀ ਪ੍ਰਸਿੱਧ ਸੀ। (ਸ਼ਹੀਦ ਬਲਵੰਤ ਸਿੰਘ ਦੁਖੀਆ ਆਪਣੇ ਸਿਰੜ ਨੂੰ ਪੁਗਾਉਂਦਾ ਹੋਇਆ ਗੁਜਰਾਤ ਜੇਲ੍ਹ ਵਿਚ ਸ਼ਹੀਦੀ ਪਾ ਗਿਆ ਸੀ।)

ਉਮਰ ਦੇ ਤਕਾਜ਼ੇ ਨਾਲ ਉਹ ਚਾਹੁੰਦੇ ਸਨ ਕਿ ਨੌਜਵਾਨਾਂ ਨੂੰ ਰਾਜਨੀਤੀ ਦੀ ਸੂਝ ਹੋਵੇ ਅਤੇ ਨਿਰਸੁਆਰਥ ਤੇ ਨਿਧੜਕ ਆਗੂਆਂ ਦੇ ਹੱਥਾਂ ਵਿਚ ਦੇਸ਼ ਦੀ ਵਾਂਗ ਡੋਰ ਸੁਰਖਿਅਤ ਹੋਵੇ। ਇਨ੍ਹਾਂ ਵਿਚਾਰਾਂ ਨਾਲ ਭਰਪੂਰ ਉਨ੍ਹਾਂ ਦੀਆਂ ਲਿਖਤਾਂ ਉਪਲਬੱਧ ਹਨ। ਉਹ ਦਿਲ ਦੀ ਬੀਮਾਰੀ ਤੋਂ ਪੀੜਤ ਸਨ ਅਤੇ 13 ਦਸੰਬਰ 1974 ਨੂੰ ਅਲਵਿਦਾ ਕਹਿ ਗਏ। ਉਮਰ ਦੇ ਹਿਸਾਬ ਨਾਲ ਇਹ ਲੱਗਦਾ ਹੈ ਕਿ 16 ਸਾਲ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਰੱਖੇ ਜਾਣ ਤੇ ਭੁੱਖ ਹੜਤਾਲਾਂ ਜ਼ੁਲਮ ਤਸ਼ਦਦ ਉਸ ਸਰੀਰ ਦਾ

ਕੁਝ ਨਾ ਵਿਗਾੜ ਸਕਿਆ। ਆਜ਼ਾਦੀ ਤੋਂ ਬਾਅਦ ਉਨ੍ਹਾਂ ਦੇ ਸੁਪਨਿਆਂ ਦੇ ਵਿਪਰੀਤ ਪੂੰਜੀਵਾਦੀ ਜਾਗੀਰਦਾਰੀ ਰੁਚੀਆਂ ਦਾ ਸੱਤਾਧਾਰੀਆਂ ਵਿਚ ਪ੍ਰਵੇਸ਼ ਨੇ ਦਿਲ ਦੇ ਰੋਗੀ ਬਣਾ ਦਿੱਤਾ। ਇਹ ਤੌਖਲਾ ਉਨ੍ਹਾਂ ਦੀਆਂ ਬੇਸ਼ੁਮਾਰ ਲਿਖਤਾਂ ਵਿਚ ਪ੍ਰਗਟ ਹੁੰਦਾ ਹੈ। ਉਨ੍ਹਾਂ ਦੀ ਅੰਤਮ ਅਰਦਾਸ ਸਮੇਂ ਉਨ੍ਹਾਂ ਦੇ ਚਿੰਤਕ ਬੜੀ ਭਾਰੀ ਗਿਣਤੀ ਵਿਚ ਸ਼ਾਮਲ ਹੋਏ ਸਨ ਜਿਵੇਂ ਭਾਰਤ ਦੇ ਵਿਦੇਸ਼ ਮੰਤਰੀ ਸ. ਸਵਰਨ ਸਿੰਘ, ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਪੰਜਾਬ, ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਨੇਤਾ ਤੇ ਉੱਚ ਅਧਿਕਾਰੀ 25 ਦਸੰਬਰ 1974 ਨੂੰ ਅੰਤਮ ਅਰਦਾਸ ਮੌਕੇ ਸ਼ਾਮਲ ਸਨ।

'ਅਜੀਤ' ਅਖ਼ਬਾਰ ਦੇ ਬਾਨੀ ਸੰਪਾਦਕ ਸ. ਸਾਧੂ ਸਿੰਘ ਹਮਦਰਦ ਉਨ੍ਹਾਂ ਦੇ ਪੜੋਸੀ ਸਨ ਤੇ ਉਨ੍ਹਾਂ ਸ਼ਰਧਾਲੂ ਨੂੰ ਵੀ। ਉਨ੍ਹਾਂ ਮਾਸਟਰ ਕਾਬਲ ਸਿੰਘ ਜੀ ਦੇ ਵਿਛੋੜੇ 'ਤੇ ਅਜੀਤ ਦੇ ਸੰਪਾਦਕੀ ਨੋਟ ਵਿਚ ਲਿਖਿਆ:

> ਮਾਸਟਰ ਕਾਬਲ ਸਿੰਘ "ਗੋਬਿੰਦਪੁਰੀ" ਸਵਰਗਵਾਸ ਹੋ ਗਏ। ਉਹ ਦੇਸ਼ ਦੇ ਇਕ ਮਹਾਨ ਘੁਲਾਟੀਏ ਸਨ। 1921 ਤੋਂ ਪਿਛੋਂ ਉਨ੍ਹਾਂ ਕਈ ਵਾਰ ਜੇਲ੍ਹ ਕੱਟੀ। ਉਹ ਹੜਤਾਲ ਕਰਦੇ ਸਨ ਤਾਂ ਆਪਣੀ ਮੰਗ ਮਨਾ ਕੇ ਹੀ ਹਟਦੇ ਸਨ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਉਨ੍ਹਾਂ ਨੂੰ ਇਕ ਵਾਰ ਬੈਂਤ ਲਗਾਉਣ ਦੀ ਸਜ਼ਾ ਹੋਈ। ਬੈਂਤ ਦੇ ਵਾਰ ਨਾਲ ਉਹ ਗੱਜ ਕੇ ਕਹਿੰਦੇ ਇਨਕਲਾਬ ਜ਼ਿੰਦਾਬਾਦ। ਜੇਲ੍ਹਰ ਨੂੰ ਉਸ ਸਮੇਂ ਬਹੁਤ ਗੁੱਸਾ ਆਇਆ ਜਦੋਂ ਉਨ੍ਹਾਂ ਦੇ ਜੁਆਬ ਵਿਚ ਜੇਲ੍ਹ ਦੇ ਸਾਰੇ ਕੈਦੀ ਉੱਚੀ ਆਵਾਜ਼ ਵਿਚ ਇਨਕਲਾਬ ਜ਼ਿੰਦਾਬਾਦ ਕਹਿੰਦੇ ਸਨ। ਆਪ ਨੂੰ ਇਕੋ ਸਾਹੇ ਬੈਂਤਾਂ ਲਗਾ ਦਿੱਤੀਆਂ ਗਈਆਂ। ਪਿੰਡੇ 'ਤੇ ਲਾਸ਼ਾਂ ਪੈ ਗਈਆਂ। ਪਿੱਠ ਨੀਲੀ ਹੋ ਗਈ। ਅਖੀਰ ਉਹ ਬੇਹੋਸ਼ ਹੋ ਕੇ ਜ਼ਮੀਨ 'ਤੇ ਡਿੱਗ ਪਏ ਪਰ ਜਿੰਨਾਂ ਚਿਰ ਹੋਸ਼ ਵਿਚ ਰਹੇ ਨਾਅਰੇ ਲਗਾਉਂਦੇ ਰਹੇ ਤੇ ਅਖੀਰ ਮਾਸਟਰ ਜੀ ਨੂੰ ਮਿਲੀ ਬੈਂਤ ਦੀ ਸਜ਼ਾ ਦੀ ਗਿਣਤੀ ਉਨ੍ਹਾਂ ਦੇ ਬੇਹੋਸ਼ ਸਰੀਰ 'ਤੇ ਹੀ ਪੂਰੀ ਕੀਤੀ ਗਈ ਜਿਸ ਕਾਰਨ ਕੈਦੀ ਭੜਕ ਉੱਠੇ ਤੇ ਅਖੀਰ ਪੁਲੀਸ ਦੀ ਮਦਦ ਨਾਲ ਹੀ ਕਾਬੂ ਪਾਉਣਾ ਪਿਆ।
>
> ਉਨ੍ਹਾਂ ਦਿਨਾਂ ਵਿਚ ਮਾਸਟਰ ਜੀ ਤੇ ਗੋਪਾਲ ਸਿੰਘ ਕੌਮੀ ਦੀ ਜੋੜੀ ਹੁੰਦੀ ਸੀ, ਜਿਸ ਨੇ ਆਜ਼ਾਦੀ ਦੇ ਘੋਲ 'ਚ ਬਹੁਤ ਹਿੱਸਾ ਪਾਇਆ। ਮਾਸਟਰ ਜੀ ਜਦੋਂ ਅੰਗਰੇਜ਼ਾਂ ਵਿਰੁੱਧ ਤਕਰੀਰ ਕਰਦੇ ਤਾਂ ਐਨੇ ਜੋਸ਼ ਵਿਚ ਆ ਜਾਂਦੇ ਸਨ ਕਿ ਦੇਖਣ ਵਾਲਾ ਹੈਰਾਨ ਰਹਿ ਜਾਂਦਾ। ਨੌਜੁਆਨ ਇੰਨੇ ਪ੍ਰਭਾਵਿਤ ਹੁੰਦੇ ਸਨ ਕਿ ਉਨ੍ਹਾਂ ਵਿਚ ਇੰਨਾ ਜਜ਼ਬਾ ਪੈਦਾ ਹੋ ਜਾਂਦਾ ਕਿ ਉਹ ਇਸ ਲਈ ਮੈਦਾਨ ਵਿਚ ਕੁੱਦਣ ਲਈ ਤਤਪਰ ਹੋ ਜਾਂਦੇ। ਮੈਨੂੰ ਉਨ੍ਹਾਂ ਨਾਲ ਬਚਪਨ ਤੋਂ ਹੀ ਪਿਆਰ ਸੀ। ਮੈਂ ਹਾਲੇ ਬੱਚਾ ਸੀ ਜਦ ਉਹ "ਦੁਆਬੇ ਦੇ ਹੀਰੋ" ਬਣ ਕੇ ਸਾਹਮਣੇ ਆਏ। ਮੇਰਾ ਪਿੰਡ ਉਨ੍ਹਾਂ ਦੇ ਲਾਗੇ ਹੀ ਸੀ ਤੇ

ਮੈਂ ਅਕਸਰ ਉਨ੍ਹਾਂ ਨੂੰ ਮਿਲਣ ਜਾਂਦਾ ਹੁੰਦਾ ਸੀ। ਉਹ ਮੈਨੂੰ ਆਸ਼ੀਰਵਾਦ ਦਿੰਦੇ ਕਹਿੰਦੇ ਸਨ 'ਬੱਚੇ! ਜਲਦੀ ਜਲਦੀ ਵੱਡਾ ਹੋ, ਤੂੰ ਤਾਂ ਅੰਗਰੇਜ਼ ਨਾਲ ਲੜਨਾ ਹੈ।'

ਜਦੋਂ ਮੈਂ ਨੌਵੀਂ ਵਿਚ ਪੜ੍ਹਦਾ ਸੀ ਤਾਂ ਮਾਸਟਰ ਜੀ ਕਿਹਾ ਕਰਦੇ ਸਨ ਕਿ 'ਤੂੰ ਅੰਗਰੇਜ਼ ਨਾਲ ਲੜਨ ਲਈ ਕਾਫ਼ੀ ਵੱਡਾ ਹੋ ਗਿਆ ਹੈ।' ਇਹ ਉਨ੍ਹਾਂ ਦੀ ਪ੍ਰੇਰਨਾ ਹੀ ਸੀ ਕਿ ਮੈਂ ਚੌਧਰੀ ਸ਼ੇਰ ਜੰਗ ਦੀ ਪਾਰਟੀ 'ਚ ਸ਼ਾਮਲ ਹੋ ਗਿਆ ਸੀ।

ਉਨ੍ਹਾਂ ਦਿਨਾਂ ਵਿਚ ਮੇਰੀ ਮਾਸਟਰ ਜੀ ਨਾਲ ਬਹਿਸ ਸ਼ੁਰੂ ਹੋ ਗਈ ਤੇ ਮੈਂ ਕਹਿੰਦਾ ਇਨਕਲਾਬ ਤਾਂ ਦਹਿਸ਼ਤਪਸੰਦ (ਇਨਕਲਾਬੀ) ਹੀ ਲਿਆ ਸਕਦੇ ਹਨ। ਪਰ ਉਹ ਇਸ ਖਿਆਲ ਦੇ ਸਨ ਕਿ ਇਕੱਲੇ ਦੁਕੱਲੇ ਅੰਗਰੇਜ਼ ਅਤੇ ਉਨ੍ਹਾਂ ਦੇ ਟੋਡੀਆਂ ਨੂੰ ਮਾਰਨ ਨਾਲ ਗੱਲ ਨਹੀਂ ਬਣਨੀ, ਤੇ ਨਾ ਹੀ ਇਨਕਲਾਬ ਆ ਸਕੇਗਾ। ਸਗੋਂ ਇਨਕਲਾਬ ਗਾਂਧੀ ਜੀ ਦੀ ਅਹਿੰਸਾ ਦੇ ਪ੍ਰੋਗਰਾਮ 'ਤੇ ਚੱਲਣ ਨਾਲ ਹੀ ਆ ਸਕਦਾ ਹੈ। ਬੱਬਰ ਅਕਾਲੀਆਂ ਨੂੰ ਉਹ ਨੇਕ-ਨੀਤ ਸਮਝਦੇ ਸਨ ਤੇ ਡਟ ਕੇ ਉਨ੍ਹਾਂ ਦੀ ਮਦਦ ਕਰਦੇ ਸਨ। ਉਹ ਗਾਂਧੀਵਾਦੀ ਹੋਣ ਕਰਕੇ ਹੀ ਸ਼ਾਂਤਮਈ ਤਰੀਕੇ ਨਾਲ ਕੁਰਬਾਨੀਆਂ ਕਰਕੇ ਹੀ ਅੰਗਰੇਜ਼ਾਂ ਦੀਆਂ ਜੜ੍ਹਾਂ ਹਿਲਾਉਣ ਦੇ ਹੱਕ ਵਿਚ ਸਨ। ਜਦੋਂ ਮੈਂ ਲਾਹੌਰ ਚਲਾ ਗਿਆ ਤਾਂ ਵੀ ਉਹ ਮਿਲਦੇ ਰਹੇ। ਵਧੇਰੇ ਕਰਕੇ ਕੌਮੀ ਜੀ ਦੇ ਘਰ ਪਰ ਦਿਨ ਵੇਲੇ ਉਹ ਮੇਰੇ ਨਾਲ ਹੀ ਹੁੰਦੇ ਸਨ। ਆਜ਼ਾਦੀ ਮਿਲਣ 'ਤੇ ਉਨ੍ਹਾਂ ਦੀ ਜ਼ਿੰਦਗੀ ਵਿਚ ਇਕ ਪਲਟਾ ਆਇਆ। ਉਹ ਨਾਸਤਿਕ ਵੀ ਹੋ ਗਏ ਤੇ ਦੇਸ਼ ਨੂੰ ਉਸਾਰੀ ਵਲ ਲੈ ਜਾਣ ਲਈ ਉਤਾਵਲੇ ਤੇ ਕਾਹਲੇ ਪੈਣ ਲੱਗ ਪਏ ਪਰ ਜਦੋਂ ਸਰਕਾਰ ਇਸ ਪਾਸੇ ਨਾ ਚੱਲੇ ਤਾਂ ਉਪਰਾਮਤਾ ਆ ਜਾਣੀ ਕੁਦਰਤੀ ਗੱਲ ਹੁੰਦੀ ਹੈ।

"ਅਜੀਤ" ਉਨ੍ਹਾਂ ਦੀ ਜ਼ਿੰਦਗੀ 'ਤੇ ਇਕ ਸਪੈਸ਼ਲ ਅੰਕ ਕੱਢੇਗਾ ਤਾਂ ਕਿ ਜੋ ਘਾਲਣਾਵਾਂ ਉਨ੍ਹਾਂ ਨੇ ਆਜ਼ਾਦੀ ਦੇ ਘੋਲ ਵਿਚ ਘਾਲੀਆਂ, ਉਨ੍ਹਾਂ ਉਪਰ ਚਾਨਣਾ ਪਾਇਆ ਜਾ ਸਕੇ ਕਿਉਂਕਿ ਅੱਜ ਤਾਂ ਸਾਰੇ ਪੰਜਾਬੀ ਉਨ੍ਹਾਂ ਦੇ ਮਾਤਮ ਵਿਚ ਸ਼ਾਮਿਲ ਹਨ ਜਿਨ੍ਹਾਂ ਵਿਚੋਂ ਇਕ ਸਾਦਿਕ ਤੇ ਆਜ਼ਾਦੀ ਦੀ ਲੜਾਈ ਦਾ ਹੀਰੋ, ਸੱਚਾ ਤੇ ਸੁੱਚਾ ਦੇਸ਼ ਭਗਤ ਉਨ੍ਹਾਂ 'ਚੋਂ ਜਾ ਰਿਹਾ।

ਵਾਹਿਗੁਰੂ ਪਾਸ ਅਰਦਾਸ ਹੈ ਕਿ ਉਹ ਏਸ ਦੇਸ਼ ਭਗਤ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਤੇ ਇਥੇ ਉਸ ਦੀ ਘਾਟ ਨੂੰ ਪੂਰਾ ਕਰਨ ਵਿਚ ਸਹਾਇਤਾ ਕਰੇ। ਨਾਲ ਹੀ ਵਾਹਿਗੁਰੂ ਸਾਡੇ ਨੌਜੁਆਨਾਂ ਨੂੰ ਪ੍ਰੇਰਣਾ ਦੇਵੇ ਤੇ ਉਨ੍ਹਾਂ ਨੂੰ ਮਾਸਟਰ ਜੀ ਵਰਗੀ ਕੁਰਬਾਨੀ ਦੇਣ ਵਾਲਾ

ਦਿਲ-ਗੁਰਦਾ ਪ੍ਰਦਾਨ ਕਰੇ, ਜੋ ਇਸ ਮਿਲੀ ਆਜ਼ਾਦੀ ਨੂੰ ਕਾਇਮ ਰੱਖਣ ਵਿਚ ਸਫ਼ਲ ਹੋਵੇ ਜੋ ਮਾਸਟਰ ਜੀ ਵਰਗੇ ਕੁਰਬਾਨੀਆਂ ਕਰਨ ਵਾਲਿਆਂ ਵਜੋਂ ਮਿਸਾਲ ਬਣ ਸਕੇ।

***

ਉਨ੍ਹਾਂ ਦੇ ਪਰਿਵਾਰ ਵਿਚ ਤਿੰਨ ਲੜਕੀਆਂ ਤੇ ਤਿੰਨ ਲੜਕੇ ਹਨ ਜਿਨ੍ਹਾਂ ਦੇ ਨਾਂਅ ਸਤਵੰਤ ਕੌਰ, ਸੁਖਦੇਵ ਸਿੰਘ, ਹਰਦੇਵ ਸਿੰਘ, ਜਸਵੰਤ ਕੌਰ, ਬਲਦੇਵ ਸਿੰਘ ਤੇ ਕੁਲਵੰਤ ਕੌਰ। ਇਨ੍ਹਾਂ ਵਿਚੋਂ ਕੋਈ ਵੀ ਸਿਆਸੀ ਖੇਤਰ ਵਿਚ ਨਹੀਂ ਆਇਆ।

# ਬੰਸਾਵਲੀ



ਪਿਤਾ ਠੱਲ੍ਹਾ ਸਿੰਘ ਕਾਸ਼ੀਰਾਏ
ਮਾਤਾ ਨੰਦ ਕੌਰ
ਭਰਾ ਲਾਭ ਸਿੰਘ
ਧੰਨ ਕੌਰ
ਭੈਣ ਮਾਹ ਕੌਰ
ਕਰਤਾਰ ਸਿੰਘ
ਭੈਣ ਜੈ ਕੌਰ
ਦਲੀਪ ਸਿੰਘ
ਕਾਬਲ ਸਿੰਘ
ਨਸੀਬ ਕੌਰ
ਉੱਧਮ ਕੌਰ
ਨਸੀਬ ਸਿੰਘ
ਦਰਸ਼ਨ ਸਿੰਘ
ਚੰਨਣ ਕੌਰ
ਗੁਰਦੇਵ ਕੌਰ
ਮੋਹਨ ਸਿੰਘ
ਜੋਗਿੰਦਰ ਕੌਰ
ਜੋਗਿੰਦਰ ਸਿੰਘ
ਮਹਿੰਦਰ ਕੌਰ
ਬਲਦੇਵ ਕੌਰ
ਜੋਗਿੰਦਰ ਸਿੰਘ
ਹਰਭਜਨ ਸਿੰਘ
ਪ੍ਰੀਤਮ ਕੌਰ
ਮਨਜੀਤ ਕੌਰ
ਤੇਜ ਸਿੰਘ
ਹਰੀਸ਼ ਸਿੰਘ
ਸੁਰੀਨਾ ਕੌਰ
ਕੁਲਵੰਤ ਸਿੰਘ
ਸਤਵੰਤ ਸਿੰਘ
ਸਤਵੰਤ ਕੌਰ
ਹਰਭਜਨ ਸਿੰਘ ਪੰਨੂ
ਸੁਖਦੇਵ ਸਿੰਘ
ਜਤਿੰਦਰ ਕੌਰ
ਹਰਦੇਵ ਸਿੰਘ
ਰੀਟਾ
ਜਸਵੰਤ ਕੌਰ
ਸੁਰਿੰਦਰ ਸਿੰਘ ਖੋਲਾ
ਬਲਦੇਵ ਸਿੰਘ
ਹਰਜੀਤ ਕੌਰ
ਕੁਲਵੰਤ ਕੌਰ
ਬਲਿਹਾਰ ਸਿੰਘ ਸਾਦਤਾ
ਤਜਿੰਦਰ ਕੌਰ
ਨਿਰਮਲ ਸਿੰਘ ਸਿੱਧੂ
ਰਜਿੰਦਰ ਸਿੰਘ
ਅਮਨਦੀਪ ਕੌਰ
ਕੰਵਲਜੀਤ ਕੌਰ
ਬੋਬੀ ਗਰੀਨਵੁੱਡ
ਰੁਪਿੰਦਰ ਸਿੰਘ
ਹੇਲਨ
ਰਾਜਵਿੰਦਰ ਕੌਰ
ਜਸਵੀਰ ਸਿੰਘ ਇਉਲ
ਹਰਜੀਤ ਨਿਕਲਸ
ਲੋਰਾ ਮੇਰੀ
ਮਰੀਆ
ਰਵਿੰਦਰ
ਡੇਰਲ ਗਾਰਡਨਰ
ਸੁਖਵਿੰਦਰਜੀਤ ਸਿੰਘ
ਹਰਵੀਨ
ਪ੍ਰਵੀਨ
ਅਮਰਜੀਤ ਸਿੰਘ ਸੰਗਘੇਰਾ
ਜਸਦੀਪ ਸਿੰਘ
ਕਰਨਜੀਤ ਸਿੰਘ
ਰਮਨੀਤ ਕੌਰ
ਰਾਜਨਜੀਤ ਸਿੰਘ
ਸੰਨਮ ਕੌਰ
ਗੁਰਮਿੰਦਰ ਸਿੰਘ ਡਿਲਅਨ
ਤੇਜਪਾਲ ਸਿੰਘ
ਡਿਲਅਨ ਅਰਜਨ ਸਿੰਘ
ਆਈਸ਼ਾ ਪਟਰੀਸ਼ਾ
ਜਸਮਿਨ
ਮਾਰਸੀ ਐਂਣ
ਰੰਬਦੀਪ ਕੌਰ
ਹਰਾਜ ਸਿੰਘ
ਕੋਮਲ ਜੋਤ ਕੌਰ
ਏਰਨ ਜੈ ਮੇਕਮਵੇਲ
ਅਲੀਆ ਮਾਰੀ
ਮੀਆ ਹੇਨਾ
ਹਰਨੀਤ ਕੌਰ
ਆਈਸ਼ਾ ਕੌਰ
ਰਮਨੀਕ ਕੌਰ

# ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਦੇ ਯੁੱਧ ਸਾਥੀਆਂ ਬਾਰੇ ਲਿਖੇ ਮਹੱਤਵਪੂਰਨ ਇਤਿਹਾਸਕ ਲੇਖ

## ਬੱਬਰ ਲਹਿਰ ਦਾ ਮੋਢੀ ਸ਼ਹੀਦ ਸ੍ਰ. ਕਰਮ ਸਿੰਘ ਜੀ

ਗ਼ਦਰ ਪਾਰਟੀ ਕਨੇਡਾ ਦੇ ਜਥੇਦਾਰ ਕਰਮ ਸਿੰਘ ਦੌਲਤਪੁਰ ਤੋਸ਼ਾ ਮਾਰੂ ਜਹਾਜ਼ ਵਿਚੋਂ ਆਉਂਦੇ ਗ੍ਰਿਫ਼ਤਾਰ ਕਰਕੇ ਜੂਹਬੰਦ ਕੀਤੇ ਗਏ। ਰਿਹਾਈ ਪਿੱਛੋਂ ਉਨ੍ਹਾਂ ਬਬਰ ਅਕਾਲੀ ਲਹਿਰ ਦੀ ਸਥਾਪਨਾ ਕੀਤੀ। 1 ਸਤੰਬਰ 1923 ਨੂੰ ਪੁਲਿਸ ਤੇ ਫੌਜੀ ਦਸਤਿਆਂ ਨਾਲ ਮੁਕਾਬਲੇ ਸਮੇਂ ਪਿੰਡ ਬਬੇਲੀ ਵਿਖੇ ਸਾਥੀਆਂ ਨਾਲ ਸ਼ਹੀਦ ਹੋਏ।

ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਦੇਸਾਂ, ਕੌਮਾਂ ਜਾਂ ਇਲਾਕਿਆਂ ਦੀ ਅਣਖ, ਦੇਸ਼ ਭਗਤੀ ਤੇ ਹੋਰ ਵਡਿਆਈਆਂ ਸ਼ਹੀਦਾਂ ਤੋਂ ਹੀ ਜਾਣੀਆਂ ਜਾ ਸਕਦੀਆਂ ਹਨ। ਦਰਅਸਲ ਸ਼ਹੀਦ ਦੀ ਮੌਤ ਹੀ ਕੌਮ ਦਾ ਜੀਵਨ ਹੁੰਦਾ ਹੈ।

ਦੁਆਬਾ ਸ਼ਹੀਦਾਂ ਦੀ ਜਨਮ ਭੂਮੀ ਹੈ। ਇਸੇ ਲਈ ਮੁਕਾਬਲਤਨ ਦੁਆਬਾ ਦੂਜਿਆਂ ਇਲਾਕਿਆਂ ਨਾਲੋਂ ਜ਼ਿਆਦਾ ਬੇਦਾਰ ਇਲਾਕਾ ਮੰਨਿਆ ਗਿਆ ਹੈ। ਅਸੀਂ ਫੈਸਲਾ ਕੀਤਾ ਹੈ ਕਿ ਪੰਜਾਬੀ ਜਨਤਾ ਦੇ ਪਾਠਕਾਂ ਨੂੰ ਹਰ ਵਾਰ ਕਿਸੇ ਸ਼ਹੀਦ ਤੋਂ ਜਾਣੂ ਕਰਾਇਆ ਜਾਵੇ ਤਾਂ ਕਿ ਮੁਲਕ ਅੰਦਰ ਜੋ ਹੁਣ ਢਹਿੰਦੀ ਕਲਾ ਆ ਗਈ ਹੈ। ਸ਼ਹੀਦਾਂ ਦੇ ਜੀਵਨ ਪੜ੍ਹ ਕੇ ਜਨਤਾ ਦਾ ਲਹੂ ਗਰਮ ਹੋ ਸਕੇ।

ਸ੍ਰ. ਕਰਮ ਸਿੰਘ ਜੀ ਦਾ ਜਨਮ ਉਨ੍ਹੀਵੀਂ ਸਦੀ ਦਾ ਚੌਥਾ ਕੁ ਹਿੱਸਾ ਰਹਿੰਦੇ ਤੇ ਪਿੰਡ ਦੌਲਤ ਪੁਰ ਥਾਣਾ ਰਾਹੋਂ ਜ਼ਿਲ੍ਹਾ ਜਲੰਧਰ ਵਿਚ ਮਾਤਾ ਦੂਲੀ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ੍ਰ: ਨੱਥਾ ਸਿੰਘ ਜੀ ਸੀ, ਆਪ ਇਕ ਸਧਾਰਨ ਜਿਹੇ ਹਲਵਾਹ ਸਨ। ਸ੍ਰ: ਕਰਮ ਸਿੰਘ ਦਾ ਪਹਿਲਾਂ ਨਾਂ ਨਰੈਣ ਸਿੰਘ ਸੀ, ਇਨ੍ਹਾਂ ਤੋਂ ਛੋਟੀ ਇਨ੍ਹਾਂ ਦੀ ਭੈਣ ਬੀਬੀ ਨਰੈਣੋ ਸੀ ਤੇ ਉਸ ਤੋਂ ਛੋਟਾ ਸ੍ਰ: ਹਰੀ ਸਿੰਘ ਇਨ੍ਹਾਂ ਦਾ ਭਰਾ ਸੀ।

ਸ੍ਰ: ਨਰੈਣ ਸਿੰਘ ਸ਼ੁਰੂ ਤੋਂ ਹੀ ਮਨਚਲੇ ਤੇ ਹੋਣਹਾਰ ਸਨ। ਘਰ ਦੇ ਕੰਮਾਂ ਕਾਰਾਂ 'ਚ ਨਹੀਂ ਸਨ ਭਿੱਜਦੇ। ਸਤਾਰਾਂ ਅਠਾਰਾਂ ਸਾਲ ਦੇ ਮੁੱਛ ਫੁੱਟਦੇ ਗਭਰੂ ਸਨ ਕਿ ਫੌਜ ਵਿਚ ਭਰਤੀ ਹੋ ਗਏ। ਉਥੇ ਵੀ ਆਪ ਬਹੁਤ ਦੇਰ ਤੀਕ ਨਾ ਠਹਿਰ ਸਕੇ ਤੇ ਪੰਜ ਕੁ ਸਾਲ ਨੌਕਰੀ ਕਰ ਕੇ ਛੱਡ ਆਏ। ਆਪ ਦੀ ਤਬੀਅਤ ਇੰਨੀ ਉਦਾਸ ਹੋਈ ਕਿ ਸਾਧ ਹੋ ਗਏ। ਪੰਜ ਕੁ ਸਾਲ ਸਾਧ ਬਣੇ ਰਹੇ ਫੇਰ ਤਬੀਅਤ ਏਧਰੋਂ ਵੀ ਮੁੜ ਗਈ ਤੇ ਊਠਾਂ ਨਾਲ ਭਾੜਾ ਵਾਹੁਣ ਲਗ ਪਏ।

ਪੂਰੇ ਪੰਜ ਸਾਲ ਭਾੜਾ ਵਾਹ ਕੇ ਆਪ 1909 ਵਿਚ ਕੈਨੇਡਾ ਚਲੇ ਗਏ। ਉੱਥੇ ਜਾ ਕੇ ਆਪ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਏ। ਆਪਣੀ ਜ਼ਰ ਖਰੀਦ ਜ਼ਮੀਨ ਸਾਂਝੇ ਕੰਮਾਂ ਲਈ ਗੁਰਦੁਆਰੇ Abbotsford ਨੂੰ ਦੇ ਆਏ ਤੇ ਕਾਮਾਗਾਟਾ ਮਾਰੂ ਜਾਂ ਤੋਸਾਮਾਰੂ ਜਹਾਜ਼ ਵਿਚ ਇਧਰ ਆ ਗਏ।

ਪਿੰਡ ਆਉਂਦਿਆਂ ਸਾਰ ਹੀ ਆਪ ਨੇ ਘੋੜਿਆਂ ਨਾਲ ਖੇਤੀ ਆਰੰਭ ਦਿੱਤੀ। ਦਿਨ ਨੂੰ ਤਾਂ ਘੋੜੇ ਖੂਹ ਜੋੜ ਛੱਡਣੇ, ਰਾਤ ਨੂੰ ਦੂਰ ਨੇੜੇ ਕੋਈ ਵਾਰਦਾਤ ਕਰਨ ਵਿਚ ਘੋੜੇ ਵਰਤ ਲੈਣੇ।

ਆਪ ਨੇ ਪਿੰਡੋਂ ਬਾਹਰ ਕੋਠੀ ਬਣਾਈ, ਨਾਲ ਹੀ ਭੌਰਾ ਵੀ। ਕੋਠੀ ਨੂੰ ਕਿਲੇ ਦੀ ਸ਼ਕਲ ਦਿੱਤੀ। ਦੋ ਕੰਧਾਂ ਬਣਾਵਾ ਵਿਚਕਾਰਲੀ ਜਗ੍ਹਾ ਰੇਤ ਨਾਲ ਭਰ ਦਿੱਤੀ। ਆਪ ਖੁਦ ਬੰਬ ਤਿਆਰ ਕਰਦੇ ਸਨ। ਆਪ ਨੇ ਪੰਪਿਗ ਸੈਟ ਦੀ ਇਕ ਤੋਪ ਵੀ ਤਿਆਰ ਕੀਤੀ, ਪਰ ਕਾਮਯਾਬੀ ਨਾ ਹੋਈ। ਕੋਈ ਲੁਹਾਰ ਤਰਖਾਣ ਕਾਰੀਗਰ ਆਪ ਨੂੰ ਮਿਲਿਆ ਨਾ ਤੇ ਖੁਦ ਉਹ ਕਾਮਯਬ ਨਾ ਹੋ ਸਕੇ।

1920 ਵਿਚ ਸਰਕਾਰ ਨੇ ਕਿਰਪਾਨਾਂ ਪੁਰ ਪਾਬੰਦੀ ਲਾ ਦਿੱਤੀ ਤਾਂ ਆਪ ਨੇ ਰੋਸ ਵਜੋਂ ਕਿਰਪਾਨਾਂ ਹੀ ਬਣਾਉਣੀਆਂ ਆਰੰਭ ਕਰ ਦਿੱਤੀਆਂ। ਮਿਸਤਰੀ ਤਾਂ ਕੋਈ ਖਤਰਾ ਲੈਂਦਾ ਨਹੀਂ ਸੀ। ਆਪ ਖੁਦ ਹੀ ਲੋਹਾ ਕੁੱਟ ਕੇ ਸਿੱਧ ਪੱਧਰੀ ਜਿਹੀ ਕਿਰਪਾਨ ਬਣਾ ਲੈਂਦੇ ਤੇ ਲੱਕੜੀ ਦਾ ਦਸਤਾ ਲਾ ਲੈਂਦੇ।

ਜਿਨ੍ਹਾਂ ਦਿਨਾਂ ਵਿਚ ਅਮਰ ਸਿੰਘ ਝਬਾਲ, ਤੇਜਾ ਸਿੰਘ ਭੁਚਰ, ਕਰਤਾਰ ਸਿੰਘ ਝੱਬਰ ਗੁਰਦੁਆਰਿਆਂ ਪੁਰ ਕਬਜ਼ਾ ਕਰ ਰਹੇ ਸਨ। ਆਪ ਵੀ ਇਕ ਜਥਾ ਲੈ ਕੇ ਕਿਸੇ ਗੁਰਦੁਆਰੇ ਪੁਰ ਕਬਜ਼ਾ ਕਰਨ ਗਏ ਸਨ। 1921 ਵਿਚ ਜਲੰਧਰ ਵਿਚ 144 ਦਫਾ ਲੱਗੀ ਹੋਈ ਸੀ ਤੇ ਸਾਰੇ ਜ਼ਿਲ੍ਹੇ 'ਚ ਜਲਸੇ-ਕਾਨਫਰੰਸਾਂ ਬੰਦ ਕਰ ਦਿੱਤੀਆਂ ਗਈਆਂ। ਆਪ ਨੇ ਜ਼ਿਲ੍ਹੇ ਦੀ ਹੱਦ ਪੁਰ ਮਹਿਤਪੁਰ ਨੰਦਨੀ ਵਿਚ ਬਹੁਤ ਭਾਰੀ ਕਾਨਫਰੰਸ ਕੀਤੀ। 1921 ਵਿਚ ਕਾਂਗਰਸ ਤਹਿਰੀਕ ਜ਼ੋਰਾਂ ਨਾਲ ਉੱਠੀ ਤਾਂ ਆਪ ਦੇ ਵੀ ਵਾਰੰਟ ਨਿਕਲ ਆਏ। ਪਰ ਆਪ ਗ੍ਰਿਫ਼ਤਾਰ ਨਾ ਹੋਏ। ਉਨ੍ਹੀਂ ਦਿਨੀਂ ਗੁਰੂ ਕੇ ਬਾਗ਼ ਦਾ ਮੋਰਚਾ ਲੱਗਾ ਹੋਇਆ ਸੀ ਤੇ ਬੀ.ਟੀ. ਪੁਲੀਸ ਕਪਤਾਨ ਅਕਾਲੀਆਂ ਨੂੰ ਮੁੰਜ ਵਾਂਗ ਕੁਟਾਉਂਦਾ ਸੀ। ਕਈ ਇਕ ਬਾਰ ਉਸ ਨੇ ਸਿੰਘਾਂ ਦੀ ਸ਼ਾਂਤਮਈ ਦਾ ਫਾਇਦਾ ਉਠਾ ਕੇ ਕੇਸਾਂ ਪੁਰ ਪੈਰ ਰੱਖ ਕੇ ਪੁੱਛਿਆ ਕਿ ਕਿੱਥੇ ਹੈ ਤੁਹਾਡਾ ਗੁਰੂ ਗੋਬਿੰਦ ਸਿੰਘ?

ਏਹੋ ਜਿਹੀਆਂ ਗੱਲਾਂ ਤੇ ਸਖ਼ਤੀਆਂ ਦਾ ਅਸਰ ਇਹ ਹੋਇਆ ਕਿ ਸ੍ਰ: ਨਰੈਣ ਸਿੰਘ ਜੋ ਹੁਣ ਅੰਮ੍ਰਿਤ ਛਕ ਕੇ ਕਰਮ ਸਿੰਘ ਬਣ ਚੁੱਕੇ ਸਨ, ਨੇ ਬੱਬਰ ਲਹਿਰ ਦੀ ਨੀਂਹ ਰੱਖੀ ਤੇ ਇਕ ਤਕੜਾ ਜਥਾ ਝੋਲੀ ਚੁੱਕਾਂ ਨੂੰ ਸੋਧਣ ਲਈ ਤਿਆਰ ਕਰ ਲਿਆ।

ਆਪ ਨੇ ਨਿਰਾ ਜਥਾ ਹੀ ਤਿਆਰ ਨਹੀਂ ਕੀਤਾ ਸਗੋਂ ਆਪਣੇ ਖਿਆਲਾਂ ਦਾ ਪ੍ਰਚਾਰ ਕਰਨ ਹਿਤ ਇਕ ਅਖ਼ਬਾਰ "ਬੱਬਰ ਅਕਾਲੀ ਦੁਆਬਾ" ਕੈਂਪ ਜੰਗਲ

'ਚ ਜਾਰੀ ਕੀਤਾ। ਪ੍ਰੈਸ ਦਾ ਨਾਂ ਭੜਥੂ ਪ੍ਰੈਸ ਸੀ।

ਮੈਨੂੰ ਯਾਦ ਹੈ ਕਿ ਚੌਰਾ ਚੌਰੀ ਦੇ ਹਾਦਸੇ ਪਿੱਛੋਂ ਮਹਾਤਮਾ ਗਾਂਧੀ ਜੀ ਨੇ ਕਿਹਾ ਸੀ ਕਿ, "ਜੇਕਰ ਪੰਜ ਸੱਜਣ ਆਪਣਾ ਜੁਰਮ ਮੰਨ ਲੈਣ ਤਾਂ ਬਾਕੀ ਦੇ ਸਾਰੇ ਮੁਲਜ਼ਮਾਂ ਨੂੰ ਮੈਂ ਛੁਡਾ ਸਕਾਂਗਾ।" ਪਰ ਕਿਸੇ ਵੀ ਨਨਾ ਨਾ ਭਰਿਆ। ਸਿੱਟਾ ਇਹ ਨਿਕਲਿਆ ਕਿ 64 ਦੇ ਲਗਭਗ ਸਾਥੀ ਫਾਂਸੀ ਲਟਕਾ ਦਿੱਤੇ ਗਏ ਪਰ ਸਾਡੇ ਜਥੇਦਾਰ ਨੇ "ਪੰਜਾਬ ਸਰਕਾਰ ਦੇ ਨਾਮ ਸਾਡੀ ਖੁਲ੍ਹੀ ਚਿੱਠੀ" ਦੇ ਰਾਹੀਂ ਐਲਾਨ ਕੀਤਾ ਸੀ ਕਿ "ਅਸੀਂ ਕੌਮ ਘਾਤੀਆਂ ਦੀ ਇਕ ਲਿਸਟ ਬਣਾਈ ਹੈ ਜਿਨ੍ਹਾਂ ਦੀ ਵਾਰੋ ਵਾਰੀ ਅਸੀਂ ਸੋਧ ਕਰਨੀ ਹੈ, ਪਰ ਸਰਕਾਰ ਕਿਸੇ ਤੇ ਸ਼ੱਕ ਕਰਕੇ ਕਿਸੇ ਹੋਰ ਨੂੰ ਤੰਗ ਨਾ ਕਰੇ। ਕਤਲ ਕਰਨੇ ਵਾਲੇ ਅਸੀਂ ਤਿੰਨ ਸੱਜਣ ਹਾਂ ਪਰ ਅਸੀਂ ਇਹ ਵੀ ਦਸ ਦੇਣਾ ਚਾਹੁੰਦੇ ਹਾਂ ਕਿ ਸਾਡਾ ਇਹ ਵੀ ਫੈਸਲਾ ਹੈ ਕਿ ਅਸੀਂ ਜਿਊਂਦੇ ਹੱਥ ਨਹੀਂ ਆਵਾਂਗੇ।" ਚਿੱਠੀ ਹੇਠਾਂ ਤਿੰਨਾਂ ਦੇਸ਼ ਭਗਤਾਂ ਦੇ ਨਾਮ ਸਨ- 1. ਜਥੇਦਾਰ ਕਰਮ ਸਿੰਘ, 2. ਧਨਾ ਸਿੰਘ ਬਹਿਵਲਪੁਰ, 3. ਉਦੇ ਸਿੰਘ ਰਾਮਪੁਰ ਝੁੰਗੀਆਂ।

**ਸ਼ਹੀਦਾਂ ਦੀ ਸੰਗਤ ਵਿਚ ਕੁਝ ਦਿਹਾੜੇ** : ਮੈਂ ਅਕਤੂਬਰ 1921 ਵਿਚ ਫੜਿਆ ਗਿਆ ਸਾਂ, ਗਾਲਬਨ ਜਲੰਧਰ ਵਿਚ ਮੇਰੀ ਪਹਿਲੀ ਗ੍ਰਿਫ਼ਤਾਰੀ ਸੀ। 1922 ਵਿਚ ਸ੍ਰ. ਕਰਮ ਸਿੰਘ ਜੀ ਦੌਲਤਪੁਰ, ਸ੍ਰ. ਕਰਮ ਸਿੰਘ ਜੀ ਝਿੰਗੜ, ਮਾਸਟਰ ਦਲੀਪ ਸਿੰਘ ਜੀ ਤੇ ਇਨ੍ਹਾਂ ਦੇ ਹੋਰ ਕਈ ਇਕ ਸਾਥੀਆਂ ਦੇ ਵਾਰੰਟ ਨਿਕਲੇ ਪਰ ਇਹ ਸਾਰੇ ਮਫਰੂਰ ਹੋ ਕੇ ਇਸ ਜਥੇ ਵਿਚ ਮਿਲ ਗਏ।

1922 ਵਿਚ ਸਾਰੇ ਸਿੱਖ ਕੈਦੀਆਂ ਨੂੰ ਕੈਂਪ ਜੇਲ੍ਹ ਮਿੰਟਗੁਮਰੀ ਵਿਚ ਇਕੱਠੇ ਕਰ ਦਿੱਤਾ ਗਿਆ। ਉੱਥੇ ਮੇਰੇ ਨਾਲ ਸ੍ਰ: ਅਨੂਪ ਸਿੰਘ ਮਾਨਕੋ ਵੀ ਕਿਰਪਾਨ ਦੇ ਜੁਰਮ ਵਿਚ ਨੌਂ ਮਹੀਨੇ ਕੈਦ ਸਨ।

ਉਥੇ ਸਾਨੂੰ ਜਥੇਦਾਰ ਕਰਮ ਸਿੰਘ ਦੌਲਤ ਪੁਰ, ਸ੍ਰ: ਕਿਸ਼ਨ ਸਿੰਘ ਜੀ ਗੜਗਜ, ਕਰਮ ਸਿੰਘ ਜੀ ਝਿੰਗੜ ਤੇ ਮਾਸਟਰ ਦਲੀਪ ਸਿੰਘ ਆਦਿ ਕਈ ਸੱਜਣ ਮਿਲਣ ਗਏ ਤਾਂ ਤਾਰਾਂ ਵਿਚੀਂ ਖੱਲ੍ਹੀਆਂ ਗੱਲਾਂਬਾਤਾਂ ਕਰਦੇ ਰਹੇ ਅਤੇ ਬੱਬਰ ਅਕਾਲੀ ਦੁਆਬਾ ਦੇ ਪਰਚੇ ਦੇ ਆਏ। ਉਨ੍ਹੀਂ ਦਿਨੀਂ ਅਨੂਪ ਸਿੰਘ ਨੂੰ ਇਨ੍ਹਾਂ ਦੇ ਜੱਥੇ ਵਿਚ ਰਲਣ ਦਾ ਬਹੁਤ ਸ਼ੌਕ ਸੀ। ਮੈਂ ਉਸ ਦੀ ਖਾਹਸ ਅਨੁਸਾਰ ਇਕ ਦੋ ਸੱਜਣਾ ਨਾਲ ਜਾਣ ਪਹਿਚਾਣ ਕਰਾ ਦਿੱਤੀ। ਉਹ ਬਾਹਰ ਆ ਕੇ ਇਨ੍ਹਾਂ ਦੇ ਜਥੇ ਵਿਚ ਰਲ ਗਿਆ ਤੇ ਜਥੇਦਾਰ ਕਰਮ ਸਿੰਘ ਨੂੰ ਬਾਪੂ ਕਹਿ ਕੇ ਬੁਲਾਉਣ ਲੱਗ ਪਿਆ। ਜਥੇਦਾਰ ਵੀ ਉਸ ਨੂੰ ਪੁੱਤਰਾਂ ਸਮਾਨ ਸਮਝਣ ਤੇ ਪਿਆਰਨ ਲੱਗ ਪਏ ਸਨ। ਮਨ ਦੀ ਅਵਸਥਾ ਸਦਾ ਇਕੋ ਜਿਹੀ ਨਹੀਂ ਰਹਿੰਦੀ। ਕਦੀ ਤਾਂ ਇਹ ਇੰਝ ਕਹਿੰਦਾ ਹੈ ਕਿ ਮੈਂ ਭਾਵੇਂ ਫਾਹੇ ਲਗ ਜਾਵਾਂ। ਮੇਰਾ ਸਤਿਆਨਾਸ਼ ਹੋ ਜਾਵੇ ਪਰ ਮੇਰੇ ਮਿੱਤਰ ਦੋਸਤਾਂ ਤੇ ਸਾਥੀਆਂ ਦਾ ਵਾਲ ਵਿੰਗਾ ਨਾ ਹੋਵੇ। ਕਦੀ ਇਹੀ ਮਨ ਕਹਿੰਦਾ ਹੈ ਕਿ ਸਾਰੀ ਦੁਨੀਆਂ ਜਾਏ ਜਹੱਨਮ ਵਿਚ ਮੇਰੀ ਜਾਨ ਬਚ ਰਹੇ। ਓਹੀ ਗੱਲ ਅਨੂਪ ਸਿੰਘ ਨਾਲ ਹੋਈ। ਜੇਲ੍ਹ

ਵਿਚ ਜਿਹੜਾ ਅਨੂਪ ਸਿੰਘ ਆਪਾ ਵਾਰਨ ਲਈ ਕਾਹਲਾ ਤੇ ਉਤਾਵਲਾ ਸੀ, ਬਾਹਰ ਕੁਝ ਦੇਰ ਪਿੱਛੋਂ ਬਦਲ ਗਿਆ ਤੇ ਆਪਣੀ ਜਾਨ ਬਚਾਉਣ ਲਈ ਸਾਰੇ ਸਾਥੀਆਂ ਨੂੰ ਕੁਰਬਾਨ ਕਰਨ ਨੂੰ ਤਿਆਰ ਹੋ ਗਿਆ।

1922 ਦੇ ਅਖੀਰ ਵਿਚ ਮੈਂ ਰਿਹਾ ਹੋ ਕੇ ਘਰ ਪੁੱਜਾ ਤੇ ਦੂਜੇ ਦਿਨ ਹੀ ਸ੍ਰ: ਕਰਮ ਸਿੰਘ ਝਿੰਗੜ ਤੇ ਮਾਸਟਰ ਦਲੀਪ ਸਿੰਘ ਜੀ ਮੇਰੇ ਘਰ ਆਏ ਤੇ ਮੈਨੂੰ ਛਰਾਹਾਂ ਦੀ ਛਿੰਜ ਦੇਖਣ ਲਈ ਨਾਲ ਹੀ ਲੈ ਗਏ। ਰਾਤ ਜਸੋਵਾਲ ਰਹੇ, ਜਸੋਵਾਲ ਇਨ੍ਹਾਂ ਦੀ ਹਾਈਕੋਰਟ ਸੀ। ਵੱਡੇ-ਵੱਡੇ ਤੇ ਅਹਿਮ ਫੈਸਲੇ ਇਹ ਸੱਜਣ ਉੱਥੇ ਹੀ ਕਰਦੇ ਸਨ।

ਛਿਰਾਹੀਂ ਦੀਵਾਨ ਲੱਗਾ ਹੋਇਆ ਸੀ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ।

ਉਨ੍ਹੀਂ ਦਿਨੀਂ ਗੁਰੂ ਦੇ ਬਾਗ਼ ਦਾ ਮੋਰਚਾ ਗਰਮ ਸੀ, ਬੱਬਰ ਅਕਾਲੀ ਸ਼ਾਂਤਮਈ ਰਹਿ ਕੇ ਕੇਸਾਂ ਦੀ ਬੇਅਦਬੀ ਬਰਦਾਸ਼ਤ ਨਾ ਕਰਨ ਦੇ ਹੱਕ ਵਿਚ ਪ੍ਰਚਾਰ ਕਰਦੇ ਸਨ। ਜਿਸ ਦਾ ਅਸਰ ਇਸ ਮੋਰਚੇ ਪੁਰ ਪੈਣਾ ਕੁਦਰਤੀ ਸੀ, ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਤੇ ਬੱਬਰ ਅਕਾਲੀਆਂ ਵਿਰੁੱਧ ਫਤਵਾ ਦੇ ਚੁੱਕਾ ਸੀ, "ਇਹ ਲੋਕ ਕੌਮ ਦੇ ਵਿਰੋਧੀ ਹਨ" ਇਹ ਗੱਲ ਨਵੀਂ ਨਹੀਂ ਸੀ। 1914-15 ਵਿਚ ਅੰਗਰੇਜ਼ਾਂ ਨੇ ਚੀਫ਼ ਖਾਲਸਾ ਦੀਵਾਨ ਤੋਂ 1914-15 ਦੇ ਇਨਕਲਾਬੀਆਂ ਵਿਰੁੱਧ ਵੀ ਫਤਵਾ ਲੈ ਲਿਆ ਸੀ। ਖੈਰ ਇਨ੍ਹਾਂ ਦੇ ਜਥੇ ਨੂੰ ਦੇਖ ਕੇ ਹੀ ਸਥਾਨਕ ਲੋਕਾਂ ਨੇ ਦੀਵਾਨ ਦੀ ਸਮਾਪਤੀ ਕਰਨੀ ਚਾਹੀ, ਪਰ ਮੈਂ ਹਾਲਾਂ ਜੇਲ੍ਹ ਕੱਟ ਕੇ ਆ ਹੀ ਰਿਹਾ ਸਾਂ ਇਸ ਲਈ ਇਨ੍ਹਾਂ ਮੇਰਾ ਨਾਮ ਲੈ ਕੇ ਉਹ ਤਾਂ ਸ਼ਾਂਤਮਈ ਦਾ ਹਾਮੀ ਹੈ ਅਤੇ ਬੋਲੇਗਾ, ਦੀਵਾਨ ਦੀ ਸਮਾਪਤੀ ਨਾ ਹੋਣ ਦਿੱਤੀ। ਮੈਨੂੰ ਬੁਖਾਰ ਹੋ ਗਿਆ ਸੀ ਇਸ ਲਈ ਮੈਂ ਪੰਦਰਾਂ-ਵੀਹ ਮਿੰਟ ਹੀ ਬੋਲ ਸਕਿਆ ਤੇ ਮੇਰੇ ਪਿਛੋਂ ਮਾਸਟਰ ਦਲੀਪ ਸਿੰਘ ਝਿੰਗੜ ਸਾਹਿਬ, ਸ੍ਰ: ਕਿਸ਼ਨ ਸਿੰਘ ਤੇ ਕਰਮ ਸਿੰਘ ਤੇ ਮਹਿਤਾਬ ਸਿੰਘ ਭਕੜੂਦੀ ਬੋਲਦੇ ਰਹੇ ਤੇ ਸ਼ਾਮ ਤੀਕ ਇਹ ਆਪਣਾ ਪ੍ਰਚਾਰ ਕਰਦੇ ਰਹੇ।

ਮੈਨੂੰ ਬੁਖਾਰ ਜ਼ਿਆਦਾ ਹੋ ਗਿਆ ਸੀ, ਇਸ ਲਈ ਮੈਨੂੰ ਤਾਂ ਸ੍ਰ: ਕਰਤਾਰ ਸਿੰਘ ਜੀ ਬਾੜੀਆਂ ਤੇ ਜਵਾਲਾ ਸਿੰਘ ਜਿਆਨ ਦੇ ਨਾਲ ਘੋੜੀਆਂ ਪਰ ਘਲ ਦਿੱਤਾ ਤੇ ਆਪ ਇਹ ਸਾਰੇ ਪੈਦਲ ਹੀ ਆਏ।

ਰਾਹ ਵਿਚ ਆਉਂਦੇ ਹੋਏ ਸ੍ਰ: ਕਰਮ ਸਿੰਘ ਜੀ ਦੌਲਤਪੁਰੀ ਦੀ ਚਾਚੀ ਦੇ ਦੋ ਮਾਮੇ ਉਤਮ ਤੇ ਦਿਤੂ ਜੋ ਝੋਲੀ ਚੁੱਕ ਸਨ ਤੇ ਚੁਗਲੀਆਂ ਕੀਤਾ ਕਰਦੇ ਸਨ ਕਤਲ ਕਰ ਆਏ। ਇਹ ਦੋਵੇਂ ਕੌਲਗੜ੍ਹ ਦੇ ਸਨ ਜਿਸ ਵੇਲੇ ਇਨ੍ਹਾਂ ਦੋਹਾਂ ਨੂੰ ਕਤਲ ਕੀਤਾ (ਇਹ ਦੋਵੇਂ ਸ੍ਰ: ਕਰਮ ਸਿੰਘ ਦੇ ਨਾਨੇ ਲੱਗਦੇ ਸਨ) ਤਾਂ ਇਨ੍ਹਾਂ ਦੀ ਨੌਂਹ (ਪੁੱਤ ਦੀ ਸਿੰਘਣੀ) ਗਹਿਣੇ ਪਾਈ ਬੈਠੀ ਸੀ। ਉਸ ਨੇ ਆਪਣੀਆਂ ਮੁਰਕੀਆਂ ਲਾਹ ਕੇ ਚੱਕੀ ਹੇਠ ਸੁੱਟ ਦਿੱਤੀਆਂ ਤਾਂ ਕਰਮ ਸਿੰਘ ਨੇ ਕਿਹਾ ਕਿ ਭਾਬੀ ਜੀ, ਘਬਰਾਓ ਨਹੀਂ, ਤੁਹਾਡੀ ਹਵਾ ਵਲ ਕੋਈ ਨਹੀਂ ਦੇਖ ਸਕਦਾ। ਇਨ੍ਹਾਂ ਗਹਿਣਿਆਂ ਨੂੰ ਅਸੀਂ ਨਹੀਂ ਲੈਣਾ। ਅਸੀਂ ਮਰਦ ਹਾਂ, ਤੀਮਤਾਂ ਪੁਰ ਹੱਥ ਨਹੀਂ ਚੁੱਕਣਾ। ਨਾਨਿਆਂ ਨੂੰ ਤਾਂ ਇਸ

ਲਈ ਮਾਰਿਆ ਹੈ ਕਿ ਇਹ ਦੇਸ਼ ਧਰੋਹੀ ਸਨ। ਦੇਸ਼ ਦਾ ਬੁਰਾ ਤਕਦੇ ਸਨ ਤੂੰ ਬਿਲਕੁਲ ਬੇਫ਼ਿਕਰ ਬੈਠੀ ਰਹੁ।

ਠੀਕ ਅੱਜ ਤੋਂ ਬੱਤੀ ਵਰ੍ਹੇ ਪਹਿਲਾਂ ਇਨ੍ਹਾਂ ਨੇ ਆਪਣੇ ਹਥਿਆਰ ਚੌਂਤਰਾ ਸਾਹਿਬ ਡੁਮੇਲੀ ਦੱਬੇ ਹੋਏ ਸਨ ਤੇ ਆਪ ਇਹ ਡੁਮੇਲੀ ਦੇ ਲਾਗਲੇ ਪਿੰਡ ਬਬੇਲੀ ਠਹਿਰੇ ਹੋਏ ਸਨ। ਉਸ ਦਿਨ ਇਨ੍ਹਾਂ ਪੰਜਾਂ ਨੇ ਫੋਟੋ ਖਿਚਾਉਣ ਦਾ ਇੰਤਜ਼ਾਮ ਕੀਤਾ ਹੋਇਆ ਸੀ, ਪਰ ਅਨੂਪ ਸਿੰਘ ਬੇਈਮਾਨ ਹੋ ਚੁੱਕਾ ਸੀ ਤੇ ਉਸ ਨੇ ਆਪਣੇ ਰਿਸ਼ਤੇਦਾਰ ਰਾਹੀਂ ਪੁਲਸ ਨੂੰ ਇਤਲਾਹ ਦੇ ਛੱਡੀ ਸੀ।

ਸ੍ਰ: ਧੰਨਾ ਸਿੰਘ ਭਾਂਪ ਗਿਆ ਸੀ, ਉਨ੍ਹਾਂ ਜਥੇਦਾਰ ਹੁਰਾਂ ਨੂੰ ਕਿਹਾ ਕਿ ਇਹ ਬੇਈਮਾਨ ਹੋ ਗਿਆ, ਬਚਣਾ ਚਾਹੀਦਾ ਹੈ। ਪਰ ਜਥੇਦਾਰ ਇਹੀ ਕਹਿੰਦੇ ਰਹੇ ਕਿ ਤੁਹਾਨੂੰ ਵਹਿਮ ਹੋ ਗਿਆ ਹੈ। ਇਸ ਪੁਰ ਸ੍ਰ: ਧੰਨਾ ਸਿੰਘ ਜੀ ਗੁੱਸੇ ਹੋ ਕੇ ਉੱਥੋਂ ਚਲੇ ਗਏ ਅਤੇ ਥੋੜ੍ਹੇ ਚਿਰ ਪਿੱਛੋਂ ਹੀ ਘੋੜਾ ਪੁਲਸ ਉੱਥੇ ਪੁੱਜ ਗਈ। ਜਥੇਦਾਰ ਹੁਰਾਂ ਪਾਸ ਬਹੁਤ ਚੰਗੀ ਘੋੜੀ ਸੀ, ਜੋ ਪਿੱਛੋਂ ਬਾਰਾਂ ਸੌ ਨੂੰ ਨੀਲਾਮ ਹੋਈ। ਸਾਥੀਆਂ ਨੇ ਕਿਹਾ ਕਿ ਤੁਸੀਂ ਨਿਕਲ ਜਾਓ। ਸਾਡਾ ਸੁਖ ਹੈ, ਪਰ ਜਥੇਦਾਰ ਨੇ ਉਨ੍ਹਾਂ ਤੋਂ ਜੁਦਾ ਹੋਣੋਂ ਨਾਂਹ ਕਰ ਦਿੱਤੀ ਅਤੇ ਇਹ ਕਹਿ ਕੇ ਸਾਡੇ ਗੁਰੂ ਵੀ ਵੰਗਾਰ ਕੇ ਨਿਕਲੇ ਸਨ ਸਾਨੂੰ ਵੀ ਚੁੱਪਚਾਪ ਨਹੀਂ ਚਲੇ ਜਾਣਾ ਚਾਹੀਦਾ। ਨਾਹਰੇ ਲਾਉਣ ਲੱਗ ਪਏ ਤੇ ਰਸਾਲੇ ਨੂੰ, ਜਿਹੜਾ ਦਿਲੋਂ ਟਲਦਾ ਪਿਆ ਸੀ, ਮਜਬੂਰਨ ਘੇਰਾ ਘੱਤਣਾ ਪਿਆ।

ਪਰ ਉਨ੍ਹਾਂ ਨੇ ਜਥੇ ਨੂੰ ਰਸਤਾ ਉਸ ਪਾਸੇ ਦਿੱਤਾ ਜਿਧਰ ਵੇਈਂ ਜ਼ਿਆਦਾ ਚੜ੍ਹੀ ਹੋਈ ਸੀ। ਬੱਬਰ ਅਕਾਲੀਆਂ ਪਹਿਲਾਂ ਇਕ ਦੋ ਰਸਾਲੇ ਪੁਰ ਫਾਇਰ ਕੀਤੇ, ਫਿਰ ਵੇਈਂ ਵਿਚ ਛਾਲਾਂ ਮਾਰ ਦਿੱਤੀਆਂ। ਤਰਦਿਆਂ ਹੋਇਆਂ ਨੂੰ ਰਿਸਾਲੇ ਨੇ ਬਾਹੜ ਮਾਰ ਕੇ ਸ਼ਹੀਦ ਕਰ ਦਿੱਤਾ। ਸ੍ਰ: ਬਿਸ਼ਨ ਸਿੰਘ ਜੀ ਮਾਂਗਟਾਂ ਤੇ ਸ੍ਰ: ਉਧੇ ਸਿੰਘ ਜੀ ਉੱਥੇ ਹੀ ਸ਼ਹੀਦ ਹੋ ਗਏ ਤੇ ਕਰਮ ਸਿੰਘ ਜੀ ਪਾਰ ਹੋ ਗਏ। ਹਾਲਾਂਕਿ ਇਨ੍ਹਾਂ ਦੇ ਸਿਰ ਵਿਚ ਬਾਰਾਂ-ਚੌਦਾਂ ਗੋਲੀਆਂ ਲੰਘ ਚੁੱਕੀਆਂ ਸਨ। ਜਦ ਪੁਲੀਸ ਇਨ੍ਹਾਂ ਦੇ ਨੇੜੇ ਆਈ ਤਾਂ ਆਪ ਨੇ ਕਿਰਪਾਨ ਸੂਤ ਕੇ ਹੱਲਾ ਕਰਨਾ ਚਾਹਿਆ ਪਰ ਆਪ ਤਲਵਾਰ ਮਾਰਦੇ ਹੀ ਠੰਢੇ ਹੋ ਗਏ ਸਨ।

ਹਫਤੇਵਾਰ 'ਪੰਜਾਬੀ ਜਨਤਾ' ਜਲੰਧਰ
12 ਅਗਸਤ 1955, ਪੰਨਾ-4

# ਤਾਲਬ ਹੁਸੈਨ 'ਤਾਲਬ' ਜਾਲੰਧਰੀ

'ਕਿਰਤੀ ਲਹਿਰ' ਦਾ ਅਣਗੌਲਿਆ ਦੇਸ਼ ਭਗਤ ਤੇ ਕਵੀ ਤਾਲਬ ਜੀ ਪੁਆਦੜਾ ਜ਼ਿਲ੍ਹਾ ਜਲੰਧਰ ਦੇ ਵਸਨੀਕ ਹਨ। ਸਮੇਂ ਦੇ ਗੇੜ ਨੇ ਇਨ੍ਹਾਂ ਨੂੰ ਆਪਣੀ ਜਨਮ ਭੂਮੀ ਛੱਡਣ ਲਈ ਮਜਬੂਰ ਕਰ ਦਿੱਤਾ। ਇਹ ਨੌਜਵਾਨ ਸੋਸ਼ਲਿਸਟ ਖਿਆਲਾਂ ਦੇ ਹਨ। ਸਮੇਂ ਦੇ ਬਖੇੜੇ ਆਪ ਨੂੰ ਹਿਲਾ ਨਹੀਂ ਸਕੇ, ਡਗਮਗਾ ਨਹੀਂ ਸਕੇ ਸਗੋਂ ਦੇਸ਼, ਮਾਨਵਤਾ ਤੇ ਇਨਸਾਨੀਅਤ ਲਈ ਦਰਦ ਆਪ ਦੇ ਦਿਲੋਂ ਫੁਟ ਨਿਕਲਦਾ ਹੈ। ਆਪ ਦੀ ਕਵਿਤਾ 'ਚ ਜਾਨ ਹੈ, ਦਿਲੀ ਵਲਵਲੇ ਹਨ। ਮਾਨਵਤਾ ਨੂੰ ਉੱਚੀ ਵੇਖਣ ਦੀ ਚਾਹ ਹੈ। ਅੱਜਕੱਲ੍ਹ ਆਪ ਲਾਇਲਪੁਰ ਰਹਿੰਦੇ ਹਨ। ਮੇਰੀ ਪਹਿਲੀ ਇਲੈਕਸਨ 'ਚ ਇਸ ਨੌਜਵਾਨ ਨੇ ਪਿੰਡ-ਪਿੰਡ, ਗਲੀ-ਗਲੀ ਸੋਸ਼ਲਿਸਜ਼ਮ ਦਾ ਸੁਨੇਹਾ ਪਹੁੰਚਾਇਆ ਸੀ। ਲਗਾਤਾਰ ਉਹੀ ਪਿਆਰ, ਉਹੀ ਜਜ਼ਬੇ, ਉਹੀ ਇਛਾਵਾਂ ਤੇ ਵਲਵਲੇ ਆਪ ਦੇ ਦਿਲ ਅੰਦਰ ਉਛਾਲ ਮਾਰ ਰਹੇ ਹਨ, ਸਗੋਂ ਪਹਿਲੇ ਨਾਲੋਂ ਵੀ ਚੜ੍ਹਦੀਆਂ ਕਲਾਂ 'ਚ ਹਨ।)

**ਮੁੜ-ਮਾਤ ਭੂਮੀ ਅੰਦਰ :** ਤਾਲਬ ਹੁਸੈਨ 'ਤਾਲਬ' ਜਾਲੰਧਰੀ ਦਾ ਜਨਮ ਪਿੰਡ ਪੁਆਦੜਾ ਜ਼ਿਲ੍ਹਾ ਜਲੰਧਰ 1922 ਵਿਚ ਸ੍ਰੀ ਬਾਗ ਦੀਨ ਇਕ ਗਰੀਬ ਕਿਰਤੀ ਦੇ ਘਰ ਹੋਇਆ। ਮੁਢਲੀ ਤਾਲੀਮ ਤਲਵਨ, ਤਹਿਸੀਲ ਫਿਲੌਰ ਵਿਚ ਹੋਈ, ਪੰਜਾਬੀ (ਗੁਰਮੁਖੀ) ਆਪਣੇ ਪਿਤਾ ਜੀ ਪਾਸੋਂ ਪੜ੍ਹੀ।

ਦਰਜੀ ਦਾ ਕੰਮ ਸਿਖ ਕੇ ਜਲੰਧਰ ਕੰਮ ਕਰਨ ਲੱਗ ਪਿਆ। ਜਲੰਧਰ ਹੀ ਇਸ ਦੀ ਮੇਰੇ ਨਾਲ ਤੇ ਹੋਰ ਦੇਸ਼ ਭਗਤਾਂ ਨਾਲ ਮੁਲਾਕਾਤ ਹੋਈ। ਮੇਰੀ ਪਹਿਲੀ ਇਲੈਕਸ਼ਨ 1936 ਵਿਚ ਕਿਰਤੀਆਂ ਬਾਰੇ ਕਵਿਤਾ ਪੜ੍ਹਦਾ ਹੁੰਦਾ ਸੀ।



*ਤਾਲਬ ਹੁਸੈਨ 'ਤਾਲਬ' ਜਾਲੰਧਰੀ*

## ਹੌਸਲੇ ਪਏ ਖੇਡਦੇ ਨੇ ਕਾਲੀਆਂ ਰਾਤਾਂ ਦੇ ਨਾਲ

ਹੌਂਸਲੇ ਪਏ ਖੇਡਦੇ ਨੇ, ਕਾਲੀਆਂ ਰਾਤਾਂ ਦੇ ਨਾਲ।
ਏਹ ਭਰੋਸਾ ਹੈ ਮੇਰਾ, ਰੋਸ਼ਨ ਸਵੇਰੇ ਆਉਣਗੇ।
ਮਾਲੀਆਂ ਦੀ ਬੇਨਿਆਜ਼ੀ ਨਾਲ ਜੋ ਕੁਮਲਾ ਗਏ।
ਏਹ ਗੁਲਾਬੀ ਫੁੱਲ ਬਾਗੀਂ ਖਿਲਨਗੇ, ਮੁਸਕਾਨਗੇ।
ਅਜ ਆਪਣਾ ਖੂਨ ਪਾਣੀ ਤੋਂ ਵੀ ਸਸਤਾ ਵਿਕ ਰਿਹਾ।
ਕਲ ਪਸੀਨੇ ਦੇ ਵੀ ਕਤਰੇ ਮੁਲ ਨਗੀਨੇ ਪਾਉਨਗੇ।
ਕੀ ਹੋਇਆ ਜੇ ਅੱਜ ਦੁਸ਼ਮਨ ਆਦਮੀ ਦਾ ਆਦਮੀ।
ਕਲ ਤ੍ਰਾਨੇ ਏਕਤਾ ਦੇ ਜਾਨਵਰ ਵੀ ਗਾਉਨਗੇ।
ਸਚ ਦੀ 'ਤਾਲਬ' ਜਦੋਂ ਦੁਨੀਆਂ ਵਸਾਉਨਗੇ ਨਵੀਂ।
ਝੂਠ ਦੇ ਉਸ ਦਿਨ ਪੁਜਾਰੀ ਫੇਰ ਪਛਤਾਉਨਗੇ।

•

ਬਟਵਾਰੇ ਸਮੇਂ ਪਾਕਿਸਤਾਨ ਚਲਾ ਗਿਆ। ਇਸ ਦੀ ਬੀਵੀ ਦੇ ਸਾਰੇ ਰਿਸ਼ਤੇਦਾਰ ਇਧਰ ਮਾਰੇ ਗਏ ਸਨ। ਪਰ ਆਪ ਜਦੋਂ ਬਹਾਵਲ ਨਗਰ ਗਏ ਤਾਂ ਉਥੇ ਵੀ ਪਾਗਲਪਨ ਦੀ ਲਹਿਰ ਜ਼ੋਰਾਂ ਪੁਰ ਸੀ। ਇਸ ਤੋਂ ਨਾ ਸਹਾਰਿਆ ਗਿਆ ਹਿੰਮਤ ਕਰਕੇ ਇਕ ਤੇਜ਼ਭਾਨ ਤੇ ਉਸ ਦੇ ਸਾਥੀਆਂ ਦੀ ਮਦਦ ਕਰ ਕੇ ਸਹੀ ਸਲਾਮਤ ਉਨ੍ਹਾਂ ਨੂੰ ਭਾਰਤ ਪਹੁੰਚਾਇਆ।

ਸ਼ੁਰੂ-ਸ਼ੁਰੂ ਵਿਚ ਇਸ ਨੇ ਇਕ ਜਲਸੇ ਵਿਚ ਗੀਤ ਪੜ੍ਹੇ ਸਨ:

*ਦੁਖੜੇ ਮਜ਼ਦੂਰ ਕਿਸਾਨਾਂ ਦੇ,*
*ਕੌਣ ਸੁਣੇ ਦਸ ਹਿੰਦੀਆ।*
*ਮੰਦੇ ਜੇਹਲੀਂ ਹਾਲ ਜੁਆਨਾਂ ਦੇ,*
*ਕੌਣ ਸੁਣੇ ਦਸ ਹਿੰਦੀਆਂ।*

## ਬੋਲਣ ਕਾਗ ਬਨੇਰੇ

ਦੇਸ਼ ਅਰਜ਼ ਦੇ ਲੋਕੀਂ ਜਾਗੇ, ਖ਼ੁਸ਼ੀਆਂ ਚਾਰ-ਚੁਫੇਰੇ
ਸ਼ਾਮ ਅਦਨ ਵਿਚ ਫੁਟੀਆਂ ਕਿਰਨਾਂ, ਉੜਦੇ ਜਾਣ ਹਨ੍ਹੇਰੇ।
ਝੁਗੀਆਂ ਉੱਚੀਆਂ ਹੁੰਦੀਆਂ ਜਾਵਨ, ਕੰਬਣ ਮਹਿਲ ਉਚੇਰੇ।
ਖ਼ੁਦਦਾਰੀ ਦਾ ਕਰਨ ਮੁਜਾਹਰਾ, ਉੱਚੇ ਝੁਲਣ ਫਰੇਰੇ।
ਸਾਮਰਾਜ ਨੂੰ ਨਾਜਕ ਆਖਿਆ, ਬੀਤ ਗਏ ਦਿਨ ਤੇਰੇ।

ਅਫਰੰਗੀ, ਅਮਰੀਕੀ, ਫਰਾਂਸੀ ਕਜੇ ਫਿਰਨ ਲੁਟੇਰੇ।
ਡੁੱਲ੍ਹੇ ਪਿਆਲੇ ਸਬਰਾਂ ਵਾਲੇ, ਸਹ ਸਹ ਜ਼ੁਲਮ ਘਨੇਰੇ।
ਕਫ਼ਨ ਬਨ੍ਹ ਸਿਰਾਂ ਤੇ ਨਿਕਲੇ, ਜਾਬਰ ਦੇ ਘੇਰੇ।
ਕਾਫਲੇ ਮਿਹਨਤਕਸ਼ ਲੋਕਾਂ ਦੇ ਵਧਦੇ ਪਏ ਅਗੇਰੇ।
ਏਸ਼ੀਆ ਅੰਦਰ ਸਾਮਰਾਜ ਦੇ ਕੋਈ ਦਿਨ ਹੋਰ ਵਸੇਰੇ।
ਸਮੇਂ ਸੁਹਾਵਣ ਆਵਣ ਵਾਲੇ, ਬੋਲਣ ਕਾਗ ਬਨੇਰੇ।

*(ਇਹ ਗ਼ਜ਼ਲ ਕਵੀ ਦਰਬਾਰ ਜਲੰਧਰ ਵਿਚ ਦਸੰਬਰ ਦੀ ਰਾਤ ਨੂੰ ਪੜ੍ਹੀ ਗਈ ਤੇ ਬਹੁਤ ਸਲਾਹੀ ਗਈ। ਇਸਦੇ ਇਕ-ਇਕ ਬੰਦ ਨੂੰ ਦੋ ਵਾਰ ਪੜ੍ਹਨ ਲਈ ਜਨਤਾ ਨੇ ਮਜਬੂਰ ਕੀਤਾ।)*

ਆਪ ਦੇ ਪਿਤਾ ਜੀ 1947 'ਚ ਕਿਸੇ ਕਮਲੇ ਦੇ ਹੱਥੀਂ ਮਾਰੇ ਗਏ ਸਨ ਪਰ ਆਪਦੇ ਦਿਲ ਅੰਦਰ ਹੁਣ ਵੀ ਕਿਸੇ ਦੇ ਵਿਰੁੱਧ ਕੋਈ ਜਜ਼ਬਾ ਨਹੀਂ ਆਪ ਹੁਣ ਵੀ ਉਸਦੇ ਵਿਹਲ ਨੂੰ ਪਾਗਲਪਨ ਸਮਝਦੇ ਹਨ।

ਅੱਜ ਕਲ ਲਾਇਲ ਪੁਰ ਰਹਿੰਦਾ ਹੈ ਉਥੇ ਪੰਜਾਬੀ ਮਜਲਸ ਦਾ ਜਨਰਲ ਸਕੱਤਰ ਤੇ ਮਜ਼ਦੂਰ ਕਮੇਟੀ ਦਾ ਸਦਰ ਹੈ। ਤੇ ਕਈ ਹੋਰ ਯੂਨੀਅਨਾਂ ਦਾ ਅਹੁਦੇਦਾਰ ਵੀ ਹੈ।

ਸਾਮਰਾਜ ਵਰੋਧੀ, ਲੋਕ ਏਕਤਾ ਦੇ ਹਕ ਵਿਚ ਲਿਖਦਾ ਹੈ, ਲੋਕ ਕਵੀ ਹੈ, ਤਾਲਬ ਗਭਰੂ ਹੈ। ਪਰ ਜਾਗੀਰਦਾਰੀ, ਪੂੰਜੀਵਾਦ ਤੇ ਸਾਮਰਾਜ ਵਰੁਧ ਜਨਤਕ ਘੋਲ ਦਾ ਚੰਗਾ ਘੁਲਾਟੀਆ ਹੈ।

ਇਸ ਦੀਆਂ ਕਵਤਾਵਾਂ ਇਸ ਦੇ ਜਜ਼ਬਿਆਂ ਤੇ ਇਹਸਾਸਾਂ ਦਾ ਸਹੀ ਪਰਗਟਾਵਾ ਹੈ।

ਹਫਤੇਵਾਰ 'ਪੰਜਾਬੀ ਜਨਤਾ' ਜਲੰਧਰ
14 ਦਸੰਬਰ 1956, ਪੰਨਾ-2

# ਸ਼ਹੀਦ ਕਰਨੈਲ ਸਿੰਘ

ਪੁਰਤਗਾਲੀਆਂ ਤੋਂ ਗੋਆ ਆਜ਼ਾਦ ਕਰਾਉਣ ਲਈ ਸਤਿਆਗ੍ਰਹਿ ਵਿਚ ਪੰਜਾਬ ਤੋਂ ਗਏ ਪੰਡਿਤ ਕਿਸ਼ੋਰੀ ਲਾਲ ਜੀ, ਕਾਮਰੇਡ ਜਸਵੰਤ ਸਿੰਘ ਖਾਂਬਰਾ ਅਤੇ ਕਾਮਰੇਡ ਕਰਨੈਲ ਸਿੰਘ ਈਸੜੂ ਗਏ। 15 ਅਗਸਤ 1955 ਨੂੰ ਪੁਰਤਗਾਲੀਆਂ ਦੀ ਗੋਲਾਬਾਰੀ ਨਾਲ ਕਰਨੈਲ ਸਿੰਘ ਈਸੜੂ ਸ਼ਹੀਦ ਹੋਏ ਸਨ।

ਹਿੰਦੁਸਤਾਨ ਦੀ ਤਾਰੀਖ ਵਿਚ 1929 ਇਕ ਬਹੁਤ ਅਹਿਮ ਸਾਲ ਸੀ 1929 ਦੇ ਦਸੰਬਰ ਦੀ ਅੱਧੀ ਰਾਤ ਨੂੰ ਸੂਬਾ ਪੰਜਾਬ ਅੰਦਰ ਹਿੰਦੁਸਤਾਨੀਆਂ ਨੇ ਰਾਵੀ ਦੇ ਕਿਨਾਰੇ ਮੁਕੰਮਲ ਆਜ਼ਾਦੀ ਹਾਸਲ ਕਰਨ ਦਾ ਤਿਰੰਗੇ ਝੰਡੇ ਥੱਲੇ ਖੜੇ ਹੋ ਕੇ ਪ੍ਰਣ ਕੀਤਾ ਤੇ ਕਸਮਾਂ ਖਾਧੀਆਂ ਸਨ।

ਉਹ ਸਾਲ ਸਿਆਸੀ ਤੌਰ ਪੁਰ ਬਹੁਤ ਗਰਮ ਸੀ ਤੇ ਅੰਗਰੇਜ਼ੀ ਸਾਮਰਾਜ ਵਿਰੁੱਧ ਭਾਰਤ ਦੇ ਕੋਨੇ ਕੋਨੇ ਵਿਚ ਬਹੁਤ ਜੋਸ਼ ਤੇ ਜਜ਼ਬਾ ਸੀ।

ਉਸ ਸਿਆਸੀ ਬੇਦਾਰੀ ਦੇ ਸਾਲ ਕਰਨੈਲ ਸਿੰਘ ਨੇ ਜ਼ਿਲ੍ਹਾ ਲਾਇਲਪੁਰ, ਤਹਿਸੀਲ ਸਮੁੰਦਰੀ ਦੇ ਪਿੰਡ ਚੱਕ ਨੰ: 40 ਵਿਚ ਸ੍: ਸੁੰਦਰ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਜਨਮ ਲਿਆ।

ਸਿਆਣੇ ਕਹਿੰਦੇ ਨੇ ਸਮੇਂ ਤੇ ਮਾਹੌਲ ਦਾ ਇਨਸਾਨੀ ਜ਼ਿੰਦਗੀ ਪੁਰ ਗਹਿਰਾ ਅਸਰ ਹੁੰਦਾ ਹੈ।

ਮਸ਼ਹੂਰ ਦੇਸ਼ ਭਗਤ ਸੂਫੀ ਅੰਬਾ ਪ੍ਰਸ਼ਾਦ 1858 ਵਿਚ ਪੈਦਾ ਹੋਏ ਸਨ, ਉਨ੍ਹਾਂ ਦਾ ਜਮਾਂਦਰੂ ਹੀ ਇਕ ਹੱਥ ਸੀ ਦੂਜਾ ਨਹੀਂ ਸੀ। ਬੜੇ ਹੋ ਕੇ ਉਹ ਮਖੌਲ 'ਚ ਕਿਹਾ ਕਰਦੇ ਸਨ ਕਿ ਮੇਰਾ ਇਹ ਹੱਥ 1857 ਦੇ ਗ਼ਦਰ ਵਿਚ ਕਟਿਆ ਗਿਆ ਹੈ।

ਮੇਰਾ ਯਕੀਨ ਹੈ ਕਿ 1929-30-31 ਦੇ ਸਾਲਾਂ ਦਾ ਜਦੋਂ ਕਿ ਹਿੰਦੁਸਤਾਨ ਅੰਗਰੇਜ਼ਾਂ ਵਿਰੁੱਧ ਆਜ਼ਾਦੀ ਦੀ ਲੜਾਈ ਲੜ ਰਿਹਾ ਸੀ, ਸ੍: ਕਰਨੈਲ ਸਿੰਘ ਦੇ ਜੀਵਨ ਪੁਰ ਖਾਸ ਅਸਰ ਸੀ। 1931 ਵਿਚ ਸ੍: ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਸ਼ਹੀਦ ਹੋ ਗਏ। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਸ੍: ਕਰਨੈਲ ਸਿੰਘ ਦਾ ਜਨਮ ਤੇ ਬਚਪਨ ਆਜ਼ਾਦੀ ਲਈ ਲੜੇ ਜਾਣ ਵਾਲੇ ਸਾਲਾਂ ਵਿਚ ਹੋਇਆ ਤੇ ਪਾਲਣ ਪੋਸਣ ਹੋਇਆ।

ਸੱਤਵੀਂ ਤੀਕ ਆਪ ਆਪਣੇ ਪਿੰਡ ਦੇ ਲਾਗੇ ਮਿਸ਼ਨ ਸਕੂਲ ਵਿਚ ਪੜ੍ਹੇ ਫੇਰ ਬਟਵਾਰਾ ਹੋ ਗਿਆ ਤੇ ਬਟਵਾਰੇ ਪਿਛੋਂ ਆਪ ਆਪਣੇ ਬੜੇ ਭਾਈ ਸ੍: ਤਖਤ ਸਿੰਘ ਦੇ ਪਾਸ ਸ਼ੇਰਾਂ ਵਾਲਾ, ਜ਼ਿਲ੍ਹਾ ਫਿਰੋਜ਼ਪੁਰ ਵਿਚ ਜਿਥੇ ਉਹ ਹੈਡਮਾਸਟਰ ਸਨ ਪੜ੍ਹੇ ਤੇ ਅੱਠਵੀਂ ਪਾਸ ਕਰ ਕੇ ਆਪਣੇ ਜੱਦੀ ਪਿੰਡ ਈਸੜੂ ਆ ਗਏ ਤੇ ਖੰਨੇ ਹਾਈ ਸਕੂਲ ਵਿਚ ਦਾਖਲ ਹੋ ਗਏ।

ਈਸੜੂ ਪਿੰਡ ਵੀ 1920 ਤੇ ਇਸ ਦੇ ਮਗਰਲਿਆਂ ਸਾਲਾਂ ਵਿਚ ਬੇਗਾਰ, ਮਲਬਾ ਤੇ ਚੌਂਕੀਦਾਰ ਵਿਰੁੱਧ ਮੁਹਿੰਮਾਂ ਤੇ ਪੁਲੀਸ ਦੇ ਧੱਕੇ ਵਿਰੁੱਧ ਦਲੇਰੀ ਦਿਖਾਉਣ ਵਿਚ ਕਾਫੀ ਸ਼ੁਹਰਤ ਹਾਸਲ ਕਰ ਚੁੱਕਾ ਸੀ, ਇਥੇ ਦੇ ਸਾਥੀ ਰਾਮ ਸਿੰਘ ਬਹੁਤ ਉੱਘੇ ਇਨਕਲਾਬੀ ਰਹੇ ਹਨ। ਮੇਰਾ ਖਿਆਲ ਹੈ ਕਿ 1936 ਵਿਚ ਖਨੇ ਦੀ ਕਾਨਫਰੰਸ ਦੀ ਕਾਮਯਾਬੀ ਦਾ ਸਿਹਰਾ ਸ੍: ਰਾਮ ਸਿੰਘ ਜੀ ਈਸੜੂ ਦੇ ਸਿਰ ਹੀ ਹੈ।

ਆਪ ਉੱਤੇ ਈਸੜੂ ਦੇ ਇਨਕਲਾਬੀ ਵਾਯੂ ਮੰਡਲ ਦਾ ਅਸਰ ਹੋਣਾ ਲਾਜ਼ਮੀ ਸੀ, ਜੋ ਹੋਇਆ। ਆਪ ਨੇ ਪੜ੍ਹਾਈ ਦੇ ਦੌਰਾਨ ਹੀ ਰਾਜਸੀ ਕੰਮਾਂ 'ਚ ਹਿੱਸਾ ਲੈਣਾ

ਸ਼ੁਰੂ ਕੀਤਾ ਤੇ ਪੜ੍ਹਾਕੂ ਮੁੰਡਿਆਂ ਦੇ ਆਪ ਚੰਗੇ ਲੀਡਰ ਬਣ ਗਏ।

ਗਰੀਬੀ ਦੇ ਕਾਰਨ ਆਪ ਤੁਰ ਕੇ ਪਿੰਡ ਜਾਂਦੇ ਤੇ ਤੁਰ ਕੇ ਸਕੂਲੇ ਆਉਂਦੇ। ਇਸ ਤਰ੍ਹਾਂ ਪੰਦਰਾਂ ਮੀਲ ਰੋਜ਼ ਸਫ਼ਰ ਕਰਨਾ ਪੈਂਦਾ ਪਰ ਫੇਰ ਵੀ ਆਪ ਨੇ ਫਸਟ ਡਵੀਜਨ ਵਿਚ ਦਸਵੀਂ ਪਾਸ ਕੀਤੀ।

ਗਿਆਨੀ ਪਾਸ ਕਰ ਕੇ ਪ੍ਰਾਈਵੇਟ ਐਫ.ਏ. ਕੀਤੀ ਤੇ ਬੇਸਕ ਟਰੇਨਿੰਗ ਹਾਸਲ ਕਰਨ ਪਿੱਛੋਂ ਇਕ ਸਕੂਲ ਵਿਚ ਪੜ੍ਹਾਉਣ ਲੱਗ ਪਏ।

ਆਪ ਦੇ ਮਿੱਤਰਾਂ ਦੋਸਤਾਂ ਦਾ ਕਹਿਣਾ ਹੈ ਕਿ ਆਪ ਸ: ਭਗਤ ਸਿੰਘ ਜੀ ਦੀ ਤਸਵੀਰ ਨੂੰ ਬਹੁਤ ਪਸੰਦ ਕਰਦੇ ਸਨ ਤੇ ਆਪਣੀ ਤਸਵੀਰ ਉਸ ਦੀ ਤਸਵੀਰ ਦੇ ਨਾਲ ਲਟਕਾਉਂਦੇ ਸਨ।

ਉਨ੍ਹਾਂ ਦੇ ਸ਼ਹੀਦ ਹੋਣ ਤੋਂ ਪਹਿਲਾਂ ਮਿੱਤਰਾਂ ਨੂੰ ਲਿਖੀਆਂ ਚਿੱਠੀਆਂ ਦਸਦੀਆਂ ਹਨ ਕਿ ਆਪ ਦੇ ਦਿਲ ਵਿਚ ਸਦਾ ਇਹ ਗੱਲ ਰਹਿੰਦੀ ਸੀ ਕਿ ਮੇਰੀ ਇਹ ਤਸਵੀਰ ਹਾਲਾਂ ਬਰਾਬਰ ਲਟਕਣ ਦਾ ਹੱਕ ਨਹੀਂ ਰੱਖਦੀ ਪਰ ਮੈਂ ਏਸ ਨੂੰ ਇਸ ਦਾ ਏਹੀ ਯੋਗ ਥਾਂ ਲੈ ਦੇਣਾ ਹੈ। ਉਨ੍ਹਾਂ ਦੀ ਇਹ ਖਾਹਸ਼ ਪੂਰੀ ਹੋ ਗਈ।

*ਯਿਹ ਮਰਤਬਾ ਬਲੰਦ ਮਿਲਾ ਜਿਸ ਕੋ ਮਿਲ ਗਿਆ,*
*ਹਰ ਮੁਦੱਈ ਕੇ ਵਾਸਤੇ ਦਾਰੋ ਰਸ਼ੱਨ ਕਹਾਂ।*

ਆਪ 15 ਅਗਸਤ ਨੂੰ ਗਵਾ ਨੂੰ ਆਜ਼ਾਦ ਕਰਾਉਂਦੇ ਹੋਏ ਇਕ ਸੱਚੇ ਸਤਿਆਗ੍ਰਹੀ ਵਾਂਗ ਪੁਰਤਗਾਲੀਆਂ ਦੀ ਅੰਨ੍ਹੇਵਾਹ ਗੋਲੀਆਂ ਦਾ ਸ਼ਿਕਾਰ ਹੋਏ। ਆਪ ਆਪਣੇ ਖਾਨਦਾਨ ਤੇ ਪੰਜਾਬ ਦਾ ਨਾਂ ਰੋਸ਼ਨ ਕਰਦੇ ਹੋਏ ਆਪਣੇ ਸਾਥੀ ਸ: ਭਗਤ ਸਿੰਘ ਹੁਰਾਂ ਨਾਲ ਜਾ ਮਿਲੇ।

ਸ਼ਹੀਦ ਦੇ ਦੋ ਭਾਈ ਜੋ ਦੋਨੋਂ ਹੀ ਆਪ ਤੋਂ ਵੱਡੇ ਹਨ। ਤਿੰਨ ਭੈਣਾਂ ਇਕ ਛੋਟੀ ਤੇ ਦੋ ਵੱਡੀਆਂ ਹਨ।

ਆਪ ਜੀ ਦੇ ਵੱਡੇ ਭਰਾਤਾ ਸ: ਤਖਤ ਸਿੰਘ ਜੀ ਉਰਦੂ ਦੇ ਕਵੀ ਹਨ ਤੇ ਬਹੁਤ ਦਲੇਰ ਤੇ ਦੇਸ਼ ਭਗਤ ਹਨ।

ਜਦੋਂ ਲੋਕਾਂ ਨੇ ਸ਼ਹੀਦ ਦੇ ਸੰਬੰਧੀਆਂ ਲਈ ਫੰਡ ਇਕੱਠਾ ਕਰਨ ਨੂੰ ਕਿਹਾ ਤਾਂ ਆਪ ਦੇ ਭਰਾਵਾਂ ਨੇ ਉੱਤਰ ਦਿੱਤਾ "ਕਿ ਅਸੀਂ ਸ਼ਹੀਦ ਦੀ ਰਾਖ ਨੂੰ ਵੇਚਣਾ ਨਹੀਂ ਚਾਹੁੰਦੇ, ਉਸ ਨੇ ਆਪਣਾ ਫਰਜ਼ ਨਿਭਾਇਆ ਹੈ, ਹੁਣ ਦੇਸ਼ ਦੇ ਜ਼ੁੰਮੇ ਜੋ ਫਰਜ਼ ਹੈ ਅਦਾ ਕਰੇ, ਸਾਨੂੰ ਸਾਡੇ ਹਾਲ ਤੇ ਰਹਿਣ ਦਿੱਤਾ ਜਾਵੇ।"

"ਸਾਡੇ ਲਈ ਇਹ ਕਾਫ਼ੀ ਫਖਰ ਦੀ ਗੱਲ ਹੈ ਕਿ ਸਾਡਾ ਭਰਾ ਨਿਰਾ ਸਾਡਾ ਹੀ ਨਹੀਂ ਰਿਹਾ, ਸਗੋਂ ਦੇਸ਼ ਦਾ ਸਾਂਝਾ ਹੋ ਗਿਆ ਹੈ।"

ਹਫਤੇਵਾਰ 'ਪੰਜਾਬੀ ਜਨਤਾ' ਜਲੰਧਰ
2 ਸਤੰਬਰ 1955, ਪੰਨਾ-2

# ਜ਼ਿੰਦਾ ਸ਼ਹੀਦ ਸ੍ਰ: ਗੌਂਦਾ ਸਿੰਘ

ਤਹਿਸੀਲ ਗੜ੍ਹਸ਼ੰਕਰ ਦੇ ਪਿੰਡ ਰੁੜਕੀ ਖਾਸ ਦੇ ਸ. ਗੌਂਦਾ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਪ੍ਰੀਤਮ ਕੌਰ ਨੂੰ ਜਥੇਦਾਰ ਰਤਨ ਸਿੰਘ ਰੱਕੜ ਨੂੰ ਪਨਾਹ ਦੇਣ ਦੇ ਦੋਸ਼ ਵਿਚ ਗ੍ਰਿਫਤਾਰ ਕਰਕੇ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ।

ਸ੍ਰ: ਗੌਂਦਾ ਸਿੰਘ ਇਕ ਸੱਚੇ ਦੇਸ਼ ਭਗਤ ਹਨ। ਦੁਖੀਆਂ ਪ੍ਰਤੀ ਦਰਦ ਤੇ ਦੇਸ਼ ਲਈ ਆਪਾ ਨਿਸ਼ਾਵਰ ਕਰਨ ਦਾ ਚਾਅ ਆਪ ਅੰਦਰ ਕੁਟ-ਕੁਟ ਕੇ ਭਰਿਆ ਹੋਇਆ ਹੈ।

ਆਪ ਦਾ ਜਨਮ ਇਕ ਸਿੱਧੇ ਸਾਦੇ ਕਿਸਾਨ ਘਿਰਾਣੇ 'ਚ ਸ੍ਰ: ਭਗਵਾਨ ਸਿੰਘ ਜੀ ਸੈਣੀ ਦੇ ਘਰ ਮਾਤਾ ਬੀਰਾਂ ਕੌਰ ਦੀ ਕੁੱਖ ਤੋਂ ਪਿੰਡ ਰੁੜਕੀ ਖਾਸ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ 'ਚ ਵੀਹਵੀਂ ਸਦੀ ਦੇ ਆਰੰਭ 'ਚ ਹੋਇਆ।

ਆਪ ਜੀ ਦੇ ਦੋ ਭਰਾਤਾ ਸ੍ਰ: ਈਸ਼ਰ ਸਿੰਘ ਜੀ ਤੇ ਸ੍ਰ: ਚੂਹੜ ਸਿੰਘ ਸਨ। ਇਹ ਨਾਂ ਦੀ ਇਕ ਭੈਣ ਬੀਬੀ ਪ੍ਰਭੀ ਹੈ। ਆਪ ਨੂੰ ਸਕੂਲ 'ਚ ਪੜ੍ਹਨੇ ਨਹੀਂ ਪਾਇਆ ਗਿਆ। ਪਿੰਡ ਦੇ ਗ੍ਰੰਥੀ ਤੋਂ ਆਪ ਨੇ ਥੋੜੀ ਬਹੁਤ ਗੁਰਮੁਖੀ ਹੀ ਸਿੱਖੀ।

ਅਕਤੂਬਰ 1917 ਵਿਚ ਆਪ ਸੋਲਾਂ ਸਾਲ ਦੀ ਉਮਰ ਵਿਚ ਹੀ 16 ਨੰਬਰ ਰਿਸਾਲੇ 'ਚ ਨੌਕਰ ਹੋ ਗਏ। ਪਰ ਦੋ ਸਾਲ ਪਿਛੋਂ 1919 'ਚ ਰਿਸਾਲੇ 'ਚੋਂ ਡਿਸਚਾਰਜ ਹੋ ਕੇ ਸੈਂਕੜ 27 ਪੰਜਾਬੀ 'ਚ ਭਰਤੀ ਹੋ ਕੇ ਮਿਸਰ ਚਲੇ ਗਏ। ਉਥੋਂ 1921 'ਚ ਵਾਪਸ ਆਏ ਅਤੇ ਇਨ੍ਹਾਂ ਦੀ ਪਲਟਨ ਤੋੜ ਦਿੱਤੀ ਗਈ। ਸਰਦਾਰ ਗੌਂਦਾ ਸਿੰਘ ਜੀ 124 ਬਲੋਚੀ 'ਚ ਚਲੇ ਗਏ ਤੇ ਉਸ ਦੀ ਇਕ ਕੰਪਨੀ 87 ਕੰਪਨੀ ਵਿਚ ਆ ਗਏ। 1923 'ਚ ਇਨ੍ਹਾਂ ਦੀ ਕੰਪਨੀ ਰਾਵਲ ਪਿੰਡੀ ਸੀ। ਅਕਾਲੀ ਕੈਦੀਆਂ ਦਾ ਇਕ ਜਥਾ ਅਟਕ ਕਿਲੇ 'ਚ ਲਿਜਾਇਆ ਜਾ ਰਿਹਾ ਸੀ। ਪਿੰਡੀ ਦੀਆਂ ਸੰਗਤਾਂ ਨੇ ਜਥੇ ਨੂੰ ਪਰਸ਼ਾਦ ਛਕਾਉਣ ਤੇ ਦਰਸ਼ਨਾਂ ਦੀ ਮੰਗ ਕੀਤੀ। ਪਰ ਅੰਗਰੇਜ਼ ਦੀ ਹੈਂਕੜ ਭਰੀ ਗਰਦਨ ਨੇ ਇਸ ਸਧਾਰਨ ਤੇ ਜਾਇਜ਼ ਮੰਗ ਲਈ ਝੁਕਣਾ ਗਵਾਰਾ ਨਾ ਕੀਤਾ। ਸਿੱਟਾ ਇਹ ਹੋਇਆ ਕਿ ਭਾਈ ਪ੍ਰਤਾਪ ਸਿੰਘ ਜੀ ਆਪਣੇ ਇਕ ਸਾਥੀ ਨੂੰ ਨਾਲ ਲੈ ਕੇ ਗੱਡੀ ਅੱਗੇ ਲੇਟ ਗਏ। ਅੰਗਰੇਜ਼ ਨੇ ਗੱਡੀ ਉਨ੍ਹਾਂ ਦੇ ਉਪਰ ਦੀ ਚਲਾਉਣ ਦਾ ਹੁਕਮ ਦਿੱਤਾ। ਸਿੰਘ ਸ਼ਹੀਦ ਹੋ ਗਏ ਤੇ ਗੱਡੀ ਅੱਗੇ ਨਿਕਲ ਗਈ।

ਸਿੱਖਾਂ ਤੇ ਪੰਜਾਬੀਆਂ ਅੰਦਰ ਜੋਸ਼ ਠਾਠਾਂ ਮਾਰਨ ਲੱਗ ਪਿਆ। ਇਨ੍ਹਾਂ ਦੀ ਕੰਪਨੀ ਨੂੰ ਬੰਦ ਕਰ ਛੱਡਿਆ।

ਸਰਦਾਰ ਜੀ ਤੋਂ ਸਹਾਰਿਆ ਨਾ ਗਿਆ ਤੇ ਇਨ੍ਹਾਂ ਅਸਤੀਫਾ ਦੇ ਦਿੱਤਾ। ਪਰ ਬੜੀ ਮੁਸ਼ਕਲ ਨਾਲ ਆਪ ਰੀਜ਼ਰਵ ਆ ਸਕੇ ਜਿਸ ਦੇ ਮੁਤਾਬਕ ਹਰ ਦੋ ਸਾਲ ਪਿਛੋਂ ਇਕ ਮਹੀਨਾ ਪਲਟਨ 'ਚ ਜਾਣਾ ਪੈਂਦਾ ਸੀ।

ਆਪ 1925 'ਚ ਰੀਜ਼ਰਵ ਦਾ ਮਹੀਨਾ ਕੱਟਣ ਲਈ ਪਲਟਨ 'ਚ ਗਏ ਤਾਂ ਪੂਰੇ ਅਕਾਲੀ ਸਨ। ਇੰਚਾਰਜ ਸਿਖ ਸੀ, ਕੈਪਟਨ ਤੇ ਕਰਨਲ ਅੰਗਰੇਜ਼ ਸਨ। ਆਪ ਨੇ ਕਿਰਪਾਨ ਨਾ ਉਤਾਰੀ ਤੇ ਹੁਕਮ ਅਦੂਲੀ 'ਚ ਆਪ ਦਾ ਕੋਰਟ ਮਾਰਸ਼ਲ ਹੋ ਗਿਆ।

ਸਾਰੀ ਪਲਟੂਨ 'ਚ ਜੋਸ਼ ਫੈਲ ਗਿਆ ਪਰ ਕਰਨਲ ਨੇ ਸਿਆਣਪ ਕੀਤੀ ਤੇ ਕਿਹਾ ਇਸ ਦੀ ਕਿਰਪਾਨ ਤਬਦੀਲ ਕਰਾ ਦਿਓ। ਇਵੇਂ ਹੋਇਆ ਆਪ ਦੀ ਕਿਰਪਾਨ ਤਬਦੀਲ ਕਰਾ ਦਿੱਤੀ ਗਈ ਤੇ ਕੋਈ ਸਜ਼ਾ ਨਾ ਹੋਈ।

1932 ਵਿਚ ਸ: ਰਤਨ ਸਿੰਘ ਜੀ ਮਫਰੂਰ ਹੋ ਕੇ ਦੁਆਬੇ ਅੰਦਰ ਆ ਗਏ। ਆਪ ਨੂੰ 303 ਦੇ ਕਾਰਤੂਸ ਲੋੜੀਂਦੇ ਸਨ ਜੋ ਕਿਸੇ ਫੌਜੀ ਕੋਲੋਂ ਹੀ ਮਿਲ ਸਕਦੇ ਸਨ। ਕਾਰਤੂਸ ਲੱਭਣ 'ਚ ਗੋਂਦਾ ਸਿੰਘ ਨੇ ਉਸ ਦੀ ਬਹੁਤ ਮਦਦ ਕੀਤੀ।

ਜਿਹਾ ਕਿ ਰਤਨ ਸਿੰਘ ਦੇ ਕੇਸ ਵਿਚ ਦੱਸਿਆ ਜਾ ਚੁੱਕਾ ਹੈ। ਰਤਨ ਸਿੰਘ ਗੋਂਦਾ ਸਿੰਘ ਦੇ ਘਰ ਠਹਿਰਿਆ ਹੋਇਆ ਸੀ। ਮੁਖਬਰ ਨੇ ਖ਼ਬਰ ਕਰ ਦਿੱਤੀ ਤੇ ਪੁਲੀਸ ਨੇ ਮਕਾਨ ਨੂੰ ਘੇਰਾ ਪਾ ਲਿਆ। ਉਸ ਦਿਨ ਗੋਂਦਾ ਸਿੰਘ ਕਿਸੇ ਪਿੰਡ ਕੰਮ ਕਰਨ ਗਿਆ ਹੋਇਆ ਸੀ।

ਪੁਲੀਸ ਨੇ ਪਿੰਡ ਆਉਣ ਲੱਗਿਆ ਹੀ ਆਪਣੇ ਬਸਤਾ ਬ੍ਰਦਾਰਾਂ ਤੋਂ ਇਕ ਸਪੈਸਲ ਲਾਰੀ 'ਚ ਗੜ੍ਹਸ਼ੰਕਰ ਤੋਂ ਤੇਲ ਮੰਗਵਾ ਘਲਿਆ ਸੀ। ਘੇਰਾ ਪਾਉਂਦਿਆਂ ਹੀ ਗਲੀਆਂ 'ਚ ਕਪਾਹ-ਛਿਟੀ ਖਿਲਾਰ ਦਿੱਤੀ ਗਈ। ਪਹਿਲੇ ਦੋ ਆਦਮੀ ਜੋ ਰਤਨ ਸਿੰਘ ਨੂੰ ਫੜਨ ਗਏ ਮਿਸਟਰ ਅਬਦੁਲ ਕਰੀਮ ਤੇ ਭਗਤ ਸਿੰਘ ਮਾਰੇ ਜਾ ਚੁੱਕੇ ਸਨ। ਪੁਲੀਸ ਨੇ ਅਤਰੇ ਨੰਬਰਦਾਰ ਦੇ ਮੁੰਡੇ ਹਜ਼ਾਰਾ ਸਿੰਘ ਨੂੰ ਮਜਬੂਰ ਕਰਕੇ ਕੋਠੇ ਪੁਰ ਅੱਗ ਲਾਉਣ ਵਾਸਤੇ ਚਾੜ੍ਹਿਆ ਜੋ ਸਣੇ ਊਧਮ ਸਿੰਘ ਸੀ, ਆਈ.ਡੀ. ਸਿਪਾਹੀ ਦੇ ਰਤਨ ਸਿੰਘ ਦੀ ਗੋਲੀ ਦਾ ਸ਼ਿਕਾਰ ਹੋਇਆ ਪਰ ਉਨ੍ਹਾਂ ਮਕਾਨ ਨੂੰ ਅੱਗ ਲਾ ਦਿੱਤੀ।

ਸਿੱਟੇ ਵਜੋਂ ਗੋਂਦਾ ਸਿੰਘ ਦੇ ਮਕਾਨ ਦੇ ਖੱਬੇ ਪਾਸੇ ਦੇ ਤਿੰਨ ਮਕਾਨ ਤੇ ਦੋ ਪਿਛਲੇ ਪਾਸੇ ਦੇ ਤੇ ਗੋਂਦਾ ਸਿੰਘ ਦਾ ਆਪਣਾ ਮਕਾਨ ਮਿਲਾ ਕੇ ਕੁੱਲ ਛੇ ਮਕਾਨ ਸੁਆਹ ਦੀ ਢੇਰੀ ਬਣਾ ਕੇ ਰੱਖ ਦਿੱਤੇ ਗਏ।

ਬੀਬੀ ਪ੍ਰੀਤਮ ਕੌਰ (ਗੋਂਦਾ ਸਿੰਘ ਦੀ ਸਿੰਘਣੀ) ਜੋ ਕਾਕੇ ਦੀ ਚੁੰਨੀ ਸਿਰ ਪੁਰ ਲੈ ਕੇ ਕੰਮ ਕਰ ਰਹੀ ਸੀ ਅੱਗ ਲੱਗਣ ਪੁਰ ਅੰਦਰੋਂ ਦੁਪੱਟਾ ਵੀ ਨਾ ਕੱਢ ਸਕੀ।

ਚੁੰਨੀ ਸਮੇਤ ਫੜੀ ਗਈ। ਕਾਕਾ ਜੋ ਪੰਜ ਛੇ ਸਾਲ ਦਾ ਸੀ ਵੀ ਨਾਲ ਹੀ ਫੜ ਲਿਆ ਗਿਆ।

ਆਪ ਜੀ ਦਾ ਵੱਡਾ ਭਰਾ ਸ੍ਰ: **ਈਸ਼ਰ ਸਿੰਘ ਜੀ ਜਿਸ ਨੇ 1921 ਵਿਚ ਰੁੜਕੀ ਖਾਸ ਡਾਕਟਰ ਕਿਚਲੂ ਦੀ ਪ੍ਰਧਾਨਗੀ 'ਚ ਹੋਈ ਪੌਲੀਟੀਕਲ ਕਾਨਫਰੰਸ ਵਿਚ ਨੰਬਰਦਾਰੀ ਛੱਡੀ ਸੀ ਤੇ ਇਕ ਸਾਲ ਦੀ ਸਜ਼ਾ ਭੋਗੀ ਸੀ ਵੀ ਨਾਲ ਹੀ ਫੜ ਲਿਆ ਗਿਆ। ਇਨ੍ਹਾਂ ਤਿੰਨਾਂ ਪੁਰ 216 (ਮਫਰੂਰ ਨੂੰ ਪਨਾਹ ਦੇਣ ਦੇ ਜ਼ੁਰਮ 'ਚ) ਮੁਕੱਦਮਾ ਚਲਾਇਆ ਗਿਆ।**

ਆਮ ਤੌਰ ਤੇ ਅਜਿਹੇ ਮੁਕੱਦਮਿਆਂ ਦੇ ਗਵਾਹ ਤਾਂ ਝੂਠੇ ਹੀ ਹੁੰਦੇ ਹਨ। ਝੂਠੈ ਦੇ ਪੈਰ ਨਹੀਂ ਹੁੰਦੇ। ਮਿਸਾਲ ਦੇ ਮੁਤਾਬਿਕ ਗਵਾਹ ਮੀਰ ਸਾਹਿਬ ਥਾਣੇਦਾਰ, ਬਲਾਚੌਰ, ਅਬਦੁਲ ਅਜ਼ੀਜ ਜੈਲਦਾਰ ਗੜ੍ਹਸ਼ੰਕਰ, ਹਾਕੋ ਨੰਬਰਦਾਰ, ਰੁਲੀਆ ਨੰਬਰਦਾਰ, ਮੋਹਨ ਲਾਲ, ਬਿਸ਼ਨ ਚੰਦ, ਤੁਲਸੀ, ਜਮਾਲ ਖਾਂ ਨੰਬਰਦਾਰ ਆਦਿ ਭੁਗਤੇ ਪਰ ਦੁਰਗਾ ਦਾਸ ਤੇ ਸ੍ਰੀ ਜਗਨ ਨਾਥ ਉੱਪਲ ਦੋਹਾਂ ਵਕੀਲਾਂ ਦੇ ਜਰ੍ਹਾ ਕਰਨ ਪੁਰ ਇਹ ਸਾਬਤ ਨਾ ਕਰ ਸਕੇ ਕਿ ਠੀਕ ਰਤਨ ਸਿੰਘ ਦੀ ਲਾਸ਼ ਹੈ ਸਗੋਂ ਕੇਵਲ ਏਨ੍ਹਾਂ ਕਹਿ ਸਕੇ ਕਿ ਜੋ ਆਦਮੀ ਮਾਰਿਆ ਗਿਆ ਹੈ ਉਸ ਦੀ ਲਾਸ਼ ਦਾ ਇਹ ਫੋਟੋ ਹੈ। ਮੁਕੱਦਮਾ ਸਿਰੇ ਨਾ ਚੜ੍ਹਦਾ ਵੇਖ ਕੇ ਥਾਣੇਦਾਰ ਮੋਹਨ ਲਾਲ ਨੇ ਗੋਂਦਾ ਸਿੰਘ ਦੇ ਘਰ ਬੰਬ ਰਖਵਾ ਕੇ ਪਕੜੇ ਤੇ ਮੁਕੱਦਮਾ ਬਣਵਾਇਆ ਪਰ ਛੇਤੀ ਹੀ ਪਤਾ ਲੱਗ ਗਿਆ ਕਿ ਥਾਣੇਦਾਰ ਨੇ ਆਪ ਹੀ ਬਬ ਰਖਵਾਏ ਸਨ ਪਰ ਪੁਲੀਸ ਸਜ਼ਾ ਦੇਣ ਲਈ ਤੁਲੀ ਹੋਈ ਸੀ। ਇਸ ਲਈ ਬਿਸ਼ਨ ਚੰਦ ਆਦਿ ਤੇ 107/51 ਦੀ (ਨੁਕਸ ਅਮਨ ਦਾ ਡਰ ਦੀ ਦਰਖਾਸਤ ਦੁਆਈ ਜੋ ਸਾਬਤ ਨਾ ਹੋ ਸਕੀ) ਅਖੀਰ ਰੋ ਪਿਟ ਕੇ ਪੋਲੀਸ ਤੇ ਅੰਗਰੇਜ਼ੀ ਸਰਕਾਰ ਦਾ ਵਕਾਰ ਮਿਟੀ 'ਚ ਮਿਲ ਜਾਣ ਦਾ ਡਰ ਪਾ ਕੇ 216 ਦਫਾ ਹੇਠ ਸ੍ਰ: ਈਸ਼ਰ ਸਿੰਘ ਨੂੰ ਦੋ ਸਾਲ ਗੋਂਦਾ ਸਿੰਘ ਤੇ ਪ੍ਰੀਤਮ ਕੌਰ ਨੂੰ ਤਿੰਨ-ਤਿੰਨ ਸਾਲ ਦੀ ਸਜ਼ਾ ਦਿਲਾਈ। ਪ੍ਰੀਤਮ ਕੌਰ ਛੇ ਮਹੀਨੇ ਪਿਛੋਂ ਅਪੀਲ 'ਚ ਬਰੀ ਹੋ ਗਈ ਤੇ ਕਾਕੇ ਸਮੇਤ ਰਿਹਾ ਕਰ ਦਿੱਤੀ ਗਈ। ਸ: ਗੋਂਦਾ ਸਿੰਘ ਨੇ ਏਹ ਸਜ਼ਾ ਜਲੰਧਰ, ਅਟਕ ਤੇ ਮਿੰਟਗੁਮਰੀ ਆਦਿ ਜੇਲ੍ਹਾਂ 'ਚ ਗੁਜਾਰੀ ਤੇ 1935 'ਚ ਮਿੰਟਗੁਮਰੀ ਤੋਂ ਰਿਹਾ ਹੋਏ।

1936 'ਚ ਆਪ ਦਾ ਇਕੋ ਇਕ ਲੜਕਾ ਮਰ ਗਿਆ। ਕੈਦ ਤੇ ਮੁਕੱਦਮੇ ਦੇ ਦੌਰਾਨ 'ਚ ਆਪ ਨੂੰ ਕਈ ਪਰੇਸ਼ਾਨੀਆਂ ਤੋਂ ਇਲਾਵਾ ਜ਼ਮੀਨ ਗਹਿਣੇ ਰੱਖ ਕੇ ਕਰਜ਼ਾ ਚੁਕਣਾ ਪਿਆ ਤੇ ਬੜੀ ਮੁਸੀਬਤ ਦੇ ਦਿਨ ਕਟੇ ਪਰ ਸਾਬਾਸ਼ ਗੋਂਦਾ ਸਿੰਘ ਤੇ ਪ੍ਰੀਤਮ ਕੌਰ ਦੋਹਾਂ ਦੇ ਦਿਲ ਸਦਾ ਚੜ੍ਹਦੀਆਂ ਕਲਾਂ 'ਚ ਰਹੇ ਤੇ ਦੇਸ਼ ਸੇਵਾ ਤੋਂ ਮੁਖ ਨਹੀਂ ਮੋੜਿਆ ਤੇ ਨਾ ਹੀ ਕਿਸੇ ਪਾਸ ਹੱਥ ਟੱਡਿਆ ਤੇ ਨਾ ਹੀ ਜ਼ਬਾਨ ਪੁਰ ਸ਼ਿਕਾਇਤ ਦਾ ਇਕ ਲਫਜ਼ ਲਿਆਂਦਾ। ਦੂਜੇ ਸਿਆਸੀ ਵਰਕਰਾਂ ਵਾਂਗ ਇਨ੍ਹਾਂ ਦੀ ਵੀ ਨਿਗਰਾਨੀ ਹੁੰਦੀ ਸੀ। ਪੈਸੇ ਬਿਨਾਂ ਕਾਰੋਬਾਰ ਮੁਸ਼ਕਲ ਸੀ, ਇਨ੍ਹਾਂ ਨੇ ਕਿਸੇ ਮਿੱਤਰ

ਦੇ ਵਸੀਲੇ ਨਾਲ ਕੋਇਟੇ ਦੀ ਕਿਸੇ ਪ੍ਰਾਈਵੇਟ ਫਰਮ ਦੀ ਨੌਕਰੀ ਕਰ ਲਈ। ਆਪ ਨੇ ਕੋਇਟੇ ਇਕ ਮਕਾਨ ਬਣਾਇਆ ਆਪ ਨੂੰ ਨੌਕਰੀ ਦੇ ਸਿਲਸਿਲੇ 'ਚ ਘਰੋਂ ਦੂਰ ਕੋਇਟੇ, ਚਮਨ, ਅਹਮਦਾਬਾਦ ਦੇ ਤੋਂ ਜਬਲਪੁਰ ਆਦਿ ਕਈ ਥਾਈਂ ਰੁਲਨਾ ਪਿਆ।

ਹੁਣ ਦੇਸ਼ ਆਜ਼ਾਦ ਹੋਣ ਪੁਰ ਪੰਜਾਬ ਸਰਕਾਰ ਦੇ ਐਲਾਨ ਕਰਨ ਪੁਰ ਕਿ ਸਿਆਸੀ ਸਰਗਰਮੀਆਂ ਦੇ ਬਦਲੇ, ਹੋਏ ਨੁਕਸਾਨ ਦਾ ਮੁਆਵਜ਼ਾ ਮਿਲੇਗਾ ਇਨ੍ਹਾਂ ਦਰਖਾਸਤ ਕੀਤੀ ਪਰ ਸਰਕਾਰ ਨੇ ਕੇਵਲ ਇਕ ਹਜ਼ਾਰ ਰੁਪਿਆ ਦੇਣਾ ਪ੍ਰਵਾਨ ਕੀਤਾ ਜਦ ਕਿ ਇਨ੍ਹਾਂ ਦੀ ਮੰਗ ਸੱਤ ਹਜ਼ਾਰ ਦੀ ਹੈ, ਪਾਠਕ ਹੈਰਾਨ ਹੋਣਗੇ ਕਿ ਮੁਆਵਜ਼ੇ ਦਾ ਫੈਸਲਾ ਕਰਨ ਵਿਚ ਚੌਧਰੀ ਅਮਰ ਸਿੰਘ ਜਿਨ੍ਹਾਂ ਦਾ ਹੁਣੇ ਡਿਪਟੀ ਮਨਿਸਟਰੀ ਤੋਂ ਪੱਤਾ ਕੱਟਿਆ ਗਿਆ ਹੈ। ਕਾਫੀ ਹੱਥ ਹੈ। ਇਸੇ ਸੱਜਣ ਨੇ ਡੀ.ਐਮ. ਦੇ ਸਾਹਮਣੇ ਮੰਨਿਆ ਹੈ ਕਿ ਇਸ ਦੀ ਮੌਜੂਦਗੀ ਵਿਚ ਮਕਾਨ ਸਾੜ ਕੇ ਸੁਆਹ ਕੀਤਾ ਗਿਆ ਸੀ ਪਰ ਆਪ ਦਾ ਦਾਅਵਾ ਹੈ ਕਿ ਉਹ ਪੋਲੀਸ ਦੇ ਚਮਚੇ ਦੀ ਹੈਸੀਅਤ 'ਚ ਰੁੜਕੀ ਨਹੀਂ ਸਨ ਗਏ ਪਰ ਤੁਮਾਸ਼ਾਈ ਦੀ ਹੈਸੀਅਤ ਵਿਚ ਗਏ ਸਨ। ਇਸ ਮੌਕੇ ਪੁਰ ਗਾਲਬ ਦਾ ਏਹ ਸ਼ੇਅਰ ਪੜ੍ਹੋ:-

*ਸੁਨਾ ਥਾ ਆਜ ਕਿ ਗਾਲਬ ਕੇ ਉੜੇਂਗੇ ਪੁਰਜ਼ੇ,*
*ਦੇਖਨੇ ਹਮ ਭੀ ਗਏ ਪਰ ਤੁਮਾਸ਼ਾ ਨਾ ਹੁਆ।*

ਸ੍ਰ: ਰਤਨ ਸਿੰਘ ਨੂੰ ਸ਼ਹੀਦ ਕਰਨ ਦੇ ਸਿਲਸਿਲੇ 'ਚ ਮਦਦ ਕਰਨ ਦੇ ਮੁਆਵਜ਼ੇ ਵਜੋਂ ਪੋਲੀਸ ਨੇ ਆਪਣੇ ਬਸਤਾਬਰਦਾਰਾਂ ਨੂੰ ਇਨਾਮ ਦਿੱਤੇ।

ਹਜਾਰਾ ਸਿੰਘ ਦੀ ਮੌਤ ਪੁਰ ਉਸ ਦੇ ਪਿਤਾ ਅਤੇ ਅਤਰੇ ਨੰਬਰਦਾਰ ਨੂੰ 500 ਰੁਪਏ ਸ਼ਾਇਦ ਤੇ ਇਕ ਚਿੱਠੀ ਵੀ ਦੌਲਾ, ਕਾਹਨਾ, ਰਾਮ ਲੋਕ, (ਆਦਧਰਮੀ) ਗੋਪਾਲ ਸਿੰਘ ਦਰਜੀ ਤੇ ਚੌਂਕੀਦਾਰ ਨੂੰ ਤੀਹ-ਤੀਹ ਰੁਪਏ ਇਨਾਮ ਤੇ ਇਕ ਚਿੱਠੀ ਜਮਾਲ ਖਾਂ ਨੂੰ ਤੇ ਰੁਲੀਏ ਨੂੰ ਇਕ-ਇਕ ਚਿੱਠੀ। ਇਨ੍ਹਾਂ ਝੋਲੀ ਚੁੱਕਾਂ ਦੀ ਹਫਾਜ਼ਤ ਲਈ ਤਿੰਨ ਸਾਲ ਤਾਜੀਰੀ ਚੌਂਕੀ ਬੈਠੀ ਰਹੀ। ਜਿਸ ਦਾ ਖਰਚ ਦੇਸ਼ ਭਗਤਾਂ ਪੁਰ ਪਿਆ ਹਾਲਾਂ ਤੀਕ ਸਰਕਾਰ ਨੇ ਇਕ ਪੈਸਾ ਨਹੀਂ ਮੋੜਿਆ। ਸ੍ਰ: ਗੋਂਦਾ ਸਿੰਘ ਨੇ ਸਰਕਾਰ ਨੂੰ ਲਿਖਿਆ ਹੈ ਕਿ ਫੈਸਲੇ ਸਮੇਂ ਮੇਰੇ ਹਲਫੀਆ ਬਿਆਨ ਨੂੰ ਮੁੱਖ ਨਹੀਂ ਰੱਖਿਆ ਗਿਆ ਇਸ ਲਈ ਇਹ ਫ਼ੈਸਲਾ ਅਧੂਰਾ ਹੈ। ਦੁਬਾਰਾ ਚੈਕ ਕੀਤਾ ਜਾਏ ਪਰ ਸਰਕਾਰ ਦੇ ਕੰਨਾਂ ਪੁਰ ਜੂੰ ਤਕ ਨਹੀਂ ਸਰਕਦੀ ਇਧਰ ਇਹ ਅਣਖੀ ਪੱਠਾ ਸਤ ਹਜ਼ਾਰ ਦੀ ਥਾਂ ਹਜ਼ਾਰ ਲੈਣ ਨੂੰ ਤਿਆਰ ਨਹੀ ਹੈ।

ਹਫਤੇਵਾਰ 'ਪੰਜਾਬੀ ਜਨਤਾ' ਜਲੰਧਰ
9 ਨਵੰਬਰ 1956, ਪੰਨਾ-3

# ਵੀਹਵੀਂ ਸਦੀ ਦਾ ਨਲੂਆ: ਧੰਨਾ ਸਿੰਘ ਜੀ

ਪਹਿਲਾ ਮਨੁੱਖੀ ਬੰਬ ਬਬਰ ਧੰਨਾ ਸਿੰਘ ਬਹਿਬਲਪੁਰੀ ਨੇ 25 ਅਕਤੂਬਰ 1923 ਨੂੰ ਪਿੰਡ ਮੰਨਣਹਾਣਾ ਵਿਖੇ ਪੁਲਸੀ ਧਾੜ ਦਾ ਮੁਕਾਬਲਾ ਕਰਦਿਆਂ ਸ਼ਹੀਦੀ ਪ੍ਰਾਪਤ ਕੀਤੀ।

ਪਾਠਕ ਸ੍ਰ: ਕਰਮ ਸਿੰਘ ਜੀ ਦੌਲਤਪੁਰੀ ਦਾ ਜੀਵਨ ਪੜ੍ਹ ਚੁੱਕੇ ਹਨ। ਅੱਜ ਉਨ੍ਹਾਂ ਦੇ ਸਾਥੀ ਸਰਦਾਰ ਧੰਨਾ ਸਿੰਘ ਜੀ ਬਹਿਬਲਪੁਰ ਤੋਂ ਪਾਠਕਾਂ ਨੂੰ ਜਾਣੂ ਕਰਾਇਆ ਜਾਂਦਾ ਹੈ। ਸ੍ਰ: ਧੰਨਾ ਸਿੰਘ ਨੇ 1890 ਵਿਚ ਪਿੰਡ ਬਹਿਬਲਪੁਰ ਥਾਣਾ ਮਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸ੍ਰ: ਇੰਦਰ ਸਿੰਘ ਦੇ ਘਰ ਜਨਮ ਲਿਆ। ਸ੍ਰ: ਇੰਦਰ ਸਿੰਘ ਜੀ ਵਿਚਕਾਰਲੇ ਮੇਲ ਦੇ ਜ਼ਿਮੀਂਦਾਰ ਘਰਾਣੇ ਨਾਲ ਤੁਅਲਕ ਰੱਖਦੇ ਸਨ। ਉਨ੍ਹੀਂ ਦਿਨੀਂ ਕੋਈ ਚੰਗਾ ਸਕੂਲ ਨਾ ਹੋਣ ਕਰਕੇ ਆਪ ਨੇ ਗੁਰਮੁਖੀ ਤੇ ਉਰਦੂ ਗੁਰਦੁਆਰੇ ਦੇ ਭਾਈ ਪਾਸੋਂ ਹੀ ਪੜ੍ਹਿਆ।

ਹਾਲਾਂ ਆਪ ਮੁੱਛ ਫੁੱਟਦੇ ਗਭਰੂ ਸਨ ਕਿ ਕੁਸ਼ਤੀ ਕਰਨ ਦਾ ਆਪ ਨੂੰ ਸ਼ੌਕ ਹੋ ਗਿਆ ਤੇ ਥੋੜੇ ਚਿਰ 'ਚ ਹੀ ਆਪ ਚੰਗੇ-ਚੰਗੇ ਘੁਲੈਟਿਆਂ ਪਹਿਲਵਾਨਾਂ 'ਚ ਗਿਣੇ ਜਾਣ ਲੱਗ ਪਏ। ਨਾਲ ਨਾਲ ਆਪ ਨੇ ਆਪਣੇ ਪਿੰਡ ਦੇ ਇਕ ਯੂਨਾਨੀ ਹਕੀਮ ਕੋਲੋਂ ਹਿਕਮਤ ਦੀ ਵੀ ਖਾਸੀ ਵਾਕਫੀਅਤ ਹਾਸਲ ਕਰ ਲਈ।

1910 ਵਿਚ ਆਪ ਦੀ ਸ਼ਾਦੀ ਪਿੰਡ ਬੀੜਾਂ ਦੇ ਨੰਬਰਦਾਰ ਦੀ ਲੜਕੀ ਬੀਬੀ ਮਹਾਂ ਕੌਰ ਨਾਲ ਹੋਈ। 1920 ਵਿਚ ਜਦੋਂ ਗੁਰਦਵਾਰਾ ਸੁਧਾਰ ਲਹਿਰ ਉੱਠੀ ਤਾਂ ਆਪ ਅਕਾਲੀ ਸਜ ਗਏ ਤੇ ਪਿੰਡ ਦੇ ਜਥੇ ਦੇ ਜਥੇਦਾਰ ਥਾਪੇ ਗਏ। ਆਪ ਨੇ ਜਥੇ ਸਮੇਤ ਦੂਜੇ ਜਥਿਆਂ ਨਾਲ ਰਲ ਕੇ ਗੁਰਦਵਾਰਾ ਕੇਸਗੜ੍ਹ ਅਨੰਦਪੁਰ ਸਾਹਿਬ ਨੂੰ ਅਜ਼ਾਦ ਕਰਾਇਆ। ਆਪ ਪੁਲਸ ਦੀਆਂ ਅੱਖਾਂ ਵਿਚ ਰੜਕਨ ਲੱਗ ਪਏ ਤੇ ਆਪ ਦੇ ਆਪਣੇ ਪਿੰਡ ਦਾ ਸਰਬ੍ਰਾਹ ਨੰਬਰਦਾਰ ਸ੍ਰ: ਹਜਾਰਾ ਸਿੰਘ ਹੀ ਇਹਨਾਂ ਦੀਆਂ ਸਰਗਰਮੀਆਂ ਦੀ ਥਾਨੇ ਰਿਪੋਰਟ ਪਹੁੰਚਾਣ ਲੱਗ ਪਿਆ। ਅੰਗਰੇਜ਼ ਹਾਕਮਾਂ ਨੇ ਮਹੰਤਾਂ ਦੀ ਪਿਠ ਠੋਕਣੀ ਅਰੰਭ ਕਰ ਦਿਤੀ ਜਿਸ ਕਰ ਕੇ ਅਕਾਲੀਆਂ ਦੀ ਸਿੱਧੀ ਟੱਕਰ ਅੰਗਰੇਜ਼ ਸਾਮਰਾਜ ਦੇ ਵਿਰੁਧ ਹੋ ਗਈ।

ਓਧਰ ਬੀ.ਟੀ. ਤੇ ਉਸਦੀ ਪੁਲੀਸ ਦੇ ਤਸ਼ਦਦ ਦੇ ਸਦਕੇ ਸ੍ਰ: ਕਰਮ ਸਿੰਘ

ਜੀ ਦੌਲਤ ਪੁਰੀ, ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਜੀ, ਸ੍ਰ: ਕਿਸ਼ਨ ਸਿੰਘ ਜੀ ਗੜਗਜ ਆਦਿ ਅਕਾਲੀ ਕਾਰਕੁੰਨਾਂ ਦੇ ਵਾਰੰਟ ਗ੍ਰਿਫਤਾਰੀ ਨਿਕਲ ਚੁੱਕੇ ਸਨ। ਆਪ ਸਾਰੇ ਹੀ ਪੁਲੀਸ ਦੀਆਂ ਕਰਤੂਤਾਂ ਤੋਂ ਤੰਗ ਆ ਕੇ ਸ਼ਾਂਤਮਈ ਦਾ ਰਸਤਾ ਛੱਡ ਕੇ ਇੱਟ ਦਾ ਜਵਾਬ ਪੱਥਰ ਨਾਲ ਦੇਣ ਲਈ ਤਿਆਰ ਹੋ ਚੁਕੇ ਸਨ ਤੇ ਸਾਰੇ ਹੀ ਮਫਰੂਰ ਹੋ ਕੇ ਸ੍ਰ: ਕਰਮ ਸਿੰਘ ਜੀ ਦੌਲਤਪੁਰੀ ਦੇ ਜਥੇ "ਬਬਰ ਅਕਾਲੀ ਦੁਆਬਾ" ਵਿਚ ਸ਼ਾਮਲ ਹੋ ਚੁੱਕੇ ਸਨ। ਓਹਨੀਂ ਦਿਨੀਂ ਸ੍ਰ: ਕਰਮ ਸਿੰਘ ਜੀ ਦੌਲਤਪੁਰੀ, ਸ੍ਰ: ਉਧੇ ਸਿੰਘ ਜੀ ਰਾਮਗੜ੍ਹ ਝੁੰਗੀਆਂ ਨੂੰ ਨਾਲ ਲੈ ਕੇ ਬਹਿਬਲਪੁਰ ਗਏ ਤਾਂ ਸ੍ਰ: ਧੰਨਾ ਸਿੰਘ ਜੀ ਵੀ ਉਨ੍ਹਾਂ ਦੇ ਜਥੇ ਵਿਚ ਸ਼ਾਮਲ ਹੋ ਗਏ।

1922 ਦੀਆਂ ਗਰਮੀਆਂ ਵਿਚ ਸ: ਕਿਸ਼ਨ ਸਿੰਘ ਜੀ, ਸੁੰਦਰ ਸਿੰਘ ਮਖਸੂਸਪੁਰ ਸੂੰਢ ਗਏ। ਸੂੰਢ ਦੇ ਜਥੇਦਾਰ ਹਰੀ ਸਿੰਘ ਜੀ ਗ੍ਰਿਫਤਾਰ ਹੋ ਚੁੱਕੇ ਸਨ ਤੇ ਉਨ੍ਹਾਂ ਦੇ ਵੱਡੇ ਭਰਾ ਸ੍ਰ: ਅਰਜਨ ਸਿੰਘ ਦੇ ਵਾਰੰਟ ਗ੍ਰਿਫਤਾਰੀ ਨਿਕਲ ਚੁੱਕੇ ਸਨ। ਸ੍ਰ: ਅਰਜਨ ਸਿੰਘ ਸਣੇ ਜਦੋਂ ਇਹ ਸਜਣ ਪਿੰਡੋਂ ਨਿਕਲਣ ਲੱਗੇ ਤਾਂ ਪਿੰਡ ਦੇ ਲੋਕਾਂ ਨੇ ਇਹਨਾਂ ਨੂੰ ਵੰਗਾਰਿਆਂ ਤੇ ਸ੍ਰ: ਅਰਜਨ ਸਿੰਘ ਦੀ ਗ੍ਰਿਫਤਾਰੀ ਲਈ ਮੰਗ ਕੀਤੀ। ਇਹਨਾਂ ਇਸ ਖਿਆਲ ਨਾਲ ਕਿ ਸਾਰੇ ਪਿੰਡ ਨੂੰ ਕਿਉਂ ਨਾਰਾਜ਼ ਕਰਨਾ ਹੈ। ਸ੍ਰ: ਅਰਜਨ ਸਿੰਘ ਦੀ ਸਲਾਹ ਨਾਲ ਸ. ਅਰਜਨ ਸਿੰਘ ਨੂੰ ਪਿੰਡ ਵਾਲਿਆਂ ਦੇ ਹਵਾਲੇ ਕਰ ਦਿੱਤਾ। ਪਰ ਜਦ ਸ੍ਰ: ਕਿਸ਼ਨ ਸਿੰਘ ਜੀ ਤੇ ਸ੍ਰ: ਸੁੰਦਰ ਸਿੰਘ ਜੀ ਮਖਸੂਸਪੁਰੀ ਉਥੋਂ ਤੁਰੇ ਤਾਂ ਪਿੰਡ ਵਾਲਿਆਂ ਨੇ ਇਨ੍ਹਾਂ ਪੁਰ ਹਮਲਾ ਕਰ ਦਿੱਤਾ, ਜਿਸ ਪੁਰ ਸ੍ਰ: ਸੁੰਦਰ ਸਿੰਘ ਜੀ ਮਖਸੂਸਪੁਰੀ ਢਹਿ ਪਏ ਤੇ ਪਿੰਡ ਵਾਲਿਆਂ ਚੰਗਾ ਕੁਟ ਕੁਟ ਪੁਲੀਸ ਦੇ ਹਵਾਲੇ ਕਰ ਦਿੱਤਾ। ਪਰ ਸਰਦਾਰ ਕਿਸ਼ਨ ਸਿੰਘ ਜੀ ਅੱਗੇ ਨਿਕਲਣ ਵਿਚ ਸਫਲ ਹੋ ਗਏ।

ਇਸ ਪੁਰ ਬਬਰ ਅਕਾਲੀਆਂ ਨੂੰ ਬਹੁਤ ਰੋਹ ਚੜ੍ਹਿਆ ਤੇ ਉਨ੍ਹਾਂ ਨੇ ਝੋਲੀ ਚੁੱਕਾਂ ਦੀ ਇਕ ਲਿਸਟ ਬਣਾ ਕੇ ਉਨ੍ਹਾਂ ਨੂੰ ਸੋਧਨ ਦਾ ਫੈਸਲਾ ਕਰ ਲਿਆ ਜਿਨ੍ਹਾਂ 'ਚ ਸ੍ਰ: ਧੰਨਾ ਸਿੰਘ ਜੀ ਦੀ ਡਿਊਟੀ ਨੰਗਲ ਸ਼ਾਮਾਂ, ਤਹਿਸੀਲ ਜਲੰਧਰ ਦੇ ਚੌਧਰੀ ਬੂਟਾ ਨੰਬਰਦਾਰ ਦੀ ਸੁਧਾਈ ਲਈ ਲਗਾਈ ਗਈ। ਸ੍ਰ: ਧੰਨਾ ਸਿੰਘ ਜੀ ਨੇ ਬਾਬੂ ਸੰਤਾ ਸਿੰਘ ਤੇ ਬੰਤਾ ਸਿੰਘ ਜੀ ਧਾਮੀਆਂ ਨੂੰ ਨਾਲ ਲੈ ਕੇ ਜੰਡੂ ਸਿੰਘਾ ਦੇ ਸਟੇਸ਼ਨ ਦੇ ਮੁੱਢ ਹੀ ਚੌਧਰੀ ਬੂਟੇ ਨੂੰ ਕਤਲ ਕਰ ਦਿੱਤਾ।

ਪੁਲਸੀ ਸੂਹਿਆਂ ਦੇ ਕਤਲਾਂ ਦਾ ਦੌਰ ਸ਼ੁਰੂ ਹੁੰਦਿਆਂ ਹੀ ਪੁਲੀਸ ਨੂੰ ਆਮ ਜਨਤਾ ਪੁਰ ਤਸ਼ੱਦਦ ਦਾ ਬਹਾਨਾ ਮਿਲ ਗਿਆ। ਜਨਤਾ ਵਿਚ ਬੱਬਰਾਂ ਲਈ ਕੁਝ ਹਮਦਰਦੀ ਤੇ ਕੁਝ ਦਹਿਸ਼ਤ ਜਿਹੀ ਫੈਲ ਗਈ। ਮਾਰਚ 1923 ਵਿਚ ਪਿੰਡ ਡਾਨਸੀਵਾਲ ਦੇ ਇਕ ਮੁਖਬਰ ਸ੍ਰ: ਲਾਭ ਸਿੰਘ ਮਿਸਤ੍ਰੀ ਨੂੰ ਸ੍ਰ: ਧੰਨਾ ਸਿੰਘ ਨੇ ਗੋਲੀਆਂ ਨਾਲ ਭੁੰਨ ਦਿੱਤਾ। ਇਸ ਪੁਰ ਸਰਕਾਰ ਵੀ ਕਾਫੀ ਸਰਗਰਮ ਹੋ ਗਈ। ਇਧਰ ਬਬਰ ਅਕਾਲੀਆਂ ਨੇ ਸੰਤ ਠਾਕਰ ਸਿੰਘ ਜੀ ਰਾਜੋਵਾਲ ਦੀ ਕੁਟੀਆ 'ਚ

ਜਨਰਲ ਮੀਟਿੰਗ ਬੁਲਾ ਕੇ ਫੈਸਲਾ ਕਰ ਦਿੱਤਾ ਕਿ ਇਹ ਕਤਲ ਗੁੰਮਨਾਮ ਨਾ ਕੀਤੇ ਜਾਣ ਸਗੋਂ ਸਰਕਾਰ ਨੂੰ ਚਿਤਾਵਨੀ ਦੇ ਕੇ ਸ੍ਰ: ਕਰਮ ਸਿੰਘ ਜੀ ਦੌਲਤਪੁਰ, ਧੰਨਾ ਸਿੰਘ ਜੀ ਬਹਿਬਲਪੁਰ ਤੇ ਉਦੇ ਸਿੰਘ ਜੀ ਰਾਮਗੜ੍ਹ ਝੁੰਗੀਆਂ ਦੇ ਨਾਮਾਂ ਥੱਲੇ ਚਿਤਾਵਨੀ ਦੇ ਕੇ ਕੀਤੇ ਜਾਣ।

ਚੁਨਾਂ 'ਚ ਇਨ੍ਹਾਂ ਤਿੰਨਾਂ ਸਜਨਾਂ ਵਲੋਂ ਪੰਜਾਬ ਦੇ ਗਵਰਨਰ ਨੂੰ ਇਕ ਖੁੱਲ੍ਹੀ ਚਿੱਠੀ ਲਿਖੀ ਗਈ ਜੋ 'ਬਬਰ ਅਕਾਲੀ ਦੁਆਬਾ' ਅਖ਼ਬਾਰ ਵਿਚ ਛਾਪ ਦਿੱਤੀ ਗਈ।

ਚਿੱਠੀ ਵਿਚ ਗਵਰਨਰ ਨੂੰ ਸੰਬੋਧਨ ਕਰ ਕੇ ਲਿਖਿਆ ਕਿ, "ਅਸੀਂ ਪੰਜਾਬ ਸਰਕਾਰ ਦੇ ਜ਼ੁਲਮਾਂ ਤੋਂ ਤੰਗ ਆ ਕੇ, ਸ਼ਾਂਤਮਈ ਦਾ ਰਸਤਾ ਛੱਡ ਦਿੱਤਾ ਹੈ ਅਤੇ ਤਸ਼ੱਦਦ ਦਾ ਰਾਹ ਇਖਤਿਆਰ ਕਰ ਲਿਆ ਹੈ। ਅਸੀਂ ਤੁਹਾਡੇ ਸੂਹਿਆਂ ਤੇ ਝੋਲੀ ਚੁੱਕਾਂ ਸ੍ਰ: ਬਿਸ਼ਨ ਸਿੰਘ ਜ਼ੈਲਦਾਰ ਰਾਣੀਪੁਰ, ਚੌਧਰੀ ਬੂਟਾ ਨੰਬਰਦਾਰ ਨੰਗਲ ਸ਼ਾਮਾਂ, ਤੇ ਸ੍ਰ: ਲਾਭ ਸਿੰਘ ਸਿੰਘ ਮਿਸਤ੍ਰੀ ਡਾਨਸੀਵਾਲ ਅਤੇ ਉਤਮ ਤੇ ਦਿਤੂ ਕੌਲ ਗੜ੍ਹ ਵਾਲਿਆਂ ਨੂੰ ਕਤਲ ਕਰ ਦਿਤਾ ਹੈ। ਬਾਕੀ ਇਕ ਲਿਸਟ ਬਣਾ ਲਈ ਗਈ ਹੈ। ਵਾਰੋ ਵਾਰੀ ਉਨ੍ਹਾਂ ਦੀ ਸੁਧਾਈ ਵੀ ਕਰਾਂਗੇ। ਸਾਡੀ ਕੋਈ ਲੰਬੀ ਚੌੜੀ Penalod ਨਹੀਂ ਹੈ। ਅਸੀਂ ਕੇਵਲ ਤਿੰਨ ਸਜ਼ਾਵਾਂ ਦਿੰਦੇ ਹਾਂ-ਪਹਿਲੀ ਜੁਰਮਾਨਾ, ਦੂਜਾ ਕਤਲ, ਤੀਜੀ ਮਹਜ਼ ਕੈਦ (ਜਿਊਂਦੇ ਹੀ ਦਬ ਦੇਣਾ) ਇਹ ਤੀਜੀ ਸਜ਼ਾ ਬਹੁਤ ਘਟ ਕਿਸੇ ਮਹਾਂ ਪਾਪੀ ਨੂੰ ਹੀ ਦਿੱਤੀ ਜਾਵੇਗੀ। ਨਾਲ ਹੀ ਸਾਡਾ ਇਹ ਵੀ ਪ੍ਰਣ ਹੈ ਕਿ ਅਸੀਂ ਜਿਊਂਦੇ ਹੱਥ ਨਹੀਂ ਆਵਾਂਗੇ।

ਅਸੀਂ ਹਾਂ ਤੁਹਾਡੇ ਵਿਰੋਧੀ-<br>
ਕਰਮ ਸਿੰਘ ਦੌਲਤਪੁਰ, ਧੰਨਾ ਸਿੰਘ ਬਹਿਬਲਪੁਰ,<br>
ਉਦੇ ਸਿੰਘ ਰਾਮਗੜ੍ਹ ਝੁੰਗੀਆਂ।

ਉਪਰੋਕਤ ਕਤਲਾਂ ਦਾ ਸਿੱਟਾ ਇਹ ਨਿਕਲਿਆ ਕਿ ਸ੍ਰ: ਧੰਨਾ ਸਿੰਘ ਜੀ ਦੀ ਸਾਰੀ ਜਾਇਦਾਦ ਜਬਤ ਕਰ ਲਈ ਗਈ। ਪਿੰਡ ਵਿਚ ਪੁਲਸ ਦੀ ਚੌਂਕੀ ਬਿਠਾ ਦਿੱਤੀ ਗਈ। ਸ੍ਰ: ਧੰਨਾ ਸਿੰਘ ਜੀ ਦੇ ਬੱਚਿਆਂ ਨੂੰ ਘਰੋਂ ਬਾਹਰ ਕੱਢ ਦਿੱਤਾ ਗਿਆ, ਉਸ ਵੇਲੇ ਸ੍ਰ: ਧੰਨਾ ਸਿੰਘ ਦੇ ਤਿੰਨ ਬੱਚੇ ਸਨ। ਵੱਡਾ ਕਾਕਾ ਮੋਹਨ ਸਿੰਘ ਉਮਰ ਪੰਜ ਸਾਲ, ਦੂਜਾ ਕਾਕਾ ਬਖਸ਼ੀਸ਼ ਸਿੰਘ ਤਿੰਨ ਸਾਲ, ਛੋਟੀ ਕਾਕੀ ਸਵਰਨ ਕੌਰ ਇਕ ਸਾਲ ਤੇ ਉਨ੍ਹਾਂ ਦੇ ਘਰੋਂ ਬੀਬੀ ਮਾਂਹ ਕੌਰ।

ਬਬਰ ਲਹਿਰ ਜ਼ੋਰਾਂ ਵਿਚ ਹੋ ਗਈ, ਪੁਲੀਸ ਨੇ ਵੀ ਆਪਣੇ ਸਾਰੇ ਹੱਥਕੰਡੇ ਵਰਤਨੇ ਆਰੰਭ ਦਿਤੇ। ਆਪਣੇ ਆਦਮੀ ਬਬਰਾਂ ਵਿਚ ਘਸੋੜ ਦਿਤੇ ਤੇ ਪਿੰਡਾਂ ਵਿਚ ਘੋੜਸਵਾਰ ਪੁਲੀਸ ਗਸ਼ਤ ਕਰਨ ਲੱਗ ਪਈ।

ਮਾਰਚ 1926 ਦੇ ਅਖੀਰ ਵਿਚ ਕਰਮ ਸਿੰਘ, ਧੰਨਾ ਸਿੰਘ ਤੇ ਉਦੇ ਸਿੰਘ ਨੇ ਨੰਬਰਦਾਰ ਹਜਾਰਾ ਸਿੰਘ ਨੂੰ ਸਵੇਰੇ ਪੰਜ ਵਜੇ ਉਸ ਦੇ ਆਪਣੇ ਮਕਾਨ ਦੇ ਸਾਹਮਣੇ ਕਤਲ ਕਰ ਦਿੱਤਾ।

ਚੌਂਕੀ ਵਾਲੇ ਪੁਲਸੀਏ ਗੋਲੀਆਂ ਦੀ ਆਵਾਜ਼ ਸੁਣਦਿਆਂ ਹੀ ਅੰਦਰ ਵੜ ਗਏ ਤੇ ਦਰਵਾਜ਼ੇ ਬੰਦ ਕਰ ਲਏ।

ਪਹਿਲੀ ਸਤੰਬਰ 1923 ਨੂੰ ਜਦੋਂ ਕਿ ਬਬਰ ਅਕਾਲੀ ਆਪਣੇ ਫੋਟੋ ਖਿਚਾਉਣ ਦਾ ਪ੍ਰਬੰਧ ਕਰ ਰਹੇ ਸਨ। ਅਨੂਪ ਸਿੰਘ ਬੇਈਮਾਨ ਹੋ ਗਿਆ। ਸ੍ਰ: ਧੰਨਾ ਸਿੰਘ ਤਾਂ ਉਥੋਂ ਅਨੂਪ ਸਿੰਘ ਦੀ ਚਾਲ ਨੂੰ ਭਾਂਪ ਕੇ, ਸ੍ਰ: ਕਰਮ ਸਿੰਘ ਨਾਲ ਗੁੱਸੇ ਹੋ ਕੇ ਚਲੇ ਆਏ। ਪਿਛੋਂ ਸ੍ਰ: ਕਰਮ ਸਿੰਘ ਜੀ, ਉਦੇ ਸਿੰਘ, ਸ੍ਰ: ਬਿਸ਼ਨ ਸਿੰਘ ਮਾਂਗਟ ਤੇ ਮਹਿੰਦਰ ਸਿੰਘ ਜੀ ਮਾਂਗਟ ਵਾਲੇ ਪੁਲੀਸ ਦੇ ਹੱਥੋਂ ਸ਼ਹੀਦ ਹੋ ਗਏ।

ਵੱਡੇ ਆਗੂਆਂ ਵਿਚੋਂ ਸ੍ਰ: ਧੰਨਾ ਸਿੰਘ ਤੇ ਦਲੀਪ ਸਿੰਘ ਜੀ ਧਾਮੀਆਂ ਹੀ ਬਾਹਰ ਰਹਿ ਗਏ। ਛੇਤੀ ਹੀ ਸ੍ਰ: ਦਲੀਪ ਸਿੰਘ ਨੂੰ ਸ੍ਰ: ਜੁਆਲਾ ਸਿੰਘ ਜਿਆਨ ਨੇ ਜ਼ਿਲ੍ਹਾ ਲਾਇਲਪੁਰ ਲੈ ਜਾ ਕੇ ਗ੍ਰਿਫਤਾਰ ਕਰਵਾ ਦਿੱਤਾ। ਯਾਦ ਰਹੇ ਜੁਆਲਾ ਸਿੰਘ, ਬੇਲਾ ਸਿੰਘ ਜਿਆਨ ਦਾ ਸਕਾ ਭਾਈ ਹੈ। ਉਹਨੀਂ ਦਿਨੀਂ ਸ੍ਰ: ਜੁਆਲਾ ਸਿੰਘ ਕਈ ਵਾਰ ਬਬਰਾਂ ਦੇ ਨਾਲ ਨਾਲ ਘੁਮਿਆ ਕਰਦਾ ਸੀ ਤੇ ਬੇਲਾ ਸਿੰਘ ਜਿਸ ਨੇ ਸ੍ਰ: ਭਾਗ ਸਿੰਘ ਜੀ ਨੂੰ ਕੈਨੇਡਾ ਵਿਚ ਸ਼ਹੀਦ ਕੀਤਾ ਤੇ ਆਪ ਸ੍ਰ: ਹਰੀ ਸਿੰਘ ਜੀ ਸੂੰਢ ਤੇ ਸਾਥੀਆਂ ਦੇ ਹੱਥੋਂ 1936 ਨੂੰ ਕਤਲ ਹੋਇਆ। ਉਹ ਵੀ ਜਾਹਰਾ ਤੌਰ ਪੁਰ ਬਬਰਾਂ ਦਾ ਹਮਦਰਦ ਬਣਿਆ ਰਹਿੰਦਾ ਸੀ।

ਸ੍ਰ: ਮਾਲਾ ਸਿੰਘ ਜੀ ਹਕੀਮ ਬਹਿਬਲਪੁਰੀ ਜ਼ਾਹਰਾ ਤੌਰ ਪੁਰ ਬਬਰਾਂ ਦਾ ਹਮਦਰਦ ਸੀ ਤੇ ਅੰਦਰੂਨੀ ਤੌਰ ਪੁਰ ਰਾਮਦਿਤਾ ਸਫੈਦਪੋਸ਼ ਗੋਬਿੰਦਪੁਰ ਜ਼ਿਲ੍ਹਾ ਜਲੰਧਰ ਦੇ ਰਾਹੀਂ ਪੁਲੀਸ ਨੂੰ ਖ਼ਬਰਾਂ ਦੇਂਦਾ ਰਹਿੰਦਾ ਸੀ।

ਅਕਤੂਬਰ 1923 ਵਿਚ ਜੁਆਲਾ ਸਿੰਘ ਜਿਆਨ, ਧੰਨਾ ਸਿੰਘ ਨੂੰ ਆਪਣੇ ਘਰ ਲੈ ਗਿਆ ਤੇ ਧੰਨਾ ਸਿੰਘ ਨੂੰ ਕਮਾਦ ਵਿਚ ਬਿਠਾ ਕੇ ਆਪ ਮਾਹਿਲਪੁਰ ਦੇ ਥਾਨੇਦਾਰ ਨੂੰ ਨਾਲ ਲੈ ਕੇ ਪੁਲੀਸ ਕਪਤਾਨ ਹੁਸ਼ਿਆਰਪੁਰ ਨੂੰ ਮਿਲਿਆ ਤੇ ਉਸ ਨਾਲ ਗੰਢਤੁਪ ਕਰਕੇ ਧੰਨਾ ਸਿੰਘ ਨੂੰ ਆਪਣੇ ਰਿਸ਼ਤੇਦਾਰ ਕਰਮ ਸਿੰਘ ਮਨਨਹਾਨਾ ਦੇ ਘਰ ਪਕੜਵਾਨ ਦਾ ਫੈਸਲਾ ਕਰ ਲਿਆ।

ਚੁਨਾਂ 'ਚ 25 ਅਕਤੂਬਰ 1923 ਨੂੰ ਸਵੇਰੇ ਪੰਜ ਵਜੇ ਧੰਨਾ ਸਿੰਘ ਤੇ ਜੁਆਲਾ ਸਿੰਘ ਮਨਨਹਾਨੇ ਜੋ ਬਹਿਬਲਪੁਰ ਤੋਂ ਡੇਢ ਦੋ ਮੀਲ ਤੇ ਹੈ ਪੁੱਜ ਗਏ ਸਾਰਾ ਦਿਨ ਸ੍ਰ: ਧੰਨਾ ਸਿੰਘ ਆਪਣੇ ਮਿੱਤਰਾਂ ਨਾਲ ਗੱਲਾਂਬਾਤਾਂ ਕਰਦੇ ਰਹੇ। ਰਾਤ ਨੂੰ ਉਨ੍ਹਾਂ ਨੂੰ ਖਾਣੇ ਵਿਚ ਕੋਈ ਨਸ਼ੀਲੀ ਚੀਜ਼ ਖੁਆ ਦਿੱਤੀ ਗਈ, ਜਦ ਉਹ ਸੌਂ ਗਏ ਤਾਂ ਉਨ੍ਹਾਂ ਦੇ ਹਥਿਆਰਾਂ ਦਾ ਝੋਲਾ ਕਰਮ ਸਿੰਘ ਮਨਨਹਾਨਾ ਨੇ ਲਾਂਭੇ ਕਰ ਦਿੱਤਾ। ਠੀਕ ਅੱਧੀ ਰਾਤ ਨੂੰ ਪੁਲਸ ਦੀ ਭਾਰੀ ਫੋਰਸ ਨੇ ਆ ਕੇ ਮਕਾਨ ਨੂੰ ਘੇਰਾ ਪਾ ਲਿਆ।

ਇਕ ਸੁਲਤਾਨ ਖਾਂ ਨਾਮ ਦਾ ਸਿਪਾਹੀ ਉਸ ਪੁਲਸੀ ਦਸਤੇ ਵਿਚ ਸ਼ਾਮਲ ਸੀ ਜਿਸ ਨੇ ਧੰਨਾ ਸਿੰਘ ਨੂੰ ਘੇਰਾ ਪਾਇਆ ਸੀ। ਪਿਛੋਂ ਉਹ ਜੇਹਲ ਵਾਰਡਾਂ ਵਿਚ ਭਰਤੀ ਹੋ ਗਿਆ। ਉਹ ਜੇਹਲਮ ਜ਼ਿਲ੍ਹੇ ਦਾ ਰਹਿਣ ਵਾਲਾ ਸੀ, ਉਹ ਮੀਆਂਵਾਲੀ

ਜੇਹਲ ਵਿਚ ਮੇਰਾ ਪਹਿਰੇਦਾਰ ਰਿਹਾ ਹੈ। ਉਸ ਨੇ ਉਸ ਵੇਲੇ ਦੇ ਹਾਲਾਤ ਇੰਜ ਸੁਣਾਏ:

ਜਿਸ ਮਕਾਨ ਵਿਚ ਸ੍. ਧੰਨਾ ਸਿੰਘ ਸੁੱਤਾ ਪਿਆ ਸੀ, ਪੁਲੀਸ ਨੇ ਉਸ ਨੂੰ ਚੰਗੀ ਤਰ੍ਹਾਂ ਘੇਰ ਲਿਆ। ਉਸ ਦੇ ਹਥਿਆਰ ਲਾਂਭੇ ਹੋ ਚੁੱਕੇ ਸਨ। ਇਸ ਲਈ ਪੁਲੀਸ ਬਹੁਤ ਬੇਫਿਕਰ ਤੇ ਨਿੱਡਰ ਹੋ ਗਈ ਸੀ। ਪਰ ਇਕ ਬੰਬ ਜੋ ਉਸ ਨੇ ਆਪਣੇ ਡੌਲੇ ਨਾਲ ਕੁਰਤੇ ਦੇ ਹੇਠ ਦੀ ਬੱਧਾ ਹੋਇਆ ਸੀ, ਏਸ ਦਾ ਕਿਸੇ ਨੂੰ ਕੋਈ ਪਤਾ ਨਹੀਂ ਸੀ। ਏਸ ਦੀ ਖ਼ਬਰ ਕਰਮ ਸਿੰਘ ਦੇ ਜੁਆਲਾ ਸਿੰਘ ਨੂੰ ਵੀ ਨਹੀਂ ਸੀ। ਪੁਲਸ ਦੇ ਚੌਂਹ ਜਵਾਨਾਂ ਨੇ ਸ੍: ਧੰਨਾ ਸਿੰਘ ਨੂੰ ਸੁੱਤੇ ਪਏ ਦੱਬ ਲਿਆ ਤੇ ਲਲਕਾਰਿਆ ਕਿ ਸ੍: ਜੀ! ਤੁਹਾਡਾ ਉਹ ਐਲਾਨ ਕਿ 'ਅਸੀਂ ਜਿਉਂਦੇ ਹੱਥ ਨਹੀਂ ਆਉਣਾ' ਕਿੱਥੇ ਹੈ? ਤਾਂ ਸ੍: ਧੰਨਾ ਸਿੰਘ ਝਟ ਹੰਭਲਾ ਮਾਰ ਕੇ ਉਨ੍ਹਾਂ ਚਾਰਾਂ ਨੂੰ ਪਰੇ ਸੁੱਟ ਉੱਠ ਖਲੋਤਾ ਤੇ ਮਕਾਨੋਂ ਨਿਕਲ ਕੇ ਇਕ ਦੀਵਾਰ ਪੁਰ ਚੜ੍ਹ ਗਿਆ ਪਰ ਪੁਲੀਸ ਨੇ ਦੋਬਾਰਾ ਫੜ ਕੇ ਹਥਕੜੀ ਲਗਾ ਦਿੱਤੀ। ਉਸ ਵੇਲੇ ਪੁਲੀਸ ਦੇ ਹੋਰ ਅਫਸਰ ਵੀ ਨੇੜੇ ਆ ਗਏ ਸਨ। ਸ੍: ਧੰਨਾ ਸਿੰਘ ਨੂੰ ਫੇਰ ਵੰਗਾਰਿਆ ਗਿਆ ਤਾਂ ਸ੍: ਧੰਨਾ ਸਿੰਘ ਜੀ ਨੇ ਲੰਮੇ ਪਏ ਨੇ ਬੰਬ ਚਲਾ ਦਿੱਤਾ। ਸਿੱਟਾ ਇਹ ਨਿਕਲਿਆ ਕਿ ਸ੍: ਧੰਨਾ ਸਿੰਘ ਜੀ ਦਾ ਹੇਠਲਾ ਬਖ ਉੱਡ ਗਿਆ ਤੇ ਤਿੰਨ ਸਿਪਾਹੀ ਉਸੇ ਥਾਂ ਢੇਰ ਹੋ ਗਏ, ਇਕ ਦਫੇਦਾਰ ਤੇ ਦੋ ਹੈੱਡ ਕਾਨਸਟੇਬਲ ਥਾਂ ਹੀ ਮਰ ਗਏ। ਗੁਲਜ਼ਾਰਾ ਸਿੰਘ ਮਹਿਲਪੁਰ ਦਾ ਥਾਣੇਦਾਰ ਮਾਹਿਲਪੁਰ ਜਾ ਕੇ 21 ਨਵੰਬਰ ਨੂੰ ਮਰ ਗਿਆ। ਇਕ ਅੰਗਰੇਜ਼ ਪੋਲੀਸ ਕਪਤਾਨ (Mr. Arthur Fredriek Horton) ਮਿ: ਹਾਰਟਨ ਜਲੰਧਰ ਹਸਪਤਾਲ 'ਚ ਜਾ ਕੇ ਤਿੰਨ ਨਵੰਬਰ ਨੂੰ ਮਰ ਗਿਆ। ਮਿਸਟਰ ਜੈਨਕਨ ਜੋ ਉਸ ਵੇਲੇ ਡੀ.ਐਸ.ਪੀ.ਸੀ, ਦੇ ਗੋਡੇ 'ਚ ਗੋਲੀਆਂ ਲੱਗੀਆਂ। ਇਕ ਮੱਝ ਦੇ ਚਾਲੀ ਛੱਰੇ ਲੱਗੇ।

ਸ੍: ਧੰਨਾ ਸਿੰਘ ਜੀ ਦੀ ਲਾਸ਼ ਮਾਹਿਲਪੁਰ ਖਾਲਸਾ ਸਕੂਲ ਦੇ ਮੁੰਡਿਆ ਨੇ ਖੋਹ ਲਈ ਤੇ ਸਸਕਾਰ ਕਰ ਦਿੱਤਾ।

ਸ੍: ਧੰਨਾ ਸਿੰਘ ਜੀ ਦੀ ਗ੍ਰਿਫਤਾਰੀ ਦੇ ਇਨਾਮ ਵਜੋਂ ਸ੍: ਮਾਲਾ ਸਿੰਘ ਹਕੀਮ ਬਹਿਬਲਪੁਰੀ, ਰਾਮ ਦਿਤਾ ਸਫੈਦਪੋਸ ਗੋਬਿੰਦਪੁਰ, ਹਜਾਰਾ ਸਿੰਘ ਦੇ ਮੁੰਡੇ ਦਰਬਾਰਾ ਸਿੰਘ ਨੰਬਰਦਾਰ ਬਹਿਬਲਪੁਰ, ਕਰਮ ਸਿੰਘ ਮਨਨਹਾਨਾ, ਨੌਬਤ ਰਾਏ ਕੋਟ ਫਤੂਹੀ, ਜੁਆਲਾ ਸਿੰਘ ਜਿਆਨ ਆਦਿ ਨੂੰ 12 ਮੁਰੱਬੇ ਜ਼ਮੀਨ ਮਿਲੀ।

ਰਾਮ ਦਿਤਾ ਬਹੁਤ ਡਰੂ ਆਦਮੀ ਸੀ, ਉਸ ਨੇ ਜਾ ਕੇ ਜ਼ਮੀਨ ਆਬਾਦ ਨਾ ਕੀਤੀ ਤੇ ਸ਼ਾਇਦ ਐਵੇਂ ਹੀ ਗਈ। ਸ੍: ਧੰਨਾ ਸਿੰਘ ਦੇ ਬੱਚਿਆਂ ਨੂੰ ਛੇ ਸਾਲ ਦੇ ਲਗਭਗ ਜਾਇਦਾਦ ਤੋਂ ਮਹਿਰੂਮ ਰੱਖਿਆ ਗਿਆ ਤੇ ਪਿੰਡ ਤੋਂ 7200 ਪੁਲੀਸ ਚੌਂਕੀ ਦਾ ਖਰਚ ਵਸੂਲ ਕੀਤਾ ਗਿਆ।

ਦੇਸ਼ ਆਜ਼ਾਦ ਹੋਣ ਪੁਰ ਨਾ ਤਾਂ ਪਿੰਡ ਦਾ ਜੁਰਮਾਨਾ ਵਾਪਸ ਦਿਤਾ ਗਿਆ ਹੈ ਅਤੇ ਨਾ ਹੀ ਸ੍: ਧੰਨਾ ਸਿੰਘ ਦੇ ਬੱਚਿਆਂ ਨੂੰ ਕੋਈ ਜ਼ਮੀਨ ਜਾਂ ਜਾਗੀਰ ਜਾਂ

ਪੈਨਸ਼ਨ ਦਿੱਤੀ ਗਈ ਹੈ।

ਕਰਮ ਸਿੰਘ ਜੀ ਮਨਨਹਾਨਾ ਮਾਰਚ 1940 ਵਿਚ ਸ੍ਰ: ਅਜਾਇਬ ਸਿੰਘ ਦਾਖਾ ਤੇ ਚਿੰਤਾ ਸਿੰਘ ਜੀ ਕਪੂਰਥਲਾ ਦੇ ਹੱਥੋਂ ਮਾਰਿਆ ਗਿਆ ਤੇ ਅਨੂਪ ਸਿੰਘ 1936-37 ਵਿਚ ਗੁਰਦਿਤ ਸਿੰਘ ਮੰਢਾਲੀ ਦੇ ਹਥੋਂ ਪਾਰ ਬੋਲਿਆ।

ਸ੍ਰ: ਧੰਨਾ ਸਿੰਘ ਜੀ ਦੇ ਸ਼ਹੀਦ ਹੋ ਜਾਣ ਪਿਛੋਂ ਪੁਲਸ ਨੇ ਸੁਖ ਦਾ ਸਾਹ ਲਿਆ ਤੇ ਹੁਸ਼ਿਆਰਪੁਰ ਸਦਰ ਥਾਨੇ ਦੇ ਸਾਹਮਣੇ ਇਕ ਛੋਟਾ ਜਿਹਾ ਮੁਨਾਰਾ ਬਣਾਇਆ ਉਸ ਪੁਰ ਹੇਠ ਲਿਖੇ ਅੱਖਰ ਉਕਰੇ ਹੋਏ ਹਨ:-

ਹੇਠ ਲਿਖੇ ਸੱਜਣ ਜੋ 25 ਅਕਤੂਬਰ 1923 ਨੂੰ ਪਿੰਡ ਮਨਨਹਾਨੇ ਥਾਨਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਬੰਬ ਦੇ ਹਾਦਸੇ ਦਾ ਸ਼ਿਕਾਰ ਹੋਏ। ਜਿਹੜੇ 25 ਅਕਤੂਬਰ ਨੂੰ ਇਸ ਥਾਂ ਪੁਰ ਮਾਰੇ ਗਏ।

1. ਘੋੜ ਸਵਾਰ ਐਡੀਸ਼ਨਲ ਪੁਲੀਸ ਦਾ ਦਫੇਦਾਰ ਗੁਲਾਮ ਰਸੂਲ।
2. ਤਾਜ਼ੀਰੀ ਚੌਂਕੀ ਦਾ ਹੈਡ ਕਾਨਸਟੇਬਲ ਸੁਲਤਾਨ ਅਲੀ ਨੰ: 523
3. ਹੈਡ ਕਾਨਸਟੇਬਲ ਸਿਰੀ ਰਾਮ ਨੰਬਰ 284
4. ਸਿਪਾਹੀ ਵਰਿਆਮ ਸਿੰਘ ਨੰਬਰ 89
5. ਸਿਪਾਹੀ ਬਸੰਤ ਸਿੰਘ ਨੰਬਰ 296
6. ਸਿਪਾਹੀ ਮਦਾਰੀ ਖਾਂ ਨੰਬਰ 256
7. ਥਾਨੇਦਾਰ ਗੁਲਜਾਰਾ ਸਿੰਘ ਜੋ 21 ਨਵੰਬਰ ਨੂੰ ਜਖਮਾਂ ਨਾਲ ਮਰਿਆ।
8. ਮਿਸਟਰ Arthur Frederick Horton ਆਰਥਰ ਫਰੈਰਿਕ ਹੌਰਟਨ ਪੁਲੀਸ ਕਪਤਾਨ ਜੋ ਜ਼ਖ਼ਮਾਂ ਕਰ ਕੇ ਤਿੰਨ ਨਵੰਬਰ ਨੂੰ ਪਾਰ ਬੋਲਿਆ। ਉਸ ਮੁਨਾਰੇ ਪੁਰ ਲਿਖਿਆ ਹੈ ਕਿ ਇਹ ਮਿਸਟਰ ਹਾਰਟਨ ਪੁਲੀਸ ਕਪਤਾਨ ਦੀ ਯਾਦਗਾਰ ਪਬਲਿਕ ਦੇ ਚੰਦੇ ਨਾਲ ਖੜੀ ਕੀਤੀ ਗਈ ਹੈ।

ਜ਼ਾਹਰ ਹੈ ਕਿ ਪੋਲੀਸ ਨਾਲ ਪਿਆਰ ਹੈ ਨਹੀਂ ਸੀ, ਇਹ ਜਿਹੜਾ ਚੰਦਾ ਇਕੱਠਾ ਕੀਤਾ ਗਿਆ ਇਹ ਧਿੰਗੋਜ਼ੋਰੀ ਇਕੱਠਾ ਕੀਤਾ ਗਿਆ ਹੋਣਾ ਏ। ਖੈਰ? ਹੁਣ ਦੇਸ਼ ਆਜ਼ਾਦ ਹੋ ਚੁੱਕਾ ਹੈ ਅਤੇ ਸਾਡੀ ਆਪਣੀ ਕੌਮੀ ਸਰਕਾਰ ਹੈ।

ਜੋ ਸਰਕਾਰ ਜਾਂ ਦੇਸ਼ ਆਪਣੇ ਸਿਪਾਹੀਆਂ ਜਾਂ ਸ਼ਹੀਦਾਂ ਦੀ ਕਦਰ ਨਹੀਂ ਕਰਦਾ ਉਸ ਦਾ ਜਿਉਂਦੇ ਰਹਿਣ ਜਾਂ ਜਨਤਾ ਪਾਸੋਂ ਸਤਿਕਾਰ ਪ੍ਰਾਪਤ ਕਰਨ ਦਾ ਕੋਈ ਹੱਕ ਨਹੀਂ ਹੈ।

ਅਜਿਹੇ ਬੁਜ਼ਦਿਲ ਤੇ ਗਏ ਗੁਜ਼ਰੇ ਲੋਕਾਂ ਦੀ ਜੋ ਧੋਖੇ ਤੇ ਚਾਲਬਾਜ਼ੀ ਨਾਲ ਮਿੱਤਰ ਮਾਰ, ਦੇਸ਼ ਧਰੋਹੀਆਂ ਦੇ ਆਸਰੇ ਇਕ ਸ਼ੇਰ ਮਰਦ ਦੇਸ਼ ਭਗਤ ਨੂੰ ਨਿਹੱਥਾ ਕਰਕੇ, ਸੁੱਤੇ ਪਏ ਨੂੰ ਫੜਨ ਗਏ ਮਾਰੇ ਜਾਣ, ਦੀ ਯਾਦਗਾਰ ਖੜੀ ਕਰਨਾ ਦੇਸ਼ ਦੀ ਅਣਖ਼ ਨੂੰ ਚੈਲੰਜ ਹੈ, ਵੰਗਾਰ ਹੈ। ਦੇਸ਼ ਦੀ ਇੱਜ਼ਤ ਪੁਰ ਕਾਲਾ ਧਬਾ ਹੈ। ਫੇਰ ਉਸ ਪੁਰ ਇਹ ਲਿਖਣਾ ਕਿ ਲੋਕਾਂ ਦੇ ਚੰਦੇ ਨਾਲ ਇਹ ਯਾਦਗਾਰ ਖੜੀ ਕੀਤੀ

ਗਈ ਹੈ ਜਨਤਾ ਦੀ ਅਣਖ਼ ਦਾ ਮਜ਼ਾਕ ਉਡਾਉਣਾ ਹੈ। ਅਜਿਹੀ ਯਾਦਗਾਰ ਸ਼ਹੀਦਾਂ ਦੀ ਬੇਕਦਰੀ ਹੈ। ਸ਼ਹੀਦ ਮੁਲਕ ਦਾ ਸਰਮਾਇਆ ਹੁੰਦੇ ਹਨ। ਸ਼ਹੀਦ ਦੀ ਮੌਤ ਕੌਮ ਦੀ ਜ਼ਿੰਦਗੀ ਹੁੰਦੀ ਹੈ। ਅਜਿਹੇ ਸ਼ਹੀਦਾਂ ਦੀ ਥਾਂ ਬੁਜ਼ਦਿਲ ਤੇ ਕਾਇਰ, ਦੇਸ਼ ਧਰੋਹੀਆਂ ਨੂੰ ਦੇਣਾ ਆਉਣ ਵਾਲੀਆਂ ਨਸਲਾਂ ਨੂੰ ਕਾਇਰ ਤੇ ਬੁਜ਼ਦਿਲ ਬਣਾਉਣਾ ਹੈ। ਗ਼ੱਦਾਰੀ ਦੀ ਹੌਸਲਾ ਅਫਜਾਈ ਕਰਨਾ ਹੈ।

ਜਨਤਾ ਅੰਦਰ ਜੇਕਰ ਕੌਮੀ ਸਰਕਾਰ ਤੇ ਆਗੂਆਂ ਲਈ ਸਤਿਕਾਰ ਤੇ ਮਾਨ ਪਰਾਪਤ ਕਰਨਾ ਹੋਵੇ ਤਾਂ ਘੱਟੋ ਘੱਟ ਅਜਿਹੇ ਮੁਨਾਰੇ ਢਾਅ ਦੇਣੇ ਚਾਹੀਦੇ ਹਨ ਜੋ ਸਾਡੀ ਗੈਰਤ ਨੂੰ ਚੈਲਜ ਦੇਣ ਤੇ ਅਜਿਹੀ ਗਦਾਰੀ ਬਦਲੇ ਮਿਲੀਆਂ ਜਾਗੀਰਾਂ, ਮੁਰੱਬੇ ਤੇ ਇਨਾਮ ਜਬਤ ਕਰਨੇ ਚਾਹੀਦੇ ਹਨ। ਧੰਨਾ ਸਿੰਘ ਵਰਗੇ ਯੋਧਿਆਂ ਦੀਆਂ ਯਾਦਗਾਰਾਂ ਖੜੀਆਂ ਕਰਨੀਆਂ ਚਾਹੀਦੀਆਂ ਹਨ।

ਹਫਤੇਵਾਰ 'ਪੰਜਾਬੀ ਜਨਤਾ' ਜਲੰਧਰ
19 ਅਗਸਤ 1955, ਪੰਨਾ-4

## ਸ਼ਹੀਦ ਉਦੈ ਸਿੰਘ ਝੁੱਗੀਆਂ

ਗੜ੍ਹਸ਼ੰਕਰ ਤਹਿਸੀਲ ਦੇ ਪਿੰਡ ਝੁੱਗੀਆਂ ਦੇ ਭਾਈ ਉਦੇ ਸਿੰਘ ਨੂੰ ਜਥੇਦਾਰ ਕਰਮ ਸਿੰਘ ਦੌਲਤਪੁਰ ਅਤੇ ਸਾਥੀਆਂ ਨਾਲ 1 ਸਤੰਬਰ 1923 ਨੂੰ ਪੁਲੀਸ ਤੇ ਫੌਜੀ ਦਸਤਿਆਂ ਨਾਲ ਪਿੰਡ ਬਬੇਲੀ ਮੁਕਾਬਲਾ ਕਰਦਿਆਂ ਸ਼ਹੀਦੀ ਪਾਈ।

*"ਸ਼ਹੀਦ ਕੀ ਜੋ ਮੌਤ ਹੈ, ਵੋਹ ਕੌਮ ਕੀ ਹਿਯਾਤ ਹੈ।*
*ਹਿਯਾਤ ਤੋ ਹਿਯਾਤ ਹੈ ਮੌਤ ਵੀ ਹਿਯਾਤ ਹੈ"*

ਉਪਰੋਕਤ ਸ਼ੇਅਰ ਵਿਚ ਸ਼ਾਇਰ ਨੇ ਚਾਲੀ ਸੇਰੀ ਗੱਲ ਆਖੀ ਹੈ। ਸ਼ਹੀਦ ਕੌਮਾਂ ਦਾ ਸਰਮਾਇਆ ਹੁੰਦੇ ਹਨ, ਕਿਸੇ ਕੌਮ ਜਾਂ ਦੇਸ਼ ਦੀ ਤਾਕਤ, ਉਸ ਦੀ ਵਡਿਆਈ, ਅਣਖ਼, ਤਦੱਬਰ ਤੇ ਸਿਆਣਪ ਦਾ ਅੰਦਾਜ਼ਾ ਏਸ ਗੱਲ ਤੋਂ ਨਹੀਂ ਲਗਾਇਆ ਜਾਂਦਾ ਕਿ ਉਸ ਦੀ ਗਿਣਤੀ ਕਿੰਨੀ ਹੈ? ਜਾਂ ਪੈਦਾਇਸ਼ ਤੇ ਮੌਤ ਦੀ ਕੀ ਨਿਸਬਤ ਹੈ, ਨਾ ਹੀ ਕਿਸੇ ਕੌਮ ਦੇ ਮੁੰਡੇ ਕੁੜੀਆਂ ਦੇ ਬਣਾਓ ਸ਼ੰਗਾਰ ਤੋਂ ਉਸ ਕੌਮ ਦੀ ਅਜ਼ਮਤ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ ਸਗੋਂ ਉਸਦੀ ਅਜ਼ਮਤ ਦਾ ਅੰਦਾਜ਼ਾ ਕੌਮ ਦੇ ਸ਼ਹੀਦਾਂ ਦੀ ਗਿਣਤੀ ਤੇ ਉਨ੍ਹਾਂ ਦੇ ਬਹਾਦਰੀ ਦੇ ਦਿਖਾਏ ਜੌਹਰ ਤੇ ਲੜਾਈ ਸਮੇਂ ਉਨ੍ਹਾਂ ਦੇ

ਕਰੈਕਟਰ ਤੇ ਇਖਲਾਕ ਦੀ ਉੱਚੀ ਪੱਧਰ ਤੋਂ ਲਾਇਆ ਜਾਂਦਾ ਹੈ। ਦੁਆਬਾ ਸ਼ਹੀਦਾਂ ਦੀ ਜਨਮ ਭੂਮੀ ਹੈ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ "ਸਿਰ ਲਥਾਂ" "ਆਪਾ ਨਿਛਾਵਰ ਕਰਨ ਵਾਲੇ" ਮਜਾਹਦਾਂ ਦੀ ਜਮਾਤ ਬਣਾਉਣ ਇਸੇ ਧਰਤੀ ਨੂੰ ਚੁਣਿਆ ਸੀ, ਪੰਜਾਬ ਦੇ ਮਸ਼ਹੂਰ ਇਨਕਲਾਬੀ ਸ੍ਰ: ਅਜੀਤ ਸਿੰਘ ਜੀ, ਭਗਤ ਸਿੰਘ ਤੇ 1914-15 ਦੀ ਇਨਕਲਾਬੀ ਲਹਿਰ ਦੇ ਮੋਢੀ ਬਲਵੰਤ ਸਿੰਘ ਤੇ ਬੰਤਾ ਸਿੰਘ ਜੀ ਸੰਘਵਾਲ 1922-23 ਅੰਦਰ ਬਬਰ ਲਹਿਰ ਦੇ ਮੋਢੀ ਸ੍ਰ: ਕਰਮ ਸਿੰਘ ਜੀ ਦੌਲਤਪੁਰ, ਧੰਨਾ ਸਿੰਘ ਆਦਿ ਦੇ ਜਨਮ ਦੇਣ ਦਾ ਇਸੇ ਦੁਆਬੇ ਦੀ ਧਰਤੀ ਨੂੰ ਹੀ ਮਾਨ ਪ੍ਰਾਪਤ ਹੈ।

"ਪੰਜਾਬੀ ਜਨਤਾ" ਦੇ ਪਾਠਕਾਂ ਦੀ ਬਬਰ ਲਹਿਰ ਦੇ ਮੋਢੀ ਤੇ ਸਿੱਖ ਰਵਾਇਤਾਂ ਦੇ ਮੁੜ ਤਾਜ਼ਾ ਕਰਨ ਵਾਲੇ ਮੁਜਾਹਿਦਾਂ ਸ੍ਰ: ਕਰਮ ਸਿੰਘ ਜੀ ਦੌਲਤਪੁਰ, ਧੰਨਾ ਸਿੰਘ ਜੀ ਦੌਲਤਪੁਰ, ਧੰਨਾ ਸਿੰਘ ਜੀ ਬਹਿਲਪੁਰ ਨਾਲ ਜਾਣ ਪਛਾਣ ਕਰਾਈ ਜਾ ਚੁੱਕੀ ਹੈ, ਅੱਜ ਉਨ੍ਹਾਂ ਦੇ ਤੀਸਰੇ ਸਾਥੀ ਉਦੈ ਸਿੰਘ ਝੁੱਗੀਆਂ ਨਾਲ ਵਾਕਫੀਅਤ ਕਰਾਈ ਜਾਂਦੀ ਹੈ।

ਸ੍ਰ: ਉਦੈ ਸਿੰਘ ਜੀ ਦਾ ਜਨਮ ਇਕ ਸਧਾਰਨ ਕਿਸਾਨ-ਜਟ ਘਰਾਣੇ 'ਚ ਹੋਇਆ ਹੈ। ਆਪ ਜੀ ਦੇ ਪਿਤਾ ਦਾ ਸ਼ੁਭ ਨਾਂ ਸ੍ਰੀ ਵੀਰੂ ਸੀ ਤੇ ਮਾਤਾ ਜੀ ਦਾ ਨਾਂ ਕਿਰਪੋ ਸੀ, ਆਪ ਜੀ ਦੇ ਦੋ ਭਾਈ ਈਸ਼ਰ ਤੇ ਵਤਨ ਸਿੰਘ ਜੀ ਸਨ।

ਆਪ ਦਾ ਜਨਮ ਉਨਵੀਂ ਸਦੀ ਦੇ ਅੰਤ ਵਿਚ ਅਰਥਾਤ ਜੁਲਾਈ 1897 ਵਿਚ ਪਿੰਡ ਰਾਮਪੁਰ ਝੁੰਗੀਆਂ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾਂ ਹੁਸ਼ਿਆਰਪੁਰ 'ਚ ਹੋਇਆ।

ਆਪ ਦੀ ਉਮਰ ਹਾਲਾਂ ਅਠਾਰਾਂ ਸਾਲ ਦੀ ਹੀ ਸੀ, ਜਾਂ ਇੰਜ ਆਖੋ ਕਿ ਆਪ ਹਾਲਾਂ ਮੁੱਛ ਫੁੱਟਦੇ ਗਭਰੂ ਸਨ ਕਿ ਆਪ ਦੇ ਡੋਲੇ ਫੁਰਕੇ ਤੇ ਆਪ 20 ਜੁਲਾਈ 1915 ਨੂੰ ਫੌਜ ਵਿਚ ਭਰਤੀ ਹੋ ਗਏ।

ਆਪ ਦੀ ਰਜਮੈਂਟ ਦਾ ਨਾਂ 27 ਪੰਜਾਬੀ ਕਰਕੇ ਮਸ਼ਹੂਰ ਸੀ।

ਆਪ ਨੇ ਛੇ ਸਾਲ ਦੇ ਲਗਭਗ ਨੌਕਰੀ ਕੀਤੀ।

ਪਰ ਜਦ ਦੇਸ਼ ਅੰਦਰ ਗੁਰਦੁਆਰਾ ਸੁਧਾਰ ਲਹਿਰ ਉੱਠੀ ਤਾਂ ਸਿੰਘਾਂ ਨਨਕਾਣੇ ਤੇ ਹੋਰ ਥਾਈਂ ਸ਼ਹੀਦੀਆਂ ਪਾਈਆਂ ਤਾਂ ਆਪ ਵੀ ਰਹਿ ਨਾ ਸਕੇ ਤੇ ਮਾਰਚ 1921 ਵਿਚ ਨੌਕਰੀ ਛੱਡ ਕੇ ਘਰ ਆ ਗਏ। ਹਰ ਕੋਈ ਆਪਣੇ ਜਿਹੇ ਨਾਲ ਪਿਆਰ ਕਰਦਾ ਤੇ ਚਲਦਾ ਹੈ। ਕਬੂਤਰਾਂ ਕਬੂਤਰਾਂ ਨਾਲ ਉੱਡਦੇ ਹਨ ਤੇ ਬਾਜ਼ ਬਾਜਾਂ ਨਾਲ।

ਕੁਨੱਦ ਜਿਨਸ ਬਾਹਮ ਜਿਨਸ ਪਰਵਾਜ਼
ਕਬੂਤ੍ਰ ਬਾ ਕਬੂਤ੍ਰ ਬਾਜ਼ ਬਾ ਬਾਜ਼ ਦੇ ਮੁਤਾਬਿਕ

ਛੇਤੀਂ ਹੀ ਆਪ ਦੀ ਸੰਗਤ ਸ੍ਰ: ਕਰਮ ਸਿੰਘ ਜੀ ਦੌਲਤ ਪੁਰ ਨਾਲ ਹੋ ਗਈ ਅਤੇ ਜਦੋਂ ਉਨ੍ਹਾਂ ਨੇ "ਬਬਰ ਅਕਾਲੀ" ਨਾਂ ਦੀ ਇਕ ਸਿਆਸੀ ਪਾਰਟੀ ਬਣਾਉਣ ਦਾ ਫੈਸਲਾ ਕੀਤਾ ਤਾਂ ਆਪ ਵੀ ਉਸ ਵਿਚ ਸ਼ਾਮਲ ਹੋ ਗਏ।

1922 'ਚ ਇਨ੍ਹਾਂ ਨੇ ਆਪਣੀ ਪਾਰਟੀ ਦਾ ਆਰਗਨ "ਬਬਰ ਅਕਾਲੀ ਦੁਆਬਾ" ਹਫਤੇਵਾਰ ਪਰਚਾ ਜਾਰੀ ਕੀਤਾ। ਜੋ ਉਡਾਰੂ ਪ੍ਰੈਸ ਤੋਂ ਕੈਂਪ ਜੰਗਲ 'ਚੋਂ ਨਿਕਲਦਾ ਸੀ। ਉਸ ਪਰਚੇ ਵਿਚ ਇਨ੍ਹਾਂ ਨੇ ਆਪਣੀ ਪਾਰਟੀ ਦਾ ਮਕਸਦ ਤੇ ਸਰਗਰਮੀਆਂ ਦਾ ਪਰਚਾਰ ਕੀਤਾ। ਜਦੋਂ ਝੋਲੀ ਚੁੱਕਾਂ ਦੀ ਸੋਧ ਸੁਧਾਈ ਸ਼ੁਰੂ ਕੀਤੀ ਤਾਂ ਇਨ੍ਹਾਂ ਨੇ ਸਿੱਖੀ ਰਵਾਇਤ ਦੇ ਮੁਤਾਬਿਕ ਪੰਜਾਬ ਸਰਕਾਰ ਨੂੰ ਵੰਗਾਰਿਆ ਤੇ ਗਵਰਨਰ ਪੰਜਾਬ ਦੇ ਨਾਂ ਇਕ "ਖੁਲੀ ਚਿੱਠੀ" ਲਿਖੀ।

ਜਿਸ ਵਿਚ ਉਨ੍ਹਾਂ ਗਵਰਨਰ ਪੰਜਾਬ ਨੂੰ ਸੰਬੋਧਨ ਕਰਦੇ ਹੋਏ ਲਿਖਿਆ ਕਿ "ਅਸੀਂ ਦੇਸ਼ ਧਰੋਈਆਂ ਦੀ ਇਕ ਬਲੈਕ ਲਿਸਟ ਤਿਯਾਰ ਕੀਤੀ ਹੈ। ਜਿਨ੍ਹਾਂ ਦੀ ਸੋਧ ਕਰਨ ਲਈ ਅਸੀਂ ਹੁਣ ਮਜਬੂਰ ਹੋ ਗਏ ਹਾਂ। ਸਾਡੀ ਆਪਣੀ ਤਾਜ਼ੀਰਾਤ ਹਿੰਦ ਹੈ।

ਸਾਡੀ ਆਪਣੀ ਹਾਈਕੋਰਟ ਹੈ, ਅਸੀਂ ਤਿੰਨ ਸਜ਼ਾਵਾਂ 'ਚੋਂ ਦੋਸ਼ੀ ਦੇ ਜੁਰਮ ਅਨੁਸਾਰ ਇਕ ਸਜ਼ਾ ਦਿੰਦੇ ਹਾਂ। ਇਕ ਜਿਹੜੇ ਚੁਗਲੀ ਖਾ ਕੇ ਜਾਗੀਰਾਂ ਤੋਂ ਮੁਰੱਬਿਆਂ ਦੇ ਚਾਹਵਾਨ ਹੋਣ, ਖਾਂਦੇ ਪੀਂਦੇ ਹੋਣ। ਮੁਲਕ ਨਾਲ ਉਨ੍ਹਾਂ ਨੂੰ ਹਮਦਰਦੀ ਨਹੀਂ ਉਨ੍ਹਾਂ ਨੂੰ ਅਸੀਂ ਉਨ੍ਹਾਂ ਦੀ ਹੈਸੀਅਤ ਮੂਜਬ ਜੁਰਮਾਨਾ ਕਰਦੇ ਤੇ ਵਸੂਲ ਕਰ ਲੈਂਦੇ ਹਾਂ।

ਦੂਜੀ ਸਜ਼ਾ ਮੌਤ ਦੀ ਹੈ। ਇਹ ਉਸਨੂੰ ਦਿੱਤੀ ਜਾਂਦੀ ਹੈ ਜੋ ਆਪਣੇ ਦੇਸ਼ ਨਾਲੋਂ ਪਰਦੇਸੀ ਹਕੂਮਤ ਨੂੰ ਪਿਆਰਦਾ ਤੇ ਉਸ ਨੂੰ ਹਰ ਹਾਲਤ 'ਚ ਕਾਇਮ ਰੱਖਣਾ ਚਾਹੁੰਦਾ ਹੈ, ਬਦੇਸ਼ੀਆਂ ਦਾ ਹਥ-ਠੋਕਾ ਬਣ ਕੇ ਭਰਾਵਾਂ ਨਾਲ ਗੱਦਾਰੀ ਕਰਦਾ ਹੈ। ਉਸ ਨੂੰ ਅਸੀਂ ਗੋਲੀ ਨਾਲ ਉੜਾ ਦਿੰਦੇ ਹਾਂ। ਤੀਜੀ ਅਜਿਹੇ ਪਾਜੀ ਨੂੰ ਦਿੱਤੀ ਜਾ ਸਕਦੀ ਹੈ ਜਿਸ ਦੇ ਖ਼ੂਨ 'ਚ ਹੀ ਗਦਾਰੀ ਲਿਖੀ ਹੋਈ ਹੋਵੇ। ਜਿਸ ਦੇ ਬੱਚਿਆਂ ਦਾ ਸੁਧਾਰ ਵੀ ਅਣਹੋਣੀ ਗੱਲ ਹੋਵੇ। ਉਸ ਨੂੰ ਅਸੀਂ ਮਹਜ਼ ਕੈਦ ਕੱਟਦੇ ਹਾਂ। ਮਹਜ਼ ਕੈਦ ਜਿਉਂਦੇ ਨੂੰ ਕਬਰ 'ਚ ਦਬ ਦਿੱਤਾ ਜਾਂਦਾ ਸੀ। ਜੋ ਦਮ ਘੁੱਟ ਹੋ ਕੇ ਆਪੇ ਕਬਰ 'ਚ ਪਿਆ ਗਲ ਸੜ ਜਾਂਦਾ ਸੀ। ਅਜਿਹੀ ਸਜ਼ਾ ਇਕ ਅੱਧੇ ਬੰਦੇ ਨੂੰ ਹੀ ਦਿੱਤੀ ਗਈ ਹੈ, ਸਾਡੀ ਲਿਸਟ ਕਾਫੀ ਲੰਬੀ ਹੈ, ਪਰ ਇਹ ਡਿਊਟੀ ਸਾਡੇ ਤਿੰਨਾਂ ਸੇਵਕਾਂ ਦੇ ਜ਼ਿੰਮੇਂ ਹੈ। ਸਰਕਾਰ ਸਾਡੀ ਆੜ ਵਿਚ ਜਨਤਾ ਨੂੰ ਤੰਗ ਤੇ ਪ੍ਰੇਸ਼ਾਨ ਨਾ ਕਰੇ। ਅਸੀਂ ਇਹ ਵੀ ਫੈਸਲਾ ਕੀਤਾ ਹੋਇਆ ਹੈ ਕਿ ਅਸੀਂ ਜਿਊਂਦੇ ਹੱਥ ਨਹੀਂ ਆਵਾਂਗੇ ਅਸੀਂ ਹਾਂ ਦੇਸ਼ ਦੇ ਸਿਪਾਹੀ ਕਰਮ ਸਿੰਘ (ਜਥੇਦਾਰ) ਦੌਲਤਪੁਰ ਜਿः ਜਲੰਧਰ ਵ ਧੰਨਾ ਸਿੰਘ ਬਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਤੇ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਜ਼ਿਲ੍ਹਾ ਹੁਸ਼ਿਆਰਪੁਰ।

ਅੱਜ ਤੋਂ ਤੇਤੀ ਵਰ੍ਹੇ ਪਹਿਲਾਂ ਇਹ ਪੰਜ ਛੇ ਸਿਰਲੱਥ ਵੀਰ ਪਿੰਡ ਬੰਬੇਲੀ (ਡਮੇਲੀ ਪਿੰਡ ਦੇ ਲਾਗੇ) ਠਹਿਰੇ ਹੋਏ ਸਨ। ਸ੍ਰ: ਅਨੂਪ ਸਿੰਘ ਮਾਣਕੋ ਜੋ ਜਥੇਦਾਰ ਕਰਮ ਸਿੰਘ ਜੀ ਨੂੰ ਬਾਪੂ ਕਿਹਾ ਕਰਦਾ ਸੀ ਤੇ ਉਨ੍ਹਾਂ ਦਾ ਪੁੱਤ ਬਣਿਆ ਹੋਇਆ ਸੀ। ਬੇਈਮਾਨ ਹੋ ਗਿਆ ਤੇ ਕਿਸੇ ਰਿਸ਼ਤੇਦਾਰ ਰਾਹੀਂ ਪੁਲੀਸ ਨੂੰ ਸੂਹ ਦੇ ਦਿੱਤੀ।

ਸ੍ਰ: ਧੰਨਾ ਸਿੰਘ ਜੀ, ਅਨੂਪ ਸਿੰਘ ਦੇ ਚਿਹਰੇ ਤੇ ਹਰਕਤਾਂ ਤੋਂ ਭਾਂਪ ਗਏ ਸਨ। ਉਨ੍ਹਾਂ ਨੇ ਬਬੇਲੀ ਜਥੇਦਾਰ ਨੂੰ ਬਚ ਨਿਕਲਣ ਲਈ ਪ੍ਰੇਰਨਾ ਕੀਤੀ। ਪਰ ਜਥੇਦਾਰ ਹੁਰੀਂ ਉਸ ਨੂੰ ਉਸ ਦਾ ਵਹਿਮ ਕਹਿ ਕੇ ਟਾਲਦੇ ਰਹੇ। ਆਖਰ ਸ੍ਰ: ਧੰਨਾ ਸਿੰਘ ਜੀ ਨਿਕਲ ਗਏ। ਪਿੱਛੋਂ ਪੁਲੀਸ ਨੇ ਘੇਰਾ ਘਤ ਲਿਆ। ਇਨ੍ਹਾਂ ਸਾਰੇ ਸੱਜਣਾ ਦੇ ਹਥਿਆਰ ਤੇ ਅਸਲਾ ਬੇਈਂ ਪਾਰ ਚੌਤੇ ਸਾਹਿਬ ਗੁਰਦੁਆਰੇ ਦੱਬਿਆ ਹੋਇਆ ਸੀ। ਇਸ ਲਈ ਇਨ੍ਹਾਂ ਗੁਰਦੁਆਰੇ ਦਾ ਰੁੱਖ ਕੀਤਾ ਤੇ ਸਤ ਸ੍ਰੀ ਅਕਾਲ ਦੇ ਜੈਕਾਰੇ ਗਜਾ ਕੇ ਬਾਹਰ ਨਿਕਲ ਤੁਰੇ। ਜਥੇਦਾਰ ਜੀ ਪਾਸ ਇਕ ਫਸਟ ਕਲਾਸ ਘੋੜੀ ਸੀ।

ਸਾਥੀਆਂ ਦੇ ਮਜਬੂਰ ਕਰਨ ਪੁਰ ਵੀ ਆਪ ਨਾ ਨਿਕਲੇ ਹਾਲਾਂਕਿ ਘੋੜੀ ਪੁਰ ਆਪ ਸਹਜੇ ਹੀ ਨਿਕਲ ਸਕਦੇ ਸਨ। ਪੋਲੀਸ ਨੇ ਬੇਈਂ ਵਲ ਨੂੰ ਰਾਹ ਦਿੱਤਾ। ਬੇਈਂ ਚੜ੍ਹੀ ਹੋਈ ਸੀ। ਆਪ ਚਾਰੋਂ ਸੂਰਮੇ ਪਾਣੀ 'ਚ ਤਰਦੇ ਹੋਏ ਘੋੜ ਪੋਲੀਸ ਦੀ ਬਾੜ ਨਾਲ ਸ਼ਹੀਦ ਹੋ ਗਏ। ਆਪ ਜੀ ਦਾ ਇਕ ਪੁੱਤਰ ਹੈ। ਜੋ ਐਸ ਵੇਲੇ 36 ਸਾਲ ਦਾ ਹੈ। ਉਸ ਦਾ ਨਾਂ ਪ੍ਰੀਤਮ ਸਿੰਘ ਹੈ। ਸਰਕਾਰ ਨੇ ਉਸ ਨੂੰ ਕੋਈ ਪੈਨਸ਼ਨ ਜਾਂ ਜਗੀਰ ਜਾਂ ਕਿਸੇ ਕਿਸਮ ਦੀ ਭੋਰਾ ਮਦਦ ਉਕੀ ਨਹੀਂ ਦਿੱਤੀ। ਮਲੂਮ ਹੁੰਦਾ ਹੈ ਕਿ ਉਹ ਸ਼ੇਰ ਗੜਵਈ ਨਹੀਂ ਬਣ ਸਕਿਆ। ਉਹ ਖੁਸ਼ਾਮਦੀ ਨਹੀਂ ਕਰ ਸਕਿਆ ਤੇ ਆਪਣੀ ਅਣਖ ਦੀ ਸਜ਼ਾ ਭੁਗਤ ਰਿਹਾ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਅਜਿਹੇ ਅਣਖੀ ਤੇ ਪਰਉਪਕਾਰੀ ਹੋਣਹਾਰਾਂ ਦੀ ਸਹਾਇਤਾ ਕਰਕੇ ਸ਼ਹੀਦਾਂ ਦੀਆਂ ਆਤਮਾਵਾਂ ਤੋਂ ਅਸੀਸਾਂ ਲਏ ਤੇ ਦੇਸ਼ ਅੰਦਰ ਦੇਸ਼ ਭਗਤੀ ਤੇ ਗੈਰਤ ਦਾ ਜਜ਼ਬਾ ਉਭਾਰੇ।

ਹਫਤੇਵਾਰ 'ਪੰਜਾਬੀ ਜਨਤਾ' ਜਲੰਧਰ
26 ਅਕਤੂਬਰ 1956, ਪੰਨਾ-3, 4

# ਸ਼ਹੀਦ ਸ੍ਰ: ਰਤਨ ਸਿੰਘ ਜੀ

ਸ਼ਹੀਦ ਰਤਨ ਸਿੰਘ ਬਲਾਚੌਰ ਦੇ ਪਿੰਡ ਰੱਕੜਾਂ ਬੇਟ ਦੇ ਜੰਮਪਲ ਸਨ। ਉਹ ਆਜ਼ਾਦੀ ਸੰਗਰਾਮ ਵਿਚ ਦੋ ਵਾਰ ਕਾਲੇਪਾਣੀ ਜੇਲ੍ਹ ਵਿਚ ਗਏ। ਆਖਿਰ 15 ਜੁਲਾਈ 1932 ਨੂੰ ਪਿੰਡ ਰੁੜਕੀ ਖਾਸ ਵਿਖੇ ਪੁਲਿਸ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋ ਗਏ।

ਦੁਨੀਆਂ ਦੇ ਸਾਰੇ ਮਹਾਂਪੁਰਸ਼, ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਭਗਤ, ਦਾਨੀ ਸੂਰਮੇ ਦੇ ਦਾਇਰੇ 'ਚ ਆ ਜਾਂਦੇ ਹਨ। ਦੁਨੀਆਂ ਵਿਚ ਹਰ ਫਲਾਸਫੀ, ਰੂਹਾਨੀਅਤ ਸਮਾਜਕ ਤੇ ਸਿਆਸੀਅਤ ਦੀ ਸਾਇੰਸ ਸਭੋ ਕੁਝ ਦੀ ਇਸ ਕਥਨ ਦੀ ਤਰਜਮਾਨੀ ਹੋ ਜਾਂਦੀ ਹੈ।

ਹਕੀਕਤ ਵਿਚ ਭਗਤ (ਜੋ ਇਨਸਾਨ ਨੂੰ ਮਲਕਾਂ, ਕੌਮਾਂ ਇਲਾਕਿਆਂ ਤੇ ਮਜ਼ਹਬਾਂ ਦੇ ਵਲਗਨਾਂ 'ਚ ਕੈਦ ਨਹੀਂ ਕਰਦਾ। ਜੋ ਕੋਈ ਵਿਤਕਰੇ ਨਹੀਂ ਪਾਉਂਦਾ ਸਗੋਂ "ਇਕ ਨੂਰ ਤੇ ਸਭ ਜਗ ਉਪਜਿਆ" ਇਕ ਦੀ ਅੰਸ ਖਿਆਲ ਕਰਦਾ ਹੈ) ਹੀ ਦਾਨੀ ਹੋ ਸਕਦਾ ਹੈ। ਦਾਨ ਵਿਚ ਅੰਨਦਾਨ ਸੰਪਤੀਦਾਨ, ਭੂਮੀ ਦਾਨ, ਗਿਆਨ ਦਾਨ ਤੇ ਜੀਵਣ ਦਾਨ ਗੱਲ ਕਾਹਦੀ ਸਭੋ ਕੁਝ ਆ ਜਾਂਦਾ ਹੈ। ਇਹ ਵੀ ਇਕ ਤਲਖ ਸਚਾਈ ਹੈ ਕਿ ਇਕ ਦਾਨ ਭਾਵੇਂ ਕਿੰਨਾ ਹੀ ਨਿੱਕੇ ਤੋਂ ਨਿੱਕਾ ਹੋਵੇ ਸੂਰਮਾ



*ਭਾਈ ਰਤਨ ਸਿੰਘ ਜੀ ਬੱਬਰ ਸ਼ਹੀਦ ਹੋਣ ਉਪਰੰਤ*

ਹੀ ਕਰ ਸਕਦਾ ਹੈ।

ਕੋਈ ਸੂਰਮਾ ਜੀਵਨ ਦਾਨ ਕਰ ਸਕਦਾ ਹੈ। ਗੰਦੀ ਤੇ ਕਾਇਰ ਜ਼ਿੰਦਗੀ ਵਾਲਾ ਪਰਉਪਕਾਰ ਨਹੀਂ ਕਰ ਸਕਦਾ। ਉਹ ਤਾਂ ਨਿੱਕੀ-ਨਿੱਕੀ ਸ਼ੈਅ ਨਾਲ ਚਿਮੜਿਆ ਰਹਿੰਦਾ ਹੈ। ਇਹ ਕਮਜ਼ੋਰੀ ਉਸ ਦੀ ਫਿਤਰਤ ਵਿਚ ਸ਼ਾਮਲ ਹੈ।

ਭਾਈ ਗੁਰਦਾਸ ਜੀ ਨੇ ਨਿਹਾਇਤ ਨਿਡਰਤਾ ਤੇ ਬੇਖੌਫੀ ਨਾਲ ਸਿਰੇ ਦੀ ਗੱਲ ਆਖ ਦਿੱਤੀ ਹੈ ਕਿ ਜਿਹੜੀ ਮਾਂ ਭਗਤ, ਦਾਨੀ ਜਾਂ ਸੂਰਮੇ ਨੂੰ ਜਨਮ ਨਹੀਂ ਦੇ ਸਕਦੀ ਉਸ ਲਈ ਇਹ ਗੱਲ ਹਜ਼ਾਰ ਦਰਜੇ ਚੰਗੀ ਹੈ ਕਿ ਉਸ ਦੀ ਗੋਦ ਸੱਖਣੀ ਰਹੇ, ਉਸ ਦੀ ਕੁੱਖ ਖਾਲੀ ਰਹੇ। ਉਹ ਨਿਪੁੱਤੀ ਸਦਵਾਏ ਕਿਉਂਕਿ ਜੇਕਰ ਭਗਤ, ਦਾਨੀ ਤੇ ਸੂਰਮੇ ਨਹੀਂ ਜਣਦੀ ਤਾਂ ਉਹ ਬਾਂਝ ਰਹੇ ਤਾਂ ਚੰਗਾ ਹੈ। ਐਵੇਂ ਚਿਹਰੇ ਦਾ ਨੂਰ ਜਾਂ ਲਾਲੀ ਵੀ ਕਿਉਂ ਗੁਆਣੀ।

'ਪੰਜਾਬੀ ਜਨਤਾ' ਦੇ ਪਾਠਕਾਂ ਦੀ ਸੇਵਾ ਵਿਚ ਪਹਿਲਾਂ ਵੀ ਭਗਤਾਂ, ਦਾਤਿਆਂ ਤੇ ਸੂਰਮਿਆਂ ਦੀਆਂ ਜੀਵਨ ਕਹਾਣੀਆਂ ਰੱਖੀਆਂ ਗਈਆ ਹਨ। ਅੱਜ ਵੀ ਉਸੇ ਲੜੀ ਦੇ ਇਕ ਮੋਤੀ, ਇਕ ਪਰਉਪਕਾਰੀ ਤੇ ਜੀਵਨ ਦਾਨ ਦੇਣ ਵਾਲੇ ਸੂਰਮੇ ਦੀ ਜੀਵਨ ਕਹਾਣੀ ਚੋਂ ਕੁਝ ਕੁ ਗੱਲਾਂ ਦਸ ਕੇ ਉਸ ਦੀ ਜਾਣ ਪਛਾਣ ਕਰਾਈ ਜਾਂਦੀ ਹੈ। ਮੇਰਾ ਇਸ਼ਾਰਾ ਸ: ਰਤਨ ਸਿੰਘ ਜੀ ਬੱਬਰ ਅਕਾਲੀ ਰੱਕੜ ਜ਼ਿਲ੍ਹਾ ਹੁਸ਼ਿਆਰਪੁਰ ਵਲ ਹੈ।

ਸਰਦਾਰ ਰਤਨ ਸਿੰਘ ਜੀ ਦਾ ਜਨਮ ਉਨ੍ਹਵੀਂ ਸਦੀ ਦੀ ਆਖਰੀ ਚੌਥਾਈ 'ਚ 188੪ ਵਿਚ ਪਿੰਡ ਰੱਕੜ (ਬੇਟ) ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਕ ਸਿੱਧੇ ਸਾਦੇ ਜੱਟ ਸ: ਜਵਾਹਰ ਸਿੰਘ ਜੀ ਨੰਬਰਦਾਰ ਦੇ ਘਰ, ਮਾਤਾ ਅਨੋਖੀ ਜੀ ਦੀ ਪਵਿੱਤਰ ਕੁੱਖ ਤੋਂ ਹੋਇਆ ਹੈ।

ਆਪ ਜੀ ਦੇ ਭਰਾਤਾ ਸ: ਹਰਨਾਮ ਸਿੰਘ ਜੀ ਤੇ ਸਰਦਾਰ ਮੇਲਾ ਸਿੰਘ ਹਨ। ਆਪ ਜੀ ਦੀ ਭੈਣ ਕੋਈ ਨਹੀਂ ਹੈ।

ਆਪ ਜੀ ਵਿਆਹੇ ਹੋਏ ਸਨ। ਆਪ ਜੀ ਦੀ ਸਿੰਘਣੀ ਦਾ ਨਾਂ ਬੀਬੀ ਪ੍ਰੇਮੀ ਹੈ। ਆਪ ਜੀ ਦਾ ਇਕ ਪੁੱਤਰ ਹੈ ਜਿਸ ਦਾ ਨਾਂ ਸਰਦਾਰ ਅਮਰ ਸਿੰਘ ਜੀ ਹੈ ਤੇ ਅਜ ਕਲ ਉਨ੍ਹਾਂ ਦੀ ਉਮਰ 42 ਸਾਲ ਦੇ ਲਗਭਗ ਹੈ।

ਸਰਦਾਰ ਜਵਾਹਰ ਸਿੰਘ ਜੀ ਨੰਬਰਦਾਰ ਸਨ ਉਨ੍ਹਾਂ ਦੇ ਪਿਛੋਂ ਸ: ਰਤਨ ਸਿੰਘ ਜੀ ਨੰਬਰਦਾਰ ਬਣੇ ਪਰ ਆਪ ਜੀ ਦੇ ਸਿਆਸੀਅਤ 'ਚ ਆਉਣ ਸਮੇਂ ਆਪ ਜੀ ਦੀ ਨੰਬਰਦਾਰੀ ਖੁਸ ਕੇ ਉਥੋਂ ਦੇ ਇਕ ਸੱਜਣ ਨੂੰ ਦੇ ਦਿੱਤੀ ਗਈ।

ਆਪ ਜੀ ਦਾ ਬਚਪਨ ਨਿੱਕੇ-ਨਿੱਕੇ ਪਿੰਡਾਂ 'ਚ ਜਿਹੋ ਜਿਹਾ ਖੇਲ ਕੁਦ ਕੇ ਗੁਜ਼ਰਦਾ ਹੈ। ਉਵੇਂ ਹੀ ਗੁਜ਼ਰਿਆ ਹੈ। ਜੁਆਨ ਹੁੰਦਿਆਂ ਹੀ ਆਪ ਫੌਜ ਵਿਚ ਭਰਤੀ ਹੋ ਗਏ ਪਰ ਆਪ ਜਿਹੇ ਮਨਚਲੇ ਗਭਰੂ ਲਈ ਅੰਗਰੇਜ਼ ਦੀ ਨੌਕਰੀ ਕਰਨਾ ਮੁਸ਼ਕਲ ਸੀ। ਇਸ ਲਈ ਆਪ ਨੇ ਥੋੜ੍ਹੇ ਚਿਰ ਪਿਛੋਂ ਹੀ ਨੌਕਰੀ ਛੱਡ ਦਿੱਤੀ।

1923-24 ਵਿਚ ਆਪ ਦੀ ਸੰਗਤ ਇਕ ਸ: ਕਰੋੜਾ ਸਿੰਘ ਜੀ ਜ਼ਿਲ੍ਹਾ ਅੰਬਾਲਾ ਨਾਲ ਹੋ ਗਈ। ਕਰੋੜਾ ਸਿੰਘ ਬੜਾ ਬਹਾਦਰ ਤੇ ਹੁਨਰ ਜਾਨਣ ਵਾਲਾ ਬੰਦਾ ਸੀ। ਜੇਕਰ ਮੈਂ ਭੁੱਲ ਨਹੀਂ ਕਰਦਾ ਤਾਂ ਇਹ ਪੁਲੀਸ ਵਿਚ ਥਾਣੇਦਾਰ ਸੀ। ਉਹ ਬੰਬ ਬਹੁਤ ਚੰਗੇ ਬਣਾ ਸਕਦਾ ਸੀ, ਜਿਥੋਂ ਤੀਕ ਮੈਨੂੰ ਯਾਦ ਹੈ ਇਨ੍ਹਾਂ ਨੂੰ 1923 ਵਿਚ ਬੰਬ ਬਣਾਉਣ 'ਚ ਹੀ ਕੈਦ ਹੋਈ ਸੀ। ਸ: ਰਤਨ ਸਿੰਘ ਜੀ ਨੂੰ ਤਿੰਨ ਸਾਲ ਦੀ ਸਜ਼ਾ ਹੋਈ। ਆਪ ਨੇ ਇਹ ਸਜ਼ਾ ਮੁਲਤਾਨ ਤੇ ਲਾਹੌਰ ਦੀਆਂ ਜੇਲ੍ਹਾਂ 'ਚ ਗੁਜ਼ਾਰੀ ਕੁਝ ਦਿਹਾੜੇ ਜਲੰਧਰ ਜੇਲ੍ਹ 'ਚ ਵੀ ਰਹੇ।

ਸਰਦਾਰ ਕਰੋੜਾ ਸਿੰਘ ਜੀ ਨਾਲ ਮੈਨੂੰ ਰਹਿਣ ਦਾ ਮੌਕਾ ਤਾਂ ਨਹੀਂ ਮਿਲਿਆ ਪਰ ਉਹ ਜੇਲ੍ਹ ਵਿਚ ਫਸਟ ਕਲਾਸ ਦਰੀਆਂ ਬੁਣ ਸਕਦੇ ਸਨ ਤੇ ਚਮੜੇ ਦੇ ਬੈਗ ਬਹੁਤ ਉਮਦਾ ਬਣਾ ਸਕਦੇ ਸਨ। ਕੈਮਲ ਪੁਰ ਜੇਲ੍ਹ ਦਾ ਦਰੋਗਾ ਉਨ੍ਹਾਂ ਪੁਰ ਬਹੁਤ ਖੁਸ਼ ਸੀ ਤੇ ਇਹ ਵੀ ਖੁਸ਼ੀ ਦੀ ਲੋਰ 'ਚ ਆਇਆ ਹੋਇਆ ਕਹਿ ਦਿੰਦਾ ਸੀ ਕਿ ਮੇਰਾ ਦਿਲ ਨਹੀਂ ਲੱਗਦਾ ਮੈਂ ਤਾਂ ਭੱਜ ਜਾਣਾ ਹੈ। ਦਾਰੋਗਾ ਇਕ ਦਿਨ ਛੁੱਟੀ ਗਿਆ ਉਸੇ ਦਿਨ ਇਹ ਭੱਜ ਗਿਆ ਪਰ ਛੇਤੀ ਹੀ ਫੜਿਆ ਗਿਆ ਤੇ ਕੈਦ ਵਧ ਗਈ। ਬਾਕੀ ਦੀ ਸਜ਼ਾ ਮਿੰਟਗੁਮਰੀ ਜੇਲ੍ਹ 'ਚ ਕੱਟੀ। ਉਹ ਹਿਕਮਤ ਵੀ ਕਰਦੇ ਸਨ ਅੱਜਕੱਲ ਸ਼ਾਇਦ ਕਿਤੇ ਹਕੀਮੀ ਦੇ ਆਸਰੇ ਹੀ ਦਿਨ ਕਟੀ ਕਰ ਰਹੇ ਹਨ। ਖੈਰ-

ਸ: ਰਤਨ ਸਿੰਘ ਦੀ ਮੇਰੇ ਨਾਲ ਪਹਿਲਾਂ-ਪਹਿਲਾਂ ਜਲੰਧਰ ਜੇਲ੍ਹ 'ਚ ਮੁਲਾਕਾਤ ਹੋਈ। ਮੈਂ ਦੂਜੀ ਵਾਰ ਕੈਦ ਹੋਇਆ ਸਾਂ ਤੇ ਉਹ ਪਹਿਲੀ ਵਾਰ ਹੀ ਬੰਬਾਂ ਦੇ ਸਿਲਸਿਲੇ 'ਚ ਕੈਦ ਹੋਏ ਸਨ।

ਰਤਨ ਸਿੰਘ ਬੜਾ ਸਿੱਧ ਪੱਧਰਾ ਤੇ ਸਰਲ ਸੁਭਾਅ ਵਾਲਾ ਸੱਜਣ ਸੀ, ਉਹ ਬਿਨਾਂ ਕਿਸੇ ਵਾਕਫੀਅਤ ਦੇ ਬਿਨਾਂ ਕੁਝ ਸਮਝੇ ਗੱਲਾਂ ਕਰੀ ਜਾਂਦਾ ਰਹਿੰਦਾ ਸੀ। ਉਨ੍ਹਾਂ ਇਕ ਦਿਨ ਮੈਨੂੰ ਸੱਦ ਕੇ ਕਿਹਾ ਕਿ "ਮੈਂ ਤੈਨੂੰ ਬੰਬ ਬਣਾਉਣ ਦੀ ਜਾਚ ਸਿਖਾ ਸਕਦਾ ਹਾਂ" ਜਦ ਉਸ ਨੂੰ ਮੈਂ ਕਿਹਾ ਕਿ ਮੈਂ ਗਾਂਧੀ ਜੀ ਦਾ ਭਗਤ ਹਾਂ ਤੇ ਮੇਰਾ ਅਕੀਦਾ ਤਸ਼ੱਦਦ 'ਚ ਨਹੀਂ ਹੈ। ਉਸ ਨੇ ਸ਼ਾਂਤਮਈ ਦਾ ਬੜਾ ਮਜ਼ਾਕ ਉਡਾਇਆ। ਉਹ ਇੰਨ੍ਹੀਆਂ ਆ ਮੁਹਾਰੀਆਂ ਗੱਲਾਂ ਕਰੀ ਜਾਂਦਾ ਸੀ ਕਿ ਮੈਨੂੰ ਸ਼ੱਕ ਪਿਆ ਕਿ ਇਹ ਸੀ.ਆਈ.ਡੀ. ਦਾ ਬੰਦਾ ਹੈ। ਜੋ ਜੇਲ੍ਹ 'ਚ ਨੌਜਵਾਨਾਂ ਨੂੰ ਫਸਾਉਣਾ ਚਾਹੁੰਦਾ ਹੈ। ਖੈਰ ਛੇਤੀ ਹੀ ਮੈਨੂੰ ਦੂਜੇ ਸਾਥੀਆਂ ਨਾਲ ਮੁਲਤਾਨ ਜੇਲ੍ਹ 'ਚ ਤਬਦੀਲ ਕਰ ਦਿੱਤਾ ਗਿਆ।

**ਮੁੜ ਮੁਲਾਕਾਤ:** ਮੈਂ 1927 ਦੇ ਆਰੰਭ 'ਚ ਰਿਹਾ ਹੋਇਆ ਗਾਲਬਨ 1927 ਦੇ ਅਖੀਰ 'ਚ ਮਾਹਿਲਪੁਰ ਪੋਲੀਟੀਕਲ ਕਾਨਫਰੰਸ ਹੋ ਰਹੀ ਸੀ। ਉਥੇ ਮੈਨੂੰ ਤੇ ਸ: ਗੋਪਾਲ ਸਿੰਘ ਜੀ ਕੌਮੀ ਨੂੰ ਸ: ਰਤਨ ਸਿੰਘ ਜੀ ਮਿਲੇ ਤੇ ਆਪਣੇ ਸੁਭਾਅ ਅਨੁਸਾਰ ਸ਼ਾਂਤਮਈ ਦਾ ਮਜ਼ਾਕ ਉਡਾਉਂਦੇ ਰਹੇ ਤੇ ਟਿੱਚਰਾਂ ਕਰਦੇ ਰਹੇ। ਕੌਮੀ ਜੀ ਨੇ ਕਿਹਾ ਕਿ ਇਹ ਸੱਜਣ ਜਾਂ ਤਾਂ ਸੀ.ਆਈ.ਡੀ. ਦਾ ਹੈ ਜਾਂ ਇਸ ਦਾ ਦਿਮਾਗ ਖਰਾਬ ਹੈ।

1928 ਵਿਚ ਸ੍ਰ: ਅਰਜਨ ਸਿੰਘ ਜੀ 'ਸਚ' ਆਪਣੇ ਪਿੰਡ ਖੜੌਂਦੀ ਵਿਖੇ ਧੰਨਾ ਸਿੰਘ ਡੋ ਦੇ ਨਾਂ ਹੇਠ ਇਕ ਕਾਨਫਰੰਸ ਕਰ ਰਹੇ ਸਨ ਪੋਲੀਸ ਉਗਰਾਹੀ ਤੇ ਕਾਨਫਰੰਸ ਦਾ ਪ੍ਰੋਪੇਗੰਡਾ ਕਰਨ 'ਚ ਰੌਲਾ ਪਾ ਰਹੀ ਸੀ ਪਰ ਫੇਰ ਵੀ ਅਸੀਂ ਸਫ਼ਲ ਹੋ ਗਏ। ਸਰਦਾਰ ਰਤਨ ਸਿੰਘ ਸਤਾਰਾਂ ਕੁ ਬੰਬ ਝੋਲੇ 'ਚ ਪਾ ਕੇ ਝੋਲਾ ਸ੍ਰ: ਅਰਜਨ ਸਿੰਘ ਜੀ ਸੱਚ ਦੇ ਘਰ ਰੱਖ ਆਏ ਤੇ ਉਨ੍ਹਾਂ ਦੀ ਮਾਤਾ ਜੀ ਦੇ ਪੁੱਛਣ ਪੁਰ ਕਹਿ ਆਏ ਕਿ ਝੋਲੇ 'ਚ ਪਿੰਨੀਆਂ ਹਨ।

**ਬਚਾਓ ਹੋ ਗਿਆ** : ਮੈਂ ਬੋਲ ਕੇ ਘਰ ਦੁੱਧ ਪੀਣ ਵਾਸਤੇ ਗਿਆ ਤੇ ਮਾਈ ਮੈਨੂੰ ਦੁੱਧ ਦਾ ਗਿਲਾਸ ਦੇ ਕੇ ਬੱਟਾ ਟੋਲਣ ਲੱਗ ਪਈ। ਮੇਰੇ ਪੁੱਛਣ ਤੇ ਉਸ ਨੇ ਇਕ ਬੰਬ (ਪਿੰਨੀ ਕਹਿ ਕੇ ਮੇਰੇ ਹੱਥ ਦੇ ਦਿੱਤਾ) ਮੇਰੇ ਪੁੱਛਣ ਪੁਰ ਉਸ ਨੇ ਕਿਹਾ ਕਿ ਰਕੜਾਂ ਵਾਲਾ ਰਤਨ ਸਿੰਘ ਪਿੰਨੀਆਂ ਰੱਖ ਗਿਆ ਹੈ। ਮੇਰੇ ਦੱਸਣ ਪੁਰ ਕਿ ਇਹ ਪਿੰਨੀ ਨਹੀਂ ਸਗੋਂ ਬੰਬ ਹੈ। ਉਸ ਨੇ ਝੋਲਾ ਸੰਭਾਲ ਕੇ ਅੰਦਰ ਰੱਖ ਦਿੱਤਾ।

**ਪੁਲੀਸ ਉਡਾ ਦੇਣ ਦੀ ਸਕੀਮ** : ਮੈਂ ਉਸ ਵੇਲੇ ਕਾਨਫਰੰਸ ਦੇ ਪੰਡਾਲ 'ਚ ਆ ਗਿਆ, ਤੇ ਸ੍ਰ: ਅਰਜਨ ਸਿੰਘ ਜੀ 'ਸਚ' ਤੇ ਬਲਵੰਤ ਸਿੰਘ ਜੀ ਦੁਖੀਆ ਨੂੰ ਦੱਸਿਆ ਕਿ ਰਤਨ ਸਿੰਘ ਬੰਬ ਚੁੱਕੀ ਫਿਰਦਾ ਹੈ। ਕਿਤੇ ਫਤੂਰ ਨਾ ਖੜਾ ਕਰੇ, ਅਸੀਂ ਤਿੰਨਾਂ ਨੇ ਉਸ ਨੂੰ ਸੱਦਿਆ ਤੇ ਉਸ ਦਾ ਇਰਾਦਾ ਪੁਛਿਆ, ਉਸ ਕਿਹਾ ਕਿ ਮੈਂ ਪੋਲੀਸ ਤੇ ਝੋਲੀ ਚੁੱਕਾਂ ਨੂੰ ਸਜ਼ਾ ਦੇਣ ਲਈ ਉਸ ਮਕਾਨ ਨੂੰ ਹੀ ਉੜਾ ਦੇਣਾ ਚਾਹੁੰਦਾ ਹਾਂ ਜਿਥੇ ਉਹ ਠਹਿਰੇ ਹੋਏ ਸਨ।

ਬੜੀ ਮੁਸ਼ਕਿਲ ਨਾਲ ਉਸ ਨੂੰ ਸਮਝਾ ਕੇ ਇਸ ਕੰਮ ਤੋਂ ਬਾਜ਼ ਰੱਖਿਆ ਜਾ ਸਕਿਆ। ਸਾਡੇ ਤੇਹਾਂ ਤੇ ਪਾਂਦਾ ਸੰਤ ਰਾਮ ਦੇ 124 ਏ. ਦੇ ਵਾਰੰਟ ਨਿਕਲ ਆਏ। ਸਚ ਸਾਹਿਬ ਘਰੋਂ ਫੜੀਚੇ ਗਏ ਤੇ ਮੈਂ ਨਨਕਾਣੇ ਸਾਹਿਬ ਤੋਂ। ਮੈਤੋਂ ਦੂਜੇ ਦਿਨ ਹੀ ਦੁਖੀਆ ਜੀ ਨਨਕਾਣੇ ਸਾਹਿਬ ਤੋਂ ਫੜੇ ਗਏ। ਉਥੇ ਅਸੀਂ ਕਿਰਤੀ ਕਿਸਾਨਾਂ ਦੀ ਕਾਨਫਰੰਸ ਲਈ ਗਏ ਹੋਏ ਸਾਂ ਸਾਨੂੰ ਹੁਸ਼ਿਆਰਪੁਰ ਲਿਆਂਦਾ ਗਿਆ ਤੇ ਉਸ ਵੇਲੇ ਹੁਸ਼ਿਆਰਪੁਰ ਜੇਲ੍ਹ 'ਚ ਕੋਠੜੀਆਂ ਕੇਵਲ ਚਾਰ ਸਨ ਤਿੰਨ ਸਾਨੂੰ ਮਿਲ ਗਈਆਂ ਕੋਈ ਹਫਤੇ ਕੁ ਪਿਛੋਂ ਸ੍ਰ: ਰਤਨ ਸਿੰਘ ਜੀ 110 ਦਫਾ 'ਚ ਫੜ ਹੋ ਕੇ ਆ ਗਏ।

ਪਹਿਲੋਂ ਸਾਡਾ ਮੁਕੱਦਮਾ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ (ਜੋ ਨਵਾਂ-ਨਵਾਂ ਵਲਾਇਤੋਂ ਆਇਆ ਤੇ ਬਿਲਕੁਲ ਨੌਜੁਆਨ ਸੀ) ਪਾਸ ਸੀ। ਪਰ ਉਸ ਨੇ ਸਾਡਾ ਮੁਕੱਦਮਾ ਸੁਣਨੋਂ ਨਾਂਹ ਕਰ ਦਿੱਤੀ ਤੇ ਮੁਕੱਦਮਾ ਏ.ਡੀ.ਐਮ. ਲੇਖ ਰਾਜ ਤ੍ਰਿਖਾ ਦੀ ਅਦਾਲਤ 'ਚ ਘਲ ਦਿੱਤਾ ਗਿਆ।

ਜਦੋਂ ਅਸੀਂ ਤਿੰਨੋਂ ਮੈਂ ਦੁਖੀਆ ਜੀ ਤੇ ਸਚ ਜੀ ਫੜੀਚਕੇ ਹੁਸ਼ਿਆਰਪੁਰ ਪੁੱਜੇ ਤਾਂ ਡੀ.ਸੀ. ਦੀ ਕੋਠੀ ਰੋਜ਼ ਰਾਤ ਨੂੰ ਪੰਦਰਾਂ-ਪੰਦਰਾਂ ਮਿੰਟ ਪਿਛੋਂ ਕੁਝ ਫਾਇਰ ਹੁੰਦੇ ਰਹਿੰਦੇ ਸਨ ਸਾਰੀ-ਸਾਰੀ ਰਾਤ। ਪਹਿਲਾਂ-ਪਹਿਲਾਂ ਅਸਾਂ ਖਿਆਲ ਕੀਤਾ ਕਿ ਕੋਈ ਸੇਠ ਮੁੰਡਾ ਵਿਅਕਤੀ ਆਇਆ ਹੋਇਆ ਹੈ ਤੇ ਆਤਿਸ਼ਬਾਜ਼ੀ ਚਲ ਰਹੀ ਹੈ। ਪਰ

ਸਾਨੂੰ ਦੱਸਿਆ ਗਿਆ ਕਿ ਇਹ ਕੰਮ ਡੀ.ਸੀ. ਦੀ ਕੋਠੀ ਹੋ ਰਿਹਾ ਹੈ। ਪਰ ਸਾਨੂੰ ਸਮਝ ਨਹੀਂ ਸੀ ਪੈਂਦੀ ਕਿ ਰੋਜ਼ਾਨਾ ਇਨ੍ਹਾਂ ਫਾਇਰਾਂ ਦਾ ਕੀ ਲਾਭ ਜਿਸ ਦਿਨ ਰਤਨ ਸਿੰਘ ਜੀ ਫੜੀਚ ਕੇ ਆਏ ਤਾਂ ਉਨ੍ਹਾਂ ਤੋਂ ਪਤਾ ਲੱਗਾ ਕਿ ਉਨ੍ਹਾਂ ਡੀ.ਸੀ. ਨੂੰ ਚਿੱਠੀ ਲਿਖੀ ਸੀ ਕਿ ਜੇਕਰ ਇਨ੍ਹਾਂ ਤਿੰਨਾਂ ਨੂੰ ਕੋਈ ਸਜ਼ਾ ਹੋਈ ਤਾਂ ਤੈਨੂੰ ਉਡਾ ਦਿੱਤਾ ਜਾਊਗਾ ਡਿਪਟੀ ਕਮਿਸ਼ਨਰ ਡਰਦਾ ਹੀ ਰੋਜ਼ ਫਾਇਰ ਕਰਵਾ ਰਿਹਾ ਸੀ। ਖੈਰ ਸਾਨੂੰ ਤਿਹਾਂ ਨੂੰ ਤਿੰਨ-ਤਿੰਨ ਸਾਲ ਦੀ ਸਜ਼ਾ ਹੋ ਗਈ।

ਸ: ਰਤਨ ਸਿੰਘ ਜੀ ਤੋਂ ਪਹਿਲਾਂ ਤਾਂ ਤੀਹ ਹਜ਼ਾਰ ਦੀ ਜਮਾਨਤ ਮੰਗੀ, ਪਰ ਫੇਰ ਦਸ ਕੁ ਹਜ਼ਾਰ ਦੀ ਜ਼ਮਾਨਤ ਪਰ ਆਪ ਰਿਹਾ ਹੋ ਗਏ ਪਰ ਆਪ ਚੁੱਪ ਨਾ ਰਹੇ ਤੇ ਜਮਾਨਤ ਭਰੀ ਗਈ।

ਆਪ ਨੇ ਸਿਆਸੀ ਸਰਗਰਮੀਆਂ-ਪੁਲਸੀ ਥਾਣਿਆਂ ਪੁਰ ਬੰਬ ਸੁਟਨੇ, ਚੁਗਲਾਂ ਤੇ ਝੋਲੀ ਚੁੱਕਾਂ ਨੂੰ ਡਰਾਉਣ ਧਮਕਾਉਣ ਤੇ ਕਿਤੇ ਕਿਤੇ ਸਿਆਸੀ ਮਾਰਨਾ ਕਰ 'ਚ ਜਾਰੀ ਰੱਖਿਆ।

ਛੇਤੀ ਹੀ ਆਪ ਫੜੇ ਗਏ ਤੇ 1930-'31 ਵਿਚ ਆਪ ਨੂੰ ਵੱਖ-ਵੱਖ ਜ਼ੁਰਮਾਂ ਹੇਠ 42 ਸਾਲ ਦੀ ਸਜ਼ਾ ਹੋਈ ਤੇ ਉਸੇ ਦਿਨ ਲਾਹੌਰ ਸੈਂਟਰਲ ਜੇਲ੍ਹ 'ਚ ਘਲ ਦਿੱਤੇ ਗਏ। ਇਨ੍ਹਾਂ ਨੇ ਉਸ ਜੇਲ੍ਹ ਤੋਂ ਨੱਠਣ ਦੀ ਕੋਸ਼ਿਸ਼ ਕੀਤੀ ਪਰ ਭੇਦ ਖੁੱਲ੍ਹ ਜਾਣ ਪੁਰ ਕਾਮਯਾਬੀ ਨਾ ਹੋਈ। ਆਪ ਨੂੰ ਕਾਲੇਪਾਣੀ ਭੇਜ ਦਿੱਤਾ ਗਿਆ ਪਰ ਆਪ ਕਲਕੱਤੇ ਦੇ ਲਾਗੇ ਜਾ ਕੇ ਸਣੇ ਬੇੜੀ ਨੱਸਣ 'ਚ ਕਾਮਯਾਬ ਹੋ ਗਏ। ਉਥੇ ਆਪ ਮਸ਼ਹੂਰ ਦੇਸ਼ ਭਗਤ ਬਾਬਾ ਗੁਰਦਿੱਤ ਸਿੰਘ ਜੀ ਨੂੰ ਮਿਲੇ ਤੇ ਮਾਲੀ ਮੱਦਦ ਦੀ ਮੰਗ ਕੀਤੀ। ਉਨ੍ਹਾਂ ਪੰਜ ਦਮੜੇ ਪੇਸ਼ ਕੀਤੇ ਜੋ ਇਨ੍ਹਾਂ ਗੁੱਸੇ 'ਚ ਹੀ ਵਾਪਸ ਕਰ ਦਿੱਤੇ ਤੇ ਬੇੜੀ ਕਟਾਉਂਦੇ ਹੋਏ ਫੜੇ ਗਏ। ਤੇ ਕਿ ਸਾਲ ਦੀ ਕੈਦ ਵਧਾ ਕੇ ਕਾਲੇਪਾਣੀ ਘਲ ਦਿੱਤੇ ਗਏ।

**ਮੁੜ ਪੰਜਾਬ ਵਿਚ** : ਕਾਲੇਪਾਣੀ ਆਪ ਨੇ ਐਜੀਟੇਸ਼ਨ ਆਰੰਭ ਕੀਤੀ ਕਿ ਇਥੇ ਦੀ ਹਵਾ ਪਾਣੀ ਉਸ ਦੇ ਮੁਆਫਿਕ ਨਹੀਂ ਹੈ। ਸਾਨੂੰ ਮੁੜ ਸਿੱਖ ਕੈਦੀਆਂ 'ਚ ਘੱਲਿਆ ਜਾਵੇ। ਚੁਨਾਂਚਿ ਇਨ੍ਹਾਂ ਪੰਜ ਸਿੱਖ ਕੈਦੀਆਂ ਨੂੰ ਮੁੜ ਪੰਜਾਬ ਘੱਲ ਦਿੱਤਾ ਗਿਆ, ਜਿਸ ਜਹਾਜ਼ 'ਚ ਕੈਦੀ ਆਏ ਉਸੇ ਵਿਚ ਇਕ ਸਿੱਖ ਔਰਤ ਆਪਣੀ ਸਜ਼ਾ ਭੁਗਤ ਕੇ ਰਿਹਾ ਹੋ ਕੇ ਆ ਰਹੀ ਸੀ। ਸ: ਰਤਨ ਸਿੰਘ ਨੇ ਉਸ ਨੂੰ ਇਕ ਪੌਂਡ (ਕੈਦੀ ਖਾਸ ਕਰ ਲੰਮੀ ਕੈਦ ਵਾਲੇ ਕੈਦੀ ਆਪਣੇ ਗਲ ਵਿਚ ਗੌਨਾ ਬਣਾ ਕੇ ਰੱਖ ਛੱਡਦੇ ਹਨ) ਦੇ ਕੇ ਬੇੜੀ ਕੱਟਣ ਵਾਲੀ ਲੋਹੇ ਦੀ ਪਤਲੀ ਜਿਹੀ ਤਾਰ ਜਾਂ ਆਰੀ ਦੀ ਮੰਗ ਕੀਤੀ। ਉਸ ਬੀਬੀ ਨੇ ਪੌਂਡ ਤਾਂ ਨਾ ਲਿਆ ਤੇ ਸ. ਜੀ ਨੂੰ ਉੱਤਰ ਦਿੱਤਾ ਕਿ ਮੈਂ ਹੌੜੇ ਸਟੇਸ਼ਨ ਪੁਰ ਆਪ ਨੂੰ ਦਾਤਨਾਂ ਦਾ ਇਕ ਬੰਡਲ ਦੇਵਾਂਗੀ ਉਸ ਵਿਚ ਆਰੀ ਹੋਸੀ। ਇਹ ਮਾਇਆ ਤੁਹਾਡੇ ਕੰਮ ਆਏਗੀ।

ਸੋ ਇਵੇਂ ਹੋਇਆ ਤੇ ਇਨ੍ਹਾਂ ਆਰੀ ਨਾਲ ਪੁਲਸ ਦੀ ਅੱਖ ਬਚਾ ਕੇ ਬੇੜੀਆਂ

ਕੱਟਣੀਆਂ ਸ਼ੁਰੂ ਕੀਤੀਆਂ। ਨਿਰਵਾਨੇ ਸਟੇਸ਼ਨ ਤੀਕ ਬੜੀ ਮੁਸ਼ਕਲ ਨਾਲ ਦਸ ਸੱਜਣ ਬੇੜੀਆਂ ਕੱਟ ਸਕੇ। ਸ੍ਰ: ਰਤਨ ਸਿੰਘ ਜੀ ਨੇ ਕਿਹਾ ਕਿ ਹੁਣ ਪੰਜਾਬ ਆ ਗਿਆ ਹੈ ਇਥੇ ਪੁਲਸ ਦਾ ਪਹਿਰਾ ਸਖ਼ਤ ਹੋਣ ਦੀ ਸੰਭਾਵਨਾ ਹੈ। ਇਸ ਲਈ ਇਥੋਂ ਹੀ ਨਸ ਜਾਣਾ ਚੰਗਾ ਰਹੇਗਾ। ਇਨ੍ਹਾਂ ਇਕੱਠੇ ਹੀ ਬੇੜੀਆਂ ਨਾਲ (ਬੇੜੀ 'ਚ ਦੋ ਲੋਹੇ ਦੇ ਡੰਡੇ ਹੁੰਦੇ ਹਨ) ਪੋਲੀਸ ਪੁਰ ਧਾਵਾ ਬੋਲ ਦਿੱਤਾ ਤੇ ਪੋਲੀਸ ਦੀਆਂ ਚਾਰ ਰਫਲਾਂ ਤੇ ਸੱਠ ਕਾਰਤੂਸ ਖਸ ਲਏ। ਜੰਜੀਰ ਖਿੱਚ ਕੇ ਦਸੇ ਬਹਾਦਰ ਉਤਰ ਗਏ।

ਇਤਫ਼ਾਕ ਦੀ ਗੱਲ ਹੈ ਕਿ ਸ੍ਰ: ਰਤਨ ਸਿੰਘ ਦੇ 303 ਦੀ ਪੱਕੀ ਰਾਈਫਲ ਹੱਥ ਆਈ ਤੇ ਇਸ ਨੇ ਸਾਥੀਆਂ ਨਾਲ ਲੜ ਭਿੜ ਕੇ ਕਾਰਤੂਸ ਲੈ ਲਏ।

ਗੱਲ ਸਾਫ਼ ਸੀ। ਪੋਲੀਸ ਨੇ ਜਿੰਨਾ ਪਿੱਛਾ ਰਤਨ ਸਿੰਘ ਦਾ ਕਰਨਾ ਸੀ ਉਨ੍ਹਾਂ ਕਿਸੇ ਹੋਰ ਦਾ ਨਹੀਂ ਸੀ ਕਰਨਾ। ਕਿਉਂਕਿ ਉਨ੍ਹਾਂ 'ਚ ਇਹੀ ਇਕ ਸਿਆਸੀ ਬੰਦਾ ਸੀ। ਰਿਆਸਤਾਂ ਤੇ ਅੰਗਰੇਜ਼ੀ ਇਲਾਕੇ ਦੀ ਪੋਲੀਸ ਜਿਵੇਂ-ਜਿਵੇਂ ਇਲਾਕਾ ਜਾਂ ਥਾਣਾ ਆਉਂਦਾ ਗਿਆ ਇਸ ਦੇ ਮਗਰ ਵਹੀਰ ਬਣਦੀ ਗਈ।

ਪਹਿਲੋਂ ਖਨੇ ਦੇ ਲਾਗੇ ਇਕ ਡਾਕੂ ਨਾਲ ਮੁੱਠਭੇੜ ਹੋਈ ਉਸ ਨੂੰ ਚਿਤ ਕਰਕੇ ਅਗਾਹਾਂ ਵਧਿਆ ਤ੍ਰੇਹ ਨੇ ਨਕ ਦਮ ਕੀਤਾ ਹੋਇਆ ਸੀ। ਸਾਹਨੇਵਾਲ ਇਕ ਪਊਆ ਬੈਠਾ ਸੀ ਉਸਨੂੰ ਆਪਣਾ ਹਾਲ ਸੁਣਾਇਆ ਓਹ ਪਾਜੀ ਰੋਟੀ ਦੀ ਥਾਂ ਪੋਲੀਸ ਲੈ ਆਇਆ ਜਿਸ ਕਰਕੇ ਉਸ ਨੂੰ ਉਥੇ ਮੰਧਾ ਕਰਨਾ ਪਿਆ ਫੇਰ ਇਕ ਕੂਪ ਨਾਂ ਦੇ ਮੁਸਲਮਾਨਾਂ ਦੇ ਪਿੰਡ 'ਚੋਂ ਲੰਘਿਆ ਉਨ੍ਹੀਂ ਵੰਗਾਰਿਆ ਉੱਥੇ ਵੀ ਇਕ ਭੁੰਨਿਆ ਤੇ ਅਗਾਂ ਵਧਿਆ।

**ਭੈਣੀ ਸਾਹਿਬ ਪੁੱਜੇ** : ਸਰਦਾਰ ਰਤਨ ਸਿੰਘ ਭੁੱਖੇ-ਤਿਹਾਏ ਭੈਣੀ ਸਾਹਿਬ ਪੁੱਜ ਗਏ। ਮਹਾਰਾਜ ਪਰਤਾਪ ਸਿੰਘ ਜੀ ਦੀ ਮਾਤਾ ਜੀ ਜਿਉਂਦੇ ਸਨ ਉਨ੍ਹਾਂ ਨੇ ਰਤਨ ਸਿੰਘ ਨੂੰ ਮਾਂ-ਪਿਆਰ 'ਚ ਆ ਕੇ ਕੋਲ ਬਿਠਾ ਕੇ ਦੁੱਧ ਪਿਆਇਆ, ਪਰਸ਼ਾਦ ਛਕਾਇਆ, ਨਵੇਂ ਕੱਪੜੇ ਪੁਆ ਦਿੱਤੇ ਤੇ ਥੋੜੀ ਬਹੁਤ ਮਾਇਆ ਵੀ ਦਿੱਤੀ। ਉਨ੍ਹਾਂ ਬਹੁਤ ਜ਼ੋਰ ਲਾਇਆ ਕਿ ਰਤਨ ਸਿੰਘ ਕੁਝ ਦਿਨ ਰਹਿ ਕੇ ਆਪਣੀ ਸਿਹਤ ਠੀਕ ਕਰ ਲਵੇ ਪਰ ਰਤਨ ਸਿੰਘ ਨੇ ਕਿਹਾ ਕਿ ਪੁਲੀਸ ਪਿੱਛਾ ਕਰ ਰਹੀ ਹੈ ਅਤੇ ਸਾਰੇ ਪੁਲਾਂ ਆਦਿ ਦੀ ਨਾਕੇਬੰਦੀ ਕੀਤੀ ਹੋਈ ਛੇਤੀ ਇਜ਼ਾਜਤ ਲੈ ਕੇ ਚੱਲਣ ਦੀ ਕੀਤੀ।

ਆਪ ਨੇ ਇਕ ਥਾਂ ਨਹਿਰ ਦੇ ਪੁਲ ਪੁਰ ਪੋਲੀਸ ਦੀ ਅੱਖੀਂ ਘੱਟਾ ਪਾਉਣ ਲਈ ਰਾਈਫਲ ਢਿੰਗਰਾਂ 'ਚ ਬੰਨ੍ਹ ਲਈ ਤੇ ਢਿੰਗਰਾਂ ਦੀ ਤੈਹੀ ਸਿਰ ਪੁਰ ਰੱਖ ਲਈ ਇਕ ਪੈਰ ਦੀ ਜੁੱਤੀ ਵੀ ਖੋਲ ਕੇ ਹੱਥ ਲੈ ਲਈ। ਪੋਲੀਸ ਨੂੰ ਸਲਾਮ ਕਹਿ ਕੇ ਲੰਘ ਗਿਆ। ਪੋਲੀਸ ਨੇ ਕੋਈ ਹਰੀਜਨ ਬਾਲਣ ਲਈ ਜਾਂਦਾ ਖਿਆਲ ਕੀਤਾ। ਇੰਜ ਉਹ ਆਪਣੀ ਜਨਮ ਭੂਮੀ ਦੁਆਬੇ ਅੰਦਰ ਆ ਪੁੱਜਾ।

ਦੁਆਬੇ ਅੰਦਰ ਪੁੱਜਕੇ ਉਸ ਮੈਨੂੰ ਤੇ ਅਰਜਨ ਸਿੰਘ ਜੀ 'ਸਚ' ਨੂੰ ਇਕ ਦਿਨ ਸ਼ਾਮ ਨੂੰ ਗੜ੍ਹਸ਼ੰਕਰ ਦੇ ਨੇੜੇ ਪਿੰਡ ਗੋਗੋਂ ਮਤਾਬਪੁਰ ਮਿਲਨ ਲਈ ਸੱਦਿਆ ਨਾਲ

ਹੀ ਸੁਨੇਹਾ ਦੇ ਘੱਲਿਆ ਕਿ ਮੇਰੇ ਲਈ ਖਾਕੀ ਵਰਦੀ (ਫੌਜੀਆਂ ਦੀ ਵਰਦੀ) ਸਿਲਾ ਕੇ ਲਈ ਜਾਵਾਂ। ਇਵੇਂ ਹੋਇਆ ਅਸੀਂ ਦੋਵੇਂ ਉਸ ਨੂੰ ਦਸੇ ਥਾਂ ਸਿਰ ਮਿਲੇ।

ਸਰਦਾਰ ਰਤਨ ਸਿੰਘ ਜੀ ਨੂੰ 303 ਦੇ ਕਾਰਤੂਸ ਲੋੜੀਂਦੇ ਸਨ, ਉਨ੍ਹਾਂ ਨੇ ਇਕ ਰੀਵਾਲਵਰ ਤੇ ਕਾਰਤੂਸਾਂ ਦੀ ਮੰਗ ਕੀਤੀ ਇਕ ਦੂਰਬੀਨ ਮੰਗੀ ਖੈਰ ਉਨ੍ਹਾਂ ਦੇ ਫੌਜੀ ਮਿੱਤਰਾਂ ਨੇ ਉਨ੍ਹਾਂ ਨੂੰ 303 ਦੇ 72 ਕਾਰਤੂਸ ਪੁਚਾ ਦਿੱਤੇ। ਰੀਵਾਲਵਰ ਤੇ 50 ਦੇ ਲਗਭਗ ਕਾਰਤੂਸ ਸ੍ਰ. ਦਸੌਂਧਾ ਸਿੰਘ ਜੀ ਅਮਰੀਕਨ ਢਾਡਾ ਕਲਾਂ ਵਾਲਿਆਂ ਨੇ ਆਪਣੀ ਪਾਰਟੀ ਵੱਲੋਂ ਦਿੱਤੇ ਨਾਲ ਹੀ ਥੋੜੀ ਮਾਇਆ ਵੀ। ਦੂਰਬੀਨ ਸ੍ਰ: ਅਰਜਨ ਸਿੰਘ ਜੀ ਸਚ ਦੇ ਭਤੀਜੇ ਸ੍ਰ: ਦਿਲਬਾਗ ਸਿੰਘ ਜੀ ਕੈਨੇਡੀਅਨ ਨੇ ਦਿੱਤੀ। ਬੰਬ ਸ਼ੰਬ ਉਹ ਆਪ ਬਥੇਰੇ ਤਿਆਰ ਕਰ ਸਕਦਾ ਸੀ। ਸਾਡੀ ਸਲਾਹ ਸੀ ਕਿ ਉਨ੍ਹਾਂ ਨੂੰ ਹਿੰਦੋਸਤਾਨ ਤੋਂ ਬਾਹਰ ਕਾਬਲ ਦੇ ਰਾਹੀਂ ਭੇਜ ਦੇਈਏ ਪਰ ਉਹ ਰਾਈਫਲ ਤੋਂ ਇਕ ਮਿੰਟ ਵੀ ਅਲੱਗ ਹੋਣ ਲਈ ਤਿਆਰ ਨਾ ਸੀ। ਇਸ ਲਈ ਬਾਹਰ ਜਾਣ ਦਾ ਪ੍ਰੋਗਰਾਮ ਨਾ ਬਣ ਸਕਿਆ।

ਸਾਡੇ ਪੁੱਛਣ ਪੁਰ ਉਸ ਦੱਸਿਆ ਕਿ ਮੈਂ ਥਾਣਿਆਂ ਦੇ ਨੇੜੇ ਹੀ ਰਹਿੰਦਾ ਹਾਂ ਕਿਉਂਕਿ ਪੋਲੀਸ ਨੇੜੇ ਰਹਿਣ ਦਾ ਯਕੀਨ ਨਹੀਂ ਕਰਦੀ ਜਿਸ ਦਿਨ ਅਸੀਂ ਮਿਲਣਾ ਸੀ ਉਸ ਦਿਨ ਥੋੜੀ ਵਿਥ ਪੁਰ ਇਕ ਥਾਣੇਦਾਰ ਮੀਰ ਸਾਹਿਬ ਲੰਘਿਆ ਉਹ ਟਾਹਰਾ ਮਾਰਦਾ ਜਾਂਦਾ ਕਿ "ਮੈਨੂੰ ਉਸ ਪਿੰਡ ਲੈ ਚਲੋ ਜਿਥੇ ਰਤਨ ਸਿੰਘ ਹੈ" ਰਤਨ ਸਿੰਘ ਆਵਾਜ਼ ਪੁਰ ਮਾਰ ਕਰ ਸਕਦਾ ਸੀ। ਪਰ ਉਸ ਦਿਨ ਇਸ ਕਰਕੇ ਬਾਜ਼ ਰਿਹਾ ਕਿ ਸਾਨੂੰ ਸੱਦਿਆ ਹੋਇਆ ਸੀ। ਥਾਣੇਦਾਰ ਦੇ ਕਤਲ ਦੀ ਸੂਬ੍ਹਾ ਖਾਹਮੁਖਾਹ ਸਾਡੇ ਪੁਰ ਹੋ ਸਕਦੀ ਸੀ। ਉਸ ਨੇ ਗੱਲਾਂਬਾਤਾਂ 'ਚ ਦੱਸਿਆ ਕਿ ਮੈਨੂੰ ਆਪਣੇ ਆਪ ਨੂੰ ਬਹੁਤ ਔਖ ਹੋਈ ਹੈ। ਮਨ ਹਾਲਾਂ ਤੀਕ ਤਪ ਰਿਹਾ ਹੈ।

**ਪੋਲੀਸ ਦੀਆਂ ਬੰਦੂਕਾਂ** : ਸਾਰੇ ਦੁਆਬੇ ਅੰਦਰ ਪੋਲੀਸ ਉਸ ਦੀ ਦੇਖਭਾਲ ਕਰ ਰਹੀ ਸੀ। ਗੜ੍ਹਸ਼ੰਕਰ ਸਟੇਸ਼ਨ ਦੇ ਲਾਗੇ ਪੰਜ ਕੁ ਪੁਲਸੀਏ ਚਾਰ-ਚਾਰ ਬੰਦੂਕਾਂ ਦੀਆਂਮੁਹਾਰੀਆਂ ਜਿਹੀਆਂ ਲਾ ਕੇ ਲਾਗੇ ਲੰਮੇ ਪਏ ਹੋਏ ਸਨ। ਰਤਨ ਸਿੰਘ ਹਥਿਆਰ ਦੇਖ ਕੇ ਤਾਂ ਪਾਗਲ ਹੋ ਉੱਠਦਾ ਸੀ। ਉਨ੍ਹੀਂ ਦਿਨੀਂ ਉਹ ਬੀਮਾਰ ਸੀ ਤੇ ਮਰੋੜਾਂ ਦੀ ਸ਼ਿਕਾਇਤ ਪਰ ਹਥਿਆਰ ਦੇਖ ਕੇ ਰਹਿ ਨਾ ਸਕਿਆ ਅਤੇ ਉਸ ਪਾਸੇ ਨੂੰ ਤੁਰ ਪਿਆ। ਸਟੇਸ਼ਨ ਮਾਸਟਰ ਨੇ ਮੇਰੇ ਪਿੰਡ ਦੇ ਇਕ ਬਸੰਤ ਸਿੰਘ ਜੀ (ਜੋ ਰੇਲਵੇ ਦਾ ਇੰਜਨ ਡਰਾਈਵਰ ਸੀ ਤੇ ਸਬੱਬ ਨਾਲ ਉਥੇ ਸੀ) ਨੂੰ ਪੁੱਛਿਆ ਕਿ ਇਹ ਕੌਣ ਹੈ? ਉਸ ਕਿਹਾ ਮੈਂ ਜਾਣਦਾ ਨਹੀਂ ਪਰ ਕੋਈ ਫੌਜੀ ਮਾਲੂਮ ਹੁੰਦਾ ਹੈ। ਸਟੇਸ਼ਨ ਮਾਸਟਰ ਨੇ ਕਿਹਾ ਕਿ ਇਹ ਰਤਨ ਸਿੰਘ ਹੈ।

ਬਸੰਤ ਸਿੰਘ ਬਹੁਤ ਘਬਰਾਇਆ ਕਿ ਇਹ ਤਾਂ ਆਪਣੇ ਆਪ ਪੋਲੀਸ ਦੇ ਸ਼ਿਕੰਜੇ 'ਚ ਫਸ ਰਿਹਾ ਹੈ। ਉਹ ਬੜੇ ਚੌਕੰਨੇ ਹੋ ਕੇ ਦੇਖਣ ਲੱਗੇ। ਪੁਲਸੀਏ ਨੇ ਪੁਛਿਆ ਕਿ ਕੌਣ ਹੈ? ਅੱਗੋਂ ਰਤਨ ਸਿੰਘ ਨੇ ਕਿਹਾ ਕਿ ਮੈਂ ਰਤਨ ਸਿੰਘ ਹਾਂ। ਪੁਲੀਸ

ਵਾਲਿਆਂ ਨੂੰ ਹੌਸਲਾ ਨਾ ਪਿਆ ਕੀ ਕਰਨ। ਰਤਨ ਸਿੰਘ ਨੇ ਕਿਹਾ ਕਿ ਇਕੱਲੇ-ਇਕੱਲੇ ਉਠੋ ਨਹੀਂ ਤਾਂ ਮਾਰੇ ਜਾਓਗੇ। ਉਸ ਦੀ ਬਹੁਤ ਧਾਂਕ ਸੀ। ਪੋਲੀਸ ਡਰਦੀ ਸੀ। ਇਵੇਂ ਹੋਇਆ ਇਕੱਲਾ-ਇਕੱਲਾ ਸਿਪਾਹੀ ਉੱਠ ਕੇ ਪੰਜਾਹ-ਪੰਜਾਹ ਗਜ ਪੁਰ ਚਲਾ ਗਿਆ। ਰਤਨ ਸਿੰਘ ਨੇ ਇਕ ਮੁਹਾਰੀ ਚਾਰ ਬੰਦੂਕਾਂ ਚੁੱਕ ਲਈਆਂ ਪਰ ਬੜੀ ਦੂਰ ਜਾ ਕੇ ਸੁੱਟ ਦਿੱਤੀਆਂ ਇਹ ਗੱਲ ਰਤਨ ਸਿੰਘ ਬੜੀ ਲੋਰ 'ਚ ਆ ਕੇ ਸੁਣਾਉਂਦਾ ਸੀ ਪਰ ਇਤਬਾਰ ਨਹੀਂ ਸੀ ਆਉਂਦਾ ਉਸ ਦੇ ਸ਼ਹੀਦ ਹੋਣ ਪਿਛੋਂ ਸ੍. ਬਸੰਤ ਸਿੰਘ ਨੇ ਮੈਨੂੰ ਇਹ ਗੱਲ ਦੱਸੀ ਤਾਂ ਯਕੀਨ ਹੋਇਆ ਕਿ ਉਹ ਠੀਕ ਕਹਿੰਦਾ ਸੀ।

**ਮੇਰੇ ਪਿੰਡ :** ਇਕ ਦਿਨ ਸ਼ਾਮ ਨੂੰ ਸੁਨੇਹਾ ਮਿਲਿਆ ਕਿ ਰਤਨ ਸਿੰਘ ਪਿੰਡ ਆ ਰਿਹਾ ਹੈ ਮੇਰਾ ਮਕਾਨ ਬਣ ਰਿਹਾ ਸੀ। ਮੈਂ ਇਕ ਨੰਬਰਦਾਰ ਦੇ ਮਕਾਨ ਵਿਚ ਹਹਿੰਦਾ ਸਾਂ। ਇਸ ਲਈ ਉਸ ਦੀ ਰਿਹਾਇਸ਼ ਦਾ ਇੰਤਜ਼ਾਮ ਬਾਹਰ ਖੂਹਾਂ ਪੁਰ ਕੀਤਾ। ਪਰ ਜਿਨ੍ਹਾਂ ਮਕਾਨਾਂ 'ਚ ਉਸ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਓਹ ਰਸਤੇ ਪੁਰ ਸਨ। ਮੈਂ ਉਸ ਨੂੰ ਕਿਹਾ ਕਿ ਰਾਹ ਵਗਦਾ ਹੈ। ਗੱਲਾਂ ਘੱਟ ਤੇ ਹੌਲੀ ਕਰਨੀਆਂ। ਅਗੋਂ ਉਸ ਕਿਹਾ ਕਿ ਮੈਂ ਤਾਂ ਇਵੇਂ ਕਰਨੀਆਂ ਨੇ ਮਰਜ਼ੀ ਹੈ ਮੈਨੂੰ ਰੱਖੋ ਮਰਜ਼ੀ ਨਾ ਰੱਖੋ ਪਰ ਕੋਈ ਮਾਂ ਦਾ ਲਾਲ ਮੈਨੂੰ ਬਾਹੋਂ ਫੜ ਕੇ ਇਹ ਨਹੀਂ ਕਹਿ ਸਕੇਗਾ ਕਿ ਮੈਂ ਰਤਨ ਸਿੰਘ ਨੂੰ ਫੜ ਲਿਆ ਹੈ।

ਮੇਰੇ ਪਿੰਡ ਦੇ ਇਕ ਸੱਜਣ ਸਰਦਾਰ ਹਾਕਮ ਸਿੰਘ ਜੀ ਫ਼ਿਜੀ ਤੋਂ ਆਏ ਹੋਏ ਸਨ। ਉਨ੍ਹਾਂ ਮੈਨੂੰ ਕਿਹਾ ਕਿ ਰਤਨ ਸਿੰਘ ਜੀ ਦੇ ਦਰਸ਼ਨ ਕਰਾਓ। ਮੈਂ ਕਿਹਾ ਕਿ ਉਹ ਮਫਰੂਰ ਹੈ। ਉਸ ਨੂੰ ਮਾਇਆ ਦੀ ਲੋੜ ਹੈ। ਉਸ ਨੇ ਮਾਇਆ ਦੇਣੀ ਮਨ ਲਈ। ਮੈਂ ਉਸ ਨੂੰ ਰਾਤ ਦੇ ਨੌਂ ਵਜੇ ਮਿਲਣ ਲਈ ਥਾਂ ਦਸ ਦਿੱਤਾ।

ਉਹ ਠੀਕ ਨੌਂ ਵਜੇ ਮਿਲਣ ਲਈ ਗਏ ਰਤਨ ਸਿੰਘ ਜੱਫੀ ਪਾ ਕੇ ਮਿਲਿਆ ਸ੍: ਹਾਕਮ ਸਿੰਘ ਜੀ ਨੇ ਕਿਹਾ ਕਿ ਤੁਸਾਂ ਨੂੰ ਇੰਜ ਜੱਫੀ ਨਹੀਂ ਪਾਉਣੀ ਚਾਹੀਦੀ। ਭਲਾ ਜੇਕਰ ਮੇਰਾ ਦਿਲ ਬੇਈਮਾਨ ਹੋ ਜਾਏ? ਰਤਨ ਸਿੰਘ ਨੇ ਉਸ ਵੇਲੇ ਭਰਿਆ ਹੋਇਆ ਪਸਤੌਲ ਗਿੱਚੀ ਪੁਰ ਟਿਕਾ ਦਿੱਤਾ ਕਿ ਬੇਈਮਾਨ ਹੋਣ ਦੀ ਸੂਰਤ ਵਿਚ ਇੰਜ ਹੋ ਜਾਏਗਾ ਸਰਦਾਰ ਹਾਕਮ ਸਿੰਘ ਜੀ ਕੰਬਣ ਲੱਗ ਪਿਆ ਪੰਜਾਹ ਰੁਪਏ ਭੇਟ ਕਰਕੇ ਉਸੇ ਵੇਲੇ ਘਰ ਨੂੰ ਮੁੜ ਆਇਆ ਕੋਈ ਅੱਧੇ ਘੰਟੇ ਪਿਛੋਂ ਰਤਨ ਸਿੰਘ ਉਥੋਂ ਚਾਹਲ ਪੁਰ ਨੂੰ ਜਥੇਦਾਰ ਰਤਨ ਸਿੰਘ ਪਾਸ ਚਲਾ ਗਿਆ।

**ਪੋਲੀਸ ਦੇ ਘੇਰੇ 'ਚ :** ਸਾਉਣ ਦੀ ਸੰਗਰਾਂਦ ਨੂੰ ਉਹ ਸ੍: ਗੋਂਦਾ ਸਿੰਘ ਦੇ ਘਰ ਪਿੰਡ ਰੁੜਕੀ ਖਾਸ ਠਹਿਰੇ ਹੋਏ ਸਨ, ਤੜਕੇ ਪਾਠ ਸੁਣਨ ਗੁਰਦੁਆਰੇ ਗਏ ਅੱਗੋਂ ਊਧਮ ਸਿੰਘ ਸੀ.ਆਈ.ਡੀ. ਦਾ ਸਿਪਾਹੀ ਮਿਲਿਆ ਰਤਨ ਸਿੰਘ ਨੇ ਉਸ ਨੂੰ ਬਾਹੋਂ ਫੜ ਕੇ ਕਿਹਾ ਕਿ ਦਿਆਂ ਮੁਰੱਬਾ ਜ਼ਮੀਨ? ਉਸ ਗੁਰੂ ਨਾਨਕ ਦਾ ਵਾਸਤਾ ਪਾਇਆ ਤੇ ਖਹਿੜਾ ਛੁਡਾਇਆ ਪਰ ਕਿਸੇ ਨਾ ਕਿਸੇ ਤਰ੍ਹਾਂ ਪੋਲੀਸ ਨੂੰ ਖ਼ਬਰ ਕਰ ਦਿੱਤੀ। ਦਸ ਗਿਆਰਾਂ ਵਜੇ ਪੋਲੀਸ ਆ ਗਈ ਤੇ ਮਕਾਨ ਨੂੰ ਘੇਰਾ ਘਤ ਲਿਆ

ਰਤਨ ਸਿੰਘ ਵੀ ਲੜਾਈ ਲਈ ਤਿਆਰ ਹੋ ਬੈਠਾ।

ਪੋਲੀਸ ਨੇ ਮਕਾਨ ਦੇ ਆਲੇ ਦੁਆਲੇ ਕਪਾਹ-ਛਿਟੀ ਖਿਲਾਰ ਦਿੱਤੀ ਤੇ ਆਪਣੇ ਚਮਚਿਆਂ ਰਾਹੀਂ ਸਪੈਸ਼ਲ ਲਾਰੀ 'ਚ ਮਿੱਟੀ ਦਾ ਤੇਲ ਮੰਗਵਾ ਘੱਲਿਆ।

ਗੌਂਦਾ ਸਿੰਘ ਦਾ ਮਕਾਨ ਅਸਲ ਵਿਚ ਦੋ ਭਰਾਵਾਂ ਦੇ ਦੋ ਮਕਾਨ ਸਨ। ਜੋ ਤਬਾਦਲੇ 'ਚ ਗੌਂਦਾ ਸਿੰਘ ਦੇ ਹਿੱਸੇ ਆਏ ਸਨ। ਦੋ ਕੋਠੜੀਆਂ ਉਨ੍ਹਾਂ ਅੱਗੇ ਦੋ ਦਾਲਾਨਾ ਅੱਗੇ ਵਿਹੜੇ ਤੇ ਓਸ ਤੋਂ ਅੱਗੇ ਬਰਾਂਡਾ ਇਕ ਕੋਠੜੀ 'ਚ ਦੂਜੀ 'ਚ ਜਾਣ ਲਈ ਇਕ ਤਾਕੀ।

ਗੌਂਦਾ ਸਿੰਘ ਕਿਸੇ ਲਾਗਲੇ ਪਿੰਡ 'ਚ ਕੰਮ ਕਰਨ ਗਿਆ ਹੋਇਆ ਸੀ ਆਪਦੀ ਧਰਮ ਪਤਨੀ ਬੀਬੀ ਪ੍ਰੀਤਮ ਕੌਰ ਤੇ ਪੰਜਾਂ ਛੇਆਂ ਵਰ੍ਹਿਆ ਦਾ ਇਕ ਕਾਕਾ ਘਰ ਸੀ। ਇਕ ਅਬਦੁਲ ਕਰੀਮ ਨਾਂ ਦਾ ਸਿਪਾਹੀ ਉਸ ਮਕਾਨ ਦਾ ਤਾਲਾ ਤੋੜ ਰਿਹਾ ਸੀ ਜਿਸ ਅੰਦਰ ਰਤਨ ਸਿੰਘ ਬੈਠਾ ਸੀ। ਰਤਨ ਸਿੰਘ ਨੇ ਤਾਕੀ ਰਾਹੀਂ ਦੂਜੇ ਮਕਾਨ 'ਚ ਹੋ ਕੇ ਉਸਦਾ ਨਿਸ਼ਾਨਾ ਕੀਤਾ ਤੇ ਪੁੱਠਾ ਕਰ ਦਿੱਤਾ ਨਾਲ ਹੀ ਇਕ ਭਗਤ ਸਿੰਘ ਸਿਪਾਹੀ ਵੀ ਫੁੰਡ ਲਿਆ ਉਨ੍ਹਾਂ ਦੋਹਾਂ ਦੀਆਂ ਬੰਦੂਕਾਂ ਖਸ ਕੇ ਆਪਣੇ ਪਾਸ ਰੱਖ ਲਈਆਂ ਪੋਲੀਸ ਬਹੁਤ ਖਤਰਾ ਲੈਣ ਲਈ ਤਿਆਰ ਨਹੀਂ ਸੀ। ਉਨ੍ਹਾਂ ਪਿੰਡ ਦੇ ਨੰਬਰਦਾਰ ਅਤਰੇ ਦੇ ਮੁੰਡੇ ਹਜ਼ਾਰਾ ਸਿੰਘ ਨੂੰ ਮਕਾਨ ਦੀ ਛੱਤ ਨੂੰ ਮਿੱਟੀ ਦਾ ਤੇਲ ਪਾ ਕੇ ਅੱਗ ਲਾਉਣ ਲਈ ਕਿਹਾ ਰਤਨ ਸਿੰਘ ਨੇ ਰੋਕਿਆ ਵੀ। ਪਰ ਉਹ ਨਾ ਰੁਕਿਆ ਅੱਗ ਲਾਉਂਦਾ ਹੋਇਆ ਰਤਨ ਸਿੰਘ ਦੀ ਗੋਲੀ ਦਾ ਸ਼ਿਕਾਰ ਹੋਇਆ ਨਾਲੇ ਹੀ ਊਧਮ ਸਿੰਘ ਸਿਪਾਹੀ ਵੀ ਜੋ ਸਵੇਰੇ ਗੁਰੂ ਨਾਨਕ ਦਾ ਵਾਸਤਾ ਪਾ ਕੇ ਛੁੱਟਿਆ ਸੀ।

ਮਕਾਨ ਨੂੰ ਅੱਗ ਲੱਗ ਗਈ। ਰਤਨ ਸਿੰਘ ਦੇ ਪੈਰਾਂ ਨੂੰ ਸੇਕ ਲੱਗਾ ਕੱਪੜੇ ਵੀ ਸੜ ਗਏ ਤਾਂ ਆਪ ਬਾਹਰ ਨਿਕਲ ਪੁਲੀਸ ਦੂਰ ਬੈਠੀ ਸੀ। ਰਤਨ ਸਿੰਘ ਨੇ ਪਹਿਲਾ ਆਪਣਾ ਪਸਤੌਲ ਤੇ ਫੇਰ ਰਾਈਫਲ ਨੂੰ ਗਲ ਪੁਰ ਰੱਖ ਕੇ ਘੋੜਾ ਦੱਬ ਦਿੱਤਾ ਤੇ ਸ਼ਹੀਦ ਹੋ ਗਿਆ ਪਿਛੋਂ ਪੁਲੀਸ ਨੇ ਵੀ ਲਾਸ਼ ਪੁਰ ਬਾੜ੍ਹ ਕੀਤੀ।

ਮਕਾਨ ਢਹਿ ਢੇਰੀ ਹੋ ਗਿਆ ਤੇ ਜਲ ਕੇ ਸੁਆਹ ਹੋ ਗਿਆ। ਸ੍ਰ: ਗੌਂਦਾ ਸਿੰਘ ਜੀ ਦੀ ਧਰਮ ਪਤਨੀ ਕਾਕੇ ਸਮੇਤ ਫੜੀ ਗਈ। ਸ੍ਰ: ਰਤਨ ਸਿੰਘ ਜੀ ਦਾ ਸਾਮਾਨ ਘਰ ਘਾਟ ਕੁਰਕ ਕਰਕੇ ਨੀਲਾਮ ਕਰ ਦਿੱਤਾ। 7 ਹਜ਼ਾਰ ਦੇ ਕਰੀਬ ਰੁਪਿਆ ਵਸੂਲ ਕੀਤਾ। ਹੁਣ ਤੀਕ ਉਨ੍ਹਾਂ ਦੇ ਪੁੱਤਰ ਸ੍ਰ. ਅਮਰ ਸਿੰਘ ਨੂੰ ਨੰਬਰਦਾਰੀ ਨਹੀਂ ਦਿੱਤੀ ਗਈ। ਨਾ ਹੀ ਸੱਤ ਹਜ਼ਾਰ ਰੁਪਿਆ ਵਾਪਸ ਕੀਤਾ ਹੈ। ਹਾਂ ਪੰਜਾਹ ਰੁਪਏ ਮਹੀਨਾ ਉਨ੍ਹਾਂ ਨੂੰ ਸਰਕਾਰ ਵਲੋਂ ਪੈਨਸ਼ਨ ਦਿੱਤੀ ਗਈ ਹੈ।

ਹਫਤੇਵਾਰ 'ਪੰਜਾਬੀ ਜਨਤਾ' ਜਲੰਧਰ
2 ਸਤੰਬਰ 1956, ਪੰਨਾ-3

# ਮਹਾਂ ਸ਼ਹੀਦ ਭਗਤ ਸਿੰਘ

ਮੈਂ ਜੇਲ੍ਹ 'ਚੋਂ ਨਿਕਲਦਿਆਂ ਹੀ ਅਖ਼ਬਾਰਾਂ 'ਚ ਮਹਾਤਮਾ ਗਾਂਧੀ ਜੀ ਦੇ ਨਾਂ ਮੇਰੀ 'ਪਹਿਲੀ ਖੁੱਲ੍ਹੀ ਚਿੱਠੀ', ਦੂਜੀ ਤੇ 'ਤੀਜੀ ਖੁੱਲ੍ਹੀ ਚਿੱਠੀ' ਪ੍ਰੈਸ ਵਿਚ ਛਪੀਆਂ। ਜਿਨ੍ਹਾਂ 'ਚ ਦੁਆਬੇ ਅੰਦਰ ਬਬਰ ਅਕਾਲੀਆਂ ਦੀ ਆੜ 'ਚ ਸਾਰੇ ਇਲਾਕੇ 'ਚ ਪੁਲਸੀ ਤਸ਼ੱਦਦ ਤੇ ਅਤਿਆਚਾਰਾਂ ਵਲ ਉਨ੍ਹਾਂ ਦਾ ਧਿਆਨ ਦੁਆਇਆ ਤੇ ਉਨ੍ਹਾਂ ਦੀ ਸ਼ਾਂਤਮਈ ਦਾ ਮਤਲਬ ਪੁੱਛਿਆ, ਖਾਸ ਕਰਕੇ ਜੇਕਰ ਕਿਸੇ ਦੀ ਭੈਣ ਜਾਂ ਮਾਂ ਦੀ ਉਸਦੇ ਸਾਹਮਣੇ ਬੇਇੱਜ਼ਤੀ ਹੋਵੇ ਤਾਂ ਉਹ ਕੀ ਰਵੱਈਆ ਇਖ਼ਤਿਆਰ ਕਰੇ? ਮੈਂ "ਦੁਆਬੇ ਅੰਦਰ ਸ਼ਹੀਦੀ ਯਾਦਗਾਰ ਦੀ ਲੋੜ" ਤੇ ਹੋਰ ਲੇਖ ਲਿਖੇ। ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਹੀ ਸ਼ਹੀਦ ਭਗਤ ਸਿੰਘ ਜੀ ਮੇਰੇ ਮਿੱਤਰ ਬਣੇ ਸਨ।

੧੯੨੮ ਚਿ ਜਲੰਧਰ ਵਿਚ ਨੌਜਵਾਨ ਭਾਰਤ ਸਭਾ ਬਣ ਚੁਕੀ ਸੀ, ਮੈਂ ਉਸਦਾ ਜਨਰਲ ਸਕੱਤਰ ਸਾਂ, ਅਪਰੈਲ ਵਿਚ ਨੌਜੁਵਾਨ ਭਾਰਤ ਸਭਾ ਦੀ ਕਾਨਫਰੰਸ ਲਾਲਾ ਕਿਦਾਰ ਨਾਥ ਸਹਿਗਲ ਦੀ ਪ੍ਰਧਾਨਗੀ ਵਿਚ ਅੰਮ੍ਰਿਤਸਰ ਹੋਈ ਤਾਂ ਮੇਰੀ ਸ: ਭਗਤ ਸਿੰਘ ਜੀ ਨਾਲ ਪਹਿਲੀ ਮੁਲਾਕਾਤ ਉਸ ਵੇਲੇ ਹੋਈ। ਜਦੋਂ ਉਸ ਮੇਰੇ ਮਿਲਨੋਂ ਇਨਕਾਰ ਦਾ ਕਾਰਨ ਪੁੱਛਿਆ ਤੇ ਮੇਰੇ ਦਸਨ ਪੁਰ ਉਨ੍ਹਾਂ ਹਸ ਕੇ ਪਰ ਗੰਭੀਰਤਾ ਨਾਲ ਕਿਹਾ "ਕਿ ਤੁਸੀਂ ਮੇਰੀ ਅਜ਼ਮਾਇਸ਼ ਕਰ ਸਕਦੇ ਹੋ। ਮੈਂ ਡਰਦਾ ਨਹੀਂ ਹਾਂ। ਡਰ ਮੇਰੀ ਖਲੜੀ ਚਿ ਹੀ ਨਹੀਂ ਹੈ। ਕਹੋ ਤਾਂ ਉਬਲਦੇ ਤੇਲ ਚਿ ਹਥ ਪਾਉਣ ਨੂੰ ਤਿਆਰ ਹਾਂ ਚਾਹੋ ਤਲਵਾਰ ਨਾਲ ਕੋਈ ਅੰਗ ਕਟ ਕੇ ਦੇਖ ਸਕਦੇ ਹੋ, ਜਿਵੇਂ ਚਾਹੋ ਕਰ ਸਕਦੇ ਹੋ, ਮੇਰੇ ਡਰਨ ਦਾ ਸਵਾਲ ਹੀ ਨਹੀਂ ਹੈ ਮੈਂ ਤਾਂ ਏਹ ਠੀਕਰਾ ਅੰਗਰੇਜ਼ ਦੇ ਮਥੇ ਮਾਰਨਾ ਚਾਹੁੰਦਾ ਹਾਂ, ਪਰ ਸਾਥੀਆਂ ਦੇ ਕਹੇ ਤੇ ਰੁਕਿਆ ਹੋਇਆ ਹਾਂ।" ਉਨ੍ਹਾਂ ਦੀਆਂ ਗਲਾਂ ਦਾ ਮੇਰੇ ਪੁਰ ਜਾਦੂ ਵਾਂਗ ਅਸਰ ਹੋ ਰਿਹਾ ਸੀ, ਆਪ ਹਸੂ ਹਸੂ ਕਰਦੇ ਪਰ ਗੰਭੀਰਤਾ ਨਾਲ ਗਲਾਂ ਕਰੀ ਗਏ ਮੈਂ ਬੁਤ ਬਣੀ ਸੁਣਦਾ ਗਿਆ। ਗਲਾਂ ਗਲਾਂ ਚਿ ਉਨ੍ਹਾਂ ਆਪਣੇ ਇਰਾਦਿਆਂ ਦਾ ਇਜ਼ਹਾਰ ਕੀਤਾ ਕਿ ਪੰਜਾਬ ਚਿ ਨਵੀਂ ਇਨਕਲਾਬੀ ਪਾਰਟੀ ਦੀ ਲੋੜ ਹੈ। ਅਸੀਂ "ਹਿੰਦੁਸਤਾਨ ਸ਼ੋਸ਼ਲਿਸਟ ਰੀਪਬਲਿਕਨ ਆਰਮੀ" ਨਾਮ ਦੀ ਪਾਰਟੀ ਬਣਾਈ ਹੈ। ਤੁਸੀਂ ਵੀ ਸਾਥ ਦੇਓ।"

ਮੈਂ ਉਨ੍ਹਾਂ ਨੂੰ ਦਸਿਆ ਕਿ ਅਜਿਹੀਆਂ ਪਾਰਟੀਆਂ ਸਿਰੇ ਨਹੀਂ ਚੜ੍ਹਦੀਆਂ। ਸਾਥੀ ਵਾਹਿਦਾ ਮੁਆਫ ਬਣ ਜਾਂਦੇ ਹਨ। ਮੈਂ ਉਨ੍ਹਾਂ ਦੇ ਸਾਹਮਣੇ ਪਿੰਡੀ ਪਿਸਤੌਲ

ਕੇਸ (ਜਿਸ ਵਿਚ ਸਾਜ਼ਿਸ਼ ਤਿੰਨਾਂ ਆਦਮੀਆਂ ਦੀ ਸੀ, ਤੇ ਪਕੜ ਲਏ ਸਨ ਪੰਜੀ ਤੀਹ, ਸਾਰੇ ਡਰਦੇ ਮਾਰੇ ਬਿਨਾਂ ਕੁਝ ਪਤੇ ਸ਼ਤੇ ਦੇ ਪੁਲੀਸ ਦੀ ਮਰਜ਼ੀ ਅਨੁਸਾਰ ਬਿਆਨ ਦੇਈ ਜਾਂਦੇ ਸਨ ਅਖੀਰ ਚਿ ਤਿੰਨਾਂ ਸਜਨਾਂ ਨੂੰ ਪੰਜ ਪੰਜ ਸਾਲ ਦੀ ਸਜ਼ਾ ਹੋਈ ਸੀ) ਸਾਹਮਣੇ ਰਖਿਆ, ਬਬਰ ਲੈਹਰ ਦੇ ਸਾਰੇ ਹਾਲਾਤ, ਪੁਲਸੀ ਤਸ਼ਦਦ ਤੇ ਸਾਰੇ ਹਾਲਾਤ ਦਾ ਅਸਰ ਉਨ੍ਹਾਂ ਦੇ ਸਾਹਮਣੇ ਰਖਿਆ ਪਰ ਸਰਦਾਰ ਭਗਤ ਸਿੰਘ ਜੀ ਨੇ ਆਪਣੇ ਸਾਥੀਆਂ ਦਾ ਪਰਸਪਰ ਪਰੇਮ ਤੇ ਪਿਆਰ ਦਸ ਕੇ ਪਾਰਟੀ ਦੀ ਬਹੁਤ ਮਜ਼ਬੂਤੀ ਦਸੀ। ਮੇਰੇ ਸਵਾਲ ਪਰ ਕਿ ਸ੍ਰੀ ਬੀ.ਸੀ. ਵੌਹਰਾ ਪੁਰ ਸ਼ਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਉਤਰ ਵਿਚ ਆਪ ਨੇ ਕਿਹਾ ਕਿ ਉਨ੍ਹਾਂ ਦਾ ਐਸ ਵੇਲੇ ਅੰਡਰ ਗਰਾਊਂਡ ਪਾਰਟੀ ਨਾਲ ਕੋਈ ਤੁਅਲਕ ਨਹੀਂ ਹੈ। ਕੇਵਲ ਨੌਜੁਆਨ ਭਾਰਤ ਸਭਾ ਦੇ ਮੈਂਬਰ ਹਨ। ਦੂਜੇ ਸ: ਮੰਗਲ ਸਿੰਘ ਜੀ ਅਕਾਲੀ ਨੂੰ ਕਿਸੇ ਗਲੋਂ ਸ਼ਕ ਪੈ ਗਈ ਹੈ। ਪਰ ਏਹ ਸ਼ਕ ਨਿਰਮੂਲ ਹੈ। ਸਾਥੀ ਪੁਰ ਇਤਬਾਰ ਕੀਤਾ ਜਾ ਸਕਦਾ ਹੈ। ਮੈਂ ਸੋਚਾਂਗਾ ਕਹਿ ਕੇ ਗਲ ਮੁਕਾ ਦਿੱਤੀ, ਉਨ੍ਹਾਂ ਨੇ ਮੈਨੂੰ ਵਿਆਹ ਕਰਾਉਣ ਤੋਂ ਹੋੜਿਆ ਮੈਂ ਆਪ ਵੀ ਵਿਆਹ ਦੇ ਹੱਕ ਚਿ ਨਹੀਂ ਸਾਂ। ਮੇਰੀ ਉਨ੍ਹਾਂ ਨਾਲ ਰਾਏ ਮਿਲ ਗਈ ਤੇ ਮੈਂ ਵੀ ਸ਼ਾਦੀ ਦੇ ਵਿਰੁਧ ਹੋ ਗਿਆ। ਉਪਰੰਤ ਜਦ ਵੀ ਉਹ ਜਲੰਧਰ ਆਏ ਮੈਨੂੰ ਜ਼ਰੂਰ ਮਿਲਦੇ ਰਹੇ। ਇਕ ਬਾਰ ਉਹ ਨੌਜਵਾਨ-ਭਾਰਤ ਸਭਾ ਦੇ ਸਿਲਸਿਲੇ ਚਿ ਆਏ ਉਨ੍ਹਾਂ ਨਾਲ ਸਾਥੀ ਅਬਦੁਲ ਮਜੀਦ, ਮੁਨਸ਼ੀ ਅਹਿਮਦ ਦੀਨ, ਜੋਸ਼, ਕਾਮਰੇਡ ਰਾਮ ਚੰਦਰ ਵੀ ਸਨ। ਉਨ੍ਹਾਂ ਮੈਜਿਕ ਲੈਨਟਰਨ ਨਾਲ ਦੇਸ਼ ਭਗਤਾਂ ਦੀਆਂ ਤਸਵੀਰਾਂ ਦਿਖਾਈਆਂ ਤੇ ਥੋੜਾ-ਥੋੜਾ ਹਾਲ ਦੱਸਿਆ ਬਾਕੀ ਸਾਥੀਆਂ ਨੇ ਲੈਕਚਰ ਕੀਤੇ।

ਮੈਜਿਕ ਨੂੰ ਅਗ ਲਗ ਗਈ ਤੇ ਸ: ਭਗਤ ਸਿੰਘ ਜੀ ਦਾ ਮਥਾ ਲੂਸਿਆ ਗਿਆ ਪਰ ਆਪ ਨੇ ਫੌਰਨ ਪਗੜੀ ਦਾ ਲੜ ਵਲੇਟ ਲਿਆ ਤੇ ਕੰਮ ਨਾ ਛਡਿਆ ਬਹੁਤ ਕਿਹਾ ਪਰ ਉਨ੍ਹਾਂ ਹਸ ਕੇ ਟਾਲ ਦਿਤਾ। ਫੇਰ ਸਾਰੀ ਰਾਤ ਮਥੇ ਚਿ ਪੀੜ ਹੁੰਦੀ ਰਹੀ।

੧੯੨੮ ਵਿਚ ਅਕਤੂਬਰ ਮਹੀਨੇ ਮੈਂ ਮੁੜ ਫੜਿਆ ਗਿਆ ਪਿਛੋਂ ਸਾਂਡਰਸ ਮਾਰਿਆ ਗਿਆ।

ਅਸਲ ਵਿਚ ਮਿਸਟਰ ਸਕਾਟ ਨੂੰ ਮਾਰਨਾ ਸੀ ਉਸ ਦਿਨ ਉਹ ਕਸੂਰ ਚਲਾ ਗਿਆ ਤੇ ਜੈ ਗੋਪਾਲ ਨੂੰ ਦੂਰੋਂ ਸਕਾਟ ਤੇ ਸਾਂਡਰਸ ਵਿਚ ਫਰਕ ਨਾ ਦਿਸਿਆ ਉਸ ਨੇ ਕਹਿ ਦਿੱਤਾ ਕਿ ਏਹੀ ਸਕਾਟ ਹੈ। ਰਾਜ ਗੁਰੂ ਤੇ ਸ: ਭਗਤ ਸਿੰਘ ਨੇ ਉਸਨੂੰ ਮਾਰ ਦਿਤਾ। ਇਕ ਚੰਨਣ ਸਿੰਘ ਨਾਮੀ ਸਿਪਾਹੀ ਇਨ੍ਹਾਂ ਦੇ ਮਗਰ ਭੱਜਾ ਉਸਨੂੰ ਸਮਝਾਇਆ ਕਿ ਅਸੀਂ ਉਸ ਨੂੰ ਮਾਰਨਾ ਸੀ ਤੂੰ ਮੁੜ ਜਾ ਪਰ ਉਸ ਇਕ ਨਾ ਮੰਨੀ ਤੇ ਸਰਦਾਰ ਭਗਤ ਸਿੰਘ ਦੀ ਗੋਲੀ ਨਾਲ ਠੰਢਾ ਹੋ ਗਿਆ।

ਕਾਫੀ ਨੌਜੁਆਨ ਫੜੇ ਗਏ। ਅਖ਼ਬਾਰਾਂ ਨੇ ਰੌਲਾ ਪਾਇਆ ਕਿ ਏਹ ਮਲੰਗੀ

ਡਾਕੂ ਦੇ ਸਾਥੀਆਂ ਨੇ ਮਾਰ ਦਿੱਤਾ ਹੈ। "ਓਧਰ ਮੇਰਠ ਦਾ ਸਾਜਿਸ਼ ਕੇਸ ਚਲ ਪਿਆ ਜਿਸ ਵਿਚ ਸਾਡੇ ਪੰਜਾਬ ਦੇ ਤਿੰਨ ਬੰਦੇ ਸਨ, ਸਹਿਗਲ, ਜੋਸ਼ ਤੇ ਅਬਦੁਲ ਮਜੀਦ।

ਪੁਲੀਸ ਹੰਸਰਾਜ ਤੇ ਜੈ ਗੋਪਾਲ ਨੂੰ ਸਰਕਾਰੀ ਗੁਵਾਹ ਬਨਾਉਣ ਵਿਚ ਕਾਮਯਾਬ ਹੋ ਸਕੀ।

ਪਰ ਸੁਖਦੇਵ ਜੋ ਪਾਰਟੀ ਦਾ ਲੀਡਰ ਸੀ ਤੇ ਪਾਰਟੀ ਦਾ ਦਿਮਾਗ ਸਮਝਿਆ ਜਾਂਦਾ ਸੀ, ਉਂਞ ਨਿਗਰਾਨੀ ਤਾਂ ਸਾਰਿਆਂ ਦੀ ਹੋ ਰਹੀ ਸੀ। ਸੁਖਦੇਵ ਉਨ੍ਹੀਂ ਦਿਨੀਂ ਦਿਲੀ ਤੋਂ ਆਇਆ ਸੀ, ਪੁਲੀਸ ਨੇ ਪਿੱਛਾ ਕੀਤਾ ਤੇ ਮਕਾਨ ਦੇ ਪਿਛਲੇ ਪਾਸੇ ਗੰਧਕ ਡੁਲ੍ਹੀ ਦੇਖ ਕੇ ਛਾਪਾ ਮਾਰਿਆ। ਸੁਖਦੇਵ ਹੁਰੀਂ ਫੜੇ ਗਏ।

ਸੁਖਦੇਵ ਦੇ ਮੂੰਹੋਂ ਸ਼ੇਖੀ ਚਿ ਆ ਕੇ ਕੁਝ ਅਜਿਹੇ ਸ਼ਬਦ ਨਿਕਲੇ ਜਿਸ ਤੋਂ ਏਹ ਜ਼ਾਹਿਰ ਹੁੰਦਾ ਸੀ, ਕਿ ਸਾਂਡਰਸ ਦਾ ਕਤਲ ਇਨ੍ਹਾਂ ਦੀ ਪਾਰਟੀ ਨੇ ਹੀ ਕੀਤਾ ਹੈ। ਉਹ ਬੰਦੇ ਮਾਤਰਮ ਵਿਚ ਬਿਆਨ ਦੀ ਸ਼ਕਲ ਵਿਚ ਛਪ ਗਿਆ। ਅਗਲੇ ਦਿਨ ਜੈ ਗੋਪਾਲ ਤੇ ਹੰਸਰਾਜ ਵੋਹਰਾ ਦੋਨੋ ਸਰਕਾਰੀ ਗਵਾਹ ਬਣ ਗਏ।

ਓਧਰ ਸਰਦਾਰ ਭਗਤ ਸਿੰਘ ਜੀ ਤੇ ਮਿਸਟਰ ਦਤ ਅਸੈਂਬਲੀ ਵਿਚ ਬੰਬ ਸੁਟਣ ਪੁਰ ਵੀਹ-ਵੀਹ ਸਾਲ ਦੀ ਕੈਦ ਹੋ ਚੁਕੇ ਸਨ, ਤੇ ਦਤ ਲਾਹੌਰ ਸੈਂਟਰਲ ਜੇਲ ਵਿਚ ਤੇ ਸ: ਭਗਤ ਸਿੰਘ ਜੀ ਮੀਆਂ ਵਾਲੀ ਜੇਲ ਵਿਚ ਤਬਦੀਲ ਹੋ ਚੁਕੇ ਸਨ।

ਸ: ਗੋਪਾਲ ਜੀ ਕੌਮੀ ਤੇ ਮੈਂ ਉਨ੍ਹੀਂ ਦਿਨੀਂ ਮੀਆਂ ਵਾਲੀ ਸਾਂ ਬਾਬਾ ਰੂੜ ਸਿੰਘ ਜੀ, ਬਾਬਾ ਸ਼ੇਰ ਸਿੰਘ ਜੀ ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਵੀ ਉਸੇ ਜੇਲ ਵਿਚ ਸਨ। ਬਾਬਾ ਰੂੜ ਸਿੰਘ ਨੇ ਹੜਤਾਲ ਕੀਤੀ ਹੋਈ ਸੀ ਤੇ ਹਾਲਤ ਖਰਾਬ ਸੀ, ਸਰਦਾਰ ਭਗਤ ਸਿੰਘ ਜੀ ਨੇ ਤੇ ਦਤ ਨੇ ਦਿਲੀ ਤੋਂ ਹੀ ਭੁਖ ਹੜਤਾਲ ਕੀਤੀ ਹੋਈ ਸੀ। ਇਸ ਲਈ ਮੈਂ ਤੇ ਕੌਮੀ ਜੀ ਬਾਬਾ ਰੂੜ ਸਿੰਘ ਤੇ ਸ: ਭਗਤ ਸਿੰਘ ਜੀ ਨੂੰ ਮਿਲਣ ਲਈ ਚਲੇ ਗਏ।

ਸ: ਭਗਤ ਸਿੰਘ ਜੀ ਦੇ ਦੋ ਬੇੜੀਆਂ ਲਗੀਆਂ ਹੋਈਆਂ ਸਨ ਤੇ ਆਪ ਘੂਕ ਸੁੱਤੇ ਪਏ ਸਨ। ਅਸੀਂ ਜਾਂਦਿਆਂ ਹੀ ਜਗਾਇਆ ਉਹ ਉਠ ਕੇ ਬਹਿ ਗਏ। ਅਸੀਂ ਭੁੱਖ ਹੜਤਾਲ ਤੁੜਵਾਨੀ ਚਾਹੁੰਦੇ ਸਾਂ, ਏਸ ਲਈ ਆਪਣੇ ਤਜਰਬੇ ਦੀ ਬਿਨਾ ਪੁਰ ਤੇ ਉਨ੍ਹਾਂ ਪੁਰ ਚਲਨ ਵਾਲੇ ਮੁਕਦਮੇ ਤੇ ਹੋਰ ਹਾਲਾਤਾਂ 'ਤੇ ਬਹਿਸ ਹੁੰਦੀ ਰਹੀ, ਉਨ੍ਹਾਂ ਕਿਹਾ ਕਿ ਮੈਂ ਮੰਨਦਾ ਹਾਂ ਕਿ ਭੁੱਖ ਹੜਤਾਲ ਛੱਡ ਦੇਣੀ ਚਾਹੀਦੀ ਹੈ। ਪਰ ਦਤ ਲਾਹੌਰ ਹੈ। ਉਹਨੂੰ ਟਪਲਾ ਲਗ ਸਕਦਾ ਹੈ ਕਿ ਭਗਤ ਸਿੰਘ ਆਪਣੇ ਪੰਜਾਬੀ ਦੋਸਤਾਂ ਦੇ ਆਖੇ ਲੱਗ ਗਿਆ ਹੈ ਤੇ ਮੇਰੀ ਪ੍ਵਾਹ ਨਹੀਂ ਕੀਤੀ। ਇਸ ਲਈ ਜਦੋਂ ਤੀਕ ਅਸੀਂ ਦੋਨੋਂ ਇਕੱਠੇ ਨਹੀਂ ਹੋ ਜਾਂਦੇ ਭੁਖ ਹੜਤਾਲ ਜਾਰੀ ਰਖਣੀ ਪਵੇਗੀ। ਸਾਥੀਆਂ ਦਾ ਪਿਆਰ ਤੇ ਇਤਬਾਰ ਤਾਂ ਹੀ ਬਣਿਆ ਰਹਿ ਸਕਦਾ।

ਗਲਾਂ ਬਾਤਾਂ ਚਿ ਮੈਂ ਉਨ੍ਹਾਂ ਨੂੰ ਪੁਰਾਣੀ ਗਲਬਾਤ ਦਾ ਇਸ਼ਾਰਾ ਕਰਕੇ ਦਸਿਆ ਕਿ ਵੋਹਰਾ ਤੇ ਜੈ ਗੋਪਾਲ ਸਰਕਾਰੀ ਗਵਾਹ ਬਣ ਚੁਕੇ ਹਨ ਆਪ ਨੇ ਹਸ ਕੇ ਤੇ

ਸੰਜੀਦਗੀ ਨਾਲ ਕਿਹਾ ਕਿ ਹਾਂ ਮੈਨੂੰ ਪਤਾ ਲਗ ਗਿਆ ਹੈ। ਪਰ ਮੇਰਾ ਪੂਰਾ-ਪੂਰਾ ਯਕੀਨ ਹੈ ਕਿ ਮੇਰੇ ਸੌਂਹੇ ਹੁੰਦਿਆਂ ਹੀ ਮੁਕਰ ਜਾਣਗੇ ਉਹ ਅਜਿਹਾ ਕਰ ਨਹੀਂ ਸਕਦੇ ਮੈਨੂੰ ਆਪਣੇ ਇਸ ਪਿਆਰ ਤੇ ਨਿਘ ਪੁਰ ਪੂਰਾ-ਪੂਰਾ ਭਰੋਸਾ ਹੈ।

ਮੇਰੇ ਸਵਾਲ ਦੇ ਉਤਰ ਵਿਚ ਆਪ ਨੇ ਦੱਸਿਆ ਕਿ ਅਸੀਂ ਅਸੈਂਬਲੀ ਚੋਂ ਸਾਫ ਬਾਹਰ ਆ ਸਕਦੇ ਸਾਂ ਪਰ ਜਾਣ ਕੇ ਨਹੀਂ ਸਾਂ ਆਏ।

ਉਨ੍ਹਾਂ ਇਨਸਾਨੀ ਕਮਜ਼ੋਰੀਆਂ ਤੇ ਇਨਸਾਨੀ ਫਿਤਰਤ, ਹੌਮੈ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਕ ਤਾਂ ਪੰਜਾਬ ਪਰੈਸ ਨੇ ਏਹ ਲਿਖਿਆ ਕਿ ਸਾਂਡਰਸ ਮਲੰਗ ਡਾਕੂ ਦੇ ਸਾਥੀਆਂ ਨੇ ਮਾਰਿਆ ਹੋਣਾ ਹੈ ਸਾਡੇ ਕੀਤੇ ਕਾਰਨਾਮੇ ਪੁਰ ਮਿੱਟੀ ਪਾ ਦਿਤੀ ਹੈ। ਪੰਜਾਬੀ ਗਭਰੂਆਂ ਦੇ ਜਜ਼ਬਾਤ ਦੀ ਤਰਜਮਾਨੀ ਨਹੀਂ ਹੋਣ ਦਿਤੀ। ਕੇਸ ਦੀ ਨੌਈਯਤ ਸਿਆਸੀ ਹਲਕੇ 'ਚ ਮੁਜਰਮਾਨਾ ਜ਼ਾਹਿਰ ਕੀਤੀ ਹੈ। ਦੂਜੇ ਮੇਰਠ ਕੇਸ ਨੂੰ ਵਧੇਰੇ ਅਹਿਮੀਅਤ ਮਿਲ ਰਹੀ ਹੈ। ਜਦ ਕਿ ਅਸੀਂ ਬਹੁਤ ਖਤਰਾ ਲੈ ਕੇ ਸਾਰੇ ਮੁਲਕ ਨੂੰ ਇਕ ਤਰਾਂ ਦਾ ਹਲੂਣਾ ਦੇ ਦਿਤਾ ਹੈ। ਅਸੀਂ ਸਾਂਡਰਸ ਦੇ ਕੇਸ ਨੂੰ ਜ਼ਿਆਦਾ ਅਹਿਮੀਯਤ ਦੇਣਾ ਚਾਹੁੰਦੇ ਸਾਂ। ਅਸੀਂ ਉਨ੍ਹਾਂ ਦੇ ਅਸੈਂਬਲੀ ਬੰਬ ਕੇਸ ਵਿਚ ਦਿਤੇ ਬਿਆਨ ਦੀ ਤਾਰੀਫ ਕੀਤੀ ਕਿ ਉਸ ਬਿਆਨ ਨੇ ਤੁਹਾਡੇ ਸਾਰੇ ਦੇਸ਼ ਦੀ ਇਜ਼ਤ ਨੂੰ ਚਾਰ ਚੰਦ ਲਗਾ ਦਿਤੇ ਹਨ। ਹੁਣ ਏਸ ਵਿਚ ਤੁਹਾਡਾ ਕੀ ਰਵਈਆ ਹੋਵੇਗਾ? ਤਾਂ ਉਨ੍ਹਾਂ ਹਸਕੇ ਕਿਹਾ ਕਿ ਇਹ ਤਾਂ ਮੇਰਾ ਸਬੂਤ ਹੈ ਕਿ ਮੈਂ ਉਸ ਦਿਨ ਪੰਜਾਬ ਵਿਚ ਨਹੀਂ ਸੀ। ਅੰਗਰੇਜ਼ ਦੀ ਨੀਤ ਦੇਖਾਂਗੇ ਜੇਕਰ ਮੈਨੂੰ ਯਕੀਨ ਹੋ ਗਿਆ ਕਿ ਅੰਗਰੇਜ਼ ਮੈਨੂੰ ਫਾਹੇ ਲਾਉਣ ਪੁਰ ਤੁਲਿਆ ਬੈਠਾ ਹੈ। ਤਾਂ ਮੈਂ ਅਜਿਹਾ ਬਿਆਨ ਦਿਆਂਗਾ ਜੋ ਦੁਨੀਆਂ ਦੀ ਤਾਰੀਖ ਵਿਚ ਇਕ ਤਾਰੀਖੀ ਦਸਤਾਵੇਜ਼ ਦੀ ਸ਼ਕਲ ਇਖਤਿਆਰ ਕਰੇਗਾ। ਉਨ੍ਹਾਂ ਨੂੰ ਸਵਾਲ ਪੁਛਿਆ ਕਿ ਫਰਜ਼ ਕਰੋ ਸਰਕਾਰ ਤੁਸਾਂ ਨੂੰ ਫਾਂਸੀ ਲਾ ਦੇਵੇ ਤੇ ਤੁਸਾਂ ਨੂੰ ਇਕ ਜਾਂ ਦੋ ਬੰਦਿਆਂ ਨੂੰ ਮਿਲਨ ਦੀ ਆਖਰੀ ਖੁਲ ਹੋਵੇ ਤਾਂ ਤੁਸੀਂ ਕਿਸ ਕਿਸ ਨੂੰ ਮਿਲੋਗੇ?

ਆਪ ਨੇ ਕਿਹਾ ਕਿ ਮੇਰੀ ਮੌਤ ਦਾ ਸਦਮਾ ਤਾਂ ਮੇਰੀ ਦਾਦੀ ਨੂੰ ਜ਼ਿਆਦਾ ਹੋਣਾ ਹੈ ਤੇ ਮੇਰੀ ਚਾਚੀ (ਮਿਸਜ਼ ਅਜੀਤ ਸਿੰਘ ਜੀ) ਨੂੰ ਵੀ ਬਹੁਤ ਦੁਖ ਹੋਵੇਗਾ ਕਿਉਂਕਿ ਉਨ੍ਹਾਂ ਨੇ ਮੈਨੂੰ ਜ਼ਿਆਦਾ ਲਾਡਾਂ ਤੇ ਚਾਅਾਂ ਨਾਲ ਪਾਲਿਆ ਹੈ। ਪਰ ਜੇਕਰ ਅਜੇਹੀ ਗਲ ਬਣੀ ਤਾਂ ਮੈਂ ਆਪਣੇ ਪੁਲੀਟੀਕਲ ਗੁਰੂ ਸ੍ਰੀ ਸੁਚਿੰਦਰ ਨਾਥ ਸਾਨਿਆਲ ਨੂੰ ਮਿਲਾਂਗਾ ਸੁਚਿੰਦਰ ਨਾਥ ਸਨਿਆਲ ੧੪-੧੫ ਦੀ ਸਾਜ਼ਸ਼ ਕੇਸ ਦੇ ਮੁਲਜ਼ਮ ਸਨ ਫੇਰ ਕਾਕੋਰੀ ਕੇਸ ਦੇ। (ਮੇਰੇ ਨਾਲ ਉਹ ਦੇਓਲੀ ਕੈਂਪ ਜੇਲ ਚਿ ਰਹੇ ਹਨ। ਉਸ ਵੇਲੇ ਤਾਂ ਉਨ੍ਹਾਂ ਦੇ ਖਿਆਲ ਹਿੰਦੂ ਸਭਾਈ ਜਿਹੇ ਜਾਪਦੇ ਸਨ। ਆਪ ਬਹੁਤ ਬਿਰਧ ਹੋ ਗਏ ਸਨ) ਤੇ ਜੇ ਕਰ ਦੂਜੇ ਸਜਨ ਦੀ ਮੁਲਾਕਾਤ ਕੀਤੀ ਤਾਂ ਉਹ ਕਿਦਾਰ ਨਾਥ ਸਹਿਗਲ ਦੀ। ਜਦੋਂ ਪੁਛਿਆ ਕਿ ਆਪਣੇ ਪਿਤਾ ਜੀ ਤੇ ਹੋਰ ਸਬੰਧੀਆਂ ਨੂੰ ਕਿਉਂ ਨਹੀਂ ਪਹਿਲੇ ਨੰਬਰ ਪੁਰ ਰਖਿਆ। ਤਾਂ ਆਪ ਨੇ ਹਸ ਕੇ ਕਿਹਾ ਕਿ ਉਨ੍ਹਾਂ

ਨੂੰ ਤਾਂ ਮੁਕਦਮੇ ਦੇ ਦੌਰਾਨ ਚਿ ਹੀ ਮਿਲਦਾ ਰਹਾਂਗਾ। ਤੇ ਜੇ ਕਰ ਮੈਂ ਫਾਂਸੀ ਲਗਨਾ ਹੀ ਹੋਇਆ ਤਾਂ ਏਹ ਵੀ ਕਹਾਂਗਾ ਕਿ ਮੇਰੀ ਸੁਆਹ ਕੋਈ ਨਾ ਬੇਚੇ।

ਮੀਆਂ ਵਾਲੀ ਅਨ੍ਹੇਰੀਆਂ ਬਹੁਤ ਆਉਂਦੀਆਂ ਸਨ ਬਾਜੇ ਵਕਤ ਆਦਮੀ ਨੂੰ ਆਪਣਾ ਹਥ ਨਜ਼ਰ ਨਹੀਂ ਸੀ ਆਉਂਦਾ। ਸਾਡਾ ਇਕ ਮਿਤ੍ਰ ਸੀ ਝੰਡੇ ਖਾਂ ਗੁਜਰ, ਔਲੀਏ ਕਲਾਂ ਜ਼ਿਲਾ ਫੀਰੋਜ਼ਪੁਰ ਦਸ ਸਾਲ ਡਾਕੇ ਵਿਚ ਸਜ਼ਾ ਸੀ, ਉਹ ਮੇਰੇ ਨਾਲ ਰਾਵਲ ਪਿੰਡ ਜੇਲ ਵਿਚ ਵੀ ਰਿਹਾ ਸੀ। ਮੀਆਂ ਵਾਲੀ ਉਹ ਪੀਲੀ ਵਰਦੀ ਵਾਲਾ ਨੰਬਰਦਾਰ ਸੀ, ਬਹੁਤ ਜੇਰੇ ਵਾਲਾ ਤੇ ਮਨ ਚਲਾ ਭਾਵੇਂ ਪ੍ਰਕੇਰੀ ਉਮਹ ਦਾ ਸੀ ਪਰ ਸਪਿਰਟ ਜੁਆਨਾਂ ਵਾਲੀ ਹੀ ਸੀ।

ਅਸੀਂ ਇਕ ਦਿਨ ਬਾਬਾ ਸ਼ੇਰ ਸਿੰਘ ਨਾਲ ਸਲਾਹ ਕੀਤੀ ਕਿ ਭਗਤ ਸਿੰਘ ਜੇਲ ਚੋਂ ਬਾਹਰ ਨਿਕਲ ਸਕੇ ਤਾਂ ਅੰਗਰੇਜ਼ੀ ਸਾਮਰਾਜ ਪੁਰ ਬਹੁਤ ਬੜੀ ਸਟ ਬਜ ਸਕਦੀ ਹੈ। ਝੰਡੇ ਨਾਲ ਗਲ ਹੋਈ ਤਾਂ ਉਸ ਫੌਰਨ ਹਾਂ ਕਰ ਦਿੱਤੀ ਤੇ ਪਸਤੌਲ ਸਣੇ ਗੋਲੀਆਂ, ਤੇ ਜੰਗਲਾ ਕਟਨ ਦੀ ਤਾਰ ਹਫਤੇ ਦੇ ਅੰਦਰ-ਅੰਦਰ ਜੇਲ ਚਿ ਮੰਗਵਾਉਣ ਦਾ ਇਕਰਾਰ ਕਰ ਲਿਆ, ਸਾਥ ਹੀ ਏਹ ਵੀ ਸਲਾਹ ਬਣੀ ਕਿ ਝੰਡਾ ਭਗਤ ਸਿੰਘ ਨੂੰ ਫਾਂਸੀ ਵਾਲੀ ਕੋਠੀ 'ਚੋਂ ਕੱਢ ਕੇ ਸਾਡੀ ਮੋਰਾ ਬੈਰਕ ਜੋ ਜੇਲ ਦੇ ਦੂਜੇ ਸਿਰੇ ਸੀ ਲੈ ਆਵੇਗਾ ਇਥੇ ਅਸੀਂ ਮੰਜੇ ਦੇ ਬਾਣ ਤੇ ਦੌਣ ਨਾਲ ਤਟੀਆਂ ਤੋਂ ਬਾਂਸ ਲਾਹ ਕੇ ਪੌੜੀ ਬਣਾ ਛਡਾਂਗੇ ਤੇ ਇਥੋਂ ਸਾਡੇ ਚੋਂ ਇਕ (ਕਾਬਲ ਸਿੰਘ) ਨਾਲ ਚਲੇਗਾ। ਪਰ ਏਸ ਪੁਰ ਅਮਲ ਹੋਣ ਤੋਂ ਪਹਿਲਾਂ ਲਾਜ਼ਮੀ ਸੀ ਕਿ ਸ. ਭਗਤ ਸਿੰਘ ਜੀ ਭੁਖ ਹੜਤਾਲ ਤੋੜ ਦੇਣ। ਕਿਉਂਕਿ ਗੈਰ ਇਲਾਕੇ ਬੀਮਾਰ ਨੂੰ ਚੁਕ ਕੇ ਲੈ ਜਾਣਾ ਬਹੁਤ ਕਠਣ ਸੀ। ਪਸਤੌਲ ਆਦਿ ਦਾ ਬੰਦੋਬਸਤ ਹੋ ਗਿਆ ਪਰ ਸਃ ਭਗਤ ਸਿੰਘ ਜੀ ਭੁਖ ਹੜਤਾਲ ਛਡਣ ਨੂੰ ਨਾ ਮੰਨੇ ਉਨ੍ਹਾਂ ਦਾ ਖਿਆਲ ਸੀ ਕਿ ਪਤਾ ਨਹੀਂ ਪੁਲਸ ਉਨ੍ਹਾਂ ਨੂੰ ਕੇਹੜੇ ਵੇਲੇ ਲਾਹੌਰ ਲੈ ਜਾਏ? ਏਸ ਲਈ ਐਵੇਂ ਡੋ ਡੋ ਹੋ ਜਾਣ ਦਾ ਡਰ ਹੈ। ਉਨ੍ਹਾਂ ਦੇ ਹਠ ਕਰਨ ਪੁਰ ਏਹ ਤਜਵੀਜ਼ ਛਡਨੀ ਪਈ। ਏਸ ਤੋਂ ਬਾਅਦ ਮੈਂ ਉਨ੍ਹਾਂ ਦੀ ਹਮਦਰਦੀ ਚਿ ਭੁਖ ਹੜਤਾਲ ਕਰ ਦਿਤੀ ਮੇਰੇ ਦੋ ਕੁ ਹਫਤੇ ਬਾਅਦ ਕੌਮੀ ਜੀ, ਮੁਨਸ਼ੀ ਅਹਿਮਦ ਦੀਨ ਤੇ ਰਾਮ ਚੰਦਰ ਜੀ ਨੇ ਭੁਖ ਹੜਤਾਲ ਕਰ ਦਿਤੀ। ਸਃ ਭਗਤ ਸਿੰਘ ਜੀ ਨੂੰ ਛੇਤੀ ਹੀ ਲਾਹੌਰ ਲੈ ਜਾਇਆ ਗਿਆ। ਸਪੈਸ਼ਲ ਮਜਿਸਟ੍ਰੇਟ ਨਾਲ ਝਗੜਾ ਹੋ ਜਾਣ ਕਰਕੇ ਸਃ ਭਗਤ ਸਿੰਘ ਜੀ ਆਪਣੀ ਮਰਜ਼ੀ ਦਾ ਬਿਆਨ ਨਾ ਦੇ ਸਕੇ।

ਆਪ ਜੀ ਦੀ ਤੇ ਆਪ ਦੇ ਸਾਥੀਆਂ ਦੀ ਫਾਂਸੀ ਦੀ ਸਜ਼ਾ ਹਟਾਣੀ ਵਾਇਸਰਾਏ ਨੇ ਮੰਨ ਲਈ ਸੀ, ਪਰ ਏਹ ਫੈਸਲਾ ਸਾਡੇ ਇਕ ਲੀਡਰ ਨੇ ਸ਼ੇਖੀ ਚਿ ਆ ਕੇ ਆਊਟ ਕਰ ਦਿਤਾ ਤੇ ਸੀ.ਆਈ.ਡੀ. ਅਫਸਰਾਂ ਦੇ ਵਾ-ਵੇਲਾ ਕਰਨ ਪੁਰ ਆਪ ਨੂੰ ਆਪ ਦੇ ਸਾਥੀ ਸਮੇਤ ਸ਼ਾਮ ਵੇਲੇ ਫਾਂਸੀ ਪੁਰ ਲਟਕਾ ਦਿਤਾ ਗਿਆ ਤੇ ਉਥੇ ਹੀ ਸਰੀਰ ਦੇ ਟੁਕੜੇ ਕਰਕੇ ਛੋਟੇ ਦਰਵਾਜ਼ੇ ਰਾਹੀਂ ਬੋਰੀਆਂ ਚਿ ਪਾ ਕੇ ਮੋਟਰ

ਪੁਰ ਫੀਰੋਜ਼ਪੁਰ ਦੇ ਲਾਗੇ ਸਤਲੁਜ ਦੇ ਕੰਢੇ ਸਸਕਾਰ ਕਰ ਦਿੱਤਾ ਗਿਆ। ਸ: ਭਗਤ ਸਿੰਘ ਜੀ ਨਾਲ ਰਹਿਣ ਦਾ ਭਾਵੇਂ ਮੈਨੂੰ ਬਹੁਤ ਥੋੜਾ ਸਮਾਂ ਮਿਲਿਆ ਹੈ। ਪਰ ਉਨ੍ਹਾਂ ਦਾ ਹਸੂੰ-ਹਸੂੰ ਕਰਦਾ ਚਿਹਰਾ, ਲਟਬੌਰਿਆਂ ਵਾਂਗ ਪਗੜੀ ਦਾ ਲੜ ਉਪਰ ਨੂੰ ਸਿਟਿਆ ਹੋਇਆ ਤੇ ਇਕ ਚੰਗੇ ਸੁਲਝੇ ਹੋਏ ਦਿਮਾਗ਼ ਤੇ ਸਾਰੀ ਦੁਨੀਆਂ ਦੇ ਖਤਰਿਆਂ ਤੋਂ ਲਾ-ਪ੍ਰਵਾਹ ਸਜਨ ਦੀ ਯਾਦ ਸਦਾ ਤਾਜ਼ਾ ਰਹੇਗੀ।

ਉਨ੍ਹਾਂ ਦੇ ਫਾਂਸੀ ਲਟਕਾਏ ਜਾਣ ਉਪਰੰਤ ਇਕ ਪ੍ਰਤਾਪ ਸਿੰਘ ਨਾਮੀ ਮਜ਼੍ਹਬੀ ਸਿਖ ਜੋ ਸੀ.ਆਈ.ਡੀ. ਦਾ ਮੁਲਾਜ਼ਮ ਸੀ ਮੇਰੇ ਪਾਸ ੧੦੯ ਦਫਾ ਅਵਾਰਾ ਗਰਦੀ 'ਚ ਫੜ ਕੇ ਰਖਿਆ ਗਿਆ ਜੋ ਆਪਣੇ ਆਪ ਨੂੰ ਸਰ ਜੋਗਿੰਦਰ ਸਿੰਘ ਦਾ ਭਣੇਵਾਂ ਕੈਂਹਦਾ ਸੀ। ਸਾਨੂੰ ਦੇਰ ਬਾਅਦ ਭੇਦ ਖੁਲ੍ਹਿਆ ਤਾਂ ਅਸੀਂ ਰਾਤ ਨੂੰ ਉਸ ਨੂੰ ਫਾਂਟਿਆ ਪਰ ਉਹ ਥੋੜੀ ਦਿਨੀਂ ਬਾਹਰ ਕਢ ਦਿਤਾ ਗਿਆ।

ਹਫਤਾਵਾਰ 'ਪੰਜਾਬੀ ਜਨਤਾ'
23 ਮਾਰਚ, 1956, ਪੰਨਾ 3-4-5

## ਸ਼ਹੀਦ ਸ੍ਰ: ਬਲਵੰਤ ਸਿੰਘ 'ਦੁਖੀਆ'

ਸ਼ਹੀਦ ਬਲਵੰਤ ਸਿੰਘ 'ਦੁਖੀਆ' ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੈਂਸਾਂ ਦੇ ਜੰਮਪਲ ਸਨ। ਉਹ ਨਾ-ਮਿਲਵਰਤਨ ਲਹਿਰ ਤੋਂ ਲੈ ਕੇ ਦੂਜੇ ਸੰਸਾਰ ਜੰਗ ਤੱਕ ਨਿਰੰਤਰ ਸੰਘਰਸ਼ਸ਼ੀਲ ਰਹੇ। ਦੂਜੇ ਸੰਸਾਰ ਜੰਗ ਸਮੇਂ ਉਹ ਪਹਿਲਾਂ ਦਿਓਲੀ ਕੈਂਪ ਜੇਲ੍ਹ ਫਿਰ ਗੁਜਰਾਤ ਜੇਲ੍ਹ ਵਿਚ ਭੁੱਖ ਹੜਤਾਲ ਸਮੇਂ ਸ਼ਹੀਦ ਹੋ ਗਏ।



ਕਿਸੇ ਆਦਮੀ ਦੇ ਸਰੀਰ ਦੀ ਮਜ਼ਬੂਤੀ, ਉਸਦੇ ਮਜ਼ਬੂਤ ਦਿਲ ਦੀ ਨਿਸ਼ਾਨੀ ਨਹੀਂ ਹੈ। ਨਾ ਹੀ ਕਿਸੇ ਦਾ ਡੌਲ ਡੀਲ ਵਾਲਾ ਜਿਸਮ ਜਾਂ ਚੌੜਾ ਚਿਘਾ ਚੇਹਰਾ ਉਸ ਦੇ ਖੁੱਲ ਦਿਲੇ ਹੋਣ ਦਾ ਸਬੂਤ ਹੈ। ਨਾ ਹੀ ਕਿਸੇ ਦਾ ਸਮਾਧੀ ਲਾਉਣਾ ਜਾਂ ਵਧੇਰੇ ਪਾਠ ਪੂਜਾ ਕਰਨਾ ਇਸ ਗੱਲ ਦਾ ਨਿਸ਼ਾਨ ਹੈ ਕਿ ਉਹ ਇਨਸਾਨੀ ਕਮਜ਼ੋਰੀਆਂ ਕਾਮ, ਕ੍ਰੋਧ, ਲੋਭ, ਮੋਹ ਅਰ ਅਹੰਕਾਰ ਤੋਂ ਬਰੀ ਹੈ। ਸਗੋਂ ਧਾਰਮਿਕ ਗ੍ਰੰਥਾਂ ਤੇ ਇਤਿਹਾਸ ਤੋਂ ਏਹੀ ਜ਼ਾਹਰ ਹੁੰਦਾ ਹੈ ਕਿ

ਬੜੇ-ਬੜੇ ਤਪਸਵੀਆਂ, ਰਿਸ਼ੀਆਂ, ਮੁਨੀਆਂ ਤੇ ਮਹਾਤਮਾਵਾਂ ਨੇ ਵੀ ਉਪਰੋਕਤ ਕਮਜ਼ੋਰੀਆਂ ਤੋਂ ਬਚਾਓ ਲਈ ਵਾਹਿਗੁਰੂ ਦੇ ਦਰਬਾਰ 'ਚ ਅਰਜ਼ੋਈਆਂ ਕੀਤੀਆਂ ਹਨ। ਮਿੰਨਤਾਂ ਤੇ ਤਰਲੇ ਕੀਤੇ ਹਨ। ਹਾੜੇ ਕੱਢੇ ਸਨ ਤੇ ਲੇਲੜੀਆਂ ਵਿਲਕੀਆਂ ਹਨ। ਅਰ ਇਨ੍ਹਾਂ ਤੋਂ ਪਨਾਹ ਮੰਗੀ ਹੈ। ਇਨ੍ਹਾਂ ਤੋਂ ਬਚਣ ਲਈ ਅਰਦਾਸ ਕੀਤੀ ਹੈ। ਹਰ ਸਿਖ (ਜੋ ਆਮ ਤੌਰ ਪੁਰ ਬਹਾਦਰ ਮੰਨੇ ਗਏ ਹਨ) ਰੋਜ਼ ਦੋ ਵੇਲੇ ਜਾਂ ਏਦੂੰ ਵੀ ਵਧੀਕ ਵਾਰੀ ਇਨ੍ਹਾਂ ਤੋਂ ਛੁਟਕਾਰੇ ਲਈ ਅਰਦਾਸ ਤੇ ਅਰਜ਼ੋਈਆਂ ਕਰਦਾ ਹੈ।

ਉਂਜ ਤਾਂ ਇਨ੍ਹਾਂ ਕਮਜ਼ੋਰੀਆਂ ਚੋਂ ਇਕੱਲੀ-ਇਕੱਲੀ ਹੀ ਇਨਸਾਨੀ ਮਨ ਨੂੰ ਡਾਵਾਂਡੋਲ ਕਰ ਦਿੰਦੀ ਹੈ। ਜ਼ਿੰਦਗੀ ਅਜੀਰਨ ਬਣਾ ਦਿੰਦੀ ਹੈ। ਸਾਰੀ ਦੁਨੀਆਂ 'ਚ ਅਸ਼ਾਂਤੀ ਦਾ ਕਾਰਨ ਏਹ ਸਾਰੀਆਂ ਜਾਂ ਇਨ੍ਹਾਂ 'ਚੋਂ ਕੁਝ ਕੁ ਕਮਜ਼ੋਰੀਆਂ ਹੀ ਕਿਸੇ ਨਾ ਕਿਸੇ ਸ਼ਕਲ ਵਿਚ ਜੁਮੇਦਾਰ ਹਨ। ਸਾਰੇ ਜਹਾਨ ਦੀਆਂ ਬੁਰਾਈਆਂ ਇਨ੍ਹਾਂ ਵਿਚੋਂ ਹੀ ਉਪਜਦੀਆਂ ਹਨ। ਦੁਨੀਆਂ ਦੋਜਖ ਬਣੀ ਹੋਈ ਹੈ। ਸਭ ਤੋਂ ਵੱਡੀ ਮੁਸੀਬਤ ਇਹ ਹੈ ਕਿ ਇਹ ਸਾਰੀਆਂ ਇਕ ਦੂਜੀ ਨਾਲ ਸੰਬੰਧਤ ਤੇ ਘੁਲੀਆਂ ਮਿਲੀਆਂ ਹਨ। ਕੋਈ ਸੱਜਣ ਵੀ ਇਨ੍ਹਾਂ ਪੁਰ ਕਾਬੂ ਪਾਉਣ ਦਾ ਦਾਅਵਾ ਨਹੀਂ ਕਰ ਸਕਦਾ। ਹਾਂ! ਉਚ ਆਤਮਾ ਵਾਲੇ ਲੋਕ ਇਨ੍ਹਾਂ ਨੂੰ ਕੁਝ ਮੱਧਮ ਜਾਂ ਧੁੰਦਲਾ ਜਿਹਾ ਬਣਾ ਕੇ ਆਪਣੇ ਸੁਅੱਛ ਖਿਆਲਾਂ ਨਾਲ ਬਹੁਤਾ ਦੁਖੀ ਹੋਣੋਂ ਬਚ ਰੈਂਹਦੇ ਹਨ।

ਇਹ ਸਾਰੀਆਂ ਹੀ ਭਿਆਨਕ ਰੂਪ ਧਾਰਨ ਕਰ ਲੈਂਦੀਆਂ ਹਨ। ਪਰ ਐਸ ਵੇਲੇ ਮੈਂ ਤਾਂ ਇਕ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਜੋ ਜ਼ਾਹਿਰਾ ਤੌਰ ਪੁਰ ਇਨ੍ਹਾਂ ਸਾਰੀਆਂ 'ਚੋਂ ਛੋਟੀ ਤੇ ਨਰਮ ਮਾਲੂਮ ਹੁੰਦੀ ਹੈ। ਮੇਰਾ ਇਸ਼ਾਰਾ ਮੋਹ ਵੱਲ ਹੈ। ਪਰ ਮੇਰੇ ਜਿਹੇ ਕਮਜ਼ੋਰਾਂ ਵਾਸਤੇ ਤਾਂ ਇਹ ਵੀ ਭਾਰੂ ਤੇ ਜਾਨ ਖੌ ਬਣ ਜਾਂਦੀ ਹੈ। ਮੇਰੀ ਕੀ ਗੱਲ ਹੈ। ਮੈਨੂੰ ਪਤਾ ਨਹੀਂ ਕਿ ਉਪਰੋਕਤ ਮਹਾਂਵਾਕ ਕਿਸਨੇ ਕਿਸ ਸਮੇਂ ਤੇ ਕਿੰਨ੍ਹਾਂ ਹਾਲਤਾਂ ਵਿਚ ਉਚਰਿਆ ਹੈ। ਪਰ ਏਹ ਅਮ੍ਰਾਤੜਾਂ ਦੇ ਜੀਵਨ ਦੇ ਐਨ ਮੁਤਾਬਕ ਢੁਕਦਾ ਹੈ।

ਮੈਨੂੰ ਬਹੁਤ ਦੇਰ ਇਹ ਮਾਣ ਜਿਹਾ (ਜੋ ਅਹੰਕਾਰ ਦੀ ਹੱਦ ਤੀਕ ਹੀ ਪੁੱਜ ਜਾਂਦਾ ਹੈ) ਰਿਹਾ ਹੈ। ਕਿ ਮੈਨੂੰ ਮੌਤ ਦਾ ਕੋਈ ਭੈਅ ਨਹੀਂ ਹੈ। ਡਰ ਨਹੀਂ ਹੈ। ਸਗੋਂ ਮੌਤ ਦੇ ਨੇੜੇ ਗਿਆਂ ਮੈਨੂੰ ਖੁਸ਼ੀ ਹੁੰਦੀ ਹੈ। ਚਾਅ ਚੜ੍ਹਦਾ ਹੈ। ਇਹ ਨਿਰੀ ਗਪੌੜ ਹੀ ਨਹੀਂ ਸਗੋਂ ਮੈਂ ਵਿਸ਼ਵਾਸ਼ ਨਾਲ ਕਹਿ ਸਕਦਾ ਹਾਂ ਕਿ ਮੇਰੇ ਏਸ ਸੁਭਾਓ ਅਰ ਏਹਤਕਾਦ ਦੇ ਬਾਰੇ ਮੇਰੇ ਦੋਸਤ ਤੇ ਦੁਸ਼ਮਨ ਸਾਰੇ ਹੀ ਸਹਿਮਤ ਹਨ।

ਮੈਂ ਕਈ ਵਾਰੀ ਸਹਵਨ ਜਾਂ ਜਾਣ ਬੁਝ ਕੇ ਮੌਤ ਨਾਲ ਟਾਕਰਾ ਲਿਆ ਹੈ। ਹਰ ਵਾਰ ਮੈਨੂੰ ਮੌਤ ਕੋਝੀ ਨਹੀਂ ਜਾਪੀ ਸਗੋਂ ਸੁੰਦਰ ਤੇ ਸੁਹਾਨੀ ਭਾਸੀ ਹੈ। ਪਰ ਕਿਸੇ ਅਜ਼ੀਜ਼ ਜਾਂ ਪਿਆਰੇ ਦੀ ਮੌਤ ਦਾ ਦ੍ਰਿਸ਼ ਮੈਥੋਂ ਨਹੀਂ ਤਕਿਆ ਜਾਂਦਾ। ਮੇਰੇ ਰਾਹ ਵਿਚ ਉਸ ਪਿਆਰੇ ਜਾਂ ਅਜੀਜ਼ ਨਾਲ ਮੋਹ ਇਕ ਪਹਾੜ ਬਣ ਕੇ ਖਲੋਂਦਾ ਰਿਹਾ ਹੈ। ਆਪਣੇ ਪਿਆਰਿਆਂ ਦੀ ਜੁਦਾਈ ਨੇ ਮੇਰਾ ਖਿਆਲ ਬਿਲਕੁਲ ਬਦਲ ਦਿੱਤਾ

ਹੈ। ਹੁਣ ਮੇਰਾ ਅਕੀਦਾ ਤੇ ਯਕੀਨ ਹੋ ਗਿਆ ਹੈ ਕਿ ਮਰ ਜਾਣਾ ਔਖਾ ਨਹੀਂ ਹੈ, ਪ੍ਰੰਤੂ ਕਿਸੇ ਪਿਆਰੇ ਅਜ਼ੀਜ਼ ਦੀ ਮੌਤ ਸੈਹਣਾ ਜੇਕਰ ਨਾਮੁਮਕਿਨ ਨਹੀਂ ਤਾਂ ਕਠਿਨ ਜ਼ਰੂਰ ਹੈ।

ਸੰਭਵ ਹੈ ਕਿ ਕਈ ਸਜਨਾਂ ਲਈ ਏਸ ਕਮਜ਼ੋਰੀ ਪੁਰ ਕਾਬੂ ਪਾਉਣਾ ਆਸਾਨ ਹੋਵੇ ਪਰ ਮੇਰੇ ਮਨ ਦੀ ਏਹ ਹਾਲਤ ਨਹੀਂ ਹੈ। ਮੇਰੇ ਲਈ ਮੋਹ ਪੁਰ ਕਾਬੂ ਪਾਉਣਾ ਮੌਤ ਨਾਲ ਖੇਡਣ ਨਾਲੋਂ ਕਈ ਗੁਣਾਂ ਔਖਾ ਹੈ।

ਮੈਨੂੰ ਯਾਦ ਹੈ ਕਿ ਮੇਰੀ ਸਪੁੱਤਰੀ ਜੋ ਕਿ ਮੇਰਾ ਪਹਿਲਾ ਬੱਚਾ ਸੀ ਜਿਸ ਦਾ ਨਾਂ ਤਾਂ ਸਤਵੰਤ ਕੌਰ ਸੀ ਪਰ ਮੈਂ ਉਸ ਨੂੰ ਲਾਡ 'ਚ 'ਜੌਨ ਆਫ ਗੋਬਿੰਦਪੁਰ' ਕਹਿ ਕੇ ਖੁਸ਼ ਹੁੰਦਾ ਸਾਂ। ਉਹ ਵੀ ਅਸਾਧਾਰਨ ਲੜਕੀ ਸੀ। ਡੂਢ ਕੁ ਸਾਲ ਦੀ ਹੋ ਕੇ ਮਰ ਗਈ। ਉਸ ਦੇ ਮਰਨ ਸਮੇਂ ਛੇ ਸਤ ਡਾਕਟਰ ਜੋ ਮੇਰੇ ਮਿਤ੍ਰ ਤੇ ਸਨੇਹੀ ਸਨ ਪਾਸ ਬੈਠੇ ਸਨ। ਪਰ ਸਾਰਿਆਂ ਦੇ ਯਤਨਾਂ ਦੇ ਬਾਵਜੂਦ ਉਹ ਬਚ ਨਾ ਸਕੀ ਅਤੇ ਡਾਕਟਰਾਂ ਦੀ ਰਾਏ ਨਾਲ ਉਸ ਨੂੰ ਗਾਂਧੀ ਮੰਡਪ ਦੇ ਲਾਗਲੇ ਕਬਰਸਤਾਨ ਵਿਚ ਦਬਾ ਦਿੱਤਾ ਗਿਆ।

ਮੈਂ ਲਾਗੇ ਮਹੱਲੇ ਕੋਟ ਕਿਸ਼ਨ ਚੰਦ ਵਿਚ ਰਹਿੰਦਾ ਸਾਂ। ਕਾਂਗਰਸ ਤੇ ਹੋਰ ਸਿਆਸੀ ਪਾਰਟੀਆਂ ਦੇ ਜਲਸੇ ਆਮ ਤੌਰ ਪੁਰ, ਗਾਂਧੀ ਮੰਡਪ ਵਿਚ ਹੁੰਦੇ ਸਨ ਪਰ ਮੇਰੇ ਲਈ ਹੁਸ਼ਿਆਰਪੁਰ ਵਾਲੀ ਸੜਕੇ ਲੰਘਣਾ ਔਖਾ ਹੋ ਗਿਆ। ਹੁਣ ਤੋੜੀ ਮੈਂ ਉਸ ਸੜਕ ਪੁਰ ਸਾਈਕਲ ਲੈ ਕੇ ਬਿਨਾਂ ਉਸ ਥਾਂ ਮਿੰਟ ਦੋ ਮਿੰਟ ਖਲੋਤੇ ਲੰਘ ਨਹੀਂ ਸਕਦਾ। ਸਾਈਕਲ ਦੀ ਬਰੇਕ ਆਪਣੇ ਆਪ ਲਗ ਜਾਂਦੀ ਹੈ ਤੇ ਸਾਈਕਲ ਨੂੰ ਰੋਕ ਦਿੰਦੀ ਹੈ।

ਇਸੇ ਤਰ੍ਹਾਂ ਮੇਰੇ ਪ੍ਰਮ ਪਿਆਰੇ ਮਿਤ੍ਰ ਤੇ ਸਾਥੀ ਸ੍ਰ: ਬਲਵੰਤ ਸਿੰਘ ਜੀ 'ਦੁਖੀਆ' ਜੋ 2 ਜੁਲਾਈ 1942 ਨੂੰ ਗੁਜਰਾਤ ਜੇਲ੍ਹ ਵਿਚ ਸ਼ਹੀਦ ਹੋ ਗਏ ਸਨ। ਉਨ੍ਹਾਂ ਦੀ ਲਾਸ਼ ਅਸੀਂ ਪਿੰਡ ਬੈਂਸ ਭਿਜਵਾ ਦਿੱਤੀ ਸੀ। ਮੈਂ ਆਪਣੀ ਏਹ ਕਮਜ਼ੋਰੀ ਨਹੀਂ ਸਮਝ ਸਕਿਆ, ਨਾ ਹੀ ਛਪਾ ਸਕਿਆ ਹਾਂ ਕਿਉਂ ਨਸਰਾਲੇ ਤੋਂ ਉਤਰ ਕੇ ਮੇਰੇ ਪੈਰ ਬੈਂਸਾਂ ਵਲ ਨੂੰ ਨਹੀਂ ਉੱਠਦੇ? ਇੰਜ ਭਾਸਦਾ ਹੈ ਜਿਵੇਂ ਕਿਸੇ ਜਿਲ੍ਹਨ ਵਿਚ ਫਸ ਗਏ ਹੋਣ ਜਾਂ ਪੈਰਾਂ ਨਾਲ ਮਣ ਦੋ ਮਣ ਭਾਰ ਬੰਨ੍ਹ ਦਿੱਤਾ ਗਿਆ ਹੋਵੇ।

ਬੜਾ ਔਖਾ ਹੋ ਕੇ ਇਕ ਵਾਰ ਉਨ੍ਹਾਂ ਦੀ ਬਰਸੀ ਪੁਰ ਸ਼ਰਧਾਂ ਦੇ ਹੰਜੂ ਕੇਰਨ ਗਿਆ ਸਾਂ ਪਰ ਬੋਲ ਨਹੀਂ ਸਾਂ ਸਕਿਆ ਮੇਰਾ ਗਲਾ ਭਰ ਜਾਂਦਾ ਰਿਹਾ ਹੈ। ਹੁਣ ਵੀ ਉਨ੍ਹਾਂ ਦੀ ਯਾਦ ਆਇਆਂ ਘੰਟਿਆਂ ਬਧੀ ਮਨ ਉਦਾਸ ਰਹਿੰਦਾ ਹੈ।

ਮੈਨੂੰ ਮੇਰੀ ਏਸ ਕਮਜ਼ੋਰੀ ਦਾ ਅਹਿਸਾਸ ਪਹਿਲੋਂ ਆਪਣੀ ਬੱਚੀ ਦੀ ਮੌਤ ਵੇਲੇ ਹੋਇਆ ਜਾਂ ਫੇਰ ਦੁਖੀਆ ਜੀ ਦੇ ਚਲਾਣੇ ਪੁਰ। ਮੈਂ ਐਨਾ ਕਮਜ਼ੋਰ ਹੋ ਸਕਦਾ ਹਾਂ, ਇਸ ਦਾ ਕਦੀ ਸੁਪਨਾ ਵੀ ਨਹੀਂ ਸੀ ਆਇਆ।

ਇਸੇ ਤਰ੍ਹਾਂ ਹੋਰ- ਮੈਂ ਜੇਲ੍ਹ ਵਿਚ ਆਪਣਾ ਵਜਨ ਘਟਾਉਣ ਲਈ ਦੁੱਧ,

ਘਿਓ, ਮੱਖਣ, ਅੰਡੇ, ਮਾਸ ਆਦਿ ਛੱਡ ਰੱਖੇ। ਦਵਾਈਆਂ ਖਾਧੀਆਂ ਪਰ ਵਜਨ ਨਾ ਘਟਿਆ। 1943 ਵਿਚ ਜਦ ਮੈਂ ਝੰਗ ਜੇਲ੍ਹ ਵਿਚ ਸਾਂ ਮੇਰਾ ਕਾਕਾ ਬੀਮਾਰ ਹੋ ਗਿਆ। ਰੋਜ ਤਾਰ ਜਾਂਦੀ ਸੀ ਤੇ ਮੈਂ ਰੋਜ਼ ਤਾਰ ਰਾਹੀਂ ਉਹਦੀ ਹਾਲਤ ਪੁੱਛਦਾ ਸਾਂ। ਉਨ੍ਹੀਂ ਦਿਨੀਂ ਅਸੀਂ ਛੇ ਸਤ ਨਜ਼ਰਬੰਦ ਇਕੱਠੇ ਸਾਂ। ਸ਼ਾਮ ਨੂੰ ਚਾਰ ਕੁ ਵਜੇ ਰੋਜ਼ ਹੀ ਸਾਡਾ ਜਲੇਬੀਆਂ ਜਾਂ ਮਾਹਲ ਪੂੜੇ ਖਾਣ ਦਾ ਪ੍ਰੋਗਰਾਮ ਹੁੰਦਾ ਸੀ। ਪਰ ਬੀਮਾਰ ਹੋਏ ਬਿਨਾਂ ਹੀ ਮੇਰਾ ਵਜ਼ਨ 20-25 ਪੌਂਡ ਘਟ ਗਿਆ ਸੀ। ਕਿਹੜੀ ਤਾਰ ਨੂੰ ਸਟ ਵਜਦੀ ਸੀ ਕੋਈ ਸਮਝ ਹੀ ਨਹੀਂ ਆਈ ਹਾਲਾਂਕਿ ਬੱਚੇ ਦੀ ਉਮਰ ਉਸ ਵੇਲੇ ਢਾਈ ਕੁ ਸਾਲ ਦੀ ਸੀ। ਹੋਰਨਾਂ ਦਾ ਪਤਾ ਨਹੀਂ ਪਰ ਮੈਂ ਕਹਿ ਸਕਦਾ ਹਾਂ ਕਿ ਉਪਰੋਕਤ ਮਹਾਂਵਾਕ ਕਿ

*"ਜਿਸ ਪਿਆਰੇ ਸੇ ਨਿਹੁੰ ਤਿਸ ਆਗੇ ਮਰ ਚਲੀਏ,*
*ਧ੍ਰਿਗ ਜੀਵਣ ਸੰਸਾਰ ਤਾ ਕੇ ਪਾਛਾ ਜੀਵਣਾ।"*

ਮੇਰੇ ਜੀਵਨ ਪੁਰ ਪੂਰਾ-ਪੂਰਾ ਢੁੱਕਦਾ ਹੈ।

**ਸ਼ਹੀਦ ਬਲਵੰਤ ਸਿੰਘ ਜੀ 'ਦੁਖੀਆ'**

ਬਲਵੰਤ ਸਿੰਘ ਦੁਖੀਆ ਦਾ ਜਨਮ ਇਕ ਸਿੱਧੇ-ਸਾਦੇ ਕਿਸਾਨ ਪਰਿਵਾਰ ਘਰ, ਪਿੰਡ ਬੈਂਸ (ਹੁਸ਼ਿਆਰਪੁਰ) ਵਿਚ ਹੋਇਆ। ਹਾਲਾਂ ਆਪ ਕੁਝ ਦਿਨਾਂ ਦੇ ਹੀ ਸਨ ਕਿ ਆਪ ਦੀ ਮਾਤਾ ਦਾ ਸਾਇਆ ਆਪਦੇ ਸਿਰੋਂ ਉਠ ਗਿਆ। ਆਪਦੇ ਪਿਤਾ ਜੋ ਪਹਿਲਾਂ ਹੀ ਸਾਧੂ ਬਿਰਤੀ ਰੱਖਦੇ ਸਨ, ਸਾਧੂ ਹੋ ਗਏ। ਆਪ ਦੀ ਪਾਲਣਾ ਆਪ ਦੀ ਨਾਨੀ ਨੇ ਕੀਤੀ ਸੀ।

ਹੋਸ਼ ਸੰਭਾਲਦਿਆਂ ਹੀ ਆਪ ਆਪਣੇ ਪਿੰਡ ਆ ਗਏ। ਹਾਲਾਂ ਮੁੱਛ ਫੁਟ ਗਭਰੂ ਸਨ, ਜਦੋਂ ਆਪ ਆਪਣੇ ਪਿੰਡ ਦੇ ਸੂਬੇਦਾਰ (ਜੋ ਸ਼ਰੀਕੇ ਚੋਂ ਆਪਦੇ ਚਾਚਾ ਜੀ ਸਨ) ਦੀ ਪ੍ਰੇਰਣਾ ਨਾਲ ਫੌਜ ਵਿਚ ਭਰਤੀ ਹੋ ਗਏ।

ਪਹਿਲੀ ਆਲਮਗੀਰ ਜੰਗ ਉਪਰੰਤ ਆਪ ਫੌਜ ਵਿਚੋਂ ਆ ਗਏ। 1923 ਵਿਚ ਜੈਤੋਂ ਮੋਰਚੇ ਸਮੇਂ ਆਪ ਇਕ ਤਕਰੀਰ ਕਰਨ ਪੁਰ ਫਿਰੋਜ਼ਪੁਰ ਦੀ ਇਕ ਅਦਾਲਤ ਵਲੋਂ 2 ਸਾਲ ਦੀ ਕੈਦ ਦੇ ਭਾਗੀ ਬਣ ਗਏ ਤੇ ਮੁਲਤਾਨ ਸੈਂਟਰਲ ਜੇਲ੍ਹ ਵਿਚ ਤਬਦੀਲ ਕਰ ਦਿੱਤੇ ਗਏ। ਉਥੇ ਪਹਿਲੋਂ ਹੀ ਸਾਡਾ ਕਛਿਹਰੇ ਬਦਲਣ ਲਈ ਸਾਫੇ ਦਾ ਝਗੜਾ ਚਲ ਰਿਹਾ ਸੀ। ਆਪ ਵੀ ਸਾਡੇ ਨਾਲ ਮਿਲ ਗਏ ਤੇ ਜੇਲ੍ਹ ਵਿਚ ਆਪ ਦੀ ਤਿੰਨ ਸਾਲ ਕੈਦ ਵਧਾ ਦਿੱਤੀ ਗਈ। ਆਪ ਜੀ ਮੇਰੇ ਨਾਲ ਸੈਂਟਰਲ ਜੇਲ੍ਹ ਮੁਲਤਾਨ ਡਿਸਟ੍ਰਿਕਟ ਜੇਲ, ਕੈਮਲਪੁਰ ਤੇ ਰਾਵਲਪਿੰਡੀ ਜੇਲ੍ਹਾਂ 'ਚ ਰਹੇ। ਫਿਰ ਰਾਵਲਪਿੰਡੀ ਤੋਂ ਹੀ ਰਿਹਾ ਹੋਏ। 1928 ਵਿਚ ਮੁੜ ਧੰਨਾ ਸਿੰਘ ਬੱਬਰ ਅਕਾਲੀ ਦੀ ਬਰਸੀ ਮਨਾਉਣ ਤੇ ਤਕਰੀਰਾਂ ਕਰਨ ਦੇ ਜੁਰਮ ਵਿਚ ਮੈਨੂੰ ਦੁਖੀਆ ਜੀ ਤੇ ਸ. ਅਰਜਨ ਸਿੰਘ ਜੀ ਤਿੰਨਾਂ ਨੂੰ ਤਿੰਨ-ਤਿੰਨ ਸਾਲ ਕੈਦ ਹੋਈ। ਥੋੜ੍ਹਾ ਚਿਰ ਜਲੰਧਰ ਤੇ ਹੁਸ਼ਿਆਰਪੁਰ ਇਕੱਠੇ ਰਹੇ। ਉਪਰੰਤ ਮੈਨੂੰ ਮੀਆਂਵਾਲੀ ਤੇ ਆਪ ਜੀ ਨੂੰ ਤੇ ਸੱਚ ਹੁਰਾਂ ਨੂੰ ਰਾਵਲਪਿੰਡੀ ਘੱਲ

ਦਿੱਤਾ ਗਿਆ। ਉਥੋਂ ਉਨ੍ਹਾਂ ਨੂੰ ਸਿਆਲਕੋਟ ਤੇ ਮੈਨੂੰ ਗੁਜਰਾਤ ਘੱਲ ਦਿੱਤਾ ਗਿਆ। ਆਪ ਸਿਆਲਕੋਟ ਤੋਂ ਰਿਹਾ ਹੋਏ। 1933 'ਚ ਮੁੜ ਮੈਂ ਬੰਗਾਲ ਤੇ ਦੁਖੀਆ ਜੀ ਅਤੇ ਸੱਚ ਸਾਹਿਬ ਪੰਜਾਬ ਵਿਚੋਂ ਫੜ੍ਹੇ ਗਏ ਤੇ ਇੱਕ-ਇੱਕ ਸਾਲ ਦੀ ਕੈਦ ਹੋਈ। 1938-39 'ਚ ਆਪ ਨੂੰ ਪਿੰਡ ਵਿਚ ਹੀ ਨਜ਼ਰਬੰਦ ਕਰ ਦਿੱਤਾ ਗਿਆ ਤੇ 1940 ਨੂੰ ਮੁੜ ਸਾਡੇ ਨਾਲ ਫੜ੍ਹੇ ਗਏ ਤੇ ਨਜ਼ਰਬੰਦ ਹੋ ਕੇ ਮੁਜੱਫਰਗੜ੍ਹ, ਦਿਉਲੀ ਤੇ ਗੁਜਰਾਤ ਆਦਿ ਜੇਲ੍ਹਾਂ 'ਚ ਰਹੇ। ਆਪ ਪਿਆਰ-ਮੁਜੱਸਮਾ, ਕੁਰਬਾਨੀ ਤੇ ਤਿਆਗ ਦੇ ਪੁਤਲੇ ਸਨ। ਬਹੁਤ ਅੱਛਾ ਬੋਲਣ ਵਾਲੇ, ਕਵੀ ਤੇ ਲਿਖਾਰੀ ਸਨ। ਵਰਤਮਾਨ ਖਿੱਚੋਤਾਣ 'ਚ ਆਪ ਜਿਹੇ ਕੱਟੜ ਦੇਸ਼ ਭਗਤਾਂ ਦੀ ਲੋੜ ਹੈ। ਜੇਕਰ ਅੱਜ ਦੁਖੀਆ ਜੀ ਹੁੰਦੇ ਤਾਂ ਸ਼ਾਇਦ ਹੁਸ਼ਿਆਰਪੁਰ ਵਿਚ ਇਹ ਕੜ੍ਹੀ ਨਾ ਘੁਲਦੀ ਜੋ ਅੱਜ ਘੋਲੀ ਗਈ ਹੈ। ਹੁਣ ਤਾਂ ਰਿੰਡ ਪ੍ਰਧਾਨ ਹੋਇਆ ਫਿਰਦਾ ਹੈ। ਆਪ ਜੀ ਦੇ ਪਿਤਾ ਹੁਣ ਵੀ ਸਾਧੂ ਬਿਰਤੀ ਰੱਖਦੇ ਹਨ। ਆਪ ਨੂੰ ਗੁਜ਼ਾਰੇ ਲਈ ਸਰਕਾਰ ਵੱਲੋਂ ਪੈਨਸ਼ਨ ਦਿੱਤੀ ਗਈ ਹੈ। 'ਦੁਖੀਆ' ਜੀ ਨੇ ਸ਼ਾਦੀ ਨਹੀਂ ਸੀ ਕੀਤੀ। ਮੇਰਾ ਬੜਾ ਕਾਕਾ ਜਦੋਂ ਇਕ ਸਾਲ ਦਾ ਸੀ ਤਾਂ ਇਹ ਉਨ੍ਹਾਂ ਨੂੰ ਦਿਉਲੀ ਦੇਖਣ ਗਿਆਂ ਤੇ ਮੇਰੇ ਤੋਂ ਇਸ ਕਾਕੇ ਨੂੰ ਮੰਗ ਲਿਆ ਤੇ ਆਪਣਾ ਪੁੱਤਰ ਬਣਾ ਕੇ ਇਸੇ ਨੂੰ ਪਾਲਣ ਪੋਸਣ ਤੇ ਪੜ੍ਹਾਉਣ ਦੀ ਸੱਧਰ ਆਪਦੇ ਦਿਲ ਵਿਚ ਸਮੋਈ ਗਈ। ਪਰ ਉਹ ਦਿਲ ਵਿਚ ਹੀ ਰਹਿ ਗਈ ਕਿਉਂਕਿ ਇਸ ਤੋਂ ਪਹਿਲਾਂ ਕਿ ਆਪ ਇਸ ਨੂੰ ਪੂਰਾ ਕਰਦੇ, ਆਪ ਨੂੰ ਉਪਰੋਂ ਬੁਲਾਵਾ ਆ ਗਿਆ ਤੇ ਪਰ ਉਹ ਆਪਣੀਆਂ ਪਿਆਰ ਭਰੀਆਂ ਮਿੱਠੀਆਂ ਯਾਦਾਂ ਹੀ ਸਾਡੇ ਕੋਲ ਛੱਡ ਕੇ ਤੁਰ ਗਏ।

ਹਫਤਾਵਾਰ 'ਪੰਜਾਬੀ ਜਨਤਾ'
6 ਜੁਲਾਈ, 1956, ਪੰਨਾ-2

## ਸੋਹਣ ਸਿੰਘ ਜੋਸ਼

ਸੋਹਣ ਸਿੰਘ ਜੋਸ਼ ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀਆਂ ਵਿਚੋਂ ਸਨ। ਭਾਈ ਸੰਤੋਖ ਸਿੰਘ ਧਰਦਿਓ ਦੀ ਮੌਤ ਤੋਂ ਬਾਅਦ ਉਹ 'ਕਿਰਤੀ' ਅਖ਼ਬਾਰ ਦੇ ਸੰਪਾਦਕ ਬਣੇ। 'ਮੇਰਠ ਸਾਜ਼ਿਸ਼ ਕੇਸ' ਵਿਚ ਉਹ ਸ਼ਾਮਿਲ ਕੀਤੇ ਗਏ। ਰਿਹਾਈ ਤੋਂ ਪਿੱਛੋਂ ਉਨ੍ਹਾਂ ਐਂਟੀ-ਇੰਪੀਰੀਅਲਿਸਟ ਲੀਗ ਦੇ ਨਾਂ ਥੱਲੇ ਕਮਿਊਨਿਸਟ ਪਾਰਟੀ ਬਣਾਉਣ ਲਈ ਕੰਮ ਕੀਤਾ। ਉਹ ਪੰਜਾਬ ਕਾਂਗਰਸ ਪਾਰਟੀ ਦੇ ਸਕੱਤਰ ਵੀ ਰਹੇ। ਹਿੰਦ ਕਮਿਊਨਿਸਟ ਪਾਰਟੀ ਦੇ ਉਹ ਕੌਮੀ ਆਗੂਆਂ ਵਿਚੋਂ ਸਨ।

ਪਿੰਡ ਚੇਤਨਪੁਰ ਜ਼ਿਲ੍ਹਾ ਅੰਮ੍ਰਿਤਸਰ 'ਚ ਪੈਦਾ ਹੋਏ। ਪਹਿਲਾਂ ਮਾਸਟਰੀ ਕੀਤੀ। ਪਹਿਲਾਂ ਪਹਿਲ ਅਕਾਲੀ ਲਹਿਰ ਵਿਚ 'ਕੁੰਜੀਆਂ ਦੇ ਮੋਰਚੇ' 'ਚ 1921 ਵਿਚ ਗ੍ਰਿਫਤਾਰ ਹੋਏ।

ਅੰਮ੍ਰਿਤਸਰ ਰੋਜ਼ਾਨਾ 'ਸੰਸਾਰ' ਅਖ਼ਬਾਰ ਪੰਜਾਬੀ ਵਿਚ ਜਾਰੀ ਕੀਤਾ। 1922 ਵਿਚ ਲਾਇਲਪੁਰ ਤੋਂ ਇਕ ਤਕਰੀਰ ਕਰਨ ਦੇ ਦੋਸ਼ ਵਿਚ ਪੰਦਰਾਂ ਮਹੀਨੇ ਤੋਂ ਵਧ ਸਖ਼ਤ ਕੈਦ ਹੋਈ ਤੇ ਮਿੰਟਗੁੰਮਰੀ ਤੇ ਮੁਲਤਾਨ ਜੇਲ੍ਹ ਵਿਚ ਰਹੇ। ਡਿਸਟ੍ਰਿਕਟ ਜੇਲ੍ਹ ਮੁਲਤਾਨ ਵਿਚ ਕਾਫੀ ਵਕਤ ਬਿਤਾਇਆ।

1923 ਵਿਚ ਜੋਸ਼ ਰਿਹਾ ਹੋਏ ਤਾਂ ਉਹ ਅਕਾਲੀ ਦਲ ਦੇ ਜਨਰਲ ਸਕੱਤਰ ਬਣਾਏ ਗਏ। 1923 ਦੇ ਅਕਤੂਬਰ ਮਹੀਨੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜੈਕਟਿਵ ਵਿਚ ਹਕੂਮਤ ਨੇ ਕਮੇਟੀ ਨੂੰ ਬਾਗੀ ਕਰਾਰ ਦੇ ਕੇ ਗ੍ਰਿਫ਼ਤਾਰ ਕਰ ਲਏ। 1926 ਵਿਚ ਜੋਸ਼ ਜਥੇ ਨਾਲ ਰਿਹਾ ਹੋਏ।

1926 ਪੰਜਾਬੀ ਦੇ 'ਕਿਰਤੀ' ਰਸਾਲੇ ਦੇ ਚੀਫ਼ ਐਡੀਟਰ ਬਣ ਗਏ। ਇਥੇ ਹੀ ਇਨ੍ਹਾਂ ਨਾਲ ਬਾਬਾ ਭਾਗ ਸਿੰਘ, ਕਰਮ ਸਿੰਘ ਚੀਮਾ, ਅਰਜਨ ਸਿੰਘ ਗੜ੍ਹਗੱਜ, ਫਰੋਜਦੀਨ ਮਨਸੂਰ ਤੇ ਸ਼ਹੀਦ ਭਗਤ ਸਿੰਘ ਵੀ ਕੰਮ ਕਰਦੇ ਰਹੇ। ਪਹਿਲੀ ਮਾਰਚ 1929 ਨੂੰ ਹਕੂਮਤ ਨੇ ਦੇਸ਼ ਭਰ ਵਿਚੋਂ 31 ਮਜ਼ਦੂਰ ਕਿਸਾਨ ਆਗੂ ਗ੍ਰਿਫਤਾਰ ਕੀਤੇ। ਉਨ੍ਹਾਂ ਵਿਚ ਅੰਮ੍ਰਿਤਸਰੋਂ ਜੋਸ਼ ਵੀ ਫੜੇ ਗਏ।

ਮੇਰਠ ਸਾਜਿਸ਼ ਕੇਸ ਵਿਚ ਪੰਜ ਸਾਲ ਕੈਦ ਹੋਈ ਤੇ 1933 ਵਿਚ ਰਿਹਾ ਹੋ ਕੇ ਆ ਗਏ। ਇਨ੍ਹਾਂ ਦੇ ਉਦਮ ਨਾਲ ਪੰਜਾਬ ਰੈਡੀਕਲ ਲੀਗ, ਐਂਟੀ ਇੰਮਪੀਰੀਅਲਲਿਸਟ ਲੀਗ, ਸੋਸਲਿਸਟ ਪਾਰਟੀ ਆਦਿ ਪੰਜਾਬ ਵਿਚ ਬਣਾਈਆਂ। 1937 ਵਿਚ ਪੰਜਾਬ ਅਸੰਬਲੀ ਮੈਂਬਰ ਇਕ ਵੱਡੇ ਜਗੀਰਦਾਰ ਸੰਧਾਵਾਲੀਏ ਨੂੰ ਹਰਾ ਕੇ ਬਣੇ। 1938 ਵਿਚ ਕਿਸਾਨ ਮੋਰਚੇ ਛੀਨਾ ਵਿਚ ਕੈਦ। 1934 ਵਿਚ ਕਾਂਗਰਸ ਦੇ ਜਨਰਲ ਸਕੱਤਰ ਚੁਣੇ ਗਏ। 1940 ਵਿਚ ਦੂਜੀ ਜੰਗ ਸ਼ੁਰੂ ਹੋਣ ਵੇਲੇ ਹਕੂਮਤ ਨੇ ਹੋਰ ਆਗੂਆਂ ਨਾਲ ਫੇਰ ਨਜ਼ਰਬੰਦ ਕਰ ਲਏ ਤੇ 1 ਮਈ 1942 ਨੂੰ ਰਿਹਾ ਕਰ ਦਿੱਤੇ ਗਏ। ਇਨ੍ਹੀਂ ਦਿਨੀ ਆਪ ਪੰਜਾਬ ਕਮਿਊਨਿਸਟ ਪਾਰਟੀ ਦੇ ਸਕੱਤਰ ਬਣੇ। 1951 ਵਿਚ ਸੁਪਰੀਮ ਕੋਰਟ ਨੇ ਰਿਹਾ ਕੀਤਾ। ਇਸ ਦੌਰਾਨ ਤਿੰਨ ਭੁੱਖ ਹੜਤਾਲਾਂ ਕਰਨੀਆਂ ਪਈਆਂ। ਬਾਹਰ ਆਉਣ ਤੇ ਆਪ ਨੂੰ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦਾ ਮੈਂਬਰ ਲੈ ਲਿਆ ਗਿਆ ਤੇ ਹੁਣ ਆਪ ਹਿੰਦ ਕਮਿਊਨਿਸਟ ਪਾਰਟੀ ਦੇ ਐਗਜੈਕਟਿਵ ਕਮੇਟੀ ਦੇ ਮੈਂਬਰ ਤੇ ਅਖ਼ਬਾਰ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਮੁੱਖ ਐਡੀਟਰ ਹਨ।

**-ਕਾਬਲ ਸਿੰਘ ਗੋਬਿੰਦਪੁਰੀ ਦੀ ਹੱਥ ਲਿਖਤ**

# ਹਵਾਲੇ ਅਤੇ ਟਿੱਪਣੀਆਂ

* ਭਾਈ ਗੁਰਦਿੱਤ ਸਿੰਘ ਦਲੇਰ ਪੁੱਤਰ ਸ. ਮੰਗਲ ਸਿੰਘ ਪਿੰਡ ਮੰਢਾਲੀ ਜ਼ਿਲ੍ਹਾ ਜਲੰਧਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਦਾ ਰਹਿਣ ਵਾਲਾ ਸੀ। ਉਹ ਫ਼ੌਜ ਵਿਚ ਭਰਤੀ ਸੀ ਪਰ ਪਹਿਲੇ ਜੰਗ ਪਿੱਛੋਂ ਸਰਕਾਰ ਵਿਰੋਧੀ ਗਤੀਵਿਧੀਆਂ ਕਰਕੇ ਉਸਨੂੰ ਡਿਸਚਾਰਜ਼ ਕਰ ਦਿੱਤਾ ਗਿਆ। ਗੁਰੂ ਕੇ ਬਾਗ ਦੇ ਮੋਰਚੇ ਵਿਚ ਉਸਨੂੰ ਬਹੁਤ ਕੁੱਟਿਆ ਜਾਂਦਾ ਤਾਂ ਉਹ ਬੇਹੋਸ਼ ਹੋ ਜਾਂਦਾ। ਮਰਿਆ ਸਮਝ ਕੇ ਪੁਲਿਸ ਮਾਰਨਾ ਬੰਦ ਕਰ ਦਿੰਦੀ, ਹੋਸ਼ ਆਉਣ ਤੇ ਉਹ ਫਿਰ ਸ਼ੇਰ ਵਾਂਗ ਗੜਕ ਕੇ ਅੱਗੇ ਤੁਰ ਪੈਂਦਾ। ਇਸ ਦਲੇਰੀ ਨੂੰ ਦੇਖ ਕੇ ਮੋਰਚੇ ਦੇ ਡਿਕਟੇਟਰ ਨੇ ਬਬਰ ਗੁਰਦਿੱਤ ਸਿੰਘ ਦਾ ਪਹਾੜ ਦੀ ਚਟਾਨ ਵਰਗਾ ਹੌਸਲਾ ਤੇ ਨਿਡਰਤਾ ਦੇਖ ਕੇ 'ਦਲੇਰ' ਦਾ ਖਿਤਾਬ ਦਿੱਤਾ ਸੀ। ਗੁਰਦਿੱਤ ਸਿੰਘ ਦਲੇਰ ਦੇ ਚਾਰ ਲੜਕੇ ਸਨ, ਜਿਨ੍ਹਾਂ ਦੇ ਨਾਂ ਉਸ ਸਮੇਂ ਦੇ ਬਹੁਤ ਬਹਾਦਰ ਬਬਰ ਅਕਾਲੀਆਂ 'ਤੇ ਨਾਵਾਂ ਤੇ ਰੱਖੇ ਸਨ। ਜਿਵੇਂ: 1. ਕਾਬਲ ਸਿੰਘ– ਮਾਸਟਰ ਕਾਬਲ ਸਿੰਘ ਗੋਬਿੰਦਪੁਰੀ। 2. ਧੰਨਾ ਸਿੰਘ– ਅਮਰ ਸ਼ਹੀਦ ਧੰਨਾ ਸਿੰਘ। 3. ਬੰਤਾ ਸਿੰਘ– ਅਮਰ ਸ਼ਹੀਦ ਬੰਤਾ ਸਿੰਘ ਧਾਮੀਆਂ ਕਲਾਂ। 4. ਮਹਿੰਦਰ ਸਿੰਘ– ਸ਼ਹੀਦ ਬਬਰ ਮਹਿੰਦਰ ਸਿੰਘ ਪੰਡੋਰੀ। ਉਹ ਦੇਸ ਸੇਵਕ ਅਖ਼ਬਾਰ ਦਾ ਐਡੀਟਰ ਵੀ ਰਿਹਾ। ਗ਼ਦਾਰ ਅਨੂਪ ਸਿੰਘ ਮਾਣਕੋ ਦੀਆਂ ਕਾਲੀਆਂ ਕਰਤੂਤਾਂ ਤੋਂ ਗੁੱਸੇ 'ਚ ਆ ਕੇ ਕਰਤਾਰ ਸਿੰਘ ਕਿਰਤੀ, ਉਜਾਗਰ ਸਿੰਘ ਪਨਿਆਲੀਆਂ ਨਾਲ ਮਿਲ ਕੇ 18-19 ਜੂਨ 1936 ਦੀ ਰਾਤ ਨੂੰ ਅਨੂਪ ਸਿੰਘ ਤੇ ਉਸਦੇ ਬੱਚੇ ਸਮੇਤ ਮਾਰ ਮੁਕਾਇਆ। ਉਹ 10 ਅਗਸਤ 1937 ਨੂੰ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ।

1. ਸ. ਗੁਰਚੈਨ ਸਿੰਘ ਗੋਬਿੰਦਪੁਰੀ ਦੀ ਜ਼ੁਬਾਨੀ ਦਿੱਤੀ ਜਾਣਕਾਰੀ
2. ਭਾਈ ਨਾਹਰ ਸਿੰਘ, ਆਜ਼ਾਦੀ ਦੀਆਂ ਲਹਿਰਾਂ, ਪੰਨਾ-10
3. 'ਪ੍ਰਦੇਸੀ ਖਾਲਸਾ' ਅਖ਼ਬਾਰ, ਬੀ.ਸੀ. ਕਨੇਡਾ ਜਨਵਰੀ-ਫਰਵਰੀ 1911, ਪੰਨਾ-3

* ਗ਼ਦਰ ਲਹਿਰ ਦੇ ਪਹਿਲੇ ਲਾਹੌਰ ਸਾਜਿਸ਼ ਕੇਸ ਵਿਚ 29 ਅਪ੍ਰੈਲ 1915 ਨੂੰ ਲਾਹੌਰ ਸੈਂਟਰਲ ਜੇਲ੍ਹ ਦੇ ਅਹਾਤੇ ਅੰਦਰ ਹੀ "ਖਾਸ ਅਦਾਲਤ" ਕਾਇਮ ਕਰਕੇ ਤਿੰਨ ਬੁੱਚੜ ਕਿਸਮ ਦੇ ਜਜਾਂ ਅੱਗੇ ਇਹ ਕੇਸ ਸਪੁਰਦ ਕਰਕੇ 62 ਗ਼ਦਰੀ ਦੇਸ਼ ਭਗਤਾਂ ਨੂੰ ਸਜ਼ਾਵਾਂ ਸੁਣਾਈਆਂ ਗਈਆਂ ਸਨ। ਇਨ੍ਹਾਂ ਵਿਚੋਂ ਕਰਤਾਰ ਸਿੰਘ ਵਿਸ਼ਨੂੰ ਗਣੇਸ਼ ਪਿੰਗਲੇ, ਸ. ਜਗਤ ਸਿੰਘ ਸੁਰਸਿੰਘ, ਬਖਸ਼ੀਸ਼ ਸਿੰਘ, ਸੁਰੈਣ ਸਿੰਘ ਵੱਡਾ, ਸੁਰੈਣ ਸਿੰਘ ਛੋਟਾ ਨੂੰ 16 ਨਵੰਬਰ 1915 ਨੂੰ ਫਾਂਸੀ ਲਾਏ ਗਏ।

4. ਮਿਲਖਾ ਸਿੰਘ ਨਿੱਝਰ, ਬਬਰ ਅਕਾਲੀ ਲਹਿਰ, ਪੰਨਾ-

* ਪਹਿਲੀ ਫਰਵਰੀ 1911 ਨੂੰ ਪਿੰਡ ਬਡੋਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਵਿਦਿਆ ਦੇ ਪਸਾਰ ਲਈ ਖਾਲਸਾ ਸਕੂਲ ਖੁੱਲ ਗਿਆ ਅਤੇ ਪੜ੍ਹਾਈ ਸ਼ੁਰੂ ਹੋਈ। ਸਕੂਲ ਦੀ ਇਮਾਰਤ ਸਰਦਾਰ ਸਾਵਨ ਸਿੰਘ ਦੀ ਜ਼ਮੀਨ ਵਿਚ ਬਣਾਉਣੀ ਸ਼ੁਰੂ ਕੀਤੀ ਤਾਂ ਸੁਸਾਇਟੀ ਦੇ ਸਕੱਤਰ ਸ. ਪ੍ਰਦੁਮਣ ਸਿੰਘ

ਵਲੋਂ ਮਾਇਆ ਦੀ ਮੰਗ ਕਰਦਿਆਂ ਆਖਿਆ "ਮਾਇਆ ਦੀ ਕਮੀ ਹੈ, ਸਾਜਨ ਜਨ ਗੱਫੇ ਭੇਜ ਕੇ ਪ੍ਰਫੁੱਲਤ ਕਰਨ ਤਾਂ ਕਿ ਆਪ ਦੇ ਪਿਆਰੇ ਬੱਚੇ ਨਾਮ ਦਾ ਝੰਡਾ ਝੁਲਾ ਦੇਣ, ਵਿਦਿਆ ਤੋਂ ਬਿਨਾਂ, ਪੁਰਸ਼ ਦਾ ਜੀਵਨ ਨਹੀਂ, ਵਿਦਿਆ ਦਾਨ ਦਿਉ।"

ਅਜੋਕੇ ਪ੍ਰਧਾਨ ਸ. ਕੁੰਦਨ ਸਿੰਘ ਮਹਾਂਦਾਨੀ ਦੇ ਪੋਤਰੇ ਸ. ਨਵਤੇਜ ਸਿੰਘ 'ਬਿੱਲਾ' ਹਨ ਜਿਹੜੇ ਸਕੂਲ ਨੂੰ ਮਾਲੀ ਤੇ ਨੈਤਿਕ ਸੇਵਾਵਾਂ ਦੇ ਰਹੇ ਹਨ। ਇਹ ਸਕੂਲ ਹਾਇਰ ਸੈਕੰਡਰੀ ਤੱਕ ਇਲਾਕੇ ਦੇ ਬੱਚਿਆਂ ਨੂੰ ਵਿਦਿਆ ਦਾ ਚਾਨਣ ਵੰਡ ਰਿਹਾ ਹੈ। ਇਹ ਸਕੂਲ ਸ. ਕੁੰਦਨ ਸਿੰਘ ਬੱਡੋਂ ਦੀ ਅਗਵਾਈ ਵਿਚ 1910 'ਚ ਸ਼ੁਰੂ ਹੋਇਆ ਜਿਹੜੇ ਉਸ ਸਮੇਂ 'ਮਹਾਂਦਾਨੀ' ਕਰਕੇ ਪ੍ਰਸਿੱਧ ਸਨ। 4 ਸਤੰਬਰ 1926 ਨੂੰ ਸੈਂਟਰ ਬੋਰਡ ਦੀ ਟਾਊਨ ਹਾਲ ਅੰਮ੍ਰਿਤਸਰ ਵਿਖੇ ਹੋਈ ਚੋਣ ਸਮੇਂ ਪਹਿਲੇ ਚੁਣੇ ਗਏ ਐਗਜੈਕਟਿਵ ਕਮੇਟੀ ਦੇ ਸੱਤ ਮੈਂਬਰਾਂ ਵਿਚ ਸ. ਕੁੰਦਨ ਸਿੰਘ ਬਡੋਂ (ਠੇਕੇਦਾਰ) ਵੀ ਇਕ ਸਨ।

5. ਚਰੰਜੀ ਲਾਲ ਕੰਗਣੀਵਾਲ, ਵਿਜੈ ਬੰਬੇਲੀ, 'ਗੁੰਮਨਾਮ ਦੇਸ਼ ਭਗਤਾਂ ਦਾ ਪਿੰਡ ਰੁੜਕੀ ਖਾਸ' ਪੰਨਾ-26

6. -ਉਹੀ-

7. ਜਗਜੀਤ ਸਿੰਘ ਆਨੰਦ, ਅਰਜਨ ਸਿੰਘ ਗੜਗੱਜ ਦੀ ਸਮੁੱਚੀ ਰਚਨਾ- ਪੰਨਾ-177

8. ਸੁੰਦਰ ਸਿੰਘ ਮਖਸੂਸਪੁਰੀ, ਬਬਰ ਅਕਾਲੀ ਲਹਿਰ, ਪੰਨਾ-118

ਬਬਰ ਜਥੇ ਨੇ ਐਲਾਨ ਨੰਬਰ 1 ਅਰਥਾਤ ਗਵਰਨਰ ਪੰਜਾਬ ਦੇ ਨਾਮ ਖੁੱਲ੍ਹੀ ਚਿੱਠੀ ਪ੍ਰਕਾਸ਼ਤ ਕੀਤੀ ਜਿਸ ਵਿਚ ਲਿਖਿਆ ਸੀ:

"ਤੇਰੇ ਜ਼ੁਲਮਾਂ ਤੋਂ ਤੰਗ ਆ ਕੇ ਬਬਰ ਅਕਾਲੀਆਂ ਨੇ ਸ਼ਾਂਤਮਈ ਦਾ ਰਸਤਾ ਛੱਡ ਕੇ ਤਲਵਾਰ ਦਾ ਰਸਤਾ ਫੜਿਆ ਹੈ। ਬਿਸ਼ਨ ਸਿੰਘ ਜ਼ੈਲਦਾਰ, ਰਾਣੀ ਥੂਆ, ਬੂਟਾ ਨੰਬਰਦਾਰ ਤੇ ਨਾਲ ਹੀ ਉਸਦਾ ਪੋਤਾ ਅਤੇ ਗੜ੍ਹਸ਼ੰਕਰ ਦਾ ਲਾਭ ਸਿੰਘ ਮਿਸਤਰੀ ਜੋ ਡਾਇਰੀਆਂ ਦਿਆ ਕਰਦੇ ਸਨ, ਕਤਲ ਕਰ ਦਿੱਤੇ ਗਏ ਹਨ। ਇਕ ਹੋਰ ਨੂੰ ਉਮਰ ਕੈਦ ਕੀਤੀ ਹੈ, ਅਰਥਾਤ ਪਾਰ ਬੁਲਾਇਆ ਹੈ। ਬਾਕੀ ਰਹਿੰਦੇ ਭੀ ਛੇਤੀਂ ਹੀ ਗ੍ਰਿਫ਼ਤਾਰ ਕੀਤੇ ਜਾਣਗੇ, ਅਰਥਾਤ ਅਸੀਂ ਹੋਰ ਝੋਲੀ ਚੁੱਕਾਂ ਨੂੰ ਵੀ ਧੀਰੇ-ਧੀਰੇ ਕਤਲ ਕਰਾਂਗੇ ਚੂੰਕਿ ਸਾਡੇ ਕੋਲ ਆਪਣਾ ਦੰਡ ਸ਼ਾਸ਼ਤਰ (Penal Code) ਨਹੀਂ ਹੈ। ਇਸ ਲਈ ਅਸੀਂ ਤਿੰਨ ਮੱਦਾਂ ਬਣਾਈਆਂ ਹਨ: ਪਹਿਲੀ ਦੋਸ਼ੀ ਨੂੰ ਨਰਕ ਪੁਚਾਉਂਦੀ ਹੈ, ਦੂਜੀ ਉਸ ਦਾ ਅੰਗ ਭੰਗ ਕਰਦੀ ਹੈ, ਤੀਜੀ ਉਸ ਨੂੰ ਜ਼ੁਰਮਾਨੇ ਦੀ ਸਜ਼ਾ ਦਿੰਦੀ ਹੈ।" ਅਸੀਂ ਹਾਂ ਕਰਮ ਸਿੰਘ ਐਡੀਟਰ ਦੌਲਤਪੁਰ, ਧੰਨਾ ਸਿੰਘ ਬਹਿਬਲਪੁਰ, ਉਦੈ ਸਿੰਘ ਰਾਮਗੜ੍ਹ ਝੁੰਗੀਆਂ।

9. Dr. Gurcharn Singh Aulakh, Babbar Akali Movement: P-210

10. ਗੁਰਚੈਨ ਸਿੰਘ ਗੋਬਿੰਦਪੁਰ ਦੀ ਜੁਬਾਨੀ ਜੋ ਉਨ੍ਹਾਂ ਮਾ. ਕਾਬਲ ਸਿੰਘ ਤੋਂ ਸੁਣਿਆ ਸੀ।

* **ਮਜ਼ਲੂਮ ਦੁਆਬੇ ਦੀ ਸਾਰ ਲਵੋ** : ਜੋ ਜ਼ੁਲਮ ਦੁਆਬੇ ਵਿਚ ਹੋ ਰਿਹਾ ਹੈ ਉਹ ਦੁਨੀਆਂ ਨੂੰ ਸ਼੍ਰੋਮਣੀ ਕਮੇਟੀ ਦੀ ਮੁਕੱਰਰ ਤਾਕੀ ਕਾਤੀ ਕਮੇਟੀ ਦੀ ਗਰਿਫ਼ਤਾਰੀ ਤੋਂ ਪਰਗਟ ਹੋ ਚੁੱਕਾ ਹੈ। ਜਿਥੇ ਸਰਕਾਰ ਆਪਣੇ ਕੰਮਾਂ ਉੱਤੇ ਪਰਦਾ ਪਾਉਣਾ ਚਾਹੇ ਤੇ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਤਰੀਕੇ ਨਾਲ ਲੁਕਾਣ ਦਾ ਜਤਨ ਕਰੇ ਜਿਸ ਨਾਲ ਉਸਨੂੰ ਬਦਨਾਮੀ ਵੀ ਆਵੇ ਤਾਂ ਇਹ ਸਮਝੋ ਕਿ ਉਹ ਕਿਸੇ ਅਜੇਹੇ ਕੰਮ ਨੂੰ ਲੁਕਾ ਰਹੀ ਹੈ ਜਿਸਦੇ ਜ਼ਾਹਿਰ ਹੋਣ ਉਤੇ ਉਸਦੀ ਇਸ ਨਾਲੋਂ ਵੀ ਵੱਧ ਬਦਨਾਮੀ ਹੁੰਦੀ। ਨੌਕਰਸ਼ਾਹੀ ਦਾ ਇਸ ਤਰ੍ਹਾਂ ਦੀ ਬਦਨਾਮੀ ਲੈਣਾ ਕੇਵਲ ਵੱਡੀ ਬਦਨਾਮੀ ਤੋਂ ਬਚਣ ਲਈ ਹੀ ਹੈ। ਇਸ ਤੋਂ ਅੰਦਾਜ਼ਾ ਲਗ ਸਕਦਾ ਹੈ ਕਿ ਦੁਆਬੇ ਵਿਚ ਕਿਸ ਤਰ੍ਹਾਂ ਦੇ ਜ਼ੁਲਮ ਹੋ ਰਹੇ ਹਨ। ਮਾਰਸ਼ਲ ਲਾ ਵੇਲੇ ਤਾਂ ਬਾਹਰੋਂ ਪਤਾ ਲੈਣ ਆਵਣ ਵਾਲਿਆਂ ਲਈ ਥੋੜ੍ਹੇ ਦਿਨ

ਹੀ ਬੰਦਸ਼ ਰਹੀ ਸੀ ਪਰ ਹੁਣ ਦੁਆਬੇ ਵਿਚ ਮਾਰਸ਼ਲ ਲਾ ਦੀ ਥਾਂ ਅਤਿਆਚਾਰਾਂ ਦਾ ਪਤਾ ਲੈਣ ਵਾਲਿਆਂ ਵਾਸਤੇ 107 ਕਈ ਮਹੀਨਿਆਂ ਤੋਂ ਲੱਗ ਰਿਹਾ ਹੈ ਤੇ ਇਸ ਦਫੇ ਹੇਠਾਂ ਕਈ ਸੱਜਣ ਗ੍ਰਿਫ਼ਤਾਰ ਹੋ ਚੁੱਕੇ ਹਨ। ਸੱਚਮੁੱਚ ਇਸ ਵੇਲੇ ਦੁਆਬਾ ਬਹੁਤ ਸਖਤੀ ਹੇਠਾਂ ਪੀਠਾ ਜਾ ਰਿਹਾ ਹੈ। ਸੋਚੋ, ਅਸੀਂ ਇਸ ਵੇਲੇ ਆਪਣੇ ਦੁਖੀ ਵੀਰਾਂ ਦੀ ਕੀ ਸਹਾਇਤਾ ਕਰ ਸਕਦੇ ਹਾਂ। ਸ਼ੈਤਾਨੀ ਤਾਕਤਾਂ ਦੇ ਸਾਹਮਣੇ ਸਾਡੀ ਕੋਈ ਪੇਸ਼ ਨਹੀਂ ਜਾਂਦੀ ਪਰ ਅਸੀਂ ਹਮਦਰਦੀ ਦੇ ਦੋ ਅੱਖਰ ਤਾਂ ਦੁਆਬੇ ਨੂੰ ਘੱਲ ਸਕਦੇ ਹਾਂ। ਦੁਆਬਾ ਨਿਵਾਸੀ ਇਤਨੇ ਦੁਖ ਝਲਕੇ ਭੀ ਡਟੇ ਹੋਏ ਹਨ ਤੇ ਥੋੜ੍ਹੇ ਦਿਨਾਂ ਨੂੰ ਹੀ ਸੈਂਟਲ ਸਿਖ ਲੀਗ ਦਾ ਇਜਲਾਸ ਜਲੰਧਰ ਵਿਚ ਹੋਵੇਗਾ। ਉਸ ਉਤੇ ਸਾਡਾ ਹਜ਼ਾਰਾਂ ਦੀ ਗਿਣਤੀ ਵਿਚ ਪੁੱਜਣਾ ਹੀ ਸਾਡੇ ਦੁਆਬਾ ਨਿਵਾਸੀ ਵੀਰਾਂ ਲਈ ਖਾਸਾ ਸਹਾਰਾ ਹੋਵੇਗਾ। ਦੁਆਬਾ ਨਿਵਾਸੀ ਹਰ ਤਰ੍ਹਾਂ ਦੇ ਦੁਖ ਝਲਣ ਨੂੰ ਤਿਆਰ ਹਨ ਜੇਕਰ ਪੰਥ ਉਨ੍ਹਾਂ ਨਾਲ ਪੂਰੀ ਹਮਦਰਦੀ ਰੱਖੇ। ਅਸਾਂ ਇਸ ਵੇਰਾਂ ਦੀ ਸਿਖ ਲੀਗ ਨੂੰ ਖਾਸ ਤੌਰ ਤੇ ਕਾਮਯਾਬ ਬਣਾ ਕੇ ਦੁਆਬਾ ਨਿਵਾਸੀ ਵੀਰਾਂ ਦੇ ਹੌਂਸਲੇ ਵਧਾਣੇ ਹਨ। ਇਸ ਵਾਸਤੇ ਖਾਲਸਾ ਜੀ, ਥਾਂ ਥਾਂ ਜਲਸਿਆਂ ਵਿਚ ਸਿੰਘਾਂ ਨੂੰ ਪਰੇਰਨਾ ਕਰੋ। ਵਿਜ਼ਟਰ ਤੇ ਡੇਲੀਗੇਟ ਬਣਾਓ ਤੇ ਹਜ਼ਾਰਾਂ ਦੀ ਗਿਣਤੀ ਵਿਚ ਸਿਖ ਲੀਗ ਉਤੇ ਅਪੜੋ। ਉਥੇ ਹੀ ਆਪਣੇ ਦੁਆਬਾ ਨਿਵਾਸੀ ਵੀਰਾਂ ਦੇ ਦੁਖ ਸੁਣੋ ਤੇ ਨਾਲੇ ਜੈਤੋ ਦੇ ਮੋਰਚੇ ਲਈ ਕਮਰਕਸੇ ਕਰੋ।

ਕੌਂਨਸਲਾਂ ਵਿਚ ਜਾਣਦਾ ਭੀ ਸਵਾਲ ਹੈ ਤੇ ਉਥੇ ਆ ਕੇ ਅਜੇਹੇ ਆਦਮੀਆਂ ਦੀ ਪੁਸ਼ਟੀ ਕਰੋ ਜੋ ਹਰ ਤਰਾਂ ਨਾਲ ਸਿਖ ਲੀਗ ਦੇ ਮੰਤਵ ਨੂੰ ਪੂਰਾ ਕਰਨ ਦਾ ਜਤਨ ਕਰਨ। ਖਾਲਸਾ ਜੀ ਸਮਾਂ ਬੜਾ ਨਾਜਕ ਹੈ ਤੇ ਇਸ ਵੇਲੇ ਇਕ ਜਾਨ ਤੇ ਇਕ ਜਬਾਨ ਹੋਣ ਦੀ ਡਾਡੀ ਲੋੜ ਹੈ। ਇਸ ਵਾਸਤੇ ਖਾਲਸਾ ਜੀ, ਹਰ ਵਸੀਲਾ ਵਰਤ ਕੇ ਇਸ ਵੇਲੇ ਪੰਥ ਦੀ ਡਾਵਾਂਡੋਲ ਬੇੜੀ ਨੂੰ ਬੰਨੇ ਲਾਵੋ। ਅਸੀਂ ਤਾਂ ਇਹ ਸਮਝਦੇ ਹਾਂ ਕਿ ਇਸ ਨੌਕਰਸ਼ਾਹੀ ਨਾਲ ਸਾਡੀ ਹੁਣ ਸਿਰਧੜ ਦੀ ਬਾਜੀ ਲਗ ਗਈ ਹੈ। ਇਸ ਵਾਸਤੇ ਹਰ ਇਕ ਵਸੀਲਾ ਪਕੜੋ ਤੇ ਹਰ ਇਕ ਅਤਿਆਚਾਰ ਲਈ ਤਿਆਰ ਹੋ ਕੇ ਮੈਦਾਨ ਵਿਚ ਨਿਤਰੋ। ਸਿਖ ਲੀਗ ਹੀ ਸਾਡੇ ਨੌਕਰਸ਼ਾਹੀ ਨਾਲ ਟਾਕਰੇ ਲਈ ਇਕ ਵੱਡਾ ਵਸੀਲਾ ਹੈ।

'ਅਕਾਲੀ ਤੇ ਪ੍ਰਦੇਸੀ' ਸ੍ਰੀ ਅੰਮ੍ਰਿਤਸਰ ਜੀ, 29 ਸਤੰਬਰ 1923, ਪੰਨਾ-2

11. ਮਾ. ਕਾਬਲ ਸਿੰਘ ਗੋਬਿੰਦਪੁਰੀ ਦੀ ਹੱਥ-ਲਿਖਤ

* 3. ਸਰਹੱਦੀ ਸੂਬੇ ਦੇ ਰਹਿਣ ਵਾਲੇ ਪੰਡਤ ਅਮੀਰ ਚੰਦ ਬੰਮਵਾਲ ਦਾ ਜਨਮ 1886 ਨੂੰ ਪਿਤਾ ਮਹਿਤਾ ਮੇਹਰ ਚੰਦ ਬੰਮਵਾਲ ਦੇ ਘਰ ਹੋਇਆ। ਤਿੰਨ ਸਾਲ ਦੀ ਉਮਰ ਦੇ ਬੱਚੇ ਦੀ ਹਾਦਸੇ ਨਾਲ ਮੌਤ, ਨਵੰਬਰ 1905 ਵਿਚ "ਫਰੰਟੀਅਰ ਐਡਵੋਕੇਟ" ਜਾਰੀ। ਉਸ ਦੀ ਨੇੜਤਾ ਸ. ਅਜੀਤ ਸਿੰਘ ਨਾਲ ਸੀ। 1919 ਵਿਚ



'स्वराज्य' अखबार की कुर्बानी

"अत्यन्त खुशी हुई कि आप क्रान्तिकारी देशभक्तों की याद ताजा करने के लिए अपना विशेष अङ्क निकाल रहे हैं। मैं आपको क्रांति-संस्मरण अंक निकालने पर दिल से मुबारकबाद देता हूं। हमारी कौमी सरकार (कांग्रेस) ने क्रान्तिकारियों के साथ जो गफलत बरती है, वह हद दर्जा अफसोसनाक बल्कि शर्मनाक भी है। इसी उत्तर-प्रदेश में आजादी का प्रचार करने में इलाहाबाद के साप्ताहिक "स्वराज्य" ने जो कुर्बानियां की हैं, उनकी मिसाल संसार भर के किसी देश में नहीं मिलती। एक सौ साढ़े चौबीस वर्ष की सजा मिली जिसे काले पानी में ६ महीने और बढ़ाकर पूरे १२५ वर्ष कर दिया गया।"

लेखक (श्री बम्बवाल जब मुल्तान जेल में सजा काट रहे थे।)

(पुराने क्रान्तिकारी, आ० हि० सरकार के एक सदस्य)

*ਪੰਚਜਨ (ਕ੍ਰਾਂਤੀ ਸੰਸਕਰਨ ਅੰਕ)*
*22 ਜਨਵਰੀ 1968*

ਮਾਂਡਲੇ ਜੇਲ੍ਹ ਵਿਚ ਉਰਦੂ "ਗਣਰਾਜ" ਅਲਾਹਾਬਾਦ (U.P.) ਸੰਪਾਦਕ ਸ੍ਰੀਮਤੀ ਨਰਾਇਣ ਭਟਨਾਗਰ। ਤਿੰਨ ਸਾਲਾਂ ਦੇ ਦੌਰਾਨ ਸਵਰਾਜ ਦੇ ਅੱਠ ਸੰਪਾਦਕ ਗ੍ਰਿਫ਼ਤਾਰ ਕੀਤੇ ਗਏ। 'ਸਵਰਾਜ' ਵਿਚ ਲਿਖਣ ਤੇ ਮੁਕੱਦਮਾ ਦਰਜ। ਦਿੱਲੀ ਵਿੱਚ 'ਅਕਾਸ਼' ਨਾਮੀ ਅਖ਼ਬਾਰ ਸ਼ੁਰੂ 1910 ਲਾਰਡ ਹਰਡਿੰਗ ਬੰਬ ਕੇਸ ਵਿਚ ਸ਼ਾਮਲ। 1935 ਵਿਚ "ਫਰੰਟੀਅਰ ਐਡਵੋਕੇਟ ਅਖ਼ਬਾਰ ਸ਼ਉਫਰਟੀਅਰ ਵਿਚ 1935 ਵਿਚ "ਫਰੰਟੀਅਰ ਮੇਲ" ਦੇਹਰਾਦੂਨ ਤੋਂ ਲੈ ਕੇ 1972 ਤੱਕ ਆਪ ਦੀ ਸੰਪਾਦਕਾਂ ਹੇਠ ਛਪਦਾ ਰਿਹਾ 67 ਸਾਲ ਸੰਘਰਸ਼।

ਸੈਂਟਰ ਸਰਕਾਰ ਨੇ ਜਦੋਂ 75 ਰੁਪਏ ਪੈਨਸ਼ਨ ਲਾਉਣ ਲਈ ਦੋ ਉਂਗਲਾਂ ਤੇ ਅੰਗੂਠੇ ਦੇ ਨਿਸ਼ਾਨ ਮੰਗੇ ਤਾਂ ਆਪ ਨੇ ਇਸ ਨੂੰ ਹੱਤਕ ਸਮਝਦਿਆਂ ਨਿਸ਼ਾਨ ਨਾ ਭੇਜੇ। 1948 ਵਿਚ ਮੌਲਾਨਾ ਆਜ਼ਾਦ ਕਲਾਮ ਵਲੋਂ 200 ਰੁਪਏ ਮਾਸਿਕ ਪੈਨਸ਼ਨ ਠੁਕਰਾ ਦਿੱਤੀ ਸੀ। ਜਿਹੜੀ ਉਨ੍ਹਾਂ ਦੇ ਅੰਤ ਤਕ 50 ਹਜ਼ਾਰ ਦੇ ਕਰੀਬ ਬਣਦੀ ਸੀ।

1920 ਵਿਚ ਪਹਿਲਾਂ ਨਹਿਰੂ ਦੀ ਗ੍ਰਿਫ਼ਤਾਰੀ ਵਿਰੁੱਧ ਤੇ ਫਿਰ ਗਾਂਧੀ ਦੇ ਪ੍ਰਤੀ ਗਲਤ ਬੋਲਣ ਤੇ ਅੰਗਰੇਜ਼ ਕਮਿਸ਼ਨਰ ਹੇਮਿਲਟਨ ਗਰਾਂਟ ਨੂੰ ਉਸਦੇ ਅਹੁਦੇ ਤੋਂ ਹਟਾਉਣ ਦੀ ਮੰਗ ਕਰਨ ਤੇ ਆਪ ਦੀ ਗ੍ਰਿਫ਼ਤਾਰੀ ਟਾਂਕ ਜੇਲ੍ਹ ਜ਼ਿਲ੍ਹਾ ਡੇਰਾ ਇਸਮਾਈਲ ਖਾਂ ਵਿਚ ਰੱਖਿਆ ਗਿਆ। ਰਸਤੇ ਵਿਚ ਜਾਂਦਿਆਂ ਜਦੋਂ ਰਾਵਲਪਿੰਡੀ ਵਿਖੇ ਉਨ੍ਹਾਂ ਦੀ ਧਰਮ ਪਤਨੀ ਨੇ ਮਿਲਣ ਦੀ ਜਿੱਦ ਕੀਤੀ ਤਾਂ ਉਸਨੂੰ ਵੀ ਗ੍ਰਿਫਤਾਰ ਕਰਕੇ ਬੰਮਵਾਲ ਦੇ ਨਾਲ ਜੇਲ੍ਹ ਭੇਜ ਦਿੱਤਾ ਸੀ।

* ਭਾਈ ਵੀਰ ਸਿੰਘ ਪੁੱਤਰ ਢੇਰਾ ਸਿੰਘ ਪਿੰਡ ਮੋਰਾਂਵਾਲੀ (ਹੁਸ਼ਿਆਰਪੁਰ) ਵਿਚ ਪੈਦਾ ਹੋਏ ਅਤੇ ਆਜ਼ਾਦੀ ਦੀਆਂ ਲਹਿਰਾਂ ਵਿਚ ਸ਼ਾਮਿਲ ਹੋ ਕੇ ਉਨ੍ਹਾਂ 18 ਮਹੀਨੇ ਕੈਦ ਕੱਟੀ।

12. 'ਅਕਾਲੀ ਤੇ ਪ੍ਰਦੇਸੀ' ਅੰਮ੍ਰਿਤਸਰ, 22 ਸਤੰਬਰ 1923, ਪੰਨਾ-3
13. ,, ,, 19 ਸਤੰਬਰ, 1923, ਪੰਨਾ-3
14. ,, ,, 10 ਅਕਤੂਬਰ, 1923, ਪੰਨਾ-3
15. ਜਗਜੀਤ ਸਿੰਘ ਆਨੰਦ, ਸੰਪਾ: ਅਰਜਨ ਸਿੰਘ ਗੜਗੱਜ ਦੀ ਸਮੁੱਚੀ ਰਚਨਾ, ਪੰਨਾ-178
16. ਅਮਰ ਸਿੰਘ 'ਤੇਗ', ਫਰੰਗੀ ਦੀਆਂ ਜੇਲ੍ਹਾਂ ਵਿਚ ਦੇਸ਼ ਭਗਤ, ਪੰਨਾ-140

* ਜਵਾਲਾ ਸਿੰਘ ਪੁੱਤਰ ਲੱਭੂ ਸਿੰਘ ਪਿੰਡ ਰੁੜਕਾ ਕਲਾਂ, ਥਾਣਾ ਫਲੌਰ ਅਮਰੀਕਾ ਗਏ ਸਨ। ਉਹ ਦੂਜੇ ਗ਼ਦਰੀਆਂ ਨਾਲ 30 ਨਵੰਬਰ 1914 ਨੂੰ 'ਸਲਾਮਸ' ਜਹਾਜ਼ ਰਾਹੀਂ ਭਾਰਤ ਆਏ ਅਤੇ ਫੜੇ ਗਏ। ਸਤੰਬਰ 1916 ਨੂੰ ਜੂਹਬੰਦ ਕਰ ਦਿੱਤੇ ਗਏ। 1922 ਵਿਚ ਉਹ ਅਕਾਲੀ ਲਹਿਰ ਦੀਆਂ ਅਗਲੀਆਂ ਸਫਾਂ ਵਿਚ ਸਰਗਰਮ ਸਨ ਤਾਂ ਧਾਰਾ 147/353 9.♦.3. ਤਹਿਤ ਚਾਰ ਮਹੀਨੇ ਸਖ਼ਤ ਕੈਦ ਤੇ 50 ਰੁਪਏ ਜੁਰਮਾਨਾ ਦੀ ਸਜ਼ਾ ਹੋਈ। ਨੇਕ-ਚਲਣੀ ਤੇ 1924 ਵਿਚ ਉਹ ਇਕ ਸਾਲ ਲਈ ਰਿਹਾ ਕੀਤੇ ਗਏ। 1925 ਵਿਚ ਸਿਆਸਤ ਵਿਚ ਹਿੱਸਾ ਲੈਣ ਦੇ ਦੋਸ਼ ਵਿਚ ਜਮਾਨਤ ਜਬਤ ਹੋ ਗਈ। ਜਨਵਰੀ 1928 ਵਿਚ ਉਹ ਇੰਦੌਰ ਰਿਆਸਤ ਚਲੇ ਗਏ ਅਤੇ ਸ. ਜੱਝਰ ਸਿੰਘ ਉਰਫ਼ ਦਲੀਪ ਸਿੰਘ ਦੇ ਨਾਲ ਖੇਤੀ ਕਰਨ ਲੱਗ ਪਏ। ਖੁਫੀਆ ਵਿਭਾਗ ਨੂੰ 1929 ਵਿਚ ਪਤਾ ਲੱਗਾ ਕਿ ਉਹ ਭਾਨਪੁਰ ਵਿਚ ਹੈ। ਯੂ.ਪੀ. ਵਿਚ ਬਖਤਾਵਰਪੁਰ ਰਿਆਸਤ ਵਿਚ ਰਹਿੰਦਿਆਂ ਉਸਦਾ ਸੰਪਰਕ ਚੰਨਣ ਸਿੰਘ ਪੁੱਤਰ ਰਾਮ ਦਿਤਾ, ਬਚਿੰਤ ਸਿੰਘ ਅਤੇ ਚੂਹੜ ਸਿੰਘ ਸਾਰੇ ਰੁੜਕਾਂ ਕਲਾਂ ਦਿਆਂ ਨਾਲ ਸੀ।

(ਗ਼ਦਰ ਡਾਇਰੈਕਟਰੀ, ਪੰਨਾ 142-43)

17. 'ਅਕਾਲੀ ਤੇ ਪ੍ਰਦੇਸੀ' ਅੰਮ੍ਰਿਤਸਰ, 28 ਸਤੰਬਰ 1923, ਪੰਨਾ-2
18. ਗੁਰਚੈਨ ਸਿੰਘ ਗੋਬਿੰਦਪੁਰੀ ਦੀ ਜ਼ੁਬਾਨੀ

* ਗੇਂਦਾ ਸਿੰਘ ਬਾਬਾ ਪੁੱਤਰ ਨਰੈਣ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਸਿਰਹਾਲਾ ਕਲਾਂ ਵਿਚ

ਪੈਦਾ ਹੋਏ। ਅਮਰੀਕਾ ਗਏ ਅਤੇ ਗ਼ਦਰ ਪਾਰਟੀ ਵਿਚ ਸ਼ਾਮਲ ਹੋਏ ਰਾਜਾ ਮਹਿੰਦਰ ਪ੍ਰਤਾਪ ਨਾਲ ਕਾਬਲ ਆਏ। ਚੀਨ ਵਿਚ ਗੱਜਣ ਸਿੰਘ ਤੇ ਦਸੌਂਧਾ ਸਿੰਘ ਨਾਲ ਸਿੰਘ ਨਾਲ ਗ੍ਰਿਫ਼ਤਾਰ ਹੋਏ। 5 ਮਈ 1927 ਨੂੰ ਇਕ ਸਾਲ ਦੀ ਸਜ਼ਾ ਹੋਈ। 3 ਮਾਰਚ 1928 ਨੂੰ ਭਾਰਤ ਵਾਪਸ ਭੇਜ ਦਿੱਤੇ ਗਏ ਪਰ ਰਸਤੇ ਵਿਚੋਂ ਗਿਫ੍ਰਤਾਰ ਕੀਤੇ ਗਏ। 1929 ਵਿਚ ਰਿਹਾ ਹੋਏ। 'ਕਾਲਕਾ ਕਤਲ ਕੇਸ' ਵਿਚ ਉਹ ਗ੍ਰਿਫ਼ਤਾਰ ਕੀਤੇ ਗਏ। ਕੁੱਲ 16 ਸਾਲ ਜੇਲ੍ਹ ਵਿਚ ਰਹੇ। 1969 ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ।

19. 'ਕਿਰਤੀ' ਅੰਮ੍ਰਿਤਸਰ, ਅਕਤੂਬਰ 1927, ਪੰਨਾ-63
20. -ਉਹੀ-
21. 'ਦੇਸ ਸੇਵਕ' ਜਲੰਧਰ 16 ਫਰਵਰੀ 1928, ਪੰਨਾ-1-2

* ਅਰਜਨ ਸਿੰਘ 'ਸੱਚ' ਦਾ ਜਨਮ ਚੰਦਾ ਸਿੰਘ ਦੇ ਘਰ ਪਿੰਡ ਖੜੌਦੀ (ਹੁਸਿਆਰਪੁਰ) ਵਿਚ 1892 ਨੂੰ ਹੋਇਆ। ਜ਼ਿਲ੍ਹੇ ਭਰ ਵਿਚ 'ਸੱਚ', 'ਦੁਖੀਆ', 'ਗੋਬਿੰਦਪੁਰ' ਦੀ ਤਿਕੜੀ ਆਜ਼ਾਦੀ ਘੋਲ ਵਿਚ ਬੜੀ ਪ੍ਰਸਿੱਧ ਹੋਈ। ਆਜ਼ਾਦੀ ਘੋਲ ਲੜਦਿਆਂ ਉਹ 16 ਸਾਲ ਜੇਲ੍ਹਾਂ ਵਿਚ ਬੰਦ ਰਹੇ। ਜੇਲ੍ਹਾਂ ਦੇ ਤਸ਼ਦਦ ਨਾਲ ਉਨ੍ਹਾਂ ਦੀ ਇਕ ਲੱਤ ਨਕਾਰਾ ਹੋ ਗਈ ਸੀ।

22. 'ਦੇਸ ਸੇਵਕ' ਜਲੰਧਰ ਸ਼ੈਹਰ 5 ਮਾਰਚ, 1928 ਪੰਨਾ-5
23. ,, ,, 8 ਮਾਰਚ, 1928 ਪੰਨਾ-2
24. ,, ,, 5 ਅਪ੍ਰੈਲ, 1928 ਪੰਨਾ-2
25. ,, ,, 12 ਜਨਵਰੀ 1928, ਪੰਨਾ 2, 3
26. ਬਾਬਾ ਭਾਗ ਸਿੰਘ ਕਨੇਡੀਅਨ ਦਾ ਬਿਆਨ
27. 'ਦੇਸ ਸੇਵਕ' ਜਲੰਧਰ, 19 ਅਪ੍ਰੈਲ 1928, ਪੰਨਾ-4
28. 'ਦੇਸ ਸੇਵਕ' ਜਲੰਧਰ, 20 ਦਸੰਬਰ 1928, ਪੰਨਾ-ਮੁੱਖ
29. ਮਾ. ਕਾਬਲ ਸਿੰਘ ਗੋਬਿੰਦਪੁਰੀ ਦੀ ਹੱਥ-ਲਿਖਤ (ਪੰਜਾਬੀ)
30. 'ਦੇਸ ਸੇਵਕ' ਜਲੰਧਰ, 4 ਅਕਤੂਬਰ 1928, ਪੰਨਾ-3

* ਅਰਜਨ ਸਿੰਘ ਸੱਚ ਖੜੌਦੀ ਨੇ ਜੇਲ੍ਹ ਵਿੱਚੋਂ ਬਬਰ ਧੰਨਾ ਸਿੰਘ ਦੇ ਸ਼ਹੀਦੀ ਦਿਨ ਨੂੰ ਹਰ ਸਾਲ ਮਨਾਉਣ ਲਈ ਅਪੀਲ ਕੀਤੀ:

"ਆਮ ਜੰਨਤਾ ਨੂੰ ਇਹ ਚੰਗੀ ਤਰਾਂ ਯਾਦ ਹੋਵੇਗਾ ਕਿ ਅਕਤੂਬਰ 1928 ਨੂੰ ਬਬਰ ਦੇਸ਼ ਭਗਤਾਂ ਦੀ ਯਾਦਗਾਰ ਮਨੌਣ ਹਿਤ ਪਿੰਡ ਖੜੌਦੀ ਇਲਾਕਾ ਮਾਹਲਪੁਰ, ਜ਼ਿਲਾ ਹੁਸ਼ਆਰਪੁਰ ਵਿਚ ਇਕ ਬੜਾ ਭਾਰੀ ਦੀਵਾਨ ਬੜੀ ਧੂਮ ਧਾਮ ਨਾਲ ਕੀਤਾ ਗਿਆ ਸੀ। ਜਿਸ ਦੇ ਅਸਰ ਨੂੰ ਉਡੌਣ ਵਾਸਤੇ ਨੌਕਰਸ਼ਾਹੀ ਨੇ ਮੈਨੂੰ (ਅਰਜਨ ਸਿੰਘ ਸੱਚ) ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਜੀ ਅਤੇ ਬਲਵੰਤ ਸਿੰਘ ਲੰਡਨ ਤੋੜ ਸਿੰਘ ਜੀ ਤੇ ਪਾਂਧਾ ਸੰਤ ਰਾਮ ਜੀ ਨੂੰ ਤਿੰਨ-ਤਿੰਨ ਸਾਲ ਕੈਦ ਸਖ਼ਤ ਦੀ ਸਜਾ ਦੇ ਕੇ ਜੇਲਖਾਨੇ ਵਿਚ ਡਕ ਦਿਤਾ ਸੀ। ਮੈਨੂੰ ਪੂਰਨ ਨਿਸਚਾ ਸੀ ਕਿ ਦੋਆਬੇ ਦੇ ਸੂਰਬੀਰ ਜੋਧੇ ਇਸ ਯਾਦਗਾਰ ਨੂੰ ਕਾਇਮ ਰੱਖਣ ਵਾਸਤੇ ਸਾਡੀ ਗੈਰਹਾਜ਼ਰੀ ਵਿਚ ਵੀ ਹੋ ਚੁਕੇ ਦੀਵਾਨ ਦੀਆਂ ਨੀਯਤ ਕੀਤੀਆਂ ਤਾਰੀਖਾਂ ਉਦੋਂ ਜਾਂ ਅਗੇ ਪਿਛੇ ਇਹ ਦੀਵਾਨ ਜ਼ਰੂਰ ਕਰਦੇ ਰੈਹਣਗੇ। ਪਰੰਤੂ ਸੰਨ ੨੯ ਈਸਵੀ ਵਿਚ ਲਾਹੌਰ ਕਾਂਗਰਸ ਸਮਾਗਮ ਔਰ ਸੰਨ ੩੦ ਈਸਵੀ ਵਿਚ ਸਿਵਲ-ਨਾ-ਫੁਰਮਾਨੀ ਜਾਰੀ ਹੋ ਜਾਣ ਕਰਕੇ ਜਾਂ ਕਿਸੇ ਹੋਰ ਕਾਰਨ ਕਰਕੇ ਦੁਆਬੇ ਦੇ ਸੱਜਣ ਦੀਵਾਨ ਨਹੀਂ ਕਰ ਸਕੇ। ਇਸ ਲਈ ਮੇਰਾ ਖਿਆਲ ਹੈ ਸੰਨ ੩੧ ਈਸਵੀ ਵੀ ਇਸੀ ਤਰ੍ਹਾਂ ਨਾ ਲੰਘ ਜਾਵੇ। ਇਸ ਵਿਚ ਦੀਵਾਨ ਸ਼ੁਰੂ ਕੀਤਾ ਜਾਵੇ। ਇਸ ਯਾਦਗਾਰ ਨੂੰ ਕਾਇਮ ਰੱਖਣ ਵਾਸਤੇ ਮੈਂ ਸ੍ਰੀ ਮਾਨ ਮਾਸਟਰ ਮੋਤਾ ਸਿੰਘ ਜੀ ਦੇ ਚੰਗੀ ਤਰ੍ਹਾਂ ਖਿਆਲ ਲਏ

ਹਨ। ਆਪ ਜੀ ਦਾ ਖਿਆਲ ਹੈ ਕਿ ਬਬਰ ਦੇਸ ਭਗਤਾਂ ਦੀ ਯਾਦਗਾਰ ਵਿਚ ਜ਼ਰੂਰ ਸਾਲ ਦੇ ਸਾਲ ਦੀਵਾਨ ਕੀਤਾ ਜਾਇਆ ਕਰੇ। ਬਲਕਿ ਆਪ ਜੀ ਦਾ ਖਿਆਲ ਹੈ ਕਿ ਬਬਰ ਦੇਸ਼ ਭਗਤਾਂ ਦੀ ਯਾਦ ਵਿਚ (ਇਕ ਬਬਰ ਦੇਸ਼ ਭਗਤ ਕਿਰਤੀ ਕਿਸਾਨ ਹਾਲ) ਜਾਂ ਬਬਰ ਦੇਸ਼ ਭਗਤ ਕਿਰਤੀ ਕਿਸਾਨ ਕਾਲਜ ਕਾਇਮ ਕੀਤਾ ਜਾਵੇ। ਸੋ ਇਸ ਕਾਰਜ ਨੂੰ ਸਿਰੇ ਚਾੜਨ ਲਈ ਜ਼ਰੂਰੀ ਹੈ ਕਿ ਦੀਵਾਨ ਕਰ ਕਰ ਕੇ ਹਿੰਦੁਸਤਾਨੀਆਂ ਦੇ ਬਚੇ ਬਚੇ ਦੇ ਦਿਲ ਵਿਚ ਉਹਨਾਂ ਦਾ ਪ੍ਰੇਮ ਔਰ ਮੁਹਬਤ ਭਰੀ ਜਾਵੇ। ਸੋ ਆਪ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਸੰਨ ੨੮ ਦੇ ਦੀਵਾਨ ਨੂੰ ਅਰੰਭ ਕਰਨ ਦਾ ਔਰ ਸਿਰੇ ਚਾੜਨ ਦਾ ਸੇਹਰਾ ਸਿਰਫ ਐਮਰੀਕਨ ਵੀਰਾਂ ਦੇ ਸਿਰ ਸ਼ਸ਼ੋਬਤ ਹੈ ਸੋ ਇਸ ਸਾਲ ਭੀ ਜੋ ਸਾਰੇ ਪ੍ਰਦੇਸੀ ਵੀਰ ਇਸ ਮਹਾਨ ਕਾਰਜ ਨੂੰ ਸਿਰੇ ਚਾੜਨ ਲਈ ਹਿੰਮਤ ਕਰਨ ਤਾ ਕੋਈ ਬੜੀ ਗਲ ਨਹੀਂ। ਫੂਹੀ ੨ ਤਾਲਾਬ ਭਰ ਜਾਂਦਾ ਹੈ। ਮੈਨੂੰ ਪੂਰਨ ਭਰੋਸਾ ਹੈ ਕਿ ਐਮਰੀਕਨ ਵੀਰ, ਕੈਨੇਡੀਅਨ ਵੀਰ, ਨਿਊਜੀਲੈਂਡੀਏ ਵੀਰ ਜਾਂ ਹੋਰ ਟਾਪੂ ਨਿਵਾਸੀ ਇਸ ਮਹਾਨ ਕਾਰਜ ਨੂੰ ਸਿਰੇ ਚਾੜਨ ਵਿਚ ਕੋਈ ਕਸਰ ਬਾਕੀ ਨਹੀਂ ਛਡਨਗੇ।"
'ਮਜ਼ਦੂਰ ਕਿਸਾਨ' ਅੰਮ੍ਰਿਤਸਰ 6 ਸਤੰਬਰ 1931, ਪੰਨਾ-14

31. ,, ,, 6 ਦਸੰਬਰ 1928, ਪੰਨਾ-2
32. 'ਦੇਸ ਸੇਵਕ' ਜਲੰਧਰ 6 ਦਸੰਬਰ 1928, ਪੰਨਾ-2

* ਗਿਆਨੀ ਰਾਮ ਸਿੰਘ ਜੌਹਰ ਹੁਸ਼ਿਆਰਪੁਰ ਦੇ ਕਸਬਾ ਮਾਹਿਲਪੁਰ ਵਿਚ ਪੈਦਾ ਹੋਏ। ਪੰਜਾਬ ਵਿਚ ਨਾ-ਮਿਲਵਰਤਨ ਲਹਿਰ ਤੇ ਅਕਾਲੀ ਲਹਿਰ ਤੋਂ ਪ੍ਰਭਾਵਤ ਹੋ ਕੇ ਉਹ 1921, 1930, 1932 ਤੇ 1940 ਵਿਚ ਚੱਲੀਆਂ ਲਹਿਰਾਂ ਵਿਚ ਸ਼ਾਮਲ ਹੋਏ ਅਤੇ ਛੇ ਸਾਲ ਦਾ ਸਮਾਂ ਜੇਲ੍ਹਾਂ 'ਚ ਬਿਤਾਇਆ। ਸੰਨ 1955 ਵਿਚ ਉਨ੍ਹਾਂ ਦਾ ਦਿਹਾਂਤ ਹੋ ਗਿਆ।

** 'ਦੇਸ ਸੇਵਕ ਜਲੰਧਰ ਸ਼ਹਿਰ' 20 ਦਸੰਬਰ 1928, ਪੰਨਾ 5

33. 'ਦੇਸ ਸੇਵਕ' ਜਲੰਧਰ 29 ਦਸੰਬਰ 1928, ਪੰਨੇ-8-9
34. -ਉਹੀ-
35. 'ਦੇਸ ਸੇਵਕ' ਜਲੰਧਰ, 6 ਦਸੰਬਰ 1928, ਪੰਨਾ-3
36. ਅਮਰ ਸਿੰਘ ਤੇਗ਼, ਫਰੰਗੀ ਦੀਆਂ ਜੇਲ੍ਹਾਂ ਵਿਚ ਦੇਸ਼ ਭਗਤ, ਪੰਨਾ-209
37. ਸੁੰਦਰ ਸਿੰਘ ਮਖਸੂਸਪੁਰੀ, ਬਬਰ ਅਕਾਲੀ ਲਹਿਰ, ਪੰਨਾ-118
38. ਗਿ. ਹਰਕੇਵਲ ਸਿੰਘ, ਗ਼ਦਰੀ ਬਾਬਾ ਹਰਜਾਪ ਸਿੰਘ ਪੰਨਾ-80-81
    ਫੁੱਟ ਨੋਟ-ਐਲਾਨਨਾਮਾ
39. The Ghadar Directory, Ismonger & Slattery, P-12
40. 'ਕਿਰਤੀ' ਅੰਮ੍ਰਿਤਸਰ, 23 ਨਵੰਬਰ 1936, ਪੰਨਾ-6-7
41. ਹਰਕਿਸ਼ਨ ਸਿੰਘ 'ਸੁਰਜੀਤ' ਬਰਤਾਨਵੀ ਸਾਮਰਾਜ ਵਿਰੋਧੀ ਲਹਿਰਾਂ ਦਾ ਸੰਖੇਪ ਇਤਿਹਾਸ, ਪੰਨਾ-112
42. 'ਕਿਰਤੀ' ਅੰਮ੍ਰਿਤਸਰ, 23 ਨਵੰਬਰ 1936, ਪੰਨਾ-6-7
43. -ਉਹੀ-
44. ਜਗਜੀਤ ਸਿੰਘ ਆਨੰਦ- ਅਰਜਨ ਸਿੰਘ ਗੜਗੱਜ ਦੀ ਸਮੁੱਚੀ ਰਚਨਾ ਪੰਨਾ 239-240
45. 'ਅਕਾਲੀ ਪਤਰਿਕਾ' ਲਾਹੌਰ, 30 ਦਸੰਬਰ, 1934, ਪੰਨਾ-3
46. 'ਕਿਰਤੀ' ਅੰਮ੍ਰਿਤਸਰ, 19 ਜਨਵਰੀ 1936, ਪੰਨਾ-9
47. ਚੈਨ ਸਿੰਘ ਚੈਨ- ਕਿਰਤੀ ਲਹਿਰ ਦੂਜੀ ਸੰਸਾਰ ਜੰਗ ਸਮੇਂ, ਪੰਨਾ-172

* ਪਤਾਰੇ ਦਿਹਾਤ ਸੁਧਾਰ ਕਾਨਫਰੰਸ ਦੇ ਪ੍ਰਧਾਨ ਸਾਥੀ ਸੋਹਨ ਸਿੰਘ ਅਤੇ ਸਵਾਗਤੀ ਪ੍ਰਧਾਨ

ਕਾਬਲ ਸਿੰਘ ਸਨ। ਇਕ ਰਾਜਸੀ ਦੀਵਾਨ ਸੀ। ਗਿਣਤੀ ਬਹੁਤ ਸਾਰੀ ਸੀ। ਕਾਨਫਰੰਸ ਕਿਸਾਨਾਂ ਨੂੰ ਖਾਸ ਅਗਵਾਈ ਤੇ ਪ੍ਰੋਗਰਾਮ ਦੇਣ ਵਿਚ ਅਸਮਰਥ ਰਹੀ ਹੈ। ਸਵਾਗਤੀ ਐਡਰੈਸ ਵਿਚ ਗਾਂਧੀ ਦੇ ਪ੍ਰੋਗਰਾਮ ਨੂੰ ਨਵਿਆਂ ਲੇਬਲਾਂ ਨਾਲ ਨਵੀਆਂ ਬੋਤਲਾਂ ਵਿਚ ਪਾਇਆ ਗਿਆ। ਗੁੜ, ਚਿੱਟੇ ਚੌਲ ਤੇ ਕੋਹਲੂ ਵਰਗੀਆਂ ਘਰੇਗੀ ਦਸਤਕਾਰੀਆਂ ਦੀ ਥਾਂ ਪਿੰਨ, ਨਿਬਾਂ, ਸੂਈਆਂ ਤੇ ਡੰਕਾਂ ਨੂੰ ਦਿੱਤੀ ਗਈ। ਐਡਰੈਸ ਵਿਚ ਗਰੀਬ ਕਿਸਾਨ ਜਨਤਾ ਦੇ ਰਸਮੀ ਤੇ ਆਰਥਿਕ ਛੁਟਕਾਰੇ ਬਾਰੇ ਕੋਈ ਇਕ ਟੁੱਕ ਪਾਲਸੀ ਨਹੀਂ ਦੱਸੀ ਗਈ। ਕਮਿਊਨਿਸਟ ਪ੍ਰਧਾਨਗੀ ਦੀ ਚੀਜ਼ ਸਾਫ਼ ਸੀ ਕਿ ਕਾਂਗਰਸ ਦੇ ਖਿਲਾਫ਼ ਨਾਹਰੇ ਸੋਹਣ ਸਿੰਘ ਜੋਸ਼ ਤੇ ਮਾਸਟਰ ਕਾਬਲ ਸਿੰਘ ਵਲੋਂ ਰੋਕੇ ਜਾਂਦੇ ਰਹੇ।
('ਪੀਪਲ ਲਾਹੌਰ' 15 ਅਕਤੂਬਰ 1935)

** ਪੰਜਾਬ ਦੀ ਕਮਿਊਨਿਸਟ ਲਹਿਰ ਦੇ ਕਰਮ ਸਿੰਘ ਮਾਨ ਸ. ਬਸੰਤ ਸਿੰਘ ਲੰਬੜਦਾਰ ਦੇ ਘਰ, ਜ਼ਿਲ੍ਹਾ ਲਾਇਲਪੁਰ ਦੇ ਚੱਕ ਨੰ: 105 ਬੰਗਾ ਵਿਚ ਪੈਦਾ ਹੋਏ। ਉਸਦੇ ਵੱਡੇ-ਵਡੇਰੇ ਲਾਲਪੁਰ ਦੀਆਂ ਵਾਰਾਂ ਵਿਚ ਖੇਤੀ ਲਈ ਚਲੇ ਗਏ ਸਨ। ਇਹ ਵੀ ਬਹੁਤ ਘਟ ਜਾਣਿਆ ਜਾਂਦਾ ਹੈ ਕਿ ਸ. ਭਗਤ ਸਿੰਘ ਸ਼ਹੀਦ ਤੇ ਕਰਮ ਸਿੰਘ ਮਾਨ ਹਮ-ਉਮਰ ਅਤੇ ਬਚਪਨ ਦ ਗਹਿਰੇ ਮਿੱਤਰ ਸਨ। ਉਨ੍ਹਾਂ ਦੇ ਘਰਾਂ ਦੀ ਕੰਧ ਸਾਂਝੀ ਸੀ। ਪਰਿਵਾਰ ਦੀ ਸਾਂਝ ਏਨੀ ਸੀ ਕਿ ਬਚਪਨ ਵਿਚ ਦੋਨੋਂ ਖੇਡਦੇ ਥੱਕ ਜਾਂ ਭੁੱਖੇ ਹੋ ਜਾਂਦੇ ਤਾਂ ਉਹ ਦੋਨੋਂ ਇਕ ਦੂਜੇ ਦੀ ਮਾਂ ਦਾ ਦੁੱਧ ਚੁੰਘ ਲੈਂਦੇ ਸਨ। ਕਰਮ ਸਿੰਘ ਮਾਨ ਨੇ ਦਸਵੀਂ ਕਲਾਸ ਲਾਇਲਪੁਰ ਖਾਲਸਾ ਸਕੂਲ ਤੋਂ ਤੇ ਭਗਤ ਸਿੰਘ ਨੇ ਲਾਹੌਰ ਤੋਂ ਪ੍ਰਾਪਤ ਕੀਤੀ। ਇਨ੍ਹਾਂ ਦੋਨਾਂ ਦੇ ਦਸਵੀਂ ਪਾਸ ਕਰਨ ਦੀ ਚਰਚਾ ਇਲਾਕੇ ਵਿਚ ਬੜੀ ਹੋਈ ਅਤੇ ਪਿੰਡ ਵਾਲਿਆਂ ਨੇ ਖੁਸ਼ੀ 'ਚ ਇਨ੍ਹਾਂ ਨੂੰ ਦਾਅਵਤਾ ਦਿੱਤੀਆਂ ਸਨ। ਭਗਤ ਸਿੰਘ ਦੀ ਅੰਗਰੇਜ਼ੀ ਬੜੀ ਤੇਜ਼ ਸੀ। ਕਰਮ ਸਿੰਘ ਮਾਨ ਦੇ ਪੁੱਛਣ ਤੇ ਭਗਤ ਸਿੰਘ ਦਾ ਉੱਤਰ ਹੁੰਦਾ ਕਿ "ਜੇ ਲਾਹੌਰ ਸ਼ਹਿਰ ਦੇ ਸਾਈਨ ਬੋਰਡ ਰਟ ਲਓ ਤਾਂ ਅੰਗਰੇਜ਼ੀ ਆਪੇ ਤੇਜ਼ ਹੋ ਜਾਏਗੀ।"
ਕਰਮ ਸਿੰਘ ਮਾਨ ਅਗਲੀ ਪੜ੍ਹਾਈ ਲਈ ਇੰਗਲੈਂਡ ਚਲੇ ਗਏ ਜਦੋਂ ਚਾਹੁੰਦੇ ਹੋਇਆਂ ਭਗਤ ਸਿੰਘ ਘਰ ਦੇ ਹਾਲਾਤ ਮੁਆਫ਼ਕ ਨਾ ਹੋਣ ਕਰਕੇ ਨਾ ਜਾ ਸਕਿਆ।
ਇਸ ਦਾ ਖੁਲਾਸਾ ਹੁਣੇ ਹੁਣੇ ਪ੍ਰਾਪਤ ਹੋਏ ਸ਼ਹੀਦ ਭਗਤ ਸਿੰਘ ਵੱਲੋਂ ਲਿਖੇ ਖਤ ਵਿਚ ਵੀ ਕੀਤਾ ਹੋਇਆ ਹੈ, ਜਿਹੜਾ ਉਸਨੇ ਤੀਜੇ ਦੋਸਤ ਅਮਰ ਚੰਦ ਨੂੰ ਲਿਖਿਆ। ਅਮਰ ਚੰਦ ਖਟਕੜ ਕਲਾਂ ਦੇ ਕੋਲ ਜਾਡਲਾ ਦਾ ਸੀ। ਉਸਦੇ ਵਡੇਰੇ ਵੀ ਚੱਕ 105 ਵਿਚ ਚਲੇ ਗਏ ਸਨ। ਅਮਰ ਚੰਦ ਦਾ ਪਿਤਾ ਮਾਧੋ ਰਾਮ 1913 ਵਿਚ ਅਮਰੀਕਾ ਚਲਾ ਗਿਆ ਅਤੇ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਕੇ ਉਹ 1931 ਵਿਚ ਮੈਰਿਸਬਿੱਲੇ ਦੀ ਬਰਾਂਚ ਦਾ ਸਕੱਤਰ ਬਣਿਆ। ਅਮਰ ਚੰਦ ਪੜ੍ਹਾਈ ਲਈ ਆਪਣੇ ਪਿਤਾ ਕੋਲ ਅਮਰੀਕਾ ਪੁੱਜ ਗਿਆ ਸੀ। ਚਿੱਠੀ ਅਨੁਸਾਰ ਸ੍ਰੀ ਅਮਰ ਚੰਦ ਦੀ ਮਾਤਾ ਅਰੂੜੀ ਉਸ ਸਮੇਂ ਜਾਡਲਾ ਪਿੰਡ ਵਿਚ ਸੀ, ਜਿਹੜੀ ਭਗਤ ਸਿੰਘ ਦੀ ਮਾਤਾ ਸਮਾਨ ਸੀ। ਮਾਤਾ ਅਰੂੜੀ ਨੂੰ ਜਾਡਲਾ ਮਿਲਣ ਤੋਂ ਬਾਅਦ ਭਗਤ ਸਿੰਘ ਨੇ ਇਕੱਲੇ ਰਹਿ ਜਾਣ 'ਤੇ ਤਨਹਾਈ ਦੇ ਅਹਿਸਾਸਾਂ ਨੂੰ ਸ੍ਰੀ ਅਮਰ ਚੰਦ ਨੂੰ ਲਿਖੇ ਖਤ ਵਿਚ ਬਿਆਨ ਕੀਤਾ...

ਪਿਆਰੇ ਭਾਈ ਅਮਰ ਚੰਦ ਜੀ, ਨਮਸਤੇ !

ਅਰਜ ਹੈ ਕਿ ਇਸ ਵਾਰੀ ਅਚਾਨਕ ਮਾਂ ਦੇ ਬਿਮਾਰ ਰਹਿਣ 'ਤੇ ਇਧਰ ਆਇਆ ਅਤੇ ਤੁਹਾਡੀ ਸਤਿਕਾਰਯੋਗ ਮਾਂ ਦੇ ਦਰਸ਼ਨ ਹੋਏ। ਤੁਹਾਡਾ ਖਤ ਪੜ੍ਹਿਆ। ਉਨ੍ਹਾਂ ਲਈ ਇਹ ਖਤ ਲਿਖਿਆ ਅਤੇ ਨਾਲ ਹੀ ਦੋ ਚਾਰ ਸ਼ਬਦ ਲਿਖਣ ਦਾ ਮੌਕਾ ਮਿਲਿਆ।

ਕੀ ਲਿਖਾਂ? ਕਰਮ ਸਿੰਘ ਵਲਾਇਤ ਗਿਆ ਹੈ, ਉਸਦਾ ਪਤਾ ਭੇਜਿਆ ਜਾ ਰਿਹਾ ਹੈ। ਅਜੇ ਤਾਂ ਉਸਨੇ ਲਿਖਿਆ ਹੈ ਕਿ ਲਾਅ (ਕਾਨੂੰਨ) ਪੜ੍ਹੇਗਾ ਪਰ ਕਿਸ ਤਰ੍ਹਾਂ ਚੱਲ ਰਿਹਾ ਹੈ, ਇਹ ਤਾਂ ਖੁਦਾ ਜਾਣੇ, ਖਰਚ ਬਹੁਤ ਜ਼ਿਆਦਾ ਹੋ ਰਿਹਾ ਹੈ।

ਵੀਰ ਮੇਰੀ ਵਿਦੇਸ਼ ਜਾ ਕੇ ਵਿਦਿਆ ਹਾਸਲ ਕਰਨ ਦੀ ਖਾਹਿਸ਼ ਖੂਬ ਬਰਬਾਦ ਹੋ ਗਈ। ਅੱਛਾ, ਤੁਹਾਨੂੰ ਲੋਕਾਂ ਨੂੰ ਸ਼ੁਭ ਮੁਬਾਰਕ। ਕਦੀ ਮੌਕਾ ਮਿਲੇ ਤਾਂ ਕੋਈ ਚੰਗੀਆਂ-ਚੰਗੀਆਂ ਕਿਤਾਬਾਂ ਭੇਜਣ ਦਾ ਤਕਲੀਫ਼ ਉਠਾਉਣਾ। ਆਖਰ ਅਮਰੀਕਾ ਵਿਚ ਲਿਟਰੇਚਰ ਤਾਂ ਬਹੁਤ ਹੈ, ਖੈਰ ! ਅਜੇ ਤਾਂ ਆਪਣੀ ਪੜ੍ਹਾਈ ਵਿਚ ਬੁਰੀ ਤਰ੍ਹਾਂ ਫਸੇ ਹੋਏ ਹੋ।

ਸਾਨਫਰਾਂਸਿਸਕੋ ਵਗੈਰਾ ਦੀ ਤਰਫ਼ੋਂ ਸਰਦਾਰ ਜੀ (ਸ. ਅਜੀਤ ਸਿੰਘ) ਦਾ ਸ਼ਾਇਦ ਕੁਝ ਪਤਾ ਮਿਲ ਸਕੇ ਕੋਸ਼ਿਸ਼ ਕਰਨਾ। ਘੱਟੋ ਘੱਟ ਉਨ੍ਹਾਂ ਦੀ ਜ਼ਿੰਦਗੀ ਦਾ ਯਕੀਨ ਤਾਂ ਹੋ ਜਾਵੇ ਜਲਦੀ ਮੈਂ ਅੱਜ ਲਾਹੌਰ ਜਾ ਰਿਹਾ ਹਾਂ। ਕਦੀ ਮੌਕਾ ਮਿਲੇ ਤਾਂ ਖ਼ਤ ਲਿਖਣਾ। ਪਤਾ ਸੂਤਰ ਮੰਡੀ ਲਾਹੌਰ ਹੋਵੇਗਾ। ਹੋਰ ਕੀ ਲਿਖਾਂ? ਕੁਝ ਲਿਖਣ ਨੂੰ ਨਹੀਂ ਹੈ। ਮੇਰਾ ਹਾਲ ਵੀ ਖੂਬ ਹੈ। ਕਈ ਵਾਰ ਮੁਸੀਬਤਾਂ ਦਾ ਸ਼ਿਕਾਰ ਹੋਣਾ ਪਿਆ। ਆਖਰ ਕੇਸ ਵਾਪਸ ਲੈ ਲਿਆ ਗਿਆ। ਬਾਅਦ ਵਿਚ ਫਿਰ ਗ੍ਰਿਫ਼ਤਾਰ ਹੋਇਆ। 60 ਹਜ਼ਾਰ ਦੀ ਜਮਾਨਤ ਉੱਤੇ ਰਿਹਾ ਹੋਇਆ ਹਾਂ। ਹੁਣ ਤੱਕ ਕੋਈ ਮੁਕੱਦਮਾ ਮੇਰੇ ਖਿਲਾਫ ਤਿਆਰ ਨਹੀਂ ਹੋ ਸਕਿਆ ਅਤੇ ਰੱਬ ਨੇ ਚਾਹਿਆ ਤਾਂ ਹੋ ਵੀ ਨਹੀਂ ਸਕੇਗਾ। ਅੱਜ ਇਕ ਵਰ੍ਹਾ ਹੋਣ ਨੂੰ ਆਇਆ, ਪਰ ਜਮਾਨਤ ਵਾਪਸ ਨਹੀਂ ਲਈ ਗਈ। ਖੈਰ ! ਜੋ ਰੱਬ ਨੂੰ ਭਾਵੇ। ਭਾਈ ਖੂਬ ਦਿਲ ਲਾ ਕੇ ਤਾਲੀਮ ਹਾਸਲ ਕਰਦੇ ਚਲੇ ਜਾਓ। ਆਪਣੇ ਬਾਰੇ ਹੋਰ ਕੀ ਲਿਖਾਂ? ਖਾਮਖਾਹ ਸ਼ੱਕ ਦਾ ਸ਼ਿਕਾਰ ਬਣਿਆ ਹੋਇਆ ਹਾਂ। ਮੇਰੀ ਡਾਕ ਰੁਕਦੀ ਹੈ। ਖਤ ਖੋਲ੍ਹ ਲਏ ਜਾਂਦੇ ਹਨ। ਨਾ ਜਾਣੇ ਮੈਂ ਕਿਉਂ ਇਸ ਕਦਰ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਜਾਣ ਲੱਗਾ ਹਾਂ। ਖੈਰ ! ਭਾਈ, ਆਖਰ ਸੱਚਾਈ ਸੱਤਾ ਤੇ ਆਏਗੀ ਅਤੇ ਉਸਦੀ ਜਿੱਤ ਹੋਵੇਗੀ।

ਤੁਹਾਡਾ ਤਾਬਿਆਦਾਰ,
ਭਗਤ ਸਿੰਘ

ਇੰਗਲੈਂਡ ਵਿਚ ਪੜ੍ਹਦਿਆਂ ਹੀ ਕਰਮ ਸਿੰਘ ਮਾਨ ਅਤੇ ਦੂਜੇ ਵਿਦਿਆਰਥੀ ਸਾਥੀਆਂ ਨੂੰ ਆਪਣੇ ਗੁਲਾਮ ਹੋਣ ਦਾ ਅਹਿਸਾਸ ਹੋਇਆ ਤਾਂ ਉਥੇ ਉਨ੍ਹਾਂ ਦਾ ਸੰਪਰਕ ਕਮਿਊਨਿਸਟ ਪਾਰਟੀ ਦੇ ਆਗੂਆਂ ਹੈਰੀ ਪੌਲਟ, ਸਕਲਾਤ ਵਾਲਾ ਅਤੇ ਰਜਨੀ ਪਾਮ-ਦੱਤ ਨਾਲ ਹੋਇਆ। ਉਨ੍ਹਾਂ ਦੇ ਪ੍ਰਭਾਵ ਹੇਠ ਉਹ ਕਮਿਊਨਿਸਟ ਬਣ ਗਏ। ਇੰਗਲੈਂਡ ਵਿਚ ਜਦੋਂ ਕਰਮ ਸਿੰਘ ਮਾਨ ਨੂੰ ਭਗਤ ਸਿੰਘ ਦੀ ਗ੍ਰਿਫ਼ਤਾਰੀ ਬਾਬਤ ਪਤਾ ਲੱਗਾ ਤਾਂ ਉਸ ਨੇ ਆਪਣੇ ਵਿਦਿਆਰਥੀ ਸਾਥੀਆਂ ਨੂੰ ਇਕੱਠੇ ਕਰਕੇ ਮਹਾਤਮਾ ਗਾਂਧੀ ਅੱਗੇ ਰੋਸ ਪ੍ਰਗਟ ਕੀਤਾ ਸੀ, ਜਦੋਂ ਉਹ ਗੋਲਮੇਜ਼ ਕਾਨਫਰੰਸ ਵਿਚ ਹਿੱਸਾ ਲੈਣ ਲਈ ਇੰਗਲੈਂਡ ਗਿਆ ਹੋਇਆ ਸੀ। ਵਕਾਲਤ ਦੀ ਪੜ੍ਹਾਈ ਪ੍ਰਾਪਤ ਕਰਕੇ ਕਰਮ ਸਿੰਘ ਮਾਨ ਘਰ ਵਾਪਸ ਆਏ ਤਾਂ ਲਾਇਲਪੁਰ ਗੁਰਦੁਆਰਾ ਕਮੇਟੀ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਧੰਨਵਾਦੀ ਸ਼ਬਦ ਬੋਲਦਿਆਂ ਉਨ੍ਹਾਂ ਅੰਗਰੇਜ਼ ਸਰਕਾਰ ਦੀ ਆਲੋਚਨਾ ਕੀਤੀ ਤਾਂ ਸਾਰਾ ਮਾਹੌਲ ਬਦਲ ਗਿਆ ਸੀ। ਪੁਲਸ ਵੱਲੋਂ ਤਫਤੀਸ਼ ਸ਼ੁਰੂ ਹੋਣ ਨਾਲ ਉਸਦੇ ਘਰਦਿਆਂ ਦੇ ਸੁਪਨੇ ਚੂਰ ਹੋ ਗਏ। ਘਰਦਿਆਂ ਦੀ ਘੁਰਕੀ ਨੇ ਉਸਨੂੰ ਘਰੋਂ ਭੱਜਣ ਲਈ ਮਜਬੂਰ ਕਰ ਦਿੱਤਾ ਅਤੇ ਉਹ ਮਦਰਾਸ ਚਲੇ ਗਏ, ਜਿਥੇ ਉਨ੍ਹਾਂ ਦਾ ਮੇਲ ਟ੍ਰੇਡ ਯੂਨੀਨਿਸਟ

ਆਂਗੂ ਵੀ.ਵੀ. ਗਿਰੀ ਨਾਲ ਹੋਇਆ। ਉਥੇ ਹੀ ਪ੍ਰਸਿੱਧ ਕਮਿਊਨਿਸਟ ਐਨ.ਜੀ. ਰੰਗਾ ਵੱਲੋਂ 'ਲੇਬਰ' ਨਾਂ ਦੇ ਅਖ਼ਬਾਰ ਵਿਚ ਕੰਮ ਕੀਤਾ। ਪਾਰਟੀ ਦੀ ਯਕੀਨ-ਦਹਾਨੀ ਤੇ ਉਹ ਪੰਜਾਬ ਆ ਗਏ। ਉਸ ਸਮੇਂ ਕਮਿਊਨਿਸਟ ਪਾਰਟੀ ਬਣਾਉਣਾ ਗੈਰ-ਕਾਨੂੰਨੀ ਸੀ ਇਸ ਕਰਕੇ ਉਨ੍ਹਾਂ ਪੰਜਾਬ ਵਿਚ 'ਐਂਟੀ ਇਮਪੀਰੀਅਲਿਸਟ ਲੀਗ' ਦੇ ਨਾਂਅ ਹੇਠ ਮਾਸਟਰ ਕਾਬਲ ਸਿੰਘ, ਕਾ. ਸੋਹਣ ਸਿੰਘ ਜੋਸ਼, ਕਾ. ਅਰਜਨ ਸਿੰਘ ਗੜਗੱਜ ਨਾਲ ਮਿਲ ਕੇ ਕੰਮ ਸ਼ੁਰੂ ਕੀਤਾ। ਨਵੰਬਰ 1933 ਨੂੰ ਕਰਮ ਸਿੰਘ ਮਾਨ ਨੇ ਖੱਬੇ ਪੱਖੀਆਂ ਦੇ ਕਾਰਕੁੰਨਾਂ ਦੀ ਲਾਹੌਰ ਦੇ ਬ੍ਰੈਡਲਾ ਹਾਲ ਵਿਚ ਮੀਟਿੰਗ ਸੱਦੀ ਅਤੇ ਅਗਲੀ ਮੀਟਿੰਗ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਕਰਨ ਦਾ ਫੈਸਲਾ ਕੀਤਾ। ਜ਼ਿਲ੍ਹਾ ਅੰਮ੍ਰਿਤਸਰ ਦਾ 'ਫੱਤੇਵਾਲ ਕਤਲ ਕੇਸ' ਜਿਸ ਵਿਚ ਕਾ. ਅੱਛਰ ਸਿੰਘ ਛੀਨਾ ਸਮੇਤ 17 ਕਾਰਕੁੰਨ ਸ਼ਾਮਲ ਕੀਤੇ ਗਏ ਸਨ। ਇਸ ਕੇਸ ਵਿਚ ਅੱਛਰ ਸਿੰਘ ਛੀਨਾ ਨੂੰ ਮੌਤ ਦੀ ਸਜ਼ਾ ਲਈ ਸਰਕਾਰ ਪੂਰਾ ਯਤਨ ਕਰ ਰਹੀ ਸੀ। ਸੈਫੂਦੀਨ ਕਿਚਲੂ ਮੁਕੱਦਮੇ ਦੀ ਪੈਰਵੀ ਕਰਨ ਲਈ ਤਿਆਰ ਹੋ ਗਏ। ਉਸਨੇ ਆਪਣੇ ਸਹਾਇਕ ਵਜੋਂ ਕਰਮ ਸਿੰਘ ਮਾਨ ਨੂੰ ਆਪਣੇ ਨਾਲ ਲੈ ਕੇ ਮੁਕੱਦਮਾ ਲੜਨ ਦੀ ਤਿਆਰੀ ਕੀਤੀ। ਉਹ ਸਿਆਸੀ ਸਰਗਰਮੀਆਂ ਵਿਚ ਵੀ ਮਸ਼ਰੂਫ ਸੀ। ਕਰਮ ਸਿੰਘ ਮਾਨ ਇਸ ਮੁਕੱਦਮੇ ਦੀ ਪੈਰਵੀ ਸੈਫੂਦੀਨ ਦੀਆਂ ਹਦੈਤਾਂ ਅਨੁਸਾਰ ਕਰਦਿਆਂ ਅੱਛਰ ਸਿੰਘ ਛੀਨਾ ਨੂੰ ਬਰੀ ਕਰਾਉਣ ਵਿਚ ਸਫ਼ਲ ਹੋਏ। ਬਾਕੀਆਂ ਨੂੰ ਉਮਰ ਕੈਦ ਜਾਂ ਘਟ ਸਜ਼ਾਵਾਂ ਹੋਈਆਂ ਜੋ ਹਾਈਕੋਰਟ ਵਿਚ ਅਪੀਲ ਕਰਨ ਤੇ ਖ਼ਤਮ ਹੋ ਗਈਆਂ ਸਨ। ਦੂਜੇ ਸੰਸਾਰ ਯੁੱਧ ਸਮੇਂ ਕਰਮ ਸਿੰਘ ਮਾਨ ਨੂੰ ਵੀ ਗ੍ਰਿਫ਼ਤਾਰ ਕਰਕੇ ਦਿਉਲੀ ਕੈਂਪ ਜੇਲ੍ਹ, ਗੁਜਰਾਤ ਜੇਲ੍ਹ ਅੰਦਰ ਦੂਜੇ ਕਮਿਊਨਿਸਟਾਂ ਨਾਲ ਰੱਖਿਆ ਗਿਆ ਸੀ। 1946 ਵਿਚ ਪ੍ਰੋਵਿੰਸੀਅਲ ਅਸੰਬਲੀ ਚੋਣ ਵਿਚ ਪਾਰਟੀ ਨੂੰ ਹੋਈ ਭਾਰੀ ਹਾਰ ਬਾਰੇ ਇਕ ਮੀਟਿੰਗ ਲਾਹੌਰ ਦੇ ਵਾਈ.ਐਸ.ਸੀ. ਹਾਲ ਵਿਚ ਹੋਈ ਸੀ। ਡਾਕਟਰ ਅਧਿਕਾਰੀ ਨੇ ਕਾਰਕੁੰਨਾਂ ਨੂੰ ਕਿਹਾ, "ਤੁਸੀਂ ਪਾਰਟੀ ਲਾਈਨ ਲੋਕਾਂ ਤੱਕ ਨਹੀਂ ਲੈ ਜਾ ਸਕੇ, ਇਸ ਲਈ ਹਾਰ ਹੋਈ ਹੈ।"

ਕਾ. ਕਰਮ ਸਿੰਘ ਮਾਨ ਤੇ ਕਾ. ਭਗਤ ਸਿੰਘ ਬਿਲਗਾ ਨੇ ਰੁੱਕਾ ਲਿਖ ਕੇ ਅਧਿਕਾਰੀ ਨੂੰ ਭੇਜਿਆ, ਜਿਸ ਵਿਚ ਲਿਖਿਆ ਸੀ, "ਪਿਉਪਲ ਵਾਰ ਤੇ ਮੁਸਲਮ ਕੌਮੀ ਘੱਟ ਗਿਣਤੀ ਦੇ ਸਿਧਾਂਤ ਨੂੰ ਲੋਕਾਂ ਨੇ ਕਬੂਲ ਨਹੀਂ ਕੀਤਾ। ਇਸ ਲਈ ਹਾਰ ਹੋਈ।" ਏਨਾ ਲਿਖਣ ਤੇ ਦੋਨਾਂ ਨੂੰ ਡਾ. ਅਧਿਕਾਰੀ ਵਲੋਂ ਕਿਹਾ ਗਿਆ ਕਿ ਪਾਰਟੀ ਦੇ ਥੀਸਿਸ ਨਾਲ ਤੁਸੀਂ ਦੋਨੋਂ ਮੁਤਫ਼ਿਕ ਨਹੀਂ ਹੋ ਤਾਂ ਉਹ ਪਾਰਟੀ ਅੰਦਰ ਨਹੀਂ ਰਹਿ ਸਕਦੇ। ਕਾ. ਕਰਮ ਸਿੰਘ ਮਾਨ ਨੂੰ ਹੁਕਮ ਹੋਇਆ ਕਿ ਉਹ ਕਾਲਾ ਕੋਟ ਪਹਿਨ ਕੇ ਵਕਾਲਤ ਕਰ ਲਵੇ। ਕਾ. ਕਰਮ ਸਿੰਘ ਮਾਨ ਅੰਦਰ ਉਹ ਜੋਸ਼ ਨਾ ਰਿਹਾ ਜਿਹੜਾ ਉਨ੍ਹਾਂ 'ਚ ਇੰਗਲੈਂਡ ਪਰਤਣ ਸਮੇਂ ਸੀ। 17 ਅਗਸਤ 2003 ਨੂੰ ਕਾ. ਕਰਮ ਸਿੰਘ ਮਾਨ ਦਾ ਦਿਹਾਂਤ ਹੋ ਗਿਆ ਸੀ।

48. 'ਕਿਰਤੀ' ਅੰਮ੍ਰਿਤਸਰ, 20 ਅਕਤੂਬਰ 1935, ਪੰਨਾ-8

* ਸ. ਚੰਨਣ ਸਿੰਘ ਜੀਮੀਂਦਾਰਾ ਲੀਗ, ਕਪੂਰਥਲਾ ਦੇ ਸਕੱਤਰ ਸਨ। ਉਨ੍ਹਾਂ ਨੂੰ ਦੋ ਸਾਲ ਸਖ਼ਤ ਕੈਦ ਤੇ ਪੰਜ ਸੌ ਰੁਪਏ ਜੁਰਮਾਨਾ ਦੀ ਸਜ਼ਾ ਦਿੱਤੀ ਗਈ। ਉਹ ਸੁਲਤਾਨਪੁਰ ਦੀ ਜੇਲ੍ਹ ਵਿਚ ਕੈਦ ਸਨ ਤਾਂ 2 ਮਈ ਨੂੰ ਭੁੱਖ ਹੜਤਾਲ ਕਰ ਦਿੱਤੀ। ਅਖ਼ਬਾਰਾਂ ਨੇ ਉਸ ਬਾਰੇ ਲਿਖਿਆ, "ਭੁੱਖ ਹੜਤਾਲੀ ਦੀ ਮੁਲਾਕਾਤ ਨਾ ਹੋਈ। ਕਾ. ਚੰਨਣ ਸਿੰਘ ਸਕੱਤਰ ਸੈਟਰਲ ਜੀਮੀਂਦਾਰਾ ਲੀਗ ਰਿਆਸਤ ਕਪੂਰਥਲਾ ਨੇ ਸੁਲਤਾਨਪੁਰ ਜੇਲ੍ਹ 'ਚ 2 ਮਈ ਤੋਂ ਭੁੱਖ ਹੜਤਾਲ ਕਰ ਰੱਖੀ ਹੈ, ਅੱਜ ਨੱਬੇ ਦਿਨ ਦੇ ਕਰੀਬ ਹੋ ਗਏ ਹਨ। ਆਪ ਦਾ ਭਾਰ 18 ਪੌਂਡ ਘਟ ਗਿਆ ਹੈ। ਹਾਲਤ ਬੜੀ ਖਰਾਬ ਹੈ ਤੇ ਕਈ ਵੇਰ ਗਸ਼ੀ ਪੈ ਜਾਂਦੀ ਹੈ। ਚੌਧਰੀ ਵਸਾਊ ਰਾਮ ਤੇ ਸੂਬੇਦਾਰ ਅਮਰ ਸਿੰਘ ਨੇ ਉਹਨਾਂ ਨਾਲ ਮੁਲਾਕਾਤ ਕਰਨ ਦੀ ਦਰਖਾਸਤ ਦਿੱਤੀ ਸੀ ਪਰ ਆਗਿਆ ਨਹੀਂ ਮਿਲੀ।

(31 ਜੁਲਾਈ 1936 'ਕਿਰਤੀ' ਪੰਨਾ-11)

49. -ਉਹੀ- ਪੰਨਾ-9
50. 'ਕਿਰਤੀ' ਅੰਮ੍ਰਿਤਸਰ, 3 ਨਵੰਬਰ 1935, ਪੰਨਾ-4

* ਪੰਡਤ ਸਾਲਗ ਰਾਮ ਪਿੰਡ ਬਹਾਦਰਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਦਾ ਹੋਏ। ਜੁਆਨੀ ਸਮੇਂ ਉਹ ਇਨਕਲਾਬੀ ਤਹਿਰੀਕ ਵਿਚ ਸ਼ਾਮਲ ਸਨ। 1919 ਨੂੰ ਜਲ੍ਹਿਆਂਵਾਲਾ ਬਾਗ ਤੋਂ ਸ਼ੁਰੂ ਹੋ ਕੇ 1942 ਤੱਕ ਦੀਆਂ ਸਾਰੀਆਂ ਲਹਿਰਾਂ ਵਿਚ ਉਹ ਸ਼ਾਮਲ ਹੁੰਦੇ ਰਹੇ। ਗਿਆਰਾਂ ਸਾਲ ਜੇਲ੍ਹਾਂ ਵਿਚ ਉਹ ਕੈਦ ਰਹੇ। ਆਜ਼ਾਦੀ ਤੋਂ ਬਾਅਦ ਉਹ ਹੁਸ਼ਿਆਰਪੁਰ ਮਿਉਸੀਂਪਲ ਕਮੇਟੀ ਦੇ ਪ੍ਰਧਾਨ ਰਹੇ। 1964 ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ।

51. ਗਿ. ਹਰਕੇਵਲ ਸਿੰਘ ਬੈਂਸ-ਗ਼ਦਰੀ ਬਾਬਾ ਹਰਜਾਪ ਸਿੰਘ, ਪੰਨਾ-88

* ਇਹ ਇਨ੍ਹਾਂ ਕਾਨਫਰੰਸਾਂ ਦਾ ਸਿੱਟਾ ਸੀ ਕਿ ਰਿਆਸਤਾਂ ਦੇ ਅਹਿਲਕਾਰਾਂ ਨੇ ਬਦਲਵੇ ਰੂਪ ਵਿਚ ਪਰਜਾ ਨੂੰ ਲੁਭਾਉਣੇ ਨਾਹਰਿਆਂ ਨਾਲ ਉਨ੍ਹਾਂ ਦਾ ਧਿਆਨ ਖਿੱਚਣ ਲਈ "ਪਰਜਾ ਉਨਤੀ ਬੋਰਡ" ਬਣਾਇਆ। 'ਪਰਜਾ ਉਨਤੀ ਬੋਰਡ' ਕਿਸੇ ਪਟਿਆਲਵੀ ਸਾਜਿਸ਼ ਦਾ ਨਤੀਜਾ ਨਹੀਂ ਤੇ ਨਾ ਹੀ ਉਨ੍ਹਾਂ ਪਰਜਾ ਸੇਵਕਾਂ ਦੀਆਂ ਨੀਯਤਾਂ ਉਤੇ ਸ਼ੱਕ ਦੀ ਕੋਈ ਗੁੰਜਾਇਸ਼ ਸੀ ਜਿਨ੍ਹਾਂ ਨੇ ਪਰਜਾ ਦੀ ਭਲਾਈ ਖਾਤਰ ਜੇਲ੍ਹਾਂ ਦੇ ਦੁਖੜੇ ਸਹਾਰੇ ਤੇ ਭੁੱਖ ਹੜਤਾਲਾਂ, ਰਿਆਸਤੀ ਸਖਤੀਆਂ ਦਾ ਟਾਕਰਾ ਕਰਦਿਆਂ ਆਪਣੇ ਸਰੀਰ ਜਾਂ ਘਰ ਬਾਰ ਬਰਬਾਦ ਕਰਵਾਏ, 'ਪਰਜਾ ਉਨਤੀ ਬੋਰਡ' ਦੇ ਨਾਂ ਹੇਠ ਪੀੜਤ ਪਰਜਾ ਨੂੰ ਗਲਤਫਹਿਮੀ ਰੱਖਣ ਦੀ ਚਾਲ ਤੋਂ ਸਿਵਾ ਕੁਝ ਨਹੀਂ ਹੈ।

52. 'ਕਿਰਤੀ' ਅੰਮ੍ਰਿਤਸਰ, 1 ਦਸੰਬਰ 1935, ਪੰਨਾ-6
53. ਅਵਤਾਰ ਸਿੰਘ 'ਅਜ਼ਾਦ', 16 ਨਵੰਬਰ 1969 'ਅਜੀਤ' ਰੋਜ਼ਾਨਾ, ਪੰਨਾ-6

* Voting in the 1937 elections a turning point in the history of Indian political participation which easablished provincial legislatures, but also showed up the sharp devergences in politcial allegiance between Punjab and Bengal (History today, P-30 )

54. ਕਾਮਰੇਡ ਇੰਦਰ ਸਿੰਘ ਕਿਰਤੀ ਦੀ ਹੱਥ-ਲਿਖਤ (ਪੰਜਾਬੀ)
55. ਭਗਵਾਨ ਸਿੰਘ ਲੌਂਗੋਵਾਲ ਜਨਰਲ ਸਕੱਤਰ, ਰਿਆਸਤੀ ਪਰਜਾ ਮੰਡਲ ਤੇ 'ਕਿਰਤੀ' ਅੰਮ੍ਰਿਤਸਰ, 23 ਨਵੰਬਰ 1936, ਪੰਨਾ-9
56. Revolution, Moridula Mukergee, Peasants in India 's Non-violent P-173
57. ਕਾਮਰੇਡ ਇੰਦਰ ਸਿੰਘ 'ਕਿਰਤੀ' ਦੀ ਹੱਥ-ਲਿਖਤ (ਪੰਜਾਬੀ)
58. -ਉਹੀ- ਪੰਨਾ 174-177
59. 'ਕਿਰਤੀ ਲਹਿਰ' ਮੇਰਠ, 27 ਨਵੰਬਰ 1938, ਪੰਨਾ-7

* ਕਾਮਰੇਡ ਫਿਰੋਜ਼ਦੀਨ ਮਨਸੂਰ ਪੁੱਤਰ ਮੁਹੰਮਦ ਬਖਸ਼ ਜੋ ਦਰਜੀ ਦਾ ਕੰਮ ਕਰਦਾ ਸੀ, ਸ਼ੇਖੂਪੁਰਾ (ਹੁਣ ਪਾਕਿਸਤਾਨ) ਦਾ ਰਹਿਣ ਵਾਲਾ ਸੀ। ਖਿਲਾਫ਼ਤ ਤਹਿਰੀਕ ਸਮੇਂ ਪੜ੍ਹਾਈ ਛੱਡ ਕੇ ਉਹ ਹਿਜ਼ਰਤ ਕਰ ਗਏ। ਅਫਗਾਨਿਸਤਾਨ ਵਿਚੋਂ ਉਹ ਰੂਸ ਪੁੱਜੇ, ਜਿੱਥੇ ਈਸਟਰਨ ਯੂਨੀਵਰਸਿਟੀ ਵਿਚੋਂ ਵਿਦਿਆ ਪ੍ਰਾਪਤ ਕੀਤੀ। ਭਾਰਤ ਆ ਕੇ ਉਨ੍ਹਾਂ ਦੇਸ਼ ਦੀ ਆਜ਼ਾਦੀ ਲਈ ਅਕਹਿ ਤੇ ਅਸਿਹ ਮੁਸ਼ਕਲਾਂ ਦਾ ਸਾਹਮਣਾ ਕਰਦਿਆਂ ਅੰਮ੍ਰਿਤਸਰ ਵਿਚ ਮਿਹਨਤਕਸ਼ਾ ਦੀ ਸੇਵਾ ਵਿਚ ਸਾਰੀ ਜ਼ਿੰਦਗੀ ਜੂਝਦੇ ਰਹੇ।

60. 'ਕਿਰਤੀ ਲਹਿਰ' ਮੇਰਠ, 1 ਜਨਵਰੀ 1939, ਪੰਨਾ-12
61. O.P. Ralhan, Flame of Freedom and Hoshiarpur District. p-43
62. 'ਅਕਾਲੀ ਪੱਤ੍ਰਿਕਾ' ਲਾਹੌਰ, 14 ਫਰਵਰੀ 1938, ਪੰਨਾ-12
63. ਗਿਆਨੀ ਹਰਕੇਵਲ ਸਿੰਘ ਬੈਂਸ, ਗ਼ਦਰੀ ਬਾਬਾ ਹਰਜਾਪ ਸਿੰਘ, ਪੰਨਾ 91-92
64. 'ਕਿਰਤੀ ਲਹਿਰ ਮੇਰਠ', 18 ਅਗਸਤ 1938, ਪੰਨਾ-10
65. ,, ,, 11 ਅਪ੍ਰੈਲ 1938, ਪੰਨਾ-6
66. ਬਿਕਰਮ ਸਿੰਘ ਘੁੰਮਣ, ਗ਼ਦਰੀ ਬਾਬਾ ਵਸਾਖਾ ਸਿੰਘ (ਜੀਵਨੀ) ਪੰਨਾ-164
67. ਗ਼ਦਰੀ ਬਾਬਾ ਹਰਜਾਪ ਸਿੰਘ, ਜੇਲ੍ਹ ਡਾਇਰੀ ਤੇ ਹੋਰ ਲਿਖਤਾਂ, ਪੰਨਾ-241
* ਮਾਸਟਰ ਹਰੀ ਸਿੰਘ ਧੂਤ:- ਗੌਰਮਿੰਟ ਟਰੇਨਿੰਗ ਕਾਲਜ ਲਾਹੌਰ ਤੋਂ ਪੰਜਾਬ ਭਰ 'ਚੋਂ ਸੈਕੰਡ ਪੁਜੀਸ਼ਨ ਲੈ ਕੇ ਪਾਸ ਹੋਏ ਸਨ। 1927 ਤੋਂ 1930 ਤੱਕ ਖਾਲਸਾ ਹਾਈ ਸਕੂਲ ਗੜ੍ਹਦੀਵਾਲਾ ਤੇ 1930 ਤੋਂ 1937 ਤੱਕ ਖਾਲਸਾ ਹਾਈ ਸਕੂਲ ਬੱਡੋਂ 'ਚ ਹੈੱਡਮਾਸਟਰੀ ਕੀਤੀ। ਚੋਣਾਂ ਸਮੇਂ ਅਸਤੀਫ਼ਾ ਦੇ ਕੇ ਸਿਆਸਤ ਵਿਚ ਕੁੱਦ ਪਏ। ਰਿਆਸਤੀ ਪਰਜਾ ਮੰਡਲ ਵਿਚ ਉਨ੍ਹਾਂ ਮੁੱਖੀ ਆਗੂ ਵਜੋਂ ਭੂਮਿਕਾ ਨਿਭਾਈ। ਉਨ੍ਹਾਂ ਦਾ ਇਲਾਕਾ ਭੁੰਗਾ ਕਪੂਰਥਲਾ ਰਿਆਸਤ ਦਾ ਹਿੱਸਾ ਸੀ। ਉਹ ਰਿਆਸਤੀ ਪ੍ਰਜਾ ਮੰਡਲ ਦੇ ਬਾਨੀ ਸਕੱਤਰ ਸਨ। ਰਿਆਸਤ ਦੀ ਪੁਲਸ ਅਤੇ ਅਧਿਕਾਰੀਆਂ ਵਲੋਂ ਗ੍ਰਿਫ਼ਤਾਰ ਕਰਕੇ ਤੰਗ ਕੀਤਾ ਗਿਆ ਨੂੰ ਰਿਹਾਈ ਹੋਣ ਮੌਕੇ ਉਨ੍ਹਾਂ ਨੂੰ ਪਾਗਲ ਕਰਾਰ ਦੇ ਕੇ ਲਾਹੌਰ ਦੇ ਦਿਮਾਗੀ ਹਸਪਤਾਲ ਵਿਚ ਦਾਖ਼ਲ ਕਰਾ ਦਿੱਤਾ ਗਿਆ ਸੀ। ਜਨਤਕ ਦਬਾਅ ਦੇ ਅੱਗੇ ਝੁਕ ਕੇ ਰਿਆਸਤੀ ਅਹਿਲਕਾਰਾਂ ਉਨ੍ਹਾਂ ਨੂੰ ਰਿਹਾ ਕਰਨ ਲਈ ਮਜਬੂਰ ਹੋ ਗਏ ਸਨ।
68. ਗਦਰੀ ਬਾਬਾ ਹਰਜਾਪ ਸਿੰਘ ਦੀ ਜੇਲ੍ਹ ਡਾਇਰੀ ਤੇ ਹੋਰ ਲਿਖਤਾਂ, ਪੰਨਾ-254
69. -ਉਹੀ-258
70. -ਉਹੀ- 255
71. -ਉਹੀ- 244
72. ਹਫਤਾਵਾਰ ਪੰਜਾਬੀ ਜਨਤਾ ਜਲੰਧਰ, 2 ਸਤੰਬਰ 1955, ਪੰਨਾ-5
73. ਹਰਜਾਪ ਸਿੰਘ ਗ਼ਦਰੀ ਬਾਬਾ, ਜੇਲ੍ਹ ਡਾਇਰੀ ਤੇ ਹੋਰ ਲਿਖਤਾਂ, ਪੰਨਾ-253
74. ਚੈਨ ਸਿੰਘ ਚੈਨ, ਕਿਰਤੀ ਪਾਰਟੀ (ਦੂਜੀ ਸੰਸਾਰ ਜੰਗ ਸਮੇਂ), ਪੰਨਾ-159-60
75. ਬਿਕਰਮ ਸਿੰਘ ਘੁੰਮਣ, ਗ਼ਦਰੀ ਬਾਬਾ ਵਸਾਖਾ ਸਿੰਘ (ਜੀਵਨੀ), ਪੰਨਾ-171
76. ਗਦਰੀ ਬਾਬਾ ਹਰਜਾਪ ਸਿੰਘ ਦੀ ਜੇਲ੍ਹ ਡਾਇਰੀ ਤੇ ਹੋਰ ਲਿਖਤਾਂ, ਪੰਨਾ-166
* * 'ਸ਼ਰੀਕ ਲਾਵੇ ਲੀਕ, ਪੁੱਜੇ ਜਿਥੋਂ ਤੀਕ' ਅਨੁਸਾਰ ਮੈਂ ਦੇਖਿਆ ਜੇਲ੍ਹਾਂ ਅੰਦਰ ਵੀ ਸ਼ਰੀਕੇਬਾਜ਼ੀ, ਈਰਖਾ, ਸਾੜੇ ਤੇ ਕੀਨੇ ਨੇ ਸਾਡਾ ਪਿੱਛਾ ਨਹੀਂ ਛੱਡਿਆ। ਜਲੰਧਰ ਜੇਲ੍ਹ ਵਿਚ ਸੁਆਮੀ ਹੋਣ ਦੇ ਨਾਤੇ ਮੈਨੂੰ 'ਬੀ' ਕਲਾਸ ਮਿਲ ਗਈ ਸੀ। ਪਰ ਸਾਥੀ ਸਿਆਸੀ ਕੈਦੀਆਂ ਨੇ 'ਬੀ' ਤੁੜਾ ਕੇ, 'ਸੀ' ਦੁਆ ਕੇ ਸਾਹ ਲਿਆ ਭਾਵੇਂ ਬਾਅਦ ਵਿਚ ਗ਼ਦਰੀ ਬਾਬਾ ਹਰਜਾਪ ਸਿੰਘ ਐਮ.ਐਲ.ਏ. ਤੇ ਮਾਸਟਰ ਕਾਬਲ ਸਿੰਘ ਐਮ.ਐਲ.ਏ. (ਗੋਬਿੰਦਪੁਰੀ) ਨੇ ਸਰਕਾਰ ਤੇ ਜ਼ੋਰ ਪਾ ਕੇ ਮੈਨੂੰ 'ਬੀ' ਕਲਾਸ ਦਿਵਾਈ ਸੀ। **-ਜੰਗੇ-ਆਜ਼ਾਦੀ ਦਾ ਅਣਥੱਕ ਯੋਧਾ, ਸੁਆਮੀ ਪੂਰਨਾ ਨੰਦ**
77. ਗਿ. ਹਰਕੇਵਲ ਸਿੰਘ ਬੈਂਸ, ਜੰਗੇ-ਆਜ਼ਾਦੀ ਦਾ ਅਣਥੱਕ ਯੋਧਾ ਸਵਾਮੀ ਪੂਰਨਾ ਨੰਦ, ਪੰਨਾ-45-46
78. ਚੈਨ ਸਿੰਘ ਚੈਨ, ਕਿਰਤੀ ਲਹਿਰ (ਦੂਜੀ ਸੰਸਾਰ ਜੰਗ ਸਮੇਂ) ਪੰਨਾ-266

79. 'ਸੁਰਜੀਤ' ਹਰਕਿਸ਼ਨ ਸਿੰਘ, ਬਰਤਾਨਵੀ ਸਾਮਰਾਜ ਵਿਰੋਧੀ ਲਹਿਰਾਂ, ਪੰਨਾ-118
80. ਭਗਤ ਸਿੰਘ ਬਿਲਗਾ, ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਪੰਨਾ-298-99
81. -ਉਹੀ- ਪੰਨਾ 294

* ਭਾਈ ਮੁਣਸ਼ਾ ਸਿੰਘ ਜੌਹਲ ਬੱਬਰ ਅਕਾਲੀ ਲਹਿਰ ਦੇ ਮੋਢੀ ਆਗੂਆਂ ਵਿਚੋਂ ਸਨ। ਉਨ੍ਹਾਂ ਬਰਤਾਨਵੀ ਸਰਕਾਰ ਵਿਰੁੱਧ ਹਥਿਆਰਬੰਦ ਬਗਾਵਤ ਲਈ ਹਥਿਆਰ ਇਕੱਠੇ ਕਰਨ ਵਿਚ ਮੁੱਖ ਭੂਮਿਕਾ ਨਿਭਾਈ ਸੀ। ਉਨ੍ਹਾਂ ਨੇ ਪੰਜਾਬ ਦੇ ਕਿਸਾਨਾਂ ਦੇ ਹੱਕਾਂ-ਹਿੱਤਾਂ ਲਈ ਕਿਸਾਨ ਸਭਾ ਦੀ ਬੁਨਿਆਦ ਰੱਖਣ ਲਈ ਅਣਥੱਕ ਕੰਮ ਕੀਤਾ। ਭਾਈ ਮੁਣਸ਼ਾ ਸਿੰਘ ਦਾ ਜਨਮ ਸ: ਬੇਲਾ ਸਿੰਘ ਦੇ ਘਰ ਪਿੰਡ ਜੌਹਲਾਂ (ਨੇੜੇ ਜਲੰਧਰ ਛਾਉਣੀ) ਜ਼ਿਲ੍ਹਾ ਜਲੰਧਰ ਵਿਚ ਹੋਇਆ। ਪਹਿਲੇ ਮਹਾਂਯੁੱਧ ਸਮੇਂ ਉਹ 28 ਸਿੱਖ ਰੈਜਮੈਂਟ ਵਿਚ ਭਰਤੀ ਹੋਏ। ਅੰਗਰੇਜ਼ੀ ਸਰਕਾਰ ਵੱਲੋਂ ਗੁਰਦੁਆਰਾ ਸੁਧਾਰ ਲਹਿਰ ਸਮੇਂ ਸਿੱਖਾਂ ਉੱਤੇ ਕੀਤੇ ਗਏ ਅੱਤਿਆਚਾਰਾਂ ਦੇ ਰੋਸ ਵਜੋਂ ਉਹ ਫੌਜ ਦੀ ਨੌਕਰੀ ਛੱਡ ਆਏ ਸਨ। 1921 ਦੇ ਆਖ਼ਰ ਵਿਚ ਭਾਈ ਮੁਣਸ਼ਾ ਸਿੰਘ ਦੀ ਮਾਸਟਰ ਮੋਤਾ ਸਿੰਘ ਪਤਾਰਾ ਅਤੇ ਜਥੇਦਾਰ ਕਿਸ਼ਨ ਸਿੰਘ ਗੜਗੱਜ ਨਾਲ ਨੇੜਤਾ ਪੈਦਾ ਹੋ ਗਈ ਅਤੇ ਉਹ ਪਿੰਡ ਦੇ ਜਥੇਦਾਰ ਥਾਪੇ ਗਏ।

ਬੱਬਰ ਲਹਿਰ ਦੇ ਮੁਖੀਆਂ ਜਥੇਦਾਰ ਕਿਸਨ ਸਿੰਘ ਗੜਗੱਜ ਅਤੇ ਸੁੰਦਰ ਸਿੰਘ ਮਖਸੂਸਪੁਰੀ ਵਲੋਂ ਮੁਣਸ਼ਾ ਸਿੰਘ ਨੂੰ ਹਥਿਆਰ ਇਕੱਠੇ ਕਰਨ ਬਾਰੇ ਕਿਹਾ ਗਿਆ। ਬੱਬਰ ਲਹਿਰ ਦੇ ਪ੍ਰਭਾਵ ਸਦਕਾ ਬਹੁਤੇ ਸਿੱਖ ਫੌਜੀ ਬੱਬਰ ਲਹਿਰ ਦੇ ਹਮਦਰਦ ਬਣ ਗਏ ਸਨ। ਮੁਣਸ਼ਾ ਸਿੰਘ ਦਾ ਭਰਾ ਜਵੰਦ ਸਿੰਘ ਫੌਜ ਵਿਚ ਸੀ। ਜਵੰਦ ਸਿੰਘ ਛੁੱਟੀ ਆਇਆ ਤਾਂ ਭਾਈ ਮੁਣਸ਼ਾ ਸਿੰਘ ਨੇ ਉਸ ਨੂੰ ਜਿੰਨਾ ਹੋ ਸਕਦਾ ਸੀ, ਗੋਲੀ ਸਿੱਕਾ ਇਕੱਠਾ ਕਰਨ ਦੀ ਤਾਕੀਦ ਕੀਤੀ।

15 ਜੂਨ, 1922 ਨੂੰ ਭਾਈ ਮੋਤਾ ਸਿੰਘ ਪਤਾਰਾ ਦੀ ਹੋਈ ਗ੍ਰਿਫਤਾਰੀ ਗਰਮ ਖਿਆਲ ਸਿੱਖਾਂ ਲਈ ਅਸਹਿ ਸਦਮਾ ਸੀ। ਮਾ: ਮੋਤਾ ਸਿੰਘ ਦੀ ਗ੍ਰਿਫ਼ਤਾਰੀ ਲਈ ਅਰਜਨ ਸਿੰਘ ਪਟਵਾਰੀ (ਹਰੀਪੁਰ) ਨੂੰ ਜ਼ਿੰਮੇਵਾਰ ਠਹਿਰਾਇਆ ਗਿਆ, ਜੋ ਬੱਬਰਾਂ ਦੀ ਹਿੱਟ ਲਿਸਟ 'ਤੇ ਪਹਿਲੇ ਨੰਬਰ ਦਾ ਮੁਜਰਮ ਸੀ। ਬੱਬਰਾਂ ਵੱਲੋਂ ਅਰਜਨ ਸਿੰਘ ਪਟਵਾਰੀ ਨੂੰ ਮਾਰਨ ਲਈ ਕੀਤੀਆਂ ਤਿੰਨ ਅਸਫ਼ਲ ਕੋਸ਼ਿਸ਼ਾਂ ਵਿਚ ਮੁੱਖ ਤੌਰ 'ਤੇ ਭਾਈ ਮੁਣਸ਼ਾ ਸਿੰਘ ਸ਼ਾਮਲ ਸੀ। ਭਾਈ ਮੁਣਸ਼ਾ ਸਿੰਘ ਪਿਆਰਾ ਸਿੰਘ ਧਾਮੀਆਂ ਸਮੇਤ ਨੰਗਲ ਸ਼ਾਮਾਂ ਦੇ ਬੂਟੇ ਲੰਬੜ ਤੇ ਉਸ ਦੇ ਪੋਤਰੇ ਸੁਰਜਨ ਨੂੰ ਮਾਰਨ ਲਈ ਵੀ ਜ਼ਿੰਮੇਵਾਰ ਸੀ। 1923 ਦੇ ਵਿਸਾਖ, ਜੇਠ ਦੇ ਮਹੀਨੇ ਮੁਣਸ਼ਾ ਸਿੰਘ ਦੀ ਮੁਲਾਕਾਤ ਹਜ਼ਾਰਾ ਸਿੰਘ ਦੀ ਹਵੇਲੀ ਵਿਚ ਸੁੰਦਰ ਸਿੰਘ, ਕਿਸ਼ਨ ਸਿੰਘ ਗੜਗੱਜ ਅਤੇ ਕਰਮ ਸਿੰਘ ਝਿੰਗੜ ਨਾਲ ਹੋਈ। ਮੁਣਸ਼ਾ ਸਿੰਘ ਨੇ ਆਪਣੇ ਭਰਾ ਜਵੰਦ ਸਿੰਘ ਪਾਸੋਂ ਲਿਆਂਦਾ ਗੋਲੀ ਸਿੱਕਾ ਕਿਸ਼ਨ ਸਿੰਘ ਗੜਗੱਜ ਦੇ ਹਵਾਲੇ ਕਰ ਦਿੱਤਾ।

ਬਾਬੂ ਸੰਤਾ ਸਿੰਘ (ਹਰੀਉ ਖੁਰਦ) ਦੀ ਗ੍ਰਿਫਤਾਰੀ ਪਿਛੋਂ 3 ਸਤੰਬਰ, 1923 ਨੂੰ ਜਵੰਦ ਸਿੰਘ ਜੌਹਲ ਅਤੇ 4 ਸਤੰਬਰ, 1923 ਨੂੰ ਮੁਣਸ਼ਾ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪਿੱਛੋਂ ਜਵੰਦ ਸਿੰਘ ਵਾਅਦਾ ਮੁਆਫ਼ ਬਣ ਗਿਆ ਅਤੇ ਇਸੇ ਦੇ ਬਿਆਨਾਂ ਤੇ ਭਾਈ ਮੁਣਸ਼ਾ ਸਿੰਘ ਅਤੇ ਠਾਕਰ ਸਿੰਘ ਭਾਰਟਾ ਨੂੰ ਅਸਲ੍ਹਾ ਐਕਟ ਦੀ ਧਾਰਾ ਅਧੀਨ ਪੰਜ-ਪੰਜ ਸਾਲ ਦੀ ਸਖ਼ਤ ਕੈਦ ਵਿਚੋਂ ਤਿੰਨ-ਤਿੰਨ ਮਹੀਨੇ ਕੋਠੀ ਬੰਦ ਅਤੇ ਸੌ ਰੁਪਿਆ ਜੁਰਮਾਨਾ ਦੀ ਸਜ਼ਾ ਸੁਣਾਈ ਗਈ ਸੀ। ਬੱਬਰਾਂ ਵੱਲੋਂ ਅਪੀਲ ਕਰਨ 'ਤੇ ਭਾਈ ਮੁਣਸ਼ਾ ਸਿੰਘ ਦੀ ਪਹਿਲੀ ਸਜ਼ਾ ਵੱਧ ਕੇ ਉਮਰ ਕੈਦ (ਜਲਾਵਤਨੀ) ਹੋ ਗਈ ਸੀ। 11 ਜੂਨ, 1936 ਨੂੰ ਭਾਈ ਮੁਣਸ਼ਾ ਸਿੰਘ ਉਮਰ ਕੈਦ ਭੁਗਤ ਕੇ ਰਿਹਾ ਹੋਏ ਤਾਂ ਇਲਾਕੇ ਦੇ ਲੋਕਾਂ ਵੱਲੋਂ ਉਨ੍ਹਾਂ ਦਾ ਜੋਸ਼ੋ-ਖਰੋਸ਼ ਨਾਲ ਸਵਾਗਤ ਕੀਤਾ ਗਿਆ। ਰਿਹਾ ਹੋ ਕੇ ਉਨ੍ਹਾਂ ਬਰਤਾਨਵੀ ਰਾਜ ਵਿਰੁੱਧ ਲੜਾਈ ਦਾ ਪੈਂਤੜਾ ਬਦਲ ਕੇ

ਜਨਤਕ ਜਥੇਬੰਦੀਆਂ ਦੀ ਉਸਾਰੀ ਵਿਚ ਸਰਗਰਮੀ ਨਾਲ ਹਿੱਸਾ ਲਿਆ। 5 ਜੁਲਾਈ 1938 ਨੂੰ ਬੰਦਾ ਬਹਾਦਰ ਗੁਰਦੁਆਰਾ ਵਿਚ ਪੰਜਾਬ ਕਿਸਾਨ ਸਭਾ ਦੀ ਸਥਾਪਨਾ ਦੇ ਸਬੰਧ ਵਿਚ ਇਲਾਕੇ ਦੇ ਦੇਸ਼ ਭਗਤਾਂ ਅਤੇ ਕਿਸਾਨ ਆਗੂਆਂ ਦਾ ਇਕ ਭਾਰੀ ਇਕੱਠ ਹੋਇਆ, ਜਿਸ ਵਿਚ ਤਹਿਸੀਲ ਜਲੰਧਰ ਦੀ ਕਿਸਾਨ ਸਭਾ ਦੇ ਭਾਈ ਮੁਣਸ਼ਾ ਸਿੰਘ ਸਿੰਘ ਪ੍ਰਧਾਨ ਚੁਣੇ ਗਏ। ਦੂਜੇ ਸੰਸਾਰ ਯੁੱਧ ਸਮੇਂ ਬਰਤਾਨਵੀ ਸਰਕਾਰ ਵੱਲੋਂ ਦੇਸ਼ ਭਰ ਦੇ ਇਨਕਲਾਬੀਆਂ ਦੀਆਂ ਧੜਾਧੜ ਗ੍ਰਿਫ਼ਤਾਰੀਆਂ ਕਰਕੇ ਦਿਉਲੀ ਕੈਂਪ ਜੇਲ੍ਹ ਵਿਚ ਬੰਦ ਕੀਤਾ ਗਿਆ, ਭਾਈ ਮੁਣਸ਼ਾ ਸਿੰਘ ਗ੍ਰਿਫ਼ਤਾਰ ਕੀਤੇ ਗਏ ਤੀਜੇ ਬੈਚ ਵਿਚ ਸ਼ਾਮਲ ਸਨ। ਦਿਉਲੀ ਕੈਂਪ ਜੇਲ੍ਹ ਤੇ ਉਥੋਂ ਗੁਜਰਾਤ ਜੇਲ੍ਹ ਬਦਲੇ ਗਏ ਉਨ੍ਹਾਂ ਨੇ ਮਾੜੇ ਪ੍ਰਬੰਧ ਦੇ ਵਿਰੁੱਧ ਸਾਥੀਆਂ ਨਾਲ ਕੀਤੀਆਂ ਭੁੱਖ-ਹੜਤਾਲਾਂ ਨਾਲ ਉਨ੍ਹਾਂ ਦੀ ਸਿਹਤ ਬਹੁਤ ਵਿਗੜ ਗਈ ਸੀ। 1944 ਦੇ ਦੁਸਹਿਰੇ ਵਾਲੇ ਦਿਨ 27 ਸਤੰਬਰ ਨੂੰ ਗੁਜਰਾਤ ਜੇਲ੍ਹ ਵਿਚ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂਦਾ ਸਸਕਾਰ ਪਿੰਡ ਜੌਹਲਾਂ ਵਿਚ ਕੀਤਾ ਗਿਆ ਸੀ।

'ਰੋਜ਼ਾਨਾ ਅਜੀਤ', 5 ਅਕਤੂਬਰ 2003

** ਤਾਰਾ ਸਿੰਘ ਸੁਤੰਤਰ ਸ਼ਹੀਦ ਬਲਵੰਤ ਸਿੰਘ 'ਦੁਖੀਆ' ਉਰਫ 'ਲੰਡਨ ਤੋੜ ਸਿੰਘ' ਦੇ ਨੇੜਲੇ ਸੱਜਣ ਸਨ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਸਹਾਪੁਰ ਦੇ ਸਨ। ਉਹ ਇਲਾਕੇ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਰਹੇ ਅਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਦੇ ਮਿੱਤਰ ਸਨ। ਉਨ੍ਹਾਂ ਦਾ ਦਿਹਾਂਤ 15 ਸਤੰਬਰ 1956 ਨੂੰ ਹੋ ਗਿਆ ਸੀ।

82. 'ਫਿਲਹਾਲ' ਪੁਸਤਕ ਲੜੀ ਨੰ: 12, ਪੰਨਾ 156
83. ਮਿਲਖਾ ਸਿੰਘ ਨਿੱਝਰ, ਬੱਬਰ ਅਕਾਲੀ ਲਹਿਰ, ਪੰਨਾ-97-98
84. ਹਫਤਾਵਾਰੀ ਪੰਜਾਬੀ ਜਨਤਾ, 2 ਮਾਰਚ 1956
85. ,, ,, 12 ਫਰਵਰੀ 1957, ਪੰਨਾ-3
86. ,, ,,
87. 'ਕਿਰਤੀ' ਅੰਮ੍ਰਿਤਸਰ, ਜੂਨ 1926, ਪੰਨਾ-259
88. ਅਵਤਾਰ ਸਿੰਘ ਸਿੱਧਾ-ਜੱਟ, ਕਿਰਤੀ ਲਹਿਰ ਦਾ ਲੋਕ-ਕਵੀ ਪਿੰਡ ਛਿਡਣ, ਡਾਕਖਾਨਾ ਘਰੇਡਾ, ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ।



"ਹਿੰਦੁਸਤਾਨ ਦੇ ਕਮਿਊਨਿਸਟ ਖਾਸ ਕਰਕੇ ਪੰਜਾਬ ਦੇ ਇਸ ਗੱਲ ਲਈ ਖਾਸ ਬਦਨਾਮ ਹਨ ਕਿ ਇਹ ਆਪਣੀ ਕੋਈ ਪਾਲਸੀ ਦੇਸ਼ ਦੇ ਵਰਤਮਾਨ ਹਾਲਾਤ, ਰਿਵਾਜ਼ ਦੇ ਆਧਾਰ ਤੇ ਨਹੀਂ ਬਣਾਉਂਦੇ ਸਗੋਂ ਹਰ ਮਾਮਲੇ ਬਾਰੇ ਭਾਵੇਂ ਉਹ ਸਿਆਸੀ ਹੋਵੇ ਜਾਂ ਇਕਤਸਾਦੀ (ਆਰਥਿਕ), ਚਾਹੇ ਸਮਾਜਕ ਜਾਂ ਧਾਰਮਿਕ, ਉਸਦਾ ਫੈਸਲਾ ਰੂਸੀ ਹਾਲਾਤ ਅਨੁਸਾਰ ਉਥੇ ਲਈ ਬਣਾਈ ਗਈ ਪਾਲਸੀ ਜਾਂ ਪ੍ਰੋਗਰਾਮ ਦੀ ਰੋਸ਼ਨੀ 'ਚ ਬਣਾਉਂਦੇ ਹਨ। ਇਹੀ ਕਾਰਨ ਹੈ ਕਿ ਹਿੰਦੁਸਤਾਨ ਤੇ ਪੰਜਾਬ ਅੰਦਰ ਕਮਿਊਨਿਸਟ ਪਾਰਟੀ ਨੂੰ ਸਾਰਾ ਸਮਾਂ ਦੇਣ ਵਾਲੇ ਅਣਥਕ ਵਰਕਰਜ਼ ਤੇ ਇਨ੍ਹਾਂ ਦੀ ਪਿੱਠ ਪੁਰ ਦੇਸ਼ ਲਈ ਕੀਤੀਆਂ ਗਈਆਂ ਬੇਸ਼ੁਮਾਰ ਕੁਰਬਾਨੀਆਂ ਤੇ ਕੰਮ ਕਰਨ ਦੀ ਲਗਨ ਦੇ ਬਾਵਜੂਦ ਪਾਰਟੀ ਪਣਪ ਨਾ ਸਕੀ। ਜਦੋਂ ਪਾਰਟੀ ਗੈਰ-ਕਾਨੂੰਨੀ ਸੀ, ਅੰਗਰੇਜ਼ ਸਾਮਰਾਜ ਜ਼ੋਰਾਂ 'ਤੇ ਸੀ ਤਾਂ ਸਾਰੇ ਪੁਰਾਣੇ ਇਨਕਲਾਬੀ ਇਸ ਪਾਰਟੀ ਵਿਚ ਸ਼ਾਮਲ ਹੋ ਗਏ। ਪਰ ਇਨ੍ਹਾਂ ਦੀ ਸਾਮਰਾਜੀ ਜੰਗ ਨੂੰ ਜਨਤਾ ਦੀ ਜੰਗ ਤੇ ਪਾਕਿਸਤਾਨ ਦੀ ਹਮਾਇਤ ਨੇ ਪਾਰਟੀ ਨੂੰ ਕਾਫੀ ਧੱਕਾ ਲਾਇਆ।"

-ਮਾਸਟਰ ਕਾਬਲ ਸਿੰਘ ਗੋਬਿੰਦਪੁਰੀ

*1-2 Desh Bhagat Yadgar Building*
*G.T. Road, Jalandhar, Punjab, India*
*Phone : 98140-87063*
*5aabparkashan@gmail.com*
*www.5aabparkashan.com*

ISBN : 978-81-933667-3-8

₹ 200